**Reo-Bankowned Properties**
From San Jose to Sacramento
JASSI GILL Broker/Owner
510-304-9292
**Refinance Now**
@ZERO WCOST
Call Sukhi Gill:510-207-9067
CA DRE Lic.#01180969

Jassi Gill
CA DRE# 00966763

**Hardeep S.Rai**
ਇੰਮੀਗਰੇਸ਼ਨ ਵਕੀਲ
Attorney-at-Law
• ਨੌਂਵੀਂ ਸਰਕਟ ਕੋਰਟ • ਬੋਰਡ ਆਫ ਇੰਮੀਗ੍ਰੇਸ਼ਨ ਅਪੀਲਾਂ
• ਇੰਮੀਗ੍ਰੇਸ਼ਨ ਕੋਰਟ ਦੇ ਕੇਸ • ਫੈਮਿਲੀ ਪਟੀਸ਼ਨਾ
• ਲੇਬਰ ਦੇ ਕੇਸ • ਡਿਪੋਰਟੇਸ਼ਨ ਦੇ ਕੇਸ • ਅਮੈਰਿਕਨ ਅੰਬੈਸੀ ਦੇ ਕੇਸ • ਬੈਂਕਰਪਸੀ
SAN FRANCISCO
TEL: 415.693.9131
FAX. 415.693.9135
rai@hsrai.com
www.hsrai.com
SAN JOSE
TEL: 408.280.1111
FAX. 408.280.1212

**Kuldip Singh Dhariwal**
Attorney At Law
ਇਮੀਗਰੇਸ਼ਨ ਸੇਵਾਵਾਂ
ਫੈਮਿਲੀ ਲਾਅ
Tel : (510) 744-1280
Fax: (510) 744-4192

ਕੁਲਦੀਪ ਸਿੰਘ ਧਾਰੀਵਾਲ
3100 Mowry Ave. #303, Fremont, CA 94538
E-mail: kuldipdhariwal@yahoo.com

Twelfth Year in Publication
ਕੈਲੀਫੋਰਨੀਆ ਐਡੀਸ਼ਨ
Price 50¢
Email:punjabtimes1@sbcglobal.net
www.punjabtimesusa.com
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Punjab Times, Vol 12, Issue 40, October 1st, 2011
20451 N Plum Grove Rd. Palatine, IL 60074
Ph:847-359-0746, Fax:847-705-9388

## ਭੁੱਲਰ ਦੀ ਸਜ਼ਾ ਤੁੜਵਾਉਣ ਬਾਰੇ ਮਤਾ ਬਣਿਆ ਸਿਆਸੀ ਖੇਡ

# ਅਕਾਲੀ ਤੇ ਕਾਂਗਰਸੀ ਇਕ-ਦੂਜੇ ਨੂੰ ਠਿੱਬੀ ਲਾਉਣ ਦੀ ਕੋਸ਼ਿਸ਼ 'ਚ

**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਪ੍ਰੋ. ਦਵਿੰਦਰਪਾਲ ਸਿੰਘ ਭੁੱਲਰ ਦੀ ਸਜ਼ਾ ਤੁੜਵਾਉਣ ਦੇ ਮੁੱਦੇ ਨੂੰ ਲੈ ਕੇ ਪੰਜਾਬ ਦੀਆਂ ਸਿਆਸੀ ਪਾਰਟੀਆਂ ਇਕ-ਦੂਜੇ ਨੂੰ ਠਿੱਬੀ ਲਾਉਣ 'ਚ ਜੁਟੀਆਂ ਹੋਈਆਂ ਹਨ। ਸ਼੍ਰੋਮਣੀ ਅਕਾਲੀ ਦਲ ਦੀ ਭਾਈਵਾਲੀ ਭਾਰਤੀ ਜਨਤਾ ਪਾਰਟੀ (ਭਾਜਪਾ) ਵੱਲੋਂ ਪ੍ਰੋ. ਭੁੱਲਰ ਦੀ ਸਜ਼ਾ ਮੁਆਫੀ ਬਾਰੇ ਵਿਧਾਨ ਸਭਾ 'ਚ ਮਤਾ ਲਿਆਉਣ ਦਾ ਵਿਰੋਧ ਕਰਨ ਤੋਂ ਬਾਅਦ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਆਪਣਾ 'ਸਿਆਸੀ ਬਾਣ' ਕਾਂਗਰਸ ਵੱਲ ਸੇਧ ਲਿਆ ਹੈ। ਕਾਂਗਰਸ ਪ੍ਰਧਾਨ ਕੈਪਟਨ ਅਮਰਿੰਦਰ ਸਿੰਘ ਭਾਵੇਂ ਪਹਿਲਾਂ ਪ੍ਰੋ. ਭੁੱਲਰ ਦੀ ਸਜ਼ਾ ਮੁਆਫੀ ਲਈ ਆਵਾਜ਼ ਉਠਾਉਂਦੇ ਰਹੇ ਹਨ ਪਰ ਸ. ਬਾਦਲ ਦੀ 'ਚੁਤਰਾਈ' ਨੂੰ ਸਮਝਦਿਆਂ ਕੈਪਟਨ ਨੇ ਆਪਣਾ ਪੈਂਤੜਾ ਬਦਲਦਿਆਂ ਕਿਹਾ ਹੈ ਕਿ ਅਕਾਲੀ ਦਲ ਪਹਿਲਾਂ ਆਪਣੀ ਭਾਈਵਾਲ ਪਾਰਟੀ ਨੂੰ ਰਾਜ਼ੀ ਕਰੇ ਤੇ ਉਸ ਤੋਂ ਬਾਅਦ ਹੀ ਕਾਂਗਰਸ ਆਪਣਾ ਫੈਸਲਾ ਕਰੇਗੀ।

ਜ਼ਿਕਰਯੋਗ ਹੈ ਕਿ ਅਕਾਲੀ ਦਲ (ਬ) ਨੇ ਸ਼੍ਰੋਮਣੀ ਕਮੇਟੀ ਚੋਣਾਂ ਦੌਰਾਨ ਵੋਟਾਂ ਬਟੋਰਨ ਲਈ ਵਾਅਦਾ ਕੀਤਾ ਸੀ ਕਿ ਪ੍ਰੋ. ਭੁੱਲਰ ਦੀ ਸਜ਼ਾ ਮੁਆਫੀ ਲਈ ਪੰਜਾਬ ਵਿਧਾਨ ਸਭਾ 'ਚ ਮਤਾ ਪਾਸ ਕੀਤਾ ਜਾਵੇਗਾ। ਉਂਜ, ਸ. ਬਾਦਲ ਨੂੰ ਇਹ ਵਾਅਦਾ ਵੀ ਅੱਕ ਚੱਬ ਕੇ ਹੀ ਕਰਨਾ ਪਿਆ ਸੀ ਕਿਉਂਕਿ ਤਾਮਿਲਨਾਡੂ ਸਰਕਾਰ ਵੱਲੋਂ ਰਾਜੀਵ ਗਾਂਧੀ ਨੂੰ ਮਾਰਨ ਵਾਲਿਆਂ ਦੀ ਸਜ਼ਾ ਮੁਆਫੀ ਲਈ ਮਤਾ ਪਾਸ ਕਰਨ ਤੇ ਜੰਮੂ-ਕਸ਼ਮੀਰ ਵੱਲੋਂ ਅਫਜਲ ਗੁਰੂ ਦੇ ਹੱਕ 'ਚ ਮਤਾ ਲਿਆਉਣ ਦੇ ਐਲਾਨ ਪਿੱਛੋਂ ਸਿੱਖਾਂ ਵੱਲੋਂ ਵੀ ਪ੍ਰੋ. ਭੁੱਲਰ ਦੀ ਸਜ਼ਾ ਮੁਆਫੀ ਲਈ ਪੰਜਾਬ ਵਿਧਾਨ ਸਭਾ 'ਚ ਪਤਾ ਪਾਸ ਕਰਨ ਦੀ ਮੰਗ ਕੀਤੀ ਜਾਣ ਲੱਗੀ ਸੀ।

ਮੌਕੇ ਦੀ ਨਜ਼ਾਕਤ ਨੂੰ ਸਮਝਦਿਆਂ ਸ. ਬਾਦਲ ਨੇ ਮਤਾ ਪਾਸ ਕਰਨ ਦਾ ਐਲਾਨ ਕਰ ਦਿੱਤਾ ਭਾਵੇਂ ਉਹ ਜਾਣਦੇ ਸਨ ਕਿ ਉਨ੍ਹਾਂ ਦੀ ਭਾਈਵਾਲ ਪਾਰਟੀ ਇਸ ਦਾ ਵਿਰੋਧ ਕਰੇਗੀ। ਸ਼੍ਰੋਮਣੀ ਕਮੇਟੀ ਚੋਣਾਂ ਦੌਰਾਨ ਤਾਂ ਸ. ਬਾਦਲ ਨੇ ਭਾਜਪਾ ਨੂੰ ਚੁੱਪ ਕਰਵਾ ਲਿਆ ਪਰ ਹੁਣ ਭਾਜਪਾ ਨੇ ਸ਼ਰ੍ਹੇਆਮ ਵਿਰੋਧ ਕਰਨਾ ਸ਼ੁਰੂ ਕਰ ਦਿੱਤਾ ਹੈ। ਇਹ ਵੀ ਸੱਚਾਈ ਹੈ ਕਿ ਪਿਛਲੇ ਕਈ ਦਹਾਕਿਆਂ ਤੋਂ ਸ਼੍ਰੋਮਣੀ ਅਕਾਲੀ ਦਲ (ਬ) ਆਪਣਾ 'ਗੱਠਜੋੜ ਧਰਮ' ਨਿਭਾਉਂਦੇ ਹੋਏ ਹਰ ਥਾਂ ਭਾਜਪਾ ਦੀ ਹਾਂ ਵਿਚ ਹਾਂ ਮਿਲਾਉਂਦਾ ਰਿਹਾ ਹੈ ਪਰ ਭਾਜਪਾ ਸਿੱਖ ਮਸਲਿਆਂ ਬਾਰੇ ਆਪਣਾ ਵੱਖਰਾ ਸਟੈਂਡ ਲੈਣ ਤੋਂ ਰਤਾ ਵੀ ਗੁਰੇਜ਼ ਨਹੀਂ ਕਰਦੀ। ਪ੍ਰੋ. ਭੁੱਲਰ ਦੀ ਸਜ਼ਾ ਮੁਆਫੀ ਦੇ ਮੁੱਦੇ 'ਤੇ ਵੀ ਭਾਜਪਾ ਨੇ ਭਾਈਵਾਲ ਅਕਾਲੀ ਦਲ ਨੂੰ ਅੱਖਾਂ ਦਿਖਾ ਕੇ ਸ. ਬਾਦਲ ਨੂੰ ਕਸੂਤੀ ਹਾਲਤ ਵਿਚ ਫਸਾ ਦਿੱਤਾ ਹੈ।



ਪੰਜਾਬ ਭਾਜਪਾ ਦੇ ਇੰਚਾਰਜ ਸ਼ਾਂਤਾ ਕੁਮਾਰ ਨੇ ਕਿਹਾ ਹੈ ਕਿ ਪੰਜਾਬ ਸਰਕਾਰ ਵੱਲੋਂ ਪ੍ਰੋ. ਭੁੱਲਰ ਦੀ ਮੌਤ ਦੀ ਸਜ਼ਾ ਮੁਆਫੀ ਲਈ ਵਿਧਾਨ ਸਭਾ ਵਿਚ ਲਿਆਂਦੇ ਜਾਣ ਵਾਲੇ ਮਤੇ ਦੀ ਉਨ੍ਹਾਂ ਦੀ ਪਾਰਟੀ ਹਮਾਇਤ ਨਹੀਂ ਕਰੇਗੀ। ਉਨ੍ਹਾਂ ਨੇ ਕਿਹਾ ਕਿ ਭਾਜਪਾ ਅਤਿਵਾਦ ਦੀ ਹਰ ਫਰੰਟ 'ਤੇ ਵਿਰੋਧੀ ਹੈ। ਉਨ੍ਹਾਂ ਨੇ ਕਿਹਾ ਕਿ ਭਾਜਪਾ ਭਾਵੇਂ ਸ਼੍ਰੋਮਣੀ ਅਕਾਲੀ ਦਲ ਨਾਲ ਸਰਕਾਰ ਵਿਚ ਭਾਈਵਾਲ ਹੈ ਪਰ ਬਾਵਜੂਦ ਇਸ ਦੇ ਆਪਣੀ ਵਿਚਾਰਧਾਰਾ ਉਤੇ ਪਹਿਰਾ ਦਿੱਤਾ ਜਾ ਸਕਦਾ ਹੈ। ਭਾਜਪਾ ਦੀ ਘੁਰਕੀ ਤੋਂ ਬਾਅਦ ਸ. ਬਾਦਲ ਨੇ ਕਿਹਾ ਕਿ ਮਤਾ ਲਿਆਉਣ ਬਾਰੇ ਉਹ ਕਾਂਗਰਸ ਸਮੇਤ ਸਾਰੀਆਂ ਧਿਰਾਂ ਨਾਲ ਸਲਾਹ ਮਸ਼ਵਰਾ ਕਰਨਗੇ।

ਦੂਜੇ ਪਾਸੇ ਸ. ਬਾਦਲ ਦੀ ਚਾਲ ਨੂੰ ਸਮਝਦਿਆਂ ਕਾਂਗਰਸ ਪ੍ਰਧਾਨ ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਕਿ ਸ. ਬਾਦਲ ਦਾ ਬਿਆਨ ਸਿਆਸਤ ਤੋਂ ਪ੍ਰੇਰਿਤ ਹੈ। ਉਨ੍ਹਾਂ ਦੋਸ਼ ਲਾਇਆ ਕਿ ਸ. ਬਾਦਲ ਦਾ ਟੀਚਾ ਪ੍ਰੋ. ਭੁੱਲਰ ਵਾਸਤੇ ਸਜ਼ਾ ਮੁਆਫੀ ਪ੍ਰਾਪਤੀ ਨਹੀਂ ਹੈ ਸਗੋਂ ਉਹ ਆਪਣੇ ਸਿਆਸੀ ਹਿੱਤਾਂ ਦੀ ਪੂਰਤੀ ਖਾਤਰ ਕਾਂਗਰਸ ਨੂੰ ਮੋਹਰੇ ਵਜੋਂ ਵਰਤਣਾ ਚਾਹੁੰਦੇ ਹਨ। ਉਨ੍ਹਾਂ ਕਿਹਾ ਕਿ ਪ੍ਰੋ. ਭੁੱਲਰ ਨੂੰ ਫਾਂਸੀ ਨਹੀਂ ਦਿੱਤੀ ਜਾਣੀ ਚਾਹੀਦੀ ਕਿਉਂਕਿ ਉਹ ਪਿਛਲੇ 17 ਸਾਲਾਂ ਤੋਂ ਜੇਲ੍ਹ 'ਚ ਹੈ ਤੇ ਇਹ ਉਮਰ ਕੈਦ ਵਾਂਗ ਹੈ। ਪ੍ਰੋ. ਭੁੱਲਰ ਨੂੰ ਇਕੋ ਅਪਰਾਧ ਲਈ ਉਮਰ ਕੈਦ ਤੇ ਮੌਤ ਦੇ ਰੂਪ 'ਚ ਦੋ ਵਾਰ ਸਜ਼ਾ ਨਹੀਂ ਦਿੱਤੀ ਜਾ ਸਕਦੀ। ਉਨ੍ਹਾਂ ਦੋਸ਼ ਲਾਇਆ ਕਿ ਸ. ਬਾਦਲ ਤਾਮਿਲਨਾਡੂ ਤੇ ਜੰਮੂ-ਕਸ਼ਮੀਰ ਦੀ ਨਕਲ ਕਰਕੇ ਵਿਧਾਨ ਸਭਾ ਵਿਚ ਜੋ ਮਤਾ ਲਿਆਉਣਾ ਚਾਹੁੰਦੇ ਹਨ, ਉਸ ਦਾ ਟੀਚਾ ਪ੍ਰੋ. ਭੁੱਲਰ ਪ੍ਰਤੀ ਦਇਆ ਲਈ ਦਬਾਅ ਬਣਾਉਣ ਤੋਂ ਵੱਧ ਚੋਣਾਂ ਮੌਕੇ ਸਿਆਸੀ ਫਾਇਦਾ ਪ੍ਰਾਪਤ ਕਰਨਾ ਹੈ।

ਕੈਪਟਨ ਨੇ ਦੋਸ਼ ਲਾਇਆ ਕਿ ਸ. ਬਾਦਲ ਦੀ ਸਰਕਾਰ ਨੇ ਹੀ ਸਾਲ 2008 'ਚ ਪੁਲਿਸ ਅਧਿਕਾਰੀ ਸੁਮੇਧ ਸਿੰਘ ਸੈਣੀ ਨੂੰ ਪ੍ਰੋ. ਭੁੱਲਰ ਦੇ ਪਿਤਾ ਅਤੇ ਰਿਸ਼ਤੇਦਾਰਾਂ ਦੇ ਕਤਲ ਦੇ ਮਾਮਲੇ 'ਚ ਸੀ.ਬੀ.ਆਈ. ਜਾਂਚ ਤੋਂ ਬਚਾਉਣ ਲਈ ਸੁਪਰੀਮ ਕੋਰਟ 'ਚ ਹਲਫਨਾਮਾ ਦਾਇਰ ਕਰਦਿਆਂ ਕਿਹਾ ਸੀ ਕਿ ਪ੍ਰੋ. ਭੁੱਲਰ ਵੱਡਾ ਅਪਰਾਧੀ ਤੇ ਖਤਰਨਾਕ ਅਤਿਵਾਦੀ ਹੈ। ਉਨ੍ਹਾਂ ਕਿਹਾ ਕਿ ਜਦੋਂ ਪ੍ਰੋ. ਭੁੱਲਰ ਨੂੰ ਤਿਹਾੜ ਜੇਲ੍ਹ ਤੋਂ ਪੰਜਾਬ ਦੀ ਕਿਸੇ ਜੇਲ੍ਹ 'ਚ ਬਦਲਣ ਦੀ ਮੰਗ ਉਠੀ ਸੀ ਤਾਂ ਅਕਾਲੀ-ਭਾਜਪਾ ਸਰਕਾਰ ਨੇ ਉਸ ਵੇਲੇ ਵੀ ਇਸ ਦਾ ਵਿਰੋਧ ਕਰਦਿਆਂ ਕਿਹਾ ਸੀ ਕਿ ਇਹ ਕਦਮ ਪੰਜਾਬ ਦੀ ਸ਼ਾਂਤੀ ਨੂੰ ਨੁਕਸਾਨ ਪਹੁੰਚਾ ਸਕਦਾ ਹੈ। ਉਨ੍ਹਾਂ ਕਿਹਾ ਕਿ ਇਹ ਕੇਸ ਹੁਣ ਵਾਪਸ ਸੁਪਰੀਮ ਕੋਰਟ 'ਚ ਚਲਾ ਗਿਆ ਹੈ ਤੇ ਅਜਿਹੀ ਹਾਲਤ 'ਚ ਵਿਧਾਨ ਸਭਾ ਵਿਚ ਮਤਾ ਲਿਆਉਣ ਦਾ ਕੋਈ ਅਰਥ ਹੀ ਨਹੀਂ। ਸ. ਬਾਦਲ ਵੱਲੋਂ ਪ੍ਰੋ. ਭੁੱਲਰ ਮਾਮਲੇ 'ਤੇ ਸਿਆਸਤ ਖੇਡਣਾ ਗਲਤ ਹੈ ਕਿਉਂਕਿ ਇਹ ਇਕ ਵਿਅਕਤੀ ਦੀ ਜ਼ਿੰਦਗੀ ਤੇ ਮੌਤ ਦਾ ਮਾਮਲਾ ਹੈ।

ਉਧਰ ਸ਼੍ਰੋਮਣੀ ਅਕਾਲੀ ਦਲ ਨੇ ਕਾਂਗਰਸ ਨੂੰ ਘੇਰਦਿਆਂ ਕੈਪਟਨ ਦੇ ਬਿਆਨ ਨੂੰ ਮੈਦਾਨ ਛੱਡ ਕੇ ਭੱਜਣ ਵਰਗਾ ਕਦਮ ਕਰਾਰ ਦਿੱਤਾ ਹੈ। ਅਕਾਲੀ ਦਲ ਦਾ ਕਹਿਣਾ ਹੈ ਕਿ ਕੈਪਟਨ ਅਮਰਿੰਦਰ ਸਿੰਘ ਸ਼੍ਰੋਮਣੀ ਕਮੇਟੀ ਚੋਣਾਂ ਦੌਰਾਨ ਵਾਰ-ਵਾਰ ਇਹੋ ਸਵਾਲ ਕਰਦੇ ਆਏ ਸਨ ਕਿ ਬਾਦਲ ਪ੍ਰੋ. ਦਵਿੰਦਰਪਾਲ ਸਿੰਘ ਭੁੱਲਰ ਦੀ ਸਜ਼ਾ ਮੁਆਫੀ ਬਾਰੇ ਵਿਧਾਨ ਸਭਾ ਵਿਚ ਮਤਾ ਕਿਉਂ ਨਹੀਂ ਲਿਆਉਂਦੇ। ਹੁਣ ਜਦੋਂ ਸ. ਬਾਦਲ ਨੇ ਕਾਂਗਰਸ ਤੇ ਹੋਰ ਸਿਆਸੀ ਪਾਰਟੀਆਂ ਨਾਲ ਮਸ਼ਵਰਾ ਕਰਕੇ ਮਤਾ ਲਿਆਉਣ ਦੀ ਗੱਲ ਕੀਤੀ ਹੈ ਤਾਂ ਕੈਪਟਨ ਇਸ ਨੂੰ 'ਸਿਆਸਤ ਤੋਂ ਪ੍ਰੇਰਿਤ' ਦੱਸ ਕੇ ਪੱਲਾ ਛੁਡਾਉਣ ਲੱਗੇ ਹਨ।

## ਭਾਅ ਜੀ ਗੁਰਸ਼ਰਨ ਸਿੰਘ ਚੱਲ ਵਸੇ

**ਚੰਡੀਗੜ੍ਹ:** ਉਘੇ ਰੰਗਕਰਮੀ ਅਤੇ ਪੰਜਾਬ ਵਿਚ ਤਰਕਸ਼ੀਲ ਲਹਿਰ ਦੇ ਧੁਰੇ ਗੁਰਸ਼ਰਨ ਸਿੰਘ ਭਾਅ ਜੀ ਦਾ ਦੇਹਾਂਤ ਹੋ ਗਿਆ। ਉਹ 83 ਵਰ੍ਹਿਆਂ ਦੇ ਸਨ। ਪਰਿਵਾਰਕ ਹਲਕਿਆਂ ਅਨੁਸਾਰ ਉਹ 27 ਸਤੰਬਰ ਸ਼ਾਮ ਤੱਕ ਠੀਕ-ਠਾਕ ਸਨ ਅਤੇ 9



ਵਜੇ ਤੱਕ ਆਪਣੇ ਸਨੇਹੀਆਂ ਨਾਲ ਫ਼ੋਨ 'ਤੇ ਗੱਲਬਾਤ ਵੀ ਕਰਦੇ ਰਹੇ। 11 ਵਜੇ ਦੇ ਆਸ-ਪਾਸ ਉਨ੍ਹਾਂ ਦੀ ਸਿਹਤ ਵਿਗੜ ਗਈ ਅਤੇ ਕੁਝ ਹੀ ਪਲਾਂ ਵਿਚ ਉਹ ਦਮ ਤੋੜ ਗਏ।

ਹਰ ਸਮੇਂ ਚੜ੍ਹਦੀ ਕਲਾ ਵਿਚ ਰਹਿਣ ਵਾਲੇ ਗੁਰਸ਼ਰਨ ਭਾਅ ਜੀ ਗੁਰਦਿਆਂ ਵਿਚ ਨੁਕਸ ਪੈਣ ਕਾਰਨ ਪਿਛਲੇ ਛੇ ਕੁ ਮਹੀਨਿਆਂ ਤੋਂ ਡਾਇਲਿਸਿਸ 'ਤੇ ਸਨ। ਦੂਰਦਰਸ਼ਨ ਤੋਂ 'ਭਾਈ ਮੰਨਾ ਸਿੰਘ' ਦੇ ਕਿਰਦਾਰ ਰਾਹੀਂ ਸਮਾਜਿਕ ਕੁਰੀਤੀਆਂ ਅਤੇ ਫਿਰਕਾਪ੍ਰਸਤੀ ਵਿਰੁਧ ਨਿਰੰਤਰ ਆਵਾਜ਼ ਬੁਲੰਦ ਕਰਨ ਵਾਲੇ ਗੁਰਸ਼ਰਨ ਸਿੰਘ ਦਾ ਪੂਰਾ ਜੀਵਨ

(ਬਾਕੀ ਸਫਾ 6 'ਤੇ)

**REAL ESTATE & HOME LOANS**
ਮਨਟੀਕਾ, ਟਰੇਸੀ, ਲੈਥਰੋਪ, ਸਟਾਕਟਨ, ਲੋਡਾਈ, ਪੈਟਰਸਨ, ਲਵਿੰਗਸਟਨ, ਮਰਸਡ, ਮਡੇਰਾ, ਮੋਡੈਸਟੋ, ਟਰਲੱਕ ਆਦਿ ਸ਼ਹਿਰਾਂ 'ਚ ਬੈਂਕ ਨੂੰ ਮੁੜੇ ਘਰ ਖਰੀਦਣ ਲਈ ਕਾਲ ਕਰੋ।

- Low Interest Rate
- 3.5% Down Payment
- Free Credit Report
- Free Pre-Approval

Successful Shortsale ਲਈ ਅੱਜ ਹੀ ਕਾਲ ਕਰੋ!
AMAN HUNDAL
Broker / Associate
Century 21
M&M and Associates
209.918.6464
ahundal@c21mm.com

Fresh Sweets, Snacks & Food
Catering with portable Tandoor
for up to 10000 guests
Lunch - Dinner - Take Out - Banquets
1-866-FOR-RAJA
www.rajasweets.com
msbains@rajasweets.com
**Raja SWEETS & CATERING**
AUTHORIZED CATERER FOR MAJOR 5-STAR HOTELS
ਮਿਠਾਈਆਂ ਅਤੇ ਕੇਟਰਿੰਗ ਦੇ ਬਾਦਸ਼ਾਹ
Raja Sweets & Indian Cuisine
31853 Alvarado Blvd. Union City CA 94587
Ph. (510) 489-9100 Fax (510) 489-9111
Raja Indian Cuisine & Bar
1275 W Winton Ave. Hayward CA 94545
Ph. (510) 264-9300 Fax (510) 264-9345
- All kinds of Sweets
- Snacks & Food
- Chaat & Tikki Stall
- Pani Poori Stall
- Bhel Poori / Pav Bhaji
- Falooda Kulfi
- Wedding Ceremonies
- Receptions
- Birthday Parties
- Religious Gatherings
- Corporate Events
- Picnics / Bar-b-que
- Warmers
- Chaffing Dishes
- China & Silverware
- Linen Rental
- Waiters & Bartenders

ਹਰ ਮੌਕੇ ਜਿਵੇਂ ਅਖੰਡ ਪਾਠ, ਜਨਮ ਦਿਨ ਵਿਆਹ ਸ਼ਾਦੀ ਜਾਂ ਪਾਰਟੀ ਲਈ ਦਸ ਹਜ਼ਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।
Call Makhan Bains or Ravinder Singh for your next Party 1-866-FOR RAJA www.RajaSweets.com

Law Offices Of
**Manpreet S. Gahra**
ਇਮੀਗਰੇਸ਼ਨ ਸੇਵਾਵਾਂ
ਫੈਮਿਲੀ ਲਾਅ
ਬਿਜ਼ਨਸ ਲਾਅ

Manpreet S.Gahra
Attorney At Law
Berkeley Office
2161 Shattuck Ave. #304, Berkeley
Ph. 510-841-4582, Fax: 510-217-6847
Sacramento Office
Call For Appointments
Ph. 916-924-1617
Email:manpreet@gahralaw.com

# Bankruptcy *Divorce *Personal Injury *Evictions

*Bankruptcy (Ch 7) ਬੈਂਕਰਪਸੀ (ਚੈਪਟਰ 7)
> Wipe Out Credit Card Debt
> Stop Creditor Phone Calls
*Personal Injury/Car Accident
ਪਰਸਨਲ ਇੰਜਰੀ (ਸੱਟ-ਫੇਟ)/ਕਾਰ ਐਕਸੀਡੈਂਟ
*Family Law (Divorce, Child Custody)
ਫੈਮਿਲੀ ਲਾਅ (ਤਲਾਕ, ਬੱਚਿਆਂ ਦੀ ਸਪੁਰਦਗੀ)
> Child/Spousal Support > Guardianships
> Grandparents's Rights
*Evictions
> Landloard-Teant > Unlawful Detainer

**New Location in Sacramento**

*Free Consultation*

ਅਸੀਂ ਪੰਜਾਬੀ ਅਤੇ ਹਿੰਦੀ ਬੋਲਦੇ ਹਾਂ

Notary Services Available



*Kirandeep K Sihota Esq. and Lance V Friel, Esq.*

## Pacific Coast Law Firm P.C.

**(916)443-1190**
9245 Laguna Springs Dr., Ste. 200,
Elk Grove, CA 95758

**Now Serving Two Locations**
www.pacificcoastlawfirm.com

**(209) 475-6001**
2351 W. March Lane Suite A,
Stockton, CA 95207



# ਨਿਊਰੋਪੈਥੀ? ਤਿੱਖਾ ਦਰਦ? ਸੁੰਨ ਹੋਣਾ?...

## ਕਾਰਨ ਸੁਕੜੇਵਾਂ, ਚੂਲੇ ਦਾ ਦਰਦ, ਹਰਨੀਆ ਡਿਸਕ ਅਤੇ ਇਥੋਂ ਤੱਕ ਕਿ ਸ਼ੂਗਰ ਰੋਗ ਵੀ ਹੋ ਸਕਦਾ ਹੈ

ਸ਼ੁਰੂ ਵਿਚ ਇਹ ਕਦੇ ਕਦਾਈਂ ਦੀ ਹਲਕੀ ਜਿਹੀ ਝੁਣਝੁਣੀ ਹੁੰਦੀ ਹੈ ਜੋ ਨੀਂਦ ਉਖੇੜ ਦਿੰਦੀ ਹੈ, ਬਾਂਹ ਜਾਂ ਲੱਤ ਨੂੰ ਬੇਜਾਨ ਜਿਹਾ ਬਣਾ ਦਿੰਦੀ ਹੈ। ਹੋ ਸਕਦਾ ਹੈ ਤੁਸੀਂ ਹੋਰ ਡਾਕਟਰਾਂ ਕੋਲ ਜਾ ਆਏ ਹੋ ਜਿਨ੍ਹਾਂ ਦੱਸਿਆ ਹੋਵੇ ਕਿ ਤੁਹਾਡੇ ਟੈਸਟ ਠੀਕ ਹਨ ਅਤੇ ਕੋਈ ਫਿਕਰ ਵਾਲੀ ਗੱਲ ਨਹੀਂ।

### ਹੋਰ ਗੋਲੀਆਂ ਖਾਣਾ ਇਲਾਜ ਨਹੀਂ

ਨਾੜੀਆਂ ਨਾਲ ਸਬੰਧਤ ਸਮੱਸਿਆਵਾਂ ਦਾ ਆਮ ਇਲਾਜ ਦਵਾਈਆਂ ਅਤੇ ਟੀਕੇ ਹੀ ਹਨ। ਜਦੋਂਕਿ ਸਖਤ ਦਰਦ ਤੋਂ ਆਰਜੀ ਛੁਟਕਾਰੇ ਲਈ ਇਹ ਜ਼ਰੂਰੀ ਹੋ ਸਕਦੀਆਂ ਹਨ ਪਰ ਇਨ੍ਹਾਂ ਦੀ ਲੰਮੇ ਸਮੇਂ ਤੱਕ ਵਰਤੋਂ ਚੰਗੀ ਨਹੀਂ। ਜੋ ਦਵਾਈਆਂ ਆਮ ਦਿੱਤੀਆਂ ਜਾਂਦੀਆਂ ਹਨ ਉਨ੍ਹਾਂ 'ਚ ਦਰਦ ਨਿਵਾਰਕ ਗੋਲੀਆਂ, ਦੌਰੇ ਰੋਕਣ ਦੀਆਂ ਅਤੇ ਐਂਟੀ ਡਿਪਰੈਸ਼ਨ ਦਵਾਈਆਂ ਸ਼ਾਮਲ ਹਨ-ਪਰ ਇਹ ਸਭ ਸਮੱਸਿਆ ਦਾ ਸਹੀ ਹੱਲ ਨਹੀਂ।

### ਤੁਹਾਡੀ ਦਰਦ ਦਾ ਸੰਭਾਵੀ ਕਾਰਨ

ਨਿਊਰੋਪੈਥੀ ਦਾ ਇਕ ਆਮ ਕਾਰਨ ਸੁੰਗੜੀਆਂ ਡਿਸਕਾਂ (ਮਣਕੇ) ਹਨ ਜੋ ਨਾੜਾਂ ਦੀਆਂ ਜੜ੍ਹਾਂ ਨੂੰ ਦਬਾਉਣ ਲਗਦੇ ਹਨ। ਇਹ ਦਰਦ ਕੰਗਰੋੜ ਦੇ ਮਣਕਿਆਂ ਵਿਚ ਕਿਧਰੇ ਵੀ ਹੋ ਸਕਦੀ ਹੈ-ਉਪਰ ਧੌਣ ਤੋਂ ਲੈ ਕੇ ਹੇਠਾਂ ਪੂਛ ਵਾਲੀ ਹੱਡੀ ਤੱਕ। ਤੰਤੂ ਰੋਗ ਯਾਨਿ ਨਿਊਰੋਪੈਥੀ ਦਾ ਕਾਰਨ ਕੁਝ ਵੀ ਹੋ ਸਕਦਾ ਹੈ ਜਿਵੇਂ ਕਾਰਪਲ ਟਨਲ ਸਿੰਡਰੋਮ ਜਿਸ ਨਾਲ ਹੱਥਾਂ 'ਤੇ ਅਸਰ ਪੈਂਦਾ ਹੈ। ਝਰਨਾਟਾਂ ਛੱਡਦੀ ਪੀੜ ਅਤੇ ਸਿਥਲਤਾ ਕਰਕੇ ਲੱਤਾਂ ਅਤੇ ਪੈਰਾਂ ਵਿਚ ਖੂਨ ਦਾ ਦੌਰਾ ਘਟ ਜਾਂਦਾ ਹੈ ਜਿਸ ਨਾਲ ਲੱਤਾਂ ਬੇਜਾਨ ਹੋਈਆਂ ਲੱਗਦੀਆਂ ਹਨ।

ਮੈਂ ਪਿਛਲੇ ਕਈ ਸਾਲਾਂ ਤੋਂ ਸਖਤ ਦਰਦ ਅਤੇ ਨਾੜੀ ਰੋਗਾਂ ਦੇ ਸਤਾਏ ਲੋਕਾਂ ਦਾ ਇਲਾਜ ਕਰਦਾ ਆ ਰਿਹਾ ਹਾਂ। ਨਾੜੀ ਰੋਗ ਦੇ ਬਹੁਤੇ ਮਰੀਜ ਅਸਹਿ ਪੀੜ, ਝੁਣਝੁਣੀ, ਛੁਰੀਆਂ ਵੱਜਣ ਜਿਹੀ ਦਰਦ, ਬਾਹਾਂ, ਲੱਤਾਂ, ਪੈਰਾਂ ਜਾਂ ਹੱਥਾਂ ਦੇ ਸੁੰਨ ਹੋਣ, ਬਿਜਲੀ ਦੇ ਕਰੰਟ ਜਿਹੇ ਦਰਦ ਤੇ ਕਈ ਵਾਰ ਪੈਰਾਂ 'ਚ ਜਲਣ ਹੋਣ ਦੇ ਸਤਾਏ ਹੁੰਦੇ ਹਨ।

ਮੈਨੂੰ ਪਿਛਲੇ ਤਿੰਨ ਸਾਲ ਤੋਂ ਕਮਰ ਦਰਦ ਸੀ ਅਤੇ ਮੈਂ ਹਰ ਤਰ੍ਹਾਂ ਦੀ ਦਵਾਈ, ਕਾਇਰੋਪ੍ਰੈਕਟਿਕ ਇਲਾਜ ਅਤੇ ਹੋਰ



ਸੌ ਢੰਗ ਅਪਨਾ ਹਟੀ ਸਾਂ। ਕਸਰਤ, ਆਈਸਪੈਕ, ਫਿਜ਼ੀਓਥੈਰਪੀ ਸਮੇਤ ਟੀ ਵੀ 'ਤੇ ਆਉਂਦੀਆਂ ਸਾਰੀਆਂ ਮਸ਼ਹੂਰੀਆਂ ਵੀ ਅਪਨਾ ਵੇਖੀਆਂ ਪਰ ਕਮਰ ਦਰਦ ਜਿਉਂ ਦੀ ਤਿਉਂ ਰਹੀ। ਮੈਂ ਬੱਸ ਢੇਰੀ ਢਾਹ ਹੀ ਬੈਠੀ ਸਾਂ ਕਿ ਹੁਣ ਤਾਂ ਇਹ ਦਰਦ ਨਾਲ ਹੀ ਜਾਵੇਗੀ। ਮੇਰੀ ਦਰਦ ਇੰਨੀ ਸਖਤ ਸੀ ਕਿ ਖੜ੍ਹੇ ਹੋਣਾ ਮੁਹਾਲ ਹੋ ਜਾਂਦਾ। ਫਿਰ ਮੈਂ ਅਖਬਾਰ ਵਿਚ ਡਾ. ਸਿਹੋਤਾ ਦੇ ਸਖਤ ਡਿਸਕ ਦਰਦ ਪ੍ਰੋਗਰਾਮ ਬਾਰੇ ਪੜ੍ਹਿਆ ਅਤੇ ਸੋਚਿਆ, ਚੱਲ ਇਹ ਵੀ ਅਜ਼ਮਾ ਵੇਖਾਂ। ਅੱਜ ਮੈਂ ਖੁਸ਼ ਹਾਂ ਕਿ ਮੈਂ ਇੰਜ ਕੀਤਾ। ਮੈਨੂੰ ਕੋਈ ਦਰਦ ਨਹੀਂ ਰਹੀ ਅਤੇ ਮੇਰੇ ਹਿੱਲਣ ਜੁੱਲਣ ਦੀ ਰੇਂਜ ਸੌ ਫੀਸਦ ਵਾਪਸ ਆ ਗਈ ਹੈ। ਡਾ. ਸਿਹੋਤਾ ਜੋ ਕੁਝ ਤੁਸਾਂ ਮੇਰੇ ਲਈ ਕੀਤਾ ਤੁਹਾਡਾ ਲੱਖ ਲੱਖ ਸ਼ੁਕਰੀਆ। ਪਰਮਾਤਮਾ ਲੰਮੀ ਉਮਰ ਬਖ਼ਸ਼ੇ। ਜਿਸ ਕਿਸੇ ਨੂੰ ਵੀ ਕਮਰ ਦਰਦ ਹੈ, ਮੈਂ ਕਹਾਂਗੀ ਕਿ ਡਾ. ਸਿਹੋਤਾ ਦਾ ਇਹ ਪ੍ਰੋਗਰਾਮ ਅਜ਼ਮਾ ਵੇਖੋ। ***-ਬਲਵੰਤ ਕੌਰ (ਘਰੇਲੂ ਸੁਆਣੀ)***

ਮੈਨੂੰ ਇੰਨੀ ਸਖਤ ਦਰਦ ਸੀ ਕਿ ਮੈਨੂੰ ਲੱਗਦਾ ਹੀ ਨਹੀਂ ਸੀ ਕਿ ਇਸ ਤੋਂ ਕਦੇ ਛੁਟਕਾਰਾ ਵੀ ਪਾਇਆ ਜਾ ਸਕਦਾ



ਹੈ। ਮੈਂ ਡਾਕਟਰਾਂ ਕੋਲ ਗਿਆ ਅਤੇ ਵੱਖ ਵੱਖ ਦਵਾਈਆਂ ਵਰਤੀਆਂ। ਕੋਈ ਫਾਇਦਾ ਨਹੀਂ ਹੋਇਆ। ਮੈਂ ਨਿਰਾਸ਼ ਹੋ ਗਿਆ ਅਤੇ ਪਿਛਲੇ ਕਈ ਮਹੀਨੇ ਤੋਂ ਕੰਮ ਵੀ ਨਹੀਂ ਸੀ ਕੀਤਾ। ਫਿਰ ਮੈਂ ਅਖਬਾਰ ਵਿਚ ਡਾ. ਸਿਹੋਤਾ ਦੇ ਪ੍ਰੋਗਰਾਮ ਬਾਰੇ ਪੜ੍ਹਿਆ ਅਤੇ ਸੋਚਿਆ, ਚਲੋ ਇਹ ਵੀ ਅਜ਼ਮਾ ਵੇਖਾਂ। ਮੈਂ ਇਮਾਨਦਾਰੀ ਨਾਲ ਕਹਿ ਸਕਦਾ ਹਾਂ ਕਿ ਕੁਝ ਹੀ ਦਿਨਾਂ ਵਿਚ ਮੈਨੂੰ 85% ਆਰਾਮ ਮਿਲ ਗਿਆ। ਹੁਣ ਮੈਂ ਬਿਨਾ ਦਰਦ ਕੰਮ-ਧੰਦੇ ਕਰ ਸਕਦਾ ਹਾਂ ਅਤੇ ਮੈਨੂੰ ਇਹ ਚਮਤਕਾਰ ਤੋਂ ਘੱਟ ਨਹੀਂ ਲਗਦਾ। ਸ਼ੁਕਰੀਆ ਡਾ. ਸਿਹੋਤਾ।
***-ਨਰਿੰਦਰ ਐਚ. (ਟਰੱਕ ਡਰਾਈਵਰ, ਉਮਰ 51 ਸਾਲ)***

ਖੁਸ਼ਖਬਰੀ ਇਹ ਹੈ ਕਿ ਮੇਰੇ ਸਰਜਰੀ ਰਹਿਤ ਅਤੇ ਵਿਸ਼ੇਸ਼ ਤਰੀਕੇ ਦੇ ਇਲਾਜ ਨਾਲ ਰੀੜ੍ਹ ਦੀ ਹੱਡੀ ਦੇ ਮਣਕਿਆਂ ਉਤੇ ਅਤੇ ਨਾੜੀਆਂ ਦੀਆਂ ਜੜ੍ਹਾਂ 'ਤੇ ਪੈਂਦੇ ਦਬਾਅ ਕਰਕੇ ਹੁੰਦੀ ਸਖਤ ਦਰਦ ਤੋਂ ਛੁਟਕਾਰਾ ਪਾਉਣ ਵਿਚ ਕਾਫੀ ਹੱਦ ਤੱਕ ਮਦਦ ਮਿਲੀ ਹੈ। ਇਸ ਤਰ੍ਹਾਂ ਨੁਕਸ ਵਾਲੇ ਮਣਕਿਆਂ, ਨਾੜੀਆਂ ਅਤੇ ਤੰਤੂਆਂ ਨੂੰ ਰਾਜੀ ਕਰਨ ਲਈ ਰਾਹ ਪੱਧਰ ਹੋ ਜਾਂਦਾ ਹੈ। ਕਈ ਕੇਸਾਂ ਵਿਚ ਤੰਤੂ ਰੋਗ ਅਤੇ ਨਾੜੀਆਂ ਦੀ ਦਰਦ ਦਾ ਕਾਰਨ ਸ਼ੂਗਰ ਰੋਗ, ਵਿਟਾਮਿਨਾਂ ਦੀ ਕਮੀ ਜਾਂ ਕੋਲੈਸਟਰੋਲ ਉਤੇ ਕੰਟਰੋਲ ਕਰਨ ਲਈ ਵਰਤੀਆਂ ਜਾਂਦੀਆਂ ਦਵਾਈਆਂ ਵੀ ਹੋ ਸਕਦੀਆਂ ਹਨ। ਸਖਤ ਦਰਦ ਦੇ ਸਤਾਏ, ਟਾਈਪ-2 ਡਾਇਬਟੀਜ਼ ਅਤੇ ਹੋਰ ਕਈ ਤਰ੍ਹਾਂ ਦੇ ਰੋਗਾਂ ਦੇ ਮਰੀਜਾਂ ਪ੍ਰਤੀ ਮੇਰੀ ਕੁਦਰਤੀ ਅਤੇ ਦਵਾ ਰਹਿਤ ਪਹੁੰਚ ਤੇ ਮੇਰੀ ਵਿਸ਼ੇਸ਼ ਇਲਾਜ ਤਕਨਾਲੋਜੀ ਨਾਲ ਉਨ੍ਹਾਂ ਨੂੰ ਦਰਦ ਤੋਂ ਛੁਟਕਾਰਾ ਮਿਲਿਆ ਹੈ, ਬਲੱਡ ਸ਼ੂਗਰ ਘਟੀ ਹੈ, ਹੱਡ ਤੇ ਜੋੜ ਮਜ਼ਬੂਤ ਹੋਏ ਹਨ ਜਿਸ ਨਾਲ ਸਿਹਤ ਬਿਹਤਰ ਹੋ ਕੇ ਜ਼ਿੰਦਗੀ ਦੀ ਕੁਆਲਿਟੀ ਵਿਚ ਸੁਧਾਰ ਆਇਆ ਹੈ।

ਇਸ ਸਭ ਦਾ ਮਤਲਬ ਹੈ ਕਿ ਜਾਨ ਕੱਢਦੀ ਦਰਦ, ਸਿਥਲਤਾ, ਝੁਣਝੁਣੀ ਅਤੇ ਨਾੜਾਂ ਨਾਲ ਸਬੰਧਤ ਸਮੱਸਿਆਵਾਂ ਤੋਂ ਖਹਿੜਾ ਛੁਡਾ ਕੇ ਜ਼ਿੰਦਗੀ ਦਾ ਅਨੰਦ ਮਾਣਿਆ ਜਾ ਸਕਦਾ ਹੈ। ਅਗਲੇ ਸਿਰਫ ਦਸ ਦਿਨ ਤੁਸੀਂ ਮੇਰੀ ਕਲੀਨਿਕ ਵਿਚ ਆ ਕੇ ਮੇਰੇ ਨਾਲ ਨਿੱਜੀ ਮਸ਼ਵਰਾ ਬਿਲਕੁਲ ਮੁਫਤ ਹਾਸਲ ਕਰ ਸਕਦੇ ਹੋ ਅਤੇ ਆਪਣੀ ਸਰੀਰਿਕ ਹਾਲਤ ਬਾਰੇ ਮੇਰੇ ਨਾਲ ਵਿਚਾਰ ਕਰ ਸਕਦੇ ਹੋ। ਇਸ ਪੇਸ਼ਕਸ਼ ਵਿਚ ਉਹ ਸਭ ਕੁਝ ਸ਼ਾਮਲ ਹੈ ਜਿਸ ਦੀ ਇਹ ਪਤਾ ਲਾਉਣ ਲਈ ਲੋੜ ਪਵੇਗੀ ਕਿ ਕੀ ਤੁਹਾਡੇ ਰੋਗਾਂ ਦਾ ਇਲਾਜ ਹੋ ਸਕਦਾ ਹੈ? (ਆਮ ਕਰਕੇ ਇਸ ਸਭ ਦੀ ਫੀਸ 277 ਡਾਲਰ ਹੈ)

*ਮੈਂ ਤੁਹਾਡੇ ਪੱਠਿਆਂ ਅਤੇ ਤੁਹਾਡੀਆਂ ਨਾੜੀਆਂ, ਤੁਹਾਡੇ ਹਿੱਲਣ-ਜੁੱਲਣ ਦੀ ਰੇਂਜ, ਤੁਹਾਡੇ ਬੈਠਣ-ਉਠਣ, ਤਵਾਜ਼ਨ ਅਤੇ ਮਣਕਿਆਂ ਤੇ ਸਰੀਰ ਦੇ ਪਿੰਜਰ ਦਾ ਮੁਆਇਨਾ ਕਰਾਂਗਾ।

*ਮੈਂ ਤੁਹਾਡੇ ਸਾਰੇ ਸਵਾਲਾਂ ਦਾ ਜਵਾਬ ਦਿਆਂਗਾ ਅਤੇ ਦੱਸਾਂਗਾ ਕਿ ਕੀ ਮੇਰੀ ਇਲਾਜ ਪ੍ਰਣਾਲੀ ਨਾਲ ਤੁਹਾਡਾ ਇਲਾਜ ਸੰਭਵ ਹੈ ਅਤੇ ਕੀ ਸਾਡੀ ਕਲੀਨਿਕ ਤੋਂ ਬਾਹਰ ਤੁਹਾਡੇ ਲਈ ਕੋਈ ਹੋਰ ਰਾਹ ਬਚਦੇ ਹਨ?

ਇਹ ਪੇਸ਼ਕਸ਼ ਸ਼ੁੱਕਰਵਾਰ 7 ਅਕਤੂਬਰ 2011 ਸ਼ਾਮ 6 ਵਜੇ ਤੱਕ ਲਈ ਹੈ। ਬਿਨਾ ਫੀਸ, ਬਿਨਾ ਕਿਸੇ ਬੰਦਿਸ਼ ਦੀ ਇਸ ਪੇਸ਼ਕਸ਼ ਦਾ ਲਾਭ ਉਠਾਉਣ ਲਈ ਫੌਰੀ ਕਾਲ ਕਰੋ।

## ਡਾ. ਜਗਜੀਤ ਸਿੰਘ ਸਿਹੋਤਾ, ਡੀ ਸੀ

## 209-464-7738, 916-564-5551

### *ਹੁਣ ਤੁਹਾਡੀ ਸੇਵਾ ਲਈ ਦੋ ਲੋਕੇਸ਼ਨਾਂ*

***Northern California*** ਕਲੀਨਿਕ **2531** N. California Street (North California St. & Ellis St.) ਵਿਖੇ ਹੈ, ਹਾਰਡਿੰਗ ਵੇਅ ਤੇ ਅਲਪਾਈਨ ਐਵਨਿਊ ਵਿਚਾਲੇ ਸੇਂਟ ਜੌਸਫ ਹਸਪਤਾਲ ਤੋਂ ਡੇਢ ਬਲਾਕ ਦੂਰ।

***New location***
**Sacramento**
1600 Sacramento Inn Way Suite 122, next to Arden Fair Mall

Copyright © 2009 CMC, LLC

# ਸਭ ਸਿਖਨ ਕੋ ਹੁਕਮ ਹੈ 'ਗੁਰੂ ਮਾਨਿਯੋ ਗ੍ਰੰਥ' ਜਾਂ 'ਮਹਾਂਭਾਰਤ ਮਾਨਿਯੋ ਗ੍ਰੰਥ'?

## ਸੈਨ ਹੋਜ਼ੇ ਗੁਰਦੁਆਰਾ ਸਾਹਿਬ ਦੀ ਕਾਬਜ ਕਮੇਟੀ ਜੁਆਬ ਦੇਵੇ

ਗੁਰਦੁਆਰਾ ਸੈਨ ਹੋਜ਼ੇ ਦੀ ਕਾਬਜ ਕਮੇਟੀ ਤਿੰਨ ਵਾਰ (30 ਮਈ, 2 ਜੂਨ ਅਤੇ 6 ਜੂਨ 2011 ਨੂੰ) ਹਿੰਦੂਆਂ ਦੇ ਮਿਥਿਹਾਸਕ ਗ੍ਰੰਥ ਮਹਾਂਭਾਰਤ ਨੂੰ ਸਿੱਖ ਗੁਰਦੁਆਰਾ ਸੈਨ ਹੋਜ਼ੇ ਵਿਖੇ ਲਿਆ ਚੁੱਕੀ ਹੈ ਅਤੇ ਅਨੇਕਾਂ ਸਿੱਖ ਸੰਗਤਾਂ ਨੂੰ ਇਸ ਦੇ "ਦਰਸ਼ਨ" ਕਰਾ ਕੇ, ਮੱਥਾ ਟਿਕਾ ਕੇ ਅਤੇ ਜੁਗੋ ਜੁਗ ਅਟੱਲ ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਬਰਾਬਰ ਇਸ ਦਾ ਪ੍ਰਕਾਸ਼ ਕਰ ਕੇ ਤੇ ਸੱਚਖੰਡ ਦੇ ਅਸਥਾਨ ਤੇ ਬਰਾਬਰ ਸੰਤੋਖ ਕੇ ਅਜੇ ਵੀ ਸਿੱਖ ਸੰਗਤਾਂ ਦੀ ਅੱਖੀਂ ਘੱਟਾ ਪਾਉਣ ਦੀ ਕੋਸ਼ਿਸ ਕਰ ਰਹੀ ਹੈ। ਫਿਰ ਵੀ ਇਸ ਨੂੰ "ਅਨਭੋਲਪੁਣੇ" ਵਿਚ ਹੋਈ ਗਲਤੀ ਹੀ ਕਹਿ ਰਹੀ ਹੈ।



May 30, 2011, Parkash of Hindu Mahabharat and Dasam Granth Along with Sri Guru Granth Sahib at Sikh Gurdwara San Jose - a gross violation of Sikh Reht Maryada

ਮੌਜੂਦਾ ਪ੍ਰਬੰਧਕ ਕਮੇਟੀ ਵਾਲੇ 30 ਮਈ 2011 ਨੂੰ ਇਸ ਹਿੰਦੂ ਗ੍ਰੰਥ ਦਾ ਅਤੇ ਸ੍ਰੀ ਦਸਮ ਗ੍ਰੰਥ ਦਾ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਬਰਾਬਰ ਪਾਲਕੀਆਂ ਵਿਚ ਪ੍ਰਕਾਸ਼ ਕਰ ਕੇ, ਮੱਥੇ ਟਿਕਾ ਕੇ ਅਤੇ ਚੌਰ ਕਰਾ ਕੇ ਵਾਰ ਵਾਰ ਸਟੇਜ ਤੋਂ ਅਨਾਊਂਸ ਕਰ ਕੇ ਇਹੀ ਕਹਿੰਦੇ ਰਹੇ ਕਿ ਦਰਸ਼ਨ ਦੀਦਾਰੇ ਕਰ ਕੇ ਜੀਵਨ ਸਫਲਾ ਕਰੋ ਜੀ। ਸਟੇਜ ਸਕੱਤਰ ਪ੍ਰੀਤਮ ਸਿੰਘ ਗਰੇਵਾਲ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਹਜੂਰੀ ਵਿਚ ਕਿਹਾ ਕਿ ਇਨ੍ਹਾਂ ਵਿਚੋਂ ਇਕ ਭਾਈ ਬੰਨੋ ਦੀ ਹੱਥ ਲਿਖਤ ਬੀੜ ਹੈ ਅਤੇ ਦੂਸਰੀ ਸ੍ਰੀ ਦਸਮ ਗ੍ਰੰਥ ਦੀ ਹੱਥ ਲਿਖਤ ਬੀੜ ਹੈ ਜੋ ਕਿ ਸਰਾਸਰ ਝੂਠ ਹੈ। ਕੁਝ ਅਣਭੋਲ ਸਿੱਖਾਂ ਭਾਈ ਹਰਮੀਕ ਸਿੰਘ, ਭਾਈ ਧਰਮ ਸਿੰਘ ਅਤੇ ਭਾਈ ਮਿਲਾਪ ਸਿੰਘ ਉਭੀ ਇਨ੍ਹਾਂ ਗ੍ਰੰਥਾਂ ਨੂੰ ਚੌਰ ਵੀ ਕਰਦੇ ਰਹੇ। ਏਸੇ ਹੀ ਜਾਲ ਵਿਚ ਫਸਾਉਣ ਲਈ ਇਸ ਕਮੇਟੀ ਨੇ ਭਾਈ ਗੁਰਮੇਲ ਸਿੰਘ ਨੂੰ 6 ਜੂਨ ਨੂੰ ਜਾਣ ਬੁਝ ਕੇ ਇਹ ਕਹਿ ਕੇ ਪਾਣੀ ਛਿੜਕਣ ਦੀ ਸੇਵਾ ਵਿਚ ਲਾ ਲਿਆ ਕਿ ਇਹ ਭਾਈ ਬੰਨੋ ਵਾਲੀ ਬੀੜ ਹੈ। ਚਲੋ ਗਲਤੀ ਹਰ ਇਨਸਾਨ ਤੋਂ ਹੋ ਸਕਦੀ ਹੈ ਪਰ ਉਸੇ ਹੀ ਗਲਤੀ ਨੂੰ ਤਿੰਨ ਵਾਰੀ ਦੁਹਰਾਉਣਾ ਸ਼ੈਤਾਨੀ ਭਰਿਆ ਕਰਮ ਹੈ ਜਿਸ ਨੂੰ ਗੁਰੂ ਕੀਆਂ ਸੰਗਤਾਂ ਕਦੇ ਵੀ ਮਾਫ ਨਹੀਂ ਕਰਨਗੀਆਂ।

ਡਾ. ਤਰਲੋਚਨ ਸਿੰਘ ਨਾਹਲ ਨੇ 1999 ਵਿਚ ਹੀ ਕਮੇਟੀ ਵਲੋਂ ਅਜਿਹੀਆਂ ਪੰਥ ਵਿਰੋਧੀ ਕਾਰਵਾਈਆਂ ਕਾਰਨ ਕਮੇਟੀ ਤੋਂ ਅਸਤੀਫਾ ਦੇ ਦਿੱਤਾ ਸੀ ਅਤੇ ਕਮੇਟੀ ਦੇ ਲੇਲ੍ਹੜੀਆਂ ਕੱਢਣ ਦੇ ਬਾਵਜੂਦ ਮੁੜ ਕੇ ਕਮੇਟੀ ਵਿਚ ਨਹੀਂ ਆਏ। ਡਾ. ਨਾਹਲ ਫਿਰ ਵੀ ਗੁਰਦੁਆਰਾ ਸਾਹਿਬ ਨਾਲ ਹਮੇਸ਼ਾ ਹੀ ਜੁੜੇ ਰਹੇ ਅਤੇ ਹਮੇਸ਼ਾ ਹੀ ਸੰਗਤਾਂ ਵਲੋਂ ਗੁਰਦੁਆਰਾ ਸਾਹਿਬ ਦੀ ਕਮੇਟੀ ਚੁਣਨ ਦੇ ਹੱਕ ਵਿਚ ਸਨ ਜਿਸ ਦਾ ਬਾਬ ਢਿੱਲੋਂ ਨੇ ਹਮੇਸ਼ਾਂ ਵਿਰੋਧ ਕੀਤਾ।

ਯਾਦ ਰਹੇ ਕਿ 17 ਅਪਰੈਲ 2011 ਨੂੰ ਇਸ ਕਮੇਟੀ ਨੇ ਇਕ ਛੋਟੇ ਜਿਹੇ ਕਮਰੇ ਵਿਚ ਵੜ ਕੇ ਜਨਰਲ ਬਾਡੀ ਨੂੰ ਸੂਚਿਤ ਕੀਤੇ ਬਿਨਾ ਹੀ, ਚੁਪ ਚੁਪੀਤੇ ਸੰਵਿਧਾਨ ਵਿਚ ਗੈਰ-ਕਾਨੂੰਨੀ ਤਬਦੀਲੀਆਂ ਕਰ ਕੇ ਅਤੇ ਆਪਣੇ ਆਪ ਨੂੰ ਪੰਜ ਸਾਲਾਂ ਲਈ ਜਨਰਲ ਬਾਡੀ ਦੀਆਂ ਵੋਟਾਂ ਪਵਾਉਣ ਤੋਂ ਬਿਨਾ ਹੀ ਚੁਣ ਕੇ ਅਤੇ "ਸਵੈ-ਇਛਾ ਦੀ ਰਿਟਾਇਰਮੈਂਟ ਯੋਜਨਾ" ਦਾ ਚੱਕਰ ਚਲਾ ਕੇ ਜਨਰਲ ਬਾਡੀ ਦੇ ਸਾਰੇ ਹੱਕ ਖੋਹ ਲਏ ਸਨ। ਇਹ ਸੰਗਤਾਂ ਨਾਲ ਨਿਰਾ ਧੋਖਾ ਸੀ। ਇਹ ਡਾ. ਨਾਹਲ ਹੀ ਹੈ ਜਿਸ ਨੇ ਯੋਗ ਅਗਵਾਈ ਕਰ ਕੇ, ਗੁਰਦੁਆਰਾ ਸੁਧਾਰ ਕਮੇਟੀ ਅਤੇ ਹੋਰ ਸੰਗਤਾਂ ਦੀ ਮਦਦ ਦੇ ਨਾਲ, 25 ਸਾਲਾਂ ਤੋਂ ਕਾਬਜ ਕਮੇਟੀ ਜਿਸ ਨੇ ਜਨਰਲ ਬਾਡੀ ਦੇ ਹੱਕ ਖੋਹੇ, ਵਿਰੁਧ ਇਕ ਲੰਮੀ ਕਾਨੂੰਨੀ ਲੜਾਈ ਲੜ ਕੇ ਮੁੜ ਸੰਗਤਾਂ ਨੂੰ ਦੁਆਏ ਹਨ। ਗੁਰੂ ਕੀਆਂ ਸੰਗਤਾਂ ਡਾ. ਨਾਹਲ ਦੀ ਇਸ ਪੰਥਕ ਸੇਵਾ ਲਈ ਬਹੁਤ ਸ਼ੁਕਰਗੁਜ਼ਾਰ ਹਨ।

ਗੁਰਦੁਆਰਾ ਸਾਹਿਬ ਦੀ ਕਮੇਟੀ ਦੀ ਨਫੇ-ਨੁਕਸਾਨ ਦੀ ਆਪਣੀ ਰਿਪੋਰਟ ਅਨੁਸਾਰ ਇਹ ਕਮੇਟੀ ਜਨਵਰੀ 2011 ਤੋਂ ਲੈ ਕੇ ਜੁਲਾਈ 2011 ਤਕ $46,888.70 ਗੁਰੂ ਕੀ ਗੋਲਕ ਵਿਚੋਂ ਕਾਨੂੰਨੀ ਖਰਚਿਆਂ 'ਤੇ ਲਾ ਚੁੱਕੀ ਹੈ। ਕੀ ਕਮੇਟੀ ਦੱਸਣ ਦੀ ਕਿਰਪਾਲਤਾ ਕਰੇਗੀ ਕਿ ਅਗਸਤ ਅਤੇ ਸਤੰਬਰ 2011 ਵਿਚ ਇਹ ਕਿੰਨੇ ਪੈਸੇ ਕੋਰਟਾਂ ਅਤੇ ਵਕੀਲਾਂ ਨੂੰ ਦੇ ਚੁੱਕੀ ਹੈ ਅਤੇ ਕੀ ਇਸ ਦੀ ਪ੍ਰਵਾਨਗੀ ਇਸ ਨੇ ਕਦੇ ਜਨਰਲ ਬਾਡੀ ਤੋਂ ਅਗਾਊਂ ਮੰਗੀ ਹੈ? ਗੁਰਦੁਆਰਾ ਸਾਹਿਬ ਦੀ ਕਮੇਟੀ ਨੇ ਅਜੇ ਤਕ ਇਹ ਵੀ ਨਹੀਂ ਦੱਸਿਆ ਕਿ ਇਹ ਕਿੰਨੇ ਕਾਨੂੰਨੀ ਕੇਸਾਂ ਵਿਚ ਉਲਝੀ ਹੋਈ ਹੈ। ਕੀ ਇਹ ਕਮੇਟੀ ਦੱਸਣ ਦੀ ਕਿਰਪਾਲਤਾ ਕਰੇਗੀ ਕਿ 2008 ਤੋਂ ਲੈ ਕੇ ਹੁਣ ਤੱਕ ਇਹ ਸੰਗਤ ਦੇ ਕਿੰਨੇ ਪੈਸੇ ਕਾਨੂੰਨੀ ਕੇਸਾਂ ਵਿਚ ਬਰਬਾਦ ਕਰ ਚੁੱਕੀ ਹੈ?

### ਗੁਰਦੁਆਰਾ ਕਮੇਟੀ ਕਿ ਰਿਸੀਵਰ ਕਮੇਟੀ?

ਕਮੇਟੀ ਦੀ ਆਪਣੀ ਹੀ ਰਿਪੋਰਟ ਅਨੁਸਾਰ ਜਨਵਰੀ 2011 ਤੋਂ ਲੈ ਕੇ ਜੁਲਾਈ 2011 ਤੱਕ ਇਹ (General and Admin) "ਆਮ ਅਤੇ ਪ੍ਰਬੰਧ" 'ਤੇ ਹੀ $307,101.20 ਖਰਚ ਕਰ ਚੁੱਕੀ ਹੈ। ਕੀ ਕਮੇਟੀ ਸੰਗਤਾਂ ਨੂੰ ਇਸ "ਆਮ ਅਤੇ ਪ੍ਰਬੰਧ" ਦਾ ਵੇਰਵਾ ਦੇ ਸਕਦੀ ਹੈ? ਜੇ ਪ੍ਰਬੰਧ ਤੇ ਹੀ ($43,781 ਪ੍ਰਤੀ ਮਹੀਨਾ) ਲਗ ਰਹੇ ਹਨ ਤਾਂ ਕਮੇਟੀ ਵਾਲਿਆਂ ਨੂੰ ਆਪਣੇ ਆਪ ਨੂੰ "ਪ੍ਰਬੰਧਕ ਕਮੇਟੀ" ਕਹਿਣ ਦਾ ਕੀ ਹੱਕ ਹੈ? ਜੇ ਇੰਨਾ ਖਰਚਾ ਆਮ ਅਤੇ ਪ੍ਰਬੰਧ 'ਤੇ ਹੀ ਹੋ ਰਿਹਾ ਹੈ ਤਾਂ ਫਿਰ 21 ਜਣਿਆ ਦੀ ਕਮੇਟੀ ਸਾਰਾ ਦਿਨ ਕੀ ਕਰਦੀ ਹੈ? ਕੀ ਇਹ ਕਮੇਟੀ ਰਿਸੀਵਰ ਤੋਂ ਘੱਟ ਹੈ?

ਇਸ ਕਮੇਟੀ ਦੀ ਆਪਣੀ ਹੀ ਜੁਲਾਈ 2011 ਦੀ ਵਿਤੀ ਰਿਪੋਰਟ (financial statement) ਵਿਚ ਲਿਖਿਆ ਹੈ ਕਿ ਗੁਰਦੁਆਰਾ ਸਾਹਿਬ ਨੇ ਜੁਲਾਈ ਵਿਚ $145,055.49 ਕਮਾਏ ਅਤੇ ਉਨ੍ਹਾਂ ਵਿਚੋਂ $143,692.84 (ਭਾਵ 99%) ਖਰਚ ਦਿੱਤੇ! ਸਿਰਫ $1362.65 ਹੀ ਬਚੇ ਜੋ ਕਿ ਆਮਦਨ ਦਾ ਸਿਰਫ 1% ਹੈ। ਇੰਨਾ ਖਰਚਾ ਕਿਵੇਂ ਹੋ ਗਿਆ? ਕੀ ਕਮੇਟੀ ਦੱਸਣ ਦੀ ਕਿਰਪਾਲਤਾ ਕਰੇਗੀ ਕਿ ਗੁਰਦੁਆਰਾ ਸਾਹਿਬ ਦੇ ਅਕਾਊਂਟ ਵਿਚ ਇਸ ਵੇਲੇ ਕਿੰਨੇ ਪੈਸੇ ਹਨ? ਇਹ ਵਿਤੀ ਰਿਪੋਰਟ ਕਿਹੜੀ ਕੰਪਨੀ ਨੇ ਤਿਆਰ ਜਾਂ ਆਡਿਟ ਕੀਤੀ ਹੈ?

ਕੋਰਟ ਦੇ 14 ਜੁਲਾਈ 2011 ਦੇ ਆਰਡਰ ਦੇ ਇਕ ਹਿੱਸੇ ਦੀ ਹੂ-ਬਹੂ ਕਾਪੀ ਹੇਠਾਂ ਦਿੱਤੀ ਜਾਂਦੀ ਹੈ:

> 6. No later than July 22, 2011, the custodian of the General Body Membership list for the Gurdwara shall provide to the Plaintiffs a copy (all four Plaintiffs collectively to receive one copy) of the name, address, telephone number, e-mail address (to the extent that the Gurdwara has an email address in the membership records), and membership registration number of every registered member of the Gurdwara. This membership list shall be provided in hard copy form as well as "soft copy" form on a computer disk so that it is electronically accessible.

ਮਾਨਯੋਗ ਕੋਰਟ ਨੇ ਸਪਸ਼ਟ ਕਿਹਾ ਹੈ ਕਿ 22 ਜੁਲਾਈ 2011 ਤੱਕ ਮੁੱਦਈ (ਭਾਵ ਗੁਰਦੁਆਰਾ ਸੁਧਾਰ ਕਮੇਟੀ) ਨੂੰ ਵੋਟਰ ਲਿਸਟ ਦਿੱਤੀ ਜਾਏ ਜਿਸ ਵਿਚ ਹਰੇਕ ਮੈਂਬਰ ਦਾ ਨਾਮ, ਪਤਾ, ਫੋਨ ਨੰਬਰ, ਈ-ਮੇਲ (ਅਗਰ ਕਿਸੇ ਮੈਂਬਰ ਨੇ ਉਹ ਗੁਰਦੁਆਰਾ ਸਾਹਿਬ ਨੂੰ ਦਿੱਤਾ ਹੋਵੇ) ਅਤੇ ਵੋਟਰ ਨੰਬਰ ਹੋਵੇ। ਕੀ ਇਸ ਕਮੇਟੀ ਨੇ ਵੋਟਰ ਲਿਸਟ ਨੂੰ ਰੁਕਵਾਉਣ ਲਈ ਚਾਰ ਵਿਅਕਤੀਆਂ ਲਖਵਿੰਦਰ ਸਿੰਘ ਸ਼ਾਹੀ, ਰਣਜੀਤ ਸਿੰਘ ਰਾਏ, ਗੁਰਦੇਵ ਸਿੰਘ ਤੀਰ ਅਤੇ ਗੁਰਪ੍ਰੀਤ ਕੌਰ ਕੋਲੋਂ ਗੁਰਦੁਆਰਾ ਸਾਹਿਬ 'ਤੇ ਕੇਸ ਨਹੀਂ ਕਰਵਾਇਆ? ਇਲੈਕਸ਼ਨ ਵਿਚ ਰੁਕਾਵਟਾਂ ਕੌਣ ਪਾ ਰਿਹਾ ਹੈ? ਇਹ ਵਿਅਕਤੀ ਕਿਨ੍ਹਾਂ ਨੇ ਖੜ੍ਹੇ ਕੀਤੇ ਹਨ? ਸਾਧ ਸੰਗਤ ਜੀ, ਗੁਰਦੁਆਰਾ ਸਾਹਿਬ ਦਾ ਬੇ-ਵਜ੍ਹਾ ਨੁਕਸਾਨ ਇਹ ਕਮੇਟੀ ਕਰ ਰਹੀ ਹੈ ਜਾਂ ਗੁਰਦੁਆਰਾ ਸੁਧਾਰ ਕਮੇਟੀ, ਜਿਹੜੀ ਸਾਰਾ ਖਰਚਾ ਆਪਣੀ ਜੇਬ ਵਿਚੋਂ ਖਰਚ ਕਰ ਰਹੀ ਹੈ?

ਕੀ ਗੁਰਦੁਆਰਾ ਸਾਹਿਬ ਦੀ ਕਮੇਟੀ ਆਪਣੀ ਕੁਰਸੀ ਨੂੰ ਬਚਾਉਣ ਦੀ ਖਾਤਰ ਸਾਰਾ ਕਾਨੂੰਨੀ ਖਰਚਾ ਗੁਰੂ ਕੀ ਗੋਲਕ ਵਿਚੋਂ ਨਹੀਂ ਖਰਚ ਰਹੀ? ਕਮੇਟੀ ਸਾਡੇ ਵਾਰ ਵਾਰ ਪੁਛਣ ਦੇ ਬਾਵਜੂਦ ਚੁਪ ਕਿਉਂ ਹੈ ਅਤੇ ਸੰਗਤਾਂ ਨੂੰ ਹਨੇਰੇ ਵਿਚ ਕਿਉਂ ਰੱਖ ਰਹੀ ਹੈ?

**ਨੋਟ:** ਗੁਰਦੁਆਰਾ ਸੁਧਾਰ ਕਮੇਟੀ ਕੁਲਵੰਤ ਸਿੰਘ ਜਾਂ ਉਸ ਜਿਹੇ ਆਪਣੇ ਹੋਰ ਹਮਾਇਤੀਆਂ ਦੀਆਂ ਲਿਖਤਾਂ ਲਈ ਜ਼ਿੰਮੇਵਾਰ ਨਹੀਂ ਹੈ। ਉਹ ਉਨ੍ਹਾਂ ਦੇ ਆਪਣੇ ਨਿਜੀ ਵਿਚਾਰ ਹਨ, ਨਾ ਕਿ ਗੁਰਦੁਆਰਾ ਸੁਧਾਰ ਕਮੇਟੀ ਦੇ। ਕੁਲਵੰਤ ਸਿੰਘ ਗੁਰਦੁਆਰਾ ਸੁਧਾਰ ਕਮੇਟੀ ਦਾ ਮੈਂਬਰ ਨਹੀਂ ਹੈ। ਉਹ ਤਾਂ ਗੁਰਦੁਆਰਾ ਸੁਧਾਰ ਕਮੇਟੀ ਦੇ ਹੋਰ ਹਜ਼ਾਰਾਂ ਹਮਾਇਤੀਆਂ ਵਿਚੋਂ ਇਕ ਹੈ।

**ਗੁਰਦੁਆਰਾ ਸੁਧਾਰ ਕਮੇਟੀ, ਸੈਨ ਹੋਜ਼ੇ**
**ਫੋਨ:(408) 509-1082**

*Paid Advt.*



*ਇੰਡੋ-ਯੂ ਐਸ ਹੈਰੀਟੇਜ ਆਰਗੇਨਾਈਜੇਸ਼ਨ ਦੀ ਮੀਟਿੰਗ ਵਿਚ ਹਾਜ਼ਰ ਮੈਂਬਰ*

# "ਸਿੱਖ ਰਹਿਤ ਮਰਿਆਦਾ ਦਰਸਨ" ਬਾਰੇ ਗੋਸ਼ਟੀ ਤੇ ਕਵੀ ਦਰਬਾਰ

**ਐਲ ਸਬਰਾਂਟੇ (ਪੰਜਾਬ ਟਾਈਮਜ਼ ਬਿਊਰੋ):** ਦਲ ਖਾਲਸਾ ਅਲਾਇੰਸ ਵੱਲੋਂ ਲੰਘੀ 24 ਸਤੰਬਰ ਨੂੰ ਗੁਰਦੁਆਰਾ ਐਲ ਸਬਰਾਂਟੇ ਦੀ ਪ੍ਰਬੰਧਕ ਕਮੇਟੀ ਦੇ ਸਹਿਯੋਗ ਨਾਲ ਪ੍ਰੋ. ਸੁਰਜੀਤ ਸਿੰਘ ਨਨੂਆ ਦੀ ਪੁਸਤਕ "ਸਿੱਖ ਰਹਿਤ ਮਰਿਆਦਾ ਦਰਸਨ" 'ਤੇ ਕਰਵਾਈ ਗਈ ਗੋਸ਼ਟੀ ਅਤੇ ਕਵੀ ਦਰਬਾਰ ਨੂੰ ਸੰਗਤਾਂ ਦਾ ਭਰਵਾਂ ਹੁੰਗਾਰਾ ਮਿਲਿਆ।

ਦਲ ਖਾਲਸਾ ਅਲਾਇੰਸ ਦੇ ਪ੍ਰਧਾਨ ਭਾਈ ਪਰਮਜੀਤ ਸਿੰਘ ਦਾਖਾ ਨੇ ਇਸ ਪ੍ਰੋਗਰਾਮ ਦੇ ਮਕਸਦ ਬਾਰੇ ਜਾਣਕਾਰੀ ਦਿੱਤੀ। ਕਵੀ ਦਰਬਾਰ ਦੀ ਕਾਰਵਾਈ ਬੀਬੀ ਨੀਲਮ ਸੈਣੀ ਨੇ ਚਲਾਈ। ਕਵੀ ਦਰਬਾਰ 'ਚ ਡਾ. ਗੁਰਬਚਨ ਸਿੰਘ ਬਚਨ, ਪਰਮਜੀਤ ਸਿੰਘ ਦਾਖਾ, ਝਿਰਮਲ ਸਿੰਘ ਵਾਹਲਾ, ਨੀਲਮ ਸੈਣੀ, ਹਰਬੰਸ ਸਿੰਘ ਜਗਿਆਸੂ, ਮਹਿੰਦਰ ਸਿੰਘ ਘੱਗ, ਪਰਮਿੰਦਰ ਸਿੰਘ ਪ੍ਰਵਾਨਾ, ਕੁਲਦੀਪ ਸਿੰਘ ਢੀਂਡਸਾ, ਸੁਖਮਿੰਦਰ ਸਿੰਘ ਕੰਗ, ਪ੍ਰੋ. ਸੁਰਜੀਤ ਸਿੰਘ ਨਨੂਆ, ਚਰਨਜੀਤ ਸਿੰਘ ਪੰਨੂ, ਸੁਰਿੰਦਰ ਸਿੰਘ ਸੁਨੜ, ਤਾਰਾ ਸਿੰਘ ਸਾਗਰ, ਈਸ਼ਰ ਸਿੰਘ ਮੋਮਨ, ਮਨਜੀਤ ਕੌਰ ਸੇਖੋਂ, ਗੁਰਮੀਤ ਸਿੰਘ ਬਰਸਾਲ, ਸੋਹਣ ਸਿੰਘ ਮਹੇੜੂ, ਤਰਸੇਮ ਸਿੰਘ ਸੁਮਨ, ਬਿਕਰਮ ਸਿੰਘ ਅਤੇ ਹੋਰ ਕਵੀਜਨਾਂ ਨੇ ਆਪੋ ਆਪਣੀਆਂ ਰਚਨਾਵਾਂ ਪੇਸ਼ ਕੀਤੀਆਂ।

ਸੈਮੀਨਾਰ ਵਿਚ 26 ਬੁਲਾਰਿਆਂ ਨੇ ਆਪਣੇ ਵਿਚਾਰਾਂ ਦੀ ਸਾਂਝ ਪਾਈ। ਸ਼ੁਰੂਆਤ ਪਰਮਜੀਤ ਸਿੰਘ ਦਾਖਾ ਦੀ ਤਕਰੀਰ ਨਾਲ ਹੋਈ ਉਪਰੰਤ ਪਰਮਿੰਦਰ ਸਿੰਘ ਪ੍ਰਵਾਨਾ ਨੇ ਪਰਚਾ ਪੜ੍ਹਿਆ। ਸੈਮੀਨਾਰ ਵਿਚ ਰਾਮ ਸਿੰਘ, ਕਰਨੈਲ ਸਿੰਘ, ਅਮਰੀਕ ਸਿੰਘ, ਗੁਰਬਚਨ ਸਿੰਘ ਜੌਹਲ, ਜੋਗਾ ਸਿੰਘ, ਬਚਿੱਤਰ ਸਿੰਘ ਟਾਇਗਰ, ਡਾ. ਗੁਰਬਚਨ ਸਿੰਘ ਬਚਨ, ਸੁਰਿੰਦਰ ਸਿੰਘ ਸੁੰਨੜ, ਮਨਜੀਤ ਕੌਰ ਸੇਖੋਂ, ਚਰਨਜੀਤ ਸਿੰਘ ਪਨੂੰ, ਤਾਰਾ ਸਿੰਘ ਸਾਗਰ, ਗੁਰਮੀਤ ਸਿੰਘ ਬਰਸਾਲ, ਜਸਪਾਲ ਸਿੰਘ ਸੈਣੀ, ਬਲਵਿੰਦਰ ਸਿੰਘ, ਬਿਕਰਮ ਸਿੰਘ, ਸੋਹਣ ਸਿੰਘ ਮਹੇੜੂ, ਕੁਲਦੀਪ ਸਿੰਘ ਢੀਂਡਸਾ, ਪ੍ਰੋ. ਮੱਖਣ ਸਿੰਘ, ਅਵਤਾਰ ਸਿੰਘ ਮਿਸ਼ਨਰੀ, ਕੁਲਵੰਤ ਸਿੰਘ, ਹਰਬੰਸ ਸਿੰਘ ਜਗਿਆਸੂ, ਮਹਿੰਦਰ ਸਿੰਘ ਘੱਗ, ਪ੍ਰਗਟ ਸਿੰਘ, ਆਦਿ ਨੇ ਆਪਣੇ ਵਿਚਾਰ ਪ੍ਰਗਟਾਏ।



*ਦਲ ਖਾਲਸਾ ਵਲੋਂ ਪ੍ਰੋ. ਨਨੂਆ ਦਾ ਸਨਮਾਨ*

ਇਸ ਮੌਕੇ ਪ੍ਰੋ. ਸੁਰਜੀਤ ਸਿੰਘ ਨਨੂਆ ਨੂੰ ਗੋਲਡ ਮੈਡਲ ਨਾਲ ਸਨਮਾਨ ਕੀਤਾ ਗਿਆ ਅਤੇ ਉਨ੍ਹਾਂ ਦੀ ਪੁਸਤਕ ਦਾ ਤੀਸਰਾ ਐਡੀਸ਼ਨ ਜਾਰੀ ਕੀਤਾ ਗਿਆ। ਪੰਜਾਬ ਤੋਂ ਵਿਸ਼ੇਸ਼ ਤੌਰ 'ਤੇ ਪਹੁੰਚੇ ਮੁੱਖ ਮਹਿਮਾਨ ਅਤੇ ਪ੍ਰਮੁੱਖ ਬੁਲਾਰੇ ਡਾ. ਗੁਰਬਚਨ ਸਿੰਘ ਬਚਨ ਦਾ ਵੀ ਸਨਮਾਨ ਕੀਤਾ ਗਿਆ। ਹੋਰ ਜਾਣਕਾਰੀ ਪਰਮਜੀਤ ਸਿੰਘ ਦਾਖਾ ਫੋਨ 510-774-5909 ਤੋਂ ਲਈ ਜਾ ਸਕਦੀ ਹੈ। ਇਸ ਪ੍ਰੋਗਰਾਮ ਬਾਰੇ ਤਸਵੀਰਾਂ ਅਤੇ ਵਿਸਤ੍ਰਿਤ ਰਿਪੋਰਟ ਅਗਲੇ ਹਫਤੇ।

## ਹਰਭਜਨ ਸਿੰਘ ਗਿੱਲ ਸੁਰਗਵਾਸ

**ਫਰੀਮਾਂਟ (ਬਿਊਰੋ):** ਬੇਅ ਏਰੀਏ ਦੇ ਇਕ ਪਤਵੰਤੇ ਸੱਜਣ ਮਾਸਟਰ ਹਰਭਜਨ ਸਿੰਘ ਗਿੱਲ ਲੰਘੀ 23 ਸਤੰਬਰ ਨੂੰ ਅਕਾਲ ਚਲਾਣਾ ਕਰ ਗਏ। ਉਨ੍ਹਾਂ ਦਾ ਪਿਛਲਾ ਪਿੰਡ ਝਿੰਗੜ ਕਲਾਂ, ਨੇੜੇ ਦਸੂਹਾ, ਜ਼ਿਲਾ



ਹੁਸ਼ਿਆਰਪੁਰ ਸੀ ਅਤੇ ਹੁਣ ਯੂਨੀਅਨ ਸਿਟੀ ਰਹਿ ਰਹੇ ਸਨ। ਉਹ ਆਪਣੇ ਪਿਛੇ ਪੁਤਰ ਬਿਕਰਮਜੀਤ ਸਿੰਘ ਅਤੇ ਧੀ ਕੁਲਵੰਤ ਕੌਰ ਛਡ ਗਏ ਹਨ।

ਸਵਰਗੀ ਸ. ਗਿੱਲ ਦਾ ਅੰਤਿਮ ਸੰਸਕਾਰ ਐਤਵਾਰ 2 ਅਕਤੂਬਰ ਨੂੰ 11 ਵਜੇ ਚੈਪਲ ਔਫ ਦ ਚਾਈਮਜ਼, ਹੇਵਰਡ ਵਿਖੇ ਹੋਵੇਗਾ ਅਤੇ ਉਪਰੰਤ ਅੰਤਮ ਅਰਦਾਸ ਗੁਰਦਵਾਰਾ ਫਰੀਮਾਂਟ ਵਿਖੇ ਹੋਵੇਗੀ। ਪਰਿਵਾਰ ਨਾਲ ਸੰਪਰਕ ਬਿਕਰਮਜੀਤ ਸਿੰਘ ਗਿੱਲ ਫੋਨ 510-487-4455 ਰਾਹੀਂ ਕੀਤਾ ਜਾ ਸਕਦਾ ਹੈ।

## ਇੰਡੋ ਯੂ ਐਸ ਹੈਰੀਟੇਜ਼ ਸੰਸਥਾ ਵਲੋਂ ਗਦਰੀ ਮੇਲੇ ਲਈ ਸਹਿਯੋਗ ਵਾਸਤੇ ਸਭ ਦਾ ਧੰਨਵਾਦ

**ਫਰਿਜ਼ਨੋ (ਬਿਊਰੋ):** ਇੰਡੋ ਯੂ ਐਸ ਹੈਰੀਟੇਜ਼ ਐਸੋਸੀਏਸ਼ਨ ਫ਼ਰਿਜ਼ਨੋ ਨੇ ਹਾਲ ਹੀ ਵਿਚ ਸੰਸਥਾ ਵਲੋਂ ਗਦਰੀ ਬਾਬਿਆਂ ਦੀ ਯਾਦ ਵਿਚ ਇਥੇ ਕਰਵਾਏ ਗਏ ਮੇਲੇ ਲਈ ਮਿਲੇ ਭਰਪੂਰ ਸਹਿਯੋਗ ਵਾਸਤੇ ਸੈਂਟਰਲ ਵੈਲੀ ਦੇ ਲੋਕਾਂ ਅਤੇ ਸਥਾਨਕ ਸੰਸਥਾਵਾਂ-ਡਾਇਮੰਡ ਕਲੱਬ, ਜੀ ਐਸ ਜੀ ਐਸੋਸੀਏਸ਼ਨ, ਸ਼ਹੀਦ ਭਗਤ ਸਿੰਘ ਸਪੋਰਟਸ ਕਲੱਬ, ਵਿਸ਼ਵ ਸਾਹਿਤ ਅਕੈਡਮੀ, ਸੈਂਟਰਲ ਵੈਲੀ ਕਲਚਰਲ ਸੋਸਾਇਟੀ ਤੋਂ ਇਲਾਵਾ ਸਮੂਹ ਰਾਜਨੀਤਕ ਤੇ ਧਾਰਮਿਕ ਸੰਸਥਾਵਾਂ ਅਤੇ ਮੀਡੀਏ ਦਾ ਧੰਨਵਾਦ ਕੀਤਾ ਹੈ।

ਸੰਸਥਾ ਦੀ ਨਾਹਲ ਫਾਰਮ ਸੈਲਮਾ ਵਿਖੇ ਪ੍ਰਿੰ. ਪ੍ਰੀਤਮ ਸਿੰਘ ਨਾਹਲ ਦੀ ਪ੍ਰਧਾਨਗੀ ਹੇਠ ਹੋਈ ਇੱਕ ਵਿਸ਼ੇਸ਼ ਮੀਟਿੰਗ ਵਿਚ ਮੇਲੇ ਦੀਆਂ ਪ੍ਰਾਪਤੀਆਂ ਅਤੇ ਘਾਟਾਂ ਬਾਰੇ ਵਿਚਾਰ ਵਟਾਂਦਰਾ ਕੀਤਾ ਗਿਆ। ਸੰਸਥਾ ਨੂੰ ਹੋਰ ਸਰਗਰਮ ਕਰਨ ਅਤੇ ਨਵੇਂ ਪ੍ਰੋਗਰਾਮ ਉਲੀਕਣ ਲਈ ਸੁਝਾਅ ਵੀ ਲਏ ਗਏ ਤਾਂ ਕਿ ਸੰਸਥਾ ਸਾਰਾ ਸਾਲ ਆਪਣੀਆਂ ਸਰਗਰਮੀਆਂ ਵਿਚ ਵਾਧਾ ਕਰਦੀ ਰਹੇ। ਮੀਟਿੰਗ ਵਿਚ ਹੋਰਨਾਂ ਤੋਂ ਇਲਾਵਾ ਗੁਰਦੀਪ ਸਿੰਘ ਨਿੱਝਰ, ਸਾਧੂ ਸਿੰਘ ਸੰਘਾ, ਗੁਰਨੇਕ ਸਿੰਘ ਰਾਏ, ਆਤਮਾ ਸਿੰਘ ਚਾਹਲ, ਹਾਕਮ ਸਿੰਘ ਢਿੱਲੋਂ, ਰਾਜਿੰਦਰ ਬਰਾੜ ਵੈਰੋਕੇ, ਨਿਰਮਲ ਸਿੰਘ ਧਨੌਲਾ, ਰਣਜੀਤ ਗਿੱਲ ਜੱਗਾ, ਪਾਲ ਧਾਲੀਵਾਲ, ਹੈਰੀ ਮਾਨ, ਸੰਤੋਖ ਸਿੰਘ ਢਿੱਲੋਂ, ਮਨਜੀਤ ਕੁਲਾਰ, ਮਨਧੀਰ ਸਿੰਘ ਤੁੰਗ, ਸਤਵੰਤ ਸਿੰਘ ਵਿਰਕ, ਸੁਲੱਖਣ ਸਿੰਘ ਗਿੱਲ, ਬਿਕਰਮਜੀਤ ਕਾਹਲੋਂ ਅਤੇ ਸਕੱਤਰ ਸੰਤੋਖ ਸਿੰਘ ਮਿਨਹਾਸ ਨੇ ਭਾਗ ਲਿਆ। ਮੀਟਿੰਗ ਵਿਚ ਅਖਬਾਰ ਪੰਜਾਬ ਮੇਲ ਦੇ ਮੁੱਖ ਸੰਪਾਦਕ ਗੁਰਜਤਿੰਦਰ ਸਿੰਘ ਰੰਧਾਵਾ ਵੀ ਹਾਜਰ ਹੋਏ ਜਿਨ੍ਹਾਂ ਸੰਸਥਾ ਦੇ ਕੰਮਾਂ ਦੀ ਸ਼ਲਾਘਾ ਕੀਤੀ। ਨਾਹਲ ਪ੍ਰਵਾਰ ਵਲੋਂ ਸੁਖਜੀਤ ਸਿੰਘ ਭੁੱਲਰ ਅਤੇ ਅਜਮੇਰ ਸਿੰਘ ਨਾਹਲ ਪਲੈਨਿੰਗ ਕਮਿਸ਼ਨਰ ਨੇ ਸਭ ਮੈਂਬਰਾਂ ਲਈ ਖਾਣੇ ਦਾ ਪ੍ਰਬੰਧ ਕੀਤਾ।

## ਅਟਾਰਨੀ ਪੰਨੂ ਵਲੋਂ ਡਿਪੋਰਟੇਸ਼ਨ ਕੇਸਾਂ ਬਾਰੇ ਕੈਂਪ 2 ਤੇ 3 ਨੂੰ

**ਫਰਿਜ਼ਨੋ (ਬਿਊਰੋ):** ਰਾਸ਼ਟਰਪਤੀ ਓਬਾਮਾ ਦੀਆਂ ਹਦਾਇਤਾਂ 'ਤੇ ਡਿਪੋਰਟੇਸ਼ਨ ਕੇਸ ਦੁਬਾਰਾ ਖੋਲ੍ਹਣ ਬਾਰੇ ਨਵੀਂ ਇਮੀਗ੍ਰੇਸ਼ਨ ਨੀਤੀ ਬਾਰੇ ਜਾਣਕਾਰੀ ਦੇਣ ਲਈ ਅਟਾਰਨੀ ਗੁਰਪਤਵੰਤ ਸਿੰਘ ਪੰਨੂ ਵਲੋਂ ਇਥੇ 2 ਅਤੇ 3 ਅਕਤੂਬਰ ਨੂੰ ਇਕ ਕੈਂਪ ਲਾਇਆ ਜਾ ਰਿਹਾ ਹੈ ਜਿਸ ਵਿਚ ਨਵੀਂ ਨੀਤੀ ਬਾਰੇ ਵਿਸਥਾਰ ਨਾਲ ਦੱਸਿਆ ਜਾਵੇਗਾ।

ਅਟਾਰਨੀ ਪੰਨੂ ਦੇ ਦਫਤਰ ਵਲੋਂ ਜਾਰੀ ਇਕ ਬਿਆਨ ਅਨੁਸਾਰ ਜਿਨ੍ਹਾਂ ਦੇ ਡਿਪੋਰਟੇਸ਼ਨ ਦੇ ਆਰਡਰ ਹੋ ਚੁਕੇ ਹਨ, ਜਾਂ ਡਿਪੋਰਟੇਸ਼ਨ ਕੇਸ ਚਲ ਰਹੇ ਹਨ ਉਨ੍ਹਾਂ ਲਈ ਅਮਰੀਕੀ ਨਾਗਰਿਕਤਾ ਹਾਸਿਲ ਕਰਨ ਬਾਰੇ ਦਸਿਆ ਜਾਵੇਗਾ। ਮੁਫਤ ਜਾਣਕਾਰੀ ਲੈਣ ਲਈ ਅਟਾਰਨੀ ਪੰਨੂ ਨਾਲ ਫੋਨ 718-672-8000 'ਤੇ ਸੰਪਰਕ ਕੀਤਾ ਜਾ ਸਕਦਾ ਹੈ।

To Advertise with Punjab Times
Call: 847-359-0746

ਲੋੜ ਹੈ
ਰੈਸਟੋਰੈਂਟ ਲਈ ਕਿਚਨ ਹੈਲਪਰ ਅਤੇ ਵੇਟਰ ਦੀ ਲੋੜ ਹੈ
ਕੰਸਟ੍ਰਕਸ਼ਨ ਹੈਲਪਰ ਦੀ ਲੋੜ ਹੈ
ਸੰਪਰਕ ਕਰੋ
661-364-0341

ਤੁਰੰਤ ਜ਼ਰੂਰਤ ਹੈ
ਮੈਡੀਸਨ, ਵਿਸਕਾਨਸਿਨ ਵਿਚ ਇੰਡੀਅਨ ਰੈਸਟੋਰੈਂਟ ਲਈ ਅਨੁਭਵੀ ਤੰਦੂਰੀਏ ਕੁਕ, ਕਿਚਨ ਸਟਾਫ ਤੇ ਵੇਟਰਾਂ ਦੀ ਲੋੜ ਹੈ
ਚੰਗੀ ਤਨਖਾਹ ਅਤੇ ਰਿਹਾਇਸ਼ ਦੀ ਸਹੂਲਤ
ਸੰਪਰਕ ਕਰੋ:
ਫੋਨ 608-299-0958, 608-754-8355

ਸੇਵਾ ਸਿਮਰਨ ਸੁਸਾਇਟੀ, ਯੂਬਾ ਸਿਟੀ
ੴ ਸਤਿਗੁਰ ਪ੍ਰਸਾਦਿ॥
ਆਇਆ ਤਾ ਕਾ ਸਫਲ ਹੈ ਜਾ ਪਰ ਉਪਕਾਰੀ ਹੋਇ॥
ਸੇਵਾ ਸਿਮਰਨ ਸੁਸਾਇਟੀ, ਯੂਬਾ ਸਿਟੀ ਵਲੋਂ ਸ਼ਬਦ ਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਅਤੇ ਉਪਦੇਸ਼ ਨੂੰ ਘਰ ਘਰ ਪਹੁੰਚਾਉਣ ਲਈ ਹਫਤਾਵਾਰੀ ਪ੍ਰੋਗਰਾਮ ਹਰੇਕ ਸਨਿਚਰਵਾਰ ਨੂੰ ਯੂਬਾ ਸਿਟੀ ਇਲਾਕੇ ਵਿਚ ਸ਼ੁਰੂ ਕੀਤਾ ਗਿਆ ਹੈ ਜਿਸ ਵਿਚ ਸੰਗਤ ਰੂਪ ਵਿਚ ਜਪੁਜੀ ਸਾਹਿਬ ਤੇ ਸੁਖਮਨੀ ਸਾਹਿਬ ਦੇ ਪਾਠ ਤੋਂ ਇਲਾਵਾ ਕੀਰਤਨ, ਕਥਾ ਅਤੇ ਨਾਮ ਸਿਮਰਨ ਕੀਤਾ ਜਾਂਦਾ ਹੈ। ਸੁਸਾਇਟੀ ਵਲੋਂ ਇਹ ਨਿਸ਼ਕਾਮ ਸੇਵਾ ਕੀਤੀ ਜਾਂਦੀ ਹੈ, ਕੋਈ ਵੀ ਸ਼ਰਧਾਵਾਨ ਪਰਿਵਾਰ ਇਹ ਸੇਵਾ ਆਪਣੇ ਘਰ ਵਿਚ ਕਰਵਾਉਣਾ ਚਾਹੁੰਦਾ ਹੈ ਤਾਂ ਹੇਠ ਲਿਖੇ ਸੱਜਣਾਂ ਨਾਲ ਸੰਪਰਕ ਕਰ ਸਕਦਾ ਹੈ:
ਨਰਿੰਦਰ ਸਿੰਘ 530-682-7383
ਜੋਗਿੰਦਰ ਸਿੰਘ 530-870-3440
ਨਿਰਮਲ ਸਿੰਘ 530-635-0273

ਟਰੱਕ ਵਾਸ਼ ਵਿਕਾਊ ਹੈ
ਕੈਲੀਫੋਰਨੀਆ ਦੇ ਨਾਲ ਲੱਗਦੀ ਸਟੇਟ ਐਰੀਜ਼ੋਨਾ ਵਿਚ ਬਹੁਤ ਹੀ ਬਿਜ਼ੀ ਲੋਕੇਸ਼ਨ
TA Truck Stop ਦੇ ਸਾਹਮਣੇ
ਆਈ-10, ਐਗਜ਼ਿਟ 340
Willcox, AZ
ਕੀਮਤ: $455,000
ਸੰਪਰਕ ਕਰੋ:
ਫੋਨ:917-535-1615

### 8 ਅਕਤੂਬਰ ਲਈ ਗਦਰੀ ਬਾਬਿਆਂ ਦੇ ਮੇਲੇ ‘ਤੇ

# ਮੇਲੇ ਗਿਆ ਤਾਂ...

**ਸੈਕਰਾਮੈਂਟੋ (ਅਸ਼ੋਕ ਭੌਰਾ):** ਹੱਥ ਮਿਲਾਈ ਤਾਂ ਜਾਨੇ ਆਂ ਪਰ ਹੱਥ ਮਿਲਾਉਣਾ ਆਉਂਦਾ ਬਹੁਤ ਘੱਟ ਲੋਕਾਂ ਨੂੰ ਹੈ। ਹੱਥ ਮਿਲਾਉਣ ਦਾ ਸੁਆਦ ਇਸ ਵਿਚ ਹੈ ਕਿ ਬੰਦਾ ਅੰਦਰ ਤੱਕ ਤੁਹਾਡਾ ਹੋ ਕੇ ਬਾਗੋ-ਬਾਗ ਹੋ ਜਾਵੇ, ਹੱਥ ਦੀ ਘੁਟਣ ਦੱਸੇ ਕਿ ਨਿੱਘ ਆ ਗਿਆ ਹੈ, ਮੂੰਹੋਂ ਨਿਕਲੇ-ਯਾਰ ਤੂੰ ਮੇਰਾ ਈ ਆਂ, ਹੋਰ ਕਿਸੇ ਦਾ ਨਹੀਂ। ਮੇਲੇ ਅਤੇ ਪੰਜਾਬੀਆਂ ਨੂੰ ਤਵੇ-ਪਰਾਤ ਵਾਂਗ ਅਲੱਗ-ਅਲੱਗ ਨਹੀਂ ਕੀਤਾ ਜਾ ਸਕਦਾ। ਕਈ ਥਾਂ ਪੰਜਾਬੀ ਬਾਅਦ ‘ਚ ਗਏ, ਮੇਲੇ ਪਹਿਲਾਂ ਪਹੁੰਚ ਗਏ; ਪਰ ਜਿਹੜੇ ਮੇਲੇ ਇਤਿਹਾਸ ਦੀਆਂ ਤਹਿਆਂ ਫਰੋਲਣ, ਵਿਰਾਸਤ ਦੀਆਂ ਤਸਵੀਰਾਂ ਬਣਨ, ਕੁਰਬਾਨ ਹੋਣ ਵਾਲਿਆਂ ਦੀਆਂ ਬਾਤਾਂ ਪਾਉਣ; ਉਥੇ ਸਿਰ ਝੁਕਦਾ ਹੀ ਨਹੀਂ, ਗਰਦਨ ਵੀ ਨੀਵੀਂ ਹੋ ਜਾਂਦੀ ਹੈ। ਗਦਰੀ ਬਾਬੇ ਯਾਨਿ ਭਾਰਤ ਗਲੋਂ ਗੁਲਾਮੀ ਦੀਆਂ ਜ਼ੰਜੀਰਾਂ ਦੇ ਤੂੰਬੇ-ਤੂੰਬੇ ਕਰਨ ਵਾਲੇ, ਸਿਰ ਚੁੱਕ ਕੇ ਜਿਉਣ ਦਾ ਹੱਕ ਦਿਵਾਉਣ ਵਾਲੇ ਭੁੱਲ ਕੀਹਨੂੰ ਸਕਦੇ ਹਨ? ਅਮਰੀਕਾ ਤੋਂ ਉਠੀ ਗਦਰ ਲਹਿਰ ਜੇ ਭਾਰਤ ਦਾ ਇਤਿਹਾਸ ਬਦਲ ਗਈ ਹੈ ਤਾਂ ਇਨ੍ਹਾਂ ਸੂਰਬੀਰਾਂ ਦੀ ਯਾਦ ‘ਚ ਮੇਲੇ ਲੱਗ ਰਹੇ ਹਨ, ਲੱਗਣੇ ਚਾਹੀਦੇ ਹਨ, ਕੁਰਬਾਨ ਹੋਣ ਵਾਲਿਆਂ ਨੂੰ ਯਾਦ ਕਰਨ ਦਾ ਇਸ ਤੋਂ ਵਧੀਆ ਤਰੀਕਾ ਹੋ ਕਿਹੜਾ ਸਕਦਾ ਹੈ?



ਅੱਠ ਅਕਤੂਬਰ ਨੂੰ ਸੈਕਰਾਮੈਂਟੋ ‘ਚ ਇੰਡੋ-ਅਮੈਰਿਕਨ ਕਲਚਰਲ ਆਰਗੇਨਾਈਜੇਸ਼ਨ ਵਲੋਂ ਲਾਲ ਹਰਦਿਆਲ, ਹਰਨਾਮ ਸਿੰਘ ਟੁੰਡੀਲਾਟ, ਬਾਬਾ ਸੋਹਣ ਸਿੰਘ ਭਕਨਾ, ਦੂੱਲਾ ਸਿੰਘ ਜਲਾਲਦੀਵਾਲ, ਬਾਬਾ ਰਾਮ ਸਿੰਘ ਅਤੇ ਕਰਤਾਰ ਸਿੰਘ ਸਰਾਭਾ ਵਰਗੇ ਗਦਰੀ ਬਾਬਿਆਂ ਦੀ ਯਾਦ ‘ਚ ਪ੍ਰਧਾਨ ਸੁਰਿੰਦਰ ਬਿੰਦਰਾ ਦੀ ਪ੍ਰਬੰਧਕੀ ਟੀਮ ਦੀ ਅਗਵਾਈ ਹੇਠ ਕਰਵਾਏ ਜਾ ਰਹੇ ਗਦਰੀ ਮੇਲੇ ਵਿਚ ਨਵੀਂ ਪੀੜ੍ਹੀ ਲਈ ਇਤਿਹਾਸ ਦੀਆਂ ਪੜਤਾਂ ਫਿਰ ਖੋਲ੍ਹੀਆਂ ਜਾਣਗੀਆਂ।

ਅਸਲ ‘ਚ ਇਸ ਮੇਲੇ ਦੀ ਖਾਸੀਅਤ ਇਹ ਹੈ ਕਿ ਗਦਰੀ ਬਾਬਿਆਂ ਦੀ ਯਾਦ ‘ਚ ਜੁੜ ਬੈਠਣ ਦਾ ਸੰਕਲਪ ਪਹਿਲਾਂ ਇੱਥੋਂ ਹੀ ਸ਼ੁਰੂ ਹੋਇਆ ਸੀ। ਚੰਗੀ ਗੱਲ ਹੈ ਕਿ ਮੇਲੇ ਹੋਰ ਥਾਂ ਵੀ ਲੱਗਣ ਲੱਗੇ ਹਨ, ਪਰ ਜਨਮ ਸੰਸਥਾ ਹੋਣ ਕਰਕੇ ਇਸ ਦੀ ਭੂਮਿਕਾ ਅੱਗੇ ਵੀ ਸਿਜਦਾ ਕਰਨਾ ਬਣਦਾ ਹੈ। ਪ੍ਰਧਾਨ ਸੁਰਿੰਦਰ ਬਿੰਦਰਾ ਅਨੁਸਾਰ ਸਾਲ 1996 ਵਿਚ ਜਦੋਂ ਨਾਨਕ ਸਿੰਘ ਹੋਰਾਂ ਦੀ ਜਨਮ ਸ਼ਤਾਬਦੀ ਮੌਕੇ ਨਾਵਲਕਾਰ ਕੇਸਰ ਸਿੰਘ ਆਏ ਤਾਂ ਉਨ੍ਹਾਂ ਸੰਕੇਤ ਦਿੱਤਾ ਕਿ ਅਮਰੀਕਾ ਤੋਂ ਭਾਰਤ ਵਿਚ ਗਦਰ ਲਹਿਰ ਦੀ ਹਨੇਰੀ ਲਿਆਉਣ ਵਾਲੇ ਸ਼ਹੀਦਾਂ ਨੂੰ ਚੇਤੇ ਕਰਨਾ ਚਾਹੀਦੈ। ਲਹਿਰ ਦੇ ਮੋਢੀ ਬਰਕਤ ਉਲਾ ਦੀ ਕਬਰ ਲੱਭਣ ਦਾ ਇਸ਼ਾਰਾ ਵੀ ਉਨ੍ਹਾਂ ਹੀ ਦਿੱਤਾ ਸੀ ਤੇ 1999 ਤੋਂ ਇਹ ਸੰਸਥਾ ਗਦਰ ਲਹਿਰ ਦੇ ਇਤਿਹਾਸ ਨੂੰ ਸਾਂਭਣ ਅਤੇ ਅਗਲੀਆਂ ਪੀੜ੍ਹੀਆਂ ਲਈ ਮਾਰਗ ਦਰਸ਼ਨ ਦਾ ਕੰਮ ਕਰ ਰਹੀ ਹੈ।

ਪਹਿਲਾਂ ਵਾਂਗ ਐਤਕਾਂ ਵੀ ਬਾਬਾ ਦੁੱਲਾ ਸਿੰਘ ਦੀ ਪੋਤਰੀ ਬੀਬੀ ਗਿਆਨ ਕੌਰ, ਬਾਬਾ ਹਰਨਾਮ ਦਾਸ ਟੁੰਡੀਲਾਟ ਦੀ ਭਤੀਜੀ ਹਰਜਿੰਦਰ ਕੌਰ, ਅਕਾਲੀ ਠਾਕਰ ਸਿੰਘ ਦੇ ਪੋਤਰੇ ਜਗਮੋਹਣ ਸਿੰਘ, ਬਾਬਾ ਕਪੂਰ ਸਿੰਘ ਦੇ ਪੁੱਤਰ ਅਮਰਜੀਤ ਸਿੰਘ ਤੇ ਕਿਰਪਾਲ ਸਿੰਘ ਸੰਧੂ ਫਰਿਜ਼ਨੋ ਦਾ ਇਸ ਮੇਲੇ ਵਿਚ ਮਾਣ-ਸਨਮਾਨ ਕੀਤਾ ਜਾਏਗਾ।

ਇਤਿਹਾਸ ਦੀ ਪੈੜ ‘ਚ ਗਾਇਕਾ ਨਰਿੰਦਰ ਮਾਵੀ, ਸੁਲਤਾਨ ਅਖ਼ਤਰ, ਬੱਬੂ ਗੁਰਪਾਲ, ਪੂਨਮ ਮਲਹੋਤਰਾ, ਜੋਗਾ ਸਿੰਘ ਕਾਫ਼ਰ, ਜੀਵਨ ਰੱਤੂ, ਪੰਮੀ ਮਾਨ, ਹਰਜੀਤ ਦੁਆਬੀਆ ਆਪਣੇ ਗੀਤਾਂ ਨਾਲ ਹਾਜ਼ਰੀ ਭਰਨਗੇ। ਗਦਰੀ ਸੂਰਬੀਰਾਂ ਦੀਆਂ ਤਸਵੀਰਾਂ ਤੇ ਸਬੰਧਤ ਵਸਤਾਂ ਦੀ ਪ੍ਰਦਰਸ਼ਨੀ ਹੋਵੇਗੀ।

ਸੁਰਿੰਦਰ ਸਿੰਘ ਬਿੰਦਰਾ, ਪ੍ਰਿਤਪਾਲ ਭੋਗਲ, ਕੇਵਲ ਸਿੰਘ, ਬਲਜਿੰਦਰ ਸਿੰਘ, ਪਰਮਜੀਤ ਸੰਧੂ, ਸੁਮਿੱਤਰ ਸਿੰਘ ਉਪਲ ਤੇ ਬਲਵੰਤ ਬਾਂਕਾ ਦੀ ਸਾਰੀ ਪ੍ਰਬੰਧਕੀ ਟੀਮ ਮੇਲੀਆਂ ਨੂੰ ‘ਜੀ ਆਇਆਂ’ ਕਹਿਣ ਲਈ ਉਤਾਵਲੀ ਹੈ।

ਜਿਹੜੇ ਮੇਲੇ ‘ਚ ਜਾ ਸਕਦੇ ਹਨ ਪਰ ਜਾ ਨਾ ਸਕਣ, ਉਹ ਫਿਰ ਜਾਂ ਤਾਂ ਬਿਮਾਰ ਹੋਣਗੇ ਤੇ ਜਾਂ ਫਿਰ...? ਇਸ ਲਈ ਮੇਲੇ ‘ਚ ਪਹੁੰਚਣ ਤੋਂ ਕੰਨੀ ਨਹੀਂ ਕਤਰਾਉਣੀ ਚਾਹੀਦੀ। ਵਿਸਾਖੀ ਵਾਲੇ ਦਿਨ ਲੋਕੀਂ ਘਰ ਵੀ ਨਹਾ ਲੈਂਦੇ ਹਨ, ਪਰ ਅੰਮ੍ਰਿਤਸਰ ਤੇ ਸ੍ਰੀ ਅਨੰਦਪੁਰ ਸਾਹਿਬ ਨਹਾਉਣ ਦਾ ਆਪਣਾ ਅਨੰਦ ਹੈ। ਇਸ ਲਈ ਜ਼ਰੂਰ ਜਾਇਓ, ਮੇਲੇ ਗਏ ਤਾਂ ਕੁਝ ਹਾਸਲ ਕਰਕੇ ਹੀ ਪਰਤੋਗੇ।

## ਸ਼੍ਰੋਮਣੀ ਕਮੇਟੀ ਚੋਣਾਂ ਵਿਚ ਜਿੱਤ ‘ਤੇ ਪ੍ਰਕਾਸ਼ ਸਿੰਘ ਬਾਦਲ ਨੂੰ ਵਧਾਈ

**ਯੂਬਾ ਸਿਟੀ (ਬਿਊਰੋ):** ਅਕਾਲੀ ਦਲ (ਬਾਦਲ) ਦੀ ਹਾਲੀਆ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਚੋਣਾਂ ਵਿਚ ਹੋਈ ਹੂੰਝਾ ਫੇਰੂ ਜਿੱਤ ਉਤੇ ਅਕਾਲੀ ਦਲ (ਬਾਦਲ) ਦੀ ਅਮਰੀਕਾ ਇਕਾਈ ਨੇ ਪਾਰਟੀ ਸੁਪਰੀਮੋ ਸ. ਪ੍ਰਕਾਸ਼ ਸਿੰਘ ਬਾਦਲ ਅਤੇ ਅਕਾਲੀ ਦਲ (ਬਾਦਲ) ਦੇ ਪ੍ਰਧਾਨ ਸ. ਸੁਖਬੀਰ ਸਿੰਘ ਬਾਦਲ ਨੂੰ ਵਧਾਈ ਦਿਤੀ ਹੈ। ਪਾਰਟੀ ਇਕਾਈ ਵਲੋਂ ਇਥੇ ਜਾਰੀ ਇਕ ਬਿਆਨ ਵਿਚ ਕਿਹਾ ਗਿਆ ਹੈ ਕਿ ਸ਼੍ਰੋਮਣੀ ਕਮੇਟੀ ਚੋਣਾਂ ਵਿਚ ਜਿੱਤ ਅਸਲ ਵਿਚ ਸ. ਬਾਦਲ ਦੀਆਂ ਨੀਤੀਆਂ ਉਤੇ ਸਿੱਖ ਪੰਥ ਦੀ ਪ੍ਰਵਾਨਗੀ ਦੀ ਮੋਹਰ ਹੈ।

ਪਾਰਟੀ ਦੀ ਅਮਰੀਕਾ ਇਕਾਈ ਦੇ ਸਰਪ੍ਰਸਤ ਅਤੇ ਬਜ਼ੁਰਗ ਸਿੱਖ ਆਗੂ ਦੀਦਾਰ ਸਿੰਘ ਬੈਂਸ ਨੇ ਇਥੇ ਜਾਰੀ ਇਕ ਬਿਆਨ ਵਿਚ ਕਿਹਾ ਹੈ ਕਿ ਅਕਾਲੀ ਦਲ (ਬਾਦਲ) ਵਲੋਂ ਚੋਣਾਂ ਦਾ ਇਹੋ ਇਤਿਹਾਸ ਅਗਲੇ ਵਰ੍ਹੇ ਹੋ ਰਹੀਆਂ ਪੰਜਾਬ ਵਿਧਾਨ ਸਭਾ ਚੋਣਾਂ ਵਿਚ ਵੀ ਦੁਹਰਾਇਆ ਜਾਏਗਾ। ਉਨ੍ਹਾਂ ਕਿਹਾ ਕਿ ਪੰਜਾਬ ਦੇ ਲੋਕ ਕਾਂਗਰਸ ਦੀ ਕੇਂਦਰ ਵਿਚਲੀ ਹਕੂਮਤ ਦੇ ਭ੍ਰਿਸ਼ਟਾਚਾਰੀ ਵਿਹਾਰ ਨੂੰ ਚੰਗੀ ਤਰ੍ਹਾਂ ਵੇਖ ਚੁਕੇ ਹਨ ਜਿਸ ਨੇ ਦੇਸ਼ ਵਿਚ ਭ੍ਰਿਸ਼ਟਾਚਾਰ ਦੇ ਨਵੇਂ ਰਿਕਾਰਡ ਕਾਇਮ ਕਰ ਦਿਤੇ ਹਨ।

ਪਾਰਟੀ ਦੀ ਕੈਲੀਫੋਰਨੀਆ ਇਕਾਈ ਦੀ ਇਥੇ ਹੋਈ ਇਕ ਮੀਟਿੰਗ ਵਿਚ ਪਾਰਟੀ ਨੂੰ ਅਮਰੀਕਾ ਵਿਚ ਹੋਰ ਸਰਗਰਮ ਕਰਨ ਬਾਰੇ ਵੀ ਵਿਚਾਰ ਹੋਈ। ਪਾਰਟੀ ਪ੍ਰਧਾਨ ਨੂੰ ਵਧਾਈ ਸੰਦੇਸ਼ ਭੇਜਣ ਵਾਲਿਆਂ ਵਿਚ ਹੋਰਨਾਂ ਤੋਂ ਇਲਾਵਾ ਗੁਰਨਾਮ ਸਿੰਘ ਪੰਮਾ, ਦਿਲਬਾਗ ਸਿੰਘ ਬੈਂਸ, ਸਰਬਜੀਤ ਸਿੰਘ ਥਿਆੜਾ, ਦਲਬੀਰ ਸਿੰਘ ਗਿੱਲ, ਪਿਆਰਾ ਸਿੰਘ ਗੋਸਲ ਤੇ ਮਲਕੀਤ ਸਿੰਘ ਗੋਸਲ, ਸੈਕਰਾਮੈਂਟੋ ਤੋਂ ਚਰਨਜੀਤ ਸਿੰਘ ਵਿਰਕ, ਗੁਰਮੀਤ ਸਿੰਘ ਵੜੈਚ, ਫਰਿਜ਼ਨੋ ਤੋਂ ਗੁਰਚਰਨ ਸਿੰਘ ਰੱਕੜ ਤੇ ਬਲਦੇਵ ਸਿੰਘ ਸੰਘਾ, ਬੇਕਰਜ਼ਫੀਲਡ ਤੋਂ ਛਿੰਦਾ ਉਪਲ, ਨਾਜਰ ਸਿੰਘ ਕੂਨਰ, ਜੋਬਨਜੀਤ ਸਿੰਘ ਬੌਬੀ, ਤੇਜਪਾਲ ਸਿੰਘ ਨਿਕਸਨ, ਕੁਲਦੀਪ ਸੰਧੂ, ਰੌਣਕ ਸਿੰਘ ਲਾਸ ਏਂਜਲਸ, ਸੈਨ ਹੋਜ਼ੇ ਤੋਂ ਪ੍ਰੀਤਮ ਸਿੰਘ ਗਰੇਵਾਲ, ਸੁਖਮਿੰਦਰ ਸਿੰਘ ਸੁੱਖਾ ਤੇ ਬਿਕਰਮਜੀਤ ਸਿੰਘ ਦੇ ਨਾਂ ਸ਼ਾਮਲ ਹਨ।

## ਪੰਜਾਬ ‘ਚ ਭਾਜਪਾ ਦਾ ਗਰਾਫ ਡਿੱਗਿਆ ਦੋਸ਼ ਅਕਾਲੀਆਂ ਸਿਰ ਮੜ੍ਹਿਆ

**ਚੰਡੀਗੜ੍ਹ:** ਸ਼੍ਰੋਮਣੀ ਅਕਾਲੀ ਦਲ ਦੀ ਭਾਈਵਾਲ ਭਾਰਤੀ ਜਨਤਾ ਪਾਰਟੀ ਦੀ ਹਾਲਤ ਇਸ ਵਾਰ ਤਸੱਲੀਬਖਸ਼ ਨਹੀਂ ਹੈ। ਪਾਰਟੀ ਦੀ ਮਾੜੀ ਕਾਰਗੁਜ਼ਾਰੀ ਸਬੰਧੀ ਪੰਜਾਬ ਭਾਜਪਾ ਪਾਰਟੀ ਮਾਮਲਿਆਂ ਦੇ ਇੰਚਾਰਜ ਸ਼ਾਂਤਾ ਕੁਮਾਰ ਨੇ ਪੰਜਾਬ ਦੇ ਲੀਡਰਾਂ ਨਾਲ ਮੀਟਿੰਗ ਕੀਤੀ ਹੈ। ਭਾਰਤੀ ਜਨਤਾ ਪਾਰਟੀ ਨੇ ਦਿੱਲੀ ਦੀ ਕੰਪਨੀ ਕੋਲੋਂ ਪੰਜਾਬ ਵਿਧਾਨ ਸਭਾ ਚੋਣਾਂ ਨੂੰ ਲੈ ਕੇ ਸਰਵੇਖਣ ਕਰਵਾਇਆ ਸੀ ਕਿ ਭਾਜਪਾ ਦੀ ਹਾਲਤ ਕੀ ਹੈ। ਸਰਵੇਖਣ ਟੀਮ ਨੇ ਭਾਜਪਾ ਦੀਆਂ 23 ਸੀਟਾਂ ਦਾ ਅਧਿਐਨ ਕੀਤਾ। ਅਧਿਐਨ ‘ਚ ਸਾਹਮਣੇ ਆਇਆ ਹੈ ਕਿ ਭਾਜਪਾ ਦੀ ਹਾਲਤ ਕੋਈ ਤਸੱਲੀਬਖਸ਼ ਨਹੀਂ ਹੈ। ਭਾਜਪਾ ਨੂੰ 2007 ਦੀਆਂ ਵਿਧਾਨ ਸਭਾ ਚੋਣਾਂ ‘ਚ 23 ਵਿਚੋਂ 19 ਸੀਟਾਂ ਮਿਲੀਆਂ ਸਨ ਪਰ ਅੱਜ ਇੱਕ ਵੀ ਸੀਟ ਪੱਲੇ ਪੈਂਦੀ ਨਜ਼ਰ ਨਹੀਂ ਆ ਰਹੀ। ਹਾਲਾਂਕਿ ਭਾਜਪਾ ਦੇ ਪਿਛਲੇ ਪੰਜੇ ਕੈਬਨਿਟ ਮੰਤਰੀਆਂ ਸਮੇਤ ਸਾਰੇ ਹਲਕੇ ਲੋਕ ਸਭਾ ਚੋਣਾਂ ਵਿਚ ਹਾਰੇ ਸਨ ਪਰ ਅਗਲੀਆਂ ਵਿਧਾਨ ਸਭਾ ਚੋਣਾਂ ਦੇ ਸਨਮੁਖ ਆਏ ਨਤੀਜਿਆਂ ਨਾਲ ਭਾਜਪਾ ਦੇ ਸਾਹ ਸੂਤੇ ਗਏ ਹਨ।

ਭਾਜਪਾ ਆਗੂਆਂ ਨੇ ਅਧਿਐਨ ਦੌਰਾਨ ਮਿਲੀ ਮਾੜੀ ਰੀਪੋਰਟ ਦਾ ਸਾਰਾ ਭਾਂਡਾ ਭਾਈਵਾਲ ਸਰਕਾਰ ਤੇ ਭਾਜਪਾ ਹਾਈ ਕਮਾਨ ਦੇ ਸਿਰ ਭੰਨ੍ਹ ਦਿੱਤਾ ਹੈ।




Amardeep Singh
Ph:916-712-2735
DRE#01357217

# Buy a Home With Zero Cash! No Money Down!

**For FREE list of properties and pre-recorded information on how “NO MONEY DOWN” Program Work. Govt. Loans, USDA, VA, Down Assistance Program and many more. Call Toll Free:1-888-450-6603 ID#4074**



**$169,000**
**Rancho Cordova - $645 Payment**
Quite street. Bright living & family room. Perfect home. Private Shaded backyard. Fireplace. **FREE INFO: 1-888-450-6603**, ID#4230



**$199,000**
**Elk Grove - $806 Payment**
Great School. Cul-de-sac. Ready to move. Clean. Family Home. Safe Neighborhood. **FREE INFO: 1-888-450-6603**, ID#4243



**$149,000**
**Sacramento – $604 Payment**
Open floor plan. First time homebuyer. Bank Owned. Clean. Less than Rent. Beautiful. **FREE INFO: 1-888-450-6603**, ID#4241



**$139,900**
**Vintage – $566 Payment**
Great deal for home buyer. Walking distance to school, park, shopping plazas. Desirable location. Family Home. **FREE INFO: 1-888-450-6603**, ID#4234



**179,900**
**Vintage – $728 Payment**
4 Beds. 3 Car garage. Quite Street. Private backyard. Eat in Kitchen. Near school & par. Great Home. Bright rooms. **FREE INFO: 1-888-450-6603**, ID#4242



**$99,000**
**Sacramento – $405 Payment**
Safe Neighborhood. Investor dream. Access to highway. Great School. Open floor plan. RV access., **FREE INFO: 1-888-450-6603**, ID#4247



**$189,000**
**Elk Grove – $765 Payment**
Separate family living room. Desirable location. Great Area. Beautiful. Tree lined streets. **FREE INFO: 1-888-450-6603**, ID#4240



**$120,000**
**Sacramento – $479 Payment**
Nice 4 bedroom 2 bath house. Clean. Family room. Desirable location. Private back yard. **FREE INFO: 1-888-450-6603**, ID#4244



**I am making over $1000**

We live in Bay area and was nervous to invest in Sacramento. With the help of Statewide Team, we are proud owner of two rentals in Sacramento. Each month I am making over $1000 after expenses. Statewide not only educated me but helped me in preparing the properties and finding good tenants. Great investment for my kids education.

*-Shilpa and Naveen Reddy*

**Get Free list of Homes at www.statewideteam.net**

**Punjab Times**

**Established in 2000**
**11th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018

**Ph:847-359-0746**
**Fax:847-705-9388**

**Editor:**
Amolak Singh Jammu
**Astt. Editor:**
Jaspreet Kaur
Kuljeet Singh
**Graphics:**
Mandeep Singh

**Our Columnists**
Ashok Bhaura
Tarlochan Singh Dupalpur
Baljit Basi
Prof. Kulwant S. Romana

**California:**
Shiara Dhindsa
Photographer
661-703-6664
Charanjit Singh Pannu
408-608-4961
Gurbarinder Singh Raja
916-533-2678

**Honorary Directors**
**Community Relations:**
Pritam S. Grewal
408-406-0703
Kuljeet Singh
510-284-9580

**Distributed in:**
California, Illinois, Indiana, Michigan, Wisconsin, Ohio, Iowa, Missisipi, Arkansas, Texas, Nevada, Virginia, Oregon, Arizona, Georgia, Florida, Massachusettes, Washington, New York, Missouri

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 85 ਡਾਲਰ,**
**ਪੰਜ ਸਾਲ ਲਈ: 400 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# 2-ਜੀ ਸਪੈਕਟ੍ਰਮ ਘੁਟਾਲਾ ਕਾਂਗਰਸ ਲਈ ਚੱਕਰਵਿਊ ਬਣਿਆ

## *ਸਿਆਸੀ ਸ਼ਰੀਕੇਬਾਜ਼ੀ ਨੇ ਪਾਇਆ ਪੁਆੜਾ*

**ਨਵੀਂ ਦਿੱਲੀ:** 2ਜੀ ਸਪੈਕਟ੍ਰਮ ਘੁਟਾਲਾ ਕਾਂਗਰਸ ਲਈ 'ਜੀਅ ਦਾ ਜੰਜਾਲ' ਬਣ ਗਿਆ ਹੈ ਅਤੇ ਇਸ ਦਾ ਸੇਕ ਹੁਣ ਸੀਨੀਅਰ ਕਾਂਗਰਸੀ ਆਗੂ ਤੇ ਕੇਂਦਰੀ ਗ੍ਰਹਿ ਮੰਤਰੀ ਪੀ. ਚਿਦੰਬਰਮ ਤੱਕ ਵੀ ਪੁੱਜ ਗਿਆ ਹੈ। ਦਿਲਚਸਪ ਗੱਲ ਹੈ ਕਿ ਇਸ ਵਾਰ ਬਖੇੜਾ ਸ਼ੁਰੂ ਵੀ 'ਆਪਣਿਆਂ' ਵੱਲੋਂ ਹੀ ਕੀਤਾ ਗਿਆ ਹੈ। ਕੇਂਦਰੀ ਵਿੱਤ ਮੰਤਰੀ ਪ੍ਰਣਬ ਮੁਖਰਜੀ ਨੇ ਪ੍ਰਧਾਨ ਮੰਤਰੀ ਸਕੱਤਰੇਤ ਨੂੰ ਪੱਤਰ ਭੇਜ ਕੇ ਕਿਹਾ ਸੀ ਕਿ ਜੇਕਰ ਤਤਕਾਲੀ ਵਿੱਤ ਮੰਤਰੀ ਪੀ. ਚਿਦੰਬਰਮ ਚਾਹੁੰਦੇ ਤਾਂ 2ਜੀ ਸਪੈਕਟ੍ਰਮ ਘਪਲਾ ਟਾਲਿਆ ਜਾ ਸਕਦਾ ਸੀ। ਦੋ ਮੰਤਰੀਆਂ ਦੀ ਇਸ ਲੜਾਈ ਦਾ ਲਾਹਾ ਲੈਂਦਿਆਂ ਵਿਰੋਧੀ ਧਿਰ ਨੇ ਗ੍ਰਹਿ ਮੰਤਰੀ ਪੀ. ਚਿਦੰਬਰਮ ਤੋਂ ਅਸਤੀਫੇ ਦੀ ਮੰਗ ਕੀਤੀ ਹੈ। ਦੋਵਾਂ ਵਿਚਾਲੇ 'ਦੁਸ਼ਮਣੀ' ਪਿਛਲੇ ਦੋ ਸਾਲਾਂ ਤੋਂ ਚੱਲ ਰਹੀ ਹੈ। ਪਾਰਟੀ ਸੂਤਰਾਂ ਮੁਤਾਬਕ ਸ੍ਰੀਮਤੀ ਸੋਨੀਆਂ ਗਾਂਧੀ ਨੂੰ ਦੋਵਾਂ ਦੀ ਲੜਾਈ ਬਾਰੇ ਪੂਰੀ ਤਰ੍ਹਾਂ ਪਤਾ ਹੈ ਅਤੇ ਉਹ ਆਮ ਤੌਰ 'ਤੇ ਵਿਚ ਪੈ ਕੇ ਮਾਮਲਾ ਸ਼ਾਂਤ ਕਰ ਦਿੰਦੇ ਹਨ। ਸ੍ਰੀ ਮੁਖਰਜੀ ਦੇ ਸਮਰਥਕਾਂ ਵਿਚ ਇਸ ਗੱਲ ਦਾ ਗੁੱਸਾ ਹੈ ਕਿ ਜਦੋਂ ਪਾਰਟੀ ਜਾਂ ਸਰਕਾਰ ਕਿਸੇ ਮੁਸੀਬਤ ਵਿਚ ਘਿਰਦੀ ਹੈ ਤਾਂ ਸ੍ਰੀਮਤੀ ਗਾਂਧੀ ਵਿੱਤ ਮੰਤਰੀ ਮੁਖਰਜੀ ਨੂੰ ਅੱਗੇ ਕਰ ਦਿੰਦੇ ਹਨ ਪਰ ਅਸਲ ਵਿਚ ਸੁਣੀ ਸ੍ਰੀ ਚਿਦੰਬਰਮ ਦੀ ਜਾਂਦੀ ਹੈ।

ਦੂਜੇ ਪਾਸੇ, ਕਾਂਗਰਸ ਪ੍ਰਧਾਨ ਸੋਨੀਆ ਗਾਂਧੀ ਨੇ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਤੇ ਸੀਨੀਅਰ ਆਗੂਆਂ ਨੂੰ ਹੁਕਮ ਦਿੱਤਾ ਹੈ ਕਿ ਸ੍ਰੀ ਚਿਦੰਬਰਮ ਅਤੇ ਸਰਕਾਰ ਨੂੰ ਬਚਾਉਣ ਵਿਚ ਕੋਈ ਕਸਰ ਨਾ ਛੱਡੀ ਜਾਵੇ। ਸ੍ਰੀਮਤੀ ਸੋਨੀਆ ਨੂੰ ਖ਼ਤਰਾ ਹੈ ਕਿ ਕੱਲ੍ਹ ਤੱਕ ਇਸ ਕੇਸ ਵਿਚ ਏ. ਰਾਜਾ ਅਤੇ ਦਯਾਨਿਧੀ ਮਾਰਨ ਸ਼ਾਮਲ ਸਨ, ਅੱਜ ਪੀ. ਚਿਦੰਬਰਮ ਰਗੜੇ ਗਏ ਹਨ ਅਤੇ ਭਲਕੇ ਡਾ. ਮਨਮੋਹਨ ਸਿੰਘ ਦਾ ਵੀ ਨੰਬਰ ਆ ਸਕਦਾ ਹੈ।



*ਸਿਆਸੀ ਸ਼ਰੀਕੇਬਾਜ਼ੀ !... ਕੇਂਦਰੀ ਵਿੱਤ ਮੰਤਰੀ ਪ੍ਰਣਬ ਮੁਖਰਜੀ ਅਤੇ ਕੇਂਦਰੀ ਗ੍ਰਹਿ ਮੰਤਰੀ ਪੀ. ਚਿਦੰਬਰਮ।*

ਉਧਰ, ਵਿਰੋਧੀ ਧਿਰ ਭਾਜਪਾ ਨੇ ਕਿਹਾ ਹੈ ਕਿ ਜੇ ਗ੍ਰਹਿ ਮੰਤਰੀ ਪੀ. ਚਿਦੰਬਰਮ ਪਾਕ ਸਾਫ ਹਨ ਤਾਂ ਉਨ੍ਹਾਂ ਖ਼ਿਲਾਫ਼ ਜਾਂਚ ਕਰਾਉਣ ਤੋਂ ਕੰਨੀ ਕਿਉਂ ਕਤਰਾਈ ਜਾ ਰਹੀ ਹੈ। ਜ਼ਿਕਰਯੋਗ ਹੈ ਕਿ ਜਨਤਾ ਪਾਰਟੀ ਦੇ ਆਗੂ ਸੁਬਰਾਮਨੀਅਮ ਸਵਾਮੀ ਨੇ ਵਿੱਤ ਮੰਤਰਾਲੇ ਵੱਲੋਂ ਪ੍ਰਧਾਨ ਮੰਤਰੀ ਦਫਤਰ ਨੂੰ ਭੇਜੇ ਮੀਮੋ ਦੀ ਕਾਪੀ ਸੁਪਰੀਮ ਕੋਰਟ 'ਚ ਪੇਸ਼ ਕੀਤੀ ਗਈ ਜਿਸ ਪਿੱਛੋਂ ਤਤਕਾਲੀ ਵਿੱਤ ਮੰਤਰੀ ਚਿਦੰਬਰਮ ਦੀ ਕਾਰਗੁਜ਼ਾਰੀ 'ਤੇ ਸ਼ੱਕ ਦੀ ਉਂਗਲ ਉਠੀ ਸੀ। ਵਿੱਤ ਮੰਤਰਾਲੇ ਵੱਲੋਂ ਭੇਜੇ ਗਏ 'ਮੀਮੋ' ਤੋਂ ਪਤਾ ਲੱਗਦਾ ਹੈ ਕਿ ਜੇ ਵਿੱਤ ਮੰਤਰਾਲਾ ਜੋ ਉਦੋਂ ਸ੍ਰੀ ਚਿਦੰਬਰਮ ਕੋਲ ਸੀ, ਸਪੈਕਟ੍ਰਮ ਦੀ ਵੰਡ ਬੋਲੀ ਰਾਹੀਂ ਕਰਵਾਉਣ 'ਤੇ ਜ਼ੋਰ ਦਿੰਦਾ ਤਾਂ 2ਜੀ ਘੁਟਾਲਾ ਹੋਣੋਂ ਰੋਕਿਆ ਜਾ ਸਕਦਾ ਸੀ।

ਇਸੇ ਦੌਰਾਨ, ਸੁਪਰੀਮ ਕੋਰਟ ਵਿਚ 2ਜੀ ਸਪੈਕਟ੍ਰਮ ਮਾਮਲੇ ਬਾਰੇ ਸਰਕਾਰ ਅਤੇ ਸੀ.ਬੀ.ਆਈ. ਆਹਮੋ-ਸਾਹਮਣੇ ਹੋ ਗਏ ਹਨ। ਅਦਾਲਤ 'ਚ ਮਾਮਲੇ ਦੀ ਸੁਣਵਾਈ ਦੌਰਾਨ ਸੀ.ਬੀ.ਆਈ. ਨੇ ਕੇਂਦਰ ਦੇ ਇਸ ਸਟੈਂਡ ਦਾ ਵਿਰੋਧ ਕੀਤਾ ਕਿ ਜਾਂਚ ਏਜੰਸੀ ਸਵਾਮੀ ਵੱਲੋਂ ਪੇਸ਼ ਕੀਤੇ ਦਸਤਾਵੇਜ਼ਾਂ ਦੀ ਪੜਤਾਲ ਕਰਕੇ ਅਦਾਲਤ ਸਾਹਮਣੇ ਸਟੇਟਸ ਰਿਪੋਰਟ ਪੇਸ਼ ਕਰੇਗੀ। ਸੀ.ਬੀ.ਆਈ. ਦੇ ਵਕੀਲ ਕੇ.ਕੇ. ਵੇਨੂੰਗੋਪਾਲ ਨੇ ਕਿਹਾ ਕਿ ਸੀ.ਬੀ.ਆਈ. ਖੁਦਮੁਖਤਿਆਰ ਤੇ ਸੁਤੰਤਰ ਸੰਸਥਾ ਹੈ, ਇਸ ਲਈ ਇਹ ਚਿਦੰਬਰਮ ਖਿਲਾਫ਼ ਜਾਂਚ ਨਹੀਂ ਕਰੇਗੀ। ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਇਹ ਨਿਰਦੇਸ਼ ਨਹੀਂ ਦੇ ਸਕਦੀ ਕਿ ਜਾਂਚ ਏਜੰਸੀ ਨੇ ਕੀ ਕਰਨਾ ਹੈ। ਏਜੰਸੀ ਨੇ ਅੱਗੇ ਕਿਹਾ ਕਿ ਦਸਤਾਵੇਜ਼ ਨੂੰ ਦੇਖਣ ਦੀ ਲੋੜ ਨਹੀਂ ਕਿਉਂਕਿ ਇਹ 500 ਸਫ਼ਿਆਂ ਵਾਲੀ ਸਮੱਗਰੀ ਦਾ ਹਿੱਸਾ ਹੈ ਜਿਸ ਦੀ ਏਜੰਸੀ ਪੜਤਾਲ ਕਰ ਚੁੱਕੀ ਹੈ।

# ਅਮਰੀਕਾ ਤੇ ਪਾਕਿਸਤਾਨ ਵਿਚਕਾਰ ਕੁੜਿੱਤਣ ਹੋਰ ਵਧੀ

**ਵਾਸ਼ਿੰਗਟਨ:** ਅਤਿਵਾਦ ਖਿਲਾਫ ਜੰਗ ਦੇ ਮਾਮਲੇ ਵਿਚ ਅਮਰੀਕਾ ਅਤੇ ਪਾਕਿਸਤਾਨ ਵਿਚਕਾਰ ਪਾੜਾ ਹੋਰ ਵਧ ਗਿਆ ਹੈ। ਅਮਰੀਕਾ ਵੱਲੋਂ ਪਾਕਿਸਤਾਨ ਨੂੰ ਦਿੱਤੀ ਜਾਂਦੀ ਹਰ ਕਿਸਮ ਦੀ ਮਦਦ ਰੋਕਣ ਲਈ ਕਾਂਗਰਸ ਵਿਚ ਇਕ ਮਤਾ ਪੇਸ਼ ਕੀਤਾ ਗਿਆ ਹੈ। ਕਾਂਗਰਸਮੈਨ ਟੈਡ ਪੋਇ ਨੇ ਸਦਨ ਵਿਚ ਇਹ ਮਤਾ ਪੇਸ਼ ਕਰਦਿਆਂ ਕਿਹਾ, "ਐਬਟਾਬਾਦ ਵਿਚ ਉਸਾਮਾ ਬਿਨ-ਲਾਦਿਨ ਦੀ ਰਿਹਾਇਸ਼ ਦਾ ਰਾਜ਼ ਖੁੱਲ੍ਹਣ ਤੋਂ ਬਾਅਦ ਪਾਕਿਸਤਾਨ ਦੀ ਅਮਰੀਕਾ ਨਾਲ ਗੱਦਾਰੀ ਅਤੇ ਬੇਵਫਾਈ ਸਾਬਤ ਹੋ ਗਈ ਹੈ। ਇਹ ਅਖੌਤੀ ਇਤਿਹਾਦੀ ਅਮਰੀਕਾ ਤੋਂ ਅਰਬਾਂ ਡਾਲਰ ਮਦਦ ਲੈ ਰਿਹਾ ਹੈ ਤੇ ਨਾਲ ਹੀ ਸਾਡੇ 'ਤੇ ਹਮਲੇ ਕਰ ਰਹੇ ਅਤਿਵਾਦੀਆਂ ਦੀ ਪਿੱਠ ਠੋਕ ਰਿਹਾ ਹੈ।"

ਇਸ ਦੌਰਾਨ ਪੈਂਟਾਗਨ ਦੇ ਬੁਲਾਰੇ ਜੌਰਜ ਲਿਟਲ ਨੇ ਪੱਤਰਕਾਰਾਂ ਨੂੰ ਦੱਸਿਆ ਕਿ ਅਮਰੀਕਾ ਨੇ ਪਾਕਿਸਤਾਨ ਨੂੰ ਸਾਫ ਸੰਦੇਸ਼ ਦੇ ਦਿੱਤਾ ਹੈ ਕਿ ਉਹ ਤਾਲਿਬਾਨ ਦੇ ਹੱਕਾਨੀ ਨੈੱਟਵਰਕ ਖ਼ਿਲਾਫ਼ ਕਾਰਵਾਈ ਹੁੰਦੀ ਦੇਖਣਾ ਚਾਹੁੰਦਾ ਹੈ। ਉਧਰ, ਪਾਕਿਸਤਾਨ ਵੱਲੋਂ ਹੱਕਾਨੀ ਨੈਟਵਰਕ ਖ਼ਿਲਾਫ਼ ਕਾਰਵਾਈ ਤੋਂ ਨਾਂਹ ਕਰ ਦਿੱਤੀ ਗਈ ਹੈ। ਇਹ ਫ਼ੈਸਲਾ ਪਾਕਿਸਤਾਨੀ ਫ਼ੌਜ ਦੇ ਮੁਖੀ ਜਨਰਲ ਅਸ਼ਫਾਕ ਪਰਵੇਜ਼ ਕਿਆਨੀ ਦੀ ਪ੍ਰਧਾਨਗੀ ਹੇਠ ਹੋਈ ਕੋਰ ਕਮਾਂਡਰਾਂ ਦੀ ਵਿਸ਼ੇਸ਼ ਮੀਟਿੰਗ ਵਿਚ ਕੀਤਾ ਗਿਆ। ਕਮਾਂਡਰਾਂ ਨੇ ਉੱਤਰੀ ਵਜ਼ੀਰਿਸਤਾਨ ਵਿਚ ਹੱਕਾਨੀ ਨੈਟਵਰਕ ਖ਼ਿਲਾਫ਼ ਧਾਵਾ ਬੋਲਣ ਦੀਆਂ ਕੀਤੀਆਂ ਜਾ ਰਹੀਆਂ ਮੰਗਾਂ ਦਾ ਡਟ ਕੇ ਵਿਰੋਧ ਕੀਤਾ ਅਤੇ ਨਾਲ ਹੀ ਪਾਕਿਸਤਾਨ ਦੀ ਧਰਤੀ 'ਤੇ ਕਿਸੇ ਤਰ੍ਹਾਂ ਦੀ ਸੰਭਾਵੀ ਇਕਤਰਫਾ ਅਮਰੀਕੀ ਕਾਰਵਾਈ ਦੇ ਸਿੱਟਿਆਂ ਬਾਰੇ ਵੀ ਵਿਚਾਰ-ਚਰਚਾ ਕੀਤੀ।

ਪਾਕਿਸਤਾਨ ਦੇ ਗ੍ਰਹਿ ਮੰਤਰੀ ਰਹਿਮਾਨ ਮਲਿਕ ਨੇ ਤਾਂ ਸਾਫ ਕਿਹਾ ਹੈ ਕਿ ਅਮਰੀਕਾ ਜਿਸ ਹੱਕਾਨੀ ਨੈਟਵਰਕ ਨੂੰ ਹੁਣ ਬਹਾਨਾ ਬਣਾ ਕੇ ਪਾਕਿਸਤਾਨ ਖਿਲਾਫ ਕਾਰਵਾਈ ਕਰਨ ਲਈ ਡਰਾ ਰਿਹਾ ਹੈ, ਉਸ ਹੱਕਾਨੀ ਨੈਟਵਰਕ ਨੂੰ ਅਫਗਾਨਿਸਤਾਨ ਵਿਚ ਸੋਵੀਅਤ ਸੰਘ ਦੇ ਕਬਜ਼ੇ ਵੇਲੇ ਸੀ.ਆਈ.ਏ. ਨੇ ਹੀ ਖੜ੍ਹਾ ਕੀਤਾ ਸੀ। ਚੇਤੇ ਰਹੇ ਕਿ ਅਮਰੀਕੀ ਫ਼ੌਜ ਦੇ ਮੁਖੀ ਐਡਮਿਰਲ ਮਾਈਕ ਮੁਲੇਨ ਨੇ ਦੋਸ਼ ਲਾਇਆ ਸੀ ਕਿ ਅਫਗਾਨਿਸਤਾਨ ਵਿਚ ਅਮਰੀਕੀ ਸਫਾਰਤਖਾਨੇ ਉਤੇ ਹਮਲੇ ਲਈ ਪਾਕਿਸਤਾਨ ਦੀ ਆਈ.ਐਸ.ਆਈ. ਨੇ ਹੱਕਾਨੀ ਨੈਟਵਰਕ ਦੀ ਸਹਾਇਤਾ ਕੀਤੀ ਸੀ।

ਉਧਰ, ਵਿਦੇਸ਼ ਮੰਤਰੀ ਹਿਨਾ ਰੱਬਾਨੀ ਖ਼ਾਰ ਨੇ ਅਮਰੀਕਾ 'ਤੇ ਵਾਰ ਕਰਦਿਆਂ ਇਸ ਨੂੰ ਆਪਣੇ ਦਾਇਰੇ 'ਚ ਰਹਿਣ ਅਤੇ ਆਪਣੇ ਨਾਕਾਮ ਮਨਸੂਬਿਆਂ ਦਾ ਦੋਸ਼ ਦੂਜਿਆਂ ਦੇ ਸਿਰ ਮੜ੍ਹਨ ਖਿਲਾਫ ਖਬਰਦਾਰ ਕੀਤਾ। ਬੀਬੀ ਹਿਨਾ ਨੇ ਆਜ ਨਿਊਜ਼ ਚੈਨਲ ਨਾਲ ਗੱਲਬਾਤ ਕਰਦਿਆਂ ਕਿਹਾ, "ਅਮਰੀਕਾ ਨਾਲ ਸਾਡੇ ਸਬੰਧਾਂ ਦੀਆਂ ਕੁਝ ਲਾਲ ਲਕੀਰਾਂ ਹਨ। ਅਸੀਂ ਇਹ ਲਾਲ ਲਕੀਰਾਂ ਉਨ੍ਹਾਂ (ਅਮਰੀਕਾ) ਨਾਲ ਮਿਲ ਕੇ ਖਿੱਚੀਆ ਸਨ। ਇਨ੍ਹਾਂ ਲਾਲ ਲਕੀਰਾਂ ਦਾ ਹਰ ਇਕ ਦੇਸ਼ ਵੱਲੋਂ ਸਤਿਕਾਰ ਅਤੇ ਪਾਲਣ ਹੋਣਾ ਚਾਹੀਦਾ ਹੈ। ਜੇ ਸਾਂਝ ਭਿਆਲੀ ਦੇ ਕੋਈ ਨੇਮ ਟੁੱਟਦੇ ਹਨ ਤਾਂ ਸਾਰੇ ਰਾਹ ਤੇ ਬਦਲ ਖੁੱਲ੍ਹ ਜਾਣਗੇ।"

ਪਾਕਿਸਤਾਨ ਦੇ ਪ੍ਰਧਾਨ ਮੰਤਰੀ ਯੂਸੂਫ ਰਜ਼ਾ ਗਿਲਾਨੀ ਨੇ ਕਿਹਾ ਕਿ ਉਨ੍ਹਾਂ ਦੇ ਮੁਲਕ ਬਾਰੇ ਅਮਰੀਕਾ ਦੇ ਮਨ ਵਿਚ ਕਈ ਗਲਤਫਹਿਮੀਆਂ ਹਨ। ਜੇਕਰ ਅਮਰੀਕਾ ਅਤਿਵਾਦ ਖ਼ਿਲਾਫ਼ ਲੜਾਈ ਵਿਚ ਉਨ੍ਹਾਂ ਨੂੰ ਆਪਣੇ ਨਾਲ ਜੋੜ ਕੇ ਰੱਖਣਾ ਚਾਹੁੰਦਾ ਹੈ ਤਾਂ ਉਹ ਗਲਤਫਹਿਮੀਆਂ ਨੂੰ ਦੂਰ ਕਰਨ ਲਈ ਰਾਬਤਾ ਵਧਾਉਣਾ ਚਾਹੀਦਾ ਹੈ। ਯਾਦ ਰਹੇ ਕਿ ਅਮਰੀਕੀ ਰਾਸ਼ਟਰਪਤੀ ਬਰਾਕ ਓਬਾਮਾ ਨੇ ਪਿਛਲੇ ਦਿਨੀਂ ਸ੍ਰੀ ਗਿਲਾਨੀ ਨਾਲ ਮੀਟਿੰਗ ਕਰਨ ਤੋਂ ਨਾਂਹ ਕਰ ਦਿੱਤੀ ਸੀ। ਇਸੇ ਕਰਕੇ ਸ੍ਰੀ ਗਿਲਾਨੀ ਨੂੰ ਆਪਣਾ ਅਮਰੀਕੀ ਦੌਰਾ ਰੱਦ ਕਰਨਾ ਪਿਆ ਅਤੇ ਸੰਯੁਕਤ ਰਾਸ਼ਟਰ ਵਿਚ ਭਾਸ਼ਣ ਲਈ ਵਿਦੇਸ਼ ਮੰਤਰੀ ਹਿਨਾ ਰੱਬਾਨੀ ਖਾਰ ਨੂੰ ਭੇਜਣਾ ਪਿਆ। ਫਿਰ ਇਕ ਵੇਲੇ ਤਾਂ ਤਣਾਅ ਇੰਨਾ ਵਧਿਆ ਕਿ ਸ੍ਰੀ ਗਿਲਾਨੀ ਨੇ ਬੀਬੀ ਹਿਨਾ ਨੂੰ ਦੌਰਾ ਵਿਚਾਲੇ ਛੱਡ ਕੇ ਆਉਣ ਦਾ ਹੁਕਮ ਦੇ ਦਿੱਤਾ।

ਭਾਰਤ ਖੁਸ਼: ਭਾਰਤ ਨੇ ਇਸ ਗੱਲ 'ਤੇ ਖੁਸ਼ੀ ਜ਼ਾਹਰ ਕੀਤੀ ਹੈ ਕਿ ਅਮਰੀਕੀ ਸਰਕਾਰ ਨੇ ਤਾਲਿਬਾਨ ਦੇ ਹੱਕਾਨੀ ਨੈੱਟਵਰਕ ਅਤੇ ਪਾਕਿ ਖੁਫ਼ੀਆ ਏਜੰਸੀ ਆਈ.ਐਸ.ਆਈ. ਦੇ ਆਪਸੀ ਸਬੰਧਾਂ ਨੂੰ ਪਛਾਣ ਲਿਆ ਹੈ। ਕੇਂਦਰੀ ਵਿਦੇਸ਼ ਮੰਤਰੀ ਐਸ.ਐਮ. ਕ੍ਰਿਸ਼ਨਾ ਨੇ ਕਿਹਾ ਕਿ ਭਾਰਤ ਨੇ ਪਹਿਲਾਂ ਹੀ ਖੁਲਾਸਾ ਕਰ ਦਿੱਤਾ ਸੀ ਕਿ ਆਈ.ਐਸ.ਆਈ. ਵੱਲੋਂ ਹੱਕਾਨੀ ਨੈੱਟਵਰਕ ਨੂੰ ਸਹਿਯੋਗ ਦਿੱਤਾ ਜਾ ਰਿਹਾ ਹੈ। ਹੁਣ ਓਬਾਮਾ ਪ੍ਰਸ਼ਾਸਨ ਵੱਲੋਂ ਇਸ ਸਹਿਯੋਗ ਦੀ ਪਛਾਣ ਕਰਨ ਨਾਲ ਭਾਰਤੀ ਪੱਖ ਨੂੰ ਹੋਰ ਮਜ਼ਬੂਤੀ ਮਿਲੀ ਹੈ।

## ਪਾਕਿਸਤਾਨ 42 ਦਹਿਸ਼ਤੀ ਕੈਂਪ ਨਸ਼ਟ ਕਰੇ: ਭਾਰਤ

**ਨਵੀਂ ਦਿੱਲੀ:** ਭਾਰਤ ਨੇ ਪਾਕਿਸਤਾਨ ਨੂੰ ਉਥੇ ਚੱਲ ਰਹੇ 42 ਦਹਿਸ਼ਤੀ ਕੈਂਪ ਤਹਿਸ-ਨਹਿਸ ਕਰਨ ਲਈ ਕਿਹਾ ਤੇ ਪਾਕਿਸਤਾਨ ਨੂੰ ਖ਼ਬਰਦਾਰ ਕੀਤਾ ਕਿ ਅਫਗਾਨਿਸਤਾਨ 'ਚੋਂ ਅਮਰੀਕੀ ਫੌਜ ਦੀ ਵਾਪਸੀ ਪਿੱਛੋਂ ਤਾਲਿਬਾਨ ਉਸ (ਪਾਕਿਸਤਾਨ) ਲਈ ਇਕ ਖਤਰਾ ਬਣ ਸਕਦਾ ਹੈ। ਭਾਰਤ ਦੇ ਰੱਖਿਆ ਮੰਤਰੀ ਏ.ਕੇ. ਐਂਟਨੀ ਨੇ ਕਿਹਾ ਕਿ ਪਕਿਸਤਾਨ 'ਚ 42 ਦਹਿਸ਼ਤੀ ਕੈਂਪ ਅਜੇ ਵੀ ਚੱਲ ਰਹੇ ਹਨ।

ਉਨ੍ਹਾਂ ਕਿਹਾ ਕਿ ਅਫਗਾਨਿਸਤਾਨ 'ਚੋਂ ਅਮਰੀਕੀ ਫ਼ੌਜ ਦੇ ਜਾਣ ਤੋਂ ਬਾਅਦ ਤਾਲਿਬਾਨ ਭਾਰਤ ਲਈ ਚਿੰਤਾ ਦਾ ਵਿਸ਼ਾ ਬਣ ਸਕਦਾ ਹੈ। ਅਮਰੀਕੀ ਫੌਜ 2014 ਤੱਕ ਅਫਗਾਨਿਸਤਾਨ 'ਚੋਂ ਚਲੀ ਜਾਵੇਗੀ ਤੇ ਇਹ ਅਫਗਾਨ ਕੌਮੀ ਫੌਜ ਨੂੰ ਸੁਰੱਖਿਆ ਦਾ ਜ਼ਿੰਮਾ ਚੁੱਕਣ ਦੇ ਸਮਰੱਥ ਬਣਾਉਣ ਦੇ ਆਹਰ ਵਿਚ ਲੱਗੀ ਹੋਈ ਹੈ।

## ਭਾਅ ਜੀ ਗੁਰਸ਼ਰਨ ਸਿੰਘ ਚੱਲ ਵਸੇ

ਲੋਕਾਈ ਨੂੰ ਜਾਗ੍ਰਿਤ ਕਰਨ ਪ੍ਰਤੀ ਸਮਰਪਿਤ ਰਿਹਾ। ਸਮਤਾ ਤੇ ਸਮਾਨਤਾ ਨੂੰ ਜੀਵਨ ਜਾਚ ਬਣਾਉਣ ਵਾਲੇ ਇਸ ਜੁਝਾਰੂ ਨੇ ਪੇਸ਼ੇ ਵਜੋਂ ਇੰਜੀਨੀਅਰ ਹੋਣ ਅਤੇ ਇਕ ਸਮੇਂ ਸਰਕਾਰੀ ਨੌਕਰੀ ਵਿਚ ਹੋਣ ਦੇ ਬਾਵਜੂਦ ਹੁਕਮਰਾਨਾਂ ਦੀਆਂ ਵਧੀਕੀਆਂ ਖਿਲਾਫ਼ ਆਵਾਜ਼ ਉਠਾਉਣ ਨੂੰ ਆਪਣਾ ਖ਼ਾਸਾ ਬਣਾਇਆ ਅਤੇ ਨਾਟ ਕਲਾ ਨੂੰ ਜਨ ਚੇਤਨਾ ਵਿਕਸਿਤ ਕਰਨ ਦੇ ਮਾਧਿਅਮ ਵਜੋਂ ਚੁਣਿਆ। ਇਸ ਦਾ ਖਮਿਆਜ਼ਾ ਉਨ੍ਹਾਂ ਨੂੰ 1975 ਵਿਚ ਐਮਰਜੈਂਸੀ ਦੌਰਾਨ ਸਰਕਾਰੀ ਨੌਕਰੀ ਤੋਂ ਬਰਖਾਸਤਗੀ ਦੇ ਰੂਪ ਵਿਚ ਭੁਗਤਣਾ ਪਿਆ।

ਆਪਣੀ ਨਾਟ ਮੰਡਲੀ ਰਾਹੀਂ ਗੁਰਸ਼ਰਨ ਭਾਅ ਜੀ ਨੇ ਜਿਨ੍ਹਾਂ ਨਾਟਕਾਂ ਨੂੰ ਪੰਜਾਬੀ ਆਵਾਮ ਦੀ ਰੂਹਾਨੀ ਖ਼ੁਰਾਕ ਬਣਾਇਆ, ਉਨ੍ਹਾਂ ਵਿਚ 'ਧਮਕ ਨਗਾਰੇ ਦੀ', 'ਚਾਂਦਨੀ ਚੌਕ ਤੋਂ ਸਰਹਿੰਦ ਤੱਕ', 'ਬਾਬਾ ਬੋਲਦਾ ਹੈ', 'ਕੁਰਸੀ ਮੋਰਚਾ ਅਤੇ ਹਵਾ ਵਿਚ ਲਟਕਦੇ ਲੋਕ' ਅਤੇ 'ਕੰਮੀਆਂ ਦਾ ਵਿਹੜਾ' ਆਦਿ ਉਚੇਚੇ ਤੌਰ 'ਤੇ ਜ਼ਿਕਰਯੋਗ ਹਨ। ਪੰਜਾਬ ਵਿਚ ਅਤਿਵਾਦ ਦੇ ਕਾਲੇ ਦਿਨਾਂ ਦੌਰਾਨ ਵੀ ਉਹ ਬੇਖੌਫ਼ ਹੋ ਕੇ ਲੋਕਾਂ ਵਿਚ ਵਿਚਰਦੇ ਰਹੇ ਅਤੇ ਮਜ਼ਬੀ ਇੰਤਹਾਪਸੰਦੀ ਤੋਂ ਇਲਾਵਾ ਸਰਕਾਰੀ ਜਬਰ ਵਿਰੁਧ ਵੀ ਦਲੇਰਾਨਾ ਢੰਗ ਨਾਲ ਆਵਾਜ਼ ਉਠਾਉਂਦੇ ਰਹੇ।

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

ਬੀਬੀ ਨਵਦੀਪ ਕੌਰ (ਡਾ.)
ਸ੍ਰੀ ਸੰਨੀ ਧੂੜ (ਮਿਸ਼ੀਗਨ)
ਪ੍ਰੋ ਜੋਗਿੰਦਰ ਸਿੰਘ ਰਮਦੇਵ
ਸ. ਸਵਰਨਜੀਤ ਸਿੰਘ ਢਿਲੋਂ
ਸ. ਅਮੋਲਕ ਸਿੰਘ ਗਾਖਲ
ਸ. ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ

ਸ. ਬਲਵਿੰਦਰ ਸਿੰਘ ਸੰਧੂ
ਸ. ਹਰਜੀਤ ਸਿੰਘ ਸਾਹੀ
ਸ੍ਰੀ ਸਰਵਣ ਸਿੰਘ ਟਿਵਾਣਾ
ਸ. ਜੈਦੇਵ ਸਿੰਘ ਭੱਠਲ
ਸ. ਸ਼ਮਸ਼ੇਰ ਸਿੰਘ ਬੋਪਾਰਾਏ
ਸ. ਜਗਦੀਸ਼ਰ ਸਿੰਘ ਕਲੇਰ (ਮਿਲਵਾਕੀ)

ਸ. ਦਰਸ਼ਨ ਸਿੰਘ ਦਰੜ
ਸ. ਰਾਜਿੰਦਰ ਸਿੰਘ ਬੈਂਸ
ਸ. ਮਨਦੀਪ ਸਿੰਘ ਭੂਰਾ
ਸ੍ਰੀ ਗੁਰਿੰਦਰ ਸਿੰਘ ਗਿੱਲ
ਸ੍ਰੀ ਹੈਪੀ ਹੀਰ

# ਅਸੀਂ ਨਾ ਚੋਣਾਂ ਤੋਂ ਭੈਅਭੀਤ ਹਾਂ ਤੇ ਨਾ ਸੁਧਾਰ ਕਮੇਟੀ ਤੋਂ:ਬਾਬ ਢਿੱਲੋਂ

**ਸੈਨ ਹੋਜ਼ੇ (ਬਿਊਰੋ):** ਗੁਰਦੁਆਰਾ ਸੈਨ ਹੋਜ਼ੇ ਦੇ ਸਕੱਤਰ ਅਤੇ ਮੌਜੂਦਾ ਪ੍ਰਬੰਧਕ ਧੜੇ ਦੇ ਮੁੱਖ ਆਗੂ ਸ. ਭੁਪਿੰਦਰ ਸਿੰਘ (ਬਾਬ) ਢਿੱਲੋਂ ਨੇ ਕਿਹਾ ਹੈ ਕਿ ਗੁਰੂਘਰ ਦੀ ਪ੍ਰਬੰਧਕ ਕਮੇਟੀ ਨਾ ਤਾਂ ਚੋਣਾਂ ਤੋਂ ਭੈਅਭੀਤ ਹੈ ਅਤੇ ਨਾ ਹੀ ਕਿਸੇ ਅਖੌਤੀ ਗੁਰਦੁਆਰਾ ਸੁਧਾਰ ਕਮੇਟੀ ਤੋਂ। ਅਸੀਂ ਪੂਰੀ ਚੜ੍ਹਦੀ ਕਲਾ ਵਿਚ ਹਾਂ ਅਤੇ ਸਾਡੇ ਲਈ ਭੈਅਭੀਤ ਹੋਣ ਵਾਲੀ ਕੋਈ ਵੀ ਗੱਲ ਨਹੀਂ। ਇਥੇ ਜਾਰੀ ਇਕ ਬਿਆਨ ਵਿਚ ਭਾਈ ਢਿੱਲੋਂ ਨੇ ਗੁਰਦੁਆਰਾ ਸੈਨ ਹੋਜ਼ੇ ਦੇ ਮਾਮਲੇ ਵਿਚ ਬਣੀ ਗੁਰਦੁਆਰਾ ਸੁਧਾਰ ਕਮੇਟੀ ਦੇ ਪਿਛਲੇ ਹਫਤੇ ਦੇ ਅਖਬਾਰਾਂ ਵਿਚ ਛਪੇ ਬਿਆਨ ਉਤੇ ਤਿੱਖਾ ਪ੍ਰਤੀਕਰਮ ਜਾਹਰ ਕਰਦਿਆਂ ਕਿਹਾ ਕਿ ਅਸੀਂ 3 ਜੁਲਾਈ ਨੂੰ ਸੰਗਤ ਤੋਂ ਫਤਵਾ ਲਿਆ ਸੀ ਜਿਸ ਵਿਚ ਸੁਧਾਰਕਾਂ ਦੀ ਹਾਰ ਹੋਈ ਸੀ। ਉਨ੍ਹਾਂ ਸਵਾਲ ਕੀਤਾ ਕਿ ਹਾਰਿਆ ਹੋਇਆ ਧੜਾ ਭੈਅਭੀਤ ਹੁੰਦਾ ਹੈ ਜਾਂ ਜਿੱਤਿਆ ਹੋਇਆ? ਉਨ੍ਹਾਂ ਕਿਹਾ ਕਿ ਸੰਗਤ ਨੇ ਸਾਨੂੰ ਜਿਤਾ ਕੇ ਸਾਡੇ ਵਿਚ ਵਿਸ਼ਵਾਸ ਪ੍ਰਗਟ ਕੀਤਾ ਸੀ ਪਰ ਇਹ ਅਖੌਤੀ ਸੁਧਾਰਕ, ਸੰਗਤ ਅਤੇ ਗੁਰੂਘਰ ਦਾ ਪੈਸਾ ਬਰਬਾਦ ਕਰਨ 'ਤੇ ਤੁਲੇ ਹੋਏ ਹਨ।

ਭਾਈ ਢਿੱਲੋਂ ਨੇ ਆਖਿਆ ਕਿ ਅਗਰ ਸੈਨ ਹੋਜ਼ੇ ਗੁਰੂ ਘਰ ਦੇ ਮਾਮਲੇ ਵਿਚ ਲੰਮਾ ਅਰਸਾ ਸਰਬਸੰਮਤੀ ਹੋ ਸਕਦੀ ਹੈ ਤਾਂ ਫਿਰ ਸਾਡੇ ਵੱਲੋਂ ਤਜਵੀਜ਼ ਕੀਤੀ ਚੋਣ ਪ੍ਰਕ੍ਰਿਆ ਵਿਚ ਵਿਸਾਹਘਾਤ ਕਿਵੇਂ ਹੋ ਗਿਆ? ਉਨ੍ਹਾਂ ਸਪਸ਼ਟ ਕੀਤਾ ਕਿ ਵਿਰੋਧੀਆਂ ਦੇ ਪ੍ਰਚਾਰ ਦੇ ਉਲਟ ਸਾਡਾ ਪ੍ਰਬੰਧ ਉਤੇ ਉਮਰ ਭਰ ਟਿਕੇ ਰਹਿਣ ਦਾ ਕੋਈ ਮਨਸੂਬਾ ਨਹੀਂ। ਹਾਂ ਇਹ ਜ਼ਰੂਰ ਹੈ ਕਿ ਉਮਰ ਭਰ ਟਿਕੇ ਰਹਿਣ ਦੀ ਘਿਨਾਉਣੀ ਕੋਸ਼ਿਸ਼ ਤਾਂ ਹੁਣ ਇਸ ਸੁਧਾਰ ਕਮੇਟੀ ਦੀ ਮਦਦ 'ਤੇ ਆਉਂਦੇ ਸ. ਜਸਵਿੰਦਰ ਸਿੰਘ ਜੰਡੀ ਅਤੇ ਸ. ਜਸਜੀਤ ਸਿੰਘ ਚੇਲਾ ਨੇ ਕੀਤੀ ਸੀ। ਇਹ ਵੱਖਰੀ ਗੱਲ ਹੈ ਕਿ ਬਾਅਦ ਵਿਚ ਉਨ੍ਹਾਂ ਨੂੰ ਮੂੰਹ ਦੀ ਖਾਣੀ ਪਈ ਸੀ। ਉਨ੍ਹਾਂ ਕਿਹਾ ਕਿ ਅਸੀਂ ਅੱਜ ਵੀ ਚੋਣਾਂ ਕਰਾਉਣ ਲਈ ਤਿਆਰ ਹਾਂ ਪਰ ਸੁਧਾਰਕ ਵੋਟਰ ਲਿਸਟਾਂ ਦਾ ਬੇਵਜ੍ਹਾ ਰੇੜਕਾ ਪਾ ਕੇ ਚੋਣਾਂ ਰੁਕਵਾ ਰਹੇ ਹਨ।

ਭਾਈ ਢਿੱਲੋਂ ਨੇ ਵਿਅੰਗ ਨਾਲ ਆਖਿਆ ਕਿ ਅਗਰ ਸੁਧਾਰ ਕਮੇਟੀ ਆਪਣੇ ਪਿਛਲੇ ਹਫ਼ਤੇ ਵਾਲੇ ਇਸ ਬਿਆਨ 'ਤੇ ਕਾਇਮ ਹੈ ਕਿ ਪ੍ਰਬੰਧਕ ਕਮੇਟੀ ਭੈਅਭੀਤ ਹੋ ਗਈ ਹੈ, ਸੁਧਾਰ ਕਮੇਟੀ ਨੂੰ ਬਹੁਤ ਹੁੰਗਾਰਾ ਮਿਲਿਆ ਹੈ ਤੇ ਪ੍ਰਬੰਧਕਾਂ ਦੀ ਨੀਂਦ ਹਰਾਮ ਕਰ ਦਿੱਤੀ ਹੈ, ਤਾਂ ਉਨ੍ਹਾਂ ਨੂੰ ਬਗੈਰ ਕਿਸੇ ਦੇਰੀ ਦੇ ਗੁਰੂਘਰ ਵਿਰੁਧ ਕੀਤਾ ਕੇਸ ਵਾਪਸ ਲੈਣਾ ਚਾਹੀਦਾ ਹੈ। ਵੋਟਰ ਲਿਸਟਾਂ ਦਾ ਰੇੜਕਾ ਛੱਡ ਚੋਣਾਂ ਲੜਨ ਲਈ ਮੈਦਾਨ ਵਿਚ ਆ ਜਾਣਾ ਚਾਹੀਦਾ ਹੈ। ਉਨ੍ਹਾਂ ਨਸੀਹਤ ਕੀਤੀ ਕਿ ਸੁਧਾਰਕਾਂ ਨੂੰ ਆਪਣੇ ਲਿਫਾਫੇਬਾਜ਼ੀ ਵਾਲੇ ਬਿਆਨ ਦੀ ਪਰਖ ਤਾਂ ਜ਼ਰੂਰ ਕਰਨੀ ਚਾਹੀਦੀ ਹੈ। ਸੁਧਾਰਕਾਂ ਨੂੰ ਜੇ ਸੰਗਤ ਦੇ ਵੱਡੇ ਹੁੰਗਾਰੇ ਉਤੇ ਯਕੀਨ ਹੈ ਤਾਂ ਉਨ੍ਹਾਂ ਨੂੰ ਵੋਟਰ ਲਿਸਟਾਂ ਦੀ ਪ੍ਰਵਾਹ ਕੀਤੇ ਬਗੈਰ ਚੋਣਾਂ ਵਿਚ ਤੁਰੰਤ ਕੁੱਦ ਪੈਣਾ ਚਾਹੀਦਾ ਹੈ।

ਆਪਣਾ ਬਿਆਨ ਜਾਰੀ ਰੱਖਦਿਆਂ ਭਾਈ ਢਿੱਲੋਂ ਨੇ ਕਿਹਾ ਕਿ ਉਮਰ ਭਰ ਦੇ ਕਬਜ਼ੇ ਦੀ ਮਨਸ਼ਾ ਪਾਲਣ ਵਾਲੇ ਚੋਣਾਂ ਕਰਾਉਂਦੇ ਨਹੀਂ, ਸਗੋਂ ਰੁਕਵਾਉਂਦੇ ਹੁੰਦੇ ਹਨ ਜਿਵੇਂ ਸੁਧਾਰਕਾਂ ਦੇ ਸੰਗੀ ਸਾਥੀ ਕਰਦੇ ਆਏ ਹਨ। ਸੁਧਾਰ ਕਮੇਟੀ ਦੇ ਇਕ ਸਾਥੀ ਕੁਲਵੰਤ ਸਿੰਘ ਵੱਲੋਂ ਲਾਏ ਗਏ ਇਸ ਇਲਜ਼ਾਮ ਕਿ ਪ੍ਰਬੰਧਕ ਕਮੇਟੀ ਦਾ ਬੰਦਾ ਦੋ ਦੋ ਹਫ਼ਤੇ ਦੀ ਗੋਲਕ ਦੀ ਰਕਮ ਆਪਣੇ ਅਕਾਊਂਟ ਵਿਚ ਜਮ੍ਹਾਂ ਕਰਵਾਉਂਦਾ ਰਿਹਾ ਹੈ, ਉਤੇ ਪ੍ਰਤੀਕ੍ਰਿਆ ਕਰਦਿਆਂ ਭਾਈ ਢਿੱਲੋਂ ਨੇ ਕਿਹਾ ਕਿ ਕੁਲਵੰਤ ਸਿੰਘ ਨੂੰ ਸੰਗਤ ਵਿਚ ਸਬੂਤ ਪੇਸ਼ ਕਰਨੇ ਚਾਹੀਦੇ ਹਨ। ਅਗਰ ਉਹ ਸਬੂਤ ਪੇਸ਼ ਨਾ ਕਰ ਸਕਿਆ ਤਾਂ ਸਾਡੇ ਪਾਸ ਸੰਗਤ ਨੂੰ ਗੁੰਮਰਾਹ ਕਰਨ ਅਤੇ ਮਾਣਹਾਨੀ ਦੇ ਜੁਰਮ ਵਿਚ ਉਸ ਨੂੰ ਅਦਾਲਤ ਦੇ ਕਟਹਿਰੇ ਵਿਚ ਖੜ੍ਹਾ ਕਰਨ ਤੋਂ ਬਿਨਾ ਕੋਈ ਚਾਰਾ ਨਹੀਂ ਬਚੇਗਾ।



*ਭੁਪਿੰਦਰ ਸਿੰਘ ਢਿੱਲੋਂ*

ਸੁਧਾਰ ਕਮੇਟੀ ਨੂੰ ਆੜੇ ਹੱਥੀਂ ਲੈਂਦਿਆਂ ਭਾਈ ਢਿੱਲੋਂ ਨੇ ਦੋਸ਼ ਲਾਇਆ ਕਿ ਸੁਧਾਰ ਕਮੇਟੀ ਕਿਸੇ ਸਾਜ਼ਿਸ਼ ਤਹਿਤ ਕੁਲਵੰਤ ਸਿੰਘ ਕੋਲੋਂ ਸਾਡੇ ਅਤੇ ਸਾਡੇ ਸਹਿਯੋਗੀਆਂ ਖ਼ਿਲਾਫ਼ ਕੂੜ ਲਿਖਾਉਂਦੀ ਆਈ ਹੈ। ਸਾਡੇ ਪੁੱਛਣ 'ਤੇ ਇਹ ਕਹਿ ਦਿੰਦੀ ਹੈ ਕਿ ਕੁਲਵੰਤ ਸਿੰਘ ਨਾਲ ਸਾਡਾ ਕੋਈ ਲੈਣਾ-ਦੇਣਾ ਨਹੀਂ, ਜਦ ਕਿ ਸੱਚਾਈ ਇਹ ਹੈ ਕਿ ਇਨ੍ਹਾਂ ਵੱਲੋਂ ਛਪਵਾਈਆਂ ਜਾ ਰਹੀਆਂ ਤਸਵੀਰਾਂ ਵਿਚ ਸੁਧਾਰ ਕਮੇਟੀ ਦੇ ਨਾਲ ਕੁਲਵੰਤ ਸਿੰਘ ਮੋਹਰਲੀ ਕਤਾਰ ਵਿਚ ਬਿਰਾਜਮਾਨ ਹੁੰਦਾ ਹੈ।

ਸੁਧਾਰ ਕਮੇਟੀ ਦੇ ਇਕ ਆਗੂ ਸ. ਤਰਲੋਚਨ ਸਿੰਘ ਨਾਹਲ ਦੇ ਇਸ ਦਾਅਵੇ ਕਿ ਸੁਧਾਰ ਕਮੇਟੀ ਨੇ ਲੰਮੀ ਤੇ ਖਰਚੀਲੀ ਲੜਾਈ ਲੜ ਕੇ ਸੰਗਤ ਦੇ ਵੋਟ ਪਾਉਣ ਦੇ ਹੱਕ ਬਹਾਲ ਕਰਵਾਏ ਹਨ, ਉਤੇ ਵਿਅੰਗ ਕੱਸਦਿਆਂ ਉਨ੍ਹਾਂ ਪੁਛਿਆ ਕਿ ਦੋ ਮਹੀਨੇ ਦੀ ਅਦਾਲਤੀ ਲੜਾਈ ਲੰਮੀ ਅਤੇ ਖਰਚੀਲੀ ਕਿਸ ਤਰ੍ਹਾਂ ਹੋ ਗਈ? ਇਹ ਸ. ਨਾਹਲ ਹੀ ਦੱਸ ਸਕਦੇ ਹਨ। ਪਿਛਲੇ ਦੋ ਦਹਾਕਿਆਂ ਤੋਂ ਗੁਰੂਘਰ ਵਿਚ ਸਰਬਸੰਮਤੀ ਨਾਲ ਹੀ ਕਮੇਟੀ ਬਣਦੀ ਰਹੀ ਹੈ ਅਤੇ ਸਾਡੇ ਵਿਰੋਧੀ ਵੀ ਉਨ੍ਹਾਂ ਕਮੇਟੀਆਂ ਵਿਚ ਉਚ ਅਹੁਦਿਆਂ 'ਤੇ ਸੋਭਦੇ ਰਹੇ ਹਨ। ਉਨ੍ਹਾਂ ਪੁਛਿਆ, "ਕੀ ਜਸਵੰਤ ਸਿੰਘ ਹੋਠੀ, ਬਲਬੀਰ ਸਿੰਘ ਢਿੱਲੋਂ, ਬਲਵੰਤ ਸਿੰਘ ਚਾਹਲ, ਬਚਿੱਤਰ ਸਿੰਘ ਸੰਘਾ, ਤਰਲੋਚਨ ਸਿੰਘ ਨਾਹਲ ਉਦੋਂ ਸਭ ਸੰਗਤ ਦੇ ਵੋਟ ਦਾ ਹੱਕ ਮਾਰ ਕੇ ਬੈਠੇ ਰਹੇ ਹਨ?" ਉਨ੍ਹਾਂ ਕਿਹਾ ਕਿ ਸ. ਨਾਹਲ ਬਹੁਤ ਹੀ ਹਾਸੋਹੀਣੀਆਂ ਗੱਲਾਂ ਕਰ ਰਹੇ ਹਨ।

ਅਮਰੀਕਾ ਵਿਚ ਅੱਜ ਵੀ ਸੈਂਕੜੇ ਗੁਰਦੁਆਰਿਆਂ ਵਿਚ ਪ੍ਰਬੰਧਕਾਂ ਦੀ ਚੋਣ ਸਰਬਸੰਮਤੀ ਨਾਲ ਹੋਣ ਦੇ ਹਵਾਲੇ ਨਾਲ ਗੁਰਦੁਆਰਾ ਸਕੱਤਰ ਨੇ ਜਾਣਨਾ ਚਾਹਿਆ ਕਿ ਕੀ ਉਹ ਸੰਗਤ ਦੇ ਹੱਕ ਮਾਰ ਕੇ ਬੈਠੇ ਹਨ? ਉਨ੍ਹਾਂ ਕਿਹਾ ਕਿ ਸਰਬਸੰਮਤੀ ਨਾਲ ਲਏ ਫੈਸਲਿਆਂ ਨੂੰ ਤਾਂ ਉਤਮ ਫੈਸਲੇ ਗਿਣਿਆ ਜਾਂਦਾ ਹੈ। ਹੁਣ ਵੀ ਅਗਰ ਸੁਧਾਰ ਕਮੇਟੀ ਵਾਲੇ ਚੋਣਾਂ ਚਾਹੁੰਦੇ ਹਨ ਤਾਂ ਉਹ ਉਸ ਲਈ ਵੀ ਤਿਆਰ ਹਨ। ਸੰਗਤ ਤੋਂ ਫਤਵਾ ਲੈਣ ਵਿਚ ਕੋਈ ਹਰਜ ਨਹੀਂ ਹੈ ਪਰ ਉਨ੍ਹਾਂ ਨੂੰ ਸੁਧਾਰਕਾਂ ਦੇ ਇਸ ਝੂਠ 'ਤੇ ਇਤਰਾਜ਼ ਜ਼ਰੂਰ ਹੈ ਕਿ ਅਸੀਂ ਸੰਗਤ ਦੇ ਵੋਟ ਦਾ ਹੱਕ ਖੋਹ ਲਿਆ ਸੀ, ਜਦਕਿ ਸਰਬਸੰਮਤੀ ਵਿਚ ਸਭ ਧਿਰਾਂ ਸ਼ਰੀਕ ਸਨ। ਉਨ੍ਹਾਂ ਕਿਹਾ ਕਿ ਸੁਧਾਰ ਕਮੇਟੀ ਕੋਲ ਇਕ ਹੀ ਮੁੱਦਾ ਹੈ ਕਿ ਪ੍ਰਬੰਧ 'ਤੇ ਕਾਬਜ਼ ਕਿਵੇਂ ਹੋਇਆ ਜਾਵੇ?

ਗੁਰਦੁਆਰਾ ਸਕੱਤਰ ਨੇ ਸੰਗਤ ਨੂੰ ਫਿਰ ਅਪੀਲ ਕੀਤੀ ਕਿ ਸੁਧਾਰਕਾਂ ਦੇ ਲਿਫ਼ਾਫਾ ਮਾਰਕਾ ਬਿਆਨਾਂ ਦੀ ਪੜਚੋਲ ਜਰੂਰ ਕੀਤੀ ਜਾਵੇ ਅਤੇ ਪ੍ਰਬੰਧਕਾਂ ਦੀ ਕਾਰਗੁਜ਼ਾਰੀ ਨੂੰ ਗੁਰੂਘਰ ਦੇ ਨਿਰਮਾਣ ਅਤੇ ਭਵਿੱਖ ਦੇ ਕਾਰਜਾਂ ਦੀ ਰੋਸ਼ਨੀ ਵਿਚ ਦੇਖਿਆ ਜਾਵੇ।

## ਤਾਜ ਮਹਿਲ ਸਭ ਤੋਂ ਜ਼ਿਆਦਾ ਖਿੱਚ ਦਾ ਕੇਂਦਰ

**ਆਗਰਾ:** ਤਾਜ਼ਾ ਰਿਪੋਰਟਾਂ 'ਚ ਕਿਹਾ ਗਿਆ ਹੈ ਕਿ 'ਚ ਉੱਤਰ ਪ੍ਰਦੇਸ਼ ਦੇ ਸ਼ਹਿਰ ਆਗਰਾ ਵਿਚ ਸਥਿਤ ਦੁਨੀਆ ਦੇ ਸੱਤ ਅਜੂਬਿਆਂ 'ਚ ਸ਼ੁਮਾਰ ਪ੍ਰਸਿੱਧ ਤਾਜ ਮਹਿਲ ਵਿਦੇਸ਼ੀ ਤੇ ਘਰੇਲੂ ਸੈਲਾਨੀਆਂ ਲਈ ਸਭ ਤੋਂ ਵੱਧ ਮਸ਼ਹੂਰ ਸਥਾਨ ਹੈ ਜਿਥੇ ਸੈਲਾਨੀਆਂ ਦੀ ਸਭ ਤੋਂ ਵੱਧ ਆਮਦ ਰਹਿੰਦੀ ਹੈ।

2010-11 'ਚ ਦੇਸ਼ ਦੇ ਹੋਰਾਂ ਮਕਬਰਿਆਂ ਦੇ ਮੁਕਾਬਲੇ ਤਾਜ ਮਹਿਲ ਨੇ ਸਭ ਤੋਂ ਵੱਧ ਸੈਲਾਨੀਆਂ ਨੂੰ ਆਕਰਸ਼ਿਤ ਕੀਤਾ। ਯੂ.ਪੀ. ਟੂਰਿਜ਼ਮ ਡਿਪਾਰਟਮੈਂਟ ਦੇ ਸੂਤਰਾਂ ਨੇ ਦਾਅਵਾ ਕੀਤਾ ਕਿ ਪਿਛਲੇ ਦਹਾਕੇ 'ਚ ਸੈਲਾਨੀਆਂ ਦੀ ਰਿਕਾਰਡ ਆਮਦ ਰਹੀ। ਰਾਜਧਾਨੀ ਦਿੱਲੀ 'ਚ ਕੁਤਬ ਮਿਨਾਰ ਤੇ ਲਾਲ ਕਿਲਾ ਤੇ ਮੁੰਬਈ 'ਚ ਏਲੋਰਾ ਦੀਆਂ ਗੁਫਾਵਾਂ ਦੀ ਤੁਲਨਾ 'ਚ ਵੀ ਤਾਜ ਮਹਿਲ ਸਭ ਤੋਂ ਵੱਧ ਮਸ਼ਹੂਰ ਸੈਰਗਾਹ ਹੈ।

## ਪੰਜਾਬ ਟਾਈਮਜ਼ ਨਾਲ ਮਾਨ ਮਨਦੀਪ ਦਾ ਸਬੰਧ ਨਹੀਂ

ਪੰਜਾਬ ਟਾਈਮਜ਼ ਦੇ ਬੇਕਰਜ਼ਫੀਲਡ ਤੋਂ ਫਰੀਲਾਂਸ ਪੱਤਰਕਾਰ ਮਾਨ ਮਨਦੀਪ ਉਰਫ ਮਨਦੀਪ ਮਾਨ (ਫੋਨ 661-889-1927) 15 ਸਤੰਬਰ, 2011 ਤੋਂ ਸੇਵਾ ਮੁਕਤ ਕਰ ਦਿੱਤੇ ਗਏ ਹਨ ਅਤੇ ਹੁਣ ਪੰਜਾਬ ਟਾਈਮਜ਼ ਲਈ ਕੰਮ ਨਹੀਂ ਕਰਦੇ। ਉਨ੍ਹਾਂ ਨਾਲ ਪੰਜਾਬ ਟਾਈਮਜ਼ ਲਈ ਜਾਂ ਇਸ ਦੀ ਤਰਫੋਂ ਕੋਈ ਲੈਣ-ਦੇਣ ਨਾ ਕੀਤਾ ਜਾਵੇ। ਅਜਿਹਾ ਹੋਣ ਦੀ ਸੂਰਤ ਵਿਚ ਅਦਾਰਾ ਪੰਜਾਬ ਟਾਈਮਜ਼ ਜ਼ਿੰਮੇਵਾਰ ਨਹੀਂ ਹੋਵੇਗਾ। ***-ਸੰਪਾਦਕ***

Mann Mandeep alias Mandeep Mann, a freelance reporter from Bakersfield, CA is no more working with Punjab Times from September 15, 2011. **Punjab Times** will not be responsible for any dealings with him for or on behalf of Punjab Times. ***-Editor***

## ਜਰੂਰੀ ਸੂਚਨਾ

**ਪਿਛਲੇ ਹਫਤੇ ਬੇਕਰਜ਼ਫੀਲਡ ਅਤੇ ਕੁਝ ਹੋਰ ਥਾਂਵਾਂ ਉਤੇ ਕਿਸੇ ਸ਼ਰਾਰਤੀ ਅਨਸਰ ਨੇ ਪੰਜਾਬ ਟਾਈਮਜ਼ ਦੀਆਂ ਕਾਪੀਆਂ ਗਾਇਬ ਕਰ ਦਿਤੀਆਂ ਸਨ ਜਿਸ ਕਰ ਕੇ ਸਾਡੇ ਕਈ ਪਾਠਕ ਆਪਣਾ ਮਨਪਸੰਦ ਅਖਬਾਰ ਨਾ ਹਾਸਲ ਕਰ ਸਕੇ। ਅਸੀਂ ਪਾਠਕਾਂ ਨੂੰ ਬੇਨਤੀ ਕਰਾਂਗੇ ਕਿ ਜੇ ਉਹ ਕਿਸੇ ਨੂੰ ਪੰਜਾਬ ਟਾਈਮਜ਼ ਦੀਆਂ ਕਾਪੀਆਂ ਸੁਟਦੇ ਦੇਖਣ ਤਾਂ ਇਹ ਸੂਚਨਾ ਸਾਡੇ ਤਕ ਜਰੂਰ ਪਹੁੰਚਦੀ ਕਰਨ। ਇਥੇ ਦੱਸ ਦੇਈਏ ਕਿ ਅਖਬਾਰ ਚੁਕ ਕੇ ਸੁਟਣਾ ਕਾਨੂੰਨ ਦੀਆਂ ਨਜ਼ਰਾਂ ਵਿਚ ਫੈਲਨੀ ਜੁਰਮ ਹੈ ਅਤੇ ਦੋਸ਼ ਸਾਬਤ ਹੋਣ ਤੇ ਸਜ਼ਾ ਅਤੇ ਜੁਰਮਾਨਾ ਦੋਵੇਂ ਹੋ ਸਕਦੇ ਹਨ।**

*-ਅਦਾਰਾ ਪੰਜਾਬ ਟਾਈਮਜ਼*

Short Sale Specialist

We Can Sell Your Home in Short Sale at No Cost to You



For Buying & Selling Residential And For Loans

Call: Sohanpreet 'Sam' Chahal

@916-612-5773

Serving from Bay Area to Sacramento

Sohanpreet (Sam) Chahal
CA Lic. 01504071
Realtor/Notary Public
email:samchahal@hotmail.com

Call for free listing of Reo-Bankowned Properties

Multi-Million Dollars Producer-2007, 2008 & 2009

ਜੇਕਰ ਤੁਸੀਂ ਪਹਿਲੀ ਵਾਰ ਘਰ ਖਰੀਦ ਰਹੇ ਹੋ ਜਾਂ ਫਿਰ ਵੱਡਾ ਘਰ ਅਪਗਰੇਡ ਕਰ ਰਹੇ ਹੋ, ਜਾਂ ਤੁਸੀਂ ਇਨਵੈਸਟਮੈਂਟ ਪ੍ਰਾਪਰਟੀ ਲੈਣਾ ਚਾਹੁੰਦੇ ਹੋ ਤਾਂ ਅੱਜ ਹੀ ਕਾਲ ਕਰੋ

Golden State Realty

Sacramento Office: 8695 Territorial Way, Elk Grove CA 95624
Tel: 916-612-5773 Fax: 916-689-5707

ਨੈਸ਼ਨਲ ਟਰੱਕ ਡਰਾਈਵਿੰਗ ਸਕੂਲ

National Truck Driving School

ਸੈਕਰਾਮੈਂਟੋ, ਕੈਲੀਫੋਰਨੀਆ
ਜੋਰਦਾਰ ਮੰਗ 'ਤੇ ਹੁਣ ਯੂਬਾ ਸਿਟੀ ਲੋਕੇਸ਼ਨ ਵੀ ਸ਼ੁਰੂ

ਓਨਰ ਅਪਰੇਟਰ ਅਤੇ ਡਰਾਈਵਰ ਚਾਹੀਦੇ ਹਨ
ਕੰਪਨੀ ਡਰਾਈਵਰ ਨੂੰ 35 ਸੈਂਟ ਪ੍ਰਤੀ ਮੀਲ ਦਿੱਤੇ ਜਾਣਗੇ

*ਟਰੱਕ ਡਰਾਇਵਿੰਗ ਸਕੂਲ ਸਰਕਾਰ ਤੋਂ ਮਾਨਤਾ ਪ੍ਰਾਪਤ ਹੈ
*ਲਾਇਸੈਂਸ ਲੈਣ ਉਪਰੰਤ ਕੰਮ/ਜੌਬ ਦੀ ਗਾਰੰਟੀ
*ਰਿਹਾਇਸ਼ ਦਾ ਵੀ ਖਾਸ ਪ੍ਰਬੰਧ
*2-3 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਇਵਰ ਬਣੋ



Call For Special Price

Kashmir S. Thandi
Office: (866) 933-3038
Balhar S. Ranu Cell:916-502-7733
Yuba City Ph:530-383-2785

4585 Pell Dr. Secramento CA, 95838

# ਅਕਾਲ ਤਖ਼ਤ ਸਾਹਿਬ ਵੱਲੋਂ ਅਨੰਦ ਵਿਆਹ ਕਾਨੂੰਨ ਲਾਗੂ ਕਰਾਉਣ ਦਾ ਸੱਦਾ

## ■ ਸਿੱਖ ਜਥੇਬੰਦੀਆਂ ਪਾਰਟੀਬਾਜ਼ੀ ਤੋਂ ਉਪਰ ਉੱਠ ਕੇ ਸਾਂਝਾ ਉਦਮ ਕਰਨ: ਸਿੰਘ ਸਾਹਿਬਾਨ

**ਅੰਮ੍ਰਿਤਸਰ (ਪੰਜਾਬ ਟਾਈਮਜ਼ ਬਿਊਰੋ):** ਪੰਜ ਸਿੰਘ ਸਾਹਿਬਾਨ ਨੇ ਸਿੱਖ ਜਥੇਬੰਦੀਆਂ ਨੂੰ ਆਖਿਆ ਕਿ ਆਨੰਦ ਕਾਰਜ ਐਕਟ ਨੂੰ ਲੋੜੀਂਦੀਆਂ ਸੋਧਾਂ ਸਮੇਤ ਹੀ ਲਾਗੂ ਕਰਵਾਇਆ ਜਾਵੇ। ਇਸ ਦੇ ਨਾਲ ਹੀ ਉਨ੍ਹਾਂ ਨੇ ਸਮੂਹ ਗੁਰਦੁਆਰਾ ਸਾਹਿਬਾਨ ਦੀਆਂ ਪ੍ਰਬੰਧਕ ਕਮੇਟੀਆਂ ਨੂੰ ਵੀ ਹਦਾਇਤ ਕੀਤੀ ਹੈ ਕਿ ਗੁਰਦੁਆਰਿਆਂ 'ਚ ਆਨੰਦ ਕਾਰਜ ਕਰਵਾਉਣ ਵਾਲੇ ਜੋੜਿਆਂ ਦੇ ਸਮੁੱਚੇ ਵੇਰਵੇ ਰਿਕਾਰਡ 'ਚ ਰੱਖੇ ਜਾਣ।

ਇਹ ਫੈਸਲਾ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਕੱਤਰੇਤ ਵਿਖੇ 26 ਸਤੰਬਰ ਨੂੰ ਹੋਈ ਪੰਜ ਸਿੰਘ ਸਾਹਿਬਾਨ ਦੀ ਇਕੱਤਰਤਾ ਵਿਚ ਕੀਤਾ ਗਿਆ। ਇਸ ਇਕੱਤਰਤਾ ਵਿਚ ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ, ਤਖ਼ਤ ਸ੍ਰੀ ਪਟਨਾ ਸਾਹਿਬ ਦੇ ਜਥੇਦਾਰ ਗਿਆਨੀ ਇਕਬਾਲ ਸਿੰਘ, ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਗਿਆਨੀ ਤਰਲੋਚਨ ਸਿੰਘ, ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਭਾਈ ਬਲਵੰਤ ਸਿੰਘ ਨੰਦਗੜ੍ਹ ਤੇ ਸ੍ਰੀ ਹਰਿਮੰਦਰ ਸਾਹਿਬ ਦੇ ਗ੍ਰੰਥੀ ਗਿਆਨੀ ਮਲ ਸਿੰਘ ਸ਼ਾਮਲ ਸਨ।

ਗਿਆਨੀ ਗੁਰਬਚਨ ਸਿੰਘ ਨੇ ਦੱਸਿਆ ਕਿ ਆਨੰਦ ਕਾਰਜ ਐਕਟ ਦਾ ਮਾਮਲਾ ਵਿਚਾਰਨ ਲਈ ਸ਼੍ਰੋਮਣੀ ਕਮੇਟੀ ਵੱਲੋਂ ਸਿੱਖ ਵਿਦਵਾਨਾਂ ਦੀ ਕਮੇਟੀ ਬਣਾਈ ਗਈ ਸੀ ਜਿਸ ਨੇ ਹੁਣ ਤੱਕ ਦੋ-ਤਿੰਨ ਇਕੱਤਰਤਾਵਾਂ ਕੀਤੀਆਂ ਹਨ ਤੇ ਮਾਮਲੇ ਨੂੰ ਡੂੰਘਾਈ ਨਾਲ ਵਿਚਾਰਿਆ ਹੈ। ਕਮੇਟੀ ਨੇ ਫੈਸਲਾ ਕੀਤਾ ਹੈ ਕਿ ਆਨੰਦ ਕਾਰਜ ਐਕਟ ਵਿਚ ਸੋਧ ਕਰਕੇ ਇਸ ਨੂੰ ਸੰਪੂਰਨ ਕੀਤਾ ਜਾਵੇ। ਇਸ ਵਿਚ ਦਰਜ ਕਰਨ ਦੀ ਵਿਵਸਥਾ ਕਾਇਮ ਕਰਨ ਤੇ ਸੋਧ ਕੇ ਸਾਰੀਆਂ ਧਾਰਾਵਾਂ ਨਾਲ ਸੰਪੂਰਨ ਕਰਨ ਦੀ ਮੰਗ ਕੀਤੀ ਗਈ ਸੀ। ਸਿੱਖ ਵਿਦਵਾਨਾਂ ਦੀ ਇਸ ਕਮੇਟੀ ਵਿਚ ਸਾਬਕਾ ਪ੍ਰਧਾਨ ਪ੍ਰੋ. ਕਿਰਪਾਲ



ਵਿਆਹ ਦੀ ਰਜਿਸਟਰੇਸ਼ਨ ਦੀ ਵਿਵਸਥਾ ਕੀਤੀ ਜਾਵੇ ਤੇ ਮਗਰੋਂ ਸੋਧੇ ਹੋਏ ਐਕਟ ਨੂੰ ਲਾਗੂ ਕਰਵਾਇਆ ਜਾਵੇ। ਮਾਹਰਾਂ ਦੀ ਕਮੇਟੀ ਵੱਲੋਂ ਇਸ ਮਾਮਲੇ ਵਿਚ 2007 ਵਾਲਾ ਸਟੈਂਡ ਰੱਖਣ ਦਾ ਫੈਸਲਾ ਕੀਤਾ ਗਿਆ ਹੈ ਜਿਸ ਬਾਰੇ ਸ਼੍ਰੋਮਣੀ ਕਮੇਟੀ ਵੱਲੋਂ 21 ਨਵੰਬਰ 2007 ਨੂੰ ਆਨੰਦ ਮੈਰਿਜ ਐਕਟ ਬਾਰੇ ਸੰਸਦੀ ਕਮੇਟੀ ਦੇ ਚੇਅਰਮੈਨ (ਲਾਅ ਐਂਡ ਜਸਟਿਸ) ਨੂੰ ਪੱਤ੍ਰਿਕਾ ਭੇਜੀ ਗਈ ਸੀ ਜਿਸ ਵਿਚ ਐਕਟ ਵਿੱਚ ਵਿਆਹ ਸਿੰਘ ਬਡੂੰਗਰ, ਪੰਜਾਬੀ ਯੂਨੀਵਰਸਿਟੀ ਦੇ ਉਪਕੁਲਪਤੀ ਡਾ. ਜਸਪਾਲ ਸਿੰਘ, ਸਿੱਖ ਵਕੀਲ ਐਚ.ਐਸ. ਫੂਲਕਾ, ਕਾਨੂੰਨੀ ਵਿਦਵਾਨ ਡਾ. ਕਸ਼ਮੀਰ ਸਿੰਘ, ਡਾ. ਬਲਵੰਤ ਸਿੰਘ ਢਿੱਲੋਂ, ਤਲਬੀਰ ਸਿੰਘ ਤੇ ਸ਼੍ਰੋਮਣੀ ਕਮੇਟੀ ਦੇ ਸਕੱਤਰ ਦਲਮੇਘ ਸਿੰਘ ਸ਼ਾਮਲ ਹਨ। ਪੰਜ ਸਿੰਘ ਸਾਹਿਬਾਨ ਨੇ ਸਮੂਹ ਸਿੱਖ ਸੰਸਦ ਮੈਂਬਰਾਂ ਨੂੰ ਕਿਹਾ ਕਿ ਇਸ ਕਾਰਜ ਲਈ ਉਹ ਪਾਰਟੀ ਪੱਧਰ ਤੋਂ ਉਪਰ ਉਠ ਕੇ ਸਹਿਯੋਗ ਦੇਣ।

ਪੰਜ ਸਿੰਘ ਸਾਹਿਬਾਨ ਨੇ ਸਮੂਹ ਗੁਰਦੁਆਰਾ ਪ੍ਰਬੰਧਕ ਕਮੇਟੀਆਂ ਨੂੰ ਹਦਾਇਤ ਕੀਤੀ ਹੈ ਕਿ ਗੁਰਦੁਆਰਿਆਂ ਵਿਖੇ ਆਨੰਦ ਕਾਰਜ ਕਰਵਾਉਣ ਵਾਲੇ ਜੋੜਿਆਂ ਦਾ ਸਮੁੱਚਾ ਰਿਕਾਰਡ ਰੱਖਿਆ ਜਾਵੇ। ਆਨੰਦ ਕਾਰਜ ਬਾਰੇ ਉਨ੍ਹਾਂ ਦਾ ਬੇਨਤੀ ਪੱਤਰ ਵੀ ਰਿਕਾਰਡ 'ਚ ਸ਼ਾਮਲ ਕੀਤਾ ਜਾਵੇ। ਇਸ ਬਾਰੇ ਤਸਦੀਕ ਕਰਨ ਸਮੇਂ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਤੇ ਗ੍ਰੰਥੀ ਸਿੰਘ ਵੱਲੋਂ ਦਸਤਖ਼ਤ ਕੀਤੇ ਜਾਣ। ਜਥੇਦਾਰ ਗੁਰਬਚਨ ਸਿੰਘ ਨੇ ਦੱਸਿਆ ਕਿ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਤੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੂੰ ਹੁਕਮ ਕੀਤਾ ਹੈ ਕਿ ਉਹ ਕੇਂਦਰ ਸਰਕਾਰ ਨਾਲ ਰਾਬਤਾ ਕਾਇਮ ਕਰਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀਆਂ ਪਾਵਨ ਬੀੜਾਂ ਦੀ ਬੇਅਦਬੀ ਕਰਨ ਵਾਲੇ ਸ਼ਰਾਰਤੀ ਅਨਸਰਾਂ ਖ਼ਿਲਾਫ਼ ਸੰਵਿਧਾਨ ਦੀ ਧਾਰਾ 295 ਏ ਦੇ ਨਾਲ ਧਾਰਾ 302 ਨੂੰ ਵੀ ਸ਼ਾਮਲ ਕਰਨ ਦੀ ਵਿਵਸਥਾ ਕਰਾਉਣ।

ਇਸ ਦੇ ਨਾਲ ਹੀ ਉਨ੍ਹਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ ਕਮੇਟੀਆਂ ਨੂੰ ਵੀ ਹਦਾਇਤ ਕੀਤੀ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਜਾਂ ਮਰਿਆਦਾ ਦੀ ਉਲੰਘਣਾ ਬਾਰੇ ਕਿਸੇ ਖ਼ਿਲਾਫ਼ ਸਿੱਧੇ ਤੌਰ 'ਤੇ ਕਾਰਵਾਈ ਨਾ ਕਰਨ, ਸਗੋਂ ਇਸ ਬਾਰੇ ਸ਼੍ਰੋਮਣੀ ਕਮੇਟੀ ਦੇ ਮੈਂਬਰ ਜਾਂ ਧਰਮ ਪ੍ਰਚਾਰ ਕਮੇਟੀ ਦੇ ਸਕੱਤਰ ਕੋਲ ਸ਼ਿਕਾਇਤ ਭੇਜਣ। ਉਨ੍ਹਾਂ ਨੇ ਸਮੂਹ ਸਿੱਖ ਸੰਗਤ ਤੇ ਜਥੇਬੰਦੀਆਂ ਨੂੰ ਅਪੀਲ ਕੀਤੀ ਹੈ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਵਿਚਾਰਨ ਲਈ ਸਿਰਫ਼ ਧਾਰਮਿਕ ਮਾਮਲੇ ਹੀ ਲਿਆਂਦੇ ਜਾਣ।

ਇਕੱਤਰਤਾ ਦੌਰਾਨ ਕਲਕੱਤਾ ਦੀ ਸਿੱਖ ਰੀਵਿਊ ਪੱਤ੍ਰਿਕਾ ਦੇ ਸੰਪਾਦਕ ਸ਼ਰਨ ਸਿੰਘ ਤੇ ਕਰਤਾਰ ਸਿੰਘ ਠੁਕਰਾਲ ਨੂੰ ਉਨ੍ਹਾਂ ਦੀਆਂ ਪੰਥ ਪ੍ਰਤੀ ਸੇਵਾਵਾਂ ਲਈ ਸਨਮਾਨਤ ਕਰਨ ਦਾ ਫੈਸਲਾ ਕੀਤਾ ਗਿਆ ਹੈ। ਇਸੇ ਤਰ੍ਹਾਂ ਸ਼੍ਰੋਮਣੀ ਕਮੇਟੀ ਵੱਲੋਂ ਹਾਕੀ ਦੇ ਕਪਤਾਨ ਰਾਜਪਾਲ ਸਿੰਘ ਨੂੰ ਸਨਮਾਨਤ ਕੀਤਾ ਜਾਵੇਗਾ। ਸ਼੍ਰੋਮਣੀ ਕਮੇਟੀ ਵੱਲੋਂ ਸਮੁੰਦਰੀ ਜਹਾਜ਼ ਰਾਹੀਂ ਇਟਲੀ ਭੇਜੇ ਗਏ ਪਾਵਨ ਸਰੂਪਾਂ ਦੇ ਮਾਮਲੇ ਵਿਚ ਸ਼੍ਰੋਮਣੀ ਕਮੇਟੀ ਦੇ ਜਨਰਲ ਸਕੱਤਰ ਸੁਖਦੇਵ ਸਿੰਘ ਭੌਰ ਨੇ ਆਪਣਾ ਪੱਖ ਸਿੰਘ ਰੱਖਿਆ। ਇਸ ਮਾਮਲੇ ਵਿਚ ਸਿੰਘ ਸਾਹਿਬਾਨ ਨੇ ਇਟਲੀ ਵਾਸੀ ਹਰਵੰਤ ਸਿੰਘ ਦਾਦੂਵਾਲ ਨੂੰ ਦਸੰਬਰ ਮਹੀਨੇ ਪੰਜ ਸਿੰਘ ਸਾਹਿਬਾਨ ਦੀ ਇਕੱਤਰਤਾ ਸਮੇਂ ਸੱਦਣ ਦਾ ਫੈਸਲਾ ਕੀਤਾ। ਇਸੇ ਤਰ੍ਹਾਂ ਸੁਨਹਿਰੀ ਬੀੜਾਂ ਦੇ ਮਾਮਲੇ ਵਿੱਚ ਸੁਰਿੰਦਰ ਸਿੰਘ ਢੇਸੀਆਂ ਦੇ ਹਾਜ਼ਰ ਨਾ ਹੋਣ ਦਾ ਸਖ਼ਤ ਨੋਟਿਸ ਲੈਂਦਿਆਂ ਉਸ ਨੂੰ ਅਗਲੀ ਇਕੱਤਰਤਾ ਵਿਚ ਨਿੱਜੀ ਤੌਰ 'ਤੇ ਹਾਜ਼ਰ ਹੋਣ ਦੀ ਤਾੜਨਾ ਕੀਤੀ ਗਈ। ਮਲੇਸ਼ੀਆ ਵਿਚ ਸਰਬਨ ਸਿੰਘ ਵੱਲੋਂ 1490 ਪੰਨਿਆਂ ਵਾਲਾ ਤਿਆਰ ਕੀਤਾ ਪਾਵਨ ਸਰੂਪ ਜਿਸ ਦਾ ਭਾਰ 700 ਕਿਲੋਗਰਾਮ ਹੈ ਤੇ ਇਸ ਦੇ 70 ਪੰਨੇ ਵੇਚੇ ਗਏ ਹਨ, ਦੇ ਮਾਮਲੇ ਵਿਚ ਸਰਬਨ ਸਿੰਘ ਨੂੰ ਸਖ਼ਤ ਤਾੜਨਾ ਕੀਤੀ ਗਈ ਹੈ ਕਿ ਵੇਚੇ ਗਏ ਪੰਨੇ ਵਾਪਸ ਲਏ ਜਾਣ।

# ਤੀਜੇ ਮੋਰਚੇ ਲਈ ਸਰਗਰਮੀ ਤੋਂ ਅਕਾਲੀ ਤੇ ਕਾਂਗਰਸੀ ਫਿਕਰਮੰਦ

## *ਮਨਪ੍ਰੀਤ ਵੱਲੋਂ ਖੱਬਿਆਂ ਨਾਲ ਮਿਲ ਕੇ ਵੱਡੀ ਚੁਣੌਤੀ ਦੇਣ ਦੀ ਤਿਆਰੀ*

**ਚੰਡੀਗੜ੍ਹ:** ਪੰਜਾਬ ਵਿਧਾਨ ਸਭਾ ਚੋਣਾਂ ਤੋਂ ਐਨ ਪਹਿਲਾਂ ਰਾਜਸੀ ਸਰਗਰਮੀਆਂ ਨੂੰ ਨਵਾਂ ਮੋੜ ਦਿੰਦਿਆਂ ਤਿੰਨ ਪਾਰਟੀਆਂ ਪੀਪਲਜ਼ ਪਾਰਟੀ ਆਫ਼ ਪੰਜਾਬ (ਪੀ.ਪੀ.ਪੀ.), ਭਾਰਤੀ ਕਮਿਊਨਿਸਟ ਪਾਰਟੀ (ਮਾਰਕਸਵਾਦੀ) ਭਾਵ ਸੀ.ਪੀ.ਐਮ. ਤੇ ਭਾਰਤੀ ਕਮਿਊਨਿਸਟ ਪਾਰਟੀ (ਸੀ.ਪੀ.ਆਈ.) ਨੇ ਤੀਜੇ ਮੋਰਚੇ ਦੇ ਗਠਨ ਦਾ ਐਲਾਨ ਕੀਤਾ ਹੈ ਤੇ ਸੂਬੇ ਵਿਚ ਨਵੇਂ ਰਾਜਸੀ ਸਮੀਕਰਣ ਬਣਨ ਦਾ ਸੰਕੇਤ ਦਿੱਤਾ ਹੈ। ਸੂਬੇ ਦੀਆਂ ਵਿਧਾਨ ਸਭਾ ਚੋਣਾਂ ਜੋ ਆਗਾਮੀ ਫਰਵਰੀ ਵਿਚ ਹੋਣੀਆਂ ਹਨ, ਲਈ ਸਾਰੀਆਂ ਹੀ ਪਾਰਟੀਆਂ ਨੇ ਬਿਗਲ ਵਜਾ ਦਿੱਤਾ ਹੈ।

ਪੰਜਾਬ ਵਿਚ ਪਿਛਲੇ ਦੋ ਕੁ ਦਹਾਕਿਆਂ ਤੋਂ ਖੱਬੀਆਂ ਪਾਰਟੀਆਂ ਨੂੰ ਭਾਵੇਂ ਸੀਮਤ ਅਧਾਰ ਵਾਲੀਆਂ ਕੌਮੀ ਪਾਰਟੀਆਂ ਮੰਨਿਆ ਜਾ ਰਿਹਾ ਹੈ ਪਰ ਸਾਬਕਾ ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਦੀ ਅਗਵਾਈ ਹੇਠਲੀ ਪੀ.ਪੀ.ਪੀ. ਨਾਲ ਕੀਤਾ ਗਠਜੋੜ ਤਿੰਨਾਂ ਪ੍ਰਮੁੱਖ ਪਾਰਟੀਆਂ ਸ਼੍ਰੋਮਣੀ ਅਕਾਲੀ ਦਲ, ਭਾਰਤੀ ਜਨਤਾ ਪਾਰਟੀ ਤੇ ਕਾਂਗਰਸ ਲਈ ਕਈ ਹਲਕਿਆਂ ਅੰਦਰ ਵੱਡੀ ਚੁਣੌਤੀ ਖੜ੍ਹੀ ਕਰ ਸਕਦਾ ਹੈ। ਇਨ੍ਹਾਂ ਪਾਰਟੀਆਂ ਦੇ ਬਣਨ ਵਾਲੇ ਤੀਜੇ ਰਾਜਨੀਤਕ ਮੋਰਚੇ ਦਾ ਅਸਲੀ ਰੰਗ ਅਕਤੂਬਰ ਤੋਂ ਬਾਅਦ ਸਾਹਮਣੇ ਆਵੇਗਾ। ਪੰਜਾਬ ਵਿਚ ਖੱਬੀਆਂ ਪਾਰਟੀਆਂ ਇਕ ਤਰ੍ਹਾਂ ਨਾਲ ਹਾਸ਼ੀਏ 'ਤੇ ਹੀ ਹਨ।

ਸੀ.ਪੀ.ਆਈ. ਤੇ ਸੀ.ਪੀ.ਐਮ. ਨੇ 1992 ਦੀਆਂ ਚੋਣਾਂ ਦੌਰਾਨ ਵਿਧਾਨ ਸਭਾ ਵਿਚ ਹਾਜ਼ਰੀ ਲਾ ਲਈ ਸੀ। ਸੀ.ਪੀ.ਆਈ. ਨੇ ਕਾਂਗਰਸ ਨਾਲ



ਗੱਠਜੋੜ ਕਰ ਕੇ 1997 ਵਿਚ ਹੋਈਆਂ ਵਿਧਾਨ ਸਭਾ ਚੋਣਾਂ ਦੌਰਾਨ ਵੀ ਦੋ ਮੈਂਬਰ ਵਿਧਾਨ ਸਭਾ ਵਿਚ ਭੇਜੇ। ਉਸ ਤੋਂ ਬਾਅਦ 2002 ਤੇ 2007 ਦੀਆਂ ਚੋਣਾਂ ਦੌਰਾਨ ਤਾਂ ਇਹ ਪਾਰਟੀਆਂ ਖਾਤਾ ਵੀ ਨਾ ਖੋਲ੍ਹ ਸਕੀਆਂ। ਇਕ ਦਹਾਕੇ ਬਾਅਦ ਇਹ ਦੋਵੇਂ ਪਾਰਟੀਆਂ ਕਿਸੇ ਤੀਜੀ ਪਾਰਟੀ ਨਾਲ ਸਮਝੌਤੇ ਰਾਹੀਂ ਚੋਣ ਲੜਨ ਜਾ ਰਹੀਆਂ ਹਨ।

ਕਮਿਊਨਿਸਟ ਆਗੂਆਂ ਨੇ ਆਪਣੇ ਅਧਾਰ ਵਾਲੇ ਵਿਧਾਨ ਸਭਾ ਹਲਕਿਆਂ 'ਤੇ ਚੋਣ ਲੜਨ ਬਾਰੇ ਪੀ.ਪੀ.ਪੀ. ਆਗੂ ਨਾਲ ਵਿਚਾਰ ਵਟਾਂਦਰਾ ਕੀਤਾ ਹੈ। ਕਮਿਊਨਿਸਟ ਆਗੂਆਂ ਨੇ ਪੰਜਾਬ ਵਿਚ 32 ਤੋਂ 35 ਵਿਧਾਨ ਸਭਾ ਹਲਕਿਆਂ 'ਤੇ ਖੱਬੇ ਪੱਖੀ ਵੋਟ ਬੈਂਕ ਹੋਣ ਦੀ ਗੱਲ ਕਹੀ ਹੈ ਤੇ ਪੀ.ਪੀ.ਪੀ. ਨੇ ਵੀ ਇੰਨੀਆਂ ਸੀਟਾਂ ਖੱਬੀਆਂ ਪਾਰਟੀਆਂ ਲਈ ਛੱਡਣ ਦਾ ਫੈਸਲਾ ਤਕਰੀਬਨ ਕਰ ਲਿਆ ਹੈ। ਸਿਆਸੀ ਮਾਹਿਰਾਂ ਵੱਲੋਂ ਇਨ੍ਹਾਂ ਪਾਰਟੀਆਂ ਨੂੰ ਸ਼੍ਰੋਮਣੀ ਅਕਾਲੀ ਦਲ ਤੇ ਕਾਂਗਰਸ ਲਈ ਇਸ ਕਾਰਨ ਨੁਕਸਾਨਦੇਹ ਮੰਨਿਆ ਜਾ ਰਿਹਾ ਹੈ ਕਿਉਂਕਿ ਸ਼੍ਰੋਮਣੀ ਅਕਾਲੀ ਦਲ ਦੇ ਅਧਾਰ ਵਾਲੇ ਕੁਝ ਹਲਕਿਆਂ ਵਿਚ ਮਨਪ੍ਰੀਤ ਸਿੰਘ ਬਾਦਲ ਦੀ ਪਾਰਟੀ ਵੋਟਾਂ ਨੂੰ ਸੰਨ੍ਹ ਲਾ ਸਕਦੀ ਹੈ।ਇਸੇ ਤਰ੍ਹਾਂ ਕਾਂਗਰਸ ਦੇ ਅਧਾਰ ਵਾਲੇ ਹਲਕਿਆਂ ਵਿਚ ਖੱਬੀਆਂ ਪਾਰਟੀਆਂ ਸੰਨ੍ਹ ਲਾਉਣ ਦੇ ਸਮਰੱਥ ਹਨ।

ਤਿੰਨਾਂ ਪਾਰਟੀਆਂ ਦੇ ਆਗੂਆਂ ਵੱਲੋਂ 6 ਜਾਂ 7 ਅਕਤੂਬਰ ਨੂੰ ਸਾਂਝੀ ਮੀਟਿੰਗ ਕੀਤੀ ਜਾਣੀ ਹੈ। ਤਿੰਨਾਂ ਸਿਆਸੀ ਪਾਰਟੀਆਂ ਵੱਲੋਂ ਵਿਧਾਨ ਸਭਾ ਦੀਆਂ ਚੋਣਾਂ ਲਈ ਜੋ ਰੂਪ ਰੇਖਾ ਉਲੀਕੀ ਜਾ ਰਹੀ ਹੈ, ਉਸ ਮੁਤਾਬਕ ਪੀ.ਪੀ.ਪੀ., ਸੀ.ਪੀ.ਐਮ., ਸੀ.ਪੀ.ਆਈ. ਵੱਲੋਂ ਇਕ ਸਾਂਝੇ ਪ੍ਰੋਗਰਾਮ ਤਹਿਤ ਚੋਣਾਂ ਲੜਨ ਦੀ ਰਣਨੀਤੀ ਬਣਾਈ ਗਈ ਹੈ। ਜ਼ਿਕਰਯੋਗ ਹੈ ਕਿ ਸ਼੍ਰੋਮਣੀ ਕਮੇਟੀ ਦੀਆਂ ਹਾਲ 'ਚ ਹੋਈਆਂ ਚੋਣਾਂ ਦੌਰਾਨ ਸ਼੍ਰੋਮਣੀ ਅਕਾਲੀ ਦਲ ਦੇ ਵਿਰੋਧ 'ਚ ਪੰਥਕ ਧਿਰਾਂ ਤੇ ਅਕਾਲੀ ਦਲਾਂ 'ਤੇ ਅਧਾਰਤ ਪੰਥਕ ਮੋਰਚਾ ਹੋਂਦ ਵਿਚ ਆਇਆ ਸੀ ਪਰ ਮੋਰਚੇ ਦੇ ਆਗੂਆਂ ਪੱਲੇ ਇਕ ਤਰ੍ਹਾਂ ਨਿਰਾਸ਼ਾ ਹੀ ਪਈ।

# ਬਾਦਲ ਦਾ ਯਰਾਨਾ: ਪੰਜਾਬ ਦੇ ਸਰਕਾਰੀ ਖਜ਼ਾਨੇ 'ਚੋਂ ਚੌਟਾਲਿਆਂ ਦੀ ਰਾਖੀ

**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਹਰਿਆਣਾ ਦੇ ਸਾਬਕਾ ਮੁੱਖ ਮੰਤਰੀ ਓਮ ਪ੍ਰਕਾਸ਼ ਚੌਟਾਲਾ ਦੇ ਪਰਿਵਾਰ ਦੀ ਸੁਰੱਖਿਆ ਦਾ ਖਰਚਾ ਪੰਜਾਬ ਸਰਕਾਰ ਝੱਲ ਰਹੀ ਹੈ। ਪੰਜਾਬ ਪੁਲਿਸ ਨੇ ਚੌਟਾਲਾ ਪਰਿਵਾਰ ਦੀ ਸੁਰੱਖਿਆ 'ਤੇ ਥਾਣੇਦਾਰ ਸਮੇਤ ਪੰਜ ਸੁਰੱਖਿਆ ਮੁਲਾਜ਼ਮ ਤਾਇਨਾਤ ਕੀਤੇ ਹੋਏ ਹਨ। ਭਾਵੇਂ ਬਹੁਤੇ ਥਾਣੇ ਮੁਲਾਜ਼ਮਾਂ ਦੀ ਘਾਟ ਕਾਰਨ ਖਾਲੀ ਪਏ ਹਨ ਪਰ ਪੰਜਾਬ ਪੁਲਿਸ ਦਾ ਇਹ ਦਾ ਹਾਲ ਹੈ ਕਿ ਅਕਾਲੀ ਦਲ ਦੇ ਬਲਾਕ ਪੱਧਰ ਦੇ ਲੀਡਰਾਂ ਨੂੰ ਸੁਰੱਖਿਆ ਗਾਰਡ ਦਿੱਤੇ ਹੋਏ ਹਨ। ਇੰਨੇ ਸੁਰੱਖਿਆ ਗਾਰਡ ਤਾਂ ਜੱਜਾਂ ਦੀ ਰਾਖੀ 'ਤੇ ਤਾਇਨਾਤ ਨਹੀਂ ਕੀਤੇ ਜਿੰਨੇ ਪ੍ਰਾਈਵੇਟ ਲੋਕਾਂ ਨਾਲ ਤੋਰੇ ਹੋਏ ਹਨ।

ਸੂਚਨਾ ਦੇ ਅਧਿਕਾਰ ਕਾਨੂੰਨ ਤਹਿਤ ਪੰਜਾਬ ਦੇ ਅੱਧੀ ਦਰਜਨ ਜ਼ਿਲ੍ਹਿਆਂ 'ਚ ਸੁਰੱਖਿਆ 'ਤੇ ਤਾਇਨਾਤ ਕੀਤੇ ਪੁਲਿਸ ਮੁਲਾਜ਼ਮਾਂ ਦੀ ਬਾਰੇ ਅਹਿਮ ਤੱਥ ਸਾਹਮਣੇ ਆਏ ਹਨ। ਪੰਜਾਬ ਪੁਲਿਸ ਵੱਲੋਂ ਦਿੱਤੀ ਸਰਕਾਰੀ ਸੂਚਨਾ ਅਨੁਸਾਰ ਏ.ਡੀ.ਜੀ.ਪੀ. (ਸੁਰੱਖਿਆ) ਵੱਲੋਂ ਹਰਿਆਣਾ ਦੇ ਸਾਬਕਾ ਮੁੱਖ ਮੰਤਰੀ ਓਮ ਪ੍ਰਕਾਸ਼ ਚੌਟਾਲਾ ਦੇ



ਪੁੱਤਰ ਅਭੈ ਸਿੰਘ ਚੌਟਾਲਾ ਨੂੰ ਪੰਜ ਮੁਲਾਜ਼ਮਾਂ ਦੀ ਟੀਮ ਸੁਰੱਖਿਆ ਲਈ ਦਿੱਤੀ ਗਈ ਹੈ। ਅਭੈ ਚੌਟਾਲਾ ਦੀ ਸੁਰੱਖਿਆ 'ਤੇ ਪੰਜਾਬ ਪੁਲਿਸ ਦਾ ਪੰਜ ਮੁਲਾਜ਼ਮ ਤਾਇਨਾਤ ਹਨ।

ਇਨ੍ਹਾਂ ਮੁਲਾਜ਼ਮਾਂ ਵੱਲੋਂ ਪੰਜਾਬ ਸਰਕਾਰ ਦੇ ਖਜ਼ਾਨੇ 'ਚੋਂ ਅੰਦਾਜ਼ਨ ਡੇਢ ਲੱਖ ਰੁਪਏ ਮਹੀਨਾ ਤਨਖਾਹ ਲਈ ਜਾਂਦੀ ਹੈ। ਪੰਜਾਬ ਸਰਕਾਰ ਵੱਲੋਂ ਚੌਟਾਲਾ ਪਰਿਵਾਰ ਦੀ ਸੁਰੱਖਿਆ 'ਤੇ ਅੰਦਾਜ਼ਨ 18 ਲੱਖ ਰੁਪਏ ਸਾਲਾਨਾ ਖਰਚ ਕੀਤੇ ਜਾ ਰਹੇ ਹਨ। ਹੁਣ ਤੱਕ ਸਰਕਾਰ ਇਸ ਸੁਰੱਖਿਆ 'ਤੇ ਕਰੀਬ 30 ਲੱਖ ਰੁਪਏ ਖਰਚ ਕਰ ਚੁੱਕੀ ਹੈ। ਪੰਜਾਬ ਪੁਲਿਸ ਵੱਲੋਂ ਅਭੈ ਸਿੰਘ ਚੌਟਾਲਾ ਨੂੰ ਸਰਕਾਰੀ ਕਾਗਜ਼ਾਂ 'ਚ ਪਿੰਡ ਬੇਗਾਂ ਵਾਲੀ ਥਾਣਾ ਸਦਰ ਫ਼ਾਜ਼ਿਲਕਾ ਦਾ ਵਸਨੀਕ ਦਿਖਾਇਆ ਗਿਆ ਹੈ।

ਦੱਸਣਯੋਗ ਹੈ ਕਿ ਚੌਟਾਲਾ ਪਰਿਵਾਰ ਦੇ ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੇ ਨਾਲ ਪਰਿਵਾਰਕ ਸਬੰਧ ਹਨ। ਅਬੋਹਰ ਦੀ ਮਹਿਲਾ ਵਿਜੇ ਲਕਸ਼ਮੀ ਨੂੰ ਵੀ 4 ਜੂਨ 2009 ਤੋਂ ਦੋ ਮੁਲਾਜ਼ਮਾਂ ਦੀ ਸੁਰੱਖਿਆ ਦਿੱਤੀ ਹੋਈ ਹੈ। ਪੰਜਾਬ ਪੁਲਿਸ ਵੱਲੋਂ ਇਸ ਮਹਿਲਾ ਦਾ ਰੁਤਬਾ ਮਹਿਲਾ ਮੋਰਚਾ ਦੀ ਪ੍ਰਧਾਨ ਦੱਸਿਆ ਗਿਆ ਹੈ। ਸੁਰੱਖਿਆ ਦੇਣ ਦਾ ਕਾਰਨ ਉਸ ਦਾ ਹਰਿਆਣਾ ਦੇ ਮੁੱਖ ਮੰਤਰੀ ਦੀ ਰਿਸ਼ਤੇਦਾਰ ਹੋਣਾ ਤੇ ਭਾਜਪਾ ਦੀ ਵਰਕਰ ਹੋਣਾ ਦੱਸਿਆ ਗਿਆ ਹੈ।

ਦਿਲਚਸਪ ਗੱਲ ਇਹ ਹੈ ਕਿ ਫਿਰੋਜ਼ਪੁਰ ਦੇ ਨਗਰ ਸੁਧਾਰ ਟਰੱਸਟ ਦੇ ਚੇਅਰਮੈਨ ਗੁਰਹੰਸ ਸਿੰਘ ਸੰਧੂ ਨੂੰ ਏ.ਡੀ.ਜੀ.ਪੀ (ਸੁਰੱਖਿਆ) ਵੱਲੋਂ ਪੰਜ ਸੁਰੱਖਿਆ ਮੁਲਾਜ਼ਮ ਦਿੱਤੇ ਗਏ ਹਨ ਜਦੋਂਕਿ ਫਿਰੋਜ਼ਪੁਰ ਦੇ ਸੈਸ਼ਨ ਜੱਜ ਕੋਲ ਸਿਰਫ਼ ਦੋ ਸੁਰੱਖਿਆ ਮੁਲਾਜ਼ਮ ਹਨ। ਇਸ ਜ਼ਿਲ੍ਹੇ 'ਚ ਅਕਾਲੀ ਦਲ ਦੇ 7 ਆਗੂਆਂ ਨੂੰ 9 ਗੰਨਮੈਨ ਦਿੱਤੇ ਹੋਏ ਹਨ ਜਿਨ੍ਹਾਂ ਕੋਲ ਕੋਈ ਸੰਵਿਧਾਨਕ ਅਹੁਦਾ ਨਹੀਂ ਹੈ। ਫਿਰੋਜ਼ਪੁਰ 'ਚ 235 ਮੁਲਾਜ਼ਮ ਗੰਨਮੈਨ ਵਜੋਂ ਤਾਇਨਾਤ ਹਨ। ਇਸ ਜ਼ਿਲ੍ਹੇ 'ਚ ਸਭ ਤੋਂ ਵੱਧ ਸਿੰਜਾਈ ਮੰਤਰੀ ਜਨਮੇਜਾ ਸਿੰਘ ਸੇਖੋਂ ਨਾਲ 19 ਗੰਨਮੈਨ ਤੇ ਸੰਸਦ ਮੈਂਬਰ ਸ਼ੇਰ ਸਿੰਘ ਘੁਬਾਇਆ ਨਾਲ 12 ਗੰਨਮੈਨ ਤਾਇਨਾਤ ਹਨ।

ਪੁਲਿਸ ਜ਼ਿਲ੍ਹਾ ਖੰਨਾ ਵੀ ਇਸ ਤੋਂ ਘੱਟ ਨਹੀਂ ਹੈ। ਪੰਜਾਬ ਪੁਲਿਸ ਵੱਲੋਂ ਖੰਨਾ ਦੇ ਵਿਧਾਇਕ ਤੇ ਮੁੱਖ ਸੰਸਦੀ ਸਕੱਤਰ ਬਿਕਰਮਜੀਤ ਸਿੰਘ ਖ਼ਾਲਸਾ ਨਾਲ 14 ਗੰਨਮੈਨ ਤਾਇਨਾਤ ਕੀਤੇ ਹੋਏ ਹਨ। ਖੰਨਾ ਪੁਲਿਸ ਜ਼ਿਲ੍ਹੇ 'ਚ 58 ਮੁਲਾਜ਼ਮ ਗੰਨਮੈਨ ਵਜੋਂ ਤਾਇਨਾਤ ਕੀਤੇ ਹੋਏ ਹਨ। ਬਰਨਾਲਾ ਪੁਲੀਸ ਵੱਲੋਂ ਕੁੱਲ 59 ਗੰਨਮੈਨ ਦਿੱਤੇ ਹੋਏ ਹਨ। ਜ਼ਿਲ੍ਹਾ ਜਲੰਧਰ (ਦਿਹਾਤੀ) ਵੱਲੋਂ ਕੁੱਲ 55 ਗੰਨਮੈਨਾਂ ਦੀ ਤਾਇਨਾਤੀ ਕੀਤੀ ਹੋਈ ਹੈ ਜਿਨ੍ਹਾਂ 'ਚੋਂ 26 ਗੰਨਮੈਨ ਪ੍ਰਾਈਵੇਟ ਆਗੂਆਂ ਕੋਲ ਹਨ। ਇਸੇ ਤਰ੍ਹਾਂ ਕਪੂਰਥਲਾ ਜ਼ਿਲ੍ਹੇ 'ਚ 90 ਸੁਰੱਖਿਆ ਮੁਲਾਜ਼ਮ ਵੱਖ-ਵੱਖ ਆਗੂਆਂ ਤੇ ਅਫ਼ਸਰਾਂ ਨਾਲ ਤਾਇਨਾਤ ਹਨ ਜਿਨ੍ਹਾਂ 'ਚੋਂ 14 ਗੰਨਮੈਨ ਸਿਆਸੀ ਲੀਡਰਾਂ ਨਾਲ ਹਨ।

# ਜਸਵਿੰਦਰ ਸਿੰਘ ਜੰਡੀ ਨੇ ਸਾਡਾ 50 ਹਜ਼ਾਰ ਡਾਲਰ ਦਾ ਨੁਕਸਾਨ ਕਰਵਾਇਆ:ਸੁੱਖ ਵਿਰਕ

**ਯੂਨੀਅਨ ਸਿਟੀ (ਬਿਊਰੋ):** ਇੱਥੋਂ ਦੇ ਇਕ ਪਤਵੰਤੇ ਵਿਰਕ ਪਰਿਵਾਰ ਨੇ ਦੋਸ਼ ਲਾਇਆ ਹੈ ਕਿ ਗੁਰਦੁਆਰਾ ਫਰੀਮਾਂਟ ਦੇ ਸੁਪਰੀਮ ਕੌਂਸਲ ਮੈਂਬਰ ਜਸਵਿੰਦਰ ਸਿੰਘ ਜੰਡੀ ਨੇ ਕਥਿਤ ਤੌਰ 'ਤੇ ਉਨ੍ਹਾਂ ਦੀ ਨੂੰਹ ਨੂੰ ਵਰਗਲਾ ਕੇ ਉਨ੍ਹਾਂ 'ਤੇ ਗਲਤ ਕੇਸ ਕਰਾਇਆ ਅਤੇ ਉਨ੍ਹਾਂ ਦਾ 50,000 ਡਾਲਰ ਦਾ ਨੁਕਸਾਨ ਕਰਵਾ ਦਿੱਤਾ। ਇਥੇ ਜਾਰੀ ਇਕ ਬਿਆਨ ਵਿਚ ਸੁੱਖ ਵਿਰਕ ਨੇ ਕਿਹਾ ਹੈ ਕਿ ਉਨ੍ਹਾਂ ਦੀ ਨੂੰਹ ਨਵਨੀਤ ਕੌਰ 7 ਦਸੰਬਰ 2009 ਨੂੰ ਅਮਰੀਕਾ ਪਹੁੰਚੀ ਸੀ ਅਤੇ ਤਿੰਨ ਮਹੀਨਿਆਂ ਬਾਅਦ ਹੀ ਉਹ ਘਰ ਛੱਡ ਕੇ ਚਲੀ ਗਈ ਸੀ। ਇਸ ਉਪਰੰਤ ਉਨ੍ਹਾਂ ਅਦਾਲਤ ਵਿਚ ਵਿਆਹ ਰੱਦ ਕਰਨ (ਮੈਰਿਜ ਐਨਲਮੈਂਟ) ਦਾ ਕੇਸ ਕਰ ਦਿੱਤਾ। ਇਸ ਦੌਰਾਨ ਉਨ੍ਹਾਂ ਦੀ ਨੂੰਹ ਜਸਵਿੰਦਰ ਸਿੰਘ ਜੰਡੀ ਦੇ ਸੰਪਰਕ 'ਚ ਆ ਚੁੱਕੀ ਸੀ। ਪਰਿਵਾਰ ਅਨੁਸਾਰ ਸ. ਜੰਡੀ ਨੇ ਸੱਚ-ਝੂਠ ਦੀ ਪੁਣ-ਛਾਣ ਕੀਤੇ ਬਗ਼ੈਰ ਨਾ ਜਾਣੇ ਕਿਉਂ, ਉਨ੍ਹਾਂ ਦੀ ਨੂੰਹ ਨਵਨੀਤ ਕੌਰ ਦੀ ਸਮਾਜਕ ਕਾਇਦੇ ਕਾਨੂੰਨਾਂ ਤੋਂ ਕੋਹਾਂ ਦੂਰ ਜਾ ਕੇ ਮਦਦ ਕਰਨੀ ਸ਼ੁਰੂ ਕਰ ਦਿੱਤੀ।

ਸੁਖ ਵਿਰਕ ਨੇ ਦੋਸ਼ ਲਾਇਆ ਕਿ ਸਭ ਤੋਂ ਪਹਿਲਾਂ ਸ. ਜੰਡੀ ਨੇ ਆਪਣੇ ਭਾਈਵੰਦਾਂ 'ਅੰਮ੍ਰਿਤਸਰ ਟਾਈਮਜ਼' ਵਿਚ ਉਨ੍ਹਾਂ ਖ਼ਿਲਾਫ਼ ਤੱਥ ਰਹਿਤ ਖ਼ਬਰ ਛਪਵਾਈ ਜਿਸ ਵਿਚ ਉਨ੍ਹਾਂ ਦੀ ਨੂੰਹ ਨਵਨੀਤ ਕੌਰ ਵੱਲੋਂ ਬੇਸ਼ੁਮਾਰ ਇਲਜ਼ਾਮ ਲਾਏ ਗਏ ਸਨ। ਯਾਦ ਰਹੇ ਕਿ 'ਅੰਮ੍ਰਿਤਸਰ ਟਾਈਮਜ਼' ਨੇ ਇਕ ਹਫਤਾ ਪਹਿਲਾਂ ਸੁਖ ਵਿਰਕ ਦੇ ਹਵਾਲੇ ਨਾਲ ਛਾਪੀ ਆਪਣੀ ਹੀ ਖਬਰ ਦਾ ਖੰਡਨ ਕਰਦਿਆਂ ਆਪਣੇ 25 ਮਈ 2010 ਵਾਲੇ ਅੰਕ ਵਿਚ 'ਸੁੱਖ ਵਿਰਕ ਵੱਲੋਂ ਦਿੱਤੀ ਸੂਚਨਾ ਝੂਠੀ ਤੇ ਗੁਮਰਾਹਕੁਨ' ਸਿਰਲੇਖ ਹੇਠ ਖ਼ਬਰ ਛਾਪੀ ਸੀ ਜਿਸ ਵਿਚ ਨਵਨੀਤ ਕੌਰ ਨੇ ਦੋਸ਼ ਲਾਏ ਸਨ ਕਿ ਉਸ ਦੇ ਸਹੁਰਾ ਪਰਿਵਾਰ ਨੇ ਉਸ 'ਤੇ ਅਨੇਕਾਂ ਜ਼ੁਲਮ ਢਾਹੇ ਹਨ, ਉਸ ਨੂੰ ਘਰ ਦੇ ਪਿਛਵਾੜੇ ਖੁੱਡੇ ਵਿਚ ਬੰਦੀ ਬਣਾ ਕੇ ਰੱਖਿਆ ਗਿਆ, ਕਿਸੇ ਨਾਲ ਮਿਲਣ ਨਹੀਂ ਸੀ ਦਿੱਤਾ ਜਾਂਦਾ ਅਤੇ ਬਾਹਰੋਂ ਕੁੰਡਾ ਲਾ ਕੇ ਰੱਖਿਆ ਜਾਂਦਾ ਸੀ, ਇਥੋਂ ਤੱਕ ਕਿ ਬਿਸਤਰਾ ਵੀ ਭੁੰਜੇ ਹੀ ਹੁੰਦਾ ਸੀ।

ਸੁਖ ਵਿਰਕ ਦਾ ਦੋਸ਼ ਹੈ ਕਿ ਇਹ ਸਭ ਕੁਝ ਉਨ੍ਹਾਂ ਦਾ ਅਕਸ ਵਿਗਾੜਨ ਲਈ ਕੀਤਾ ਗਿਆ ਸੀ ਜਦ ਕਿ ਪੁਲਿਸ ਦੇ ਦਸਤਾਵੇਜ਼ ਕੁਝ ਹੋਰ ਹੀ ਕਹਾਣੀ ਬਿਆਨ ਕਰਦੇ ਸਨ। ਛਪੇ ਬਿਆਨ ਵਿਚ ਜਿਸ ਨੂੰ ਖੁੱਡਾ ਕਿਹਾ ਗਿਆ ਸੀ, ਉਹ ਦਰਅਸਲ 10×12 ਦਾ ਪੂਰਾ ਕਮਰਾ ਸੀ। 'ਬਿਸਤਰਾ ਭੁੰਜੇ' ਹੋਣ ਦੀ ਗੱਲ ਵੀ ਗਲਤ ਸੀ ਕਿਉਂਕਿ ਉਥੇ ਬਾਕਸ ਸਪਰਿੰਗ ਸਮੇਤ ਮੈਟਰੈਸ ਸੀ, ਕਮਰੇ ਵਿਚ ਬਿਜਲੀ ਦਾ ਪ੍ਰਬੰਧ ਸੀ, ਕਾਰਪੈਟ ਲੱਗੀ ਹੋਈ ਸੀ, ਅੰਦਰੋਂ ਤਾਲਾ ਲਗਦਾ ਸੀ, ਦਰਵਾਜ਼ਾ ਅਤੇ ਖਿੜਕੀ ਸੀ; ਭਾਵ ਖੁੱਡੇ ਵਾਲੀ ਕਹਾਣੀ ਝੂਠੀ ਸੀ। ਪੁਲਿਸ ਦੇ ਦਸਤਵੇਜ਼ਾਂ ਅਨੁਸਾਰ ਨਵਨੀਤ ਕੌਰ ਦੇ ਇਸ ਦਾਅਵੇ ਵਿਚ ਵੀ ਕੋਈ ਦਮ ਨਹੀਂ ਸੀ ਕਿ ਉਸ ਨੂੰ ਅੰਦਰ ਬੰਦ ਕਰਕੇ ਬਾਹਰੋਂ ਕੁੰਡਾ ਮਾਰ ਦਿੰਦੇ ਸਨ ਕਿਉਂਕਿ ਕਮਰੇ ਦੇ ਬਾਹਰੋਂ ਤਾਲਾ ਲਾਉਣ ਦਾ ਕੋਈ ਪ੍ਰਬੰਧ ਨਹੀਂ ਸੀ। ਇਸ ਤੋਂ ਇਲਾਵਾ ਉਹ ਬਾਕਾਇਦਾ ਗੁਰਦੁਆਰਾ ਫਰੀਮਾਂਟ ਵੀ ਜਾਂਦੀ ਸੀ।

ਸੁਖ ਵਿਰਕ ਦਾ ਕਹਿਣਾ ਹੈ ਕਿ ਉਨ੍ਹਾਂ ਦੇ ਪਰਿਵਾਰ ਨੂੰ ਇਕ ਹੋਰ ਕਹਿਰ ਦਾ ਸਾਹਮਣਾ ਉਦੋਂ ਕਰਨਾ ਪਿਆ, ਜਦੋਂ ਕਥਿਤ ਤੌਰ 'ਤੇ ਕਿਸੇ ਦੀ ਸ਼ਹਿ 'ਤੇ ਨਵਨੀਤ ਕੌਰ ਨੇ ਉਸ ਦੇ ਭਰਾ ਰਸ਼ਪਾਲ ਸਿੰਘ ਵਿਰੁਧ ਬਲਾਤਕਾਰ ਦਾ ਕੇਸ ਦਰਜ ਕਰਵਾ ਦਿੱਤਾ। ਪਰਿਵਾਰ ਅਨੁਸਾਰ ਇਹ ਝੂਠਾ ਇਲਜ਼ਾਮ ਸੀ ਅਤੇ ਇਸ ਸਾਰੇ ਕੇਸ ਦੀ ਪੈਰਵਾਈ ਸੁਪਰੀਮ ਕੌਂਸਲ ਮੈਂਬਰ ਜਸਵਿੰਦਰ ਸਿੰਘ ਜੰਡੀ ਨੇ ਕੀਤੀ। ਇੱਥੋਂ ਤੱਕ ਕਿ ਸ. ਜੰਡੀ ਨੇ ਪੁਲਿਸ ਨੂੰ ਪ੍ਰਭਾਵਤ ਕਰਨ ਲਈ ਆਪਣੇ-ਆਪ ਨੂੰ ਗੁਰੂਘਰ ਦਾ ਪ੍ਰਧਾਨ ਦੱਸਿਆ ਜਦੋਂਕਿ ਉਸ ਸਮੇਂ ਗੁਰੂਘਰ ਦਾ ਪ੍ਰਧਾਨ ਦਵਿੰਦਰ ਸਿੰਘ ਢਿਲੋਂ ਸੀ ਅਤੇ ਅਜ ਵੀ ਹੈ।

ਸੂਤਰਾਂ ਅਨੁਸਾਰ ਬਾਅਦ ਵਿਚ ਨਵਨੀਤ ਕੌਰ ਸ. ਜੰਡੀ ਦੇ ਘਰ ਵੀ ਰਹਿੰਦੀ ਰਹੀ ਹੈ ਅਤੇ ਉਨ੍ਹਾਂ ਦੇ ਕੱਪੜਿਆਂ ਵਾਲੇ ਸਟੋਰ 'ਤੇ ਕੰਮ ਵੀ ਕਰਦੀ ਰਹੀ ਹੈ। ਅੱਜ ਕੱਲ੍ਹ ਨਵਨੀਤ ਕੌਰ ਦਾ ਕੋਈ ਥਹੁ-ਪਤਾ ਨਹੀਂ ਕਿ ਉਹ ਕਿੱਥੇ ਰਹਿੰਦੀ ਹੈ?

**ਬਲਾਤਕਾਰ ਦੇ ਕੇਸ ਤੋਂ ਛੁਟਕਾਰਾ:** ਪਰਿਵਾਰ ਅਨੁਸਾਰ ਰਸ਼ਪਾਲ ਸਿੰਘ 'ਤੇ ਬਣਾਇਆ ਕੇਸ ਸਰਾਸਰ ਝੂਠਾ ਸੀ ਅਤੇ ਇਹ ਹਕੀਕਤ ਉਸ ਵੇਲੇ ਹੀ ਸਾਹਮਣੇ ਆ ਗਈ ਸੀ, ਜਦ ਕੇਸ ਦੇ ਸ਼ੁਰੂਆਤੀ ਦੌਰ ਵਿਚ ਨਵਨੀਤ ਕੌਰ ਦੇ ਝੂਠ ਦੀਆਂ ਪਰਤਾਂ ਉਤਰਨੀਆਂ ਸ਼ੁਰੂ ਹੋ ਗਈਆਂ। ਉਸ ਨੇ ਇਹ ਵੀ ਮੰਨਿਆ ਕਿ ਉਸ ਦੇ ਕੇਸ ਦਾ ਖ਼ਰਚਾ ਗੁਰੂਘਰ ਫਰੀਮਾਂਟ ਕਰਦਾ ਹੈ ਅਤੇ ਸ. ਜੰਡੀ ਉਸ ਦੇ ਮਦਦਗਾਰਾਂ ਵਿਚੋਂ ਇਕ ਹੈ। ਸੁਖ ਵਿਰਕ ਦਾ ਕਹਿਣਾ ਹੈ ਕਿ ਉਨ੍ਹਾਂ ਨੂੰ ਇਨ੍ਹਾਂ ਕੇਸਾਂ ਤੋਂ ਛੁਟਕਾਰਾ ਪਾਉਣ ਲਈ ਕਰੀਬ 50 ਹਜ਼ਾਰ ਡਾਲਰ ਦਾ ਖ਼ਰਚਾ ਬੇਵਜ੍ਹਾ ਕਰਨਾ ਪਿਆ ਜਿਸ ਲਈ ਸ. ਜੰਡੀ ਸਿੱਧੇ ਰੂਪ ਵਿਚ ਜ਼ਿੰਮੇਵਾਰ ਹੈ। ਹੈਰਾਨੀ ਵਾਲਾ ਤੱਥ ਇਹ ਵੀ ਹੈ ਕਿ ਨਵਨੀਤ ਕੌਰ ਨੇ 'ਦਾਲ ਗਲਦੀ ਨਾ ਵੇਖ ਕੇ' ਬਲਾਤਕਾਰ ਵਾਲਾ ਕੇਸ ਆਪ ਹੀ ਵਾਪਸ ਲੈ ਲਿਆ। ਸੁੱਖ ਵਿਰਕ ਨੇ ਦਾਅਵਾ ਕੀਤਾ ਹੈ ਕਿ ਨਵਨੀਤ ਕੌਰ ਦੇ ਲਾਏ ਦੋਸ਼ ਬੇਬੁਨਿਆਦ ਸਨ। ਦਰਅਸਲ, ਉਹ ਅਮਰੀਕਾ ਪਹੁੰਚ ਕੇ ਸਾਡੀ ਨੂੰਹ ਬਣ ਕੇ ਰਹਿਣਾ ਹੀ ਨਹੀਂ ਸੀ ਚਾਹੁੰਦੀ ਪਰ ਰੱਬ ਜਾਣੇ ਸ. ਜੰਡੀ ਨੇ ਗਲਤ ਸ਼ਖਸ ਦੀ ਮਦਦ ਕਰਕੇ ਸਾਨੂੰ ਝੂਠੇ ਕੇਸਾਂ ਵਿਚ ਫਸਾਉਣ ਦੀ ਕੋਸ਼ਿਸ਼ ਕਿਉਂ ਕੀਤੀ?


Indian Oven

11000, I-40 East, Amarillo Texas – 79118
(Exit 77, Right Hand Side)
Ph: 1-806-335-3600

ਪੰਜਾਬੀ ਵੈਸ਼ਨੂ ਅਤੇ ਗੈਰ ਵੈਸ਼ਨੂ
ਤਾਜ਼ੀ ਰੋਟੀ, ਪਰਾਂਠੇ ਅਤੇ ਨਾਨ



Breakfast, Lunch & Dinner (Buffet 11 to 3, Every Day)

Easy Truck Parking
Special Deals For Truckers

ਆਈ-40 ਵੈਸਟ ਵਾਲੇ ਪਾਸਿਓਂ ਖੱਬੇ ਹੱਥ
ਆਈ-40 ਈਸਟ ਵਾਲੇ ਪਾਸਿਓਂ ਸੱਜੇ ਹੱਥ


www.punjabtimesusa.com


FARMERS INSURANCE GROUP — Symbol of Superior Service
FARMERS

Now at new location: 2774 Aborn Road , San Jose, CA 95121

ਆਪਣੀ ਕਾਰ ਜਾਂ ਆਪਣੇ ਘਰ ਦੀ ਇੰਸ਼ੋਰੈਂਸ ਕਵਰੇਜ ਬਾਰੇ ਤੁਹਾਡੇ ਮਨ ਵਿਚ ਕੋਈ ਸਵਾਲ ਹੈ? ਬਿਨਾਂ ਝਿਜਕ ਸਾਨੂੰ ਕਾਲ ਕਰੋ।

*"Call for a review of any of your insurance policies or to get a quote"*
*Totally Free and No Obligation to buy from us!!*



Satwant Singh
Insurance Agent
License # OH11256

*Auto *Home *Life *Business *Workers Compensation

Call for consultation
Ph: 408-771-2438
*408-580-6063, 408-687-7566*
Fax: 408-273-6001
*SSINGH6@FARMERSAGENT.COM*

*ਪਾਲਿਸੀ (ਅਤੇ ਪ੍ਰਾਸਪੈਕਟਸ, ਜਿਥੇ ਲਾਗੂ ਹੋਵੇ) ਸਿਰਫ ਅੰਗ੍ਰੇਜ਼ੀ ਵਿਚ ਉਪਲਬਧ ਹੈ। ਝਗੜੇ ਦੀ ਸੂਰਤ ਵਿਚ ਇਹੋ ਰੂਪ ਸਹੀ ਮੰਨਿਆ ਜਾਏਗਾ।*

*Call us to know about special discounts for nurses, teachers, engineers, pharmacists, doctors and more professionals to get low prices.**

*"Discounts apply to selected property and casualty coverages, perils, and policy types only and may vary by state and eligibility. To the extent permitted by law, applicants are individually underwritten; not all applicants may qualify."



Reliable and Experienced Real Estate Professional

ਘਰ ਅਤੇ ਹੋਰ ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ
ਗੁਰਬੰਸ ਸਿੰਘ ਗਿੱਲ ਫੋਨ: 209-815-1869

*Bay Area *Tracy *Manteca * Lathrop * Weston Ranch *Stockton *Lodi *Elk Grove *Sacramento *Modesto *Turlock *Brentwood *Antioch *Oakley *Discovery Bay

We Specialize in Bankowned, Foreclosure and Short Sale Homes

ਜੇ ਤੁਸੀਂ ਆਪਣਾ ਘਰ ਸ਼ਾਰਟਸੇਲ 'ਤੇ ਵੇਚਣਾ ਚਾਹੁੰਦੇ ਹੋ

If you want to sell your house in shortsale, first call 209-815-1869
*We are certified Home Afordable Foreclosure Alternative (HAFA) specilist in shortsale of homes.*



Gurbans Singh Gill
Realtor
13 Years Experiance in Real Estate
e-mail: gurbans@gotracy.com
Fax: 209-836-0706
www.gotracy.com

Rent 'ਤੇ ਘਰ ਲੈਣਾ ਹੋਵੇ ਜਾਂ Rent 'ਤੇ ਘਰ ਦੇਣਾ ਹੋਵੇ

REALTY WORLD Millennium

Gurbans Gill 209-815-1869

# ਬਾਦਲਾਂ ਦੀ ਟਰਾਂਸਪੋਰਟ ਰੋਡਵੇਜ਼ 'ਤੇ ਭਾਰੂ

## ਪੰਜਾਬ ਦੀਆਂ 7500 ਬੱਸਾਂ 'ਚੋਂ 4000 ਪ੍ਰਾਈਵੇਟ



**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਪੰਜਾਬ ਰੋਡਵੇਜ, ਪੈਪਸੂ ਰੋਡ ਟਰਾਂਸਪੋਰਟ ਕਾਰਪੋਰੇਸ਼ਨ ਤੇ ਪਨਬੱਸ ਅਜਿਹੇ ਸਰਕਾਰੀ ਅਦਾਰਿਆਂ ਦੀਆਂ ਬੱਸਾਂ ਲਗਾਤਾਰ ਘਾਟੇ ਵਿਚ ਜਾ ਰਹੀਆਂ ਹਨ ਪਰ ਵੱਡੇ ਸਿਆਸੀ ਆਗੂਆਂ ਦੀਆਂ ਪ੍ਰਾਈਵੇਟ ਬੱਸਾਂ ਨੇ ਪਿਛਲੇ ਪੰਜ ਸਾਲਾਂ ਦੌਰਾਨ ਬੇਤਹਾਸ਼ਾ ਤਰੱਕੀ ਕਰਦਿਆਂ ਆਪਣਾ ਗਲਬਾ ਕਾਇਮ ਕਰ ਲਿਆ ਹੈ। ਪੰਜਾਬ ਵਿਚ ਇਸ ਵੇਲੇ ਸੜਕਾਂ 'ਤੇ ਤਕਰੀਬਨ 7500 ਬੱਸਾਂ ਹਨ ਜਿਨ੍ਹਾਂ ਵਿਚੋਂ 4000 ਪ੍ਰਾਈਵੇਟ ਅਪਰੇਟਰਾਂ ਦੀਆਂ ਤੇ ਬਾਕੀ 3500 ਪੰਜਾਬ ਰੋਡਵੇਜ, ਪੈਪਸੂ ਰੋਡ ਟਰਾਂਸਪੋਰਟ ਕਾਰਪੋਰੇਸ਼ਨ ਜਾਂ ਪਨਬੱਸ ਦੀਆਂ ਹਨ।

ਇਹ ਵੀ ਤੱਥ ਹੈ ਕਿ ਰਾਜ ਵਿਚ ਜਿਹੜੀਆਂ ਕੁੱਲ 17 ਸੁਪਰ ਡੀਲਕਸ (ਮਰਸਡੀਜ਼ ਬੈਂਜ਼) ਹਨ, ਉਹ ਸਾਰੀਆਂ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਤੇ ਉਨ੍ਹਾਂ ਦੇ ਪੁੱਤਰ ਉਪ-ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਦੇ ਸਿੱਧੇ ਕੰਟਰੋਲ ਹੇਠ ਹਨ। ਪੀ.ਆਰ.ਟੀ.ਸੀ. ਕੋਲ 48 ਏ.ਸੀ. ਵੋਲਵੋ ਤੇ 14 ਡੀਲਕਸ ਬੱਸਾਂ ਹਨ, ਇਸੇ ਤਰ੍ਹਾਂ ਪੰਜਾਬ ਰੋਡਵੇਜ਼ ਕੋਲ 84 ਏ.ਸੀ. ਵੋਲਵੋ ਤੇ 23 ਡੀਲਕਸ ਬੱਸਾਂ ਹਨ ਜਦਕਿ ਪ੍ਰਾਈਵੇਟ ਸੈਕਟਰ ਕੋਲ 203 ਏ.ਸੀ. ਵੋਲਵੋ ਤੇ 75 ਡੀਲਕਸ ਬੱਸਾਂ ਹਨ। ਇਹ ਲਗਜ਼ਰੀ ਬੱਸਾਂ ਜਿੱਥੇ ਟੈਕਸ ਵਿਚ ਵੱਡੀ ਛੋਟ ਲੈ ਰਹੀਆਂ ਹਨ, ਉਥੇ ਇਨ੍ਹਾਂ ਕੋਲ ਮੁਸਾਫਰਾਂ ਦੀ ਗਿਣਤੀ ਵੀ ਵੱਧ ਹੈ। ਅਜਿਹੀਆਂ 464 ਲਗਜ਼ਰੀ ਬੱਸਾਂ ਵਿਚੋਂ 167 ਸਿੱਧੇ ਜਾਂ ਅਸਿੱਧੇ ਤੌਰ 'ਤੇ ਬਾਦਲ ਪਰਿਵਾਰ ਦੇ ਕੰਟਰੋਲ ਹੇਠ ਹਨ।

ਬਾਦਲ ਪਰਿਵਾਰ ਤੋਂ ਇਲਾਵਾ ਪੰਜਾਬ ਵਿਧਾਨ ਸਭਾ ਦੇ ਸਪੀਕਰ ਨਿਰਮਲ ਸਿੰਘ ਕਾਹਲੋਂ, ਭਾਜਪਾ ਵਿਧਾਇਕ ਜਗਦੀਸ਼ ਸਾਹਨੀ, ਸਾਬਕਾ ਕਾਂਗਰਸੀ ਵਿਧਾਇਕ ਅਵਤਾਰ ਹੈਨਰੀ, ਅਮਰੀਕ ਸਿੰਘ ਢਿੱਲੋਂ ਤੇ ਜਸਬੀਰ ਸਿੰਘ ਗਿੱਲ (ਡਿੰਪਾ) ਪ੍ਰਾਈਵੇਟ ਬੱਸ ਅਪਰੇਟਰਾਂ 'ਚ ਸ਼ਾਮਲ ਹਨ। ਇਸੇ ਤਰ੍ਹਾਂ ਕਾਂਗਰਸੀ ਵਿਧਾਇਕ ਅਮਰਜੀਤ ਸਿੰਘ ਸਮਰਾ ਤੇ ਮਰਹੂਮ ਵਿਧਾਇਕਾਂ ਦਿਲਬਾਗ ਸਿੰਘ ਨਵਾਂ ਸ਼ਹਿਰ ਤੇ ਕ੍ਰਿਪਾਲ ਸਿੰਘ ਲਿਬੜਾ ਦੇ ਪਰਿਵਾਰਾਂ ਦੀਆਂ ਵੀ ਪ੍ਰਾਈਵੇਟ ਬੱਸਾਂ ਚੱਲਦੀਆ ਹਨ। ਸ. ਪ੍ਰਕਾਸ਼ ਸਿੰਘ ਬਾਦਲ ਨੇ 2007 ਦੀਆਂ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਲੰਬੀ ਹਲਕੇ ਦੇ ਰਿਟਰਨਿੰਗ ਅਫਸਰ ਕੋਲ ਜੋ ਹਲਫਨਾਮਾ ਦਿੱਤਾ ਸੀ, ਉਸ ਵਿਚ ਉਨ੍ਹਾਂ ਡੱਬਵਾਲੀ ਟਰਾਂਸਪੋਰਟ ਤੇਰੇਅਲ ਐਸਟੇਟ ਤੇ ਬਾਜ਼ ਟਰਾਂਸਪੋਰਟ ਪ੍ਰਾਈਵੇਟ ਲਿਮਟਿਡ ਵਿਚ ਹਿੱਸੇਦਾਰੀ ਹੋਣ ਦਾ ਐਲਾਨ ਕੀਤਾ ਸੀ।

ਇਸੇ ਤਰ੍ਹਾਂ ਅਵਤਾਰ ਹੈਨਰੀ ਨੇ ਆਪਣੇ ਤੇ ਆਪਣੀ ਪਤਨੀ ਦੀ ਕਰਤਾਰ ਬੱਸ ਸਰਵਿਸ 'ਚ ਹਿੱਸੇਦਾਰੀ ਹੋਣ ਤੋਂ ਇਲਾਵਾ ਆਪਣੇ 27 ਟਰੱਕ ਹੋਣ ਬਾਰੇ ਜਾਣਕਾਰੀ ਦਿੱਤੀ ਸੀ। ਜਸਬੀਰ ਸਿੰਘ ਗਿੱਲ ਉਰਫ ਡਿੰਪਾ ਨੇ ਵੀ ਨਿਊ ਪਿਆਰ ਬੱਸ ਸਰਵਿਸ ਵਿਚ ਹਿੱਸੇਦਾਰੀ ਹੋਣ ਬਾਰੇ ਦੱਸਿਆ ਸੀ। ਬਠਿੰਡਾ ਦੇ ਜ਼ਿਲ੍ਹਾ ਟਰਾਂਸਪੋਰਟ ਦਫਤਰ (ਡੀ.ਟੀ.ਓ.) ਕੋਲ ਵੱਖੋ-ਵੱਖ ਕੰਪਨੀਆਂ ਤੇ ਫਰਮਾਂ ਦੀਆਂ 280 ਪ੍ਰਾਈਵੇਟ ਬੱਸਾਂ ਰਜਿਸਟਰਡ ਹਨ ਤੇ ਇਨ੍ਹਾਂ ਵਿੱਚੋਂ ਅੱਧੀਆਂ ਬਾਦਲ ਪਰਿਵਾਰ ਦੀਆਂ ਦੱਸੀਆਂ ਜਾਂਦੀਆਂ ਹਨ। ਇਹ ਕੰਪਨੀਆਂ ਬਠਿੰਡਾ ਤੋਂ ਪੰਜਾਬ ਦੇ ਵੱਖ-ਵੱਖ ਹਿੱਸਿਆਂ ਵੱਲ ਆਪਣੀਆਂ ਬੱਸਾਂ ਚਲਾਉਂਦੀਆ ਹਨ। ਇਨ੍ਹਾਂ 'ਚ ਡੱਬਵਾਲੀ ਟਰਾਂਪੋਰਟ ਕੰਪਨੀ, ਔਰਬਿਟ ਟਰਾਂਸਪੋਰਟ, ਤਾਜ ਟਰੈਵਲਜ਼, ਰਘੂ ਰਾਜ ਟਰਾਂਸਪੋਰਟ ਕੰਪਨੀ, ਫਤਹਿ ਟਰਾਂਸਪੋਰਟ ਕੰਪਨੀ, ਆਹਲੂਵਾਲੀਆ ਟਰਾਂਸਪੋਰਟ ਕੰਪਨੀ, ਨਿਊ ਗੁਰੂ ਕਾਂਸ਼ੀ ਰੋਡ ਲਾਈਨਜ਼, ਦੀਪ ਬੱਸ ਸਰਵਿਸ, ਦਸਮੇਸ਼ ਟਰਾਂਸਪੋਰਟ, ਜਲਾਲ ਟਰਾਂਸਪੋਰਟ ਤੇ ਅਜਿਹੀਆਂ ਕੁਝ ਹੋਰ ਸ਼ਾਮਲ ਹਨ। ਪ੍ਰਾਈਵੇਟ ਬੱਸ ਅਪਰੇਟਰਾਂ ਵੱਲੋਂ ਵੱਧ ਸਵਾਰੀਆਂ ਵਾਲੇ ਸਮੇਂ ਤੇ ਕਮਾਈ ਵਾਲੇ ਖਾਸ ਲੰਮੇ ਰੂਟਾਂ 'ਤੇ ਬੱਸਾਂ ਚਲਾਈਆਂ ਜਾਂਦੀਆਂ ਹਨ ਜਦਕਿ ਸਰਕਾਰੀ ਬੱਸਾਂ ਇਨ੍ਹਾਂ ਕੋਲੋਂ ਬਚਦੇ ਰੂਟਾਂ ਜਾਂ ਦੂਰ-ਦਰਾਜ ਦੇ ਪੇਂਡੂ ਖੇਤਰਾਂ 'ਚ ਚੱਲਦੀਆਂ ਹਨ। ਪਿਛਲੇ ਸਾਲ ਦਸੰਬਰ 'ਚ ਕਿਰਾਇਆਂ 'ਚ ਸੋਧ ਤੋਂ ਪਹਿਲਾਂ ਪੰਜਾਬ ਰੋਡਵੇਜ਼ 90 ਕਰੋੜ ਰੁਪਏ ਤੇ ਪੀ.ਆਰ.ਟੀ.ਸੀ. 9 ਕਰੋੜ ਰੁਪਏ ਦੇ ਘਾਟੇ ਵਿਚ ਚੱਲ ਰਹੀਆਂ ਸਨ।

ਸੀਨੀਅਰ ਕਮਿਊਨਿਸਟ ਆਗੂ ਜੋਗਿੰਦਰ ਦਿਆਲ ਦਾ ਕਹਿਣਾ ਹੈ ਕਿ ਰਾਜ ਵਿਚ ਪ੍ਰਾਈਵੇਟ ਬੱਸ ਅਪਰੇਟਰਾਂ ਨੂੰ ਸਿਆਸਤਦਾਨਾਂ ਦੀ ਸਰਪ੍ਰਸਤੀ ਹਾਸਲ ਹੈ। ਸ਼੍ਰੋਮਣੀ ਅਕਾਲੀ ਦਲ ਜਿੱਥੇ ਆਪਣੇ ਆਪ ਨੂੰ ਪੇਂਡੂਆਂ ਤੇ ਕਿਸਾਨਾਂ ਦੀ ਪਾਰਟੀ ਦੱਸਦਾ ਹੈ, ਉੱਥੇ ਇਹ ਗੁਆਂਢੀ ਰਾਜਾਂ ਨਾਲੋਂ ਡੀਜ਼ਲ ਦੀਆ, ਕੀਮਤਾਂ ਵੀ ਘੱਟ ਰੱਖਦਾ ਹੈ। ਇਸ ਦਾ ਕੁਝ ਫਾਇਦਾ ਭਾਵੇਂ ਕਿਸਾਨਾਂ ਨੂੰ ਹੁੰਦਾ ਹੈ ਪਰ ਵੱਡਾ ਫਾਇਦਾ ਬਾਦਲ ਪਰਿਵਾਰ ਸਮੇਤ ਹੋਰ ਵੱਡੇ ਟਰਾਂਸਪੋਰਟਰ ਉਠਾਉਂਦੇ ਹਨ। ਇਸ ਦੇ ਨਾਲ ਹੀ ਪੰਜਾਬ 'ਚ ਬੱਸ ਕਿਰਾਇਆ 66 ਪੈਸੇ ਪ੍ਰਤੀ ਕਿਲੋਮੀਟਰ ਹੈ ਜਦਕਿ ਉਤਰਾਖੰਡ 'ਚ ਇਹ 63 ਪੈਸੇ ਕਿਲੋਮੀਟਰ ਹੈ ਜਦਕਿ ਉੱਥੇ ਡੀਜ਼ਲ ਪੰਜਾਬ ਨਾਲੋਂ ਤਿੰਨ ਰੁਪਏ ਪ੍ਰਤੀ ਲਿਟਰ ਮਹਿੰਗਾ ਹੈ। ਇਸੇ ਤਰ੍ਹਾਂ ਹਰਿਆਣਾ ਵਿਚ ਡੀਜ਼ਲ 39.54 ਰੁਪਏ ਪ੍ਰਤੀ ਲੀਟਰ ਹੈ ਜਦਕਿ ਬੱਸ ਕਿਰਾਇਆ 62.05 ਪੈਸੇ ਪ੍ਰਤੀ ਕਿਲੋਮੀਟਰ ਹੈ।

# ਸ਼ਾਰਜਾਹ ਵਿਚ 17 ਪੰਜਾਬੀਆਂ ਦੀ ਰਿਹਾਈ ਟਲੀ

**ਚੰਡੀਗੜ੍ਹ:** ਸ਼ਾਰਜਾਹ ਦੀ ਜੇਲ੍ਹ ਵਿਚ ਬੰਦ 17 ਭਾਰਤੀ ਨੌਜਵਾਨਾਂ ਦੀ ਰਿਹਾਈ ਰੁਕ ਗਈ ਹੈ ਤੇ ਇਹ ਹੁਣ ਕਦੋਂ ਰਿਹਾਅ ਹੋਣਗੇ ਇਸ ਬਾਰੇ ਫਿਲਹਾਲ ਕੁਝ ਨਹੀਂ ਕਿਹਾ ਜਾ ਸਕਦਾ। ਪਹਿਲਾਂ ਇਨ੍ਹਾਂ ਨੇ 25 ਸਤੰਬਰ ਤਕ ਭਾਰਤ ਪੁੱਜਣਾ ਸੀ ਤੇ ਇਸੇ ਲਈ ਨੌਜਵਾਨਾਂ ਦੇ ਘਰਾਂ ਵਿਚ 'ਘਿਉ ਦੇ ਦੀਵੇ' ਬਾਲਣ ਦੀ ਤਿਆਰੀ ਕੀਤੀ ਜਾ ਚੁੱਕੀ ਸੀ ਪਰ ਹੁਣ ਇਹ ਖੁਸ਼ੀਆਂ ਇਕ ਵਾਰ ਫੇਰ ਉਦਾਸੀ ਨੇ ਘੇਰ ਲਈਆਂ ਹਨ।

### ਅਦਾਲਤ ਦੇ ਅਚਾਨਕ ਫੈਸਲੇ ਨਾਲ ਹੈਰਾਨੀ ਹੋਈ : ਓਬਰਾਏ

ਪਾਕਿਸਤਾਨ ਦੇ ਨਾਗਰਿਕ ਮਿਸਰੀ ਖਾਨ ਦੇ ਕਤਲ ਦੇ ਮਾਮਲੇ ਵਿਚ ਸਜ਼ਾ-ਏ-ਮੌਤ ਦਾ ਸਾਹਮਣਾ ਕਰ ਰਹੇ ਇਨ੍ਹਾਂ ਨੌਜਵਾਨਾਂ ਦਾ ਪੀੜਤ ਪਰਿਵਾਰ ਨਾਲ ਸਮਝੌਤਾ ਹੋ ਚੁੱਕਿਆ ਹੈ ਪਰ ਹਾਲੇ ਹੋਰ ਕੋਈ ਕਾਨੂੰਨੀ ਝਮੇਲਾ ਬਾਕੀ ਰਹਿੰਦਾ ਹੋਣ ਦੀ ਸੰਭਾਵਨਾ ਕਾਰਨ ਇਹ ਰਿਹਾਈ ਟਲ ਗਈ। ਸਮਝੌਤੇ ਮਗਰੋਂ ਨੌਜਵਾਨਾਂ ਨੂੰ ਜੇਲ੍ਹ ਦੀਆਂ ਕੋਠੜੀਆਂ ਵਿਚੋਂ ਕੱਢ ਕੇ ਬਾਹਰ ਲਿਆਂਦਾ ਗਿਆ ਸੀ ਤੇ ਅਚਾਨਕ ਹੀ ਇਨ੍ਹਾਂ ਨੂੰ ਜਦੋਂ ਮੁੜ ਕੋਠੜੀਆਂ ਵਿਚ ਬੰਦ ਕੀਤਾ ਗਿਆ ਤਾਂ ਇਹ ਸਾਰੇ ਹੱਕੇ-ਬੱਕੇ ਰਹਿ ਗਏ। ਹਾਲੇ ਤਕ ਪੁਲਿਸ ਤੇ ਨਿਆਂ ਵਿਭਾਗ ਦੇ ਕਿਸੇ ਅਧਿਕਾਰੀ ਨੇ ਅਜਿਹਾ ਕਰਨ ਦੇ ਕਾਰਨ ਬਾਰੇ ਨਹੀਂ ਦੱਸਿਆ। ਨੌਜਵਾਨਾਂ ਨੂੰ ਛੁਡਵਾਉਣ ਲਈ ਪੂਰੀ ਜਾਨ ਲੜਾ ਰਹੇ ਦੁਬਈ ਸਥਿਤ ਕਾਰੋਬਾਰੀ ਐਸ.ਪੀ. ਸਿੰਘ ਓਬਰਾਏ ਨੇ ਦੱਸਿਆ, "ਅੱਜ ਜਦੋਂ ਸਾਨੂੰ ਪਤਾ ਲੱਗਾ ਕਿ ਮੁੰਡਿਆਂ ਨੂੰ ਮੁੜ ਕੋਠੜੀਆਂ ਵਿਚ ਬੰਦ ਕਰ ਦਿੱਤਾ ਗਿਆ ਹੈ ਤਾਂ ਅਸੀਂ ਹੈਰਾਨ ਰਹਿ ਗਏ।

ਉਨ੍ਹਾਂ ਦੱਸਿਆ, "ਅਸੀਂ ਤਾਂ ਨੌਜਵਾਨਾਂ ਦੀ ਭਾਰਤ ਵਾਪਸੀ ਲਈ ਸਾਰੀਆਂ ਤਿਆਰੀਆਂ ਮੁਕੰਮਲ ਕਰ ਲਈਆਂ ਸਨ। ਅਸੀਂ ਪੁਲਿਸ ਤੋਂ ਇਜਾਜ਼ਤ ਲੈ ਲਈ ਸੀ ਤੇ ਭਾਰਤ ਵਾਪਸੀ ਲਈ ਸਾਰੀਆਂ ਕਾਰਵਾਈਆਂ ਪੂਰੀ ਕਰੀ ਬੈਠੇ ਸਨ, ਸਾਨੂੰ ਨਹੀਂ ਸੀ ਪਤਾ ਕਿ ਨਵਾਂ ਭਾਣਾ ਵਰਤ ਜਾਵੇਗਾ।'' ਇਸੇ ਸਾਲ ਉਨ੍ਹਾਂ ਆਸ ਪ੍ਰਗਟਾਈ ਸੀ ਕਿ ਵਕੀਲਾਂ ਦੀ ਮਦਦ ਨਾਲ ਇਹ ਨਵਾਂ ਅੜਿੱਕਾ ਵੀ ਛੇਤੀ ਪਾਰ ਕਰ ਲਿਆ ਜਾਵੇਗਾ। ਸਭ ਤੋਂ ਪਹਿਲਾਂ ਇਹ ਪਤਾ ਕਰਨ ਦੀ ਕੋਸ਼ਿਸ਼ ਕੀਤੀ ਜਾਵੇਗੀ ਕਿ ਐਨ ਮੌਕੇ ਰਿਹਾਈ 'ਚ ਕੀ ਵਿਘਨ ਪੈ ਗਿਆ ਤੇ ਉਸ ਤੋਂ ਬਾਅਦ ਨੌਜਵਾਨਾਂ ਦੀ ਤੁਰੰਤ ਰਿਹਾਈ ਲਈ ਅਰਜ਼ੀ ਦਾਖਲ ਕੀਤੀ ਜਾਵੇਗੀ।

# ਨੌਜਵਾਨਾਂ ਦੀ ਭਲਾਈ ਦੇ ਨਾਂ 'ਤੇ ਸਰਕਾਰੀ ਖ਼ਜ਼ਾਨੇ ਨੂੰ ਸੰਨ੍ਹ



**ਚੰਡੀਗੜ੍ਹ:** ਅਕਾਲੀ-ਭਾਜਪਾ ਸਰਕਾਰ ਵੱਲੋਂ ਨੌਜਵਾਨਾਂ ਦੀ ਭਲਾਈ ਲਈ ਫਰਵਰੀ 2009 ਵਿਚ ਗਠਿਤ ਕੀਤੇ ਪੰਜਾਬ ਰਾਜ ਯੂਥ ਵਿਕਾਸ ਬੋਰਡ ਕਾਰਨ ਰਾਜ ਦੇ ਖ਼ਜ਼ਾਨੇ ਨੂੰ ਲੱਖਾਂ ਰੁਪਏ ਦਾ ਖੋਰਾ ਲੱਗਿਆ ਹੈ। ਹੁਣ ਤੱਕ ਇਸ ਬੋਰਡ ਦੀਆਂ ਸਿਰਫ ਦੋ ਮੀਟਿੰਗਾਂ ਹੋਈਆਂ ਹਨ ਜਦਕਿ ਬੋਰਡ ਦੇ ਚੇਅਰਮੈਨ ਤੇ ਵਾਈਸ ਚੇਅਰਮੈਨ ਨੂੰ ਸਰਕਾਰ ਵੱਲੋਂ ਵੱਡੀਆਂ ਸਹੂਲਤਾਂ ਦਿੱਤੀਆਂ ਜਾ ਰਹੀਆਂ ਹਨ। ਇਹ ਖੁਲਾਸਾ ਸ਼ਹੀਦ ਭਗਤ ਸਿੰਘ ਨੌਜਵਾਨ ਸਭਾ ਦੀ ਪੰਜਾਬ ਤੇ ਹਰਿਆਣਾ ਇਕਾਈ ਵੱਲੋਂ ਕੀਤਾ ਗਿਆ ਹੈ। ਸਭਾ ਵੱਲੋਂ ਸੂਚਨਾ ਅਧਿਕਾਰ ਕਾਨੂੰਨ ਤਹਿਤ ਹਾਸਲ ਜਾਣਕਾਰੀ ਅਨੁਸਾਰ ਬੋਰਡ ਨੇ ਆਪਣੇ ਢਾਈ ਸਾਲ ਦੇ ਅਰਸੇ ਦੌਰਾਨ ਸਿਰਫ ਦੋ ਮੀਟਿੰਗਾਂ ਕੀਤੀਆਂ ਹਨ ਪਰ ਰਾਜ ਨੂੰ ਲੱਖਾਂ ਰੁਪਏ ਦਾ ਚੂਨਾ ਲਾਇਆ ਹੈ।

ਹਾਸਲ ਜਾਣਕਾਰੀ ਮੁਤਾਬਕ ਬੋਰਡ ਦੇ ਚੇਅਰਮੈਨ ਨੂੰ 25 ਹਜ਼ਾਰ ਰੁਪਏ ਪ੍ਰਤੀ ਮਹੀਨਾ 'ਸੇਵਾ ਫਲ' ਦਿੱਤਾ ਜਾ ਰਿਹਾ ਹੈ। ਇਸ ਤੋਂ ਇਲਾਵਾ 25 ਹਜ਼ਾਰ ਰੁਪਏ ਮਕਾਨ ਦਾ ਕਿਰਾਇਆ, 1000 ਰੁਪਏ ਟੈਲੀਫੋਨ ਦਾ ਖਰਚਾ ਤੇ 250 ਲਿਟਰ ਪੈਟਰੋਲ ਜਾਂ 490 ਲਿਟਰ ਡੀਜ਼ਲ ਦਾ ਖਰਚਾ ਵੀ ਦਿੱਤਾ ਜਾ ਰਿਹਾ ਹੈ। ਇਸ ਬੋਰਡ ਦੇ ਉਪ ਚੇਅਰਮੈਨ ਨੂੰ ਵੀ ਉਕਤ ਸਾਰੀਆਂ ਸਹੂਲਤਾਂ ਦਿੱਤੀਆਂ ਜਾ ਰਹੀਆਂ ਹਨ। ਪੰਜਾਬ ਸਰਕਾਰ ਨੇ 27 ਫਰਵਰੀ 2009 ਨੂੰ ਪੰਜਾਬ ਰਾਜ ਯੂਥ ਵਿਕਾਸ ਬੋਰਡ ਦਾ ਗਠਨ ਕੀਤਾ ਸੀ ਤੇ ਇਸ ਦੀ ਮਿਆਦ ਤਿੰਨ ਸਾਲ ਮਿਥੀ ਗਈ।

ਇਸ ਬੋਰਡ ਨੇ ਨੌਜਵਾਨਾਂ ਦੀ ਭਲਾਈ ਲਈ ਵੱਡੇ ਕੰਮ ਕਰਨੇ ਸਨ ਪਰ ਹੁਣ ਤੱਕ ਬੋਰਡ ਨੇ ਸਿਰਫ ਦੋ ਮੀਟਿੰਗਾਂ ਕਰਕੇ ਵੱਡੇ 'ਮਾਅਰਕੇ' ਮਾਰ ਲਏ ਹਨ। ਬੋਰਡ ਲਈ 11 ਮੈਂਬਰੀ ਕਮੇਟੀ ਦਾ ਗਠਨ ਕੀਤਾ ਗਿਆ ਸੀ ਜਿਸ 'ਚੋਂ ਚੇਅਰਮੈਨ ਤੇ ਵਾਈਸ ਚੇਅਰਮੈਨ ਬਣਾਏ ਗਏ ਹਨ। ਬਾਕੀ ਨੌਂ ਮੈਂਬਰ 'ਨਾਨ ਆਫੀਸ਼ਲ ਮੈਂਬਰ' ਵਜੋਂ ਇਸ ਕਮੇਟੀ ਵਿਚ ਸ਼ਾਮਲ ਕੀਤੇ ਗਏ ਸਨ। ਪੰਜਾਬ ਸਰਕਾਰ ਦੇ ਗਜ਼ਟ ਮੁਤਾਬਕ ਇਸ ਕਮੇਟੀ ਦੇ ਚੇਅਰਮੈਨ ਨੂੰ ਰਾਜ ਮੰਤਰੀ ਦਾ ਦਰਜਾ ਪ੍ਰਾਪਤ ਹੈ।

ਬੋਰਡ ਦੇ ਗਠਨ ਉਪਰੰਤ ਇਨ੍ਹਾਂ ਆਗੂਆਂ ਨੇ ਹੁਣ ਤੱਕ ਦੋ ਮੀਟਿੰਗਾਂ 2011 ਵਿਚ ਹੀ ਕੀਤੀਆਂ ਹਨ ਜਦਕਿ 2009 ਤੇ 2010 ਦੌਰਾਨ ਇਨ੍ਹਾਂ ਨੇ ਨੌਜਵਾਨਾਂ ਦੀ ਭਲਾਈ ਲਈ ਇਕ ਵੀ ਮੀਟਿੰਗ ਕਰਨੀ ਵਾਜਬ ਨਹੀਂ ਸਮਝੀ। 24 ਜਨਵਰੀ, 2011 ਤੇ 25 ਜੁਲਾਈ, 2011 ਨੂੰ ਕੀਤੀਆਂ ਇਨ੍ਹਾਂ ਦੋਵੇਂ ਮੀਟਿੰਗਾਂ ਵਿਚ ਕੀਤੇ ਫੈਸਲਿਆਂ 'ਚ ਕੁੱਲ 13 ਨੁਕਤੇ ਵਿਚਾਰੇ ਗਏ। ਤਿੰਨ ਸਾਲਾਂ ਲਈ ਬਣੇ ਇਸ ਬੋਰਡ ਦੇ ਚੇਅਰਮੈਨ ਤੇ ਵਾਈਸ ਚੇਅਰਮੈਨ ਲਈ ਖਰਚ ਕੀਤੇ ਜਾਣ ਵਾਲੇ ਫੰਡਾਂ ਦਾ ਜੋੜ 50 ਲੱਖ ਰੁਪਏ ਤੋਂ ਵੱਧ ਬਣਦਾ ਹੈ।

## ਸੰਸਦ ਮੈਂਬਰਾਂ ਨੂੰ ਵੀ ਸ਼ੌਕ ਹਥਿਆਰਾਂ ਦਾ

# ਪਰਨੀਤ ਕੌਰ ਤੇ ਸੁਖਬੀਰ ਬਾਦਲ ਨੇ ਵੀ 'ਜ਼ਬਤ' ਹਥਿਆਰ ਖਰੀਦੇ

**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਬਸਪਾ ਸੁਪਰੀਮੋ ਮਾਇਆਵਤੀ, ਭਾਜਪਾ ਦੇ ਸ਼ਾਹਨਵਾਜ਼ ਹੁਸੈਨ, ਵਿਦੇਸ਼ ਰਾਜ ਮੰਤਰੀ ਪਰਨੀਤ ਕੌਰ, ਪੰਜਾਬ ਦੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ, ਹਰਿਆਣਾ ਦੇ ਮੁੱਖ ਮੰਤਰੀ ਭੁਪਿੰਦਰ ਸਿੰਘ ਹੁੱਡਾ ਤੇ ਇਨੈਲੋ ਦੇ ਅਜੈ ਚੌਟਾਲਾ ਉਨ੍ਹਾਂ 750 ਸੰਸਦ ਮੈਂਬਰਾਂ ਦੀ ਸ਼੍ਰੇਣੀ ਵਿਚ ਸ਼ਾਮਲ ਹਨ ਜਿਨ੍ਹਾਂ ਨੇ ਪਿਛਲੇ 25 ਸਾਲਾਂ ਦੌਰਾਨ ਜ਼ਬਤ ਕੀਤੇ ਗਏ ਹਥਿਆਰ ਖਰੀਦੇ ਹਨ। ਸੂਚਨਾ ਅਧਿਕਾਰ ਕਾਨੂੰਨ (ਆਰ.ਟੀ.ਆਈ.) ਤਹਿਤ ਹਾਸਲ ਜਾਣਕਾਰੀ ਮੁਤਾਬਕ 1990 ਦੇ ਦਹਾਕੇ ਦੇ ਸ਼ੁਰੂਆਤੀ ਸਾਲਾਂ ਵਿਚ ਜਿੱਥੇ ਆਰਮੀਨੀਅਸ ਤੇ ਅਰਮਾ ਰਿਵਾਲਵਰ ਸੰਸਦ ਮੈਂਬਰਾਂ ਦੀ ਮੁੱਖ ਪਸੰਦ ਸਨ, ਉੱਥੇ ਇਸ ਦਹਾਕੇ ਮਗਰੋਂ ਵੈਬਲੀ ਰਿਵਾਲਵਰ ਇਨ੍ਹਾਂ ਦੀ ਪਸੰਦ ਬਣ ਗਏ। ਪਿਛਲੇ ਦਹਾਕੇ ਵਿਚ .22 ਬੋਰ ਰਿਵਾਲਵਰ ਤੇ 7.65 ਐਮ.ਐਮ. ਵਾਲਦਰ ਪਿਸਤੌਲ ਜ਼ਿਆਦਾ ਪਸੰਦ ਕੀਤੇ ਜਾਣ ਲੱਗੇ।



ਪਟਿਆਲਾ ਤੋਂ ਲੋਕ ਸਭਾ ਮੈਂਬਰ ਤੇ ਵਿਦੇਸ਼ ਰਾਜ ਮੰਤਰੀ ਪਰਨੀਤ ਕੌਰ ਨੇ ਸਾਲ 2001 ਵਿਚ 34 ਹਜ਼ਾਰ ਰੁਪਏ ਖਰਚ ਕੇ ਮੈਗਨਮ ਰੂਜ਼ਰ ਰਿਵਾਲਵਰ ਖਰੀਦਿਆ ਸੀ। ਸਾਲ 1999 ਵਿਚਲੇ ਮੁੱਖ ਚੋਣ ਕਮਿਸ਼ਨਰ ਰਹੇ ਐਮ.ਐਸ. ਗਿੱਲ ਨੇ 24,750 ਰੁਪਏ ਖਰਚ ਕੇ ਐਸ. ਐਂਡ ਡਬਲਿਊ. ਰਿਵਾਲਵਰ ਲਿਆ। ਸੰਸਦ ਮੈਂਬਰ ਰਹਿ ਚੁੱਕੇ ਹਰਿਆਣਾ ਦੇ ਮੁੱਖ ਮੰਤਰੀ ਭੁਪਿੰਦਰ ਸਿੰਘ ਹੁੱਡਾ ਨੇ 1992 ਵਿਚ ਹਥਿਆਰ ਖਰੀਦੇ। ਹੁੱਡਾ ਦੇ ਵਿਰੋਧੀ ਅਜੈ ਚੌਟਾਲਾ ਨੇ ਵੀ ਸਾਲ 2000 ਵਿਚ ਇਕ ਸਟਾਰ ਪਿਸਤੌਲ ਖਰੀਦਿਆ ਸੀ। ਪੰਜਾਬ ਦੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੇ ਸਾਲ 1997 ਵਿਚ 7 ਹਜ਼ਾਰ ਖਰਚ ਕੇ ਇਕ ਲਾਮਾ ਪਿਸਤੌਲ ਖਰੀਦਿਆ ਸੀ। ਦਿੱਲੀ ਦੰਗਿਆਂ ਦੇ ਮੁਲਜ਼ਮ ਸੱਜਣ ਕੁਮਾਰ ਨੇ 1996 ਵਿਚ ਵੈਬਲੀ ਰਿਵਾਲਵਰ ਖਰੀਦਿਆ ਸੀ। ਆਰ.ਟੀ.ਆਈ. ਅਰਜ਼ੀ ਸਮਾਜ ਸੇਵਕ ਗੋਪਾਲ ਪ੍ਰਸਾਦ ਵੱਲੋਂ ਪਾਈ ਗਈ ਸੀ। ਇਸ ਦੇ ਜਵਾਬ ਵਿਚ ਕਸਟਮ ਕਮਿਸ਼ਨਰ ਨੇ ਇਹ ਜਾਣਕਾਰੀ ਦਿੱਤੀ। ਜੁਲਾਈ 2002 ਦੇ ਵਿੱਤ ਮੰਤਰਾਲੇ ਦੇ ਸਰਕੂਲਰ ਮੁਤਾਬਕ ਸਰਕਾਰ ਵੱਲੋਂ ਜ਼ਬਤ ਕੀਤੇ ਹਥਿਆਰ ਸੰਸਦ ਮੈਂਬਰਾਂ ਨੂੰ 'ਪਹਿਲਾਂ ਆਓ ਪਹਿਲਾਂ ਪਾਓ' ਤਹਿਤ ਵੇਚੇ ਜਾ ਸਕਦੇ ਹਨ। ਜੇਕਰ ਕਿਸੇ ਸੰਸਦ ਮੈਂਬਰ ਕੋਲ ਪਹਿਲਾਂ ਕੋਈ ਹਥਿਆਰ ਨਹੀਂ, ਉਸ ਹਾਲਤ ਵਿਚ ਉਹ ਇਹ ਹਥਿਆਰ ਲੈ ਸਕਦਾ ਹੈ। ਕੁਮਾਰੀ ਮਾਇਆਵਤੀ ਨੇ 1991 ਵਿਚ 4900 ਰੁਪਏ ਵਿਚ ਆਰਮੀਨੀਅਸ ਰਿਵਾਲਵਰ ਖਰੀਦਿਆ ਤੇ ਕਾਂਗਰਸ ਦੇ ਜਨਾਰਦਨ ਦਿਵੇਦੀ ਨੇ ਇਸ ਦਹਾਕੇ ਦੇ ਦੂਜੇ ਅੱਧ ਵਿਚ .32 ਬੋਰ ਦਾ ਐਸ. ਐਂਡ ਡਬਲਿਊ. ਰਿਵਾਲਵਰ ਪੌਣੇ ਦੋ ਲੱਖ 'ਚ ਖਰੀਦਿਆ।

ਸਾਬਕਾ ਸੰਸਦ ਮੈਂਬਰ ਤੇ ਫਿਲਹਾਲ ਜੇਲ੍ਹ ਵਿਚ ਬੰਦ ਅਤੀਕ ਅਹਿਮਦ ਨੇ ਹਥਿਆਰ ਖਰੀਦਣ 'ਤੇ ਸਭ ਤੋਂ ਵੱਧ ਰਕਮ ਖਰਚ ਕੀਤੀ। ਉਨ੍ਹਾਂ ਨੇ ਸਵਾ ਤਿੰਨ ਲੱਖ ਰੁਪਏ ਖਰਚ ਕੇ 'ਰਹਾਰ ਐਮ.-77 ਮਾਰਕ ਦੋ 30.66 ਐਮ.ਐਮ. ਰਾਈਫਲ ਖਰੀਦੀ। ਰਾਸ਼ਟਰਮੰਡਲ ਖੇਡ ਘਪਲੇ ਕਾਰਨ ਤਿਹਾੜ ਜੇਲ੍ਹ ਵਿਚ ਬੰਦ ਸੁਰੇਸ਼ ਕਲਮਾਡੀ ਨੇ ਸਾਲ 1995 ਵਿਚ 9,150 ਰੁਪਏ ਖਰਚ ਕੇ ਇਕ ਵੈਬਲੀ ਰਿਵਾਲਵਰ ਲਿਆ ਸੀ।

**SUPER TRAVEL**

847-676-9090, 773-465-5566

*E-mail: supertravel2003@yahoo.com*

*Lowest Fares With Excellent Service*

AMERICAN AIR, CONTINENTAL AIR



JET AIRWAYS DELTA, AIR INDIA, KLM, LUFTHANSA.

*For Emergency Call anytime at 847-673-3825*

EARLY BIRD SALE!!!!

India $545
London $250


# ਮਾਨ ਵੱਲੋਂ ਸ਼੍ਰੋਮਣੀ ਕਮੇਟੀ ਚੋਣਾਂ ਦੁਬਾਰਾ ਕਰਾਉਣ ਦੀ ਮੰਗ

**ਅੰਮ੍ਰਿਤਸਰ:** ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੇ ਪ੍ਰਧਾਨ ਸਿਮਰਨਜੀਤ ਸਿੰਘ ਮਾਨ ਨੇ ਸ਼੍ਰੋਮਣੀ ਕਮੇਟੀ ਦੀਆਂ ਚੋਣਾਂ ਨੂੰ ਰੱਦ ਕਰਕੇ ਮੁੜ ਕਰਵਾਉਣ ਦੀ ਵਕਾਲਤ ਕਰਦਿਆਂ ਕਿਹਾ ਹੈ ਕਿ ਇਨ੍ਹਾਂ ਚੋਣਾਂ ਵਿਚ ਗ਼ੈਰ ਸਿੱਖਾਂ ਵਲੋਂ ਵੋਟਾਂ ਪਾਉਣ ਤੇ ਹੋਰ ਵਾਪਰੀਆਂ ਘਟਨਾਵਾਂ ਲਈ ਜ਼ਿੰਮੇਵਾਰ ਗੁਰਦੁਆਰਾ ਚੋਣ ਕਮਿਸ਼ਨ, ਪੰਜਾਬ ਪੁਲੀਸ ਦੇ ਡਾਇਰੈਕਟਰ ਜਨਰਲ ਤੇ ਚੀਫ ਸੈਕਟਰੀ ਵਿਰੁੱਧ ਅਪਰਾਧਕ ਕੇਸ ਦਰਜ ਕੀਤੇ ਜਾਣ।

ਸ. ਮਾਨ ਨੇ ਕਿਹਾ ਕਿ ਚੋਣ ਕਮਿਸ਼ਨ ਦੇ ਆਦੇਸ਼ਾਂ ਦੇ ਬਾਵਜੂਦ ਜੋ ਕੁਝ ਵਾਪਰਿਆ ਤੇ ਜਿਵੇਂ ਗ਼ੈਰ ਸਿੱਖਾਂ ਨੇ ਵੋਟਾਂ ਪਾਈਆਂ, ਉਹ ਜਮਹੂਰੀਅਤ ਦਾ ਕਤਲ ਹੈ। ਉਨ੍ਹਾਂ ਕਿਹਾ ਕਿ ਚੋਣ ਕਮਿਸ਼ਨਰ ਵਲੋਂ ਚੋਣਾਂ ਦੌਰਾਨ ਹੋਈਆਂ ਧਾਂਦਲੀਆਂ ਦੀਆਂ ਅਖ਼ਬਾਰਾਂ ਵਿਚ ਛਪੀਆਂ ਰਿਪੋਰਟਾਂ ਨੂੰ ਨਾ ਮੰਨਣਾ ਮੀਡੀਏ ਦੀ ਬੇਇਜ਼ਤੀ ਹੈ। ਉਨ੍ਹਾਂ ਕਿਹਾ ਕਿ ਚੋਣ ਕਮਿਸ਼ਨਰ ਸ. ਐਚ.ਐਸ. ਬਰਾੜ ਵਾਪਰੇ ਸਭ ਕੁਝ ਲਈ ਜ਼ਿੰਮੇਵਾਰ ਹਨ। ਉਨ੍ਹਾਂ ਕਿਹਾ ਕਿ ਪੰਜਾਬ ਪੁਲੀਸ ਨੇ ਵੀ ਕੋਈ ਕਾਰਵਾਈ ਨਹੀਂ ਕੀਤੀ। ਉਨ੍ਹਾਂ ਕਿਹਾ ਕਿ ਸਰਕਾਰ 1909 ਦੇ ਆਨੰਦ ਮੈਰਿਜ ਐਕਟ ਨੂੰ ਤੁਰੰਤ ਲਾਗੂ ਕਰਕੇ ਸਿੱਖਾਂ ਦੀਆਂ ਭਾਵਨਾਵਾਂ ਦਾ ਸਤਿਕਾਰ ਕਰੇ।

## Matrimonials

### *ਜੀਵਨ ਸਾਥੀ ਦੀ ਲੋੜ*

ਬੀ.ਕਾਮ ਤੇ ਬਿਜਨਸ ਮੈਨੇਜਮੈਂਟ ਵਿਚ ਡਿਪਲੋਮਾ ਪ੍ਰਾਪਤ ਅਤੇ ਦਿੱਲੀ ਦੀ ਇਕ ਚੰਗੀ ਕਾਰੋਬਾਰੀ ਕੰਪਨੀ ਵਿਚ ਚੰਗੀ ਜਾਬ ਕਰਦੀ 28 ਸਾਲਾ, 5'6" ਖ਼ੂਬਸੂਰਤ ਰਵੀਦਾਸੀਆ ਲੜਕੀ ਲਈ ਕੈਨੇਡਾ ਜਾਂ ਅਮਰੀਕਾ ਦੇ ਸਿਟੀਜ਼ਨ ਲੜਕੇ ਦੀ ਲੋੜ ਹੈ। ਲੜਕੀ ਦਾ ਪਿਤਾ ਅਸ਼ੋਕਾ ਹੋਟਲ, ਨਵੀਂ ਦਿੱਲੀ ਦੇ ਗਜਟਿਡ ਅਹੁਦੇ ਤੋਂ ਸੇਵਾਮੁਕਤ ਅਤੇ ਮਾਮਾ ਅਮਰੀਕਾ ਵਿਚ। ਸੰਪਰਕ ਕਰੋ 559-495-9871 ਜਾਂ ਈਮੇਲ ਕਰੋ: kashmirkaur67@gmail.com

Suitable match for 29/5'-9" cleanshaven, slim, Ramgarhia Sikh boy, Software Engineer well settled in US.Caste no bar. Call: 425- 307-1050: Email:biodata/photo: psingh03850@gmail.com

Jatt Gursikh, 28 years old 5'11" US Citizen, doing Networking Eng. seeks educated Jatt Sikh girl atleast 5'5". Preference to Medical profession. Contact: 209-835-8767 or email laadi@sbcglobal.net

Looking for a widow/ divorcee independent professional lady in 60s to share walk & talk, views & cruises with retired US citizen physician, 78, wife died five years ago. No responsibilities. Call:315-383-2008

US/Canadian girl sought for Canadian citizen Kamboj Sikh cleanshave boy 27, 5' 7", Chem. engg., working with SNC Lavalin. No bars. Pl. contact: e-mail at: ravhanda@hotmail.com


# ਰੇਡੀਓ ਚੜ੍ਹਦੀ ਕਲਾ ਸੁਣੋ

RADIO CHARDI KALA

ਹੁਣ ਦੁਨੀਆਂ ਭਰ ਵਿਚ www.radiock.com 'ਤੇ

ਬੇਏਰੀਆ ਅਤੇ ਯੂਬਾ ਸਿਟੀ ਹਫਤੇ ਦੇ ਸੱਤੇ ਦਿਨ, 24 ਘੰਟੇ

ਧਾਰਮਿਕ, ਸਭਿਆਚਾਰਕ ਪ੍ਰੋਗਰਾਮ, ਤਾਜ਼ਾ ਖਬਰਾਂ, ਟਾਕ ਸ਼ੋਅ, ਗੁਰਦੁਆਰਾ ਸੈਨ ਹੋਜ਼ੇ ਤੋਂ ਗੁਰਬਾਣੀ ਦਾ ਸਿੱਧਾ ਪ੍ਰਸਾਰਣ

ਹੁਣ $40 ਵਾਲਾ ਵੱਡਾ ਰੇਡੀਓ ਸਿਰਫ $30 ਵਿਚ ਖਰੀਦੋ

ਬਹੁਤ ਹੀ ਵਧੀਆ ਕੁਆਲਿਟੀ

> Royal Bazar, San Jose
> Preet Fabric, Fremont
> Sidhartha International, Fremont
> Roshni, Union City
> Kash Fabrics, Hayward
> Maya Fashion, Newark
> LA Merchandise, Yuba City

DESI WORLD RADIO
Pure Desi Entertainment

*ਰੇਡੀਓ ਚੜ੍ਹਦੀ ਕਲਾ ਚੈਨਲ 1 'ਤੇ ਸੁਣੋ*

*ਹੋਰ ਜਾਣਕਾਰੀ ਲਈ ਕਾਲ ਕਰੋ*

ਗੁਰਚਰਨ ਸਿੰਘ ਮਾਨ ਫੋਨ 510-557-0061

ਲਖਬੀਰ ਸਿੰਘ ਫੋਨ 510-760-9882

*ਹੋਰ ਜਾਣਕਾਰੀ ਲਈ ਸਾਡੀ ਵੈਬਸਾਈਟ 'ਤੇ ਜਾਓ www.radiock.com*

***Radio CK, PO Box 296, Fremont, CA 94537***



# Philips-66 Truck Stop Convenience Store

## *For Lease to Own*

**11 Pumps, 30 Truck Parkings**
**Diesel & Gas**
**With Restaurant, Liquor, Lottery**
**Prime Location (4 States Traffic Area on State Hwy 71/I-44 in Missouri)**

Serious Parties Only, Please.

**Contact: 417-825-7602**

Email:shanmann5@gmail.com



# MRP TRAVEL

*Lowest International and Domestic Fares*

ARC FLY ANY AIRLINE OF YOUR CHOICE IATA

*Providing the lowest Air-fare, Cruise and Travel Packages to Asia, Africa, Europe, the Middle East and North America*

**408-929-8005**

E-mail:mrptravel@gmail.com
2123 Port Way, San Jose, CA 95133
*CST: 2097308-40*



*Passport & Visa services also available*

Asiana Airlines, Emirates, SINGAPORE AIRLINES, CATHAY PACIFIC, KOREAN AIR, Lufthansa, CHINA AIRLINES



*To Advertise with us*
***Call: 847-359-0746***
***Fax:847-705-9388***

*e-mial: punjabtimes1@sbcglobal.net*

*Visit us on the web:* ***punjabtimesusa.com***






# Business Opportunity

**International Company looking for serious people to work from home-part time or full time. Great earning potential, full training and support provided. To attend training in your area.**

**For more info. call:**

**Sukhpreet Kaur Indiana**
**Ph:317-884-3557**
**Sharanjeet Kaur**
**Ph:317-332-1387**

*spkaurus@yahoo.co.in - www.shopherbalife.com/skaur*



FARMERS INSURANCE GROUP — Symbol of Superior Service

**FARMERS®**

ਆਟੋ, ਘਰ, ਬਿਜਨਸ, ਲਾਈਫ ਇੰਸ਼ੋਰੈਂਸ ਚੰਗੇ ਭਾਅ ਉਤੇ ਕਰਵਾਉਣ ਲਈ ਸੇਵਾ ਦਾ ਮੌਕਾ ਦਿਓ, ਸਹੀ ਰਾਏ ਨਾਲ ਸਹੀ ਇੰਸ਼ੋਰੈਂਸ ਕਵਰੇਜ ਲਓ ਤੇ ਨਿਸ਼ਚਿੰਤ ਹੋ ਜਾਓ

***Auto *Home *Life *Umbrella**
***Business Work Comp.**

**Duabba Insurance Agency**

2450 Peralta Blvd Suite 120, Fremont CA 94536

**Phone: 510-797-7989 Fax: 510-794-7398**

visit us@ farmers.com



**Gurcharan Singh Mann**
**Insurance Agent**
License # 0C 70672

ਪਾਲਿਸੀ (ਅਤੇ ਪ੍ਰਾਸਪੈਕਟਸ, ਜੇ ਲਾਗੂ ਹੋਵੇ) ਸਿਰਫ ਅੰਗਰੇਜ਼ੀ ਵਿੱਚ ਉਪਲੱਬਧ ਹੈ ਜਿਸਦੀ ਦਫਤਰ ਵਲੋਂ ਮਨਜ਼ੂਰੀ ਹੈ।

# ਪ੍ਰੋ. ਭੁੱਲਰ ਦੀ ਸਜ਼ਾ ਮੁਆਫੀ ਬਾਰੇ ਭਾਜਪਾ ਵੱਲੋਂ ਬਾਦਲ ਨੂੰ ਘੁਰਕੀ

**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਬੇਸ਼ੱਕ ਪਿਛਲੇ ਕਈ ਦਹਾਕਿਆਂ ਤੋਂ ਸ਼੍ਰੋਮਣੀ ਅਕਾਲੀ ਦਲ (ਬ) ਆਪਣਾ ਗਠਜੋੜ 'ਧਰਮ' ਨਿਭਾਉਂਦੇ ਹੋਏ ਹਰ ਥਾਂ ਭਾਜਪਾ ਦੀ ਹਾਂ 'ਚ ਹਾਂ ਮਿਲਾਉਂਦਾ ਆ ਰਿਹਾ ਹੈ ਪਰ ਭਾਜਪਾ ਸਿੱਖ ਮਸਲਿਆਂ ਬਾਰੇ ਆਪਣਾ ਵੱਖਰਾ ਸਟੈਂਡ ਲੈਣ ਤੋਂ ਰਤਾ ਵੀ ਗੁਰੇਜ਼ ਨਹੀਂ ਕਰਦੀ। ਪ੍ਰੋ. ਦਵਿੰਦਰਪਾਲ ਸਿੰਘ ਭੁੱਲਰ ਦੀ ਸਜ਼ਾ ਮੁਆਫੀ ਦੇ ਮੁੱਦੇ 'ਤੇ ਭਾਜਪਾ ਨੇ ਇਕ ਵਾਰ ਫਿਰ ਆਪਣੇ ਭਾਈਵਾਲ ਅਕਾਲੀ ਦਲ ਨੂੰ ਅੱਖਾਂ ਵਿਖਾ ਦਿੱਤੀਆਂ ਹਨ ਜਿਸ ਨਾਲ ਮੁੱਖ ਮੰਤਰੀ ਬਾਦਲ ਦੀ ਹਾਲਤ ਕਸੂਤੀ ਬਣ ਗਈ ਹੈ।

ਪਿਛਲੇ ਦਿਨੀਂ ਹਿਮਾਚਲ ਪ੍ਰਦੇਸ਼ ਦੇ ਸਾਬਕਾ ਮੁੱਖ ਮੰਤਰੀ ਤੇ ਪੰਜਾਬ ਭਾਜਪਾ ਦੇ ਇੰਚਾਰਜ ਸ਼ਾਂਤਾ ਕੁਮਾਰ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਪ੍ਰੋ. ਦਵਿੰਦਰਪਾਲ ਸਿੰਘ ਭੁੱਲਰ ਦੀ ਮੌਤ ਦੀ ਸਜ਼ਾ ਮੁਆਫੀ ਲਈ ਵਿਧਾਨ ਸਭਾ ਵਿਚ ਲਿਆਂਦੇ ਜਾਣ ਵਾਲੇ ਮਤੇ ਦੀ ਉਨ੍ਹਾਂ ਦੀ ਪਾਰਟੀ ਹਮਾਇਤ ਨਹੀਂ ਕਰੇਗੀ। ਉਨ੍ਹਾਂ ਨੇ ਕਿਹਾ ਕਿ ਭਾਜਪਾ ਅਤਿਵਾਦ ਦੀ ਹਰ ਫਰੰਟ 'ਤੇ ਵਿਰੋਧੀ ਹੈ। ਉਨ੍ਹਾਂ ਨੇ ਕਿਹਾ ਕਿ ਭਾਜਪਾ ਭਾਵੇਂ ਸ਼੍ਰੋਮਣੀ ਅਕਾਲੀ ਦਲ ਨਾਲ ਸਰਕਾਰ ਵਿਚ ਭਾਈਵਾਲ ਹੈ ਪਰ ਬਾਵਜੂਦ ਇਸ ਦੇ ਆਪਣੀ ਵਿਚਾਰਧਾਰਾ ਉਤੇ ਪਹਿਰਾ ਦਿੱਤਾ ਜਾ ਸਕਦਾ ਹੈ। ਉਸ ਨੇ ਕਿਹਾ ਕਿ ਭਾਜਪਾ ਵੱਲੋਂ ਅਤਿਵਾਦ ਦਾ ਵਿਧਾਨ ਸਭਾ ਦੇ ਅੰਦਰ ਤੇ ਬਾਹਰ ਵਿਰੋਧ ਕੀਤਾ ਜਾਵੇਗਾ।



ਉਨ੍ਹਾਂ ਦਾਅਵਾ ਕੀਤਾ ਕਿ ਭਾਜਪਾ 23 ਸੀਟਾਂ ਉਤੇ ਚੋਣ ਲੜੇਗੀ। ਇਨ੍ਹਾਂ ਵਿਚ 3-4 ਸੀਟਾਂ ਦਾ ਅਕਾਲੀ ਦਲ ਨਾਲ ਬਦਲਾਅ ਹੋ ਸਕਦਾ ਹੈ ਪਰ ਹਾਲੇ ਤਕ ਕੋਈ ਪੱਕੀ ਗੱਲਬਾਤ ਨਹੀਂ ਹੋ ਸਕੀ ਹੈ। ਉਨ੍ਹਾਂ ਨੇ ਦਾਅਵਾ ਕੀਤਾ ਕਿ ਪੰਜਾਬ ਵਿਚ ਅਗਲੀ ਵਾਰ ਵੀ ਅਕਾਲੀ-ਭਾਜਪਾ ਗੱਠਜੋੜ ਦੀ ਹੀ ਸਰਕਾਰ ਬਣੇਗੀ। ਪੰਜਾਬ ਭਾਜਪਾ ਦੇ ਪ੍ਰਧਾਨ ਅਸ਼ਵਨੀ ਕੁਮਾਰ ਨੇ ਪਾਰਟੀ ਦੀਆਂ ਭਵਿੱਖ ਦੀਆਂ ਯੋਜਨਾਵਾਂ ਦੀ ਜਾਣਕਾਰੀ ਦਿੱਤੀ।

ਦੂਜੇ ਪਾਸੇ ਪ੍ਰੋ. ਭੁੱਲਰ ਦੀ ਫਾਂਸੀ ਦੀ ਸਜ਼ਾ ਮੁਆਫੀ ਦੇ ਮਤੇ 'ਤੇ ਭਾਜਪਾ ਵੱਲੋਂ ਵਿਰੋਧ ਕੀਤੇ ਜਾਣ 'ਤੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਪੰਜਾਬ ਵਿਧਾਨ ਸਭਾ 'ਚ ਮਤਾ ਲਿਆਉਣ ਦੇ ਮਾਮਲੇ ਬਾਰੇ ਕਿਹਾ ਕਿ ਮਤਾ ਲਿਆਉਣ ਬਾਰੇ ਉਹ ਕਾਂਗਰਸ ਸਮੇਤ ਸਾਰੀਆਂ ਧਿਰਾਂ ਨਾਲ ਸਲਾਹ ਮਸ਼ਵਰਾ ਕਰਨਗੇ। ਸ. ਬਾਦਲ ਨੇ ਕਿਹਾ ਕਿ ਮਤਾ ਲਿਆਉਣ ਦਾ ਫਿਰ ਹੀ ਫਾਇਦਾ ਹੋਵੇਗਾ ਜੇਕਰ ਇਹ ਪਾਸ ਹੋ ਜਾਵੇ। ਜ਼ਿਕਰਯੋਗ ਹੈ ਕਿ ਸ਼੍ਰੋਮਣੀ ਕਮੇਟੀ ਦੀਆਂ ਚੋਣਾਂ ਦੌਰਾਨ ਸ. ਬਾਦਲ ਨੇ ਪ੍ਰੋ. ਭੁੱਲਰ ਦੀ ਫਾਂਸੀ ਦੀ ਸਜ਼ਾ ਮੁਆਫ ਕਰਾਉਣ ਲਈ ਵਿਧਾਨ ਸਭਾ 'ਚ ਮਤਾ ਪਾਸ ਕਰਨ ਦੀ ਗੱਲ ਉਭਾਰੀ ਸੀ।

ਸ਼੍ਰੋਮਣੀ ਕਮੇਟੀ ਚੋਣਾਂ ਦੌਰਾਨ ਪਤਿਤਾਂ ਵੱਲੋਂ ਧੜੱਲੇ ਨਾਲ ਵੋਟਾਂ ਪਾਏ ਜਾਣ ਬਾਰੇ ਸ. ਬਾਦਲ ਨੇ ਕਿਹਾ, 'ਸਾਨੂੰ ਕੀ ਪਤਾ ਕਿ ਪਤਿਤਾਂ ਨੇ ਕਿਸ ਨੂੰ ਵੋਟਾਂ ਪਾਈਆਂ ਹਨ?' ਉਨ੍ਹਾਂ ਨਾਲ ਹੀ ਕਿਹਾ ਕਿ ਜਦੋਂ ਵੋਟਾਂ ਬਣੀਆਂ ਸਨ ਉਦੋਂ ਇਹ ਇਤਰਾਜ਼ ਕਰਨੇ ਚਾਹੀਦੇ ਸਨ। ਉਨ੍ਹਾਂ ਦਾਅਵਾ ਕੀਤਾ ਕਿ ਪੰਜਾਬ 'ਚ ਸ਼੍ਰੋਮਣੀ ਕਮੇਟੀ ਦੀਆਂ ਚੋਣਾਂ ਬਿਨਾਂ ਕਿਸੇ ਡਰ-ਭੈਅ ਦੇ ਹੋਈਆਂ ਹਨ। ਉਨ੍ਹਾਂ ਇਹ ਵੀ ਕਿਹਾ ਕਿ ਹਰਿਆਣਾ ਵਿਚ ਤਾਂ ਕਾਂਗਰਸ ਦੀ ਸਰਕਾਰ ਹੈ, ਉਥੇ ਵੀ ਵੋਟਾਂ ਸ਼ਾਂਤੀ ਪੂਰਨ ਹੋਈਆਂ ਹਨ। ਇਨ੍ਹਾਂ ਚੋਣਾਂ ਬਾਰੇ ਆਬਜ਼ਰਵਰ ਵੀ ਹਰਿਆਣਾ ਤੋਂ ਆਏ ਸਨ ਤੇ ਕਿਸੇ ਨੇ ਵੀ ਚੋਣਾਂ ਬਾਰੇ ਕੋਈ ਗਲਤ ਰਿਪੋਰਟ ਨਹੀਂ ਦਿੱਤੀ।

## ਹਾਲੈਂਡ ਵੱਲੋਂ ਪ੍ਰੋ. ਭੁੱਲਰ ਦੇ ਹੱਕ 'ਚ ਹਾਅ ਦਾ ਨਾਅਰਾ

**ਡੈਨਹਾਗ:** ਪ੍ਰੋ. ਦਵਿੰਦਰਪਾਲ ਸਿੰਘ ਭੁੱਲਰ ਦੀ ਫਾਂਸੀ ਦੇ ਮਾਮਲੇ ਨੂੰ ਹਾਲੈਂਡ ਦੀ ਪਾਰਲੀਮੈਂਟ ਵਿਚ ਵਿਚਾਰਿਆ ਗਿਆ। ਸਿੱਖ ਕਮਿਊਨਿਟੀ ਬੈਨੇਲੁਕਸ ਨੇ 17 ਜੂਨ 2011 ਨੂੰ ਪੱਤਰ ਲਿਖ ਕੇ ਹਾਲੈਂਡ ਦੀ ਸਰਕਾਰ ਨੂੰ ਇਸ ਬੇਇਨਸਾਫੀ ਵਿਰੁੱਧ ਅਪੀਲ ਕੀਤੀ ਸੀ। ਇਸ ਬਾਰੇ ਪਾਰਲੀਮੈਂਟ ਦੇ ਵਿਦੇਸ਼ ਕਮਿਸ਼ਨ ਨੇ 30 ਜੂਨ ਨੂੰ ਵਿਚਾਰ ਕਰ ਕੇ ਹਾਲੈਂਡ ਦੇ ਵਿਦੇਸ਼ ਮੰਤਰੀ ਨੂੰ ਅਪਣੇ ਵਿਚਾਰ ਦੇਣ ਲਈ ਕਿਹਾ ਸੀ ਜਿਸ ਉਪਰ ਵਿਦੇਸ਼ ਮੰਤਰੀ ਨੇ ਜਾਂਚ ਪੜਤਾਲ ਉਪਰੰਤ 10 ਅਗਸਤ ਨੂੰ ਅਪਣੇ ਵਿਚਾਰ ਵਿਦੇਸ਼ ਕਮਿਸ਼ਨ ਨੂੰ ਭੇਜੇ।12 ਸਤੰਬਰ ਨੂੰ ਵਿਦੇਸ਼ ਕਮਿਸ਼ਨ ਨੇ ਵਿਚਾਰ-ਚਰਚਾ ਉਪਰੰਤ ਸਿੱਖ ਕਮਿਊਨਿਟੀ ਬੈਨੇਲੁਕਸ ਨੂੰ ਜਾਣੂ ਕਰਵਾਇਆ।

ਇਸ ਵਿਚ ਵਿਦੇਸ਼ ਮੰਤਰੀ ਨੇ ਕਿਹਾ ਕਿ ਸਿੱਖ ਕਮਿਊਨਿਟੀ ਬੈਨੇਲੁਕਸ ਦੀ ਬੇਨਤੀ ਵਿਦੇਸ਼ ਕਮਿਸ਼ਨ ਰਾਹੀਂ ਪ੍ਰੋ. ਭੁੱਲਰ ਦੀ ਫਾਂਸੀ ਦੇ ਮਾਮਲੇ ਵਿਚ ਉਨ੍ਹਾਂ ਕੋਲ ਪੁੱਜੀ ਸੀ। ਯੂਰਪੀਅਨ ਯੂਨੀਅਨ ਦੀ ਪ੍ਰਧਾਨ ਬੀਬੀ ਕੈਥਰੀਨ ਅਸ਼ਤੋਨ ਨੇ ਜੂਨ 2011 ਵਿਚ ਭਾਰਤ ਦੇ ਵਿਦੇਸ਼ ਮੰਤਰੀ ਨੂੰ ਪ੍ਰੋ. ਭੁੱਲਰ ਦੀ ਫਾਂਸੀ ਦੇ ਮਾਮਲੇ ਵਿਚ ਭੇਜੀ ਸੀ ਪਰ ਭਾਰਤ ਦੇ ਵਿਦੇਸ਼ ਮੰਤਰੀ ਪੀ ਚਿਦੰਬਰਮ ਨੇ ਉਸ ਦਾ ਹਾਲੇ ਤਕ ਕੋਈ ਜਵਾਬ ਨਹੀਂ ਦਿੱਤਾ। ਇਸ ਬਾਰੇ ਸਰਕਾਰ ਗੰਭੀਰ ਹੈ ਤੇ ਜੇ ਜ਼ਰੂਰਤ ਪਈ ਤਾਂ ਯੂਰਪੀਅਨ ਯੂਨੀਅਨ ਮੁੜ ਇਸ ਮਾਮਲੇ 'ਤੇ ਧਿਆਨ ਦੇਵੇਗੀ।

ਉਧਰ ਪ੍ਰੋ. ਭੁੱਲਰ ਦੀ ਪਤਨੀ ਨੇ ਅਪੀਲ ਕੀਤੀ ਕਿ ਉਸ ਦੇ ਪਤੀ ਦੀ ਮਾਨਸਕ ਹਾਲਤ ਠੀਕ ਨਹੀਂ ਹੈ। ਭਾਰਤ ਦੇ ਕਾਨੂੰਨ ਮੁਤਾਬਕ ਧਾਰਾ 21 ਅਨੁਸਾਰ ਮਾਨਸਕ ਤੌਰ 'ਤੇ ਬੀਮਾਰ ਨੂੰ ਫਾਂਸੀ ਨਹੀਂ ਦਿਤੀ ਜਾ ਸਕਦੀ। ਇਹ ਮਾਮਲਾ ਮਹੀਨਿਆਂ ਤੋਂ ਲਟਕ ਰਿਹਾ ਹੈ। ਯੂਰਪੀਅਨ ਪਾਰਲੀਮੈਂਟ ਨੇ ਵੀ ਵਿਚਾਰ ਕਰ ਕੇ ਮਤਾ ਪਾਸ ਕੀਤਾ ਹੈ ਤੇ ਭਾਰਤ ਸਰਕਾਰ ਨੂੰ ਅਪੀਲ ਕੀਤੀ ਜਾਵੇਗੀ ਕਿ ਪ੍ਰੋ. ਭੁੱਲਰ ਨੂੰ ਫਾਂਸੀ ਨਾ ਦਿੱਤੀ ਜਾਵੇ।ਤੇ ਇਸ ਨੂੰ ਉਮਰ ਕੈਦ ਵਿਚ ਤਬਦੀਲ ਕੀਤਾ ਜਾਵੇ।

# ਵਿਧਾਨ ਸਭਾ ਚੋਣਾਂ:ਡੇਰਾ ਮੁਖੀਆਂ ਵੱਲੋਂ ਸਿਆਸੀ ਸਰਗਰਮੀ

**ਜਲੰਧਰ:** ਪੰਜਾਬ 'ਚ ਲੰਮੇ ਸਮੇਂ ਤੋਂ ਸਾਧਾਂ ਦੇ ਡੇਰੇ ਲੁਕਵੇਂ ਰੂਪ 'ਚ ਸਿਆਸਤ ਨਾਲ ਜੁੜੇ ਹੋਏ ਹਨ ਪਰ ਹੁਣ ਇਨ੍ਹਾਂ ਨੇ ਸ਼ਰੇਆਮ ਸਰਗਰਮੀ ਸ਼ੁਰੂ ਕਰ ਦਿੱਤੀ ਹੈ ਜਿਸ ਤੋਂ ਸਿਆਸੀ ਹਲਕਿਆਂ 'ਚ ਹਲਚਲ ਪੈਦਾ ਹੋ ਗਈ ਹੈ। ਬੀਤੇ ਦਿਨ ਰਾਏਪੁਰ ਰਸੂਲਪੁਰ ਦੇ ਬਾਬਾ ਜੌੜੇ ਡੇਰੇ ਵਿਚ ਹੋਏ 'ਰੂਹਾਨੀ ਸਤਿਸੰਗ' ਸਮਾਗਮ ਵਿਚ ਡੇਰਾ ਰਾਧਾ ਸੁਆਮੀ ਬਿਆਸ ਦੇ ਮੁਖੀ ਬਾਬਾ ਗੁਰਿੰਦਰ ਸਿੰਘ ਦੀ ਹਾਜ਼ਰੀ ਨੇ ਪੰਜਾਬ ਤੇ ਖਾਸ ਕਰਕੇ ਦੁਆਬੇ ਦੇ ਸਿਆਸੀ ਹਲਕਿਆਂ ਵਿਚ ਹੀ ਹਲਚਲ ਪੈਦਾ ਨਹੀਂ ਕੀਤੀ ਸਗੋਂ ਇਸ ਦੀ ਧਮਕ ਹੋਰ ਧਾਰਮਿਕ ਡੇਰਿਆਂ ਵਿਚ ਵੀ ਮਹਿਸੂਸ ਕੀਤੀ ਜਾਣ ਲੱਗੀ ਹੈ। ਇਸ ਸਮਾਗਮ ਦੇ ਨਤੀਜੇ ਬੜੇ ਦੂਰਗਾਮੀ ਨਿਕਲਣ ਦੀ ਸੰਭਾਵਨਾ ਹੈ।



ਸੂਤਰਾਂ ਅਨੁਸਾਰ ਭਵਿੱਖ 'ਚ ਅਜਿਹੇ ਹੋਰ ਸਮਾਗਮ ਵੀ ਕੀਤੇ ਜਾਣ ਦੀ ਰਣਨੀਤੀ ਤੈਅ ਕਰ ਲਈ ਗਈ ਹੈ। ਇਹ ਸਮਾਗਮ ਉਦੋਂ ਕਰਵਾਇਆ ਗਿਆ ਜਦੋਂ ਸ਼੍ਰੋਮਣੀ ਕਮੇਟੀ ਚੋਣਾਂ ਵਿਚ ਅਕਾਲੀ ਦਲ ਹੂੰਝਾ ਫੇਰ ਜਿੱਤ ਹਾਸਲ ਕਰਕੇ ਪੂਰੇ ਉਤਸ਼ਾਹ ਵਿਚ ਹੈ ਤੇ ਪੰਜਾਬ ਵਿਧਾਨ ਸਭਾ ਚੋਣਾਂ ਐਨ ਸਿਰ 'ਤੇ ਹਨ। ਦੁਆਬੇ ਦੇ ਕਾਂਗਰਸੀ ਆਗੂ ਇਸ ਸਮਾਗਮ ਦੇ ਸਿਆਸੀ ਤੌਰ 'ਤੇ ਪੈਣ ਵਾਲੇ ਪ੍ਰਭਾਵਾਂ ਦੀ ਹੁਣ ਤੋਂ ਹੀ ਪੁਣ-ਛਾਣ ਕਰਨ ਲੱਗ ਪਏ ਹਨ।

ਡੇਰਾ ਰਾਧਾ ਸੁਆਮੀ ਬਿਆਸ ਦੇ ਸ਼ਰਧਾਲੂ ਪੰਜਾਬ ਜਾਂ ਦੇਸ਼ ਤੱਕ ਹੀ ਸੀਮਤ ਨਹੀਂ ਸਗੋਂ ਇਸ ਡੇਰੇ ਦੀ ਸੰਗਤ ਵਿਦੇਸ਼ਾਂ ਤੱਕ ਵੀ ਫੈਲੀ ਹੋਈ ਹੈ। ਪੰਜਾਬ ਦੇ ਦੁਆਬੇ ਖਿੱਤੇ 'ਚੋਂ ਬਹੁਗਿਣਤੀ ਦਲਿਤ ਡੇਰਾ ਬਿਆਸ ਦੇ ਸ਼ਰਧਾਲੂ ਹਨ। ਡੇਰਾ ਸੱਚਖੰਡ ਬੱਲਾਂ ਵੱਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਥਾਂ 'ਅੰਮ੍ਰਿਤ ਬਾਣੀ' ਨੂੰ ਅਪਨਾਉਣ ਕਾਰਨ ਦਲਿਤਾਂ ਵਿਚ ਵੀ ਲਕੀਰ ਖਿੱਚੀ ਗਈ ਸੀ। ਦੁਆਬੇ ਵਿਚਲੇ ਦਲਿਤਾਂ ਦੇ ਡੇਰਿਆਂ 'ਚ ਵੀ ਵੰਡੀਆਂ ਪੈ ਗਈਆਂ ਹਨ। ਡੇਰਾ ਬਾਬਾ ਜੌੜੇ ਵਾਲੇ ਬਾਬਾ ਨਿਰਮਲ ਦਾਸ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਮੰਨਣ ਵਾਲਿਆਂ ਵਿਚ ਮੋਹਰੀ ਹੋ ਕੇ ਉਭਰੇ ਸਨ। ਬਿਆਸ ਡੇਰੇ ਦੇ ਮੁਖੀ ਬਾਬਾ ਗੁਰਿੰਦਰ ਸਿੰਘ ਢਿੱਲੋਂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਮੰਨਣ ਵਾਲੀ ਧਿਰ ਨਾਲ ਖੜ੍ਹ ਕੇ ਸ਼੍ਰੋਮਣੀ ਅਕਾਲੀ ਦਲ ਦਾ ਰਾਹ ਸੁਖਾਲਾ ਕਰ ਦਿੱਤਾ ਹੈ। ਜ਼ਿਕਰਯੋਗ ਹੈ ਕਿ ਡੇਰਾ ਰਾਧਾ ਸੁਆਮੀ, ਬਿਆਸ ਦੇ ਮੁਖੀ ਨਾਲ ਯੂਥ ਅਕਾਲੀ ਦਲ ਦੇ ਪ੍ਰਧਾਨ ਬਿਕਰਮ ਸਿੰਘ ਮਜੀਠੀਆ ਦੀ ਨਜ਼ਦੀਕੀ ਰਿਸ਼ਤੇਦਾਰੀ ਹੈ।

ਡੇਰਾ ਰਾਧਾ ਸੁਆਮੀ ਦੇ ਮੁਖੀ ਦਾ ਡੇਰਾ ਬਾਬਾ ਜੌੜੇ ਆਉਣ ਨਾਲ ਦਲਿਤ ਸਮਾਜ ਵਿਚ ਧਾਰਮਿਕ ਪਛਾਣ ਤੇ ਅਕੀਦਿਆਂ ਦੀ ਪਾਟੋਧਾੜ ਦਾ ਲਾਭ ਵੀ ਡੇਰਾ ਬਿਆਸ ਨੂੰ ਮਿਲਣ ਦੀ ਸੰਭਾਵਨਾ ਬਣ ਗਈ ਹੈ। ਇਸ ਸਮਾਗਮ ਦੇ ਮੰਚ ਤੋਂ ਡੇਰਾ ਬਿਆਸ ਦੇ ਮੁਖੀ ਬਾਰੇ ਇਹ ਕਹਿਣਾ ਕਿ 'ਸਮੁੰਦਰ' ਆਪ ਚੱਲ ਕੇ ਪਿਆਸਿਆਂ ਕੋਲ ਆ ਗਿਆ ਹੈ, ਇਸ ਗੱਲ ਦਾ ਸ਼ਪੱਸ਼ਟ ਸੰਕੇਤ ਹੈ ਕਿ ਦਲਿਤਾਂ ਦੇ ਬਾਕੀ ਹੋਰ ਡੇਰੇ ਵੀ ਉਨ੍ਹਾਂ ਦਾ ਪ੍ਰਭਾਵ ਕਬੂਲਣਗੇ। ਡੇਰਾ ਬਾਬਾ ਜੌੜਾ ਵਿਚ ਬਾਬਾ ਗੁਰਿੰਦਰ ਸਿੰਘ ਦੇ ਆਉਣ ਨਾਲ ਕਈ ਕੁਝ ਪਹਿਲੀ ਵਾਰ ਵਾਪਰਿਆ। ਡੇਰਾ ਰਾਧਾ ਸੁਆਮੀ ਦੇ ਕਿਸੇ ਮੁਖੀ ਨੇ ਪਹਿਲੀ ਵਾਰ ਹੋਰ ਧਾਰਮਿਕ ਸਮਾਗਮ ਤੋਂ ਸੰਗਤ ਨਾਲ ਪ੍ਰਵਚਨਾਂ ਦੀ ਸਾਂਝ ਪਾਈ। ਡੇਰਾ ਬਿਆਸ ਵਿਚ ਕਦੇ ਕਿਸੇ ਨੂੰ ਸਿਰੋਪਾ ਭੇਟ ਨਹੀਂ ਕੀਤਾ ਜਾਂਦਾ ਪਰ ਡੇਰਾ ਜੌੜਾ ਵਿੱਚ ਆਏ ਹੋਰ ਸਾਧੂ-ਸੰਤਾਂ ਨੂੰ ਬਾਬਾ ਗੁਰਿੰਦਰ ਸਿੰਘ ਢਿੱਲੋਂ ਨੇ ਸਿਰੋਪੇ ਭੇਟ ਕੀਤੇ ਤੇ ਉਨ੍ਹਾਂ ਨਾਲ ਬੈਠ ਕੇ ਪ੍ਰਸ਼ਾਦਾ ਛਕਿਆ।

# ਗਰੀਬ ਬੱਚਿਆਂ ਲਈ ਆਏ 58 ਕਰੋੜ ਬਾਦਲ ਨੇ ਸੰਗਤ ਦਰਸ਼ਨਾਂ 'ਤੇ ਉਡਾਏ

**ਚੰਡੀਗੜ੍ਹ:** ਪੰਜਾਬ ਕਾਂਗਰਸ ਨੇ ਅਕਾਲੀ-ਭਾਜਪਾ ਗਠਜੋੜ ਸਰਕਾਰ ਵਿਰੁੱਧ 'ਭਾਂਡਾ ਫੋੜ-ਪੋਲ ਖੋਲ੍ਹ' ਮੁਹਿੰਮ ਵਿੱਢ ਦਿੱਤੀ ਹੈ। ਇਹ ਮੁਹਿੰਮ ਸ਼ੁਰੂ ਕਰਦਿਆਂ ਕਾਂਗਰਸ ਨੇ ਕੇਂਦਰ ਸਰਕਾਰ ਵੱਲੋਂ ਗਰੀਬ ਤਬਕੇ ਦੇ ਵਿਦਿਆਰਥੀਆਂ ਲਈ ਮੁਹੱਈਆ ਕੀਤੇ 58 ਕਰੋੜ ਰੁਪਏ ਪੰਜਾਬ ਸਰਕਾਰ ਵੱਲੋਂ ਸੰਗਤ ਦਰਸ਼ਨਾਂ 'ਤੇ ਖਰਚਣ ਦੇ ਦੋਸ਼ ਲਾਏ ਹਨ।



ਫਲੈਗਸ਼ਿਪ ਪ੍ਰੋਗਰਾਮ ਤੇ ਮੋਨੀਟਰਿੰਗ ਕਮੇਟੀ ਦੇ ਚੇਅਰਮੈਨ ਤੇ ਵਿਧਾਇਕ ਸੁਨੀਲ ਜਾਖੜ ਨੇ ਮੀਤ ਪ੍ਰਧਾਨ ਲਾਲ ਸਿੰਘ ਸਮੇਤ ਕੀਤੀ ਪ੍ਰੈਸ ਕਾਨਫਰੰਸ ਦੌਰਾਨ ਬਾਦਲ ਸਰਕਾਰ 'ਤੇ ਗੰਭੀਰ ਦੋਸ਼ ਲਾਏ। ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਨੇ ਐਸ.ਸੀ. ਤੇ ਬੀ.ਸੀ. ਵਰਗਾਂ ਨਾਲ ਸਬੰਧਤ ਸਕੂਲੀ ਵਿਦਿਆਰਥੀਆਂ ਨੂੰ ਸਕਾਲਰਸ਼ਿਪ ਦੇਣ ਹਿੱਤ 58,14,58,000 ਰੁਪਏ ਮੁਹੱਈਆ ਕੀਤੇ ਸਨ ਪਰ ਪੰਜਾਬ ਦੇ ਮੁੱਖ ਮੰਤਰੀ ਨੇ ਇਹ ਰਕਮ ਮਲੋਟ, ਗਿੱਦੜਬਾਹਾ, ਮੁਕਤਸਰ, ਸਨੌਰ ਤੇ ਨਾਭਾ ਵਿਖੇ ਜੁਲਾਈ ਦੌਰਾਨ ਕੀਤੇ ਨੌਂ ਸੰਗਤ ਦਰਸ਼ਨਾਂ ਦੌਰਾਨ ਖਰਚ ਦਿੱਤੀ ਹੈ। ਉਨ੍ਹਾਂ ਕਿਹਾ ਕਿ ਇਕ ਪਾਸੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਕੇਂਦਰ ਸਰਕਾਰ ਨੂੰ ਛੋਟੀ-ਛੋਟੀ ਗੱਲ 'ਤੇ ਕੋਸਣ ਦਾ ਬਹਾਨਾ ਭਾਲਦੇ ਹਨ ਜਦਕਿ ਦੂਸਰੇ ਪਾਸੇ ਕੇਂਦਰ ਸਰਕਾਰ ਵੱਲੋਂ ਗਰੀਬ ਤਬਕੇ ਦੇ ਬੱਚਿਆਂ ਲਈ ਮੁਹੱਈਆ ਕਰਵਾਏ 58 ਕਰੋੜ ਰੁਪਏ ਆਪਣੇ ਸਿਆਸੀ ਹਿੱਤਾਂ 'ਤੇ ਨਿਛਾਵਰ ਕਰ ਦਿੱਤੇ ਹਨ।

ਇਸ ਮੌਕੇ ਲਾਲ ਸਿੰਘ ਨੇ ਕਿਹਾ ਕਿ ਅਗਲੇ ਦਿਨਾਂ ਵਿਚ ਕਈ ਵੱਡੇ ਖੁਲਾਸੇ ਕੀਤੇ ਜਾਣਗੇ ਕਿਉਂਕਿ ਆਟਾ, ਦਾਲ ਤੇ ਤੇਲ ਵੰਡ ਪ੍ਰਣਾਲੀ ਵਿਚ ਕਰੋੜਾਂ ਰੁਪਏ ਦੇ ਘਪਲੇ ਹੋਏ ਹਨ ਜਿਨ੍ਹਾਂ ਦਾ ਖੁਲਾਸਾ ਸਮਾਂ ਆਉਣ 'ਤੇ ਕੀਤਾ ਜਾਵੇਗਾ।ਇਸ ਬਾਰੇ ਮੁੱਖ ਮੰਤਰੀ ਦੇ ਸਲਾਹਕਾਰ ਡਾ. ਡੀ.ਐਸ. ਚੀਮਾ ਨੇ ਕਿਹਾ ਕਿ ਸਰਕਾਰ ਪੂਰੀ ਤਰ੍ਹਾਂ ਸੰਵਿਧਾਨ ਵਿਚ ਰਹਿ ਕੇ ਹਰੇਕ ਕਾਰਜ ਕਰ ਰਹੀ ਹੈ ਤੇ ਕਾਂਗਰਸ ਚੋਣਾਂ ਨੇੜੇ ਆਉਣ ਕਾਰਨ ਕੂੜ ਪ੍ਰਚਾਰ ਕਰ ਰਹੀ ਹੈ ਕਿਉਂਕਿ ਕਾਂਗਰਸੀਆਂ ਕੋਲ ਹੋਰ ਕੋਈ ਮੁੱਦਾ ਹੀ ਨਹੀਂ ਰਿਹਾ।

# ਪਾਕਿਸਤਾਨ ਵਿਚ ਸਿੱਖ ਆਗੂ ਬਿਸ਼ਨ ਸਿੰਘ ਉਤੇ ਅੱਤਿਆਚਾਰ

**ਲਾਹੌਰ (ਪੰਜਾਬ ਟਾਈਮਜ਼ ਬਿਊਰੋ):** ਪਾਕਿਸਤਾਨ ਦੇ ਉਘੇ ਸਿੱਖ ਆਗੂ ਨੂੰ ਅਣਪਛਾਤੇ ਵਿਅਕਤੀਆਂ ਤੋਂ ਖਤਰਾ ਹੈ ਜੋ ਇਸ ਪੂਰਬੀ ਸ਼ਹਿਰ 'ਚ ਪਿਛਲੇ ਤਕਰੀਬਨ ਛੇ ਮਹੀਨਿਆਂ ਤੋਂ ਉਸ ਦੇ ਕਾਰੋਬਾਰ ਨੂੰ ਨੁਕਸਾਨ ਪਹੁੰਚਾ ਰਹੇ ਹਨ। ਪਾਕਿਸਤਾਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਰਹਿ ਚੁੱਕੇ ਸ. ਬਿਸ਼ਨ ਸਿੰਘ ਨੇ ਦੱਸਿਆ, 'ਮੈਨੂੰ ਗੰਭੀਰ ਸਿੱਟੇ ਭੁਗਤਣ ਦੀਆਂ ਧਮਕੀਆਂ ਦੇ ਕੇ ਕੁਝ ਮੁੱਦਿਆਂ 'ਤੇ ਚੁੱਪ ਰਹਿਣ ਲਈ ਕਿਹਾ ਜਾ ਰਿਹਾ ਹੈ। ਉਹ ਮੈਨੂੰ ਜਾਨੋਂ ਮਾਰਨ ਦੀਆਂ ਧਮਕੀਆਂ ਵੀ ਦਿੰਦੇ ਹਨ ਤੇ ਵਿੱਤੀ ਤੌਰ 'ਤੇ ਨੁਕਸਾਨ ਪਹੁੰਚਾ ਰਹੇ ਹਨ।''

ਜ਼ਿਕਰਯੋਗ ਹੈ ਕਿ ਸਿੱਖਾਂ ਨਾਲ ਬੇਇਨਸਾਫੀਆਂ ਦੇ ਮੁੱਦੇ 'ਤੇ ਬਿਸ਼ਨ ਸਿੰਘ ਅਕਸਰ ਆਵਾਜ਼ ਉਠਾਉਂਦੇ ਰਹਿੰਦੇ ਹਨ। ਉਹ 1993 ਵਿਚ ਕਬਾਇਲੀ ਖੇਤਰ ਵਿਚੋਂ ਲਾਹੌਰ ਆਏ ਸਨ ਤੇ ਉਨ੍ਹਾਂ ਦੀਆਂ ਵਿਦੇਸ਼ੀ ਕੱਪੜੇ ਵੇਚਣ ਦੀਆਂ ਦੁਕਾਨਾਂ ਹਨ। 'ਦਿ ਐਕਸਪ੍ਰੈਸ ਟ੍ਰਿਬਿਊਨ' ਦੀ ਰਿਪੋਰਟ ਅਨੁਸਾਰ ਆਜ਼ਮ ਕੱਪੜਾ ਮਾਰਕੀਟ ਵਿਚਲੀ ਉਨ੍ਹਾਂ ਦੀ ਦੁਕਾਨ ਵਿਚੋਂ 70 ਲੱਖ ਰੁਪਏ ਤੋਂ ਵਧੇਰੇ ਮੁੱਲ ਦੇ ਕੱਪੜੇ ਲੁੱਟ ਲਏ ਗਏ। ਮਾਡਲ ਟਾਊਨ ਲਿੰਕ ਰੋਡ 'ਤੇ ਜ਼ੀਨਤ ਟਾਵਰ ਵਿਚ ਉਨ੍ਹਾਂ ਦੀ ਇਕ ਹੋਰ ਦੁਕਾਨ ਇਮਾਰਤ ਦੇ ਮਾਲਕਾਂ ਵੱਲੋਂ ਬੰਦ ਕਰਵਾ ਦਿੱਤੀ ਗਈ। ਉਹ ਜਦੋਂ 19 ਸਤੰਬਰ ਨੂੰ ਜ਼ੀਨਤ ਟਾਵਰ ਪਹੁੰਚੇ ਤਾਂ ਮਾਲਕਾਂ ਵੱਲੋਂ ਬਿਜਲੀ ਸਪਲਾਈ ਕੱਟੀ ਜਾ ਚੁੱਕੀ ਸੀ ਤੇ ਉਨ੍ਹਾਂ ਦੀ ਦੁਕਾਨ ਦਾ ਰਾਹ ਬੰਦ ਕਰਕੇ ਉਥੇ ਇਕ ਨਵੀਂ ਦੁਕਾਨ ਉਸਾਰੀ ਜਾ ਰਹੀ ਸੀ। ਹਾਲਾਂਕਿ ਟਾਵਰ ਦੇ ਨਕਸ਼ੇ ਅਨੁਸਾਰ ਉਥੇ ਕੋਈ ਹੋਰ ਦੁਕਾਨ ਨਹੀਂ ਉਸਾਰੀ ਜਾ ਸਕਦੀ ਸੀ। ਇਸ 'ਤੇ ਸਰਦਾਰ ਬਿਸ਼ਨ ਸਿੰਘ ਨੇ ਅਦਾਲਤ ਤਕ ਪਹੁੰਚ ਕੀਤੀ ਤੇ ਸਟੇਅ ਆਰਡਰ ਹਾਸਲ ਕਰ ਲਿਆ। ਜਦੋਂ ਉਨ੍ਹਾਂ ਨਵੀਂ ਦੁਕਾਨ ਦੀ ਉਸਾਰੀ ਰੁਕਵਾਉਣ ਦੀ ਕੋਸ਼ਿਸ਼ ਕੀਤੀ ਤਾਂ ਮਾਲਕਾਂ ਨੇ ਉਨ੍ਹਾਂ ਨੂੰ ਬਾਹਰ ਸੁੱਟ ਦਿੱਤਾ ਤੇ ਉਨ੍ਹਾਂ ਦੀ ਦੁਕਾਨ ਬੰਦ ਕਰ ਦਿੱਤੀ। ਉਨ੍ਹਾਂ ਦੱਸਿਆ ਕਿ ਪੁਲਿਸ ਵੀ ਇਸ ਮਾਮਲੇ 'ਚ ਕੋਈ ਕਾਰਵਾਈ ਨਹੀਂ ਕਰ ਰਹੀ। ਜਦੋਂ ਉਨ੍ਹਾਂ ਪੁਲਿਸ ਤਕ ਪਹੁੰਚ ਕੀਤੀ ਤਾਂ ਉਨ੍ਹਾਂ ਦੀ ਸ਼ਿਕਾਇਤ ਸੁਣਨ ਦੀ ਥਾਂ ਪੁਲਿਸ ਨੇ ਇਹ ਪੜਤਾਲ ਕਰਨੀ ਆਰੰਭ ਕਰ ਦਿੱਤੀ ਕਿ ਉਨ੍ਹਾਂ ਦਾ ਸਬੰਧ ਭਾਰਤ ਨਾਲ ਹੈ ਜਾਂ ਉਹ ਪਾਕਿਸਤਾਨੀ ਹਨ। ਜਦੋਂ ਉਨ੍ਹਾਂ ਮਾਡਲ ਟਾਊਨ ਪੁਲਿਸ ਦੇ ਸੁਪਰਡੈਂਟ ਮਲਿਕ ਕਵਾਸ ਨੂੰ ਮਿਲਣ ਦੀ ਕੋਸ਼ਿਸ਼ ਕੀਤੀ ਤਾਂ ਪੁਲਿਸ ਅਧਿਕਾਰੀ ਨੇ ਇਹ ਕਹਿ ਕੇ ਮਿਲਣ ਤੋਂ ਇਨਕਾਰ ਕਰ ਦਿੱਤਾ ਕਿ ਸਿੱਖਾਂ ਦੇ ਮਸਲੇ ਸੁਣਨ ਲਈ ਉਨ੍ਹਾਂ ਕੋਲ ਕੋਈ ਸਮਾਂ ਨਹੀਂ। ਇਸ ਪਿੱਛੋਂ ਬਿਸ਼ਨ ਸਿੰਘ ਨੇ ਪੰਜਾਬ ਦੇ ਮੁੱਖ ਮੰਤਰੀ ਦੇ ਸਕੱਤਰੇਤ 'ਚ ਅਮਨ ਤੇ ਕਾਨੂੰਨ ਵਿਭਾਗ ਨਾਲ ਸਬੰਧਤ ਡਿਪਟੀ ਸੈਕਟਰੀ



ਬਿਸ਼ਨ ਸਿੰਘ ਦੀ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਅਵਤਾਰ ਸਿੰਘ ਨਾਲ ਪੁਰਾਣੀ ਤਸਵੀਰ।

ਜ਼ਾਹਿਦ ਅਸਲਮ ਗੋਂਦਲ ਤਕ ਪਹੁੰਚ ਕੀਤੀ ਪਰ ਉਨ੍ਹਾਂ ਵੀ ਉਸ ਨਾਲ ਠੀਕ ਵਿਹਾਰ ਨਹੀਂ ਕੀਤਾ। ਹੁਣ ਬਿਸ਼ਨ ਸਿੰਘ ਨੇ ਪੰਜਾਬ ਦੇ ਰਾਜਪਾਲ ਲਤੀਫ ਖੋਸਾ ਤਕ ਪਹੁੰਚ ਕੀਤੀ ਹੈ ਜਿਨ੍ਹਾਂ ਉਸ ਨੂੰ ਮਿਲਣ ਵਾਸਤੇ ਬੁਲਾਇਆ ਹੈ।

ਦੂਜੇ ਪਾਸੇ ਜਦੋਂ ਪੁਲਿਸ ਸੁਪਰਡੈਂਟ ਕਵਾਸ ਨੇ ਮੰਨਿਆ ਕਿ ਉਹ ਬਿਸ਼ਨ ਸਿੰਘ ਦੀ ਸ਼ਿਕਾਇਤ 'ਤੇ ਕੋਈ ਕਾਰਵਾਈ ਨਹੀਂ ਕਰ ਸਕੇ ਕਿਉਂਕਿ ਉਨ੍ਹਾਂ ਕੋਲ ਹੋਰ ਰੁਝੇਵੇਂ ਸਨ ਪਰ ਉਨ੍ਹਾਂ ਇਹ ਕਿਸੇ ਹੋਰ ਅਧਿਕਾਰੀਆਂ ਹਵਾਲੇ ਕਰ ਦਿੱਤਾ ਸੀ। ਜ਼ੀਨਤ ਟਾਵਰ ਦੇ ਮਾਲਕ ਰਾਸ਼ਿਦ ਅਹਿਮਦ ਨਾਲ ਜਦੋਂ ਗੱਲ ਕੀਤੀ ਗਈ ਤਾਂ ਉਨ੍ਹਾਂ ਦੁਕਾਨ ਬੰਦ ਕੀਤੇ ਜਾਣ 'ਤੇ ਬਿਨਾਂ ਕੋਈ ਪਛਤਾਵਾ ਜ਼ਾਹਰ ਕਰਦਿਆਂ ਕਿਹਾ ਕਿ ਉਨ੍ਹਾਂ ਬਿਜਲੀ ਸਪਲਾਈ ਕੱਟੀ ਸੀ। ਉਨ੍ਹਾਂ ਇਹ ਵੀ ਦਾਅਵਾ ਕੀਤਾ ਕਿ ਬਿਸ਼ਨ ਸਿੰਘ ਨੇ ਉਨ੍ਹਾਂ ਦੇ ਪੰਜ ਲੱਖ ਰੁਪਏ ਦੇਣੇ ਹਨ।

ਬਿਸ਼ਨ ਸਿੰਘ ਨੇ ਕਿਹਾ, 'ਜੇ ਪਾਕਿਸਤਾਨ ਸਰਕਾਰ ਆਪਣੇ ਇਸ ਸੁਰੱਖਿਅਤ ਮੰਨੇ ਜਾਂਦੇ ਸ਼ਹਿਰ ਵਿਚ ਮੇਰੀ ਜਾਨ ਤੇ ਕਾਰੋਬਾਰ ਦੀ ਹਿਫਾਜ਼ਤ ਨਹੀਂ ਕਰ ਸਕਦੀ ਤਾਂ ਮੈਨੂੰ ਇਸ ਦੇਸ਼ ਵਿਚੋਂ ਕਿਧਰੇ ਹੋਰ ਜਾਣ ਦੀ ਆਗਿਆ ਦਿੱਤੀ ਜਾਣੀ ਚਾਹੀਦੀ ਹੈ ਜੋ ਸਿਰਫ ਮੁਸਲਮਾਨਾਂ ਦੇ ਰਹਿਣ ਲਈ ਹੀ ਹੈ।'

# ਪੰਥਕ ਮੋਰਚੇ ਨੂੰ ਮਹਿੰਗਾ ਪਿਆ ਸ਼੍ਰੋਮਣੀ ਅਕਾਲੀ ਦਲ (ਅ) ਨੂੰ ਲਾਂਭੇ ਰੱਖਣਾ

**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਚੋਣਾਂ ਵਿਚ ਹਾਕਮ ਧਿਰ ਸ਼੍ਰੋਮਣੀ ਅਕਾਲੀ ਦਲ ਨੂੰ ਹਾਸਲ ਹੋਈ ਹੂੰਝਾ ਫੇਰ ਜਿੱਤ ਤੇ ਵਿਰੋਧੀ ਧਿਰਾਂ ਵਿਚ ਸ਼ਾਮਲ ਪੰਥਕ ਮੋਰਚੇ ਤੇ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਨੂੰ ਮਿਲੀ ਹਾਰ ਨੇ ਇਕ ਵਾਰ ਮੁੜ ਸਾਬਤ ਕਰ ਦਿੱਤਾ ਹੈ ਕਿ ਅਕਾਲੀ ਦਲ ਦੀਆਂ ਵਿਰੋਧੀ ਧਿਰਾਂ ਆਪਸੀ ਖਹਿਬਾਜ਼ੀ ਕਾਰਨ ਹਾਲੇ ਸ਼੍ਰੋਮਣੀ ਅਕਾਲੀ ਦਲ ਨੂੰ ਟੱਕਰ ਦੇਣ ਦੇ ਸਮਰੱਥ ਨਹੀਂ ਹੋਈਆਂ। ਇਨ੍ਹਾਂ ਚੋਣਾਂ 'ਚ ਪੰਥਕ ਮੋਰਚੇ ਵੱਲੋਂ ਸ਼੍ਰੋਮਣੀ ਅਕਾਲੀ ਦਲ (ਅ) ਨੂੰ ਲਾਂਭੇ ਰੱਖਣਾ ਮਹਿੰਗਾ ਸਾਬਤ ਹੋਇਆ ਹੈ। ਦਰਜਨਾਂ ਸੀਟਾਂ 'ਤੇ ਜੇਕਰ ਅਕਾਲੀ ਦਲ (ਅ) ਤੇ ਪੰਥਕ ਮੋਰਚੇ ਦੇ ਉਮੀਦਵਾਰਾਂ ਦੀਆਂ ਵੋਟਾਂ ਮਿਲਾ ਲਈਏ ਤਾਂ ਉਹ ਬਾਦਲ ਦਲ ਦੇ ਉਮੀਦਵਾਰਾਂ ਤੋਂ ਵੱਧ ਬਣਦੀਆਂ ਹਨ। ਇਸ ਤੋਂ ਇਲਾਵਾ ਵਿਰੋਧੀ ਧਿਰਾਂ ਵਿਚ ਇਕਜੁੱਟਤਾ ਦੀ ਘਾਟ, ਸੁਚੱਜੀ ਅਗਵਾਈ ਤੇ ਰਣਨੀਤੀ ਨਾ ਹੋਣਾ ਤੇ ਆਰਥਿਕ ਤੇ ਕੇਡਰ ਪੱਖੋਂ ਕਮਜ਼ੋਰੀ ਹਾਰ ਦੇ ਵੱਡੇ ਕਾਰਨ ਬਣੇ ਹਨ ਜਿਸਦੇ ਸਿੱਟੇ ਵਜੋਂ ਇਹ ਧਿਰਾਂ ਇਸ ਵਾਰ 10 ਸੀਟਾਂ ਪ੍ਰਾਪਤ ਕਰਨ ਤੋਂ ਵੀ ਖੁਸ ਗਈਆਂ ਹਨ।

ਜੇਕਰ ਪੰਥਕ ਮੋਰਚੇ ਦੀ ਹਾਰ ਦੇ ਕਾਰਨਾਂ 'ਤੇ ਝਾਤ ਪਾਈ ਜਾਵੇ ਤਾਂ ਕੁਝ ਕਾਰਨ ਵੱਡੇ ਤੌਰ 'ਤੇ ਸਾਹਮਣੇ ਆਉਂਦੇ ਹਨ। ਇਨ੍ਹਾਂ ਵਿਚ ਪੰਥਕ ਮੋਰਚਾ ਤੇ ਅਕਾਲੀ ਦਲ ਮਾਨ ਦਾ ਆਪਸ 'ਚ ਸਮਝੌਤਾ ਨਹੀਂ ਹੋ ਸਕਿਆ। ਮਾਨ ਦਲ ਨੇ ਇਸ ਵਾਰ ਚੋਣਾਂ ਖਾਲਿਸਤਾਨ ਦੇ ਮੁੱਦੇ 'ਤੇ ਲੜੀਆਂ ਹਨ ਜਦੋਂਕਿ ਪੰਥਕ ਮੋਰਚਾ 'ਚ ਸ਼ਾਮਲ ਕਈ ਜਥੇਬੰਦੀਆਂ ਇਸ ਮੁੱਦੇ ਤੋਂ ਦੂਰ ਭੱਜ ਰਹੀਆਂ ਸਨ। ਸ. ਮਾਨ ਨੂੰ ਲੋਕਾਂ ਵੱਲੋਂ ਚੰਗੀ ਹਮਾਇਤ ਮਿਲੀ ਤੇ ਉਹ ਇਕੱਲੇ ਹੀ ਤਿੰਨ ਸੀਟਾਂ ਜਿੱਤਣ 'ਚ ਸਫਲ ਰਹੇ ਜਦੋਂਕਿ ਬਾਕੀ ਸਾਰੇ ਦਲ ਇਕੱਠੇ ਹੋ ਕੇ ਵੀ ਮਸਾਂ ਦੋ ਸੀਟਾਂ ਜਿੱਤ ਸਕੇ। ਪੰਥਕ ਮੋਰਚੇ ਵਿਚ ਸ਼ਾਮਲ ਅਕਾਲੀ ਦਲ 1920, ਅਕਾਲੀ ਦਲ ਦਿੱਲੀ, ਅਕਾਲੀ ਦਲ ਲੌਂਗੋਵਾਲ, ਪੰਚ ਪ੍ਰਧਾਨੀ ਤੇ ਖਾਲਸਾ ਐਕਸ਼ਨ ਕਮੇਟੀ ਅੰਤ ਤੱਕ ਪੰਥਕ ਮੋਰਚੇ ਦਾ ਇਕ ਆਗੂ ਚੁਣਨ ਵਿਚ ਸਫਲ ਨਹੀਂ ਹੋ ਸਕੇ। ਇਸ ਕਾਰਨ ਪੰਥਕ ਮੋਰਚਾ ਆਗੂ ਰਹਿਤ ਮੋਰਚਾ ਬਣ ਕੇ



ਰਹਿ ਗਿਆ ਜਿਸ ਕੋਲ ਨਾ ਸਿਰਫ ਸੁਚੱਜੀ ਅਗਵਾਈ ਦੀ ਘਾਟ ਸੀ ਸਗੋਂ ਸੁਚੱਜੀ ਰਣਨੀਤੀ ਵੀ ਨਹੀਂ ਸੀ।

ਅਕਾਲੀ ਦਲ ਦੀਆਂ ਵਿਰੋਧੀ ਧਿਰਾਂ ਵੱਲੋਂ ਇਸ ਵਾਰ ਪੰਥਕ ਮੋਰਚੇ ਦਾ ਗਠਨ ਹੀ ਇਸ ਮੁੱਦੇ 'ਤੇ ਕੀਤਾ ਗਿਆ ਸੀ ਕਿ ਉਹ ਸ਼੍ਰੋਮਣੀ ਅਕਾਲੀ ਦਲ ਨੂੰ ਸਖਤ ਮੁਕਾਬਲਾ ਦੇਣ ਲਈ ਆਪਣਾ ਸਾਂਝਾ ਉਮੀਦਵਾਰ ਹੀ ਮੈਦਾਨ ਵਿਚ ਉਤਾਰਣਗੇ। ਇਹ ਮੰਤਵ ਉਸ ਵੇਲੇ ਹੀ ਅਸਫਲ ਹੋ ਗਿਆ ਜਦੋਂ ਪੰਥਕ ਮੋਰਚਾ ਦੇ ਆਗੂ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਨੂੰ ਆਪਣੇ ਨਾਲ ਰਲਾਉਣ ਵਿਚ ਸਫਲ ਨਹੀਂ ਹੋ ਸਕੇ ਤੇ ਸ਼੍ਰੋਮਣੀ ਕਮੇਟੀ ਚੋਣਾਂ ਵਿਚ ਸਿੱਧੇ ਮੁਕਾਬਲੇ ਦੀ ਥਾਂ ਤਿਕੋਣਾ ਮੁਕਾਬਲਾ ਬਣ ਗਿਆ। ਇਸ ਤਿਕੋਣੇ ਮੁਕਾਬਲੇ ਦਾ ਵਧੇਰੇ ਲਾਹਾ ਹਾਕਮ ਧਿਰ ਨੂੰ ਮਿਲਿਆ ਤੇ ਸ਼੍ਰੋਮਣੀ ਅਕਾਲੀ ਦਲ ਇਸ ਵਾਰ ਵਧੇਰੇ ਸੀਟਾਂ 'ਤੇ ਜੇਤੂ ਰਿਹਾ। ਪਿਛਲੀ ਵਾਰ 2004 ਵਿਚ ਹਾਕਮ ਧਿਰ ਨੂੰ 135 ਸੀਟਾਂ 'ਤੇ ਜਿੱਤ ਪ੍ਰਾਪਤ ਹੋਈ ਸੀ ਪਰ ਇਸ ਵਾਰ ਇਹ ਗਿਣਤੀ 157 ਹੈ। ਦੂਜੇ ਪਾਸੇ ਵਿਰੋਧੀ ਧਿਰਾਂ ਦੀਆਂ ਸੀਟਾਂ ਦੀ ਗਿਣਤੀ 35 ਤੋਂ ਘਟ ਕੇ ਸਿਰਫ 8-9 ਰਹਿ ਗਈ ਹੈ।

ਸਮੂਹ ਜਥੇਬੰਦੀਆਂ ਦੇ ਆਗੂ ਸਮੁੱਚੀ ਚੋਣ ਪ੍ਰਕਿਰਿਆ ਦੌਰਾਨ ਇਕ ਵਾਰ ਵੀ ਇਕ ਮੰਚ 'ਤੇ ਇਕੱਠੇ ਨਹੀਂ ਹੋ ਸਕੇ। ਇਥੋਂ ਤੱਕ ਕਿ ਜਦੋਂ ਜਲੰਧਰ ਵਿਚ ਜਥੇਬੰਦੀ ਦਾ ਚੋਣ ਮਨੋਰਥ ਪੱਤਰ ਜਾਰੀ ਕੀਤਾ ਗਿਆ ਤਾਂ ਉਸ ਵੇਲੇ ਵੀ ਸਮੂਹ ਆਗੂ ਹਾਜ਼ਰ ਨਹੀਂ ਸਨ।

ਇਸੇ ਤਰ੍ਹਾਂ ਚੋਣ ਪ੍ਰਚਾਰ ਸਮੇਂ ਵੀ ਵੱਡੀਆਂ ਰੈਲੀਆਂ ਨਹੀਂ ਹੋਈਆਂ ਤੇ ਨਾ ਹੀ ਸਮੂਹ ਆਗੂ ਅਜਿਹੀਆਂ ਰੈਲੀਆਂ ਵਿਚ ਪਹੁੰਚ ਸਕੇ। ਸ਼੍ਰੋਮਣੀ ਅਕਾਲੀ ਦਲ ਦੀ ਜਥੇਬੰਦਕ ਢਾਂਚਾ, ਚੋਣ ਮਸ਼ੀਨਰੀ, ਆਰਥਿਕ ਤੇ ਕੇਡਰ ਪੱਖੋਂ ਮਜ਼ਬੂਤੀ ਦੇ ਮੁਕਾਬਲੇ ਪੰਥਕ ਮੋਰਚਾ ਵਧੇਰੇ ਕਮਜ਼ੋਰ ਰਿਹਾ। ਇਸੇ ਕਾਰਨ ਕਈ ਥਾਵਾਂ 'ਤੇ ਪੰਥਕ ਮੋਰਚੇ ਦੇ ਬੂਥ ਹੀ ਨਹੀਂ ਲੱਗੇ ਤੇ ਕਈ ਬੂਥਾਂ 'ਤੇ ਪੰਥਕ ਮੋਰਚੇ ਦਾ ਕੋਈ ਨੁਮਾਇੰਦਾ ਨਹੀਂ ਸੀ। ਪ੍ਰਚਾਰ ਮੁਹਿੰਮ ਨੂੰ ਵੀ ਪੰਥਕ ਮੋਰਚਾ ਸੁਚੱਜੇ ਢੰਗ ਨਾਲ ਨਹੀਂ ਚਲਾ ਸਕਿਆ।

ਪੰਥਕ ਮੋਰਚੇ ਵਿਚ ਸ਼ਾਮਲ ਖਾਲਸਾ ਐਕਸ਼ਨ ਕਮੇਟੀ ਦੇ ਕਨਵੀਨਰ ਭਾਈ ਮੋਹਕਮ ਸਿੰਘ ਨੇ ਪੰਥਕ ਮੋਰਚੇ ਦੀ ਹੋਈ ਵੱਡੀ ਹਾਰ ਦੇ ਕਾਰਨਾਂ ਦੀ ਸਵੈ ਪੜਚੋਲ ਕਰਦਿਆਂ ਮੰਨਿਆ ਕਿ ਪੰਥਕ ਮੋਰਚੇ ਵਿਚ ਸ਼ਾਮਲ ਸਮੂਹ ਜਥੇਬੰਦੀਆਂ ਇਕਜੁੱਟਤਾ ਦਾ ਪ੍ਰਗਟਾਵਾ ਨਹੀਂ ਕਰ ਸਕੀਆਂ ਤੇ ਨਾ ਹੀ ਪੰਥਕ ਮੋਰਚੇ ਦਾ ਇਕ ਆਗੂ ਚੁਣ ਸਕੀਆਂ ਹਨ। ਆਰਥਿਕ ਕਮਜ਼ੋਰੀ ਵੀ ਮੋਰਚੇ ਦੇ ਉਮੀਦਵਾਰਾਂ ਦੀ ਹਾਰ ਦਾ ਵੱਡਾ ਕਾਰਨ ਹੈ। ਇਸੇ ਤਰ੍ਹਾਂ ਸਰਕਾਰ ਨਾਲ ਲੜਨ ਲਈ ਲੋੜੀਂਦੇ ਹੋਰ ਸਰੋਤਾਂ ਦੀ ਵੀ ਘਾਟ ਸੀ। ਉਨ੍ਹਾਂ ਦੱਸਿਆ ਕਿ ਪੰਥਕ ਮੋਰਚੇ ਵਿਚ ਸ਼ਾਮਲ ਸਮੂਹ ਜਥੇਬੰਦੀਆਂ ਨੇ ਸਿਰਫ 8 ਜਾਂ 9 ਸੀਟਾਂ 'ਤੇ ਹੀ ਜਿੱਤ ਪ੍ਰਾਪਤ ਕੀਤੀ ਹੈ। ਉਨ੍ਹਾਂ ਦੱਸਿਆ ਕਿ ਸਵੈ ਪੜਚੋਲ ਕਰਨ ਲਈ ਸਮੂਹ ਜਥੇਬੰਦੀਆਂ ਦੇ ਆਗੂਆਂ ਵੱਲੋਂ ਜਲਦੀ ਹੀ ਇਕੱਤਰਤਾ ਸੱਦੀ ਜਾ ਰਹੀ ਹੈ। ਦਲ ਖਾਲਸਾ ਜਥੇਬੰਦੀ ਦੇ ਬੁਲਾਰੇ ਕੰਵਰਪਾਲ ਸਿੰਘ ਨੇ ਆਖਿਆ ਕਿ ਚੋਣਾਂ ਵਿਚ ਪੰਥਕ ਮੋਰਚੇ ਦੀ ਹਾਰ ਦਾ ਇਕ ਹੋਰ ਕਾਰਨ ਗੁਰਦੁਆਰਾ ਚੋਣ ਕਮਿਸ਼ਨ ਦਾ ਇਕਪਾਸੜ ਰਵੱਈਆ ਸੀ। ਉਨ੍ਹਾਂ ਦੋਸ਼ ਲਾਇਆ ਕਿ ਅਕਾਲੀ ਦਲ ਦੀਆਂ ਵਿਰੋਧੀ ਧਿਰਾਂ ਸ਼ੁਰੂ ਤੋਂ ਹੀ ਬੋਗਸ ਵੋਟਾਂ ਰੱਦ ਕਰਨ, ਫੋਟੋ ਸ਼ਨਾਖਤੀ ਕਾਰਡ ਬਣਾਉਣ, ਕੇਂਦਰੀ ਬਲਾਂ ਦੀ ਤਾਇਨਾਤੀ ਤੇ ਪਤਿਤ ਸਿੱਖਾਂ ਨੂੰ ਵੋਟਾਂ ਪਾਉਣ ਤੋਂ ਰੋਕਣ ਦੀ ਮੰਗ ਕਰਦੀਆਂ ਰਹੀਆਂ ਪਰ ਇਨ੍ਹਾਂ ਮੰਗ 'ਤੇ ਚੋਣ ਕਮਿਸ਼ਨ ਨੇ ਕੋਈ ਸੁਣਵਾਈ ਨਹੀਂ ਕੀਤੀ।

# ਏਸ਼ੀਆ ਕਬੱਡੀ ਕੱਪ:ਭਾਰਤ ਬਣਿਆ ਚੈਂਪੀਅਨ

**ਚੰਡੀਗੜ੍ਹ:** ਪਹਿਲਾ ਏਸ਼ੀਆ ਕਬੱਡੀ ਕੱਪ ਜੋ ਈਰਾਨ ਦੇ ਤਵਰੀਜ਼ ਸ਼ਹਿਰ ਦੇ ਤਖਤੀ ਸਟੇਡੀਅਮ ਵਿਖੇ ਹੋਇਆ, ਵਿਚ ਭਾਰਤ ਨੇ ਪਲੇਠੀ ਚੈਂਪੀਅਨ ਜਿੱਤ ਹਾਸਲ ਕਰਦਿਆਂ ਪਾਕਿਸਤਾਨ ਨੂੰ 53-38 ਨਾਲ ਮਾਤ ਦਿੱਤੀ। ਜਿਉਂ ਹੀ ਫਾਈਨਲ ਮੈਚ ਸ਼ੁਰੂ ਹੋਇਆ ਭਾਰਤ ਦਾ ਹੱਥ ਉਪਰ ਹੋ ਗਿਆ। ਪਹਿਲੇ ਗੇੜ ਦੀਆਂ ਕਬੱਡੀਆਂ ਵਿਚ ਭਾਰਤ 9-5 ਨਾਲ ਅੱਗੇ ਸੀ, ਤੇ ਫਿਰ 19-11 ਨਾਲ ਅੱਗੇ ਸੀ ਪਰ ਪਾਕਿਸਤਾਨ ਨੇ ਜ਼ਬਰਦਸਤ ਵਾਪਸੀ ਕਰਦਿਆਂ ਸਕੋਰ 22-18 'ਤੇ ਲਿਆਂਦਾ। ਪਹਿਲੇ ਅੱਧ ਤੱਕ ਸਕੋਰ ਭਾਰਤੀ ਹੱਕ ਵਿਚ 26-21 ਸੀ। ਉਸ ਤੋਂ ਬਾਅਦ ਮੁਕਾਬਲਾ ਬਰਾਬਰ ਦਾ ਚੱਲਿਆ ਪਰ 33-28 ਅੰਕਾਂ ਤੋਂ ਬਾਅਦ ਭਾਰਤੀ ਖਿਡਾਰੀਆਂ ਨੇ ਲਗਾਤਾਰ ਪਾਕਿਸਤਾਨੀਆਂ ਨੂੰ ਜੱਫੇ ਲਾਏ ਅਤੇ ਦੂਸਰੇ ਪਾਸੇ ਧਾਵੀਆਂ ਨੇ ਲਗਾਤਾਰ ਪਾਕਿਸਤਾਨੀ ਜਾਫੀਆਂ ਤੋਂ ਅੰਕ ਬਟੋਰੇ ਤੇ ਸਕੋਰ 29-45 ਤੱਕ ਲੈ ਗਏ। ਇਸ ਤਰ੍ਹਾਂ ਮੈਚ ਇਕਤਰਫਾ ਹੀ ਹੋ ਨਿਬੜਿਆ।

ਈਰਾਨ ਵਿਖੇ ਏਸ਼ੀਆ ਕਬੱਡੀ ਕੱਪ ਦੌਰਾਨ ਭਾਰਤ ਅਤੇ ਪਾਕਿਸਤਾਨ ਮੈਚ ਦੇ ਆਖਰੀ ਪਲਾਂ ਵਿਚ ਪਾਕਿਸਤਾਨੀ ਖਿਡਾਰੀਆਂ ਨੇ ਯਤਨ ਤਾਂ ਬਥੇਰੇ ਕੀਤੇ ਪਰ ਅਖੀਰ ਭਾਰਤ ਨੇ ਇਹ ਮੁਕਾਬਲਾ 53-38 ਨਾਲ ਜਿੱਤ ਲਿਆ। ਭਾਰਤ ਦੇ ਧਾਵੀ ਦੁੱਲਾ ਸੁਰਖਪੁਰ ਨੇ ਪਾਕਿਸਤਾਨ ਦੇ ਖੇਮੇ ਵਿਚ ਚੰਗੀ ਖਲਬਲੀ ਮਚਾਈ। ਪਾਕਿਸਤਾਨੀ ਖਿਡਾਰੀ ਸਿਰਫ ਉਸ ਨੂੰ ਦੋ ਜੱਫੇ ਹੀ ਲਾ ਸਕੇ ਜਦਕਿ ਸੁੱਖੀ ਸਰਾਵਾਂ ਤੇ ਸੰਦੀਪ ਸੁਰਖਪੁਰ ਨੇ ਵੀ ਵਧੀਆ ਖੇਡ ਦਾ ਪ੍ਰਦਰਸ਼ਨ ਕੀਤਾ। ਭਾਰਤੀ ਜਾਫੀਆਂ ਵਿਚ ਏਕਮ ਸਿੰਘ ਹਠੂਰ, ਗੁਰਵਿੰਦਰ ਸਿੰਘ ਕਾਲਾ, ਸੁੱਖਾ ਭੰਡਾਲ ਤੇ ਸੁਨੀਲ ਕੁਮਾਰ ਬਿੱਛੂ ਹਰਿਆਣਵੀ ਨੇ ਵਧੀਆ ਖੇਡ ਦਾ ਪ੍ਰਦਰਸ਼ਨ ਕੀਤਾ। ਪਾਕਿਸਤਾਨ ਵੱਲੋਂ ਆਸ ਉਲੀ, ਜੰਡੂਆ, ਅਜ਼ਰ ਹਸਨ ਨੇ ਆਪਣੀ ਟੀਮ ਦੀ ਕਾਰਗੁਜ਼ਾਰੀ ਵਿਚ ਵਧੀਆ ਭੂਮਿਕਾ ਨਿਭਾਈ। ਮੈਚ ਦੌਰਾਨ ਭਾਰਤੀ ਖਿਡਾਰੀ ਅਤੇ ਪ੍ਰਬੰਧਕਾਂ ਦੇ ਇਤਰਾਜ਼ ਕਾਰਨ ਉਸ ਵੇਲੇ ਮੈਚ ਰੋਕਣਾ ਪਿਆ ਜਦੋਂ ਭਾਰਤੀ ਟੀਮ ਦੇ ਤਿੰਨ ਅੰਕ ਬਿਨਾਂ ਕਿਸੇ ਗਲਤੀ ਦੇ ਟੀਮ ਨੂੰ ਨਹੀਂ ਦਿੱਤੇ। ਭਾਰਤੀ ਟੀਮ ਦੇ ਪ੍ਰਬੰਧਕਾਂ ਨੂੰ ਦੂਸਰਾ ਇਤਰਾਜ਼ ਇਹ ਸੀ ਕਿ ਭਾਰਤੀ ਟੀਮ ਨੂੰ ਸਿਰਫ 10 ਖਿਡਾਰੀ ਖੇਡਣ ਦੀ ਆਗਿਆ ਦਿੱਤੀ ਹੈ, ਜਦਕਿ ਪਾਕਿਸਤਾਨ ਟੀਮ ਨੇ 14 ਖਿਡਾਰੀ ਬਦਲਵੇਂ ਖਿਡਾਰੀਆਂ ਵਜੋਂ ਖਿਡਾਏ ਹਨ। ਫਿਰ ਵੀ ਭਾਰਤੀ ਖਿਡਾਰੀਆਂ ਨੇ ਹੌਂਸਲਾ ਨਹੀਂ ਹਾਰਿਆ। ਭਾਰਤੀ ਟੀਮ ਨੂੰ ਗੁਲਜ਼ਾਰ ਸਿੰਘ ਮੂਨਕ ਦੇ ਜ਼ਖ਼ਮੀ ਹੋਣ ਦੀ ਘਾਟ ਭਾਵੇਂ ਮੈਚ ਦੌਰਾਨ ਰੜਕਦੀ ਰਹੀ ਪਰ ਦੁੱਲਾ ਸੁਰਖਪੁਰ, ਸੰਦੀਪ ਤੇ ਏਕਮ ਹਠੂਰ ਦਰਸ਼ਕਾਂ ਦੀ ਮੁੱਖ ਖਿੱਚ ਦਾ ਕੇਂਦਰ ਬਣੇ ਰਹੇ। ਏਕਮ ਹਠੂਰ ਨੇ ਨਾ ਸਿਰਫ ਪਾਕਿਸਤਾਨੀ ਜਾਫੀਆਂ ਨੂੰ ਜੱਫੇ ਲਾਏ ਸਗੋਂ ਰੇਡ ਪਾ ਕੇ ਪੁਆਇੰਟ ਵੀ ਹਾਸਲ ਕੀਤੇ।

ਸੰਦੀਪ ਸਿੰਘ ਸੁਰਖਪੁਰੀਆ ਨੂੰ ਚੈਂਪੀਅਨਸ਼ਿਪ ਦਾ ਸਰਬੋਤਮ ਰੇਡਰ ਅਤੇ ਏਕਮ ਸਿੰਘ ਹਠੂਰ ਨੂੰ ਸਰਬੋਤਮ ਜਾਫੀ ਐਲਾਨਿਆ। ਸਮੁੱਚੇ ਟੂਰਨਾਮੈਂਟ ਵਿਚ ਭਾਰਤੀ ਟੀਮ ਨੇ ਵਿਰੋਧੀ ਟੀਮਾਂ ਸਿਰ ਇਕਤਰਫਾ ਜਿੱਤਾਂ ਹਾਸਲ ਕੀਤੀਆਂ। ਭਾਰਤ ਨੇ ਅਫਗਾਨਿਸਤਾਨ ਨੂੰ 69-20, ਸ੍ਰੀਲੰਕਾ ਨੂੰ 72-32 ਤੇ ਈਰਾਨ ਨੂੰ 67-26, ਨੇਪਾਲ ਨੂੰ 61-42 ਨਾਲ ਹਰਾਇਆ। ਈਰਾਨ ਤੇ ਨੇਪਾਲ ਨੂੰ ਕਾਂਸੇ ਤਗਮੇ ਨਾਲ ਸਨਮਾਨਿਆ ਗਿਆ।

ਪੰਜਾਬ ਦੇ ਉਪ-ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਵੀ ਉਚੇਚੇ ਤੌਰ 'ਤੇ ਏਸ਼ੀਆ ਕਬੱਡੀ ਕੱਪ ਦੇਖਣ ਗਏ। ਉਨ੍ਹਾਂ ਪਹਿਲੇ ਏਸ਼ੀਆ ਕੱਪ ਵਿਚ ਚੈਂਪੀਅਨ ਬਣਨ 'ਤੇ ਭਾਰਤੀ ਟੀਮ ਤੇ ਦੇਸ਼ ਵਾਸੀਆਂ ਨੂੰ ਵਧਾਈ ਦਿੰਦਿਆਂ 25 ਲੱਖ ਰੁਪਏ ਖਿਡਾਰੀਆਂ ਨੂੰ ਦੇਣ ਦਾ ਐਲਾਨ ਕੀਤਾ


## Law Offices of Gill & Heridis

**Immigration Services**
- Family Petitions
- Marriage Petitions
- Fiance Visas
- Vawa Petitions
- Consular Processing
- Worker Visas

- 9th Circuit Appeals
- BIA Appeals
- Removal Defense
- Asylum

**Personal Injury**
- Auto Collision



*Bhupinder Gill*
*Attorney at Law*
*(Admitted in CA)*

*Call for free initial consultation*


**(408) 940-6065, (408) 736-5203**

**Email: gill@ghfirm.com Web: www.ghfirm.com**

**830 Stewart Drive, Suite#231, Sunnyvale, CA 94085**



## ATM's & Credit Card Terminals at Lowest Prices! No Hidden Fees.




Merchant Accounts-Grocery, Motels, Limos/Taxis, Gas stations.

**Credit card** terminals -Verifone, Hypercom...

Transfer existing CC processing to us for **lower rates**.

***99% approved same day.*** We specialize in high risk businesses.

**ATMs – TRANAX/TRITON/WRG,** starting at $69/mo.*
*(Perfect for retail stores, hotels, gas stations, etc.)*

***Need Money?*** We provide cash advance against credit card processing with **NO collateral** or personal guaran-tee.

Online Data Corp. is a registered ISO/MSP of Wells Fargo Bank N.A.
*Credit restrictions apply.

**Call SAGAR HANDA at: 773-416-8526**
or 773-935-VISA, SagarATM@yahoo.com

**www.GoldCoastATM.com**



**ਹਰ ਤਰ੍ਹਾਂ ਦੀ ਕਾਨੂੰਨੀ ਸਹਾਇਤਾ ਲਈ ਇਕੋ ਇਕ ਭਰੋਸੇਯੋਗ ਨਾਂ**

## ਜਸਪ੍ਰੀਤ ਸਿੰਘ
## ਅਟਾਰਨੀ ਐਟ ਲਾਅ

*ਰਿਫਿਊਜੀ ਸਟੇਅ *ਵਿਆਹ ਦੇ ਕੇਸ
*ਸਿਟੀਜ਼ਨਸ਼ਿਪ *ਡਿਪੋਰਟੇਸ਼ਨ *ਬਿਜਨੈਸ ਵੀਜ਼ਾ
*ਇੰਪਲਾਇਮੈਂਟ ਸਬੰਧੀ ਸਪਾਂਸਰਸ਼ਿਪ
*ਐਡਾਪਸ਼ਨ ਆਦਿ ਦੇ ਕੇਸਾਂ ਲਈ ਸੰਪਰਕ ਕਰੋ
ਲੋਨ ਮੋਡੀਫਿਕੇਸ਼ਨ ਲਈ ਵੀ ਕਾਲ ਕਰੋ



*Attorny At Law*

## Law Offices Of Jaspreet Singh

| | | |
|---|---|---|
| 4491 W. Shaw Ave.,<br>Suite 300 B<br>(Near Costco)<br>Fresno, CA 93722<br>Ph: 559-271-5511 | 44790 S. Grimmer<br>Blvd. #204<br>Fremont CA-94538<br>Ph:510-657-6444<br>Fax: 510-657-6443 | 2945 W. Capitol Ave,<br>Sacramento CA-95691<br>Ph: 916-372-4448<br>Fax: 916-372-4440 |

ਪੰਜਾਬ ਟਾਈਮਜ਼

*ਸਨਿਚਰਵਾਰ, ਪਹਿਲੀ ਅਕਤੂਬਰ 2011*

## ਭੁੱਲਰ ਤੇ ਜ਼ਿੰਦਗੀ ਲਈ ਲੜਾਈ ਦਾ ਮਸਲਾ

ਪ੍ਰੋ. ਦਵਿੰਦਰਪਾਲ ਸਿੰਘ ਭੁੱਲਰ ਦੀ ਫਾਂਸੀ ਤੁੜਵਾਉਣ ਦਾ ਮਾਮਲਾ ਇਕ ਵਾਰ ਫਿਰ ਇਕ ਹੋਰ ਮੋੜ 'ਤੇ ਆਣ ਖਲੋਇਆ ਹੈ। ਇਕ ਤਾਂ ਇਸ ਸਬੰਧੀ ਚਾਰਾਜੋਈ ਸੁਪਰੀਮ ਕੋਰਟ ਵਿਚ ਚੱਲ ਰਹੀ ਹੈ, ਦੂਜੇ ਬੰਨ੍ਹੇ ਪੰਜਾਬ ਵਿਧਾਨ ਸਭਾ ਵਿਚ ਮਤਾ ਪਾਸ ਕਰਵਾਉਣ ਦੀ ਚਰਚਾ ਹੈ। ਪੰਜਾਬ ਦੀ ਸਿਆਸਤ ਵਿਚ ਜਿਸ ਤਰ੍ਹਾਂ ਦੀ ਗੈਰ-ਜਮਹੂਰੀਅਤ ਭਾਰੂ ਹੈ, ਉਸ ਦੇ ਹਿਸਾਬ ਇਸ ਮਾਮਲੇ ਬਾਰੇ ਸਿਆਸੀ ਲਾਹੇ ਵਾਲਾ ਤੱਥ ਇਕ ਦਮ ਫਿਰ ਅੱਗੇ ਆ ਗਿਆ ਹੈ। ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ, ਜਿਸ ਨੇ ਪਹਿਲਾਂ ਪ੍ਰੋ. ਦਵਿੰਦਰਪਾਲ ਸਿੰਘ ਭੁੱਲਰ ਨੂੰ ਪੰਜਾਬ ਦੀ ਕਿਸੇ ਜੇਲ੍ਹ ਵਿਚ ਆਉਣ ਤੋਂ ਵੀ ਰੋਕ ਦਿੱਤਾ ਸੀ, ਹੁਣ ਇਸ ਮਾਮਲੇ ਵਿਚ ਵਿਧਾਨ ਸਭਾ ਵਿਚ ਮਤਾ ਪਾਸ ਕਰਨ ਦੇ ਮੁਦੇ ਉਤੇ ਕਾਂਗਰਸ ਨੂੰ ਲਲਕਾਰ ਰਹੇ ਹਨ। ਪੰਜਾਬ ਕਾਂਗਰਸ ਦੇ ਆਗੂ ਕੈਪਟਨ ਅਮਰਿੰਦਰ ਸਿੰਘ ਜਿਹੜੇ ਪਹਿਲਾਂ ਮਤੇ ਦੇ ਹੱਕ ਵਿਚ ਬੋਲ ਰਹੇ ਸਨ, ਹੁਣ ਪਿਛਾਂਹ ਹਟਦੇ ਪ੍ਰਤੀਤ ਹੁੰਦੇ ਹਨ। ਸ. ਬਾਦਲ ਵੱਲੋਂ ਕਾਂਗਰਸ ਨੂੰ ਲਲਕਾਰਨ ਦਾ ਇਕ ਪੱਖ ਸੱਤਾ ਵਿਚ ਆਪਣੀ ਭਾਈਵਾਲ ਭਾਰਤੀ ਜਨਤਾ ਪਾਰਟੀ ਦਾ ਮਤੇ ਦੇ ਖਿਲਾਫ ਰੁਖ ਵੀ ਹੈ। ਭਾਰਤੀ ਜਨਤਾ ਪਾਰਟੀ ਦਾ ਇਸ ਮੁੱਦੇ 'ਤੇ ਸਪਸ਼ਟ ਸਟੈਂਡ ਹੈ ਕਿ ਇਹ ਪ੍ਰੋ. ਭੁੱਲਰ ਨੂੰ ਫਾਂਸੀ ਦੇਣ ਦੇ ਵਿਰੁਧ ਪੇਸ਼ ਕੀਤੇ ਜਾਣ ਵਾਲੇ ਮਤੇ ਦੇ ਹੱਕ ਵਿਚ ਨਹੀਂ ਹੈ। ਪਾਰਲੀਮੈਂਟ ਉਤੇ ਹਮਲੇ ਦੇ ਕੇਸ ਵਿਚ ਇਕ ਹੋਰ ਫਾਂਸੀਯਾਫਤਾ ਕਸ਼ਮੀਰੀ ਨੌਜਵਾਨ ਅਫ਼ਜ਼ਲ ਗੁਰੂ ਦੇ ਮਾਮਲੇ ਵਿਚ ਤਾਂ ਇਸ ਦੀ ਪਹੁੰਚ ਹੋਰ ਵੀ ਭਿਅੰਕਰ ਹੈ। ਇਹ ਗੱਲ ਵੱਖਰੀ ਹੈ ਕਿ ਤਾਮਿਲਨਾਡੂ ਵਿਧਾਨ ਸਭਾ ਵੱਲੋਂ ਰਾਜੀਵ ਹੱਤਿਆ ਕੇਸ ਦੇ ਦੋਸ਼ੀਆਂ ਦੇ ਹੱਕ ਵਿਚ ਪਾਸ ਮਤੇ ਬਾਰੇ ਇਸ ਨੂੰ ਕੋਈ ਇਤਰਾਜ਼ ਨਹੀਂ ਹੈ। ਇਹ ਭਾਰਤੀ ਜਨਤਾ ਪਾਰਟੀ ਦੇ ਸੌੜੇ ਫਿਰਕੂ ਤੁਅੱਸਬ ਦੀ ਮੂੰਹ ਬੋਲਦੀ ਤਸਵੀਰ ਹੈ ਜਿਸ ਨੇ ਹੁਣ ਤੱਕ ਭਾਰਤੀ ਸਿਆਸਤ ਅਤੇ ਆਵਾਮ ਲਈ ਦੁਸ਼ਵਾਰੀਆਂ ਹੀ ਖੜ੍ਹੀਆਂ ਕੀਤੀਆਂ ਹਨ। ਸ. ਬਾਦਲ ਨੇ ਜਦੋਂ ਪਹਿਲਾਂ-ਪਹਿਲ ਪੰਜਾਬ ਵਿਚ ਇਸ ਪਾਰਟੀ ਨਾਲ ਸਾਂਝ ਪਾਈ ਸੀ ਤਾਂ ਇਸ ਸਾਂਝ ਨੂੰ ਹਿੰਦੂ-ਸਿੱਖ ਏਕਤਾ ਦਾ ਨਾਂ ਦਿੱਤਾ ਸੀ ਪਰ ਇਹ ਸਾਂਝ ਨਿਰੋਲ ਸਿਆਸੀ ਹੋ ਨਿੱਬੜੀ ਹੈ।

ਅਸਲ ਵਿਚ ਪ੍ਰੋ. ਭੁੱਲਰ ਦੇ ਮਾਮਲੇ ਵਿਚ ਹੁਣ ਤੱਕ ਸਭ ਧਿਰਾਂ ਵਲੋਂ ਸਿਆਸਤ ਹੀ ਹੋਈ ਹੈ। ਉਸ ਨੂੰ ਬਚਾਉਣ ਦੀ ਮੁਹਿੰਮ ਚੱਲੀ ਤਾਂ ਸਹੀ ਪਰ ਬਹੁਤ ਜ਼ਿਆਦਾ ਪਛੜ ਕੇ; ਨਹੀਂ ਤਾਂ ਜਿਸ ਤਰ੍ਹਾਂ ਦਾ ਇਹ ਕੇਸ ਸੀ, ਉਹ ਮਿਸਾਲ ਪੈਦਾ ਕਰ ਸਕਦਾ ਸੀ। ਇਸ ਕੇਸ ਦਾ ਫੈਸਲਾ ਜਦੋਂ ਸੁਪਰੀਮ ਕੋਰਟ ਵਿਚ ਹੋਇਆ ਸੀ ਤਾਂ ਇਕ ਜੱਜ ਦੀ ਰਾਇ ਪ੍ਰੋ. ਭੁੱਲਰ ਨੂੰ ਫਾਂਸੀ ਨਾ ਦੇਣ ਦੀ ਸੀ ਅਤੇ ਦੋ ਜੱਜਾਂ ਨੇ ਫਾਂਸੀ ਦੀ ਵਕਾਲਤ ਕੀਤੀ ਸੀ। ਉਦੋਂ ਇਸ ਮੁੱਦੇ 'ਤੇ ਪੈਰਵੀ ਸਾਰਥਕ ਨਤੀਜਿਆਂ ਵੱਲ ਰਾਹ ਖੋਲ੍ਹ ਸਕਦੀ ਸੀ ਪਰ ਉਦੋਂ ਕਿਸੇ ਨੇ ਪੈਰਵੀ ਤਾਂ ਕੀ ਕਰਨੀ ਸੀ, ਸਭ ਨੇ ਆਪੋ ਆਪਣੀ ਨਿਰੋਲ ਸਿਆਸਤ ਹੀ ਖੇਡੀ। ਖਾੜਕੂ ਧਿਰਾਂ ਜੋ ਬੰਦੇ ਦੀ ਜਾਨ ਲੈਣ ਲਈ ਕਦੇ ਬੱਸ ਬਹਾਨੇ ਹੀ ਭਾਲਦੀਆਂ ਹੁੰਦੀਆਂ ਸਨ, ਨੂੰ ਪ੍ਰੋ. ਭੁੱਲਰ ਦੀ ਜ਼ਿੰਦਗੀ ਬਚਾਉਣ ਦੀ ਗੱਲ ਚੇਤੇ ਹੀ ਨਹੀਂ ਆਈ। ਉਂਜ, ਇਸ ਮਾਮਲੇ ਦਾ ਜਮਾਤੀ ਪੱਖ ਵੀ ਹੋ ਸਕਦਾ ਹੈ। ਇਸ ਪੱਖ ਨੂੰ ਅਫਜ਼ਲ ਗੁਰੂ ਦੇ ਕੇਸ ਨਾਲ ਜੋੜ ਕੇ ਦੇਖਿਆ ਜਾਵੇ ਤਾਂ ਇਸ ਪਾਸੇ ਹੋਰ ਪਰਤਾਂ ਖੁੱਲ੍ਹ ਸਕਦੀਆਂ ਹਨ। ਅਫ਼ਜ਼ਲ ਗੁਰੂ ਨੂੰ ਸੰਸਦ ਉਤੇ ਹਮਲੇ ਵਾਲੇ ਕੇਸ ਵਿਚ ਫਾਂਸੀ ਦੀ ਸਜ਼ਾ ਮਿਲੀ ਹੋਈ ਹੈ। ਇਸੇ ਮਾਮਲੇ ਵਿਚ ਦਿੱਲੀ ਯੂਨੀਵਰਸਿਟੀ ਦੇ ਇਕ ਕਾਲਜ ਦੇ ਪ੍ਰੋ. ਐਸ. ਏ. ਆਰ. ਗਿਲਾਨੀ ਨੂੰ ਵੀ ਫਾਂਸੀ ਦੀ ਸਜ਼ਾ ਹੋਈ ਸੀ ਪਰ ਜਿਸ ਪੱਧਰ ਉਤੇ ਉਸ ਦੇ ਕੇਸ ਦੀ ਪੈਰਵੀ ਹੋਈ, ਆਖਰਕਾਰ ਉਸ ਨੂੰ ਬਰੀ ਕਰ ਦਿੱਤਾ ਗਿਆ। ਕਸ਼ਮੀਰ ਦੇ ਸਾਧਾਰਨ ਵਰਕਰ ਅਫ਼ਜ਼ਲ ਗੁਰੂ ਲਈ ਤਾਂ ਢੰਗ ਨਾਲ ਵਕੀਲ ਵੀ ਨਾ ਮਿਲ ਸਕਿਆ। ਪ੍ਰੋ. ਭੁੱਲਰ ਦੇ ਮਾਮਲੇ ਨੂੰ ਜੇ ਇਸ ਪ੍ਰਸੰਗ ਵਿਚ ਰੱਖ ਕੇ ਵਿਚਾਰਿਆ ਜਾਵੇ ਤਾਂ ਖਾੜਕੂਵਾਦ ਨਾਲ ਜੁੜੇ ਤੱਥਾਂ ਦੀਆਂ ਹੋਰ ਪਰਤਾਂ ਫਰੋਲੀਆਂ ਜਾ ਸਕਦੀਆਂ ਹਨ। ਖਾੜਕੂਵਾਦ ਲਈ ਜਿਸ ਪੱਧਰ ਦੀ ਬੌਧਿਕ ਬੁਲੰਦੀ ਦੀ ਲੋੜ ਹੁੰਦੀ ਹੈ, ਖਾੜਕੂਵਾਦ ਦੇ ਦੌਰ ਵਿਚ ਉਹ ਕਿਤੇ ਪਛੜ ਜਾਂਦੀ ਰਹੀ ਹੈ। ਅੱਜ ਇਸ ਪਾਸੇ ਸੋਚਣਾ ਇਸ ਕਰਕੇ ਵੀ ਜ਼ਰੂਰੀ ਹੈ ਕਿ ਇਸ ਪਾਸੇ ਸੋਚਿਆਂ ਹੀ ਅਗਾਂਹ ਰਾਹ ਖੁੱਲ੍ਹ ਸਕਦੇ ਹਨ। ਜਿਹੜਾ ਪੱਖ ਕਿਤੇ ਪਛੜ ਗਿਆ ਹੈ, ਉਸ ਦੀ ਮਜ਼ਬੂਤੀ ਲਈ ਉਸ ਨੂੰ ਸਵੀਕਾਰ ਕਰਨ ਵਿਚ ਹੀ ਸੰਗਤ ਦੀ ਭਲਾਈ ਹੈ ਕਿਉਂਕਿ ਮੁਢਲਾ ਮਸਲਾ ਤਾਂ ਸ਼ਾਨ ਨਾਲ ਜ਼ਿੰਦਗੀ ਜਿਉਣ ਦੀ ਲਲ੍ਹਕ ਨਾਲ ਜੁੜਿਆ ਹੋਇਆ ਹੈ। ਇਸ ਜ਼ਾਵੀਏ ਤੋਂ ਸੋਚਿਆਂ ਫਿਰ ਪ੍ਰਕਾਸ਼ ਸਿੰਘ ਬਾਦਲ ਜਾਂ ਕੈਪਟਨ ਅਮਰਿੰਦਰ ਸਿੰਘ ਦੀ ਸਿਆਸਤ ਉਤੇ ਵੀ ਸਵਾਲੀਆ ਚਿੰਨ੍ਹ ਲਗਦਾ ਹੈ ਅਤੇ ਨਾਲ ਹੀ ਉਸ ਸਿਆਸਤ ਉਤੇ ਵੀ ਜਿਸ ਦੀਆਂ ਕੜੀਆਂ ਖਾੜਕੂਵਾਦ ਨਾਲ ਜੁੜੀਆਂ ਹੋਈਆਂ ਹਨ। ਸ਼ਾਇਦ ਇਹੀ ਇਕ ਕਾਰਨ ਹੈ ਕਿ ਪ੍ਰੋ. ਭੁੱਲਰ ਦੀ ਫਾਂਸੀ ਤੁੜਵਾਉਣ ਦਾ ਮਾਮਲਾ ਨਿਰੋਲ ਭੁੱਲਰ ਦਾ ਮਾਮਲਾ ਬਣ ਕੇ ਰਹਿ ਗਿਆ ਹੈ। ਇਹ ਭਾਰਤ ਵਿਚ ਸਦਾ ਸਦਾ ਲਈ ਫਾਂਸੀ ਦੀ ਸਜ਼ਾ ਖਤਮ ਕਰਵਾਉਣ ਦੀ ਮੁਹਿੰਮ ਦਾ ਹਿੱਸਾ ਬਣ ਸਕਦਾ ਸੀ ਪਰ ਸਿਆਸਤ ਕਰਕੇ ਅਜਿਹਾ ਹੋ ਨਹੀਂ ਸਕਿਆ।

ਫਾਂਸੀ ਆਧੁਨਿਕ ਜੁੱਗ ਦਾ ਬੇਹੱਦ ਕਰੂਰ ਵਰਤਾਰਾ ਹੈ। ਇਹ ਮਨੁੱਖੀ ਜ਼ਿੰਦਗੀ ਦੇ ਉਕਾ ਹੀ ਖਿਲਾਫ ਹੈ। ਇਸੇ ਕਰਕੇ ਹੀ ਸੰਸਾਰ ਦੇ ਬਹੁਤੇ ਦੇਸ਼ਾਂ ਨੇ ਇਹ ਸਜ਼ਾ ਬੰਦ ਕੀਤੀ ਹੋਈ ਹੈ। ਭਾਰਤ ਵਿਚ ਇਸ ਵਰਤਾਰੇ ਖਿਲਾਫ ਮੁਹਿੰਮਾਂ ਤਾਂ ਕਈ ਵਾਰ ਚੱਲੀਆਂ ਪਰ ਤੋੜ ਤੱਕ ਨਹੀਂ ਜਾ ਸਕੀਆਂ। ਅਜੇ ਵੀ ਪ੍ਰੋ. ਭੁੱਲਰ ਦੇ ਮਾਮਲੇ 'ਤੇ ਇਹ ਮੁਹਿੰਮ ਸੰਭਵ ਹੈ। ਇਸ ਨਾਲ ਪ੍ਰੋ. ਭੁੱਲਰ ਲਈ ਸੰਘਰਸ਼ ਦਾ ਘੇਰਾ ਵੀ ਹੋਰ ਚੌੜੇਰਾ ਹੋਵੇਗਾ। ਇਸ ਨਾਲ ਉਹ ਧਿਰਾਂ ਵੀ ਮੁਹਿੰਮ ਦਾ ਹਿੱਸਾ ਬਣਨਗੀਆਂ ਜਿਹੜੀਆਂ ਮਨੁੱਖੀ ਜ਼ਿੰਦਗੀ ਦੀ ਸ਼ਾਨ ਲਈ ਚੱਲਣ ਵਾਲੀ ਹਰ ਮੁਹਿੰਮ ਦਾ ਹਿੱਸਾ ਬਣਦੀਆਂ ਹਨ। ਇਸ ਸੂਰਤ ਵਿਚ ਖਾੜਕੂਵਾਦ ਦੌਰਾਨ ਪਿੱਛੇ ਰਹਿ ਗਈਆਂ ਗੱਲਾਂ ਨੂੰ ਨਵੇਂ ਸਿਰਿਓਂ ਵਿਚਾਰਨ ਦਾ ਮੌਕਾ ਵੀ ਮਿਲ ਜਾਵੇਗਾ। ਇਸ ਨਾਲ ਹੀ ਸਰਬੱਤ ਦੇ ਭਲੇ ਵਾਲਾ ਸੰਕਲਪ ਜੁੜਿਆ ਹੋਇਆ ਹੈ। ਸੰਗਤ ਨੂੰ ਅੱਜ ਇਸ ਪਾਸੇ ਜੋੜਨ ਦੀ ਲੋੜ ਬਹੁਤ ਜ਼ਿਆਦਾ ਹੈ।

## ਠਾਹ-ਸੋਟਾ

-ਚਾਚਾ ਬੇਲਿਹਾਜ਼


### *ਖਤਰਿਆਂ 'ਚ ਘਿਰਿਆ ਬੂਟਾ?*

ਉਨ੍ਹਾਂ ਸਾਂਭ ਲਈ ਕੌਮ ਦੀ 'ਜਥੇਦਾਰੀ', ਧਨੀ ਬਣੇ ਜੋ ਰਿਸ਼ਵਤ ਦਲਾਲੀਆਂ ਤੋਂ।
ਡੰਡੇ ਨਾਲ ਜ਼ੁਬਾਨ ਨੂੰ ਬੰਦ ਕਰਕੇ, ਖੋਹ ਲਏ 'ਸ਼ੱਕੀ ਸਵਾਲ' ਸਵਾਲੀਆਂ ਤੋਂ।
ਪਤਿਤਪੁਣੇ ਤੇ ਨਸ਼ਿਆਂ ਖੜ-ਸੁਕ ਕੀਤਾ, ਸਿੱਖੀ ਬਾਗ ਮਹਿਰੂਮ ਹਰਿਆਲੀਆਂ ਤੋਂ।
ਹੋਇਆ ਪੰਥ ਦਾ ਕਿੰਨਾ ਨੁਕਸਾਨ ਸੋਚੋ! ਨਾਲ 'ਭਾਜਪਾ' ਸਾਂਝ-ਭਿਆਲੀਆਂ ਤੋਂ।
ਦਰਦੀ ਕੌਮ ਦੇ ਬਿਨੈ ਹੱਥ ਜੋੜ ਕਰਦੇ, 'ਭੋਲਾ ਪੰਥ' ਬਚਾਓ ਜੀ 'ਕਾਲੀਆਂ ਤੋਂ।
ਵੈਰੀ ਬੂਟੇ ਦੇ ਬਣੇ ਖੁਦ ਆਪਣੇ ਹੀ, ਪੁੱਟ ਹੋਇਆ ਨਾ ਜਿਹੜਾ ਅਬਦਾਲੀਆਂ ਤੋਂ!!

# ਪਾਕਿਸਤਾਨ-ਅਮਰੀਕਾ ਦੇ ਬਣਦੇ-ਟੁੱਟਦੇ ਰਿਸ਼ਤੇ

***ਪਾਕਿਸਤਾਨੀ ਖੁਫੀਆ ਏਜੰਸੀ ਆਈ ਐਸ ਆਈ ਉਪਰ ਹਮੇਸ਼ਾ ਦੂਜੇ ਮੁਲਕਾਂ ਖਾਸਕਰ ਭਾਰਤ ਦੇ ਮਾਮਲਿਆਂ ਵਿਚ ਦਖਲ ਦੇਣ ਅਤੇ ਦਹਿਸ਼ਤਪਸੰਦੀ ਨੂੰ ਹਵਾ ਦੇਣ ਦੇ ਦੋਸ਼ ਲਗਦੇ ਆਏ ਹਨ। ਪਿਛਲੇ ਕੁਝ ਸਮੇਂ ਤੋਂ ਅਮਰੀਕੀ ਅਧਿਕਾਰੀਆਂ ਵਲੋਂ ਇਸ ਖੁਫੀਆ ਏਜੰਸੀ ਉਪਰ ਅਲਕਾਇਦਾ ਨਾਲ ਸਬੰਧਤ ਦਹਿਸ਼ਤਪਸੰਦੀ ਨੂੰ ਤੂਲ ਦੇਣ ਦੇ ਦੋਸ਼ ਲੱਗ ਰਹੇ ਹਨ। ਪਿਛਲੇ ਦੋ ਹਫਤਿਆਂ ਵਿਚ ਇਨ੍ਹਾਂ ਦੋਸ਼ਾਂ ਵਿਚ ਹੋਰ ਵੀ ਵਾਧਾ ਹੋਇਆ ਹੈ। ਇਸ ਸਭ ਦਾ ਨਤੀਜਾ ਕੀ ਨਿਕਲੇਗਾ, ਇਹੋ ਵਿਸ਼ਲੇਸ਼ਣ ਕਰਨ ਦੀ ਹਥਲੇ ਲੇਖ ਵਿਚ ਪ੍ਰੋ. ਰੋਮਾਣਾ ਨੇ ਕੋਸ਼ਿਸ਼ ਕੀਤੀ ਹੈ। -ਸੰਪਾਦਕ***

ਅੱਜਕੱਲ੍ਹ ਪਾਕਿਸਤਾਨ ਅਤੇ ਅਮਰੀਕਾ ਵਿਚਕਾਰ ਸ਼ਬਦੀ ਜੰਗ ਛਿੜੀ ਹੋਈ ਹੈ। ਕੁਝ ਵਿਸ਼ਲੇਸ਼ਕਾਂ ਦਾ ਖਿਆਲ ਹੈ ਕਿ ਜੇ ਪਾਕਿਸਤਾਨ ਸਹੀ ਰਸਤੇ 'ਤੇ ਨਹੀਂ ਆਉਂਦਾ ਤਾਂ ਇਹ ਸ਼ਬਦੀ ਜੰਗ ਗੰਭੀਰ ਰੂਪ ਵੀ ਧਾਰ ਸਕਦੀ ਹੈ। ਕੁਝ ਮਾਹਿਰ ਇਹ ਵੀ ਸੋਚਦੇ ਹਨ ਕਿ ਅਫ਼ਗਾਨਿਸਤਾਨ ਵਿਚਲੀ ਜੰਗ 'ਚ ਅਮਰੀਕਾ ਦਾ ਪਾਕਿਸਤਾਨ ਤੋਂ ਬਿਨਾਂ ਕਿਸੇ ਤਰ੍ਹਾਂ ਵੀ ਨਹੀਂ ਸਰਦਾ। ਇਸ ਲਈ ਇਨ੍ਹਾਂ ਧਮਕੀਆਂ ਦਾ



ਪ੍ਰੋ. ਕੁਲਵੰਤ ਸਿੰਘ ਰੋਮਾਣਾ

ਮਤਲਬ ਸਿਰਫ਼ ਪਾਕਿਸਤਾਨ ਨੂੰ ਅਤਿਵਾਦ ਵਿਰੋਧੀ ਜੰਗ ਵਿਚ ਇਮਾਨਦਾਰੀ ਨਾਲ ਅਤੇ ਨਿੱਠ ਕੇ ਚੱਲਣ ਲਈ ਮਜਬੂਰ ਕਰਨਾ ਹੈ ਜੋ ਕਦੇ ਨਹੀਂ ਹੋਣਾ।

ਜ਼ਿਕਰਯੋਗ ਹੈ ਕਿ ਇਹ ਟਕਰਾਅ ਉਦੋਂ ਸ਼ੁਰੂ ਹੋਇਆ ਜਦੋਂ 10 ਸਤੰਬਰ ਦੇ ਦਿਨ ਅਤਿਵਾਦੀਆਂ ਨੇ ਬੰਬਾਂ ਲੱਦੇ ਟਰੱਕ ਨਾਲ ਨਾਟੋ ਆਊਟਪੋਸਟ 'ਤੇ ਹਮਲਾ ਕਰਕੇ 5 ਲੋਕਾਂ ਨੂੰ ਮਾਰ ਦਿੱਤਾ ਤੇ ਲਗਭਗ 80 ਅਮਰੀਕੀ ਫੌਜੀ ਜ਼ਖ਼ਮੀ ਕਰ ਦਿੱਤੇ। ਅਗਲੇ ਹੀ ਦਿਨ ਇਨ੍ਹਾਂ ਦਹਿਸ਼ਤਗਰਦਾਂ ਨੇ ਕਾਬਲ ਵਿਚ ਅਮਰੀਕਨ ਸਫ਼ਾਰਤਖ਼ਾਨੇ 'ਤੇ ਬੜਾ ਭਿਆਨਕ ਹਮਲਾ ਕੀਤਾ ਜਿਸ 'ਚ 10 ਦਹਿਸ਼ਤਗਰਦਾਂ ਸਮੇਤ 24 ਲੋਕ ਮਾਰੇ ਗਏ। ਇਹ ਮੁਕਾਬਲਾ ਕੋਈ 19 ਘੰਟੇ ਲਗਾਤਾਰ ਚਲਦਾ ਰਿਹਾ। ਇਸ ਹਮਲੇ ਤੋਂ ਬਾਅਦ ਪਾਕਿਸਤਾਨ ਵਿਚ ਅਮਰੀਕੀ ਸਫ਼ੀਰ ਕੈਮਰਾਨ ਮੈਂਟਰ ਨੇ ਕਿਹਾ ਕਿ ਇਹ ਹਮਲੇ ਪਾਕਿਸਤਾਨ ਦੇ ਵਜ਼ੀਰਸਤਾਨ ਸਥਿਤ ਹੱਕਾਨੀ ਨੈਟਵਰਕ ਦੀ ਕਾਰਵਾਈ ਹੈ ਅਤੇ ਇਨ੍ਹਾਂ ਹਮਲਿਆਂ ਦੀ ਸਕੀਮ ਤਿਆਰ ਕਰਨ ਤੇ ਨੇਪਰੇ ਚਾੜ੍ਹਨ 'ਚ ਆਈ.ਐਸ.ਆਈ. ਦਾ ਪੂਰਾ ਪੂਰਾ ਹੱਥ ਹੈ। ਇਸ ਤੋਂ ਅਗਲੇ ਹੀ ਦਿਨ ਅਮਰੀਕਾ ਫੌਜਾਂ ਦੇ ਚੀਫ਼ ਐਡਮਿਰਲ ਮੁੱਲਨ ਦਾ ਇਹ ਬਿਆਨ ਆ ਗਿਆ ਕਿ ਇਹ ਹਮਲੇ ਹੱਕਾਨੀ ਗਰੁਪ ਨੇ ਆਈ.ਐਸ. ਆਈ. ਦੀ ਸਿੱਧੀ ਮਦਦ ਨਾਲ ਨੇਪਰੇ ਚਾੜ੍ਹੇ ਹਨ ਜਿਹੜਾ ਅਸਲ 'ਚ ਆਈ.ਐਸ.ਆਈ. ਦਾ ਹੀ ਵਿੰਗ ਹੈ। ਉਸ ਨੇ ਅੱਗੇ ਕਿਹਾ ਕਿ ਅਫ਼ਗਾਨਿਸਤਾਨ ਦੇ ਸਾਬਕਾ ਰਾਸ਼ਟਰਪਤੀ ਅਤੇ ਹੁਣ ਸ਼ਾਂਤੀ ਕਮੇਟੀ ਦੇ ਚੇਅਰਮੈਨ ਬਰਹਾਨੂਦੀਨ ਰੱਬਾਨੀ ਦਾ ਕਤਲ ਵੀ ਇਸੇ ਨੈਟਵਰਕ ਨੇ ਕੀਤਾ ਹੈ। ਉਸ ਨੇ ਇਹ ਵੀ ਕਿਹਾ ਕਿ ਕਾਬੁਲ ਦੇ ਕੌਮਾਂਤਰੀ ਕੰਟੀਨੈਂਟਲ ਹੋਟਲ 'ਤੇ ਹਮਲਾ ਵੀ ਇਨ੍ਹਾਂ ਲੋਕਾਂ ਅਤੇ ਆਈ.ਐਸ.ਆਈ. ਦਾ ਹੀ ਕੰਮ ਸੀ। ਜਨਰਲ ਮੁੱਲਨ ਨੇ ਇਹੋ ਇੰਕਸ਼ਾਫ਼ ਸੈਨੇਟ ਦੀ ਡਿਫੈਂਸ ਕਮੇਟੀ ਸਾਹਮਣੇ ਵੀ ਕੀਤਾ ਹੈ।

ਅਮਰੀਕਾ ਦੇ ਅਜਿਹੇ ਸਖ਼ਤ ਅਣਕਿਆਸੇ ਅਤੇ ਭੈਭੀਤ ਕਰਨ ਵਾਲੇ ਬਿਆਨਾਂ ਨੇ ਪਾਕਿਸਤਾਨੀ ਹਕੂਮਤ ਨੂੰ ਇਕਦਮ ਭਾਜੜਾਂ ਪਾ ਦਿੱਤੀਆਂ ਹਨ। ਪਾਕਿਸਤਾਨੀ ਵਿਦੇਸ਼ ਮੰਤਰੀ ਬੀਬੀ ਹਿਨਾ ਰੱਬਾਨੀ ਖਾਰ ਨੇ ਮੈਡਮ ਹਿਲੇਰੀ ਕਲਿੰਟਨ ਨਾਲ ਚਾਰ ਘੰਟੇ ਗੱਲਬਾਤ ਕੀਤੀ। ਆਈ.ਐਸ.ਆਈ. ਮੁਖੀ ਜਨਰਲ ਸੂਜ਼ਾ ਪਾਸ਼ਾ ਨੇ ਫਟਾਫਟ ਇਸਲਾਮਾਬਾਦ ਤੋਂ ਵਾਸ਼ਿੰਗਟਨ ਲਈ ਜਹਾਜ਼ ਫੜਿਆ ਅਤੇ ਸੀ.ਆਈ.ਏ. ਚੀਫ ਡੇਵਿਰ ਪੈਟਰਸ ਨੂੰ ਜਾ ਮਿਲਿਆ। ਉਸ ਚਾਰ ਘੰਟੇ ਸੀ.ਆਈ.ਏ. ਮੁਖੀ ਨਾਲ ਗੱਲਬਾਤ ਕੀਤੀ ਤੇ ਉਨ੍ਹੀਂ ਪੈਰੀਂ ਵਾਪਸ ਪਾਕਿਸਤਾਨ ਚਲਾ ਗਿਆ। ਪਾਕਿ ਫੌਜਾਂ ਦੇ ਮੁਖੀ ਜਨਰਲ ਪਰਵੇਜ਼ ਅਸ਼ਫਾਕ ਕਿਆਨੀ ਨੇ ਐਡਮਿਰਲ ਮੁੱਲਨ ਨਾਲ ਸਪੇਨ ਵਿਚ ਗੱਲਬਾਤ ਕੀਤੀ। ਇਨ੍ਹਾਂ ਮੁਲਾਕਾਤਾਂ 'ਚ ਪਾਕਿਸਤਾਨ ਦਾ ਇਹੋ ਕਹਿਣਾ ਸੀ ਕਿ ਇਹ ਦੋਸ਼ ਨਿਰਮੂਲ ਹਨ। ਜੇ ਕੋਈ ਸ਼ੱਕ ਹੈ ਤਾਂ ਸਾਨੂੰ ਬੈਠ ਕੇ ਗੱਲਬਾਤ ਕਰਨੀ ਚਾਹੀਦੀ ਹੈ ਪਰ ਅਮਰੀਕਾ ਵੱਲੋਂ ਸਖ਼ਤੀ ਨਾਲ ਐਡਮਿਰਲ ਮੁੱਲਨ ਵਾਲੀ ਗੱਲ ਹੀ ਕਹੀ ਗਈ ਅਤੇ ਤਾੜਨਾ ਕੀਤੀ ਗਈ ਕਿ ਜੇ ਪਾਕਿਸਤਾਨ ਨੇ ਹੱਕਾਨੀ ਗਰੁਪ ਖਿਲਾਫ਼ ਕੋਈ ਸਖ਼ਤ ਕਾਰਵਾਈ ਨਾ ਕੀਤੀ ਤਾਂ ਇਹ ਪਾਕਿਸਤਾਨ ਦੀ ਧਰਤੀ 'ਤੇ ਜਾ ਕੇ ਕਾਰਵਾਈ ਕਰਨ ਤੋਂ ਗੁਰੇਜ਼ ਨਹੀਂ ਕਰੇਗਾ।

ਇਹ ਅਮਰੀਕੀ ਧਮਕੀ ਸੁਣ ਕੇ ਪਾਕਿਸਤਾਨ ਨੇ ਵੀ ਸਖ਼ਤ ਰੁਖ ਅਖ਼ਤਿਆਰ ਕਰ ਲਿਆ ਹੈ। ਬੀਬੀ ਰੱਬਾਨੀ ਨੇ ਕਿਹਾ ਹੈ ਕਿ ਅਮਰੀਕਾ ਵੱਲੋਂ ਕਿਸੇ ਫੌਜੀ ਹਮਲੇ ਦੀ ਕਾਰਵਾਈ ਦੇ ਨਤੀਜੇ ਬੁਰੇ ਨਿਕਲਣਗੇ ਅਤੇ ਅਮਰੀਕਾ ਆਪਣਾ ਇਕ ਸਾਥੀ ਖੋ ਬੈਠੇਗਾ। ਗ੍ਰਹਿ ਮੰਤਰੀ ਰਹਿਮਾਨ ਮਲਿਕ ਨੇ ਕਿਹਾ ਕਿ ਅਮਰੀਕਾ ਦੇ ਦੋਸ਼ ਨਿਰਮੂਲ ਹਨ ਤੇ ਪਾਕਿਸਤਾਨ ਦੀ ਪ੍ਰਭੂਸੱਤਾ ਨਾਲ ਕਿਸੇ ਵੀ ਕਿਸਮ ਦੀ ਛੇੜ-ਛਾੜ ਸਹਿਣ ਨਹੀਂ ਕੀਤੀ ਜਾਵੇਗੀ। ਪਾਕਿਸਤਾਨੀ ਫੌਜ ਦੀ ਵੈਬਸਾਈਟ 'ਤੇ ਜਨਰਲ ਕਿਆਨੀ ਨੇ ਲਿਖਿਆ ਹੈ ਕਿ ਅਮਰੀਕਾ ਵੱਲੋਂ ਲਾਏ ਗਏ ਦੋਸ਼ ਸੱਚੇ ਨਹੀਂ ਹਨ ਤੇ ਬਦਕਿਸਮਤੀ ਵਾਲੇ ਹਨ। ਯੂ.ਐਨ.ਓ. 'ਚ ਪਾਕਿਸਤਾਨ ਦੇ ਪ੍ਰਤੀਨਿਧ ਅਬਦੁੱਲਾ ਹੁਸੈਨ ਹਰੂਨ ਨੇ ਕਿਹਾ ਹੈ ਕਿ ਜੇ ਪਾਕਿਸਤਾਨ 'ਤੇ ਕੋਈ ਹਮਲਾ ਹੁੰਦਾ ਹੈ ਤਾਂ ਦੇਸ਼ ਚੁੱਪ ਨਹੀਂ ਬੈਠੇਗਾ। ਇਸ ਤਰ੍ਹਾਂ ਆਈ.ਐਸ.ਆਈ. ਦੇ ਬਚਾਅ ਲਈ ਹਮੇਸ਼ਾ ਵਾਂਗ ਪਾਕਿਸਤਾਨੀ ਹਕੂਮਤ ਪਾਲੇ 'ਤੇ ਆ ਗਈ ਨਜ਼ਰ ਆਉਂਦੀ ਹੈ।

ਇਹ ਪਹਿਲੀ ਵਾਰ ਨਹੀਂ ਹੈ ਕਿ ਆਈ.ਐਸ.ਆਈ. ਨੇ ਅਮਰੀਕੀ ਹਿੱਤਾਂ ਖ਼ਿਲਾਫ਼ ਕੋਈ ਗੇਮ ਖੇਲੀ ਹੋਵੇ। 9/11 ਦੀ ਦੁਰਘਟਨਾ ਤੋਂ ਬਾਅਦ ਜਦੋਂ ਅਮਰੀਕਾ ਅਲ-ਕਾਇਦਾ ਤੇ ਤਾਲਿਬਾਨ ਨੂੰ ਤਹਿਸ-ਨਹਿਸ ਕਰਨ ਲਈ ਤੋਰਾ-ਬੋਰਾ ਦੀਆਂ ਖੁੰਦਰਾਂ 'ਤੇ ਬੰਬਾਰੀ ਕਰ ਰਿਹਾ ਸੀ ਤਾਂ ਆਈ.ਐਸ.ਆਈ. ਅਲ-ਕਾਇਦਾ ਅਤੇ ਤਾਲਿਬਾਨ ਦੀ ਲੀਡਰਸ਼ਿਪ ਨੂੰ ਬਚਾ ਕੇ ਵਜ਼ੀਰਸਤਾਨ ਦੇ ਇਲਾਕੇ ਵਿਚ ਲੈ ਆਈ ਸੀ। ਪਿਛਲੇ ਦਿਨੀਂ ਆਈ.ਐਸ.ਆਈ. ਦੇ ਹੀ ਇਕ ਸਾਬਕਾ ਅਫ਼ਸਰ ਨੇ ਖੁਦ ਆਈ.ਐਸ.ਆਈ. ਦੇ ਉਸ ਅਫ਼ਸਰ ਦਾ ਨਾਂ ਵੀ ਦੱਸਿਆ ਹੈ ਜਿਸ ਨੇ ਇਹ ਕਾਰਾ ਕੀਤਾ ਸੀ, ਤੇ ਜਿਸ ਇਕੋ ਕਾਰਵਾਈ ਨੇ ਅਮਰੀਕਾ ਨੂੰ 10 ਸਾਲ ਤੋਂ ਅਫਗਾਨਿਸਤਾਨ 'ਚ ਉਲਝਾ ਰੱਖਿਆ ਹੈ। ਆਈ.ਐਸ.ਆਈ. ਸਾਰੇ ਉਨ੍ਹਾਂ ਦਹਿਸ਼ਤਗਰਦ ਨੇਤਾਵਾਂ ਦੀ ਪੁਸ਼ਤਪਨਾਹੀ ਕਰ ਰਹੀ ਹੈ ਜੋ ਅਮਰੀਕਾ ਨੂੰ ਅਤਿ ਲੋੜੀਂਦੇ ਹਨ। ਅਮਰੀਕਾ ਲਗਾਤਾਰ ਆਈ.ਐਸ.ਆਈ. ਦੀ ਇਸ ਕਰਤੂਤ ਵੱਲ ਸਪੱਸ਼ਟ ਇਸ਼ਾਰਾ ਕਰਦਾ ਆ ਰਿਹਾ ਹੈ ਪਰ ਪਾਕਿਸਤਾਨੀ ਹਕੂਮਤ ਦੇ ਕੰਨ 'ਤੇ ਜੂੰ ਨਹੀਂ ਸਰਕੀ; ਉਸਾਮਾ ਬਿਨ-ਲਾਦਿਨ ਦੇ ਫੌਜ ਦੀ ਬੁੱਕਲ 'ਚੋਂ ਸ਼ਰ੍ਹੇਆਮ ਫੜ ਕੇ ਮਾਰੇ ਜਾਣ ਤੋਂ ਬਾਅਦ ਵੀ ਨਹੀਂ। ਜਦੋਂ ਅਮਰੀਕਾ ਨੇ ਵਜ਼ੀਰਸਤਾਨ 'ਚ ਡਰੋਨ ਹਮਲੇ ਤੇਜ਼ ਕੀਤੇ ਤਾਂ ਆਈ.ਐਸ.ਆਈ. ਕੁਝ ਖਾਸ ਦਹਿਸ਼ਤਗਰਦਾਂ ਨੂੰ ਕਰਾਚੀ ਦੇ ਇਲਾਕੇ 'ਚ ਵੀ ਲੈ ਆਈ ਸੀ। ਤਾਲਿਬਾਨ ਦੇ ਮੁਖੀ ਮੁੱਲਾ ਉਮਰ ਤੋਂ ਦੂਜੇ ਨੰਬਰ ਦਾ ਲੀਡਰ ਮੁੱਲਾ ਬਰਾਦਰ ਕਰਾਚੀ 'ਚੋਂ ਹੀ ਗ੍ਰਿਫਤਾਰ ਕੀਤਾ ਗਿਆ ਸੀ।

ਅਮਰੀਕਾ ਦੇ ਲੱਖ ਕਹਿਣ 'ਤੇ ਵੀ ਆਈ.ਐਸ.ਆਈ. ਨੇ ਉਸ ਨੂੰ ਉਸ ਦੇ ਹਵਾਲੇ ਨਹੀਂ ਕੀਤਾ ਤੇ ਕੁਝ ਸਮੇਂ ਬਾਅਦ ਫਿਰ ਅਫਗਾਨਿਸਤਾਨ ਵੱਲ ਖੁੱਲ੍ਹਾ ਛੱਡ ਦਿੱਤਾ। ਆਈ.ਐਸ.ਆਈ. ਦੇ ਅਫਗਾਨਿਸਤਾਨ ਵਿਚਲੇ ਸਾਰੇ ਜਹਾਦੀ ਗਰੁਪਾਂ ਨਾਲ ਉਸ ਵੇਲੇ ਤੋਂ ਗੂੜ੍ਹੇ ਸਬੰਧ ਹਨ, ਜਦੋਂ ਰੂਸ ਨੇ ਸੰਨ 1979 ਵਿਚ ਉਥੇ ਆਪਣੀਆਂ ਫੌਜਾਂ ਭੇਜ ਦਿੱਤੀਆਂ ਸਨ। ਇਸ ਫੌਜੀ ਕਾਰਵਾਈ ਦਾ ਵਿਰੋਧ ਕਰ ਰਹੇ ਜਹਾਦੀ ਗਰੁਪਾਂ ਦੀ ਅਮਰੀਕਾ ਧਨ ਅਤੇ ਹਥਿਆਰਾਂ ਨਾਲ ਪੂਰੀ ਮਦਦ ਕਰ ਰਿਹਾ ਸੀ ਪਰ ਇਹ ਸਾਰੀ ਮਦਦ ਜਹਾਦੀਆਂ ਤੱਕ ਆਈ.ਐਸ.ਆਈ. ਰਾਹੀਂ ਹੀ ਪਹੁੰਚਦੀ ਸੀ। ਇਨ੍ਹਾਂ ਜਹਾਦੀਆਂ 'ਚ ਤਾਲਿਬਾਨ ਅਤੇ ਅਲ-ਕਾਇਦਾ ਦੇ ਨਾਲ ਨਾਲ ਇਹ ਹੱਕਾਨੀ ਗਰੁਪ ਵੀ ਸੀ। ਉਦੋਂ ਇਹ ਜਹਾਦੀ ਗਰੁਪ ਅਮਰੀਕਾ ਦੇ ਵੀ ਬੜੇ ਚਹੇਤੇ ਸਨ। ਇਹ ਜਹਾਦੀ ਆਈ.ਐਸ.ਆਈ. ਦੇ ਉਦੋਂ ਵੀ ਖਾਸ ਬੰਦੇ ਸਨ, ਤੇ ਹੁਣ ਵੀ ਹਨ। ਉਦੋਂ ਵੀ ਆਈ.ਐਸ.ਆਈ. ਅਤੇ ਪਾਕਿਸਤਾਨੀ ਫੌਜ ਇਨ੍ਹਾਂ ਜਹਾਦੀਆਂ ਦੀ ਅਮਰੀਕੀ ਧਨ ਨਾਲ ਮਦਦ ਕਰਦੀਆਂ ਸਨ ਤੇ ਉਸੇ ਧਨ ਨਾਲ ਆਪਣੀ ਵੀ ਸ਼ਾਹੀ ਠਾਠ ਬਣਾ ਰੱਖੀ ਸੀ, ਹੁਣ ਵੀ ਉਹ ਇਸ ਧਨ ਨੂੰ ਉਵੇਂ ਹੀ ਵਰਤ ਰਹੇ ਹਨ। ਫਰਕ ਸਿਰਫ਼ ਇੰਨਾ ਹੈ ਕਿ ਹੁਣ ਪੈਸਾ ਵੀ ਅਮਰੀਕਾ ਦਾ ਹੈ ਤੇ ਦੁਸ਼ਮਣ ਵੀ ਅਮਰੀਕਾ ਹੈ, ਜਦੋਂ ਕਿ ਉਸ ਵੇਲੇ ਪੈਸਾ ਅਮਰੀਕਾ ਦਾ ਹੀ ਸੀ ਪਰ ਦੁਸ਼ਮਣ ਰੂਸ ਸੀ।

ਹੁਣ ਸਵਾਲ ਹੈ ਕਿ ਹੱਕਾਨੀ ਗਰੁਪ ਅਸਲ ਵਿਚ ਕੀ ਹੈ? ਇਸ ਗਰੁਪ ਨੂੰ ਪਾਕਿਸਤਾਨ ਦੀ ਫੌਜ ਇੰਨਾ ਕੀਮਤੀ ਅਸਾਸਾ ਕਿਉਂ ਸਮਝਦੀ ਹੈ ਕਿ ਉਸ ਲਈ ਅਮਰੀਕਾ ਨਾਲ ਵੀ ਆਢਾ ਲਾਉਣ ਦੀ ਹੱਦ ਤੱਕ ਜਾਣ ਨੂੰ ਤਿਆਰ ਹੈ। ਇਸ ਅਫਗਾਨੀ ਤਾਲਿਬਾਨ ਗਰੁਪ ਦਾ ਆਗੂ ਮੌਲਵੀ ਜਲਾਲੂਦੀਨ ਹੱਕਾਨੀ ਹੈ ਜੋ ਅਫਗਾਨਿਸਤਾਨ ਦੇ ਪਕਤੀਆਂ ਸੂਬੇ ਦੇ ਜਦਗਨ ਕਬੀਲੇ ਤੋਂ ਹੈ। ਰੂਸੀ ਫੌਜਾਂ ਖ਼ਿਲਾਫ਼ ਤਾਲਿਬਾਨ ਦੇ ਜਹਾਦ ਦੌਰਾਨ ਉਹ ਮਾਹਿਰ ਕਮਾਂਡਰ ਵਜੋਂ ਜਾਣਿਆ ਜਾਣ ਲੱਗਾ। ਉਹ ਵੀ ਭਾਵੇਂ ਅਫਗਾਨ ਤਾਲਿਬਾਨ ਹੈ ਪਰ ਸ਼ੁਰੂ ਤੋਂ ਹੀ ਉਸ ਦਾ ਗਰੁਪ ਮੁੱਲਾਂ ਉਮਰ ਨਾਲੋਂ ਵੱਖਰਾ ਰਹਿ ਕੇ ਕੰਮ ਕਰਦਾ ਰਿਹਾ ਹੈ। ਰੂਸੀ ਫੌਜਾਂ ਖ਼ਿਲਾਫ਼ ਜਹਾਦ ਦੇ ਦਿਨਾਂ 'ਚ ਉਹ ਆਈ.ਐਸ.ਆਈ. ਅਤੇ ਸੀ.ਆਈ.ਏ. ਦੇ ਬਹੁਤ ਨੇੜੇ ਹੋ ਗਿਆ। ਇਹ ਵੀ ਕਿਹਾ ਜਾਂਦਾ ਹੈ ਕਿ ਸਦਰ ਰੋਨਾਲਡ ਰੀਗਨ ਦੇ ਕਾਲ 'ਚ ਉਹ ਵ੍ਹਾਈਟ ਹਾਊਸ ਦਾ ਦੌਰਾ ਵੀ ਕਰ ਚੁਕਾ ਹੈ।

ਵਜ਼ੀਰਸਤਾਨ ਵਿਚ ਮੀਰਾਸ਼ਾਹ ਦੇ ਸਥਾਨ 'ਤੇ ਹੱਕਾਨੀ ਗਰੁਪ ਦੇ ਪੱਕੇ ਟਿਕਾਣੇ ਹਨ। ਇਹ ਵੀ ਕਿਹਾ ਜਾਂਦਾ ਹੈ ਕਿ ਉਥੇ ਉਸ ਦੀ ਕਾਫ਼ੀ ਨਿੱਜੀ ਜਾਇਦਾਦ ਵੀ ਹੈ। ਇਸ ਦੇ ਆਪਣੇ ਟ੍ਰੇਨਿੰਗ ਕੈਂਪ ਹਨ। ਇਸ ਦੇ ਲੜਾਕਿਆਂ ਦੀ ਨਫਰੀ 10,000 ਤੋਂ 15,000 ਤੱਕ ਦੱਸੀਂਦੀ ਹੈ। ਅਮਰੀਕੀ ਮਾਹਿਰਾਂ ਅਨੁਸਾਰ ਅਫ਼ਗਾਨ ਸਰਕਾਰ, ਅਫਗਾਨਿਸਤਾਨ 'ਚ ਨਾਟੋ ਅਤੇ ਅਮਰੀਕੀ ਫੌਜਾਂ ਲਈ ਇਹ ਸਭ ਤੋਂ ਵੱਧ ਖ਼ਤਰਨਾਕ ਗਰੁਪ ਹੈ। ਇਸੇ ਗਰੁਪ ਨੇ ਸਭ ਤੋਂ ਪਹਿਲਾਂ ਖੁਦਕੁਸ਼ ਹਮਲਿਆਂ ਦਾ ਸਿਲਸਿਲਾ ਸ਼ੁਰੂ ਕੀਤਾ ਸੀ। ਅੱਜਕੱਲ੍ਹ ਉਸ ਦਾ ਲੜਕਾ ਸਰਾਜੂਦੀਨ ਹੱਕਾਨੀ, ਗਰੁਪ ਦਾ ਦੂਜੇ ਨੰਬਰ ਦਾ ਆਗੂ ਹੈ। ਇਸ ਗਰੁਪ ਨੇ ਹੀ ਭਾਰਤੀ ਦੂਤਾਵਾਸ 'ਤੇ ਹਮਲਾ ਕੀਤਾ ਸੀ। ਆਈ.ਐਸ.ਆਈ. ਨਾਲ ਇਸ ਦੇ ਸਬੰਧ ਬਹੁਤ ਗੂੜ੍ਹੇ ਹਨ। ਇਸ ਨੇ ਕਦੇ ਵੀ ਪਾਕਿਸਤਾਨ ਦੇ ਕਿਸੇ ਅਦਾਰੇ ਜਾਂ ਲੋਕਾਂ 'ਤੇ ਕੋਈ ਹਮਲਾ ਨਹੀਂ ਕੀਤਾ ਸਗੋਂ ਉਥੇ ਹਮਲੇ ਕਰਨ ਵਾਲੀ ਤਹਿਰੀਕ-ਏ-ਤਾਲਿਬਾਨ ਨਾਲ ਪਾਕਿਸਤਾਨੀ ਹਕੂਮਤ ਦੀ ਸੁਲਾਹ ਕਰਵਾਉਣ ਦੀ ਵੀ ਕੋਸ਼ਿਸ਼ ਕੀਤੀ ਹੈ। ਇਹ ਜਲਾਲੂਦੀਨ ਹੱਕਾਨੀ ਤਾਲਿਬਾਨ ਹਕੂਮਤ 'ਚ ਕੈਬਨਿਟ ਮੰਤਰੀ ਵੀ ਰਹਿ ਚੁੱਕਿਆ ਹੈ।

ਸਵਾਲ ਹੈ ਕਿ ਕੀ ਪਾਕਿਸਤਾਨੀ ਹਕੂਮਤ ਹੱਕਾਨੀ ਗਰੁਪ ਦੇ ਬਚਾਅ ਲਈ ਉਸ ਹੱਦ ਤੱਕ ਜਾ ਸਕਦੀ ਹੈ ਜਿਸ ਹੱਦ ਤੱਕ ਉਸਾਮਾ ਬਿਨ-ਲਾਦਿਨ ਦੇ ਬਚਾਅ ਲਈ ਤਾਲਿਬਾਨ ਹਕੂਮਤ ਚਲੀ ਗਈ ਸੀ? ਜੇ ਜਵਾਬ 'ਹਾਂ' ਹੈ ਤਾਂ ਕੀ ਪਾਕਿਸਤਾਨ 'ਤੇ ਜ਼ਮੀਨੀ ਹਮਲਾ ਅਮਰੀਕਾ ਨੂੰ ਵਾਰਾ ਖਾਏਗਾ? ਜੇ ਜਵਾਬ 'ਨਹੀਂ' ਹੈ ਤਾਂ ਫਿਰ ਮਸਲੇ ਦਾ ਹੱਲ ਕੀ ਹੋਵੇਗਾ? ਜੇ ਅਮਰੀਕਾ ਦਾ ਰੁਖ ਦੇਖੀਏ ਤਾਂ ਉਹ ਹਰ ਹਾਲ ਹੱਕਾਨੀ ਗਰੁਪ ਖਿਲਾਫ਼ ਸਖ਼ਤ ਕਾਰਵਾਈ ਦੇ ਰੌਂਅ ਵਿਚ ਹੈ। ਉਸ ਨੇ ਨਾਟੋ ਫੌਜਾਂ ਦੀ ਸਪਲਾਈ ਲਈ ਨਵੀਂਆਂ ਸਕੀਮਾਂ ਲੜਾਉਣੀਆਂ ਸ਼ੁਰੂ ਕਰ ਦਿੱਤੀਆਂ ਹਨ। ਉਜਬੇਕਿਸਤਾਨ 'ਤੇ ਬੰਦਸ਼ਾਂ ਖਤਮ ਕਰ ਦਿੱਤੀਆਂ ਹਨ ਤਾਂ ਕਿ ਇਹ ਸਪਲਾਈ ਉਸ ਰਸਤੇ ਸ਼ੁਰੂ ਕੀਤੀ ਜਾ ਸਕੇ। ਇਸ ਹਵਾਲੇ ਨਾਲ ਉਹ ਚੀਨ ਨਾਲ ਵੀ ਗੱਲ ਕਰ ਰਿਹਾ ਹੈ। ਦੂਜੇ ਪਾਸੇ, ਪਾਕਿਸਤਾਨੀ ਫੌਜ ਅਤੇ ਆਈ.ਐਸ.ਆਈ. ਨੂੰ ਇਹ ਯਕੀਨ ਹੈ ਕਿ ਨਾਟੋ ਸਪਲਾਈ ਲਈ ਅਮਰੀਕਾ ਕੋਲ ਪਾਕਿਸਤਾਨ ਬਿਨਾਂ ਕੋਈ ਹੋਰ ਰਸਤਾ ਨਹੀਂ ਹੈ।

ਇਸ ਤੋਂ ਵੀ ਅੱਗੇ ਅਮਰੀਕਾ, ਪਾਕਿਸਤਾਨ ਨੂੰ ਮਿਲਣ ਵਾਲੀ ਸਹਾਇਤਾ ਬੰਦ ਕਰਕੇ ਉਸ ਉਤੇ ਹੋਰ ਰੋਕਾਂ ਠੋਸਣ ਦੀ ਸੋਚ ਰਿਹਾ ਹੈ। ਇਸ ਸਬੰਧ 'ਚ ਯੂ.ਐਨ.ਓ. 'ਚ ਆਪਣੇ ਭਾਸ਼ਣ ਵਿਚ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਦਾ ਇਹ ਕਹਿਣਾ ਕਿ ਭਾਰਤ ਕਿਸੇ ਵੀ ਦੇਸ਼ ਵੱਲੋਂ ਦੂਜੇ ਦੇਸ਼ ਦੀ ਜ਼ਮੀਨ 'ਤੇ ਫੌਜੀ ਕਾਰਵਾਈ ਦੀ ਹਮਾਇਤ ਨਹੀਂ ਕਰਦਾ, ਕਾਫ਼ੀ ਅਹਿਮ ਹੈ। ਆਉਣ ਵਾਲੇ ਦਿਨਾਂ 'ਚ ਅਮਰੀਕਾ-ਪਾਕਿਸਤਾਨ ਸਬੰਧਾਂ 'ਚ ਆਇਆ ਇਹ ਤਣਾਅ ਕੀ ਕਰਵਟ ਲੈਂਦਾ ਹੈ? ਇਸ ਬਾਰੇ ਕਿਆਸਅਰਾਈਆਂ ਤਾਂ ਹੋ ਸਕਦੀਆਂ ਹਨ, ਪਰ ਪੱਕ ਨਾਲ ਅਜੇ ਕੁਝ ਵੀ ਨਹੀਂ ਕਿਹਾ ਜਾ ਸਕਦਾ। ਹਾਂ, ਇਸ ਗੱਲ ਪੱਕ ਨਾਲ ਕਹੀ ਜਾ ਸਕਦੀ ਹੈ ਕਿ ਜੇ ਇਹ ਤਣਾਅ ਨਾ ਘਟਿਆ ਤਾਂ ਨਤੀਜੇ ਬਹੁਤ ਬੁਰੇ ਹੋਣਗੇ। ਪਾਕਿਸਤਾਨ ਲਈ ਵੀ ਤੇ ਇਸ ਖਿੱਤੇ ਲਈ ਵੀ।

# 'ਜਮਹੂਰੀਅਤ' ਨਾਲ ਜਿਉਂਦੇ ਕਲਬੂਤਾਂ ਦਾ ਮੁਨਾਫ਼ਾਮੁਖੀ ਸਾਕ

**ਸਵਾਲ ਸੰਵਾਦ**



ਦਲਜੀਤ ਅਮੀ
ਫੋਨ:+91-97811-21873

**ਹੁਣ ਬਹਿਸ ਦਾ ਧੁਰਾ ਮਨੁੱਖੀ ਪਛਾਣ ਹੋ ਸਕਦੀ ਹੈ। ਮੌਜੂਦਾ ਆਲਮੀ ਨਿਜ਼ਾਮ ਮਨੁੱਖ ਨੂੰ 'ਜਿਉਂਦਾ ਕਲਬੂਤ' ਜਾਂ ਖ਼ਪਤਕਾਰ ਮੰਨਦਾ ਹੈ। ਜਦੋਂ ਸਰਕਾਰਾਂ ਮਨੁੱਖ ਦੀ ਪਛਾਣ ਖ਼ਪਤਕਾਰ ਵਜੋਂ ਕਰਦੀਆਂ ਹਨ ਤਾਂ ਤਰਜੀਹ ਬਿਹਤਰ ਖ਼ਪਤਕਾਰ ਨੂੰ ਮਿਲਣੀ ਤੈਅ ਹੈ। ਇਸੇ ਲਈ ਤਾਂ ਭਾਰਤ ਦੀ ਪ੍ਰਾਪਤੀ ਕੁਝ ਬੰਦਿਆਂ ਦੇ ਆਲਮੀ ਧਨ ਕੁਬੇਰਾਂ ਵਿਚ ਸ਼ਾਮਿਲ ਹੋਣਾ ਜਾਂ ਉੱਚੀ ਵਿਕਾਸ ਦਰ ਹੈ। ਹੁਣ ਕੌਮੀ ਅਤੇ ਕੌਮਾਂਤਰੀ ਕਾਨੂੰਨਾਂ ਵਿਚ ਨਿਰੋਲ ਨਸਲ ਅਤੇ .ਗੁਲਾਮੀ ਨੂੰ ਕੋਈ ਥਾਂ ਨਹੀਂ ਹੈ। 'ਜਿਉਂਦੇ ਕਲਬੂਤਾਂ' ਦੀ ਹੋਣੀ .ਗੁਲਾਮਾਂ ਤੋਂ ਵੱਖ ਕਿਵੇਂ ਹੈ? .ਗਰੀਬੀ ਨੂੰ ਨਸਲ ਕਿਉਂ ਨਹੀਂ ਮੰਨਿਆ ਜਾ ਸਕਦਾ? ਦੋਇਮ ਦਰਜੇ ਦੇ ਜੀਅ ਜਿਨ੍ਹਾਂ ਦੇ ਜਿਸਮ ਉੱਤੇ ਤਜਰਬੇ ਹੋ ਰਹੇ ਹਨ, ਅਮੀਰ ਨਸਲ ਦੀ ਬਿਹਤਰੀ ਦਾ ਸਬੱਬ ਬਣ ਰਹੇ ਹਨ। ਮਨੁੱਖ ਦਾ ਬਿਹਤਰ ਮਨੁੱਖ ਹੋਣ ਦਾ ਸੁ.ਫਨਾ ਕਲਪਨਾ ਦੀ ਉਡਾਣ ਬਣ ਕੇ ਰਹਿ ਗਿਆ ਹੈ।**

ਭਾਰਤ ਦੇ ਕੇਂਦਰੀ ਯੋਜਨਾ ਕਮਿਸ਼ਨ ਨੇ ਸੁਪਰੀਮ ਕੋਰਟ ਵਿਚ ਹਲਫ਼ਨਾਮਾ ਦਰਜ ਕਰਕੇ ਗ਼ਰੀਬੀ ਦੀ ਸ਼ਨਾਖ਼ਤ ਦੇ ਮੰਤਰ ਦਾ ਐਲਾਨ ਕੀਤਾ ਹੈ। ਸ਼ਹਿਰੀਆਂ ਲਈ 32 ਰੁਪਏ ਅਤੇ ਪੇਂਡੂਆਂ ਲਈ 26 ਰੁਪਏ ਰੋਜ਼ਾਨਾ ਆਮਦਨ ਨੂੰ ਗ਼ਰੀਬੀ ਰੇਖਾ ਤੋਂ ਉੱਪਰ ਮੰਨਿਆ ਗਿਆ ਹੈ। ਹਲਫ਼ਨਾਮੇ ਮੁਤਾਬਕ ਇਹ ਰਕਮ ਅਨਾਜ, ਦਾਲਾਂ, ਘਿਓ, ਦੁੱਧ, ਤੇਲ, ਸਬਜ਼ੀਆਂ, ਫਲਾਂ, ਬਾਲਣ, ਆਵਾਜਾਈ, ਸਿੱਖਿਆ, ਜੁੱਤੀਆਂ ਅਤੇ ਕੱਪੜਿਆਂ ਲਈ ਬਹੁਤ ਹੈ। ਦੋ ਹਿੰਦਸਿਆਂ ਦੀ ਮਹਿੰਗਾਈ ਦੇ ਦੌਰ ਵਿਚ ਯੋਜਨਾ ਕਮਿਸ਼ਨ ਦਾ ਹਲਫਨਾਮਾ ਵਿਵਾਦ ਦੇ ਘੇਰੇ ਵਿਚ ਆਉਣਾ ਹੀ ਸੀ। ਸਭ ਤੋਂ ਪਹਿਲਾਂ ਕਮਿਸ਼ਨ ਦੇ ਦੋ ਮੈਂਬਰਾਂ ਨੇ ਸਵਾਲ ਖੜ੍ਹਾ ਕਰ ਦਿੱਤਾ ਕਿ ਇਹ ਹਲਫ਼ਨਾਮਾ ਕਮਿਸ਼ਨ ਦੀਆਂ ਬੈਠਕਾਂ ਵਿਚ ਵਿਚਾਰਿਆ ਹੀ ਨਹੀਂ ਗਿਆ। ਬਾਅਦ ਵਿਚ ਸਾਹਮਣੇ ਆਇਆ ਕਿ ਹਲਫ਼ਨਾਮੇ ਦਾ ਖਰੜਾ ਕਮਿਸ਼ਨ ਦੇ ਸਾਰੇ ਮੈਂਬਰਾਂ ਨੂੰ ਵੰਡਿਆ ਗਿਆ ਸੀ ਪਰ ਅਸਹਿਮਤੀ ਜ਼ਾਹਿਰ ਕਰਨ ਵਾਲੇ ਅਭਿਜੀਤ ਸੇਨ ਅਤੇ ਮੀਹੀਰ ਸ਼ਾਹ ਦੇ ਵਿਚਾਰਾਂ ਨੂੰ ਅੰਤਿਮ ਖਰੜੇ ਵਿਚ ਥਾਂ ਨਹੀਂ ਦਿੱਤੀ ਗਈ। ਸੁਪਰੀਮ ਕੋਰਟ ਨੇ ਯੋਜਨਾ ਕਮਿਸ਼ਨ ਤੋਂ ਗ਼ਰੀਬੀ ਦੀ ਹੱਦ ਤੈਅ ਕਰਨ ਬਾਬਤ ਸਵਾਲ ਪੁੱਛਿਆ ਸੀ। ਭਲਾਈ ਯੋਜਨਾਵਾਂ ਦੇ ਘੇਰੇ ਵਿਚੋਂ ਬਾਹਰ ਰਹਿ ਜਾਂਦੇ ਗ਼ਰੀਬ ਲੋਕ ਦੀ ਇਸ ਸਵਾਲ ਨਾਲ ਸਿੱਧੀ ਸਕੀਰੀ ਹੈ। ਇਸ ਹਲਫ਼ਨਾਮੇ ਬਾਬਤ ਤਕਨੀਕੀ ਨੁਕਤਾ ਇਹ ਉਭਾਰਿਆ ਜਾ ਰਿਹਾ ਹੈ ਕਿ ਇਹ ਹਲਫ਼ਨਾਮਾ ਕਾਨੂੰਨ ਮੰਤਰਾਲੇ ਰਾਹੀਂ ਭੇਜਣ ਦੀ ਥਾਂ ਸਿੱਧਾ ਅਦਾਲਤ ਵਿਚ ਜਮ੍ਹਾਂ ਕੀਤਾ ਗਿਆ ਹੈ।

ਇਸ ਬਹਿਸ ਵਿਚੋਂ ਇਹ ਝਲਕਾਰਾ ਪੈਂਦਾ ਹੈ ਕਿ ਯੋਜਨਾ ਕਮਿਸ਼ਨ ਨੇ ਬਿਨਾਂ ਸੰਜੀਦਾ ਵਿਚਾਰ-ਮਸ਼ਵਰੇ ਤੋਂ ਇਹ ਹਲਫ਼ਨਾਮਾ ਦਰਜ ਕਰ ਦਿੱਤਾ ਹੈ। ਸਵਾਲ ਇਹ ਹੈ ਕਿ ਅਜਿਹਾ ਝਲਕਾਰਾ ਮਹਿਜ਼ ਭੁਲੇਖਾ ਹੈ ਜਾਂ ਇਸ ਦੇ ਕੋਈ ਠੋਸ ਕਾਰਨ ਹਨ? ਇਸ ਸਵਾਲ ਉੱਤੇ ਆਉਣ ਤੋਂ ਪਹਿਲਾਂ ਦੋ ਹੋਰ ਖ਼ਬਰਾਂ ਦਾ ਜ਼ਿਕਰ ਲਾਜ਼ਮੀ ਹੈ। ਪਹਿਲੀ: ਪਿਛਲੇ ਸਾਲ ਸੁਪਰੀਮ ਕੋਰਟ ਨੇ ਕੇਂਦਰ ਸਰਕਾਰ ਨੂੰ ਸਲਾਹ ਦਿੱਤੀ ਸੀ ਕਿ ਅੰਨ ਨੂੰ ਖ਼ਰਾਬ ਹੋਣ ਦੀ ਥਾਂ ਲੋੜਵੰਦ ਅਵਾਮ ਵਿਚ ਵੰਡ ਦਿੱਤਾ ਜਾਣਾ ਚਾਹੀਦਾ ਹੈ। ਇਸ ਦੇ ਜਵਾਬ ਵਿਚ ਪ੍ਰਧਾਨਮੰਤਰੀ ਨੇ ਸਰਕਾਰ ਵੱਲੋਂ ਕਿਹਾ ਸੀ ਕਿ ਅਨਾਜ ਦੀ ਵੰਡ ਵਿਧਾਨ ਪਾਲਿਕਾ ਦਾ ਮਸਲਾ ਹੈ ਅਤੇ ਇਸ ਦਾ ਸਬੰਧ ਸਰਕਾਰ ਦੀ ਨੀਤੀ ਨਾਲ ਹੈ। ਅਦਾਲਤ ਨੂੰ ਵਿਧਾਨ ਪਾਲਿਕਾ ਦੇ ਕਾਰਜ ਖੇਤਰ ਵਿਚ ਦਖ਼ਲਅੰਦਾਜ਼ੀ ਤੋਂ ਗੁਰੇਜ਼ ਕਰਨਾ ਚਾਹੀਦਾ ਹੈ। ਇਸ ਦਲੀਲ ਨਾਲ ਤਾਂ ਕਿਸੇ ਨੂੰ ਉਜਰ ਨਹੀਂ ਹੋ ਸਕਦਾ। ਭੁੱਖਮਰੀ ਵਿਚ ਵਾਧਾ, ਖ਼ੁਰਾਕ ਦਾ ਘਟਦਾ ਮਿਆਰ, ਅੰਨ-ਭੰਡਾਰਾਂ ਵਿਚ ਸੜਦਾ ਅਨਾਜ ਅਤੇ ਭੰਡਾਰ ਸਹੂਲਤਾਂ ਦੀ ਘਾਟ ਸਰਕਾਰੀ ਨੀਤੀਆਂ ਦੀ ਦੇਣ ਹਨ।

ਮਨਮੋਹਨ ਸਿੰਘ, ਮੌਂਟੇਕ ਸਿੰਘ, ਪ੍ਰਣਬ ਮੁਖ਼ਰਜੀ ਅਤੇ ਪੀ. ਚਿੰਦਬਰਮ ਵਰਗੇ ਮਾਹਿਰ ਅਰਥਸ਼ਾਸਤਰੀਆਂ ਨੂੰ ਇਨ੍ਹਾਂ ਹਾਲਾਤ ਦੇ ਆਪਣੀਆਂ ਨੀਤੀਆਂ ਨਾਲ ਰਿਸ਼ਤੇ ਸਮਝਣ ਵਿਚ ਔਖ ਜ਼ਰੂਰ ਹੋ ਸਕਦੀ ਹੈ। ਇਸ ਲਾਣੇ ਦੇ ਹਮਾਇਤੀਆਂ ਅਤੇ ਵਿਰੋਧੀਆਂ ਵਿਚ ਸਹਿਮਤੀ ਹੈ ਕਿ ਇਨ੍ਹਾਂ ਸਭਨਾਂ ਨੂੰ ਆਲਮੀ ਬੈਂਕ ਅਤੇ ਸੰਯੁਕਤ ਰਾਸ਼ਟਰ ਦੀ ਬੋਲੀ ਸਮਝ ਵਿਚ ਆਉਂਦੀ ਹੈ। ਸੰਯੁਕਤ ਰਾਸ਼ਟਰ ਨੇ ਗ਼ਰੀਬੀ ਦੀ ਵਿਆਖਿਆ ਇੰਝ ਕੀਤੀ ਹੈ, "ਬੰਦੇ ਨੂੰ ਮਨੁੱਖੀ ਸ਼ਾਨ ਤੋਂ ਨਿਖੇੜ ਕੇ ਫ਼ੈਸਲਿਆਂ ਅਤੇ ਮੌਕਿਆਂ ਦੇ ਘੇਰੇ ਵਿਚ ਬਾਹਰ ਕੱਢ ਦੇਣ ਵਾਲੇ ਹਾਲਾਤ ਗ਼ਰੀਬੀ ਦੀਆਂ ਬੁਨਿਆਦੀ ਨਿਸ਼ਾਨੀਆਂ ਹਨ। ਇਸ ਨਾਲ ਮਨੁੱਖ ਸਮਾਜਿਕ ਸਰਗਰਮੀ ਵਿਚ ਸ਼ੁਮਾਰ ਹੋਣ ਤੋਂ ਮਹਿਰੂਮ ਹੋ ਜਾਂਦਾ ਹੈ। ਇਸ ਦਾ ਮਤਲਬ ਖ਼ੁਰਾਕ, ਕੱਪੜੇ, ਸਿੱਖਿਆ ਅਤੇ ਦਵਾਈ ਲਈ ਲੋੜੀਂਦੇ ਸਰਮਾਏ ਦੀ ਅਣਹੋਂਦ ਹੈ-ਖ਼ੁਰਾਕ ਦੀਆਂ ਜ਼ਰੂਰਤਾਂ ਪੂਰੀਆਂ ਕਰਨ ਲਈ ਜ਼ਮੀਨ ਜਾਂ ਨੌਕਰੀ ਨਹੀਂ ਹੈ-ਕਰਜ਼ੇ ਦੀ ਸਹੂਲਤ ਗੇੜ ਤੋਂ ਬਾਹਰ ਹੈ। ਇਸ ਦਾ ਅਰਥ ਹੈ ਕਿ ਥੁੜ੍ਹਾਂ ਦੀ ਮਾਰ ਵਿਚ ਆਏ ਜੀਆਂ, ਟੱਬਰਾਂ ਅਤੇ ਬਰਾਦਰੀਆਂ ਨੂੰ ਬੇਵਿਸਾਹੀ ਅਤੇ ਮਹਿਰੂਮੀਅਤ ਦੇ ਘੁਰਨਿਆਂ ਵਿਚ ਤਾੜ ਦਿੱਤਾ ਗਿਆ ਹੈ। ਇਸ ਦੇ ਨਤੀਜੇ ਵਜੋਂ ਨਾਖ਼ੁਸ਼ਗਵਾਰ ਤੇ ਬਦਬੂਦਾਰ ਥਾਵਾਂ ਉੱਤੇ ਰਹਿੰਦੇ ਬੰਦੇ ਹਿੰਸਾ ਅਤੇ ਬਿਮਾਰੀ ਦੀ ਜ਼ੱਦ ਵਿਚ ਹਨ, ਜਿੱਥੇ ਪੀਣ ਲਈ ਸਾਫ਼ ਪਾਣੀ ਅਤੇ ਨਿਕਾਸੀ ਦਾ ਢੁਕਵਾਂ ਪ੍ਰਬੰਧ ਨਹੀਂ ਹੈ।" ਤਕਰੀਬਨ ਇਸੇ ਤਰ੍ਹਾਂ ਦੀ ਵਿਆਖਿਆ ਆਲਮੀ ਬੈਂਕ ਨੇ ਕੀਤੀ ਹੈ, "ਗ਼ਰੀਬੀ ਥੁੜਾਂ ਨਾਲ ਜੁੜੇ ਬਹੁਪਸਾਰੀ ਰੁਝਾਨ ਦਾ ਜ਼ਾਹਰਾ ਰੂਪ ਹੈ। ਮਨੁੱਖੀ ਸ਼ਾਨ ਨਾਲ ਜਿਉਣ ਲਈ ਲੋੜੀਂਦੀ ਆਮਦਨ, ਸਹੂਲਤਾਂ ਅਤੇ ਸੇਵਾਵਾਂ ਦੀ ਘਾਟ ਇਸ ਵਿਚ ਸ਼ੁਮਾਰ ਹੈ। ਗ਼ਰੀਬੀ ਦੇ ਘੇਰੇ ਵਿਚ ਗ਼ੈਰ-ਮਿਆਰੀ ਸਿਹਤ ਅਤੇ ਸਿੱਖਿਆ ਵੀ ਆਉਂਦੀ ਹੈ। ਪੀਣ ਵਾਲੇ ਸਾਫ਼ ਪਾਣੀ, ਢੁਕਵੇਂ ਨਿਕਾਸ ਪ੍ਰਬੰਧ ਅਤੇ ਸੁਰੱਖਿਆ ਦੀ ਅਣਹੋਂਦ ਗ਼ਰੀਬੀ ਹੈ। ਇਸੇ ਤਰ੍ਹਾਂ ਅਣਸੁਣੇ ਰਹਿ ਜਾਣਾ, ਨਾਕਾਫ਼ੀ ਸਮਰੱਥਾ ਅਤੇ ਜ਼ਿੰਦਗੀ ਨੂੰ ਬਿਹਤਰ ਬਣਾਉਣ ਦੇ ਮੌਕਿਆਂ ਦਾ ਖੁੱਸ ਜਾਣਾ ਗੁਰਬਤ ਦੀਆਂ ਨਿਸ਼ਾਨੀਆਂ ਹਨ।"

ਦੂਜੀ ਖ਼ਬਰ ਕੇਂਦਰੀ ਮੰਤਰੀਆਂ ਦੀ ਜਾਇਦਾਦ ਬਾਬਤ ਆਈ ਹੈ। 'ਐਸੋਸੀਏਸ਼ਨ ਆਫ਼ ਡੈਮੋਕਰੈਟਿਕ ਰਿਫਾਰਮ' ਅਤੇ 'ਨੈਸ਼ਨਲ ਇਲੈਕਸ਼ਨ ਵਾਚ' ਨੇ ਕੇਂਦਰੀ ਮੰਤਰੀਆਂ ਵੱਲੋਂ ਪ੍ਰਧਾਨ ਮੰਤਰੀ ਦੇ ਦਫ਼ਤਰ ਵਿਚ ਆਮਦਨ ਅਤੇ ਜਾਇਦਾਦ ਬਾਬਤ ਜਮ੍ਹਾਂ ਕਰਵਾਈ ਗਈ ਜਾਣਕਾਰੀ ਦਾ ਅਧਿਐਨ ਕੀਤਾ ਹੈ। ਇਸ ਜਾਣਕਾਰੀ ਮੁਤਾਬਕ 77 ਵਿਚੋਂ 59 ਮੰਤਰੀ ਕਰੋੜਪਤੀ ਹਨ। ਅਠਾਈ ਮਹੀਨਿਆਂ ਦੌਰਾਨ ਮੰਤਰੀਆਂ ਦੀ ਔਸਤਨ ਜਾਇਦਾਦ 7.3 ਤੋਂ ਵਧ ਕੇ 10.6 ਕਰੋੜ ਰੁਪਏ ਹੋ ਗਈ ਹੈ। ਪ੍ਰਧਾਨ ਮੰਤਰੀ ਦੇ ਦਫ਼ਤਰ ਵਿਚ ਜਮ੍ਹਾਂ ਕਰਵਾਈ ਗਈ ਜਾਣਕਾਰੀ ਵਿਚੋਂ ਗ਼ੈਰਹਾਜ਼ਰ ਜਾਇਦਾਦ ਦੀ ਤਫ਼ਸੀਲ ਲਗਾਤਾਰ ਅਖ਼ਬਾਰਾਂ ਵਿਚ ਛਪ ਰਹੀ ਹੈ। ਭਾਰਤ ਵਿਚ ਦੋ ਹਿੰਦਸਿਆਂ ਵਾਲੀ ਮਹਿੰਗਾਈ ਦੇ ਦੌਰ ਵਿਚ ਡੀ.ਐਮ.ਕੇ. ਦੇ ਖ਼ਾਤੇ ਵਿਚੋਂ ਮੰਤਰੀ ਬਣੇ ਡਾ. ਐਸ. ਜਗਤਰਕਸ਼ਾਕਨ ਦੀ ਆਮਦਨ ਵਿਚ 1092 ਫ਼ੀਸਦੀ ਵਾਧਾ ਹੋਇਆ ਹੈ। ਇਸ ਤੋਂ ਬਾਅਦ 828 ਫ਼ੀਸਦੀ ਵਾਧੇ ਨਾਲ ਪਾਨਾਬਾਕਾ ਲਕਸ਼ਮੀ ਦੂਜੇ ਅਤੇ 705 ਫ਼ੀਸਦੀ ਨਾਲ ਤੁਸ਼ਾਰਬਾਈ ਚੌਧਰੀ ਤੀਜੇ ਨੰਬਰ ਉੱਤੇ ਹਨ। ਲਗਾਤਾਰ ਘਾਟੇ ਵਿਚ ਜਾ ਰਹੇ ਹਵਾਬਾਜ਼ੀ ਮਹਿਕਮੇ ਦੇ ਮੰਤਰੀ ਪਰਫੁੱਲ ਪਟੇਲ ਦੀ ਰੋਜ਼ਾਨਾ ਆਮਦਨ ਪੰਜ ਲੱਖ ਰੁਪਏ ਹੈ। ਉਨ੍ਹਾਂ ਦੇ ਮਹਿਕਮੇ ਦੇ 40 ਫ਼ੀਸਦੀ ਮੁਲਾਜ਼ਮਾਂ ਦੀ ਸਾਲਾਨਾ ਆਮਦਨ ਪੰਜ ਲੱਖ ਤੋਂ ਘੱਟ ਹੈ। ਮੰਤਰੀਆਂ ਦੀ ਜਾਇਦਾਦ ਦੀਆਂ ਇਹ ਤਫ਼ਸੀਲਾਂ ਹੁਨਰਮੰਦ ਮੁਨਸ਼ੀਆਂ ਦੇ ਹੱਥੋਂ ਨਿਕਲ ਕੇ ਕਾ.ਗਜ਼ਾਂ ਵਿਚ ਦਰਜ ਹੋਈਆਂ ਹਨ। ਅਸਲ ਅਤੇ ਕਾ.ਗਜ਼ ਵਿਚ ਫ਼ਾਸਲਾ ਸਮਝਣ ਲਈ ਕਿਸੇ ਭਾਰਤੀ ਨੂੰ ਅਰਥਸ਼ਾਸਤਰੀ ਹੋਣ ਦੀ ਲੋੜ ਨਹੀਂ ਹੈ। ਕਾ.ਗਜ਼ਾਂ ਵਿਚ ਦਰਜ ਜਾਣਕਾਰੀ ਨੂੰ ਮਾਹਰ ਅਰਥਸ਼ਾਸਤਰੀ ਹੀ ਅੰਤਿਮ ਸੱਚ ਵਜੋਂ ਪ੍ਰਚਾਰ ਕਰਦੇ ਹਨ।

ਬੁਨਿਆਦੀ ਸਵਾਲ ਇਹ ਹੈ ਕਿ ਯੋਜਨਾ ਕਮਿਸ਼ਨ ਦੇ ਸੁਪਰੀਮ ਕੋਰਟ ਵਿਚ ਦਰਜ ਕੀਤੇ ਹਲਫ਼ਨਾਮੇ ਨੂੰ ਕਿਸੇ ਬੇਤਰਤੀਬੀ ਦਾ ਨਤੀਜਾ ਮੰਨਿਆ ਜਾਵੇ ਜਾਂ ਇਸ ਪਿੱਛੇ ਠੋਸ ਤਰਤੀਬ ਨਜ਼ਰ ਆਉਂਦੀ ਹੈ। ਸਾਡੇ ਮੁਲਕ ਦੇ ਹਾਕਮ ਅਰਥਸ਼ਾਸਤਰੀ ਆਪਣੀਆਂ ਨੀਤੀਆਂ ਉੱਤੇ ਕਿਸੇ ਨਜ਼ਰਸਾਨੀ ਦੀ ਗੁੰਜਾਇਸ਼ ਨੂੰ ਕਬੂਲ ਨਹੀਂ ਕਰਦੇ। ਯੋਜਨਾ ਕਮਿਸ਼ਨ ਸਮੁੱਚੀ ਵਿਉਂਤਬੰਦੀ ਅਤੇ ਨੀਤੀ ਨਿਰਧਾਰਨ ਦਾ ਧੁਰਾ ਹੈ। ਜਦੋਂ ਮਨਮੋਹਨ ਸਿੰਘ ਨੇ ਵਿੱਤ ਮੰਤਰੀ ਵਜੋਂ ਮੌਜੂਦਾ ਆਰਥਿਕ ਨੀਤੀਆਂ ਦਾ ਬਾਨਣੂ ਬੰਨ੍ਹਿਆ ਸੀ ਤਾਂ ਯੋਜਨਾ ਕਮਿਸ਼ਨ ਦੇ ਡਿਪਟੀ ਚੇਅਰਮੈਨ ਪ੍ਰਣਬ ਮੁਖ਼ਰਜੀ ਸਭ ਤੋਂ ਕਾਰਗਰ ਵਕੀਲ ਸਾਬਤ ਹੋਏ ਸਨ। ਮਨੋਮਹਨ ਸਿੰਘ ਦੇ ਨਕਸ਼ੇ-ਕਦਮ ਉੱਤੇ ਹੀ ਮੌਂਟੇਕ ਸਿੰਘ ਆਹਲੂਵਾਲੀਆ ਤਰੱਕੀ ਦੀਆਂ ਪੌੜੀਆਂ ਚੜ੍ਹੇ ਹਨ। ਉਨ੍ਹਾਂ ਨੇ ਸਾਰੀ ਵਿਉਂਤਬੰਦੀ ਆਪਣੀ ਸੋਚ ਮੁਤਾਬਕ ਕਰਨੀ ਹੈ ਜਿਸ ਵਿਚ ਗ਼ਰੀਬੀ ਦੀ ਵਿਆਖਿਆ ਵੀ ਸ਼ਾਮਿਲ ਹੈ। ਯੋਜਨਾ ਕਮਿਸ਼ਨ ਦੇ ਡਿਪਟੀ ਚੇਅਰਮੈਨ ਮੌਂਟੇਕ ਸਿੰਘ ਆਹਲੂਵਾਲੀਆ ਨੇ ਪਿਛਲੇ ਦਿਨੀਂ 'ਦੂਜੇ ਰਾਮਰਾਓ ਅਧਿਕ ਯਾਦਗਾਰੀ ਭਾਸ਼ਨ' ਵਿਚ ਕਿਹਾ ਸੀ ਕਿ ਆਲਮੀ ਹਾਲਾਤ ਅਤੇ ਖ਼ੁਰਾਕ ਵਸਤਾਂ ਦੀ ਮਹਿੰਗਾਈ ਦੇ ਬਾਵਜੂਦ 12ਵੀਂ ਪੰਜ ਸਾਲਾ ਯੋਜਨਾ ਦੌਰਾਨ 9 ਫ਼ੀਸਦੀ ਵਿਕਾਸ ਦਰ ਹਾਸਿਲ ਕੀਤੀ ਜਾ ਸਕਦੀ ਹੈ। ਇਸ ਥਾਂ ਉੱਤੇ ਮਸਲਾ ਵਿਕਾਸ ਦਰ ਨਾਲ ਨਹੀਂ ਸਗੋਂ ਇਸ ਦੇ ਸਮਾਜਿਕ ਨਾਬਰਾਬਰੀ ਅਤੇ ਮਹਿੰਗਾਈ ਨਾਲ ਸਿੱਧੇ ਸਬੰਧ ਨਾਲ ਜੁੜਿਆ ਹੋਇਆ ਹੈ।

ਮੌਜੂਦਾ ਸਰਕਾਰ ਅਨਾਜ ਦੇ ਭੰਡਾਰ, ਲੋੜ ਅਤੇ ਭੁੱਖਮਰੀ ਦੇ ਅੰਕੜਿਆਂ ਤੋਂ ਜਾਣੂ ਹੈ। ਇਹ ਲੋਕ ਕਲਿਆਣ ਦੀਆਂ ਯੋਜਨਾਵਾਂ ਅਤੇ ਮਹਿਕਮਿਆਂ ਵਿਚੋਂ ਹੱਥ ਪਿੱਛੇ ਖਿੱਚ ਰਹੀ ਹੈ। ਲੋਕ ਕਲਿਆਣ ਸਰਕਾਰੀ ਬਿਆਨਬਾਜ਼ੀ ਅਤੇ ਚੋਣਾਂ ਦਾ ਮੁੱਦਾ ਹੈ ਪਰ ਅਰਥਸ਼ਾਸਤਰੀਆਂ ਦਾ ਤਰਜੀਹੀ ਮੁੱਦਾ ਨਹੀਂ ਹੈ। ਭਾਰਤ ਦੀ ਭੁੱਖਮਰੀ ਦੀ ਹਾਲਤ ਦਾ ਅੰਦਾਜ਼ਾ ਅੰਕੜਿਆਂ ਤੋਂ ਬਿਨਾਂ ਇਨ੍ਹਾਂ ਤੱਥਾਂ ਤੋਂ ਹੀ ਲੱਗ ਜਾਂਦਾ ਹੈ ਕਿ ਕੇਂਦਰ ਸਰਕਾਰ ਨੂੰ ਮਨਰੇਗਾ, ਅਨਤੋਦਿਆ ਅਤੇ ਮਿੱਡਡੇਅ ਮੀਲ ਵਰਗੀਆਂ ਯੋਜਨਾਵਾਂ ਬਣਾਉਣੀਆਂ ਪਈਆਂ ਹਨ। ਇਹ ਵੱਖਰੀ ਗੱਲ ਹੈ ਕਿ ਮਨੁੱਖੀ ਹਕੂਕ ਕਾਰਕੁਨ ਗੌਤਮ ਨਵਲੱਖਾ ਇਨ੍ਹਾਂ ਯੋਜਨਾਵਾਂ ਪਿੱਛੇ ਮਾਓਵਾਦੀ ਲਹਿਰ ਦੇ ਜ਼ੋਰ ਨੂੰ ਫ਼ੈਸਲਾਕੁਨ ਕਾਰਨ ਮੰਨਦੇ ਹਨ। ਪੰਜਾਬ ਵਰਗੇ ਸੂਬੇ ਵਿਚ ਪਿਛਲੀਆਂ ਵਿਧਾਨ ਸਭਾ ਚੋਣਾਂ ਦੌਰਾਨ ਸਸਤਾ ਆਟਾ ਅਤੇ ਦਾਲ ਚੋਣਾਂ ਦਾ ਮੁੱਦਾ ਬਣਿਆ ਸੀ। ਇਸ ਮਾਮਲੇ ਵਿਚ ਸੂਬਾ ਅਤੇ ਕੇਂਦਰ ਸਰਕਾਰਾਂ ਦਾ ਖ਼ਾਸਾ ਇਕੋ ਜਿਹਾ ਹੈ। ਚੋਣਾਂ ਦੇ ਨੇੜੇ ਅਤੇ ਚੋਣਾਂ ਦੌਰਾਨ ਗ਼ਰੀਬਾਂ ਦੀ ਗਿਣਤੀ ਵੱਧ ਦੱਸੀ ਜਾਂਦੀ ਹੈ ਅਤੇ ਚੋਣਾਂ ਜਿੱਤਣ ਤੋਂ ਬਾਅਦ ਲੋਕ ਕਲਿਆਣ ਅਤੇ ਗ਼ਰੀਬੀ ਖ਼ਿਲਾਫ਼ ਯੋਜਨਾਵਾਂ ਬਣਾਉਣ ਵੇਲੇ ਗ਼ਰੀਬਾਂ ਦੀ ਗਿਣਤੀ ਘੱਟ ਤੋਂ ਘੱਟ ਦੱਸਣ ਦਾ ਉਪਰਾਲਾ ਕੀਤਾ ਜਾਂਦਾ ਹੈ। ਇਸ ਪੱਖੋਂ ਸਾਰੀਆਂ ਸਿਆਸੀ ਪਾਰਟੀਆਂ ਦੀ ਵਿਚਾਰ ਅਤੇ ਜੁਗਤ ਪੱਖੋਂ ਸਮਝ ਤਕਰੀਬਨ ਇਕੋ ਜਿਹੀ ਹੈ। ਕੇਂਦਰੀ ਯੋਜਨਾ ਕਮਿਸ਼ਨ ਚੋਣਾਂ ਤੋਂ ਇਲਾਵਾ ਚਿਰਕਾਲੀ ਵਿਉਂਤਬੰਦੀ ਵਿਚ ਅਹਿਮ ਹਿੱਸਾ ਪਾਉਂਦਾ ਹੈ। ਗ਼ਰੀਬੀ ਨੂੰ ਘੱਟ ਤੋਂ ਘੱਟ ਦਿਖਾ ਕੇ ਭਾਰਤ ਸਰਕਾਰ ਮੁਲਕ ਅੰਦਰ ਜ਼ਿੰਮੇਵਾਰੀ ਤੋਂ ਭੱਜਣਾ ਅਤੇ ਵਿਦੇਸ਼ਾਂ ਵਿਚ ਅਕਸ ਸੁਧਾਰਨਾ ਚਾਹੁੰਦੀ ਹੈ। ਇਨ੍ਹਾਂ ਹਾਲਾਤ ਵਿਚ ਕੇਂਦਰੀ ਯੋਜਨਾ ਕਮਿਸ਼ਨ ਦਾ ਹਲਫ਼ਨਾਮਾ ਕਿਸੇ ਭੁਲੇਖੇ ਜਾਂ ਉਕਾਈ ਦੀ ਨਹੀਂ ਸਗੋਂ ਸਰਕਾਰੀ ਖ਼ਾਸੇ ਦੀ ਨੁਮਾਇੰਦਗੀ ਕਰਦਾ ਹੈ।

ਹੁਣ ਅਵਾਮੀ ਪੈਂਤੜੇ ਤੋਂ ਅਹਿਮ ਸਵਾਲ ਇਹ ਹੈ ਕਿ ਇਸ ਹਲਫ਼ਨਾਮੇ ਦੇ ਸਮੁੱਚੇ ਮੁਲਕ ਲਈ ਕੀ ਮਾਅਨੇ ਹਨ? ਸਰਕਾਰੀ ਮਿਆਰ ਮੁਤਾਬਕ ਮਜ਼ਦੂਰੀ ਕਰਨ ਵਾਲੇ ਬੰਦੇ ਦੀ ਸਿਹਤਮੰਦ ਖ਼ੁਰਾਕ ਵਿਚ 670 ਗਰਾਮ ਅਨਾਜ, ਸੱਠ ਗਰਾਮ ਦਾਲ, ਚਾਲੀ ਗਰਾਮ ਹਰੀਆਂ ਸਬਜ਼ੀਆਂ, ਸੱਠ ਗਰਾਮ ਜੜ੍ਹ ਤੇ ਕੰਦ, ਪਾਈਆ ਦੁੱਧ, ਪੰਤਾਲੀ ਗਰਾਮ ਘਿਓ ਜਾਂ ਥੰਦਾ, ਪੰਜਾਹ ਗਰਾਮ ਮਿੱਠਾ ਅਤੇ ਸੱਤਰ ਗਰਾਮ ਲੂਣ-ਮਿਰਚ-ਮਸਾਲਾ ਤੇ ਹੋਰ ਨਿੱਕ-ਸੁੱਕ ਸ਼ੁਮਾਰ ਹੋਣਾ ਚਾਹੀਦਾ ਹੈ। ਮੌਜੂਦਾ ਕੀਮਤਾਂ ਮੁਤਾਬਕ ਇਸ ਰਾਸ਼ਨ ਦੀ ਕੀਮਤ 66 ਰੁਪਏ ਬਣਦੀ ਹੈ। ਇਸ ਵਿਚ ਕੋਈ ਫਲ, ਬਾਲਣ ਜਾਂ ਬਾਜ਼ਾਰ ਤੋਂ ਸਾਮਾਨ ਖਰੀਦ ਕੇ ਲਿਆਉਣ ਦਾ ਖ਼ਰਚਾ ਸ਼ਾਮਿਲ ਨਹੀਂ ਹੈ। ਯੋਜਨਾ ਕਮਿਸ਼ਨ 32 ਰੁਪਏ ਵਿਚ ਖ਼ੁਰਾਕ ਦੇ ਨਾਲ ਆਵਾਜਾਈ, ਸਿੱਖਿਆ, ਕੱਪੜਿਆਂ ਅਤੇ ਜੁੱਤੀਆਂ ਦਾ ਬੰਦੋਬਸਤ ਖੁੱਲ੍ਹੀ ਮੰਡੀ ਦੀ ਕਿਸ ਦੁਕਾਨ ਤੋਂ ਕਰਨ ਦਾ ਦਾਅਵਾ ਕਰਦਾ ਹੈ? ਇਸ ਤੋਂ ਪਹਿਲਾਂ 2004-05 ਦੌਰਾਨ ਯੋਜਨਾ ਕਮਿਸ਼ਨ ਨੇ ਸ਼ਹਿਰੀਆਂ ਲਈ 20 ਅਤੇ ਪੇਂਡੂਆਂ ਲਈ 15 ਰੁਪਏ ਰੋਜ਼ਾਨ ਤੈਅ ਕੀਤੀ ਸੀ। ਜੇ ਉਸ ਤੋਂ ਬਾਅਦ ਮਹਿਜ਼ ਮਹਿੰਗਾਈ ਹੀ ਜੋੜ ਲਈ ਜਾਵੇ ਤਾਂ ਮਾਹਰ ਅਰਥਸ਼ਾਸਤਰੀਆਂ ਦਾ ਹਿਸਾਬ ਗ਼ਲਤ ਸਾਬਤ ਕਰਨ ਲਈ ਸਕੂਲੀ ਪੜ੍ਹਾਈ ਪੂਰੀ ਕਰਨ ਤੱਕ ਦੀ ਲੋੜ ਨਹੀਂ ਹੈ।

ਅਰਜਨ ਸੇਨ ਦੀ ਰਪਟ ਸਾਬਤ ਕਰ ਚੁੱਕੀ ਹੈ ਕਿ ਭਾਰਤ ਦੀ 77 ਫ਼ੀਸਦੀ ਆਬਾਦੀ 20 ਰੁਪਏ ਤੋਂ ਘੱਟ ਰੋਜ਼ਾਨਾ ਆਮਦਨ ਨਾਲ ਗੁਜ਼ਾਰਾ ਕਰਨ ਲਈ ਮਜਬੂਰ ਹੈ। ਯੋਜਨਾ ਕਮਿਸ਼ਨ ਦਾ ਮੌਜੂਦਾ ਹਲਫ਼ਨਾਮਾ ਗ਼ਰੀਬੀ ਦੀ ਹੱਦ ਪ੍ਰਵਾਨ ਕਰ ਲਏ ਜਾਣ ਨਾਲ 'ਸਰਕਾਰੀ ਗ਼ਰੀਬਾਂ' ਦੀ ਗਿਣਤੀ ਵਧ ਜਾਵੇਗੀ। ਸਵਾਲ ਤਾਂ ਇਹ ਹੈ ਕਿ ਖ਼ੁਰਾਕ ਤੱਕ ਦੀਆਂ ਬੁਨਿਆਦੀ ਜ਼ਰੂਰਤਾਂ ਪੂਰੀਆਂ ਕਰਨ ਤੋਂ ਆਰੀ ਬੰਦੇ ਨੂੰ ਗ਼ਰੀਬੀ ਦੇ ਘੇਰੇ ਵਿਚੋਂ ਕਿਵੇਂ ਕੱਢਿਆ ਜਾ ਰਿਹਾ ਹੈ? ਭਾਰਤੀ ਅਵਾਮ ਦੀ ਸਿਹਤ ਬਾਬਤ ਜਾਣਕਾਰੀ ਲਈ 'ਨੈਸ਼ਨਲ ਫੈਮਲੀ ਹੈਲਥ ਸਰਵੇਖਣ-3' ਦੇ ਅੰਕੜਿਆਂ ਉੱਤੇ ਨਜ਼ਰ ਮਾਰਨੀ ਬਣਦੀ ਹੈ। ਭਾਰਤ ਵਿਚ ਪੰਜ ਸਾਲ ਤੋਂ ਘੱਟ ਉਮਰ ਦੇ ਹਜ਼ਾਰ ਵਿਚੋਂ 74 ਵਿਚ ਮਰ ਜਾਂਦੇ ਹਨ। ਪੰਜ ਸੂਬਿਆਂ ਵਿਚ ਇਹ ਗਿਣਤੀ 90 ਤੋਂ ਜ਼ਿਆਦਾ ਹੈ। ਜਨਮ ਵੇਲੇ ਸ਼ਹਿਰਾਂ ਵਿਚ 19.3 ਅਤੇ ਪਿੰਡਾਂ ਵਿਚ 23.3 ਫ਼ੀਸਦੀ ਬੱਚਿਆਂ ਦਾ ਵਜ਼ਨ 2.5 ਕਿਲੋ ਤੋਂ ਘੱਟ ਹੁੰਦਾ ਹੈ ਅਤੇ 56.5 ਬੱਚਿਆਂ ਦਾ ਮੁਕੰਮਲ ਟੀਕਾਕਰਨ ਨਹੀਂ ਹੁੰਦਾ। ਤੈਅ ਮਿਆਰ ਮੁਤਾਬਕ 48 ਫ਼ੀਸਦੀ ਬੱਚਿਆਂ ਦਾ ਉਮਰ ਦੇ ਮੁਕਾਬਲੇ ਕੱਦ, 9.8 ਫ਼ੀਸਦੀ ਬੱਚਿਆਂ ਦਾ ਕੱਦ ਦੇ ਮੁਕਾਬਲੇ ਵਜ਼ਨ ਅਤੇ 42.5 ਫ਼ੀਸਦੀ ਬੱਚਿਆਂ ਦਾ ਉਮਰ ਦੇ ਮੁਕਾਬਲੇ ਵਜ਼ਨ ਘੱਟ ਹੈ। ਛੇ ਤੋਂ 59 ਮਹੀਨਿਆਂ ਦੀ ਉਮਰ ਦੇ 69.5 ਫ਼ੀਸਦੀ ਬੱਚੇ ਖ਼ੂਨ ਦੀ ਕਮੀ ਦਾ ਸ਼ਿਕਾਰ ਹਨ। ਇਸੇ ਤਰ੍ਹਾਂ 15 ਤੋਂ 49 ਸਾਲ ਦੀ ਉਮਰ ਵਿਚ 45.6 ਫ਼ੀਸਦੀ ਔਰਤਾਂ 32.8 ਫ਼ੀਸਦੀ ਮਰਦਾਂ ਨੂੰ ਦੁੱਧ-ਦਹੀਂ ਨਸੀਬ ਨਹੀਂ ਹੁੰਦੇ। ਇਸ ਤੋਂ ਇਲਾਵਾ 56.2 ਫ਼ੀਸਦੀ ਔਰਤਾਂ ਅਤੇ 24.2 ਫ਼ੀਸਦੀ ਮਰਦ ਖ਼ੂਨ ਦੀ ਕਮੀ ਦਾ ਸ਼ਿਕਾਰ ਹਨ। ਇਕ ਲੱਖ ਦੀ ਆਬਾਦੀ ਵਿਚ 445 ਨੂੰ ਤਪਦਿਕ ਹੋਇਆ ਹੈ। ਸਿਹਤ ਦੀ ਖਸਤਾ ਹਾਲਤ ਦਾ ਸਿੱਧਾ ਸਬੰਧ ਖ਼ੁਰਾਕ ਨਾਲ ਹੈ। ਮਿਸਾਲ ਵਜੋਂ ਜਦੋਂ ਬ੍ਰਾਜ਼ੀਲ ਵਿਚ ਭੁੱਖਮਰੀ ਨੂੰ ਖ਼ਤਮ ਕਰਨ ਲਈ ਸੁਹਿਰਦ ਉਪਰਾਲੇ ਕੀਤੇ ਗਏ ਅਤੇ ਖ਼ੁਰਾਕ ਨੂੰ ਮਨੁੱਖੀ ਹਕੂਕ ਵਿਚ ਸ਼ੁਮਾਰ ਕੀਤਾ ਗਿਆ ਤਾਂ ਸੱਤ ਸਾਲਾਂ ਵਿਚ ਬਾਲ ਮੌਤ ਦਰ ਵਿਚ ਇਕ ਤਿਹਾਈ ਕਮੀ ਆਈ। ਕੁਪੋਸ਼ਣ ਅਤੇ ਹੋਰ ਬਿਮਾਰੀਆਂ ਵਿਚ ਭਾਰੀ ਕਮੀ ਦਰਜ ਕੀਤੀ ਗਈ। ਭਾਰਤ ਦੀ ਕੁਪੋਸ਼ਣ ਦੀ ਹਾਲਤ ਬਾਬਤ ਚਿੰਤਾ ਲਗਾਤਾਰ ਜ਼ਾਹਰ ਕੀਤੀ ਜਾ ਰਹੀ ਹੈ। ਭਾਰਤ ਦੇ ਇਨ੍ਹਾਂ ਹਾਲਾਤ ਨੂੰ ਹੀ ਡਾ. ਬਿਨਾਇਕ ਸੇਨ ਕੁਪੋਸ਼ਣ ਕਾਰਨ ਹੋ ਰਿਹਾ ਸਭ ਤੋਂ ਭਿਆਨਕ ਪਰ ਨਜ਼ਰਅੰਦਾਜ਼ ਕੀਤਾ ਗਿਆ ਕਤਲੇਆਮ ਕਰਾਰ ਦਿੰਦੇ ਹਨ। ਆਖ਼ਰ ਇਹ ਹਾਲਾਤ ਸਰਕਾਰੀ ਨੀਤੀਆਂ ਦਾ ਨਤੀਜਾ ਹਨ।

ਮੌਜੂਦਾ ਭੁੱਖਮਰੀ ਨੂੰ ਬਹੁਤ ਸਾਰੇ ਵਿਦਵਾਨ ਵਧ ਰਹੀ ਆਬਾਦੀ ਨਾਲ ਜੋੜਦੇ ਹਨ। ਵਿਗਿਆਨਕ ਅਧਿਐਨ ਇਹ ਸਾਬਤ ਕਰ ਚੁੱਕੇ ਹਨ ਕਿ ਮੌਜੂਦਾ ਆਬਾਦੀ ਦੀ ਖ਼ੁਰਾਕ ਲਈ ਧਰਤੀ ਉੱਤੇ ਵਾਧੂ ਅੰਨ ਹੈ। ਇਸ ਮਸਲੇ ਉੱਤੇ ਕਈ ਦਹਾਕਿਆਂ ਤੋਂ ਖੋਜ ਕਰ ਰਹੀ ਫਰਾਂਸਿਸ ਮੂਰ ਲੈਪੀ ਨੇ 'ਨੇਸ਼ਨ' ਵਿਚ ਛਪੇ ਆਪਣੇ ਲੇਖ ਵਿਚ ਲਿਖਿਆ ਹੈ, "ਮੌਜੂਦਾ ਦੌਰ ਵਿਚ ਅੰਨ ਉਗਾਉਣ, ਵੇਚਣ ਅਤੇ ਖਾਣ ਵਾਲੇ ਵੱਖ-ਵੱਖ ਪਾਸਿਆਂ ਨੂੰ ਜਾ ਰਹੇ ਹਨ। ਅਨਾਜ ਦੀ ਆਲਮੀ ਉਪਜ ਵਿਚ ਵਾਧਾ ਹੋਣ ਦੇ ਬਾਵਜੂਦ ਇਕ ਅਰਬ ਲੋਕ ਭੁੱਖਮਰੀ ਦੀ ਲਪੇਟ ਵਿਚ ਆ ਗਏ ਹਨ। ਜ਼ਮੀਨ, ਬੀਜ ਅਤੇ ਅਨਾਜ ਦੀ ਮਲਕੀਅਤ ਤੇ ਵਪਾਰ ਕੁਝ ਹੱਥਾਂ ਵਿਚ ਮਹਿਦੂਦ ਹੋ ਗਿਆ ਹੈ। ਤੀਜੀ ਦੁਨੀਆ ਦੇ ਮੁਲਕਾਂ ਵਿਚ ਮਹਿੰਗਾਈ ਅਤੇ ਮੁਨਾਫ਼ੇ ਦੇ ਮੱਦੇਨਜ਼ਰ ਮੂਲ ਵਾਸੀਆਂ ਨੂੰ ਜ਼ਮੀਨ ਤੋਂ ਉਜਾੜਿਆ ਜਾ ਰਿਹਾ ਹੈ। ਅਨਾਜ ਦੇ ਆਲਮੀ ਵਪਾਰ ਦਾ ਤਿੰਨ ਚੌਥਾਈ ਹਿੱਸਾ ਚਾਰ ਕੰਪਨੀਆਂ ਦੇ ਕਬਜ਼ੇ ਵਿਚ ਹੈ।" ਇਹ ਕੰਪਨੀਆਂ ਅਨਾਜ ਦੀ ਕੀਮਤ ਨੂੰ ਹਰ ਪੜਾਅ ਉੱਤੇ ਤੈਅ ਕਰ ਰਹੀਆਂ ਹਨ। ਖੇਤੀ ਘਾਟੇ ਦਾ ਧੰਦਾ ਹੋ ਗਈ ਹੈ ਅਤੇ ਖ਼ਪਤਕਾਰ ਮਹਿੰਗਾਈ ਦਾ ਸ਼ਿਕਾਰ ਹੈ। ਕਿਸਾਨ ਗੁਰਬਤ ਅਤੇ ਕਰਜ਼ਿਆਂ ਕਾਰਨ ਖ਼ੁਦਕਸ਼ੀਆਂ ਕਰ ਰਹੇ ਹਨ। ਦੂਜੇ ਪਾਸੇ ਵੱਡੀ ਗਿਣਤੀ ਵਿਚ ਲੋਕ ਭੁੱਖਮਰੀ ਦਾ ਸ਼ਿਕਾਰ ਹਨ। ਇਹ ਹਾਲਾਤ ਕੰਪਨੀਆਂ ਦੇ ਮੁਨਾਫ਼ਿਆਂ ਲਈ ਖ਼ੁਸ਼ਗਵਾਰ ਹਨ। ਸਰਕਾਰਾਂ ਨੀਤੀਆਂ ਰਾਹੀਂ ਇਨ੍ਹਾਂ ਕੰਪਨੀਆਂ ਦੀ ਸਰਪ੍ਰਸਤੀ ਕਰ ਰਹੀਆਂ ਹਨ। ਅਮਰੀਕੀ ਦੀਆਂ ਜੰਗੀ ਮੁਹਿੰਮਾਂ ਵਿਚ ਇਨ੍ਹਾਂ ਕੰਪਨੀਆਂ ਦੀ ਫ਼ੈਸਲਾਕੁਨ ਭੂਮਿਕਾ ਹੈ। ਇਰਾਕ ਵਿਚ ਮੁੜ-ਬਹਾਲੀ ਅਤੇ ਮੁੜ-ਵਸੇਵੇ ਦੇ ਵੱਡੇ ਠੇਕੇ ਲੈਣ ਵਾਲੀਆਂ ਕੰਪਨੀਆਂ ਵਿਚ ਕਾਰਗਿਲ ਸ਼ਾਮਿਲ ਹੈ। ਅਰਸ਼ਰ ਡੇਨੀਅਲਜ਼ ਮਿਡਲੈਂਡ, ਫਿਲਿਪ ਮੌਰਿਸ, ਨੈਸਲੇ, ਪ੍ਰੋਕਟਰ ਐਂਡ ਗੈਂਬਲ ਅਤੇ ਸਾਰਾ ਲੀਅ ਤੋਂ ਇਲਾਵਾ ਮੈਕਡੋਨਲ'ਜ਼ ਤੇ ਕੇ.ਐਫ.ਸੀ. ਨੇ ਖੁੱਲ੍ਹੀ ਮੰਡੀ ਨੂੰ ਸਾਜ਼ਗਾਰ ਮੌਕਿਆਂ ਵਿਚ ਤਬਦੀਲ ਕੀਤਾ ਹੈ। ਪੈਪਸੀ ਅਤੇ ਕੋਕਾ ਕੋਲਾ ਨੇ ਮੁਕਾਮੀ (ਲੋਕਲ) ਕੰਪਨੀਆਂ ਦਾ ਤਕਰੀਬਨ ਖ਼ਾਤਮਾ ਕਰ ਦਿੱਤਾ ਹੈ। ਭਾਰਤ ਵਿਚ ਬੀਜਾਂ ਅਤੇ ਕੀੜੇਮਾਰ ਦਵਾਈਆਂ ਵਾਲੀਆਂ ਬਹੁਕੌਮੀ ਕੰਪਨੀਆਂ ਨੂੰ ਮੁਲਕ ਦੀ ਖ਼ੁਦਮੁਖ਼ਤਿਆਰੀ, ਚੌਗਿਰਦੇ ਅਤੇ ਸਿਹਤ ਦੇ ਖ਼ਦਸ਼ਿਆਂ ਨੂੰ ਨਜ਼ਰਅੰਦਾਜ਼ ਕਰਕੇ ਤਜਰਬੇ ਕਰਨ ਦੀ ਇਜਾਜ਼ਤ ਦਿੱਤੀ ਗਈ ਹੈ। ਆਉਣ ਵਾਲੇ ਸਮੇਂ ਵਿਚ ਖੇਤੀ ਵਿਚ ਅਨਾਜ ਵਾਲੀਆਂ ਫ਼ਸਲਾਂ ਦਾ ਹਿੱਸਾ ਘਟਣ ਵਾਲਾ ਹੈ। ਇਸ ਵੇਲੇ ਆਲਮੀ ਜ਼ਮੀਨ ਦੇ ਦਸ ਫ਼ੀਸਦੀ ਉੱਤੇ ਜੈਵਿਕ ਬਾਲਣ ਦੀ ਖੇਤੀ ਹੋ ਰਹੀ ਹੈ ਤਾਂ ਜੋ ਕਾਰਾਂ ਚੱਲਦੀਆਂ ਰਹਿਣ।

ਭਾਰਤ ਦੀਆਂ ਮੌਜੂਦਾ ਨੀਤੀਆਂ ਇਕ-ਧਰੁਵੀ ਦੁਨੀਆ ਦੀ ਚੋਣ ਖੁੱਲ੍ਹੀ ਮੰਡੀ ਨਾਲ ਜੋੜ ਕੇ ਬਣਾਈਆਂ ਜਾ ਰਹੀਆਂ ਹਨ। ਇਨ੍ਹਾਂ ਨੀਤੀਆਂ ਤਹਿਤ ਹਰ ਤਰ੍ਹਾਂ ਦੀ ਆਫ਼ਤ ਨੂੰ ਮੁਨਾਫ਼ੇ ਜਾਂ ਕਾਰੋਬਾਰ ਦੇ ਪਸਾਰੇ ਵਜੋਂ ਵੇਖਿਆ ਜਾਂਦਾ ਹੈ।

(ਬਾਕੀ ਸਫਾ 27 'ਤੇ)



**ਸੰਯੁਕਤ ਰਾਸ਼ਟਰ ਨੇ .ਗਰੀਬੀ ਦੀ ਵਿਆਖਿਆ ਇੰਝ ਕੀਤੀ ਹੈ-ਬੰਦੇ ਨੂੰ ਮਨੁੱਖੀ ਸ਼ਾਨ ਤੋਂ ਨਿਖੇੜ ਕੇ .ਫ਼ੈਸਲਿਆਂ ਅਤੇ ਮੌਕਿਆਂ ਦੇ ਘੇਰੇ ਵਿਚ ਬਾਹਰ ਕੱਢ ਦੇਣ ਵਾਲੇ ਹਾਲਾਤ .ਗਰੀਬੀ ਦੀਆਂ ਬੁਨਿਆਦੀ ਨਿਸ਼ਾਨੀਆਂ ਹਨ। ਇਸ ਨਾਲ ਮਨੁੱਖ ਸਮਾਜਿਕ ਸਰਗਰਮੀ ਵਿਚ ਸ਼ੁਮਾਰ ਹੋਣ ਤੋਂ ਮਹਿਰੂਮ ਹੋ ਜਾਂਦਾ ਹੈ।**

# ਵਿਚ ਪਰਦੇਸੀਂ ਹਉਕੇ ਵਿਕਦੇ, ਅਸਾਂ ਖੁਸ਼ੀਆਂ ਵੱਟੇ ਚਾਏ

ਮੂੰਹ ਆਈ ਬਾਤ



ਮੇਜਰ ਕੁਲਾਰ ਬੋਪਾਰਾਏਕਲਾਂ
ਫੋਨ:916-273-2856
www.boparaikalan.com

ਅਜੇ ਤਾਂ ਨਵ-ਜੰਮੇ ਬੱਚੇ ਵਾਂਗ ਮੈਂ ਅਮਰੀਕਾ ਪਹੁੰਚ ਕੇ ਪੂਰੀਆਂ ਅੱਖਾਂ ਵੀ ਨਹੀਂ ਸੀ ਖੋਲ੍ਹੀਆਂ; ਗਰੀਨ ਕਾਰਡ ਤਾਂ ਦੂਰ ਦੀ ਗੱਲ ਸੀ, ਜੇਬ ਤਾਂ ਆਈ.ਡੀ. ਕਾਰਡ ਤੋਂ ਵੀ ਸੱਖਣੀ ਸੀ ਪਰ ਪਿਛਲਿਆਂ ਲਈ ਮੈਂ ਅਮਰੀਕਾ ਵਾਲਾ ਬਣ ਗਿਆ ਸੀ। ਅਜੇ ਤਾਂ ਮੈਂ ਸੁਨਹਿਰੀ ਸੁਪਨਿਆਂ ਵਾਲੀ ਸੰਦੂਕੜੀ ਵੀ ਨਹੀਂ ਸੀ ਖੋਲ੍ਹੀ, ਮਾਂ ਨੇ ਅਜੇ ਸੁੱਖਾਂ ਵੀ ਪੂਰੀਆਂ ਨਹੀਂ ਸੀ ਕੀਤੀਆਂ ਕਿ ਇਕ ਦਿਨ ਫੋਨ ਦੀ ਘੰਟੀ ਵੱਜੀ,

"ਬਾਈ ਜੀ ਸਤਿ ਸ੍ਰੀ ਅਕਾਲ। ਆਪਣੀ ਰਾਣੋ ਦਸਵੀਂ 'ਚੋਂ ਚੰਗੇ ਨੰਬਰ ਲੈ ਕੇ ਪਾਸ ਹੋ ਗਈ ਹੈ। ਤੁਹਾਡਾ ਕੀ ਖਿਆਲ ਹੈ ਅੱਗੇ ਪੜ੍ਹਾਈਏ ਕਿ ਕੋਈ ਕੋਰਸ ਕਰਨ ਲਾ ਦੇਈਏ?" ਵੱਡੇ ਸਾਂਢੂ ਨੇ ਨਿਮਰਤਾ ਤੇ ਆਗਿਆ ਦੀਆਂ ਇਕੱਠੀਆਂ ਆਵਾਜ਼ਾਂ ਕੱਢਦਿਆਂ ਪੁੱਛਿਆ।

"ਵੱਡੇ ਬਾਈ, ਜਿਸ ਤਰ੍ਹਾਂ ਤੁਹਾਨੂੰ ਚੰਗਾ ਲੱਗਦਾ, ਕਰ ਲਵੋ। ਮੈਂ ਕੀ ਕਹਿ ਸਕਦਾ ਹਾਂ।" ਮੈਂ ਆਪਣੀ ਅਕਲ ਨਾਲ ਇਨਸਾਫ਼ ਕਰਦਿਆਂ ਉਤਰ ਦਿੱਤਾ।

"ਤੁਹਾਡੀ ਸਾਲੀ ਸਾਹਿਬਾ ਤਾਂ ਕਹਿੰਦੀ ਹੈ ਕਿ ਹੁਣ ਰਾਣੋ ਤੁਹਾਡੇ ਨਾਂ ਕਰ ਦਿੱਤੀ ਹੈ। ਇਸ ਬਾਰੇ ਤੁਸੀਂ ਹੀ ਸੋਚਣਾ ਹੈ।" ਸਾਂਢੂ ਨੇ ਕੁੜੀ ਨੂੰ ਮੇਰੀ ਉਂਗਲੀ ਨਾਲ ਬੰਨ੍ਹਦਿਆਂ ਕਿਹਾ।

"ਕੁੜੀ ਜੰਮ ਕੇ ਪੰਜੀਰੀ ਆਪ ਖਾ ਗਈ, ਵਿਆਹੁਣ ਦੇ ਸਮੇਂ ਬਾਈ ਚੇਤੇ ਆ ਗਿਆ।" ਮੈਂ ਦਿਲ ਵਿਚ ਹੀ ਸਾਲੀ ਸਾਹਿਬਾ ਨੂੰ ਉਤਰ ਦੇ ਦਿੱਤਾ।

"ਬਾਈ ਕੁੜੀ ਆਪਣੀ ਸੋਹਣੀ ਸੁਨੱਖੀ ਹੈ। ਜੇ ਪੜ੍ਹ-ਲਿਖ ਗਈ ਤਾਂ ਇਸ ਨੂੰ ਆਪਣੇ-ਆਪ ਹੀ ਕੈਨੇਡਾ, ਅਮਰੀਕਾ ਵਾਲਾ ਵਰ ਮਿਲ ਜਾਣਾ ਹੈ। ਤੁਸੀਂ ਪਰਮਾਤਮਾ 'ਤੇ ਭਰੋਸਾ ਰੱਖੋ ਤੇ ਬਾਣੀ ਪੜ੍ਹਿਆ ਕਰੋ।" ਮੈਂ ਗੱਲ ਛੇਤੀ ਮੁਕਾ ਕੇ ਫੋਨ ਬੰਦ ਕਰਨਾ ਚਾਹੁੰਦਾ ਸੀ।

"ਚੰਗਾ ਬਾਈ, ਰਾਣੋ ਨੂੰ ਅੱਗੇ ਪੜ੍ਹਨ ਲਾ ਦਿੰਦੇ ਹਾਂ ਤੇ ਅਸੀਂ ਬਾਣੀ ਪੜ੍ਹਨ ਲੱਗ ਜਾਂਦੇ ਹਾਂ, ਤੇ ਤੁਸੀਂ ਵੀ ਸਾਡਾ ਖਿਆਲ ਰੱਖਣਾ।" ਸਾਂਢੂ ਨੇ ਆਖਰੀ ਗੱਲ ਕਹਿ ਕੇ ਫਤਿਹ ਬੁਲਾ ਦਿੱਤੀ। ਮੈਂ ਸੋਚਦਾਂ ਕਿ ਪਿੰਡ ਹੁੰਦਿਆਂ ਕਿਸੇ ਨੇ ਸਾਡੀ ਰਾਇ ਨਾਲ ਕਦੇ ਮੱਝ ਨਹੀਂ ਸੀ ਖਰੀਦੀ, ਤੇ ਅੱਜ ਬੱਚਿਆਂ ਦਾ ਭਵਿੱਖ ਵੀ ਸਾਥੋਂ ਪੁੱਛ ਕੇ ਬਣਾਉਣਾ ਚਾਹੁੰਦੇ ਹਨ।

ਮੇਰੇ ਕੋਲ ਨਾ ਗੱਡੀ ਸੀ, ਨਾ ਕੋਈ ਵਧੀਆ ਕੰਮ ਸੀ। ਅੰਗਰੇਜ਼ੀ ਮੂੰਹ ਵਿਚ ਇਸ ਤਰ੍ਹਾਂ ਅੜਕ ਜਾਂਦੀ ਸੀ ਜਿਵੇਂ ਛਾਨਣੀ ਵਿਚ ਰੋੜ ਅੜਕ ਜਾਂਦਾ ਹੈ ਪਰ ਮੈਂ ਹੌਂਸਲੇ ਨਾਲ ਆਪਣੀ ਮੰਜ਼ਿਲ ਵਲ ਕਦਮ ਵਧਾਉਂਦਾ ਸੰਦੂਕੜੀ ਵਿਚਲੇ ਸੁਨਹਿਰੀ ਸੁਫਨੇ ਨੂੰ ਪੂਰਾ ਕਰਨ ਲਈ ਯਤਨਸ਼ੀਲ ਸੀ। ਰਾਤ ਨੂੰ ਮੇਲ ਬਾਕਸ ਦੇਖਿਆ ਤਾਂ ਵਕੀਲ ਨੇ ਪੈਸਿਆਂ ਦੀ ਮੰਗ ਕੀਤੀ ਹੋਈ ਸੀ। ਚਾਦਰ ਵਿਚੋਂ ਪੈਰ ਬਾਹਰ ਨਿਕਲ ਗਏ ਸਨ। ਸਾਰੀ ਰਾਤ ਗੁਣਾ-ਘਟਾਉ ਕਰਦਾ ਰਿਹਾ। ਵਕੀਲ ਵਾਸਤੇ ਕੁਝ ਬਚਦਾ ਨਜ਼ਰ ਨਾ ਆਇਆ। ਸਵੇਰੇ ਉਠ ਕੇ ਚਾਹ ਮੂੰਹ ਲਾਈ ਹੀ ਸੀ ਕਿ ਫੋਨ ਦੀ ਘੰਟੀ ਵੱਜੀ।

"ਛੋਟੇ ਵੀਰ ਸਤਿ ਸ੍ਰੀ ਅਕਾਲ, ਵਧਾਈਆਂ ਹੋਣ ਤੈਨੂੰ। ਆਪਣਾ ਸੋਨੂੰ ਪਲੱਸ-ਟੂ ਪਹਿਲੇ ਦਰਜੇ ਵਿਚ ਪਾਸ ਕਰ ਗਿਆ ਹੈ। ਹੁਣ ਕਹਿੰਦਾ ਹੈ ਕਿ ਮੈਂ ਤਾਂ ਮਾਸੜ ਜੀ ਕੋਲ ਜਾਣਾ ਹੈ, ਜਾਂ ਫਿਰ ਪੁਲਿਸ ਵਿਚ ਭਰਤੀ ਕਰਾਓ।" ਦੂਜੇ ਨੰਬਰ ਵਾਲਾ ਸਾਂਢੂ ਕੰਨਾਂ ਤੱਕ ਹੱਸਦਿਆਂ ਬੋਲਿਆ।

"ਵੱਡੇ ਵੀਰ, ਤੁਹਾਨੂੰ ਵੀ ਬਹੁਤ-ਬਹੁਤ ਵਧਾਈਆਂ। ਜੇ ਸੋਨੂੰ ਪੁਲਿਸ ਵਿਚ ਭਰਤੀ ਹੋਣਾ ਚਾਹੁੰਦਾ ਹੈ ਤਾਂ ਚੰਗੀ ਗੱਲ ਹੈ। ਹੁਣ ਤਾਂ ਤਨਖਾਹਾਂ ਬਹੁਤ ਹਨ ਤੇ ਪਹਿਲਾਂ ਨਾਲੋਂ ਪੁਲਿਸ ਵਿਚ ਸੁਧਾਰ ਵੀ ਆਇਆ ਹੈ।" ਉਤਰ ਦਿੰਦਿਆਂ ਮੈਂ ਚਾਹ ਦੀ ਗਰਮ ਘੁੱਟ ਭਰ ਗਿਆ ਜਿਸ ਨੇ ਮੇਰੇ ਬੁੱਲ੍ਹ ਸਾੜ ਦਿੱਤੇ।

"ਪਰ ਤੇਰੀ ਸਾਲੀ ਸਾਹਿਬਾ ਕਹਿੰਦੀ-ਸੋਨੂੰ ਤਾਂ ਮਾਸੜ ਜੀ, ਮਾਸੜ ਜੀ ਕਰਦਾ ਰਹਿੰਦਾ ਹੈ। ਕਿਹੜਾ ਵੇਲਾ ਹੋਵੇ ਮੈਂ ਮਾਸੜ ਜੀ ਕੋਲ ਚੱਲਿਆ ਜਾਵਾਂ। ਕੋਈ ਢੰਗ ਤਰੀਕਾ ਲੱਭੋ, ਸੋਨੂੰ ਤੁਹਾਡੇ ਕੋਲ ਪਹੁੰਚ ਜਾਵੇ।" ਸਾਂਢੂ ਲੋੜੋਂ ਵੱਧ ਚਤੁਰਾਈ ਤੋਂ ਕੰਮ ਲੈਂਦਾ ਹੋਇਆ ਬੋਲਿਆ।

"ਵੱਡੇ ਵੀਰ, ਕੋਈ ਦਿੱਲੀ ਦਾ ਏਜੰਟ ਹੈ, ਤੇ ਨੌ ਲੱਖ ਲੈਂਦਾ ਹੈ। ਕੰਮ ਗਰੰਟੀ ਵਾਲਾ ਹੈ, ਤੇ ਸੋਨੂੰ ਹਫ਼ਤੇ ਵਿਚ ਮੇਰੇ ਕੋਲ ਪਹੁੰਚ ਜਾਵੇਗਾ।" ਮੈਂ ਦੇਖਣਾ ਚਾਹੁੰਦਾ ਸੀ ਕਿ ਸਾਂਢੂ ਦੀਆਂ ਲੱਤਾਂ ਭਾਰ ਝੱਲਦੀਆਂ ਹਨ ਕਿ ਨਹੀਂ, ਜਾਂ ਫਿਰ ਐਵੇਂ ਹਵਾ ਵਿਚ ਤੀਰ ਛੱਡੀ ਜਾਂਦਾ ਹੈ।

"ਵੱਡੇ ਵੀਰ, ਮੇਰੇ ਕੋਲ ਤਾਂ ਵਕੀਲ ਨੂੰ ਦੇਣ ਲਈ ਪੈਸੇ ਨਹੀਂ, ਤੇ ਏਜੰਟਾਂ ਨੂੰ ਦੇਣ ਲਈ ਮੈਂ ਪੈਸੇ ਕਿੱਥੋਂ ਲਿਆਵਾਂਗਾ।" ਮੈਨੂੰ ਇੰਜ ਲੱਗਿਆ ਕਿ ਮੁੰਡਾ ਅਜੇ ਜੰਮਿਆ ਨਹੀਂ, ਤੇ ਵਧਾਈਆਂ ਮੰਗਣ ਵਾਲੇ ਬੂਹੇ ਖੜ੍ਹ ਗਏ।

"ਜੇ ਸੋਨੂੰ ਨੂੰ ਮੇਰੇ ਕੋਲ ਭੇਜਣਾ ਹੈ ਤਾਂ ਤੁਹਾਨੂੰ ਆਪ ਹੀ ਕੋਈ ਹੀਲਾ-ਵਸੀਲਾ ਕਰਨਾ ਪਊ।" ਮੈਂ ਕੋਰੇ ਕਾਗ਼ਜ਼ ਵਰਗਾ ਜਵਾਬ ਦੇ ਕੇ ਓ.ਕੇ. ਕਹਿ ਦਿੱਤਾ।

ਦੋਵੇਂ ਫੋਨਾਂ ਬਾਰੇ ਪਿੰਡ ਮਾਤਾ ਜੀ ਨਾਲ ਗੱਲ ਕੀਤੀ, ਤਾਂ ਅੱਗਿਓਂ ਮਾਤਾ ਜੀ ਕਹਿੰਦੇ, "ਸਾਂਢੂ ਦੀ ਸ਼ਕੀਰੀ ਤੇਲ ਦੀ ਪੰਜੀਰੀ ਹੁੰਦੀ ਹੈ। ਜਿਨ੍ਹਾਂ ਨੇ ਨਿਆਣੇ ਜੰਮੇ ਹਨ, ਉਹ ਆਪੇ ਦੇਖਣ। ਤੂੰ ਆਪਣੇ ਨਿਆਣਿਆਂ ਦਾ ਸੋਚ।" ਮਾਤਾ ਜੀ ਨੇ ਜਿਵੇਂ ਸੌ ਦੀ ਇਕ ਸੁਣਾ ਦਿੱਤੀ।

ਫਿਰ ਵਰਕ ਪਰਮਿਟ ਆਉਣ ਨਾਲ ਮੁੱਖ 'ਤੇ ਥੋੜ੍ਹੀ ਖੁਸ਼ੀ ਚਮਕੀ। ਕੰਮ ਵਧੀਆ ਮਿਲ ਗਿਆ ਤੇ ਸਾਇਕਲ ਛੱਡ ਕਾਰ 'ਤੇ ਚੜ੍ਹ ਗਿਆ। ਇੰਜ ਲੱਗਣ ਲੱਗਾ ਕਿ ਆਪਣੀ ਮੰਜ਼ਿਲ ਛੇਤੀ ਸਰ ਕਰ ਲਵਾਂਗਾ ਤੇ ਸੁਫਨੇ ਵੀ ਛੇਤੀ ਪੂਰੇ ਹੋ ਜਾਣਗੇ। ਦੋ ਸਿਫਟਾਂ ਕੰਮ ਦੀਆਂ ਲਾਉਂਦਾ, ਬੈਂਕ ਖਾਤੇ ਵਿਚ ਚੰਗੀ ਰੌਣਕ ਇਕੱਠੀ ਕਰ ਗਿਆ ਤੇ ਬਾਪੂ ਨੇ ਸਾਰੀ ਰੌਣਕ ਨਾਲ ਲੱਗਦੀ ਜ਼ਮੀਨ ਵਾਲਿਆਂ ਦੇ ਘਰ ਵਾੜ ਦਿੱਤੀ। ਮੈਂ ਹੜ੍ਹ ਮਾਰੇ ਇਲਾਕੇ ਦੇ ਜੱਟ ਵਾਂਗ ਦੇਖਦਾ ਹੀ ਰਹਿ ਗਿਆ। ਕੰਮ ਦੀ ਚਾਲ ਵਿਚ ਕੋਈ ਫਰਕ ਨਾ ਪਿਆ, ਕੋਹਲੂ ਦੇ ਬਲਦ ਵਾਂਗ ਘੁੰਮਦਿਆਂ ਨੂੰ ਫਿਰ ਇਕ ਫੋਨ ਹੋਰ ਆ ਗਿਆ।

"ਕੀ ਹਾਲ ਆ ਭਾਣਜਿਆ, ਕਦੇ ਫੋਨ ਨਹੀਂ ਕੀਤਾ।" ਵੱਡੇ ਮਾਮਾ ਜੀ ਦਾ ਜਿਵੇਂ ਪਹਿਲਾਂ ਪੈਗ ਲਾਇਆ ਹੋਵੇ। ਬੋਲਾਂ ਵਿਚ ਕਰਾਰ ਲੱਗਦਾ ਸੀ।

"ਮਾਮਾ ਜੀ ਸਤਿ ਸ੍ਰੀ ਅਕਾਲ। ਕੰਮ ਵਿਚ ਬਿਜੀ ਹੋਣ ਕਰਕੇ ਫੋਨ ਦਾ ਸਮਾਂ ਨਹੀਂ ਲੱਗਦਾ।" ਮੈਂ ਮਾਮਾ ਜੀ ਨੂੰ ਸਤਿਕਾਰ ਨਾਲ ਉਤਰ ਦਿੱਤਾ।

"ਗੱਲ ਸੁਣ, ਆਪਣੇ ਚੰਨੇ ਨੂੰ ਰਿਸ਼ਤੇ ਵਾਲੇ ਆਉਂਦੇ ਨੇ। ਕਿਵੇਂ ਕਰੀਏ, ਤੇਰੀ ਕੀ ਸਲਾਹ ਹੈ? ਜੇ ਕੁਝ ਉਸ ਦਾ ਕਰੇਂਗਾ ਤਾਂ ਆਪਾਂ ਸਾਲ ਦੋ ਸਾਲ ਹੋਰ ਰੁਕ ਜਾਂਦੇ ਹਾਂ।" ਮਾਮਾ ਜੀ ਸਾਰੇ ਸਵਾਲਾਂ ਦਾ ਉਤਰ 'ਹਾਂ' ਵਿਚ ਲੈਣਾ ਚਾਹੁੰਦੇ ਬੋਲੇ।

"ਮਾਮਾ ਜੀ, ਅਜੇ ਤਾਂ ਪੇਪਰਾਂ ਵਾਲੀ ਬੇੜੀ ਅੱਧ ਵਿਚਕਾਰ ਹੈ। ਜੇ ਇਹ ਕਿਤੇ ਕਿਨਾਰੇ ਲੱਗ ਜਾਵੇ, ਫਿਰ ਆਪਾਂ ਸੋਚ ਲਵਾਂਗੇ।" ਮੈਂ ਮਾਮਾ ਜੀ ਨੂੰ ਨਾਂਹ ਨਹੀਂ ਸੀ ਕਰ ਸਕਦਾ, ਕਿਉਂਕਿ ਮਾਮਾ ਜੀ ਹਰ ਦੁੱਖ-ਸੁੱਖ ਵਿਚ ਸਾਡੇ ਨਾਲ ਖੜ੍ਹਦੇ ਆਏ ਸੀ।

"ਚੰਗਾ ਪਹਿਲਾਂ ਤੂੰ ਪੇਪਰ ਬਣਾ ਲੈ, ਆਪਾਂ ਅਜੇ ਅਟਕ ਜਾਂਦੇ ਹਾਂ।" ਮਾਮਾ ਜਿਵੇਂ ਮੇਰੀ ਅੰਦਰਲੀ ਗੱਲ ਬੁੱਝ ਗਿਆ ਹੋਵੇ। ਮੈਂ ਫਿਰ ਮਾਤਾ ਨਾਲ ਗੱਲ ਕੀਤੀ। ਮਾਤਾ ਅੱਗਿਓਂ ਕਹਿੰਦੀ, "ਹਾਂ ਪੁੱਤ, ਉਸ ਮੁੰਡੇ ਦਾ ਤੂੰ ਜ਼ਰੂਰ ਕੁਝ ਕਰਨਾ ਹੈ। ਤੇਰੇ ਮਾਮੇ ਨੇ ਬਥੇਰਾ ਕੀਤਾ ਤੇਰਾ। ਮੋਢਿਆਂ 'ਤੇ ਚੁੱਕ ਕੇ ਪਾਲਿਆ ਤੇ ਖਿਡਾਇਆ ਹੈ।" ਮਾਤਾ ਦੀ ਗੱਲ ਵਿਚੋਂ ਮੈਨੂੰ ਇਹ ਗੱਲ ਮਿਲ ਗਈ ਕਿ ਧੀ ਚਾਹੇ ਦੋਹਤਿਆਂ-ਪੋਤਿਆਂ ਵਾਲੀ ਹੋ ਜਾਵੇ, ਆਪਣੇ ਬਾਬਲੇ ਦੇ ਵਿਹੜੇ ਹਮੇਸ਼ਾ ਖੁਸ਼ੀਆਂ ਦਾ ਖੇੜਾ ਦੇਖਣਾ ਚਾਹੁੰਦੀ ਹੈ। ਖ਼ੈਰ, ਮੇਰੇ ਪੇਪਰ ਤਾਂ ਕਸ਼ਮੀਰ ਦਾ ਮਸਲਾ ਬਣ ਕੇ ਰਹਿ ਗਏ ਤੇ ਬਾਪੂ ਨੇ ਫਿਰ ਮੇਰੀ ਬਣਾਈ ਰੌਣਕ ਕਿਸੇ ਦੇ ਵਿਹੜੇ ਵਾੜ ਦਿੱਤੀ, ਤੇ ਦਾਦਾ ਜੀ ਦਾ ਬਣਾਇਆ ਘਰ ਢਾਹ ਕੇ ਕੋਠੀ ਬਣਾ ਲਈ।

ਡਾਲਰਾਂ ਦੀ ਚਮਕ ਨੇ ਮਾਮਾ ਜੀ ਨੂੰ ਫਿਰ ਫੋਨ ਕਰਨ ਲਈ ਮਜਬੂਰ ਕੀਤਾ।

"ਭਾਣਜਿਆ ਕੀ ਹਾਲ ਹੈ? ਆਪਾਂ ਚੰਨੇ ਦਾ ਕੈਨੇਡਾ ਵਿਚ ਪੱਕ ਕਰ ਦਿੱਤਾ ਹੈ। ਅਗਲੇ ਮਹੀਨੇ ਵਿਆਹ ਹੈ ਤੇ ਜ਼ਰੂਰ ਆਉਣਾ। ਚੰਨੇ ਨੂੰ ਸੱਦਿਆ ਤਾਂ ਨਹੀਂ, ਪਰ ਉਸ ਦੇ ਵਿਆਹ 'ਤੇ ਜ਼ਰੂਰ ਆ ਜਾਵੀਂ।" ਮਾਮਾ ਜੀ ਸ਼ਨੀਲ ਦੀ ਜੁੱਤੀ ਮਾਰ ਗਏ।

ਮੈਂ ਹੈਰਾਨ। ਸਾਡੇ ਚੰਨੇ ਨੂੰ ਕੈਨੇਡਾ ਤੋਂ ਰਿਸ਼ਤਾ? ਇਹ ਕਿਵੇਂ ਹੋਇਆ? ਜ਼ਰੂਰ ਕੋਈ ਰਾਜ਼ ਹੋਵੇਗਾ ਇਸ ਰਿਸ਼ਤੇ ਵਿਚ। ਫਿਰ ਵਿਆਹ ਤੋਂ ਬਾਅਦ ਇਹ ਰਾਜ਼ ਸਾਹਮਣੇ ਆਇਆ: ਮਾਮੇ ਦੇ ਪੁੱਤ ਚੰਨੇ ਨੂੰ ਪਿੰਡੋਂ 'ਮੋਟੇ ਪੱਟਾਂ ਵਾਲਿਆਂ' ਨੇ ਕੈਨੇਡਾ ਦੀ ਨਾਗਰਿਕ ਕੁੜੀ ਦੀ ਦੱਸ ਪਾ ਦਿੱਤੀ। ਸਰੀਰ ਪੱਖੋਂ ਕਮਜ਼ੋਰ ਤੇ ਪੂਰੇ ਗੁੱਸੇਖੋਰ ਬੰਦੇ ਸਨ। 'ਮੋਟੇ ਪੱਟ' ਜਿਸ ਨਾਲ ਲੜਨ ਲੱਗ ਜਾਂਦੇ, ਪਹਿਲਾਂ ਅਗਲੇ ਨੂੰ ਪੱਟਾਂ ਦੀ ਮਿਣਤੀ ਕਰਕੇ ਦਿਖਾਉਂਦੇ। ਪਿੰਡ ਵਿਚ ਉਨ੍ਹਾਂ ਦੀ 'ਮੋਟੇ ਪੱਟ' ਅੱਲ ਪੈ ਗਈ ਸੀ। ਇਸ ਗੱਲ ਤੋਂ ਉਹ ਲੋਕਾਂ ਨਾਲ ਹੋਰ ਲੜਦੇ।

ਮਾਮਾ ਜੀ ਨੇ ਕੈਨੇਡਾ ਵਾਲੀ ਕੁੜੀ ਕਰਕੇ ਸਾਰੀਆਂ ਸ਼ਰਤਾਂ ਮੰਨ ਲਈਆਂ। ਵੀਹ ਲੱਖ ਰੁਪਏ ਨਕਦ ਦੇਣਾ ਸੀ ਤੇ ਮੈਰਿਜ ਪੈਲੇਸ ਦਾ ਖ਼ਰਚ ਵੀ ਮਾਮਾ ਜੀ ਨੇ ਕਰਨਾ ਸੀ। ਕੁੱਲ ਤੀਹ ਲੱਖ ਦੇ ਖਰਚੇ ਨਾਲ ਮੁੰਡਾ, ਕੈਨੇਡਾ ਵਾਲੀ ਕੁੜੀ ਨਾਲ ਵਿਆਹ ਕੇ ਕੈਨੇਡਾ ਜਾਣਾ ਸੀ। ਮਾਮਾ ਜੀ ਨੇ ਕੈਨੇਡਾ ਦੇ ਲਾਲਚ ਵਿਚ ਕਿਸੇ ਰਿਸ਼ਤੇਦਾਰ ਨਾਲ ਸਲਾਹ ਵੀ ਨਾ ਕੀਤੀ, ਸ਼ਾਇਦ ਭਾਨੀ ਦੇ ਡਰ ਤੋਂ ਉਸ ਨੇ ਚੁੱਪ ਚਾਪ ਚੰਨੇ ਦਾ ਮੰਗਣਾ ਕਰ ਦਿੱਤਾ।

ਮੈਂ ਮਾਮਾ ਜੀ ਨੂੰ ਇਸ ਰਿਸ਼ਤੇ ਤੋਂ ਮੁਕਰਾਉਣਾ ਚਾਹੁੰਦਾ ਸੀ। ਮੈਨੂੰ ਪੱਕਾ ਯਕੀਨ ਸੀ ਕਿ ਮਾਮਾ ਜੀ ਨਾਲ ਧੋਖਾ ਹੋ ਜਾਣਾ ਹੈ ਪਰ ਮੈਂ ਡਰਦਾ ਕੁਝ ਨਾ ਕਰ ਸਕਿਆ ਕਿਉਂਕਿ ਮਾਮਾ ਜੀ ਨੇ ਕਹਿਣਾ ਸੀ-ਆਪ ਚੰਨੇ ਦਾ ਕੁਝ ਕੀਤਾ ਨਹੀਂ, ਤੇ ਜੇ ਅਸੀਂ ਕੁਝ ਕਰਨ ਲੱਗੇ ਹਾਂ ਤਾਂ ਸਾਨੂੰ ਰੋਕ ਰਿਹਾ ਹੈ। ਸੋ, ਹੁਣ ਜਿਵੇਂ 'ਮੋਟੇ ਪੱਟ' ਕਹਿੰਦੇ, ਮਾਮਾ ਜੀ ਕਰੀ ਜਾਂਦੇ। ਅਨੰਦ ਕਾਰਜ ਤੋਂ ਪਹਿਲਾਂ ਕੁੜੀ ਦੇ ਬਾਪੂ ਨੇ ਵੀਹ ਲੱਖ ਫੜ ਲਿਆ ਤੇ ਸ਼ਰਾਬ ਨਾਲ ਹੱਡੀਆਂ ਚੱਬਣ ਲੱਗ ਗਿਆ। ਚੰਨਾ ਵੀ ਖੁਸ਼ ਤੇ ਮਾਮਾ-ਮਾਮੀ ਵੀ ਖੁਸ਼। ਇਧਰ ਮੈਨੂੰ ਫਿਕਰ ਵੱਢ-ਵੱਢ ਖਾਵੇ ਕਿ ਹੋਰ ਮਹੀਨੇ ਬਾਅਦ ਮਾਮਾ ਜੀ ਦੇ ਪਾਣੀ ਨਹੀਂ ਲੰਘਣਾ। ਅਜੇ ਚੰਨੇ ਨੇ ਵਹੁਟੀ ਦਾ ਮੂੰਹ ਵੀ ਨਹੀਂ ਦੇਖਿਆ ਕਿ ਕੁੜੀ ਦਾ ਬਾਪੂ ਕਹਿੰਦਾ-ਕੁੜੀ ਨੂੰ ਤੁਰੰਤ ਕੈਨੇਡਾ ਵਾਲੀ ਫਲੈਟ ਲੈ ਕੇ ਜਾਣਾ ਪੈਣਾ ਹੈ, ਕਿਉਂਕਿ ਕੁੜੀ ਦੀ ਮਾਂ ਨੂੰ ਐਮਰਜੈਂਸੀ ਹਸਪਤਾਲ ਲੈ ਕੇ ਗਏ ਨੇ। ਚੰਨੇ ਨੂੰ ਕੈਨੇਡਾ ਵਿਚ ਹਨੀਮੂਨ ਮਨਾਉਣ ਦਾ ਵਾਅਦਾ ਕਰਕੇ ਵਹੁਟੀ ਦਿੱਲੀਓਂ ਰਵਾਨਾ ਹੋ ਗਈ, ਤੇ ਚੰਨਾ ਹੱਥ ਮਲਦਾ ਰਹਿ ਗਿਆ।

ਫਿਰ ਦਿਨ, ਮਹੀਨੇ ਲੰਘ ਗਏ। ਨਾ ਲਾੜੀ ਵਾਪਸ ਆਈ ਤੇ ਨਾ ਕੋਈ ਫੋਨ, ਨਾ ਕੋਈ ਪੇਪਰ। ਨਾ ਚੰਨਾ ਕੈਨੇਡਾ ਪਹੁੰਚਿਆ।

ਮਾਮਾ ਜੀ ਨੇ ਬਥੇਰੇ ਗੇੜੇ ਮਾਰੇ ਪਰ 'ਮੋਟੇ ਪੱਟਾਂ' ਨੇ ਕੋਈ ਵੀ ਗੱਲ ਸਿਰੇ ਨਾ ਲਾਈ। ਉਹ ਕਹਿੰਦੇ-ਸਾਨੂੰ ਤਾਂ ਕੁੜੀ ਦਾ ਪਿਓ ਆੜ੍ਹਤੀਏ ਦੀ ਦੁਕਾਨ 'ਤੇ ਮਿਲਿਆ ਸੀ ਤੇ ਅਸੀਂ ਤੇਰੇ ਮੁੰਡੇ ਬਾਰੇ ਦੱਸ ਪਾ ਦਿੱਤੀ। ਸਾਨੂੰ ਕੀ ਪਤਾ ਉਹ ਠੱਗ ਸੀ ਤੇ ਇਸ ਤਰ੍ਹਾਂ ਕਰੇਗਾ। ਮਾਮਾ ਜੀ ਦੇ ਸਿਰ ਕਰਜ਼ੇ ਦੀ ਪੰਡ ਹੋ ਗਈ ਤੇ ਬੁੱਕਲ ਵਿਚ ਕੈਨੇਡਾ ਵਾਲਿਆਂ ਦਾ ਧੋਖਾ ਕਲੋਲਾਂ ਕਰ ਰਿਹਾ ਸੀ।

ਦੋ ਕੁ ਸਾਲ ਬਾਅਦ ਸਭ ਕੁਝ ਮਾਮਾ ਜੀ ਨੇ ਮੈਨੂੰ ਦੱਸਿਆ ਤੇ ਕੈਨੇਡਾ ਵਿਚ ਉਸ ਲਾੜੀ ਦਾ ਪਤਾ ਟਿਕਾਣਾ ਲੱਭਿਆ। ਸਾਡੇ ਸਾਹਮਣੇ ਇਹੀ ਕੁਝ ਆਇਆ ਕਿ ਉਹ ਲਾੜੀ ਤਿੰਨ ਵਾਰ ਇਸ ਤਰ੍ਹਾਂ ਦਾ ਵਿਆਹ ਕਰਵਾ ਚੁੱਕੀ ਹੈ।

ਬਲਵੰਤ ਸਿੰਘ ਰਾਮੂਵਾਲੀਏ ਦੇ ਸਾਡੇ ਪਿੰਡ ਨਾਨਕੇ ਹਨ। ਉਸ ਕੋਲ ਪਹੁੰਚ ਕੇ ਮਾਮਾ ਜੀ ਨੇ ਸਾਰੀ ਕਹਾਣੀ ਦੱਸੀ। ਉਸ ਨੇ ਕਿਹਾ ਕਿ "ਤੁਹਾਨੂੰ ਕੁੜੀ ਜਾਂ ਮੁੰਡਾ ਕੈਨੇਡਾ ਮੰਗਣ ਤੋਂ ਪਹਿਲਾਂ ਸਭ ਕੁਝ ਪਤਾ ਕਰਨਾ ਚਾਹੀਦਾ ਹੈ। ਕੈਨੇਡਾ ਦੇ ਲਾਲਚ ਵਿਚ ਆ ਕੇ ਅੱਖਾਂ ਬੰਦ ਨਹੀਂ ਕਰ ਲੈਣੀਆਂ ਚਾਹੀਦੀਆਂ।" ਇਨਸਾਫ਼ ਦਾ ਵਾਅਦਾ ਕਰਕੇ ਉਸ ਨੇ ਮਾਮਾ ਜੀ ਦਾ ਮੋਢਾ ਪਲੋਸ ਦਿੱਤਾ ਤੇ ਵੋਟਾਂ ਵਿਚ ਲੋਕ ਭਲਾਈ ਪਾਰਟੀ ਦਾ ਸਾਥ ਦੇਣ ਲਈ ਆਖਿਆ।

ਵੱਡੇ ਸਾਂਢੂ ਨੇ ਰਾਣੋ ਕੈਨੇਡਾ ਵਿਆਹ ਦਿੱਤੀ ਤੇ ਛੋਟੇ ਸਾਂਢੂ ਨੇ ਸੋਨੂੰ ਆਸਟਰੇਲੀਆ ਤੋਰ ਦਿੱਤਾ। ਦੋਵੇਂ ਆਪੋ-ਆਪਣੀ ਥਾਂ ਸੈਟ ਨੇ। ਮੈਂ ਸੋਚਦਾ ਹਾਂ ਕਿ ਪਿਛਲਿਆਂ ਨੂੰ ਪਰਦੇਸੀ ਤੋਂ ਬਹੁਤ ਆਸਾਂ-ਉਮੀਦਾਂ ਹੁੰਦੀਆਂ ਨੇ, ਪਰ ਪਰਦੇਸੀ ਤਾਂ ਆਪ ਲੰਮੇ-ਲੰਮੇ ਹਉਕੇ ਲੈ ਕੇ ਰੋਂਦੇ ਨੇ। ਕੱਚੇ ਪੈਰੀਂ ਅਮਰੀਕਾ ਵਿਚ ਪੈਰ ਰੱਖ ਕੇ ਪੱਕੇ ਪੈਰੀਂ ਹੋਣ ਲਈ ਕਾਲਿਆਂ ਵਾਲਾਂ ਤੋਂ ਚਿੱਟੇ ਕਰਵਾਉਣੇ ਪੈਂਦੇ ਨੇ। ਬੰਦਾ ਆਪਣੇ ਨਿਆਣਿਆਂ ਦਾ ਭਵਿੱਖ ਬਣਾਉਂਦਾ ਆਪਣਾ ਸਭ ਕੁਝ ਗੁਆ ਲੈਂਦਾ ਹੈ। ਕਈ ਵਾਰ ਚੰਗੇ ਵਿਆਹ ਨਾਲੋਂ ਮਾੜਾ ਕਰੇਵਾ ਵੀ ਜ਼ਿੰਦਗੀ ਵਿਚ ਖੁਸ਼ੀਆਂ ਦੀਆਂ ਸ਼ਹਿਨਾਈਆਂ ਵਜਾ ਜਾਂਦਾ ਹੈ।

## ਆਈਸਲੈਂਡ 'ਚ ਔਰਤਾਂ ਦਾ ਸਭ ਤੋਂ ਜ਼ਿਆਦਾ ਸਤਿਕਾਰ

**ਨੇਵਾਡਾ:** ਔਰਤਾਂ ਨਾਲ ਕੀਤੇ ਜਾਂਦੇ ਚੰਗੇ ਤੇ ਮਾੜੇ ਵਿਹਾਰ ਬਾਰੇ ਦੁਨੀਆਂ ਦੇ 165 ਦੇਸ਼ਾਂ ਵਿਚ ਕੀਤੇ ਗਏ ਸਰਵੇਖਣ ਵਿਚ ਸਾਹਮਣੇ ਆਇਆ ਹੈ ਕਿ ਇਸ ਮਾਮਲੇ ਵਿਚ ਭਾਰਤ ਦਾ ਰੈਂਕ 144ਵਾਂ ਹੈ। ਇਸ ਮਾਮਲੇ ਵਿਚ ਆਈਸਲੈਂਡ ਦੁਨੀਆਂ ਦਾ ਨੰਬਰ ਇਕ ਦੇਸ਼ ਹੈ ਜਿੱਥੇ ਔਰਤਾਂ ਨਾਲ ਸਭ ਤੋਂ ਵਧੀਆ ਵਿਹਾਰ ਕੀਤਾ ਜਾਂਦਾ ਹੈ। ਇਸ ਮਗਰੋਂ ਸਵੀਡਨ, ਕੈਨੇਡਾ, ਡੈਨਮਾਰਕ ਤੇ ਫਿਨਲੈਂਡ ਦਾ ਨੰਬਰ ਆਉਂਦਾ ਹੈ। ਸਭ ਤੋਂ ਹੇਠਲੇ ਰੈਂਕ 'ਤੇ ਦੇਸ਼ਾਂ ਵਿਚ ਮਾਲੀ, ਡੈਮੋਕਰੈਟਿਕ ਰਿਪਬਲਿਕ ਆਫ਼ ਕੋਂਗੋ ਤੇ ਅਫ਼ਗਾਨਿਸਤਾਨ ਆਉਂਦੇ ਹਨ। ਨਾਵੇਦਾ ਵਿਖੇ ਭਾਰਤੀ ਮੂਲ ਦੇ ਹਿੰਦੂ ਵਿਅਕਤੀ ਰਾਜਨ ਜ਼ੇਦ ਅਨੁਸਾਰ ਦੁਨੀਆਂ ਵਿਚ ਔਰਤਾਂ ਦੀ ਬਿਹਤਰੀ ਵਾਸਤੇ ਅਜੇ ਬਹੁਤ ਕੁਝ ਕਰਨਾ ਬਾਕੀ ਹੈ। ਔਰਤਾਂ ਨਾਲ ਕੀਤੇ ਜਾਂਦੇ ਵਿਹਾਰ ਦੇ ਮਾਮਲੇ ਵਿਚ ਆਈਸਲੈਂਡ ਦੇ 100 'ਚੋਂ 100 ਨੰਬਰ ਹਨ ਜਦੋਂਕਿ ਭਾਰਤ ਦੇ ਨੰਬਰ 100 'ਚੋਂ 41.9 ਹਨ। ਇਕ ਜਾਣਕਾਰੀ ਅਨੁਸਾਰ ਭਾਰਤ ਹੋਰ ਵਿਕਾਸਸ਼ੀਲ ਦੇਸ਼ਾਂ ਬੰਗਲਾਦੇਸ਼, ਨੇਪਾਲ, ਭੂਟਾਨ, ਸ੍ਰੀਲੰਕਾ ਤੇ ਚੀਨ ਤੋਂ ਵੀ ਹੇਠਾਂ ਹੈ।

ਰਾਜਨ ਜ਼ੇਦ ਜੋ ਅਮਰੀਕਾ ਵਿਖੇ ਯੂਨੀਵਰਸਲ ਸੁਸਾਇਟੀ ਆਫ਼ ਹਿੰਦੂਇਜ਼ਮ ਦੇ ਪ੍ਰਧਾਨ ਹਨ, ਨੇ ਕਿਹਾ ਹੈ ਕਿ ਭਾਰਤ ਭਾਵੇਂ ਵਿਸ਼ਵ ਪੱਧਰ 'ਤੇ ਵੱਡੀ ਤਾਕਤ ਵਜੋਂ ਉੱਭਰ ਰਿਹਾ ਹੈ ਪਰ ਦੇਸ਼ ਵਿੱਚ ਔਰਤਾਂ ਦੀ ਭਲਾਈ ਵਾਸਤੇ ਅਜੇ ਕਈ ਕਦਮ ਚੁੱਕਣ ਦੀ ਲੋੜ ਹੈ। ਉਨ੍ਹਾਂ ਕਿਹਾ ਕਿ ਭਾਰਤ ਵਿਚ ਵਿੱਤੀ ਖੇਤਰ ਵਿੱਚ ਔਰਤਾਂ ਨੇ ਭਾਵੇਂ ਤਰੱਕੀ ਕੀਤੀ ਹੈ ਪਰ ਲੜਕੇ ਤੇ ਲੜਕੀਆਂ ਨਾਲ ਕੀਤੇ ਜਾਂਦੇ ਭੇਦਭਾਵ ਨੂੰ ਖ਼ਤਮ ਕਰਨਾ ਸਮੇਂ ਦੀ ਮੁੱਖ ਮੰਗ ਹੈ। ਉਨ੍ਹਾਂ ਕਿਹਾ ਕਿ ਜਿਸ ਦੇਸ਼ ਵਿਚ ਦੇਵੀ ਪੂਜਨ ਕੀਤਾ ਜਾਂਦਾ ਹੈ ਉੱਥੇ ਹੀ ਦੇਵੀਆਂ ਦੀ ਹਾਲਤ ਚਿੰਤਾਜਨਕ ਹੈ।

ਜਾਇਦਾਦ ਦੀ ਖਰੀਦ-ਵੇਚ
ਚੰਡੀਗੜ੍ਹ, ਮੋਹਾਲੀ, ਪੰਚਕੂਲਾ ਅਤੇ ਆਸ-ਪਾਸ ਦੇ ਇਲਾਕਿਆਂ ਵਿਚ ਜ਼ਮੀਨ-ਜਾਇਦਾਦ ਦੀ ਖਰੀਦ-ਵੇਚ ਲਈ ਸੰਪਰਕ ਕਰੋ
ਪੂਨੀਆ ਰੀਅਲ ਅਸਟੇਟ:94173-34049
ਅਸੀਂ ਜਾਇਦਾਦ ਦੀ ਮੈਨੇਜਮੈਂਟ ਦਾ ਕੰਮ ਵੀ ਕਰਦੇ ਹਾਂ

## ਸੁਣਿ ਸੁਣਿ ਜੀਵਾ ਸੋਇ ਤੁਮਾਰੀ॥

ਗੁਰਬਾਣੀ ਗਿਆਨ

ੴ ਸਤਿਗੁਰ ਪ੍ਰਸਾਦਿ॥
ਮਾਝ ਮਹਲਾ 5
ਸੁਣਿ ਸੁਣਿ ਜੀਵਾ ਸੋਇ ਤੁਮਾਰੀ॥
ਤੂੰ ਪ੍ਰੀਤਮ ਠਾਕੁਰੁ ਅਤਿ ਭਾਰੀ॥
ਤੁਮਰੇ ਕਰਤਬ ਤੁਮਹੀ ਜਾਣਹੁ
ਤੁਮਰੀ ਓਟ ਗੋਪਾਲਾ ਜੀਉ॥
ਗੁਣ ਗਾਵਤ ਮਨੁ ਹਰਿਆ ਹੋਵੈ॥
ਕਥਾ ਸੁਣਤ ਮਲੁ ਸਗਲੀ ਖੋਵੈ॥
ਭੇਟਤ ਸੰਗਿ ਸਾਧ ਸੰਤਨ ਕੈ
ਸਦਾ ਜਪਉ ਦਇਆਲਾ ਜੀਉ॥
ਪ੍ਰਭੂ ਅਪੁਨਾ ਸਾਸਿ ਸਾਸਿ ਸਮਾਰਉ॥
ਇਹ ਮਤਿ ਗੁਰ ਪ੍ਰਸਾਦਿ ਮਨਿ ਧਾਰਉ॥
ਤੁਮਰੀ ਕ੍ਰਿਪਾ ਤੇ ਹੋਇ ਪ੍ਰਗਾਸਾ
ਸਰਬ ਮਇਆ ਪ੍ਰਤਿਪਾਲਾ ਜੀਉ॥
ਸਤਿ ਸਤਿ ਸਤਿ ਪ੍ਰਭੁ ਸੋਈ॥
ਸਦਾ ਸਦਾ ਸਦ ਆਪੇ ਹੋਈ॥
ਚਲਿਤ ਤੁਮਾਰੇ ਪ੍ਰਗਟ ਪਿਆਰੇ
ਦੇਖਿ ਨਾਨਕ ਭਏ ਨਿਹਾਲਾ ਜੀਉ॥

ਗੁਰਦੇਵ ਇਸ ਸ਼ਬਦ ਵਿਚ ਫਰਮਾਉਂਦੇ ਹਨ ਕਿ ਹੇ ਮੇਰੇ ਪ੍ਰਭੂ ਜੀਉ! ਮੈਂ ਤਾਂ ਤੇਰੀ ਸੋਇ, ਭਾਵ ਤੇਰੀਆਂ ਗੱਲਾਂ ਸੁਣ-ਸੁਣ ਕੇ ਹੀ ਜੀਂਦਾ ਹਾਂ। ਤੂੰ ਹੀ ਮੇਰਾ ਪ੍ਰੀਤਮ ਹੈਂ, ਮੇਰਾ ਪਿਆਰਾ ਹੈਂ, ਤੂੰ ਹੀ ਮੇਰਾ ਠਾਕੁਰ ਹੈਂ। ਭਾਰੀ ਭਾਵ, ਤੂੰ ਸਭ ਤੋਂ ਵੱਡਾ ਹੈ ਅਤੇ ਹੇ ਮੇਰੇ ਸੋਹਣੇ ਪ੍ਰਭ ਜੀਉ! ਆਪਣੇ ਕਰਤਬ ਭਾਵ, ਖੇਲ ਤਾਂ ਤੂੰ ਆਪ ਹੀ ਜਾਣਦਾ ਹੈਂ, ਸੋ ਇਸ ਸੰਸਾਰ ਦੇ ਪਾਲਣਹਾਰ ਗੁਪਾਲ ਪ੍ਰਭੂ! ਮੈਨੂੰ ਤਾਂ ਤੇਰਾ ਹੀ ਓਟ ਆਸਰਾ ਹੈ।

ਗੁਣ ਗਾਵਤ ਮਨੁ ਹਰਿਆ ਹੋਵੈ॥
ਕਥਾ ਸੁਣਤ ਮਲੁ ਸਗਲੀ ਖੋਵੈ॥
ਭੇਟਤ ਸੰਗਿ ਸਾਧ ਸੰਤਨ ਕੈ
ਸਦਾ ਜਪਉ ਦਇਆਲਾ ਜੀਉ॥

ਹੇ ਭਾਈ! ਉਸ ਪ੍ਰਮੇਸ਼ਵਰ ਦੇ ਗੁਣਾਂ ਦਾ ਗਾਇਨ ਕਰ ਕਰ ਕੇ ਮੇਰਾ ਆਤਮਿਕ ਜੀਵਨ ਜੋ ਸੁੱਕਾ ਪਿਆ ਸੀ, ਹਰਿਆ ਹੋ ਰਿਹਾ ਹੈ ਅਤੇ ਜਿਸ ਦੀ ਕਥਾ ਭਾਵ, ਸਿਫ਼ਤਾਂ ਸੁਣ ਸੁਣ ਕੇ ਮਨ ਤੋਂ ਵਿਸ਼ੇ ਵਿਕਾਰਾਂ ਦੀ ਮੈਲ ਭੀ ਦੂਰ ਹੋ ਰਹੀ ਹੈ ਅਤੇ ਪੂਰੇ ਗੁਰੂ ਦੀ ਮਿਹਰ ਸਕਦਾ ਸੰਤਾਂ ਦੀ ਸੰਗਤ ਭਾਵ, ਸਤਿਸੰਗ ਵਿਚ ਬੈਠ ਕੇ ਹੁਣ ਮੈਂ ਹਰ ਵੇਲੇ ਹੀ ਦਇਆ ਦੇ ਉਸ ਸਾਗਰ ਦਾ ਨਾਮ ਜਪਦਾ ਹਾਂ।

ਪ੍ਰਭੂ ਅਪੁਨਾ ਸਾਸਿ ਸਾਸਿ ਸਮਾਰਉ॥
ਇਹ ਮਤਿ ਗੁਰੂ ਪ੍ਰਸਾਦਿ ਮਨਿ ਧਾਰਉ॥
ਤੁਮਰੀ ਕ੍ਰਿਪਾ ਤੇ ਹੋਇ ਪ੍ਰਗਾਸਾ
ਸਰਬ ਮਇਆ ਪ੍ਰਤਿਪਾਲਾ ਜੀਉ॥

ਹੇ ਭਾਈ! ਮੈਂ ਤਾਂ ਆਪਣੇ ਪ੍ਰਤਿਪਾਲਕ ਪ੍ਰਭੂ ਨੂੰ ਸਾਸ ਸਾਸ ਭਾਵ, ਹਰ ਇਕ ਸਾਹ ਦੇ ਨਾਲ ਸਮਾਰਉ ਸੰਭਾਲਦਾ ਹਾਂ ਭਾਵ, ਯਾਦ ਕਰਦਾ ਹਾਂ ਅਤੇ ਇਹ ਮਤਿ ਤਾਂ ਮੈਂ ਆਪਣੇ ਗੁਰੂ ਤੋਂ ਪ੍ਰਾਪਤ ਕੀਤੀ ਹੈ ਅਤੇ ਗੁਰੂ ਦੀ ਬਖ਼ਸ਼ਿਸ਼ ਸਦਕਾ ਹੀ ਮੈਂ ਇਸ ਨੂੰ ਆਪਣੇ ਮਨ ਵਿਚ ਭੀ ਵਸਾ ਲਿਆ ਹੈ।

ਸੋ, ਹੇ ਮੇਰੇ ਪ੍ਰਭੂ ਜੀਉ! ਆਪ ਜੀ ਦੀ ਕ੍ਰਿਪਾ ਸਦਕਾ ਹੀ ਸਾਡੇ ਜੀਵਾਂ ਦੇ ਮਨ ਵਿਚ ਆਪ ਦੇ ਨਾਮ ਦਾ ਪ੍ਰਕਾਸ਼ ਭਾਵ, ਚਾਨਣ ਹੋ ਸਕਦਾ ਹੈ ਕਿਉਂਕਿ ਆਪ ਜੀ ਹੀ ਜੀਵਾਂ 'ਤੇ ਦਇਆ ਕਰਨ ਵਾਲੇ ਹੋ ਅਤੇ ਸਭ ਦੀ ਪ੍ਰਤਿਪਾਲਣਾ ਭੀ ਕਰਨ ਵਾਲੇ ਹੋ।

ਸਤਿ ਸਤਿ ਸਤਿ ਪ੍ਰਭੁ ਸੋਈ॥
ਸਦਾ ਸਦਾ ਸਦ ਆਪੇ ਹੋਈ॥
ਚਲਿਤ ਤੁਮਾਰੇ ਪ੍ਰਗਟ ਪਿਆਰੇ
ਦੇਖਿ ਨਾਨਕ ਭਏ ਨਿਹਾਲਾ ਜੀਉ॥

ਹੁਣ ਗੁਰਦੇਵ ਬਖ਼ਸ਼ਿਸ਼ ਕਰਦੇ ਹਨ ਸਤਿ ਸਤਿ ਸਤਿ ਭਾਵ, ਉਹ ਪ੍ਰਭੂ ਤਾਂ ਸਦਾ ਹੀ ਕਾਇਮ ਰਹਿਣ ਵਾਲਾ ਹੈ ਅਤੇ ਸਦਾ ਸਦਾ ਸਦਾ ਉਹ ਆਪ ਹੀ ਸੀ, ਆਪ ਹੀ ਹੈ ਅਤੇ ਆਪ ਹੀ ਰਹੇਗਾ ਅਤੇ ਇਹ ਨਾਨਕ ਆਖਦਾ ਹੈ ਕਿ ਹੇ ਮੇਰੇ ਪਿਆਰੇ ਪ੍ਰੀਤਮ ਜੀਉ! ਇਹ ਜੋ ਸਭ ਕੁਝ ਸੰਸਾਰ ਵਿਚ ਦਿਖਾਈ ਦੇ ਰਿਹਾ ਹੈ, ਇਹ ਸਾਰੇ ਖੇਲ ਤਮਾਸ਼ੇ ਤਾਂ ਆਪ ਦੇ ਹੀ ਰਚੇ ਹੋਏ ਹਨ ਅਤੇ ਪ੍ਰਤੱਖ ਰੂਪ ਵਿਚ ਦਿਸ ਭੀ ਰਹੇ ਹਨ। ਮਿਹਰਵਾਨ ਪਿਤਾ ਜੀਉ! ਇਹ ਆਪ ਦਾ ਨਾਨਕ ਆਪ ਦੇ ਇਨ੍ਹਾਂ ਖੇਲ ਤਮਾਸ਼ਿਆਂ ਨੂੰ ਦੇਖ ਦੇਖ ਕੇ ਨਿਹਾਲ ਹੋ ਰਿਹਾ ਹੈ।

ਆਉ ਸਾਧ ਸੰਗਤ ਜੀਉ! ਸ਼ਬਦ ਗੁਰੂ ਨਾਲ ਜੁੜੀਏ ਜੀ।

*-ਬੀਬੀ ਸੁਰਜੀਤ ਕੌਰ, ਸੈਕਰਾਮੈਂਟੋ*
*ਫੋਨ:916-687-3536*

# ਆਪਣੀ ਹੀ ਬੇੜੀ 'ਚ ਵੱਟੇ ਪਾ ਰਹੇ ਨੇ ਮਨਮੋਹਨ ਸਿੰਘ

**ਸਿਆਸਤ ਦਾ ਪਿੜ**



ਜਤਿੰਦਰ ਪਨੂੰ

> **ਮਨਮੋਹਨ ਸਿੰਘ ਨੇ ਕਦੇ ਵੀ ਵਕਤ ਨਹੀਂ ਸੰਭਾਲਿਆ ਅਤੇ ਹਰ ਜ਼ਖਮ ਮੁੱਢਲੇ ਪੜਾਅ ਵਿਚ ਪੱਟੀਆਂ ਲਪੇਟ ਕੇ ਲੁਕਾਉਣ ਦੇ ਯਤਨ ਕੀਤੇ ਹਨ। ਏ. ਰਾਜਾ ਬਾਰੇ ਵੀ ਪਹਿਲਾਂ ਇਹ ਕਿਹਾ ਕਿ ਉਸ ਨੇ ਕੁਝ ਗਲਤ ਨਹੀਂ ਕੀਤਾ। ਉਸ ਨੇ ਦਇਆਨਿਧੀ ਮਾਰਨ ਬਾਰੇ ਵੀ ਪਹਿਲਾਂ ਇਹੋ ਕਿਹਾ ਸੀ ਕਿ ਉਹ ਗਲਤ ਨਹੀਂ ਹੈ। ਸੁਰੇਸ਼ ਕਲਮਾਡੀ ਬਾਰੇ ਵੀ ਪਹਿਲਾਂ ਉਸ ਦਾ ਇਹੋ ਕਹਿਣਾ ਸੀ ਕਿ ਉਹ ਕੁਝ ਗਲਤ ਨਹੀਂ ਕਰ ਰਿਹਾ। ਹੁਣ ਪੀ. ਚਿਦੰਬਰਮ ਬਾਰੇ ਵੀ ਉਸ ਨੇ ਅਮਰੀਕਾ ਤੋਂ ਟੈਲੀਫੋਨ ਕਰ ਕੇ ਇਹੋ ਪ੍ਰਭਾਵ ਦੇਣ ਦਾ ਯਤਨ ਕੀਤਾ ਹੈ ਕਿ ਉਹ ਕੁਝ ਵੀ ਗਲਤ ਨਹੀਂ ਕਰ ਰਿਹਾ।**

ਭਾਰਤ ਦੇ ਟੈਲੀਕਾਮ ਮੰਤਰਾਲੇ ਨਾਲ ਜੁੜਿਆ ਸਪੈਕਟ੍ਰਮ ਦਾ ਸਕੈਂਡਲ ਜਦੋਂ ਪਿਛਲੇ ਸਾਲ ਉਭਰਿਆ ਸੀ, ਕੋਈ ਵੀ ਨਹੀਂ ਸੀ ਜਾਣਦਾ ਕਿ ਇਹ ਸ਼ੈਤਾਨ ਦੀ ਆਂਦਰ ਵਾਂਗ ਵਧਦਾ ਹੋਇਆ ਕਈ ਵੱਡੀਆਂ ਸ਼ਖਸੀਅਤਾਂ ਨੂੰ ਲਪੇਟ ਵਿਚ ਲੈਣ ਤੱਕ ਜਾ ਪਹੁੰਚੇਗਾ। ਪਹਿਲੇ ਕੁਝ ਮਹੀਨੇ ਇਹੋ ਜਾਪਦਾ ਰਿਹਾ ਕਿ ਇਸ ਵਿਚ ਡੀ.ਐਮ.ਕੇ. ਪਾਰਟੀ ਨਾਲ ਸਬੰਧ ਰੱਖਦਾ ਕੇਂਦਰੀ ਮੰਤਰੀ ਏ. ਰਾਜਾ ਹੀ ਆਵੇਗਾ। ਫਿਰ ਡੀ.ਐਮ.ਕੇ. ਵਾਲਿਆਂ ਦੇ ਪ੍ਰਧਾਨ ਅਤੇ ਤਾਮਿਲਨਾਡੂ ਦੇ ਮੁੱਖ ਮੰਤਰੀ ਕਰੁਣਾਨਿਧੀ ਦੀ ਪਾਰਲੀਮੈਂਟ ਮੈਂਬਰ ਬੇਟੀ ਕਨੀਮੋਝੀ ਨੂੰ ਵੀ ਜੇਲ੍ਹ ਜਾਣਾ ਪੈ ਗਿਆ। ਵਿਰੋਧੀ ਧਿਰ ਹਾਲੇ ਕੁਝ ਹੋਰ ਲੋਕਾਂ ਦੇ ਸਿਰ ਵੀ ਮੰਗ ਰਹੀ ਸੀ, ਪਰ ਇੰਨੇ ਨੂੰ ਇਹ ਭੇਤ ਖੁੱਲ੍ਹ ਗਿਆ ਕਿ ਉਧਰ ਵੀ ਸਾਰੇ ਲੋਕ ਪਾਕ-ਪਵਿੱਤਰ ਨਹੀਂ। ਭਾਰਤੀ ਜਨਤਾ ਪਾਰਟੀ ਦੇ ਮਰਹੂਮ ਆਗੂ ਪ੍ਰਮੋਦ ਮਹਾਜਨ ਦਾ ਨਾਂ ਆਇਆ ਤਾਂ ਉਸ ਪਾਰਟੀ ਲਈ ਵੱਡੀ ਚਿੰਤਾ ਦੀ ਗੱਲ ਨਹੀਂ ਸੀ, ਕਿਉਂਕਿ ਉਸ ਬਾਰੇ ਕਿਹਾ ਜਾ ਸਕਦਾ ਸੀ ਕਿ ਜਿਹੜਾ ਦੁਨੀਆ ਉੱਤੇ ਨਹੀਂ, ਉਸ ਦਾ ਮਾਮਲਾ ਆਪਣੇ ਆਪ ਠੱਪ ਹੁੰਦਾ ਰਹੇਗਾ। ਫਿਰ ਗੱਲ ਅੱਗੇ ਵਧੀ ਅਤੇ ਉਸ ਦੇ ਸਾਬਕਾ ਮੰਤਰੀ ਅਰੁਣ ਸ਼ੋਰੀ ਤੱਕ ਵੀ ਚਲੀ



ਮਨਮੋਹਨ ਸਿੰਘ



ਪੀ.ਵੀ. ਨਰਸਿਮਹਾ ਰਾਓ



ਏ. ਰਾਜਾ

ਗਈ। ਉਹ ਆਪਣੇ ਬੰਦਿਆਂ ਦਾ ਬਚਾਅ ਕਰਨ ਲਈ ਦਲੀਲਾਂ ਲੱਭਣ ਵਿਚ ਉਲਝ ਗਈ, ਪਰ ਦੂਜੇ ਪਾਸੇ ਸਪੈਕਟ੍ਰਮ ਦਾ ਵਲਾਵਾਂ ਅੱਗੇ ਤੋਂ ਅੱਗੇ ਵਧਦਾ ਗਿਆ ਤੇ ਹੁਣ ਭਾਰਤ ਸਰਕਾਰ ਦੇ ਚਾਰ ਸਿਖਰਲੇ ਗਿਣੇ ਜਾਂਦੇ ਲੋਕਾਂ ਵਿਚੋਂ ਇਕ, ਗ੍ਰਿਹ ਮੰਤਰੀ ਪੀ. ਚਿਦੰਬਰਮ ਦੇ ਗਲ ਤੱਕ ਇੱਦਾਂ ਪਹੁੰਚ ਗਿਆ ਹੈ ਕਿ ਇਸ ਤੋਂ ਛੁਟਕਾਰਾ ਸੌਖਾ ਨਹੀਂ ਹੋ ਸਕਣਾ।

ਗ੍ਰਿਹ ਮੰਤਰੀ ਪੀ. ਚਿਦੰਬਰਮ ਦੀ ਗੱਲ ਕਰਨ ਤੋਂ ਪਹਿਲਾਂ ਇਹ ਦੱਸਣਾ ਜ਼ਰੂਰੀ ਹੈ ਕਿ ਵਿਰੋਧੀ ਧਿਰ ਵੀ ਸਪੈਕਟ੍ਰਮ ਦੇ ਇਸ ਸਿਆਪੇ ਵਿਚ ਆਪਣੀ ਸਾਫਗੋਈ ਪੇਸ਼ ਕਰਦੀ ਸੱਚੀ ਨਹੀਂ ਜਾਪਦੀ। ਉਂਜ ਧਿਰਾਂ ਕਈ ਹੋਰ ਵੀ ਹਨ ਜਿਹੜੀਆਂ ਇਸ ਦੀ ਲਪੇਟ ਵਿਚ ਆ ਰਹੀਆਂ ਹਨ। ਇਕ ਧਿਰ ਤਾਂ ਦੇਸ਼ ਦੇ ਕੁਝ ਨਾਮਣੇ ਵਾਲੇ ਕਾਰਖਾਨੇਦਾਰ ਹਨ ਜਿਨ੍ਹਾਂ ਨੇ ਲਾਬੀ ਕਰਨ ਦੀ ਮਾਹਰ ਬੀਬੀ ਨੀਰਾ ਰਾਡੀਆ ਦੀਆਂ ਸੇਵਾਵਾਂ ਲਈਆਂ ਅਤੇ ਇਕ ਦੂਜੇ ਤੋਂ ਇਸ ਸਪੈਕਟ੍ਰਮ ਦੇ ਸਰਕਿਟ ਖੋਹਣ ਲੱਗੇ ਰਹੇ ਸਨ। ਜਿੰਨੀ ਖੋਹ-ਖਿੰਝ ਵਧਦੀ ਗਈ, ਉਸ ਨੂੰ ਦੇਖਦੇ ਹੋਏ ਬੋਲੀ ਕਰਵਾਉਣੀ ਚਾਹੀਦੀ ਸੀ ਤਾਂ ਕਿ ਵੱਧ ਪੈਸੇ ਦੇਣ ਵਾਲਾ ਮਾਇਆਧਾਰੀ ਲੈ ਜਾਂਦਾ ਤੇ ਮੁਲਕ ਦੇ ਖ਼ਜ਼ਾਨੇ ਵਿਚ ਵੀ ਚਾਰ ਪੈਸੇ ਪੈ ਜਾਂਦੇ। ਇਹ ਕਰਵਾਉਣ ਦੀ ਥਾਂ ਵਾਜਪਾਈ ਸਰਕਾਰ ਵੇਲੇ ਅਪਣਾਇਆ ਗਿਆ 'ਪਹਿਲਾਂ ਆਓ, ਪਹਿਲਾਂ ਲਓ' ਦਾ ਫਾਰਮੂਲਾ ਹੀ ਵਰਤ ਲਿਆ ਗਿਆ ਜਿਸ ਕਾਰਨ ਕੰਪਟਰੋਲਰ ਐਂਡ ਆਡੀਟਰ ਜਨਰਲ (ਕੈਗ) ਦੀ ਗਿਣਤੀ-ਮਿਣਤੀ ਮੁਤਾਬਕ ਇਕ ਲੱਖ ਛਿਹੱਤਰ ਹਜ਼ਾਰ ਕਰੋੜ ਰੁਪਏ ਦਾ ਘਾਟਾ ਸਰਕਾਰੀ ਖ਼ਜ਼ਾਨੇ ਨੂੰ ਪੈ ਗਿਆ। ਜਿਹੜੇ ਵੱਡੇ ਕਾਰੋਬਾਰੀ ਘਰਾਣੇ ਇਸ ਤੋਂ ਲਾਭ ਲੈ ਗਏ, ਉਨ੍ਹਾਂ ਨੇ 'ਹਿੰਗ ਲੱਗੇ ਨਾ ਫਟਕੜੀ, ਰੰਗ ਵੀ ਚੋਖਾ ਆਵੇ' ਦੇ ਫਾਰਮੂਲੇ ਨਾਲ ਜਿੰਨੇ ਪੈਸਿਆਂ ਦੇ ਸਰਕਿਟ ਅਲਾਟ ਕਰਵਾਏ, ਉਸ ਤੋਂ ਵੱਧ ਪੈਸਿਆਂ ਵਿਚ ਬਾਹਰ ਵੇਚ ਕੇ ਵੀ ਆਪਣੀ ਲੋੜ ਦੇ ਦੁੱਗਣੇ ਆਪਣੇ ਕੋਲ ਰੱਖ ਲਏ ਸਨ। ਸੰਸਾਰ ਦੇ ਸਿਖਰਲੇ ਦਸ 'ਮਹਾਨ' ਲੋਕਾਂ ਵਿਚ ਨੌਵੇਂ ਥਾਂ ਆਉਣ ਵਾਲੇ ਰਤਨ ਟਾਟਾ ਦਾ ਨਾਂ ਵੀ ਇਸ ਵਿਚ ਆ ਗਿਆ ਤੇ ਸੰਸਾਰ ਦੇ ਦਸ ਵੱਡੇ ਮਾਇਆਧਾਰੀਆਂ ਵਿਚ ਆਉਂਦੇ ਅੰਬਾਨੀ ਭਰਾਵਾਂ ਦਾ ਵੀ। ਇਹ ਸਾਰੇ ਉਸ ਸਰਕਾਰ ਦੀ ਗਲਤ ਨੀਤੀ ਨਾਲ ਆਪਣੇ ਮਾਇਆ ਦੇ ਬੋਹਲ ਹੋਰ ਉੱਚੇ ਕਰ ਗਏ ਜਿਸ ਦਾ ਮੁਖੀ ਸੰਸਾਰ ਪੱਧਰ ਦਾ ਆਰਥਿਕ ਮਾਹਰ ਮਨਮੋਹਨ ਸਿੰਘ ਹੈ।

ਅਸੀਂ ਇਸ ਵਕਤ ਭ੍ਰਿਸ਼ਟਾਚਾਰ ਦੀ ਭੁੱਬਲ ਵਿਚੋਂ ਇਹ ਲੱਭਣ ਲਈ ਸਮਾਂ ਜ਼ਾਇਆ ਨਹੀਂ ਕਰ ਸਕਦੇ ਕਿ ਪਿਛਲੇ ਸਮੇਂ ਵਿਚ ਸਿਰਹਾਣਿਆਂ ਵਿਚ ਨੋਟ ਭਰ ਕੇ ਪੂਜਾ ਦੀਆਂ ਮੂਰਤੀਆਂ ਪਿੱਛੇ ਰੱਖਣ ਵਾਲੇ ਸੁਖਰਾਮ ਤੋਂ ਲੈ ਕੇ ਕਿਸ ਨੇ ਕੀ ਖੇਡ ਖੇਡੀ, ਸਗੋਂ ਇਹ ਦੇਖਣਾ ਪਵੇਗਾ ਕਿ ਮੌਜੂਦਾ ਮਹਾਂਰਥੀਆਂ ਦੇ ਹੱਥ ਕਿੰਨੇ ਕੁ ਸਾਫ ਹਨ? ਕੁਝ ਮਹੀਨੇ ਪਹਿਲਾਂ ਦੀ ਉਹ ਗੱਲ ਵੀ ਪਿੱਛੇ ਰਹਿ ਗਈ ਕਿ ਸਾਬਕਾ ਮੰਤਰੀ ਏ. ਰਾਜਾ ਨੇ ਇਸ ਵਿਚੋਂ ਲੱਖਾਂ-ਕਰੋੜਾਂ ਦੀ ਨਿੱਜੀ ਕਮਾਈ ਕਰ ਲਈ ਅਤੇ ਉਸ ਤੱਕ ਇਹ ਮਾਇਆ ਕਿਸੇ ਸ਼ਾਹਿਦ ਬਲਵਾ ਦੀ ਕੰਪਨੀ ਨੇ ਵੀਹ ਵਲਾਵੇਂ ਪਾ ਕੇ ਭੇਜੀ ਸੀ। ਨਾ ਹੀ ਅਸੀਂ ਕਰੁਣਾਨਿਧੀ ਦੀ ਬੇਟੀ ਕਨੀਮੋਝੀ ਅਤੇ ਉਸ ਦੇ ਟੀ.ਵੀ. ਚੈਨਲ ਰਾਹੀਂ ਇਸ ਵਿਚ ਕਰੋੜਾਂ ਦੇ ਲੈਣ-ਦੇਣ ਲਈ ਹੋਰ ਮੱਥਾ ਮਾਰ ਸਕਦੇ ਹਾਂ। ਇਹ ਗੱਲ ਵੀ ਸਾਬਤ ਹੋ ਚੁੱਕੀ ਹੈ ਕਿ ਕਰੁਣਾਨਿਧੀ ਦਾ ਭਤੀਜਾ ਦਇਆਨਿਧੀ ਮਾਰਨ ਜਦੋਂ ਏ. ਰਾਜਾ ਤੋਂ ਪਹਿਲਾਂ ਇਸੇ ਮਹਿਕਮੇ ਦਾ ਮੰਤਰੀ ਹੁੰਦਾ ਸੀ, ਉਸ ਨੇ ਸਰਕਾਰੀ ਟੈਲੀਫੋਨ ਕੰਪਨੀ ਦੀਆਂ ਤਿੰਨ ਸੌ ਫੋਨ ਲਾਈਨਾਂ ਆਪਣੇ ਘਰ ਲਈ ਮੰਗ ਕੇ ਆਪਣੇ ਭਰਾ ਦੀ ਟੈਲੀਕਾਮ ਕੰਪਨੀ ਨੂੰ ਵਰਤਣ ਲਈ ਦੇ ਛੱਡੀਆਂ ਸਨ। ਬੜਾ ਕੁਝ ਹੋਰ ਵੀ ਇਸੇ ਤਰ੍ਹਾਂ ਦਾ ਸਾਹਮਣੇ ਆ ਚੁੱਕਾ ਹੈ। ਸਵਾਲ ਹੁਣ ਕਿਸੇ ਏ. ਰਾਜਾ, ਦਇਆਨਿਧੀ ਮਾਰਨ ਜਾਂ ਹੋਰਨਾਂ ਦਾ ਨਾ ਹੋ ਕੇ ਖੁਦ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਦਾ ਹੈ ਕਿ ਕੀ ਉਨ੍ਹਾਂ ਨੂੰ ਆਪਣੇ ਕਿਸੇ ਵੀ ਮੰਤਰੀ ਬਾਰੇ ਪਤਾ ਨਹੀਂ ਸੀ ਲੱਗਦਾ ਕਿ ਉਹ ਕਿਸ ਤਰ੍ਹਾਂ ਦੇ ਗੈਰ-ਕਾਨੂੰਨੀ ਕੰਮ ਕਰ ਰਹੇ ਹਨ? ਉਨ੍ਹਾਂ ਕੋਲ ਕਈ ਕਿਸਮ ਦੀਆਂ ਸੂਹਾਂ ਕੱਢਣ ਵਾਲੀਆਂ ਖੁਫੀਆ ਏਜੰਸੀਆਂ ਸਨ, ਕੀ ਉਨ੍ਹਾਂ ਵਿਚੋਂ ਕਿਸੇ ਨੇ ਵੀ ਉਨ੍ਹਾਂ ਨੂੰ ਨਹੀਂ ਸੀ ਦੱਸਿਆ ਕਿ ਆਹ ਕੁਝ ਹੋ ਰਿਹਾ ਹੈ, ਜਾਂ ਫਿਰ ਉਹ ਪਤਾ ਲੱਗਣ ਦੇ ਬਾਵਜੂਦ ਉਹ ਇਸ ਲਈ ਚੁੱਪ ਰਹੇ ਕਿ ਮੇਰੀ ਕੁਰਸੀ ਬਚੀ ਰਹੇ? ਜੇ ਇੱਦਾਂ ਸੀ ਤਾਂ ਇਹ ਵੀ ਗਲਤ ਹੀ ਸੀ।

ਅੱਜ ਲੋਕ ਪੁੱਛ ਰਹੇ ਹਨ ਕਿ ਪੀ. ਚਿਦੰਬਰਮ ਤਾਂ ਚੰਗਾ ਬੰਦਾ ਸਮਝਿਆ ਜਾਂਦਾ ਸੀ, ਇਹ ਇਸ ਤਰ੍ਹਾਂ ਦਾ ਕਿਵੇਂ ਹੋ ਗਿਆ? ਇਹ ਕਹਿਣ ਵਾਲਿਆਂ ਨੂੰ ਚਿਦੰਬਰਮ ਦਾ ਪਿਛੋਕੜ ਜਾਂ ਤਾਂ ਪੂਰਾ ਪਤਾ ਨਹੀਂ ਜਾਂ ਉਹ ਭੁੱਲ ਚੁੱਕੇ ਹਨ।

ਰਾਜੀਵ ਗਾਂਧੀ ਦੀ ਅਚਾਨਕ ਮੌਤ ਨਾਲ ਨਰਸਿਮਹਾ ਰਾਓ ਨੂੰ ਪ੍ਰਧਾਨ ਮੰਤਰੀ ਬਣਾਇਆ ਗਿਆ ਸੀ ਜਿਹੜਾ ਉਂਜ ਉਸ ਵਾਰੀ ਚੋਣ ਵੀ ਨਹੀਂ ਸੀ ਲੜ ਰਿਹਾ ਤੇ ਸੰਨਿਆਸ ਲੈ ਕੇ ਘਰ ਜਾਣ ਲਈ ਬਿਸਤਰਾ ਬੰਨ੍ਹੀ ਬੈਠਾ ਸੀ। ਉਦੋਂ ਤੱਕ ਉਹ ਵੀ ਬੜਾ ਇਮਾਨਦਾਰ ਗਿਣਿਆ ਜਾਂਦਾ ਸੀ। ਕੁਝ ਸਮੇਂ ਬਾਅਦ ਉਸ ਦੇ ਖਿਲਾਫ ਇੰਨੇ ਕੇਸ ਬਣ ਗਏ ਕਿ ਅਹੁਦਾ ਛੱਡਣ ਮਗਰੋਂ ਉਸ ਨੂੰ ਜੇਲ੍ਹ ਦਾ ਫਾਟਕ ਦੇਖਣਾ ਪੈ ਗਿਆ ਸੀ। ਉਹ ਚਰਚਾ ਵਿਚ ਆਇਆ ਪੀ. ਚਿਦੰਬਰਮ ਉਸ ਦੀ ਸਰਕਾਰ ਵਿਚ ਵੀ ਸੀ ਤੇ ਇਸ ਨੂੰ ਉਦੋਂ ਵੀ ਇਕ ਵਾਰ ਦਾਗੀ ਹੋਣ ਕਰ ਕੇ ਅਸਤੀਫਾ ਦੇਣਾ ਪਿਆ ਸੀ। ਮਾਮਲਾ ਸਕਿਓਰਿਟੀ ਸਕੈਂਡਲ ਦਾ ਸੀ ਜਿਸ ਨੇ ਭਾਰਤ ਦੀ ਸਾਰੀ ਸ਼ੇਅਰ ਮਾਰਕਿਟ ਹੀ ਨਹੀਂ, ਸਾਰੀ ਆਰਥਿਕਤਾ ਹਿਲਾ ਕੇ ਰੱਖ ਦਿੱਤੀ ਸੀ। ਉਸ ਸਕੈਂਡਲ ਦਾ ਸੂਤਰਧਾਰ ਹਰਸ਼ਦ ਮਹਿਤਾ ਨਾਂ ਦਾ ਬੰਦਾ ਸੀ ਜਿਸ ਨੇ ਫੇਅਰਫੈਕਸ ਨਾਂ ਵਾਲੀ ਕੰਪਨੀ ਬਣਾ ਕੇ ਸਾਰੀ ਕਲਾਬਾਜ਼ੀ ਕੀਤੀ ਸੀ। ਕਿਸੇ ਤਰ੍ਹਾਂ ਇਹ ਭੇਤ ਖੁੱਲ੍ਹ ਗਿਆ ਕਿ ਹਰਸ਼ਦ ਮਹਿਤਾ ਦੀ ਉਸ ਜਾਅਲਸਾਜ਼ ਕੰਪਨੀ ਵਿਚ ਉਸ ਵਕਤ ਦੇ ਵਪਾਰ ਮੰਤਰੀ ਚਿਦੰਬਰਮ ਨੇ ਦਸ ਹਜ਼ਾਰ ਸ਼ੇਅਰ ਖਰੀਦੇ ਹਨ ਅਤੇ ਉਸ ਨੂੰ ਉਹ ਸ਼ੇਅਰ ਉਦੋਂ ਦਸ ਰੁਪਏ ਪ੍ਰਤੀ ਸ਼ੇਅਰ ਦੇ ਹਿਸਾਬ ਦਿੱਤੇ ਗਏ, ਜਦੋਂ ਸ਼ੇਅਰ ਦੀ ਮਾਰਕਿਟ ਕੀਮਤ ਚਰਵੰਜਾ ਰੁਪਏ ਸੀ ਤੇ ਫਿਰ ਉਹ ਵਧਦੀ ਗਈ ਸੀ। ਸਾਫ ਹੈ ਕਿ ਖਰੀਦਣ ਵੇਲੇ ਹੀ ਚਿਦੰਬਰਮ ਦਾ ਦਸਵੰਧ ਕੱਢ ਦਿੱਤਾ ਗਿਆ ਸੀ। ਰੌਲਾ ਪਿਆ ਤਾਂ ਚਿਦੰਬਰਮ ਨੇ ਅਸਤੀਫਾ ਦੇ ਦਿੱਤਾ ਅਤੇ ਘਾਬਰੇ ਹੋਏ ਪੀ.ਵੀ. ਨਰਸਿਮਹਾ ਰਾਓ ਨੇ ਕਾਹਲੀ ਵਿਚ ਮਨਜ਼ੂਰ ਕਰ ਲਿਆ ਜਿਸ ਲਈ ਚਿਦੰਬਰਮ ਨੇ ਉਸ ਨੂੰ ਫਿਰ ਕਦੇ ਮੁਆਫ ਨਹੀਂ ਸੀ ਕੀਤਾ। ਫੇਅਰਫੈਕਸ ਕੰਪਨੀ ਵਾਲੇ ਉਸ ਕੇਸ ਵਿਚ ਚਿਦੰਬਰਮ ਨੇ ਹਾਲਾਂਕਿ ਉਹ ਆਪ ਵੀ ਵਕੀਲ ਸੀ, ਜਿਸ ਵਕੀਲ ਦੀਆਂ ਸੇਵਾਵਾਂ ਲਈਆਂ, ਉਹ ਭਾਜਪਾ ਆਗੂ ਅਰੁਣ ਜੇਤਲੀ ਸੀ। ਉਸ ਕੇਸ ਵਿਚੋਂ ਚਿਦੰਬਰਮ ਬਚ ਗਿਆ ਸੀ ਪਰ ਦਾਗ ਤਾਂ ਲੱਗ ਚੁੱਕਾ ਸੀ।

ਇਸੇ ਪੀ. ਚਿਦੰਬਰਮ ਬਾਰੇ ਇਕ ਹੋਰ ਕਹਾਣੀ ਵੀ ਹੈ। ਅਮਰੀਕਾ ਦੀ ਕੰਪਨੀ ਐਨਰਾਨ ਨੇ ਮਹਾਰਾਸ਼ਟਰ ਦੇ ਡਭਹੋਲ ਵਿਚ ਬਿਜਲੀ ਪਲਾਂਟ ਲਾਉਣਾ ਸੀ ਜਿਸ ਦਾ ਸ਼ਿਵ ਸੈਨਾ ਅਤੇ ਭਾਰਤੀ ਜਨਤਾ ਪਾਰਟੀ ਨੇ ਇਹ ਕਹਿ ਕੇ ਵਿਰੋਧ ਕੀਤਾ ਸੀ ਕਿ ਉਸ ਦੀ ਮਨਜ਼ੂਰੀ ਪੈਸੇ ਲੈ ਕੇ ਦਿੱਤੀ ਜਾ ਰਹੀ ਹੈ। ਨਰਸਿਮਹਾ ਰਾਓ ਦੀ ਸਰਕਾਰ ਟੁੱਟ ਗਈ ਤੇ ਦੇਵਗੌੜਾ ਵਾਲੀ ਤੀਜੇ ਮੋਰਚੇ ਦੀ ਬਣਨ ਤੋਂ ਪਹਿਲਾਂ ਅਟਲ ਬਿਹਾਰੀ ਵਾਜਪਾਈ ਦੀ ਸਰਕਾਰ ਬਣ ਗਈ ਜਿਸ ਨੂੰ ਭਰੋਸੇ ਦਾ ਵੋਟ ਨਾ ਮਿਲ ਸਕਣ ਕਾਰਨ ਤੇਰਾਂ ਦਿਨਾਂ ਵਿਚ ਗੱਦੀ ਛੱਡਣੀ ਪਈ ਸੀ। ਕਮਾਲ ਦੀ ਗੱਲ ਇਹ ਕਿ ਉਦੋਂ ਤੱਕ ਐਨਰਾਨ ਕੰਪਨੀ ਦੇ ਬਿਜਲੀ ਪ੍ਰਾਜੈਕਟ ਦਾ ਵਿਰੋਧ ਕਰਨ ਵਾਲੀ ਭਾਜਪਾ ਤੇ ਸ਼ਿਵ ਸੈਨਾ ਦੀ ਸਾਂਝੀ ਸਰਕਾਰ ਨੇ ਉਨ੍ਹਾਂ ਤੇਰਾਂ ਦਿਨਾਂ ਵਿਚ ਹੀ ਉਸੇ ਪ੍ਰਾਜੈਕਟ ਨੂੰ ਪਾਸ ਕਰ ਦਿੱਤਾ। ਜੇ ਨਰਸਿਮਹਾ ਰਾਓ ਸਰਕਾਰ ਕਰਦੀ ਤਾਂ ਇਸ ਨੂੰ ਪੈਸੇ ਲੈ ਕੇ ਪਾਸ ਕੀਤਾ ਕਹਿਣ ਵਾਲਿਆਂ ਨੇ ਆਪ ਕਿਹੜਾ ਉਸ ਨੂੰ ਪੁੰਨ ਦਾ ਕੰਮ ਸਮਝ ਕੇ ਮੁਫਤ ਕੀਤਾ ਹੋਵੇਗਾ? ਫਿਰ ਤੇਰਾਂ ਦਿਨਾਂ ਵਿਚ ਹੀ ਪਾਸ ਕਰਨ ਦੀ ਕੀ ਕਾਹਲੀ ਸੀ, ਇਸ ਦਾ ਜਵਾਬ ਕਦੇ ਵੀ ਭਾਜਪਾ ਨਹੀਂ ਦੇ ਸਕੀ, ਪਰ ਇਹ ਚਰਚਾ ਹਰ ਪਾਸੇ ਸੀ ਕਿ ਉਹ ਕੰਪਨੀ ਲੈ-ਦੇ ਕੇ ਕੰਮ ਕਰਵਾਉਣੇ ਜਾਣਦੀ ਹੈ। ਕੁਝ ਸਮੇਂ ਬਾਅਦ ਐਨਰਾਨ ਕੰਪਨੀ ਨੂੰ ਆਪਣੇ ਦੇਸ਼ ਅਮਰੀਕਾ ਵਿਚ ਹੀ ਕਾਰੋਬਾਰੀ ਅਸੂਲਾਂ ਦੀ ਉਲੰਘਣਾ ਦੇ ਦੋਸ਼ ਦਾ ਸਾਹਮਣਾ ਕਰਨਾ ਪੈ ਗਿਆ ਤੇ ਉਹ ਦੀਵਾਲੀਆ ਹੋ ਗਈ ਜਿਸ ਕਾਰਨ ਅਮਰੀਕਾ ਦੇ ਕਈ ਰਾਜਸੀ ਆਗੂ ਵੀ ਦਾਗੀ ਹੋ ਗਏ। ਕਮਾਲ ਦੀ ਗੱਲ ਇਹ ਵੀ ਹੈ ਕਿ ਉਸ ਕੰਪਨੀ ਦੇ ਵਕੀਲ ਦੀ ਸੇਵਾ ਵੀ ਇਹੋ ਪੀ. ਚਿਦੰਬਰਮ ਨਿਭਾਅ ਚੁੱਕਾ ਹੈ।

ਬਰਤਾਨੀਆ ਦੀ ਵੇਦਾਂਤਾ ਰਿਸੋਰਸਿਜ਼ ਕੰਪਨੀ ਵੱਲੋਂ ਉਹ ਬੰਬੇ ਹਾਈ ਕੋਰਟ ਵਿਚ ਵਕੀਲ ਵਜੋਂ ਪੇਸ਼ ਹੁੰਦਾ ਰਿਹਾ ਹੈ ਅਤੇ ਫਿਰ ਉਸ ਕੰਪਨੀ ਦੇ ਬੋਰਡ ਆਫ ਡਾਇਰੈਕਟਰਜ਼ ਵਿਚ ਵੀ ਰਹਿ ਚੁੱਕਾ ਹੈ। ਉਸ ਕੰਪਨੀ ਦੇ ਨਾਂ ਨਾਲ ਵੀ ਕਈ ਵਿਵਾਦ ਜੁੜਦੇ ਰਹੇ ਹਨ। ਇਸ ਤਰ੍ਹਾਂ ਦੀਆਂ ਕਈ ਕੰਪਨੀਆਂ ਨਾਲ ਚਿਦੰਬਰਮ ਦਾ ਵਾਸਤਾ ਰਹਿ ਚੁੱਕਾ ਹੈ ਜਿਹੜੀਆਂ ਇਕ ਜਾਂ ਦੂਜੇ ਕਾਰਨ ਕਰ ਕੇ ਚਰਚਾ ਵਿਚ ਰਹਿ ਚੁੱਕੀਆਂ ਹਨ। ਇਕ ਕੇਸ ਵਿਚ ਪੀ. ਚਿਦੰਬਰਮ ਦੇ ਖ਼ਜ਼ਾਨਾ ਮੰਤਰੀ ਹੁੰਦਿਆਂ ਉਸ ਦੇ ਮਹਿਕਮੇ ਵੱਲੋਂ ਉਸ ਦੇ ਪਰਵਾਰ ਦੇ ਇਕ ਜੀਅ ਨੂੰ ਵਕੀਲ ਕੀਤੇ ਜਾਣ ਅਤੇ ਮਾਮਲਾ ਰਫ਼ਾ-ਦਫ਼ਾ ਕਰਨ ਦੇ ਚਰਚੇ ਵੀ ਚੱਲੇ ਸਨ। ਫਿਰ ਜੇ ਹਾਲੇ ਵੀ ਚਿਦੰਬਰਮ ਸਾਫ ਕਿਰਦਾਰ ਵਾਲਾ ਸਿਆਸੀ ਆਗੂ ਗਿਣਿਆ ਜਾਂਦਾ ਹੈ, ਇਹ ਭਾਰਤੀ ਰਾਜਨੀਤੀ ਦੀ ਤ੍ਰਾਸਦੀ ਹੀ ਹੈ।

ਹੁਣ ਜਿੱਥੋਂ ਤੱਕ ਗੱਲ ਜਾ ਪਹੁੰਚੀ ਹੈ, ਪ੍ਰਧਾਨ ਮੰਤਰੀ ਨੂੰ ਚਿਦੰਬਰਮ ਦਾ ਬਚਾਅ ਕਰਨ ਵਿਚ ਮੁਸ਼ਕਲ ਆਵੇਗੀ। ਸੂਚਨਾ ਅਧਿਕਾਰ ਕਾਨੂੰਨ ਦਾ ਲਾਭ ਲੈ ਕੇ ਭਾਜਪਾ ਦੇ ਆਰ.ਟੀ.ਆਈ. (ਰਾਈਟ ਟੂ ਇਨਫਰਮੇਸ਼ਨ) ਸੈੱਲ ਨਾਲ ਸੰਬੰਧ ਰੱਖਦੇ ਇਕ ਨੇਤਾ ਨੇ ਟੂ-ਜੀ ਸਪੈਕਟ੍ਰਮ ਮਾਮਲੇ ਵਿਚ ਕੁਝ ਚਿੱਠੀਆਂ ਬਾਰੇ ਜਾਣਕਾਰੀ ਮੰਗੀ ਸੀ। ਜਾਣਕਾਰੀ ਦੇਣੀ ਹੀ ਪੈਣੀ ਸੀ ਅਤੇ ਦਿੱਤੀ ਗਈ ਤਾਂ ਦੋ ਗੱਲਾਂ ਦਾ ਭੇਤ ਖੁੱਲ੍ਹ ਗਿਆ। ਪਹਿਲੀ ਇਹ ਕਿ ਜਦੋਂ ਏ. ਰਾਜਾ ਵੱਲੋਂ ਸਪੈਕਟ੍ਰਮ ਦੀ ਨਿਲਾਮੀ ਦੀ ਥਾਂ ਅੰਦਰ-ਖਾਤੇ ਦੀ ਸੌਦੇਬਾਜ਼ੀ ਕਰ ਕੇ ਸਰਕਾਰੀ ਖ਼ਜ਼ਾਨੇ ਨੂੰ ਰਗੜਾ ਲਾਇਆ ਜਾ ਰਿਹਾ ਸੀ, ਉਦੋਂ ਉਸ ਦੇ ਪੱਖ ਵਿਚ ਪੀ. ਚਿਦੰਬਰਮ ਨੇ ਪ੍ਰਧਾਨ ਮੰਤਰੀ ਨੂੰ ਚਿੱਠੀ ਲਿਖ ਕੇ ਮਾਮਲਾ ਖਤਮ ਕਰਨ ਦੀ ਸਿਫਾਰਸ਼ ਕੀਤੀ ਸੀ। ਦੂਸਰਾ ਭੇਤ ਇਹ ਕਿ ਹੁਣ ਵਾਲੇ ਖ਼ਜ਼ਾਨਾ ਮੰਤਰੀ ਪ੍ਰਣਬ ਮੁਕਰਜੀ ਨੇ ਛੇ ਕੁ ਮਹੀਨੇ ਪਹਿਲਾਂ ਪ੍ਰਧਾਨ ਮੰਤਰੀ ਨੂੰ ਚਿੱਠੀ ਲਿਖ ਕੇ ਕਿਹਾ ਸੀ ਕਿ ਏ. ਰਾਜਾ ਦੇ ਮਾਮਲੇ ਵਿਚ ਉਦੋਂ ਚਿਦੰਬਰਮ ਦਾ ਖ਼ਜ਼ਾਨਾ ਮੰਤਰੀ ਵਜੋਂ ਦਖਲ ਗਲਤ ਢੰਗ ਨਾਲ ਦਿੱਤਾ ਗਿਆ ਸੀ। ਜੇ ਚਿਦੰਬਰਮ ਉਦੋਂ ਚਾਹੁੰਦੇ ਤਾਂ ਏ. ਰਾਜਾ ਨੂੰ ਸਪੈਕਟ੍ਰਮ ਦੀ ਧਾਂਦਲੀ ਕਰਨ ਤੋਂ ਰੋਕ ਸਕਦੇ ਸਨ, ਪਰ ਉਨ੍ਹਾਂ ਨੇ ਰੋਕੀ ਨਹੀਂ ਸੀ ਸਗੋਂ ਰਾਜਾ ਦੀ ਸਿਫਾਰਸ਼ ਕਰ ਕੇ ਗਲਤ ਕੰਮ ਕੀਤਾ ਸੀ।

ਇਹ ਦੋਵੇਂ ਚਿੱਠੀਆਂ ਸਾਹਮਣੇ ਆਉਣ ਤੋਂ ਬਾਅਦ ਗੱਲ ਸਿਰਫ ਚਿਦੰਬਰਮ ਤੱਕ ਸੀਮਤ ਰਹਿਣ ਵਾਲੀ ਨਹੀਂ, ਸਗੋਂ ਪ੍ਰਧਾਨ ਮੰਤਰੀ ਤੱਕ ਆ ਸਕਦੀ ਹੈ। ਜੇਲ੍ਹ ਬੈਠੇ ਏ. ਰਾਜਾ ਦੀ ਇਕ ਪੇਸ਼ੀ ਮੌਕੇ ਵਕੀਲਾਂ ਨੇ ਹੜਤਾਲ ਕੀਤੀ ਹੋਈ ਸੀ। ਉਸ ਦਿਨ ਦਾ ਮੌਕਾ ਏ. ਰਾਜਾ ਨੇ ਜੱਜ ਸਾਹਿਬਾਨ ਨਾਲ ਆਪ ਖੁੱਲ੍ਹੀਆਂ ਗੱਲਾਂ ਕਰਨ ਲਈ ਵਰਤ ਲਿਆ ਅਤੇ ਇਹ ਵੀ ਦੱਸ ਦਿੱਤਾ ਕਿ ਜੋ ਕੁਝ ਉਸ ਨੇ ਕੀਤਾ ਸੀ, ਉਸ ਬਾਰੇ ਪ੍ਰਧਾਨ ਮੰਤਰੀ ਨੂੰ ਵੀ ਪਤਾ ਸੀ। ਏ. ਰਾਜਾ ਦੇ ਇਹ ਦੱਸਣ ਦੇ ਦਿਨ ਤੋਂ ਹੀ ਇਹ ਗੱਲ ਕਹੀ ਜਾਣ ਲੱਗ ਪਈ ਕਿ ਜੇ ਪਤਾ ਹੋਣ ਦੇ ਬਾਵਜੂਦ ਇਹ ਸਕੈਂਡਲ ਵਾਪਰਨ ਤੋਂ ਪ੍ਰਧਾਨ ਮੰਤਰੀ ਨੇ ਰੋਕਣ ਦੀ ਕੋਸ਼ਿਸ਼ ਨਹੀਂ ਸੀ ਕੀਤੀ ਤਾਂ ਉਸ ਨੇ ਵੀ ਗਲਤ ਕੀਤਾ ਸੀ। ਹੁਣ ਸਿੱਧੀ ਉਂਗਲ ਉਠਾਈ ਜਾਣ ਲੱਗੀ ਹੈ।

ਆਪਣੀ ਇਸ ਹਾਲਤ ਲਈ ਪ੍ਰਧਾਨ ਮੰਤਰੀ ਖੁਦ ਜ਼ਿੰਮੇਵਾਰ ਹੈ। ਉਹ ਆਰਥਿਕ ਪੜ੍ਹਾਈ ਦਾ ਡਾਕਟਰ ਹੋਣ ਦੀ ਬਜਾਏ ਜੇ ਸਰੀਰ ਵਿਗਿਆਨ ਦੀ ਸਰਜਰੀ ਦਾ ਡਾਕਟਰ ਹੁੰਦਾ ਤਾਂ ਉਸ ਨੂੰ ਪਤਾ ਹੋਣਾ ਸੀ ਕਿ ਜਦੋਂ ਸਰੀਰ ਦੇ ਕਿਸੇ ਅੰਗ ਦੇ ਜ਼ਖਮ ਦੀ ਵਧ ਰਹੀ ਲਾਗ ਕਾਬੂ ਨਾ ਆਵੇ ਤਾਂ ਸਾਰੇ ਸਰੀਰ ਵਿਚ ਜ਼ਹਿਰ ਫੈਲਣ ਤੋਂ ਰੋਕਣ ਲਈ ਉਹ ਅੰਗ ਕੱਟਣ ਦਾ ਫੈਸਲਾ ਛੇਤੀ ਕਰਨਾ ਪੈਂਦਾ ਹੈ। ਇਸ ਗੱਲ ਵਿਚ ਸਮਾਂ ਨਹੀਂ ਗੁਆਇਆ ਜਾ ਸਕਦਾ। ਮਨਮੋਹਨ ਸਿੰਘ ਨੇ ਕਦੇ ਵੀ ਵਕਤ ਨਹੀਂ ਸੰਭਾਲਿਆ ਅਤੇ ਹਰ ਜ਼ਖਮ ਮੁੱਢਲੇ ਪੜਾਅ ਵਿਚ ਪੱਟੀਆਂ ਲਪੇਟ ਕੇ ਲੁਕਾਉਣ ਦੇ ਯਤਨ ਕੀਤੇ ਹਨ। ਏ. ਰਾਜਾ ਬਾਰੇ ਵੀ ਪਹਿਲਾਂ ਇਹ ਕਿਹਾ ਕਿ ਉਸ ਨੇ ਕੁਝ ਗਲਤ ਨਹੀਂ ਕੀਤਾ। ਉਸ ਨੇ ਦਇਆਨਿਧੀ ਮਾਰਨ ਬਾਰੇ ਵੀ ਪਹਿਲਾਂ ਇਹੋ ਕਿਹਾ ਸੀ ਕਿ ਉਹ ਗਲਤ ਨਹੀਂ ਹੈ। ਸੁਰੇਸ਼ ਕਲਮਾਡੀ ਬਾਰੇ ਵੀ ਪਹਿਲਾਂ ਉਸ ਦਾ ਇਹੋ ਕਹਿਣਾ ਸੀ ਕਿ ਉਹ ਕੁਝ ਗਲਤ ਨਹੀਂ ਕਰ ਰਿਹਾ। ਹੁਣ ਪੀ. ਚਿਦੰਬਰਮ ਬਾਰੇ ਵੀ ਉਸ ਨੇ ਅਮਰੀਕਾ ਤੋਂ ਟੈਲੀਫੋਨ ਕਰ ਕੇ ਇਹੋ ਪ੍ਰਭਾਵ ਦੇਣ ਦਾ ਯਤਨ ਕੀਤਾ ਹੈ ਕਿ ਉਹ ਕੁਝ ਵੀ ਗਲਤ ਨਹੀਂ ਕਰ ਰਿਹਾ। ਹਾਲਾਤ ਜਿਸ ਪਾਸੇ ਨੂੰ ਜਾ ਰਹੇ ਹਨ, ਉਨ੍ਹਾਂ ਦੇ ਹੁੰਦਿਆਂ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਆਪਣੇ ਗ੍ਰਿਹ ਮੰਤਰੀ ਚਿਦੰਬਰਮ ਨੂੰ ਬਚਾ ਸਕਣਗੇ, ਇਸ ਦੀ ਸੰਭਾਵਨਾ ਘੱਟ ਜਾਪਦੀ ਹੈ ਤੇ ਜੇ ਉਹ ਸੰਭਾਵਨਾਵਾਂ ਦੇ ਉਲਟ ਬੇੜੀ ਚਲਾਉਣ ਲੱਗੇ ਰਹੇ ਤਾਂ ਇਕ ਦਿਨ ਇਹੋ ਚਿਦੰਬਰਮ ਉਨ੍ਹਾਂ ਦੀ ਬੇੜੀ ਵਿਚ ਪਿਆ ਇਹੋ ਜਿਹਾ ਪੱਥਰ ਬਣ ਜਾਵੇਗਾ ਜਿਹੜਾ ਸਾਰੀ ਸਰਕਾਰ ਨੂੰ ਡੂੰਮ੍ਹ ਵਿਚ ਡੋਬ ਦੇਵੇਗਾ।

> **ਪੀ. ਚਿਦੰਬਰਮ ਮਰਹੂਮ ਪ੍ਰਧਾਨ ਮੰਤਰੀ ਪੀ. ਵੀ. ਨਰਸਿਮਹਾ ਰਾਓ ਦੀ ਸਰਕਾਰ ਵਿਚ ਵੀ ਸੀ ਤੇ ਇਸ ਨੂੰ ਉਦੋਂ ਵੀ ਇਕ ਵਾਰ ਦਾਗੀ ਹੋਣ ਕਰ ਕੇ ਅਸਤੀਫਾ ਦੇਣਾ ਪਿਆ ਸੀ। ਮਾਮਲਾ ਸਕਿਓਰਿਟੀ ਸਕੈਂਡਲ ਦਾ ਸੀ ਜਿਸ ਨੇ ਭਾਰਤ ਦੀ ਸਾਰੀ ਸ਼ੇਅਰ ਮਾਰਕਿਟ ਹੀ ਨਹੀਂ, ਸਾਰੀ ਆਰਥਿਕਤਾ ਹਿਲਾ ਕੇ ਰੱਖ ਦਿੱਤੀ ਸੀ। ਉਸ ਸਕੈਂਡਲ ਦਾ ਸੂਤਰਧਾਰ ਹਰਸ਼ਦ ਮਹਿਤਾ ਨਾਂ ਦਾ ਬੰਦਾ ਸੀ ਜਿਸ ਨੇ ਫੇਅਰਫੈਕਸ ਨਾਂ ਵਾਲੀ ਕੰਪਨੀ ਬਣਾ ਕੇ ਸਾਰੀ ਕਲਾਬਾਜ਼ੀ ਕੀਤੀ ਸੀ। ਕਿਸੇ ਤਰ੍ਹਾਂ ਇਹ ਭੇਤ ਖੁੱਲ੍ਹ ਗਿਆ ਕਿ ਹਰਸ਼ਦ ਮਹਿਤਾ ਦੀ ਉਸ ਜਾਅਲਸਾਜ਼ ਕੰਪਨੀ ਵਿਚ ਉਸ ਵਕਤ ਦੇ ਵਪਾਰ ਮੰਤਰੀ ਚਿਦੰਬਰਮ ਨੇ ਦਸ ਹਜ਼ਾਰ ਸ਼ੇਅਰ ਖਰੀਦੇ ਹਨ ਅਤੇ ਉਸ ਨੂੰ ਉਹ ਸ਼ੇਅਰ ਉਦੋਂ ਦਸ ਰੁਪਏ ਪ੍ਰਤੀ ਸ਼ੇਅਰ ਦੇ ਹਿਸਾਬ ਦਿੱਤੇ ਗਏ, ਜਦੋਂ ਸ਼ੇਅਰ ਦੀ ਮਾਰਕਿਟ ਕੀਮਤ ਚਰਵੰਜਾ ਰੁਪਏ ਸੀ ਤੇ ਫਿਰ ਉਹ ਵਧਦੀ ਗਈ ਸੀ। ਸਾਫ ਹੈ ਕਿ ਖਰੀਦਣ ਵੇਲੇ ਹੀ ਚਿਦੰਬਰਮ ਦਾ ਦਸਵੰਧ ਕੱਢ ਦਿੱਤਾ ਗਿਆ ਸੀ।**



ਪੀ. ਚਿਦੰਬਰਮ

# ਭਾਅ ਜੀ ਗੁਰਸ਼ਰਨ ਸਿੰਘ:ਰੰਗਮੰਚ ਹੋਇਆ ਉਦਾਸ

**ਐਸ. ਅਸ਼ੋਕ ਭੌਰਾ**

ਆਖਿਰ ਭਾਣਾ ਵਰਤ ਹੀ ਗਿਆ ਜਿਸ ਦਾ ਡਰ ਲਗਦਾ ਸੀ। ਥੋੜ੍ਹੇ ਦਿਨ ਪਹਿਲਾਂ ਕੇਵਲ ਧਾਲੀਵਾਲ ਨਾਲ ਗੱਲ ਹੋਈ ਤਾਂ ਉਹ ਦੱਸ ਰਿਹਾ ਸੀ ਕਿ ਗੁਰਸ਼ਰਨ ਸਿੰਘ ਠੀਕ ਨਹੀਂ। ਗੁਰਦੇ ਚਲੇ ਜਾਣ ਅਤੇ ਉਮਰ ਵਧਣ ਕਰਕੇ ਡਾਇਲਿਸਿਸ ਛੇਤੀ ਹੋ ਰਿਹਾ ਹੈ। ਆਈ.ਸੀ. ਨੰਦਾ ਤੋਂ ਬਾਅਦ ਪੰਜਾਬੀ ਰੰਗਮੰਚ ਨੂੰ ਬਹੁਤ ਲੰਮਾ ਸਮਾਂ ਅਤੇ ਬਹੁਤ ਕੁਝ ਦੇਣ ਵਾਲਾ ਗੁਰਸ਼ਰਨ ਸਿੰਘ 83 ਵਰ੍ਹਿਆਂ ਦੀ ਉਮਰ ਵਿਚ ਸਾਡਾ ਸਾਥ ਛੱਡ ਗਿਆ। ਭਾਅ ਜੀ ਹੁਰਾਂ ਤਕਰੀਬਨ ਸੱਠ ਵਰ੍ਹੇ ਜ਼ਿੰਦਗੀ ਨੂੰ ਪੂਰੀ ਤਰ੍ਹਾਂ ਸਮਰਪਿਤ ਹੋ ਕੇ ਗੁਜ਼ਾਰੇ। ਖ਼ੈਰ! ਮਰਨ ਦੀ ਵਾਰੀ ਆਉਣੀ ਸੀ ਪਰ ਪੰਜਾਬੀ ਨਾਟਕ ਖੇਤਰ ਵਿਚ ਉਹਦੇ ਤੁਰ ਜਾਣ ਨਾਲ ਸਚਮੁੱਚ ਵੀਰਾਨੀ ਛਾ ਗਈ ਹੈ। ਜ਼ਿੰਦਗੀ ਨਿੱਕੀ ਜਿਹੀ ਡਾਕੂਮੈਂਟਰੀ ਦਾ ਨਾਂ ਹੈ। ਜਦੋਂ ਚੰਡੀਗੜ੍ਹੋਂ ਉਹਦੀ ਮੌਤ ਦੀ ਖ਼ਬਰ ਆਈ ਤਾਂ ਰੰਗਮੰਚ ਦੀ ਫਿਲਮ ਤੇਜ਼ੀ ਨਾਲ ਪਲਕਾਂ ਹੇਠ ਦੌੜਨ ਲੱਗੀ। ਭਾਅ ਦਰਸ਼ਨ ਖਟਕੜ ਦੇ ਪਿੰਡ ਮੰਗੂਵਾਲ ਵਿਚ ਪਾਸ਼ ਦੇਖਿਆ, ਉਥੇ ਹੀ ਗੁਰਸ਼ਰਨ ਸਿੰਘ ਵੀ। ਫਿਰ ਹਰ ਸਾਲ ਸ਼ਹੀਦ ਭਗਤ ਸਿੰਘ ਦੇ ਮੇਲੇ 'ਤੇ ਰਾਤੀਂ ਇਨਕਲਾਬੀ ਨਾਟਕਾਂ ਵਿਚ ਖਟਕੜ ਕਲਾਂ ਦੀ ਧਰਤੀ 'ਤੇ, ਮੋਹਨ ਸਿੰਘ ਮੇਲੇ 'ਤੇ ਵੀ। ਸ਼ੌਂਕੀ ਮੇਲੇ ਉਤੇ ਅਸੀਂ ਦੋ ਸਾਲ ਲਗਾਤਾਰ ਉਸ ਤੋਂ ਨਾਟਕ ਖਿਡਾਏ। 'ਭਾਈ ਮੰਨਾ ਸਿੰਘ' ਜਦੋਂ ਜਲੰਧਰ ਦੂਰਦਰਸ਼ਨ 'ਤੇ ਪ੍ਰਸਾਰਤ ਹੋਇਆ ਤਾਂ ਹਰ ਹਫਤੇ 'ਏ' ਸਟੀਡੀਓ ਭਾਅ ਜੀ ਨਾਲ ਲੰਮਾ ਸਮਾਂ ਗੁਜ਼ਾਰਨ ਦਾ ਮੌਕਾ ਮਿਲਣਾ, ਉਨ੍ਹਾਂ ਦਿਨਾਂ ਵਿਚ 'ਵਿਰਾਸਤ' ਅਤੇ 'ਕਾਵਿ ਸ਼ਾਰ' ਦੇ ਪ੍ਰੋਗਰਾਮ ਮੈਂ ਦੁਰਗਾ ਦੱਤ ਸਵਿਤੋਜ ਅਤੇ ਡਾ. ਲਖਵਿੰਦਰ ਜੌਹਲ



ਨਾਲ ਕਰਿਆ ਕਰਦਾ ਸਾਂ। 'ਭਾਈ ਮੰਨਾ ਸਿੰਘ' ਖਾਸ ਤੌਰ 'ਤੇ ਪੇਂਡੂ ਖੇਤਰਾਂ ਵਿਚ ਜਿੰਨਾ ਲੋਕਪ੍ਰਿਅ ਹੋਇਆ ਭਾਅ ਜੀ ਨੂੰ ਉਕਾ ਹੀ ਉਨੀ ਵੱਡੀ ਆਸ ਨਹੀਂ ਸੀ। ਜਦੋਂ ਉਹ ਆਪ ਹੀ 'ਇਹਨੂੰ ਕਹਿ ਦੇ ਮੰਨਾ ਸਿੰਘ' ਡਾਇਲਾਗ ਬੋਲਦਾ ਤਾਂ ਇਕ ਖਾਸ ਕਿਸਮ ਦਾ ਆਨੰਦ ਮਹਿਸੂਸ ਹੁੰਦਾ ਸੀ।

ਗੁਰਸ਼ਰਨ ਸਿੰਘ ਨੇ ਆਪਣੀ ਸਾਰੀ ਜ਼ਿੰਦਗੀ ਵਿਚ ਇਨਕਲਾਬੀ ਸੋਚ ਨੂੰ ਨਹੀਂ ਤਿਆਗਿਆ। ਰਾਜਨੀਤੀ ਦੇ ਭ੍ਰਿਸ਼ਟ ਨਿਜ਼ਾਮ 'ਤੇ ਉਸ ਨੇ ਛੋਟੇ ਨਾਟਕਾਂ ਨਾਲ ਬਹੁਤ ਚੋਟਾਂ ਕੀਤੀਆਂ। ਛੇ ਸੌ ਤੋਂ ਵੱਧ ਕਲਾਕਾਰ ਪੰਜਾਬੀ ਰੰਗਮੰਚ ਨੂੰ ਦੇਣੇ ਉਹਦੀ ਸਭ ਤੋਂ ਵੱਡੀ ਪ੍ਰਾਪਤੀ ਹੈ। ਕਰੀਬ ਚਾਲੀ ਸਾਲ ਉਹਨੇ ਸਾਹ ਹੀ ਸਿਰਫ ਇਸ ਖੇਤਰ ਲਈ ਲਿਆ। 'ਪੰਜਾਬੀ ਟ੍ਰਿਬਿਊਨ' ਦੇ ਐਤਵਾਰ ਮੈਗਜ਼ੀਨ ਵਿਚ ਉਹਦਾ ਹਫਤਾਵਾਰੀ ਕਾਲਮ ਬਹੁਤ ਪੜ੍ਹਿਆ ਜਾਂਦਾ ਰਿਹਾ। ਨਾਟਕਕਾਰ, ਨਿਰਦੇਸ਼ਕ, ਅਦਾਕਾਰ, ਤੇ ਇਨਸਾਨ-ਚਾਰ ਗੁਣਾਂ ਕਰਕੇ ਸਤਿਕਾਰੇ ਜਾਂਦੇ ਭਾਅ ਜੀ ਗੁਰਸ਼ਰਨ ਸਿੰਘ ਦੀ ਬੇਵਕਤੀ ਸੱਟ ਅਸਹਿ ਹੈ। ਪਾਕਿਸਤਾਨ ਵਿਚ 1929 ਵਿਚ ਸਿਆਲਕੋਟ ਵਿਚ ਜਨਮੇ ਗੁਰਸ਼ਰਨ ਸਿੰਘ ਨੇ ਵੰਡ ਤੋਂ ਪਿਛੋਂ ਬਹੁਤਾ ਸਮਾਂ ਅੰਮ੍ਰਿਤਸਰ ਗੁਜ਼ਾਰਿਆ ਤੇ ਪੰਜਾਬ ਦੇ 72 ਫੀਸਦੀ ਪਿੰਡਾਂ ਵਿਚ ਸੌ ਤੋਂ ਵੱਧ ਨਾਟਕਾਂ ਦੀ ਅਨੇਕਾਂ ਵਾਰ ਪੇਸ਼ਕਾਰੀ ਕਰਕੇ ਲੋਕਾਂ ਨੂੰ ਸੁਚੇਤ ਅਤੇ ਜਾਗ੍ਰਿਤ ਕੀਤਾ। ਸਿਰਫ 'ਮਨ ਜੀਤੈ ਜਗ ਜੀਤ' ਫਿਲਮ ਵਿਚ ਕੰਮ ਕੀਤਾ। ਰੰਗਮੰਚ ਨੂੰ ਪਿਆਰ ਕਰਨ ਵਾਲੇ, ਚਾਹੁਣ ਵਾਲੇ ਅਤੇ ਸਤਿਕਾਰਨ ਵਾਲੇ ਹਰ ਇਨਸਾਨ ਦੇ ਮਨ ਵਿਚ ਗੁਰਸ਼ਰਨ ਸਿੰਘ ਦੇਵਤਾ ਹੈ। ਬੜੇ ਸਨਮਾਨ ਹਾਸਲ ਕੀਤੇ। ਕੁਝ ਵਰ੍ਹੇ ਪਹਿਲਾਂ ਅਮਰੀਕਾ ਵਿਚ ਨਾਟਕ ਖੇਡਣ ਦਾ ਚੰਗਾ ਤਜਰਬਾ ਨਾ ਹੋਣ ਕਾਰਨ ਉਸ ਨੇ ਵਿਦੇਸ਼ੀ ਸਫਰ ਤੋਂ ਕੰਨੀ ਹੀ ਖਿੱਚ ਲਈ ਸੀ। ਪਿਛਲੇ ਡੇਢ ਦਹਾਕੇ ਤੋਂ ਉਹ ਚੰਡੀਗੜ੍ਹ ਦੇ ਸੈਕਟਰ 43 ਵਿਚ ਰਹਿ ਰਿਹਾ ਸੀ। ਉਹ ਆਪਣੇ ਪਿੱਛੇ ਦੋ ਬੇਟੀਆਂ ਡਾ. ਨਵਸ਼ਰਨ ਤੇ ਡਾ. ਅਰੀਤ ਅਤੇ ਪਤਨੀ ਕੈਲਾਸ਼ ਕੌਰ ਛੱਡ ਗਏ ਹਨ।

26 ਤੋਂ 27 ਸਤੰਬਰ (ਅਮਰੀਕਾ ਮੁਤਾਬਕ) ਦੀ ਦਰਮਿਆਨੀ ਰਾਤ ਮੌਤ ਨੇ ਗੁਰਸ਼ਰਨ ਸਿੰਘ ਸਾਥੋਂ ਖੋਹ ਕੇ ਪੰਜਾਬੀ ਰੰਗਮੰਚ ਨੂੰ ਬੁਰੀ ਤਰ੍ਹਾਂ ਝਾੜ-ਝੰਬ ਦਿੱਤਾ ਹੈ। ਕਹਿਣਾ ਤਾਂ ਪੈ ਰਿਹਾ ਹੈ ਪਰ ਗੁਰਸ਼ਰਨ ਸਿੰਘ ਨੂੰ 'ਹੈ' ਤੋਂ 'ਸੀ' ਕਹਿਣਾ ਬਹੁਤ ਔਖਾ ਹੈ। ਪੰਜਾਬ ਲੋਕ ਰੰਗ ਦੇ ਸੁਰਿੰਦਰ ਧਨੋਆ ਅਤੇ ਲੰਮਾ ਸਮਾਂ ਉਹਦੀ ਟੀਮ ਵਿਚ ਕੰਮ ਕਰਨ ਵਾਲੇ ਪਰਮਜੀਤ ਸਿੰਘ ਤੇ ਰੇਨੂੰ ਸਿੰਘ ਨੇ ਧਾਹ ਮਾਰੀ ਹੈ। ਗੁਰਮੁਖ ਸਿੰਘ ਭੁੱਲਰ, ਬਲਜੀਵਨ, ਪ੍ਰਦੀਪ ਬਾਤਿਸ਼, ਪਵਨਦੀਪ ਸ਼ਰਮਾ, ਡਾ. ਹਰਜਿੰਦਰ ਖਹਿਰਾ, ਮੱਖਣ ਲਹਾਰਾਂਵਾਲਾ, ਬੱਬੂ ਗੁਰਪਾਲ, ਰਾਜੇਸ਼ ਰਾਜੂ, ਜਤਿੰਦਰ ਜਰਗੀਆ, ਦੀਪ ਮੰਗਲੀ ਅਤੇ ਉਨ੍ਹਾਂ ਨਾਲ ਕਿਸੇ ਨਾ ਕਿਸੇ ਵੇਲੇ ਕੰਮ ਕਰਦੇ ਰਹੇ ਉਨ੍ਹਾਂ ਦੇ ਸ਼ਾਗਿਰਦ ਵੀ ਅੱਜ ਉਦਾਸ ਹਨ।

## ਸੇਵਾ ਸਿਮਰਨ ਸੁਸਾਇਟੀ ਵਲੋਂ ਕੀਨੀਆ ਦੇ ਅਕਾਲ ਪੀੜਤਾਂ ਲਈ ਮਦਦ

**ਯੂਬਾ ਸਿਟੀ (ਬਿਊਰੋ):** ਸਥਾਨਕ ਸੇਵਾ ਸਿਮਰਨ ਸੁਸਾਇਟੀ ਵਲੋਂ ਕੀਨੀਆ ਵਿਚ ਅਕਾਲ ਦੇ ਪ੍ਰਭਾਵ ਹੇਠ ਆਏ ਭੁੱਖਮਰੀ ਦਾ ਸ਼ਿਕਾਰ ਲੋਕਾਂ ਲਈ ਖੁਰਾਕ ਦਾ ਇੰਤਜ਼ਾਮ ਕਰ ਰਹੀ ਮਾਨਵ ਸੇਵਾ ਜਥੇਬੰਦੀ ਯੁਨਾਈਟਿਡ ਸਿੱਖਸ ਨੂੰ 1000 ਡਾਲਰ ਦੀ ਰਕਮ ਭੇਜੀ ਗਈ ਹੈ।

ਇਹ ਜਾਣਕਾਰੀ ਦਿੰਦਿਆਂ ਸੁਸਾਇਟੀ ਵਲੋਂ ਜਾਰੀ ਬਿਆਨ ਵਿਚ ਕਿਹਾ ਗਿਆ ਹੈ ਕਿ ਮੁਸੀਬਤ ਮਾਰੇ ਲੋਕਾਂ ਦੀ ਮਦਦ ਕਰਨਾ ਸਿੱਖੀ ਦਾ ਪਹਿਲਾ ਅਸੂਲ ਹੈ। ਇਸੇ ਅਸੂਲ ਤਹਿਤ ਸੰਸਥਾ ਵਲੋਂ ਪਹਿਲਾਂ ਵੀ ਕੁਦਰਤੀ ਆਫਤਾਂ ਦੇ ਮਾਰੇ ਲੋਕਾਂ ਦੀ ਮਦਦ ਲਈ ਯੋਗਦਾਨ ਪਾਇਆ ਜਾਂਦਾ ਰਿਹਾ ਹੈ। ਸੁਸਾਇਟੀ ਨੇ ਸਮੂਹ ਸਿੱਖ ਭਾਈਚਾਰੇ ਨੂੰ ਅਪੀਲ ਕੀਤੀ ਕਿ ਇਸ ਮਾਨਵ ਸੇਵਾ ਦੇ ਕਾਰਜ ਵਿਚ ਯੁਨਾਈਟਿਡ ਸਿੱਖਸ ਦੀ ਵੱਧ ਤੋਂ ਵੱਧ ਮਦਦ ਕੀਤੀ ਜਾਵੇ।

# ਪੰਜਾਬ ਦਾ ਹਸ਼ਰ ਵੀ ਇਰਾਕ ਤੇ ਲੀਬੀਆ ਵਰਗਾ ਹੋਵੇਗਾ: ਮਾਨ

**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੇ ਪ੍ਰਧਾਨ ਸਿਮਰਨਜੀਤ ਸਿੰਘ ਮਾਨ ਨੇ ਸ਼ਰੇਆਮ ਦੋਸ਼ ਲਾਉਂਦੇ ਹੋਏ ਕਿਹਾ ਕਿ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਹੀ ਕੇਂਦਰ ਸਰਕਾਰ ਦੀਆਂ ਨਜ਼ਰਾਂ 'ਚ ਸਭ ਤੋਂ 'ਵਧੀਆ' ਤੇ ਵਿਸ਼ਵਾਸਪਾਤਰ ਆਗੂ ਹਨ। ਇਸੇ ਕਰ ਕੇ ਅਕਾਲੀ ਦਲ ਦੀ ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਚੋਣਾਂ 'ਚ ਜਿੱਤ ਹੋਈ ਹੈ। ਸ. ਮਾਨ ਨੇ ਮੁੱਖ ਗੁਰਦੁਆਰਾ ਚੋਣ ਕਮਿਸ਼ਨਰ ਜਸਟਿਸ ਹਰਫੂਲ ਸਿੰਘ ਬਰਾੜ ਨੂੰ ਮੰਗ ਪੱਤਰ ਦੇਣ ਉਪਰੰਤ ਕਿਹਾ ਕਿ 18 ਨੂੰ ਹੋਈਆਂ ਸ਼੍ਰੋਮਣੀ ਕਮੇਟੀ ਦੀਆਂ ਚੋਣਾਂ 'ਚ ਬਾਦਲ ਸਰਕਾਰ



ਤੇ ਕੇਂਦਰ ਦੇ ਦਬਾਅ ਹੇਠ ਹੋਈਆਂ ਹਨ ਜਿਸ 'ਚ ਦੋਹਾਂ ਸਰਕਾਰਾਂ ਦੀ ਨਿਗਰਾਨੀ ਹੇਠ ਸਰਕਾਰੀ ਮਸ਼ੀਨਰੀ ਵੱਲੋਂ ਧਾਂਦਲੀਆਂ ਤੇ ਚੋਣ ਕਮਿਸ਼ਨ ਦੇ ਹੁਕਮਾਂ ਦਾ ਸਿੱਧੇ ਰੂਪ 'ਚ ਉਲੰਘਣਾ ਕਰ ਕੇ ਚੋਣ ਮਰਿਆਦਾ ਦੀਆਂ ਧੱਜੀਆਂ ਉਡਾ ਕੇ ਜਮਹੂਰੀਅਤ ਦਾ ਕਤਲ ਕੀਤਾ ਗਿਆ ਹੈ। ਸ. ਮਾਨ ਨੇ ਕਿਹਾ ਕਿ ਇਹ ਪਹਿਲੀ ਵਾਰ ਹੋਇਆ ਹੈ ਕਿ ਇਨ੍ਹਾਂ ਚੋਣਾਂ 'ਚ ਸਿੱਖਾਂ ਤੋਂ ਵੱਧ ਹਿੰਦੂਆਂ ਤੇ ਮੁਸਲਮਾਨਾਂ ਨੇ ਵੋਟਾਂ ਪਾਈਆਂ ਹਨ ਕਿਉਂਕਿ ਕੇਂਦਰ ਸਰਕਾਰ ਦੀ ਸ਼ਹਿ 'ਤੇ ਬਾਦਲ ਸਰਕਾਰ ਵੱਲੋਂ ਸ਼ਰੇਆਮ ਪਤਿਤ, ਸਹਿਜਧਾਰੀ ਤੇ ਗੈਰ ਸਿੱਖ ਵੋਟਰਾਂ ਨੂੰ ਵੋਟ ਪਾਉਣ ਦੀ ਖੁੱਲ੍ਹ ਦਿਤੀ ਗਈ। ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਦੀ ਸ਼ਹਿ 'ਤੇ ਹੀ ਪੰਥਕ ਮੋਰਚੇ ਦਾ ਗਠਨ ਕੀਤਾ ਗਿਆ ਹੈ ਜਿਸ ਪਿਛੇ ਕੈਪਟਨ ਅਮਰਿੰਦਰ ਸਿੰਘ ਦਾ ਹੱਥ ਸੀ ਪਰ ਅਖੀਰਲੇ ਦਿਨਾਂ 'ਚ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਤੇ ਯੂ.ਪੀ.ਏ. ਸਰਕਾਰ ਦੀ ਚੇਅਰਪਰਸਨ ਸੋਨੀਆਂ ਗਾਂਧੀ ਨੇ ਸ. ਬਾਦਲ ਨੂੰ ਖੁਸ਼ ਕਰਨ ਲਈ ਪੰਥਕ ਮੋਰਚੇ ਤੋਂ ਹੱਥ ਹਟਾ ਲਿਆ ਗਿਆ।

ਉਨ੍ਹਾਂ ਕਿਹਾ ਕਿ ਉਹ ਸਮਾਂ ਦੂਰ ਨਹੀਂ ਜਦ ਪੰਜਾਬ ਦਾ ਹਸ਼ਰ ਵੀ ਇਰਾਕ ਤੇ ਲੀਬੀਆ ਵਾਂਗ ਹੋਵੇਗਾ ਕਿਉਂਕਿ ਜਿਸ ਤਰ੍ਹਾਂ ਅਮਰੀਕਾ ਨੇ ਉਸਾਮਾ ਬਿਨ ਲਾਦੇਨ, ਸਦਾਮ ਹੁਸੈਨ ਤੇ ਜਨਰਲ ਗੱਦਾਫੀ ਪਾਲੇ ਸਨ, ਉਸੇ ਤਰ੍ਹਾਂ ਕੇਂਦਰ ਸਰਕਾਰ ਚਾਹੇ ਐਨ.ਡੀ.ਏ. ਦੀ ਜਾਂ ਫਿਰ ਯੂ.ਪੀ.ਏ. ਦੀ ਹੋਵੇ, ਸ. ਬਾਦਲ ਨੂੰ ਹੀ ਪਾਲ ਰਹੀ ਹੈ। ਉਨ੍ਹਾਂ ਕਿਹਾ ਕਿ ਜੇ ਭਾਰਤੀ ਚੋਣ ਕਮਿਸ਼ਨ ਦੀਆਂ ਹਦਾਇਤਾਂ ਅਨੁਸਾਰ ਡੀ.ਜੀ.ਪੀ. ਪਰਮਦੀਪ ਸਿੰਘ ਗਿੱਲ ਤੇ ਮੁੱਖ ਮੰਤਰੀ ਦੇ ਪ੍ਰਮੁੱਖ ਸਕੱਤਰ ਦਰਬਾਰਾ ਸਿੰਘ ਗੁਰੂ ਫਿੱਟ ਨਹੀਂ ਸਨ ਤਾਂ ਫਿਰ ਇਨ੍ਹਾਂ ਚੋਣਾਂ ਲਈ ਭਰੋਸਾ ਕਿਉਂ ਕੀਤਾ ਗਿਆ ਜਦਕਿ ਮੁੱਖ ਸਕੱਤਰ ਸੁਬੋਧ ਚੰਦਰ ਅਗਰਵਾਲ ਤੇ ਗ੍ਰਹਿ ਸਕੱਤਰ ਡੀ.ਐਸ. ਬੈਂਸ ਨੇ ਵੀ ਚੋਣ ਪ੍ਰਬੰਧਾਂ ਦੀ ਸੁਰੱਖਿਆ ਲਈ ਨੀਮ ਫੌਜੀ ਦਸਤਿਆਂ ਨੂੰ ਨਹੀਂ ਬੁਲਾਇਆ। ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਦੀ ਮਿਲੀਭੁਗਤ ਨਾਲ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ, ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ, ਵਿਧਾਇਕ ਬਿਕਰਮ ਸਿੰਘ ਮਜੀਠੀਆ ਸਮੇਤ ਉਕਤ ਉਚ ਅਫ਼ਸਰਾਂ ਨੇ ਸ਼ਰੇਆਮ ਗੁਰਦਵਾਰਾ ਐਕਟ 1925 ਤੇ ਕਾਨੂੰਨ ਦੀਆਂ ਧੱਜੀਆਂ ਉਡਾਈਆਂ ਹਨ। ਸ. ਮਾਨ ਨੇ ਕਿਹਾ ਕਿ ਜਦ ਬਾਦਲ ਸਰਕਾਰ ਨੇ ਸਹਿਜਧਾਰੀਆਂ ਨੂੰ ਖੁੱਲ੍ਹੇਆਮ ਵੋਟਾਂ ਪਾਉਣ ਦਾ ਅਧਿਕਾਰ ਦੇ ਹੀ ਦਿੱਤਾ ਹੈ ਤਾਂ ਫਿਰ ਸਹਿਜਧਾਰੀਆਂ ਵੱਲੋਂ ਪਾਈ ਰਿੱਟ ਦਾ ਕੋਈ ਅਰਥ ਨਹੀਂ ਰਹਿ ਗਿਆ। ਉਨ੍ਹਾਂ ਕਿਹਾ ਕਿ ਬਾਦਲ ਦੇ ਉਮੀਦਵਾਰਾਂ 'ਚ ਬਹੁਤੇ ਦਾੜੀ ਰੰਗੇ, ਨਕਸਲੀਏ, ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਕਿਤਾਬ ਕਹਿਣ ਵਾਲੇ, ਸ਼ਰਾਬ ਦੇ ਠੇਕੇਦਾਰ, ਨਾਸਤਕ, ਬਦਚਲਣੀ ਵਰਗੇ ਦੋਸ਼ਾਂ ਦਾ ਸਾਹਮਣਾ ਕਰਨ ਵਾਲੇ ਤੇ ਗ਼ੈਰ ਅੰਮ੍ਰਿਤਧਾਰੀ ਸ਼ਾਮਲ ਸਨ। ਉਨ੍ਹਾਂ ਸ. ਬਾਦਲ ਨੂੰ ਕੇਂਦਰੀ ਹਕੂਮਤ, ਜਨਸੰਘੀਏ ਤੇ ਹਿੰਦੂਤਵੀ ਤਾਕਤਾਂ ਦਾ ਹੱਥ ਠੋਕਾ ਆਖਦੇ ਹੋਏ ਕਿਹਾ ਕਿ ਉਹ ਕਿਸੇ ਵੀ ਹਾਲਤ 'ਚ ਗੁਰਦਵਾਰਾ ਪ੍ਰਬੰਧ ਲਈ ਪ੍ਰਵਾਨ ਨਹੀਂ ਕਰਨਗੇ। ਉਨ੍ਹਾਂ ਮੰਗ ਕੀਤੀ ਕਿ ਚੋਣ ਨਤੀਜੇ ਤੁਰੰਤ ਰੋਕ ਕੇ ਮੁੜ ਯੂ.ਐਨ.ਓ. ਦੇ ਆਬਜ਼ਰਵਰਾਂ ਦੀ ਨਿਗਰਾਨੀ ਹੇਠ ਨਿਰਪੱਖ ਢੰਗ ਨਾਲ ਕਰਵਾਈਆਂ ਜਾਣ।

# ਡਾ. ਮਨਮੋਹਨ ਸਿੰਘ ਦੇ ਯੂ ਐਨ ਓ ਸੰਬੋਧਨ ਦੌਰਾਨ ਸਿੱਖਾਂ ਵਲੋਂ ਮੁਜ਼ਾਹਰਾ

**ਨਿਊ ਯਾਰਕ (ਬਿਊਰੋ):** ਭਾਰਤੀ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਦੇ ਸੰਯੁਕਤ ਰਾਸ਼ਟਰ ਮਹਾਂ ਸਭਾ ਸੰਬੋਧਨ ਦੌਰਾਨ ਸੈਂਕੜੇ ਸਿੱਖਾਂ ਨੇ ਇਥੇ ਮਨੁੱਖੀ ਅਧਿਕਾਰ ਜਥੇਬੰਦੀ ਸਿੱਖਸ ਫਾਰ




ਜਸਟਿਸ ਦੇ ਸੱਦੇ 'ਤੇ ਸੰਯੁਕਤ ਰਾਸ਼ਟਰ ਹੈਡਕੁਆਰਟਰ ਅੱਗੇ ਰੋਸ ਮੁਜ਼ਾਹਰਾ ਕੀਤਾ ਤੇ ਨਵੰਬਰ 1984 ਦੇ ਸਿੱਖ ਕਤਲੇਆਮ ਦੌਰਾਨ ਕਥਿਤ ਤੌਰ 'ਤੇ ਅਹਿਮ ਭੂਮਿਕਾ ਨਿਭਾਉਣ ਵਾਲੇ ਕਮਲ ਨਾਥ ਨੂੰ ਮੰਤਰੀ ਮੰਡਲ 'ਚੋਂ ਹਟਾਏ ਜਾਣ ਅਤੇ ਸਿੱਖਾਂ ਲਈ ਖੁਦਮੁਖਤਿਆਰੀ ਦੀ ਮੰਗ ਕੀਤੀ।

ਸਿੱਖਸ ਫਾਰ ਜਸਟਿਸ ਵਲੋਂ ਜਾਰੀ ਇਕ ਬਿਆਨ ਅਨੁਸਾਰ 2 ਨਵੰਬਰ ਨੂੰ ਕੇਨਸ, ਫਰਾਂਸ ਵਿਚ ਰੋਸ ਰੈਲੀ ਕੀਤੀ ਜਾਵੇਗੀ ਜਿਥੇ ਪ੍ਰਧਾਨ ਮੰਤਰੀ ਜੀ-20 ਸੰਮੇਲਨ ਵਿਚ ਸ਼ਾਮਿਲ ਹੋ ਰਹੇ ਹਨ ਤੇ ਵਿਸ਼ਵ ਨੂੰ ਦੱਸਿਆ ਜਾਵੇਗਾ ਕਿ ਪ੍ਰਧਾਨ ਮੰਤਰੀ ਦਾ ਸ਼ਾਸਨ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਕਰਨ ਵਾਲਿਆਂ ਨੂੰ ਬਚਾ ਰਿਹਾ ਹੈ।

ਬਿਆਨ ਅਨੁਸਾਰ ਜਦੋਂ ਪ੍ਰਧਾਨ ਮੰਤਰੀ ਸਿੰਘ ਸੰਯੁਕਤ ਰਾਸ਼ਟਰ ਦੇ ਹਾਲ ਦੇ ਅੰਦਰ ਫਲਸਤੀਨੀਆਂ ਲਈ ਖੁਦਮੁਖਤਿਆਰੀ ਦੇ ਅਧਿਕਾਰ ਦਾ ਸਮਰਥਨ ਕਰ ਰਹੇ ਸਨ ਉਦੋਂ ਬਾਹਰ ਸੜਕਾਂ 'ਤੇ ਹਜ਼ਾਰਾਂ ਦੀ ਗਿਣਤੀ ਵਿਚ ਇਕੱਠੇ ਹੋਏ ਸਿੱਖ ਭਾਰਤ ਨੂੰ ਯਾਦ ਦਿਵਾ ਰਹੇ ਸੀ ਕਿ ਭਾਰਤ ਵਲੋਂ ਉਨ੍ਹਾਂ ਨੂੰ ਇਸੇ ਖੁਦਮੁਖਤਿਆਰੀ ਦੇ ਅਧਿਕਾਰ ਤੋਂ ਇਨਕਾਰ ਕੀਤਾ ਜਾ ਰਿਹਾ ਹੈ।

ਜਦੋਂ ਵਾਸ਼ਿੰਗਟਨ ਤੋਂ ਡਾ. ਅਮਰਜੀਤ ਸਿੰਘ, ਡਾ. ਗੁਰਮੀਤ ਸਿੰਘ ਔਲਖ ਤੇ ਡਾ. ਬਖਸ਼ੀਸ਼ ਸਿੰਘ ਸੰਧੂ ਰੈਲੀ ਨੂੰ ਸੰਬੋਧਨ ਕਰਨ ਲਈ ਸਟੇਜ 'ਤੇ ਪਹੁੰਚੇ ਤਾਂ ਸਿੱਖਾਂ ਨੇ ਵਖਰੇ ਸਿੱਖ ਰਾਜ ਖਾਲਿਸਤਾਨ ਲਈ ਏਨੀ ਜ਼ੋਰ ਦੀ ਨਾਅਰੇ ਲਗਾਏ ਕਿ ਸੰਯੁਕਤ ਰਾਸ਼ਟਰ ਦੇ ਸਟਾਫ ਨੂੰ ਬਾਹਰ ਆਉਣਾ ਪਿਆ। ਉਕਤ ਆਗੂਆਂ ਨੇ ਆਪਣੇ ਸੰਬੋਧਨ ਵਿਚ ਜੂਨ 1984 ਤੋਂ ਲੈ ਕੇ ਸਿੱਖਾਂ ਨਾਲ ਹੋਈਆਂ ਬੇਇਨਸਾਫੀਆਂ ਦੇ ਵਾਕਿਆਂ ਦਾ ਵਰਣਨ ਕੀਤਾ ਤੇ ਭਾਈਚਾਰੇ ਨੂੰ ਇਹ ਯਾਦ ਦਿਵਾਇਆ ਕਿ ਸਿੱਖਾਂ ਦੀਆਂ ਸਮਸਿਆਵਾਂ ਦਾ ਇਕੋ ਇਕ ਹਲ ਹੈ ਜਮਹੂਰੀ ਤਰੀਕਿਆਂ ਰਾਹੀਆਂ ਵਖਰੇ ਸਿੱਖ ਰਾਜ ਖਾਲਿਸਤਾਨ ਦੀ ਸਥਾਪਨਾ।

ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਤੋਂ ਸੁਰਜੀਤ ਸਿੰਘ ਕੁਲਾਰ ਨੇ ਕਿਹਾ ਕਿ ਸਿੱਖ ਸ. ਸਿਮਰਨਜੀਤ ਸਿੰਘ ਮਾਨ ਦੀ ਅਗਵਾਈ ਵਿਚ ਖਾਲਿਸਤਾਨ ਦੀ ਪ੍ਰਾਪਤੀ ਲਈ ਸੰਘਰਸ਼ ਜਾਰੀ ਰਖਣਗੇ। ਸਿੱਖ ਯੂਥ ਆਫ ਅਮਰੀਕਾ ਦੇ ਪ੍ਰਧਾਨ ਗੁਰਿੰਦਰਜੀਤ ਸਿੰਘ ਮਾਨਾ ਨੇ ਕਿਹਾ ਕਿ ਸਿੱਖਾਂ ਦਾ ਹਿਦੂਆਂ ਨਾਲੋਂ ਇਕ ਵਖਰਾ ਦੇਸ਼ ਹੈ ਤੇ ਉਨ੍ਹਾਂ ਦੀ ਧਰਤੀ 'ਤੇ ਭਾਰਤ ਵਲੋਂ ਕਬਜ਼ਾ ਕੀਤਾ ਹੋਇਆ ਹੈ। ਅਮਰੀਕਨ ਸਿੱਖ ਆਗਰੇਨਾਈਜੇਸ਼ਨ ਦੇ ਬੁਲਾਰੇ ਤੇ ਰੈਲੀ ਦੇ ਕੋਆਰਡੀਨੇਟਰ ਕਰਨੈਲ ਸਿੰਘ ਨੇ ਕਿਹਾ ਕਿ ਭਾਰਤ ਦੇ ਕਿਸੇ ਵੀ ਪ੍ਰਧਾਨ ਮੰਤਰੀ ਨੇ ਸਿੱਖਾਂ ਦੇ ਅਕਸ ਨੂੰ ਕੌਮਾਂਤਰੀ ਪੱਧਰ 'ਤੇ ਉਸ ਤਰ੍ਹਾਂ ਬਦਨਾਮ ਨਹੀਂ ਕੀਤਾ ਜਿਵੇਂ ਕਿ ਡਾ. ਮਨਮੋਹਨ ਸਿੰਘ ਨੇ ਕੀਤਾ ਹੈ।

ਸਿੱਖਸ ਫਾਰ ਜਸਟਿਸ ਦੇ ਕੋਆਰਡੀਨੇਟਰ ਅਵਤਾਰ ਸਿੰਘ ਪੰਨੂ, ਰਾਜਦੀਪ ਕੌਰ ਸੇਖੋਂ ਤੇ ਤੇਜਕੌਰ ਕਰਨ ਬੈਂਸ ਨੇ ਕਿਹਾ ਕਿ 27 ਸਾਲ ਬੀਤ ਗਏ ਹਨ ਤੇ ਸਿੱਖਾਂ ਦੇ ਕਾਤਲਾਂ ਨੂੰ ਅਜੇ ਤੱਕ ਸਜ਼ਾਵਾਂ ਨਹੀਂ ਮਿਲੀਆਂ। ਰੈਲੀ ਦੇ ਕੋਆਰਡੀਨੇਟਰ ਤੇ ਪੰਥਕ ਸਿੱਖ ਸੁਸਾਇਟੀ ਦੇ ਹਿੰਮਤ ਸਿੰਘ ਨੇ ਕਿਹਾ ਕਿ ਜਿਥੇ ਜਿਥੇ ਵੀ ਪ੍ਰਧਾਨ ਮੰਤਰੀ ਕੌਮਾਂਤਰੀ ਪੱਧਰ 'ਤੇ ਜਾਣਗੇ ਸਿੱਖ ਉਨ੍ਹਾਂ ਵਿਰੁਧ ਮੁਜ਼ਾਹਰੇ ਕਰਨਗੇ ਅਤੇ ਸਿੱਖ ਨਸਲਕੁਸ਼ੀ ਦਾ ਮੁੱਦਾ ਉਠਾਉਣਗੇ। ਰੈਲੀ ਦੇ ਕੋਆਰਡੀਨੇਟਰ ਤੇ ਸਿੱਖ ਯੂਥ ਆਫ ਅਮਰੀਕਾ ਦੇ ਜਸਬੀਰ ਸਿੰਘ ਨੇ ਕਿਹਾ ਕਿ ਮਨਮੋਹਨ ਸਿੰਘ ਨੇ ਸਿੱਖ ਧਰਮ ਦੇ




ਸਿਧਾਂਤਾਂ ਨੂੰ ਢਾਹ ਲਾਈ ਹੈ।

ਸਿੱਖਸ ਫਾਰ ਜਸਟਿਸ ਦੇ ਕਾਨੂੰਨੀ ਸਲਾਹਕਾਰ ਅਟਾਰਨੀ ਗੁਰਪਤਵੰਤ ਸਿੰਘ ਪੰਨੂ ਅਨੁਸਾਰ ਸਿੱਖ ਸਯੁੰਕਤ ਰਾਸ਼ਟਰ ਅੱਗੇ ਇਸ ਕਰਕੇ ਪ੍ਰਦਰਸ਼ਨ ਕਰ ਰਹੇ ਹਨ ਤਾਂ ਜੋ ਵਿਸ਼ਵ ਨੂੰ ਇਹ ਯਾਦ ਕਰਵਾਇਆ ਜਾ ਸਕੇ ਕਿ ਭਾਰਤ ਨਸਲਕੁਸ਼ੀ ਬਾਰੇ ਸਯੁੰਕਤ ਰਾਸ਼ਟਰ ਕਨਵੈਨਸ਼ਨ ਪ੍ਰਤੀ ਪਾਬੰਦ ਹੈ ਤੇ ਉਹ ਨਵੰਬਰ 1984 ਸਿੱਖ ਨਸਲਕੁਸ਼ੀ ਦੇ ਕਾਤਲਾਂ ਨੂੰ ਸਜ਼ਾ ਦੇਵੇ।







ਰੈਲੀ ਨੂੰ ਅਕਾਲੀ ਦਲ (ਅੰਮ੍ਰਿਤਸਰ) ਦੇ ਹਰਪਾਲ ਸਿੰਘ ਸੰਧਰ, ਬਾਬਾ ਬੰਦਾ ਸਿੰਘ ਬਹਾਦਰ ਸੁਸਾਇਟੀ ਦੇ ਰਜਿੰਦਰ ਸਿੰਘ, ਦਸਮੇਸ਼ ਦਰਬਾਰ ਕਾਰਟਰੇਟ ਨਿਊ ਜਰਸੀ ਦੇ ਸਕੱਤਰ ਜਤਿੰਦਰ ਸਿੰਘ ਖਟੜਾ, ਸਿੱਖ ਸੈਂਟਰ ਫਲਸ਼ਿੰਗ, ਨਿਊ ਯਾਰਕ ਦੇ ਸਕੱਤਰ ਸੁਖਵੰਤ ਸਿੰਘ ਦਾਖਾ, ਸਿੰਘ ਸਭਾ ਕਾਰਟਰੇਟ ਨਿਊ ਜਰਸੀ ਦੇ ਸਕੱਤਰ ਪਰਦੀਪ ਸਿੰਘ, ਨਾਨਕ ਨਾਮ ਜਹਾਜ ਜਰਸੀ ਸਿਟੀ ਦੇ ਪ੍ਰਧਾਨ ਕਰਨੈਲ ਸਿੰਘ, ਅਮਰੀਕਨ ਗੁਰਦੁਆਰਾ ਪ੍ਰਬੰਧਕ ਕਮੇਟੀ ਤੋਂ ਨਰਿੰਦਰ ਸਿੰਘ, ਸਿੱਖ ਯੂਥ ਆਫ ਨਿਊ ਯਾਰਕ ਦੇ ਪ੍ਰਤੀਨਿਧ ਵਰਿੰਦਰ ਸਿੰਘ, ਜਸਮਿਤਰ ਸਿੰਘ ਸਾਕਾ, ਜੋਗਾ ਸਿੰਘ ਤੇ ਦੀਦਾਰ ਸਿੰਘ ਚੀਮਾ (ਬਾਬਾ ਬੁਢਾ ਜੀ ਸੁਸਾਇਟੀ) ਨੇ ਸੰਬੋਧਨ ਕੀਤਾ।

ਰੈਲੀ ਦਾ ਆਯੋਜਨ ਸਿੱਖਸ ਫਾਰ ਜਸਟਿਸ ਵਲੋਂ ਸਿੱਖ ਯੂਥ ਆਫ ਅਮਰੀਕਾ, ਅਕਾਲੀ ਦਲ (ਅੰਮ੍ਰਿਤਸਰ), ਅਮਰੀਕਨ ਸਿੱਖ ਆਰਗਨਾਈਜੇਸ਼ਨ, ਪੰਥਕ ਸਿੱਖ ਸੁਸਾਇਟੀ ਤੇ ਟਰਾਈ ਸਟੇਟ ਏਰੀਆ ਗੁਰਦੁਆਰਿਆਂ ਦੀ ਪ੍ਰਬੰਧਕ ਕਮੇਟੀ ਦੇ ਸਹਿਯੋਗ ਨਾਲ ਕੀਤਾ ਗਿਆ ਸੀ।

## ਸਾਊਦੀ ਬਾਦਸ਼ਾਹ ਵੱਲੋਂ ਔਰਤਾਂ ਨੂੰ ਵੋਟ ਦਾ ਹੱਕ

**ਰਿਆਧ:** ਸਾਊਦੀ ਬਾਦਸ਼ਾਹ ਅਬਦੁੱਲਾ ਨੇ ਔਰਤਾਂ ਨੂੰ ਵੋਟ ਦਾ ਹੱਕ ਦੇਣ ਦੇ ਨਾਲ ਮਿਊਂਸਪਲ ਚੋਣਾਂ ਵਿਚ ਹਿੱਸਾ ਲੈਣ ਦੇ ਹੱਕ ਦਾ ਐਲਾਨ ਕੀਤਾ ਹੈ। ਉਨ੍ਹਾਂ ਇਹ ਵੀ ਐਲਾਨ ਕੀਤਾ ਹੈ ਕਿ ਔਰਤਾਂ ਸਲਾਹਕਾਰ ਕੌਂਸਲ 'ਚ ਵੀ ਹਿੱਸਾ ਲੈ ਸਕਦੀਆਂ ਹਨ। ਉਨ੍ਹਾਂ ਕਿਹਾ ਕਿ ਜੋ ਚੋਣਾਂ 4 ਸਾਲ ਬਾਅਦ ਹੁੰਦੀਆਂ ਹਨ, ਔਰਤਾਂ ਉਸ 'ਚ ਹਿੱਸਾ ਲੈਣ ਦੇ ਯੋਗ ਹਨ। ਔਰਤਾਂ ਅਗਲੀ ਸ਼ੁਰਾ ਕੌਂਸਲ 'ਚ ਬਤੌਰ ਮੈਂਬਰ ਹਿੱਸਾ ਲੈਣਗੀਆਂ।

## ਦੁਨੀਆਂ 'ਚ 'ਕਰੰਸੀ ਯੁੱਧ' ਛਿੜਨ ਦਾ ਖ਼ਤਰਾ

ਵਾਸ਼ਿੰਗਟਨ: ਵਿੱਤ ਮੰਤਰੀ ਪ੍ਰਣਬ ਮੁਖਰਜੀ ਨੇ ਕੌਮਾਂਤਰੀ ਭਾਈਚਾਰੇ ਨੂੰ ਚਿਤਾਵਨੀ ਦਿੱਤੀ ਹੈ ਕਿ ਜੇਕਰ ਮੌਜੂਦਾ ਆਰਥਿਕ ਸੰਕਟ ਹੋਰ ਡੂੰਘਾ ਹੁੰਦਾ ਹੈ ਤਾਂ ਕਰੰਸੀ ਯੁੱਧ ਛਿੜ ਸਕਦਾ ਹੈ। ਉਨ੍ਹਾਂ ਨੇ ਕੌਮਾਂਤਰੀ ਮੁਦਰਾ ਕੋਸ਼ (ਆਈ.ਐਮ.ਐਫ.) ਦੇ ਹੈੱਡਕੁਆਰਟਰ ਵਿਚ ਬਰਿਕਸ ਦੇਸ਼ਾਂ ਦੇ ਵਿੱਤ ਮੰਤਰੀਆਂ ਦੇ ਪੱਤਰਕਾਰ ਸੰਮੇਲਨ ਵਿਚ ਕਿਹਾ ਕਿ ਇਸ ਤਰ੍ਹਾਂ ਦੇ ਕਰੰਸੀ ਯੁੱਧ ਨੂੰ ਆਪਣੀ ਗੱਲਬਾਤ ਰਾਹੀਂ ਟਾਲਿਆ ਜਾ ਸਕਦਾ ਹੈ ਨਾ ਕਿ ਕਰੰਸੀ ਦੀਆਂ ਕੀਮਤਾਂ ਘਟਾ ਕੇ। ਬਰਿਕਸ ਮੁਲਕਾਂ ਵਿਚ ਬਰਾਜ਼ੀਲ, ਰੂਸ, ਭਾਰਤ, ਚੀਨ ਤੇ ਦੱਖਣੀ ਅਫਰੀਕਾ ਸ਼ਾਮਲ ਹਨ। ਸ੍ਰੀ ਮੁਖਰਜੀ ਨੇ ਕਿਹਾ ਕਿ ਜੇਕਰ ਸੰਕਟ ਹੋਰ ਡੂੰਘਾ ਹੁੰਦਾ ਹੈ ਤੇ ਵਿੱਤੀ ਵਹਾਅ 'ਚ ਵੱਡਾ ਉਤਰਾਅ-ਚੜ੍ਹਾਅ ਆਉਂਦਾ ਹੈ ਤਾਂ ਕਰੰਸੀ ਯੁੱਧ ਹੋਣ ਦਾ ਖਤਰਾ ਹੋਰ ਵੀ ਵਧ ਸਕਦਾ ਹੈ।





# Noble Dental Care

Family and Cosmetic Dentistry



Shital Shah, DDS

ਸਪੈਸ਼ਲ ਆਫਰ **Special Offer**

**$50** Dental X-Rays, Examination Consultation and Cleaning (Cash Patients Only)* *Conditions Apply*

Up to **50% off** Cash Patients. Senior and Student Discounts

- *Tooth Colored Fillings
- *Gum Treatment
- *Teeth Whitening
- *Crowns and Bridges
- *Full and Partial Dentures
- *Porcelain Veneers
- *Extraction
- *Root Canals
- *Night Guards
- *Dentistry for Children

- *ਸੀਨੀਅਰ ਅਤੇ ਸਟੂਡੈਂਟ ਡਿਸਕਾਊਂਟ
- *ਦੰਦਾਂ ਦੇ ਰੰਗ ਨਾਲ ਮਿਲਦੀ ਫਿਲਿੰਗ
- *ਮਸੂੜਿਆਂ ਦਾ ਇਲਾਜ
- *ਦੰਦ ਚਿੱਟੇ ਕਰਨਾ
- *ਕਰਾਊਨ ਤੇ ਬ੍ਰਿਜ

ਵਿਆਜ ਰਹਿਤ ਪੇਮੈਂਟ ਪਲੈਨ

**Invisalign**

**Starting at $2,550***

*Limitided time offer may end without notice. Restrictions apply. Not valid with any other offer.*

Emergency Patients Welcome
Evening/Saturday Appointments Available

*State of the Art Dental Technology*
*Most Dental PPO Plans Accepted*
*Interest Free Payment Plans Available*

**Ph:510-493-2130**

www.1nobledentalcare.com

34603 Alvarado Niles Rd., Union City, CA (Alvarado Niles & Decoto Rd., Behind Taco Bell)

# Omni Video Productions

Professional Videography & Photography of Bakersfield




For Booking & Information Contact : Shiara S. Dhindsa
Tel: 661-835-8230
Cell: 661-703-6664
email : omnivideo@hotmail.com
Your Photos Visit
www.omnivideousa.com
Panasonic DVCPRO HD P2 and Sony DVCAM Formats Output on Bluray and DVD
Single Camera & Multi Camera Production with Live Mixing




*Weddings & Receptions *Anniversaries & Birthday Parties
*Stage Show & TV Ads *Interviews & Documentaries
We have been serving California & Beyond for over 18 years.

- Photography
- Studio Portraits
- Family Photos
- Business Photography
- Digital Photo Mixing
- Designed Wedding Albums




Quality & Creativity

# ਘਰ ਖਰੀਦਣਾ ਹੈ ਜਾਂ ਵੇਚਣਾ !

ਸੈਂਟਰਲ ਵੈਲੀ ਦੇ ਸ਼ਹਿਰਾਂ-ਲਿਵਿੰਗਸਟਨ, ਐਟਵਾਟਰ, ਮਰਸਡ, ਟਰਲਕ, ਮਾਡੈਸਟੋ ਅਤੇ ਲਾਸ ਬੈਨੋਸ ਵਿਚ ਘਰਾਂ ਦੀ ਖਰੀਦ ਅਤੇ ਵੇਚ ਲਈ ਬਿਹਤਰੀਨ ਸੇਵਾ ਲਈ ਕਾਲ ਕਰੋ

ਜਰਨੈਲ ਸਿੰਘ ਲਾਲੜੀਆ

**ਫੋਨ:209-856-2131**



Century 21
M&M AND ASSOCIATES
Each office is independently owned and operated.
MLS

**Jarnail Singh Lallria**
**Broker Associate**
DRE#01440382

**Cell: 209-620-5393**
Fax:209-216-5502
e-mail: jlallria@c21mm.com
Mob Web: m.jlallria.c21mm.com

**1472 'B' Street, Ste. D, Livingston, CA 95334**

# Desi World Radio

Pure desi Entertainment



ਰੇਡੀਓ ਟੋਟਲ 35000 ਸਟੇਸ਼ਨਜ਼ ਨਾਲ ਲੈਸ ਪਹਿਲਾ ਪੂਰਾ ਦੇਸੀ wifi ਇੰਟਰਨੈਟ ਰੇਡੀਓ 24 ਘੰਟੇ ਸੱਤੇ ਦਿਨ ਹਰਮਿੰਦਰ ਸਾਹਿਬ ਅਤੇ 27 ਹੋਰ ਧਾਰਮਿਕ ਸਟੇਸ਼ਨਜ਼ ਤੋਂ ਸਵੇਰੇ, ਸ਼ਾਮੀ ਪਾਠ, ਕੀਰਤਨ ਅਤੇ ਬਾਣੀ ਸੁਣੋ, 24 ਘੰਟੇ ਗਾਣੇ, ਥੋੜ੍ਹੇ-ਥੋੜ੍ਹੇ ਸਮੇਂ ਬਾਅਦ ਖਬਰਾਂ, ਚਲੰਤ ਮਾਮਲਿਆਂ ਦੇ 125 ਤੋਂ ਵੱਧ ਪੰਜਾਬੀ ਸਟੇਸ਼ਨਜ਼ ਅਮਰੀਕਾ, ਇੰਗਲੈਂਡ, ਅਸਟਰੇਲੀਆ, ਨਿਊਜੀਲੈਂਡ, ਫੀਜੀ, ਭਾਰਤ, ਸਿੰਘਾਪੁਰ ਦੇ ਰੇਡੀਓ ਸਟੇਸ਼ਨਜ਼, ਰੇਡੀਓ ਹਮਸਫਰ, ਸ਼ੇਰੇ-ਪੰਜਾਬ, ਧਮਾਲ ਰੇਡੀਓ, ਹੱਸਦਾ ਪੰਜਾਬ, ਦੇਸ ਪ੍ਰਦੇਸ, ਸਾਂਝੀ ਆਵਾਜ਼, ਪੰਜ ਪਾਣੀ, ਚੜ੍ਹਦੀ ਕਲਾ, ਢੋਲ ਰੇਡੀਓ, ਰੇਡੀਓ ਨੌਜਵਾਨ ਅਤੇ ਹੋਰ ਬਹੁਤ ਸਾਰੇ ਰੇਡੀਓ ਹਿੰਦੀ, ਉਰਦੂ, ਦੱਖਣੀ ਭਾਰਤ ਦੇ 500 ਤੋਂ ਵੱਧ ਰੇਡੀਓ ਸਟੇਸ਼ਨਜ਼ ਰੇਡੀਓ ਰਿਮੋਟ ਕੰਟਰੋਲ ਨਾਲ ਉਪਲਬਧ, ਇਸ ਨੂੰ ਵਰਤਣਾ ਬਹੁਤ ਹੀ ਆਸਾਨ, ਰੇਡੀਓ ਵਿਚ 2 ਅਲਾਰਮ ਹਨ, ਹਰਮਿੰਦਰ ਸਾਹਿਬ ਜਾਂ ਕੋਈ ਵੀ ਧਾਰਮਿਕ ਸਟੇਸ਼ਨ ਆਪਣੇ ਅਲਾਰਮ ਵਿਚ ਫਿਟ ਕਰਕੇ ਆਪਣੀ ਅੱਖ ਰੱਬ ਦੇ ਨਾਂ ਨਾਲ ਖੋਲੋ ਜੀ।

ਕੈਲੀਫੋਰਨੀਆ ਦਾ ਨੰ. 1 ਰੇਡੀਓ 'ਰੇਡੀਓ ਚੜ੍ਹਦੀ ਕਲਾ' ਸੁਣੋ ਸਿਰਫ ਦੇਸੀ ਵਰਲਡ ਰੇਡੀਓ ਦੇ ਚੈਨਲ ਨੰ. 1 'ਤੇ

ਡੀਲਰਸ਼ਿਪ ਲੈ ਕੇ ਵਧੀਆ ਪੈਸੇ ਕਮਾਉਣ ਲਈ ਸਾਨੂੰ ਸੰਪਰਕ ਕਰੋ

ਅਸੀਂ ਰੇਡੀਓ ਨੂੰ ਸਾਰੇ USA ਵਿਚ Free ਸ਼ਿਪ ਕਰਦੇ ਹਾਂ

Radio Available on La Merchandise, yuba city Punjab Bazar, Yuba City Bombay Video, Yuba City New Delhi, Yuba City Indian Market, Secramento AB Sweets, Secramento, Delhi Bazaar, Stockton, India Bazaar, Stockton, Desi Bazaar, Indianpolis Shalimar grocery, union city Indian stop, Elk grove Desi Bazar, SacramentoShan-E-Punjab, Stockton Shalimar Grocerys, Union City Singh Cash and Carry, Carona Indian House of Grocery Secramento,

WWW.desiworldradio.com
Email-Info@desiworldradio.com
Toll Free Number
1-800-604-6024

ਰੇਡੀਓ ਪਸੰਦ ਨਾ ਆਉਣ ਤੇ ਪੈਸੇ ਵਾਪਸੀ ਦੀ ਗਰੰਟੀ

# ਵਿਧਾਨ ਸਭਾ ਚੋਣਾਂ 'ਚ ਅਕਾਲੀਆਂ ਦੇ ਸਾਰੇ ਭੁਲੇਖੇ ਦੂਰ ਕਰ ਦਿਆਂਗੇ: ਕੈਪਟਨ

**ਮੁਹਾਲੀ:** ਪੰਜਾਬ ਕਾਂਗਰਸ ਦੇ ਪ੍ਰਧਾਨ ਕੈਪਟਨ ਅਮਰਿੰਦਰ ਸਿੰਘ ਨੇ ਸ਼੍ਰੋਮਣੀ ਕਮੇਟੀ ਦੀਆਂ ਚੋਣਾਂ 'ਚ ਸਤਾਧਾਰੀ ਸ਼੍ਰੋਮਣੀ ਅਕਾਲੀ ਦਲ 'ਚ ਸ਼ਰ੍ਹੇਆਮ ਵਧੀਕੀਆਂ ਕਰਨ ਦਾ ਦੋਸ਼ ਲਾਉਂਦਿਆਂ ਕਿਹਾ ਕਿ ਪੰਜਾਬ ਦੇ ਲੋਕਾਂ ਨੇ ਅਕਾਲੀ ਦਲ ਦੇ ਹੱਕ 'ਚ ਬਿਲਕੁਲ ਵੀ ਫਤਵਾ ਨਹੀਂ ਦਿੱਤਾ ਕਿਉਂਕਿ ਬਾਦਲਾਂ ਨੇ ਵੱਡੀ ਗਿਣਤੀ ਵਿਚ ਆਪਣੇ ਬੰਦਿਆਂ ਦੀਆਂ ਹੀ ਵੋਟਾਂ ਬਣਾਈਆਂ ਸਨ ਜਦੋਂਕਿ ਵਿਰੋਧੀ ਧਿਰ ਨਾਲ ਸਬੰਧਤ ਸਿੱਖ ਵੋਟਰਾਂ ਦੀਆਂ ਵੋਟਾਂ ਇਕ ਸੋਚੀ ਸਮਝੀ ਸਾਜ਼ਿਸ਼ ਤਹਿਤ ਪਹਿਲਾਂ ਹੀ ਕੱਟ ਦਿੱਤੀਆਂ ਗਈਆਂ ਸਨ। ਉਨ੍ਹਾਂ ਕਿਹਾ ਕਿ ਜੇ ਬਾਦਲ ਹੁਰੀਂ ਸ਼੍ਰੋਮਣੀ ਕਮੇਟੀ ਚੋਣਾਂ ਦੇ ਨਤੀਜਿਆਂ ਨੂੰ ਆਧਾਰ ਬਣਾ ਕੇ ਵਿਧਾਨ ਸਭਾ ਚੋਣਾਂ ਜਿੱਤਣ ਦੇ ਸੁਪਨੇ ਲੈ ਰਹੇ ਹਨ ਤਾਂ ਇਹ ਉਨ੍ਹਾਂ ਦੀ ਬਹੁਤ ਵੱਡੀ ਭੁੱਲ ਹੈ। ਆਪਣੀਆਂ ਵੋਟਾਂ ਨਾਲ ਜਿੱਤ ਹਾਸਲ ਕਰ ਲੈਣਾ ਕੋਈ ਵੱਡੀ ਬਹਾਦਰੀ ਨਹੀਂ ਹੈ। ਉਨ੍ਹਾਂ ਸਰਕਾਰ ਨੂੰ ਸਖ਼ਤ ਚੇਤਾਵਨੀ ਦਿੱਤੀ ਹੈ ਕਿ ਆਗਾਮੀ ਵਿਧਾਨ ਸਭਾ ਚੋਣਾਂ ਵਿਚ ਸੱਤਾਧਾਰੀ ਅਕਾਲੀ ਦਲ ਦੇ ਸਾਰੇ ਭਰਮ ਭੁਲੇਖੇ ਦੂਰ ਕਰ ਦਿੱਤੇ ਜਾਣਗੇ ਤੇ ਕਾਂਗਰਸ ਹੂੰਝਾ ਫੇਰ ਜਿੱਤ ਹਾਸਲ ਕਰਕੇ ਪੰਜਾਬ 'ਚ ਆਪਣੀ ਸਰਕਾਰ ਬਣਾਏਗੀ।

ਲੋਕਪਾਲ ਪੰਜਾਬ ਵੱਲੋਂ ਮੁੱਖ ਮੰਤਰੀ ਨੂੰ ਬੱਸ ਪਰਮਿਟ ਦੇ ਮਾਮਲੇ 'ਚ ਤਲਬ ਕਰਨ ਦੀ ਸ਼ਲਾਘਾ ਕਰਦਿਆਂ ਉਨ੍ਹਾਂ ਕਿਹਾ ਕਿ ਇਹ ਕਾਰਵਾਈ ਕਾਫੀ ਪਹਿਲਾਂ ਹੋ ਜਾਣੀ ਚਾਹੀਦੀ ਸੀ। ਉਨ੍ਹਾਂ ਦੋਸ਼ ਲਾਇਆ ਕਿ ਮੁੱਖ ਮੰਤਰੀ ਵਲੋਂ ਅਹੁਦੇ ਦੀ ਦੁਰਵਰਤੋਂ ਕਰਦਿਆਂ ਇਕ ਬੱਸ ਪਰਮਿਟ 'ਤੇ ਗੈਰਕਾਨੂੰਨੀ ਢੰਗ ਨਾਲ 10-10 ਬੱਸਾਂ ਚਲਾਈਆਂ ਜਾ ਰਹੀਆਂ ਹਨ। ਇਸ ਤੋਂ ਇਲਾਵਾ ਵੱਡੇ ਪੱਧਰ 'ਤੇ ਭ੍ਰਿਸ਼ਟਾਚਾਰ ਜਾਰੀ ਹੈ। ਉਨ੍ਹਾਂ ਕਿਹਾ ਕਿ ਜਦੋਂ ਅਜਿਹੇ ਹਾਲਾਤ ਬਣ ਜਾਣ ਤਾਂ ਹੁਕਮਰਾਨਾਂ ਨੂੰ ਸੱਤਾ 'ਤੇ ਬਣੇ ਰਹਿਣ ਦਾ ਕੋਈ ਅਧਿਕਾਰ ਨਹੀਂ ਹੈ।

ਹਾਂਸੀ-ਬੁਟਾਣਾ ਨਹਿਰ ਦੀ ਵਿਵਾਦਤ ਕੰਧ ਬਾਰ ਸੁਪਰੀਮ ਕੋਰਟ ਵੱਲੋਂ ਸੁਣਾਏ ਫੈਸਲੇ 'ਤੇ ਟਿੱਪਣੀ ਕਰਦਿਆਂ ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਆਪਣਾ ਪੱਖ ਰੱਖਣ 'ਚ ਬੁਰੀ ਤਰ੍ਹਾਂ ਨਾਕਾਮ ਰਹੀ ਹੈ। ਉਨ੍ਹਾਂ ਕਿਹਾ ਕਿ ਜੇ ਸਰਕਾਰ ਵੱਲੋਂ ਪੰਜਾਬ ਦੇ ਪਾਣੀਆਂ ਦੀ ਰਾਖੀ ਲਈ ਸਮੇਂ ਸਿਰ ਇਸ ਕੇਸ ਦੀ ਸਹੀ ਤਰੀਕੇ ਨਾਲ ਪੈਰਵਾਈ ਕੀਤੀ ਜਾਂਦੀ ਤਾਂ ਅਦਾਲਤ ਦਾ ਫੈਸਲਾ ਕੁਝ ਹੋਰ ਹੋਣਾ ਸੀ ਪਰ ਅਕਾਲੀ-ਭਾਜਪਾ ਗੱਠਜੋੜ ਨੇ ਇਸ ਪਾਸੇ ਧਿਆਨ ਦੇਣ ਦੀ ਬਜਾਏ ਆਪਣੀ ਸਾਰੀ ਤਾਕਤ ਕੇਂਦਰ ਸਰਕਾਰ ਨੂੰ ਨਿੰਦਣ 'ਤੇ ਲਾ ਦਿੱਤੀ।

ਇਥੇ ਮੁਹਾਲੀ ਅਦਾਲਤ 'ਚ ਪੇਸ਼ੀ ਭੁਗਤਣ ਆਏ ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਕਿ ਕੇਂਦਰੀ ਜਲ ਕਮਿਸ਼ਨਰ ਜਦੋਂ ਪਹਿਲਾਂ ਪੰਜਾਬ ਵਿਚ ਤਾਇਨਾਤ ਸਨ ਤਾਂ ਉਸ ਵੇਲੇ ਉਨ੍ਹਾਂ ਚੀਫ ਇੰਜੀਨੀਅਰਾਂ ਸਮੇਤ ਹੋਰ ਮਾਹਰਾਂ ਨੂੰ ਨਾਲ ਲੈ ਕੇ ਪੰਜਾਬ, ਹਰਿਆਣਾ ਤੇ ਹਿਮਾਚਲ ਰਾਜਾਂ ਦਾ ਤੂਫ਼ਾਨੀ ਦੌਰਾ ਕਰਕੇ ਕਿਹਾ ਸੀ ਕਿ ਜੇ ਹਾਂਸੀ-ਬੁਟਾਣਾ ਨਹਿਰ ਦੇ ਨੇੜੇ ਕੰਧ ਕੀਤੀ ਗਈ ਤਾਂ ਇਹ ਪੰਜਾਬ ਲਈ ਕਾਫੀ ਨੁਕਸਾਨਦਾਇਕ ਸਾਬਤ ਹੋਵੇਗੀ ਪਰ ਹੁਣ ਉਹ ਕਮਿਸ਼ਨਰ ਕੇਂਦਰ ਵਿਚ ਤਾਇਨਾਤ ਹੈ।


ਅੱਜ ਹੀ ਸਾਨੂੰ ਕਾਲ ਕਰੋ!
1.888.888.9914
ooraa
WE WORK IN ALL 50 STATES & CANADA
ਕਰੈਡਿਟ ਕਾਰਡ ਪੇਮੈਂਟਾਂ ਨੇ ਪ੍ਰੇਸ਼ਾਨ ਕੀਤਾ ਹੈ?
ਹਜਾਰਾਂ ਡਾਲਰ ਬਚਾਓ ਅਤੇ ਜਾਨ ਸੁਖੀ ਕਰੋ
ਤੁਸੀ ਆਪਣੀ ਰਹਿੰਦੀ ਪੇਮੈਂਟ 70% ਤੱਕ ਘਟਾ ਸਕਦੇ ਹੋ
ਲੇਟ ਫੀਸ ਅਤੇ ਓਵਰ ਲਿਮਿਟ ਫੀਸ ਖਤਮ ਕਰ ਸਕਦੇ ਹੋ
ਆਪਣਾ ਕਰੈਡਿਟ ਬਹਾਲ ਕਰਾਓ,
ਬੈਂਕਰਪਸੀ ਤੋਂ ਬਚੋ!
CREDIT CARD
WE CAN HELP YOU TO RESOLVE YOUR IRS TAX DEBT TODAY
- #1 Ranked By Numerous Organizations
- Achieve Financial Peace of Mind
- Get The Fastest Possible Solution
- 100% Confidential
- Help Stop Wage Garnishments And Bank Levies
- Help You Have Peace Of Mind



A & I Transport Inc.
123 E Lee Rd., Watsonville, CA, 95076
Ph:831-763-7805
A&I WATSONVILLE, CA.
ਓਨਰ ਅਪਰੇਟਰਾਂ ਅਤੇ ਡਰਾਈਵਰਾਂ ਦੀ ਲੋੜ ਹੈ
11 ਵੈਸਟਰਨ ਸਟੇਟਾਂ ਅਤੇ ਲੋਕਲ (ਕੈਲੀਫੋਰਨੀਆ) ਵਾਸਤੇ
> ਅਸੀਂ 1990 ਤੋਂ ਕੁਆਲਿਟੀ ਸੇਵਾਵਾਂ ਦੇ ਰਹੇ ਹਾਂ
> 21 ਸਾਲਾਂ ਤੋਂ ਸਮੇਂ ਸਿਰ ਪੇਮੈਂਟ
Weekly Pay Roll
2011-12 ਮਾਡਲ ਦੇ ਨਵੇਂ ਨਕੋਰ ਟਰੱਕ





ਹੋਰ ਜਾਣਕਾਰੀ ਲਈ ਸੰਪਰਕ ਕਰੋ
ਫੋਨ: 1-888-664-4004
Fax: 831-724-2010 e-mail: aa@aitruckingllc.com
ਏ. ਐਂਡ ਆਈ. ਟਰਾਂਸਪੋਰਟ
ਵਾਟਸਨਵਿਲ, ਕੈਲੀਫੋਰਨੀਆ



Dhillon Truck Stop
Dhillon Road Service
Interstate 40, exit 356, San Jon, NM
Gill Manj Gurdaspur Wale
ਪੰਜਾਬੀ ਢਾਬਾ





ਡੀਜ਼ਲ ਅਤੇ ਰੋਡ ਸਰਵਿਸ
New & Used Tires
Oil Change
ਨਿਊ ਮੈਕਸੀਕੋ ਦੀ ਸਕੇਲ ਉਤੇ ਵੀ ਸਰਵਿਸ ਦਿੰਦੇ ਹਾਂ
Ph:575-576-4111, 317-918-6776


ਦੂਜਾ ਕਬੱਡੀ ਕੱਪ
ਬੇਕਰਸਫੀਲਡ ਵਿੱਚ
ਸਮੂਹ ਬੇਕਰਸਫੀਲਡ ਸੰਗਤਾਂ ਵਲੋਂ
15 ਅਕਤੂਬਰ 2011 ਦਿਨ ਸ਼ਨੀਵਾਰ
ਸਥਾਨ ▸ ਗੁਰਦੁਆਰਾ ਸ੍ਰੀ ਗੁਰੂ ਅੰਗਦ ਦਰਬਾਰ
8100, ਸਟਾਈਨ ਰੋਡ, ਬੇਕਰਸਫੀਲਡ
ਸਵੇਰੇ 9:00 ਤੋਂ ਸ਼ਾਮ 6:00 ਵਜੇ ਤੱਕ
ਇਸ ਟੂਰਨਾਮੈਂਟ ਵਿੱਚ ਰੈਫਰੀ ਦਾ ਫੈਸਲਾ ਅਟੱਲ ਹੋਵੇਗਾ
ਜੇਤੂ ਕਲੱਬ ਦਾ ਪਹਿਲਾ ਇਨਾਮ $ 5100, ਦੂਜਾ ਇਨਾਮ $ 3100
21 ਸਾਲ ਤੋਂ ਘੱਟ ਉਮਰ ਵਾਲੀਆਂ ਟੀਮਾਂ ਲਈ ਪਹਿਲਾ ਇਨਾਮ $ 2100 ਅਤੇ ਦੂਜਾ $ 1100
ਕਿਸੇ ਕਿਸਮ ਦੀ ਜਾਣਕਾਰੀ ਲਈ ਕਾਲ ਕਰ ਸਕਦੇ ਹੋ
ਜੱਸੀ ਗਿੱਲ 661-331-6766
ਜੀਤਾ ਮਾਣਕ 661-444-7799
ਬਲਜੀਤ ਧੂਤ 661-304-0087
ਦੀਪਾ ਢੀਡਸਾ 661-444-7666
ਜੀਤਾ ਢਿਲੋਂ 661-472-3717
ਗੁਰਿੰਦਰ ਬਸਰਾ 661-873-5181
ਤਰਲੋਚਨ ਸਿੰਘ 661-979-1495
ਸੇਵਾ ਕੁਲਥਮ 661-204-3785
ਗੁਰਮੀਤ ਸਿੱਧੂ 661-332-9491
ਜਾਪੀ ਢਿਲੋਂ 661-301-4693
ਜਗਤਾਰ ਗਿੱਲ 661-900-7466
ਮਲਕੀਤ ਸਿੰਘ 661-978-5795
ਸਹਿਯੋਗੀ ਸੱਜਣ : ਅਮਰੀਕ ਅਟਵਾਲ, ਤਰਲੋਚਨ ਸਿੰਘ ਮੁੰਡੀ, ਜਗੀਰ ਸਿੰਘ ਨਾਗਰਾ, ਬਲਦੇਵ ਸਰਾਂ, ਗੁਰਪ੍ਰੀਤ ਰਾਏ, ਨਿਕਸਨ (GTC), ਪਾਲਾ ਮੰਨਣ, ਮਨਜੀਤ ਧਾਲੀਵਾਲ, ਅਮਰੀਕ ਸਿੰਘ ਅਤੇ ਲਖਵੀਰ ਸਿੰਘ (PM), ਪਾਲ (ISD), ਸਿਕੰਦਰ ਜੱਸਤ, ਮਲਕੀਤ (ਡਾਲਾ), ਦਲਜੀਤ ਭੰਗੂ, ਗੁਰਸੇਵਕ ਭੰਗੂ, ਕਰਤਾਰ ਸਿੰਘ ਪਾਲੀ, ਜੋਬਨਜੀਤ (NRI Club), ਮਹਿੰਦਰ ਸਿੰਘ ਢੁੱਡੀਕੇ, ਹਰਜੀਤ ਸਿੰਘ (ਚੜਦੀਕਲਾ ਨਿਊਜ਼ਪੇਪਰ), ਸੁਖਵੀਰ ਗਿੱਲ, ਰੇਡੀਓ ਆਵਾਜ਼ ਪੰਜਾਬ ਦੀ, ਬਾਬਾ ਮਾਨ ਢੀਂਡਸਾ, ਰਾਮ ਸਿੰਘ ਸੰਘਾ, ਜੀਤਾ ਢਿਲੋਂ, ਦੀਪਾ ਢੀਂਡਸਾ, ਸੋਹੀ ਸਮਰ, ਹਰਮਨ ਤੂਰ, ਬਿੱਟਾ ਤੂਰ (PIXLEY) ਰਿਸ਼ਪਾਲ SUNRISE, ਬੌਬ ਬਾਠ (Pixley), ਪਰਦੀਪ ਬਰਾੜ, ਹਰਦਮ ਸਿੰਘ, ਬੌਵੀ (A1), ਦੀਦਾਰ ਸਿੰਘ, ਸੁਰਜੀਤ ਧਾਲੀਵਾਲ, ਗੁਰਚਰਨ ਢਿੱਲੋਂ, ਕੁਲਵੰਤ ਮਾਨ, ਗੁਰਬਖਸ਼ ਮਾਨ, ਹਾਕਮ ਸਿੰਘ, ਸਿਮਰਨ ਟੈਲੀਕਾਮ, ਰਿਸ਼ੂ ਅਤੇ ਖਹਿਰਾ (KTL), ਸੁੱਖੀ ਘੁੰਮਣ, ਕੁਲਦੀਪ ਤੂਰ, ਜਤਿੰਦਰ ਰੂਬੀ, ਲੱਕੀ ਸਿੰਘ, ਪਰਮਜੀਤ ਸਿੰਘ ਦੁਸਾਂਝ, ਅਜੀਤ ਸਿੰਘ ਭੱਠਲ 24/7, ਹੈਰੀ ਭੁੱਲਰ, ਦਲਜੀਤ (ਜਿੰਮੀ ਆਈਸਕ੍ਰੀਮ), ਅਜੈਬ ਸਿੰਘ, ਜਸਵੀਰ ਰਿਆੜ, ਜਗਦੀਪ ਬਿੰਦ, ਕੁਲਜੀਤ ਸਿੰਘ, ਭਰਪੂਰ ਸਿੰਘ, ਮਾਈਕ ਚੌਹਾਨ, ਬਿੱਲੂ (ਸੇਫਵੇਅ ਟਰੱਕ ਡਰਾਈਵਿੰਗ ਸਕੂਲ) ਬਲਦੇਵ ਸਿੰਘ, ਜਸਵੰਤ ਗਿੱਲ, ਸੋਨੂੰ ਅਤੇ ਜੀਤ (G&H), ਬਲਵਿੰਦਰ ਬਰਾੜ, ਭੁੱਲਰ, ਤਜਿੰਦਰ ਗਿੱਲ, ਧੀਰਾ (G.S.), T&H Transport, ਹੈਪੀ ਉਪਲ, ਦੀਪੀ ਸੰਧੂ, ਅਮਰੀਕ ਸੰਘਾ, ਕੁਲਦੀਪ ਬਾਠ, ਕੁਲਵੰਤ ਸਿੰਘ, ਸੋਨੀ ਬੁੱਟਰ, ਜਗਮੀਤ ਬਰਾੜ, ਜਾਪੀ ਤੱਖਰ, ਦੀਪਾ ਸਿੱਧੂ, ਲਾਲੀ ਸਿੱਧੂ, ਸੁਰਜੀਤ ਸਿੰਘ (ਅਰਵਨ), ਹੈਰੀ ਢਿੱਲੋਂ, ਕੁਲਦੀਪ ਰੰਧਾਵਾ, ਬੱਬੀ ਬੈਂਸ, ਨਿੱਕੂ, ਕਮਲਜੀਤ ਢਿੱਲੋਂ, ਫੌਜੀ, ਦਵਿੰਦਰ ਰਾਣਾ (F.B.T.), ਪਾਲਾ ਸੇਖੋਂ, ਹਰਪ੍ਰੀਤ ਸਿੰਘ (A&P Tire), ਸੁੱਖੀ (S&M), ਪ੍ਰਿੰਸ (Prince Transport), ਰਾਜ (Dango Express), ਸੁਲੱਖਣ ਰਾਏ, ਦੀਪਾ ਸਿਵੀਆ, ਬਲਦੇਵ ਸਿੰਘ (FRED LIQUOR) ਬਲਜੀਤ ਨਿਰਵੈਨ, ਅਮਰੀਕ ਗੋਰਾਇਆ, ਮਨੀ ਰਾਏ, ਸੁਖਪਾਲ ਸਿੰਘ, ਬਲਦੇਵ ਪੰਮਾ ਅਤੇ ਬਲਵੰਤ (Grimmway Farm), ਨਿਰਮਲ ਗਿੱਲ, ਗੁਰਮੀਤ ਸਿੱਧੂ, ਐਨ. ਕੇ. ਸਾਈਨ, ਸੁਖਦੇਵ ਗਿੱਲ, ਛੱਤੀ ਗਿੱਲ, Magoos Pizza, Senior Citizen Center, Amigos Pizza, Taj Mahal, Reliable Whole Sale, All India Sweet & Spices, Gilson Jewellers, Amar Mohamed, Magic Auto, Bobby Five Star, Bob Virk, Amarjit Singh Brar, Road Liner Log, Bhuto, B&B Reg. & Travel Services ਕਮੇਟੀ ਗੁਰਦੁਆਰਾ ਗੁਰੂ ਅੰਗਦ ਦਰਬਾਰ, ਗੁਰਦੁਆਰਾ ਗੁਰੂ ਨਾਨਕ ਮਿਸ਼ਨ, ਗੁਰਦੁਆਰਾ ਸਿੱਖ ਸੈਂਟਰ, ਗੁਰਦੁਆਰਾ ਸਿੱਖ ਟੈਂਪਲ, ਗੁਰਦੁਆਰਾ ਦਸਮੇਸ਼ ਦਰਬਾਰ, ਅਤੇ ਸਮੂਹ ਇਲਾਕਾ ਨਿਵਾਸੀ ।
ਨੋਟ : ਮੈਚ 9:00 ਵਜੇ ਸ਼ੁਰੂ ਹੋਵੇਗਾ ਅਤੇ ਹਰ ਇਕ ਟੀਮ ਦੀ ਐਂਟਰੀ ਮੈਚ ਤੋਂ 30 ਮਿੰਟ ਪਹਿਲਾਂ ਜ਼ਰੂਰੀ ਹੈ ।
ਟੀਮਾਂ ਦੀ ਐਂਟਰੀ ਲਈ ਕਾਲ ਕਰ ਸਕਦੇ ਹੋ
ਇਸ ਟੂਰਨਾਮੈਂਟ ਦੀ ਕੁਮੈਂਟਰੀ ਰਾਜਵਿੰਦਰ ਸਿੰਘ ਰੰਡਿਆਲਾ
ਅਤੇ ਜਗਦੀਪ ਬਿੰਦ ਕਰਨਗੇ
ਹਰ ਪਾਸੇ ਸਿਕਿਊਰਿਟੀ ਦਾ ਪੱਕਾ ਪ੍ਰਬੰਧ ਹੋਵੇਗਾ
Design & Print
Quik Signs
www.quiksigns.us
*661-703-8795 *661-900-7357
singh_tanjit@yahoo.com or manmit5020@yahoo.com

# ਸ਼ਿਕਾਗੋ 'ਚ ਗਾਇਕ ਸਤਿੰਦਰ ਸਰਤਾਜ ਦਾ ਕਾਮਯਾਬ ਸ਼ੋਅ

**ਸ਼ਿਕਾਗੋ:** ਸੂਫੀ ਸ਼ਾਇਰ ਤੇ ਗਾਇਕ ਹੋਣ ਦੇ ਦਾਅਵੇਦਾਰ ਸਤਿੰਦਰ ਸਰਤਾਜ ਦਾ ਸ਼ਿਕਾਗੋ ਵਿਚ ਲੰਘੀ 17 ਸਤੰਬਰ ਨੂੰ ਰੇਡੀਓ ਦੇਸੀ ਜੰਕਸ਼ਨ ਅਤੇ ਹੀਰ ਐਂਟਰਟੇਨਮੈਂਟ ਦੇ ਬੈਨਰ ਥੱਲੇ ਹੋਇਆ ਪਹਿਲਾ ਸ਼ੋਅ ਕਾਰੋਬਾਰੀ ਪੱਖ ਤੋਂ ਪੂਰੀ ਤਰ੍ਹਾਂ ਕਾਮਯਾਬ ਰਿਹਾ। ਇਥੋਂ ਦੀ ਇਕ ਸਬਰਬ ਪਾਰਕ ਰਿਜ਼ ਦਾ 'ਪਿਕ ਵਿਕ' ਥੀਏਟਰ ਸ਼ਿਕਾਗੋ ਏਰੀਏ ਤੋਂ ਇਲਾਵਾ ਵਿਸਕਾਨਸਿਨ, ਮਿਸ਼ੀਗਨ, ਇੰਡੀਆਨਾ ਅਤੇ ਓਹਾਇਓ ਜਿਹੀਆਂ ਦੂਰ ਦੁਰੇਡੀਆਂ ਥਾਂਵਾਂ ਤੋਂ ਆਏ ਸਰੋਤਿਆਂ ਨਾਲ ਕਰੀਬ ਕਰੀਬ ਪੂਰਾ ਭਰਿਆ ਹੋਇਆ ਸੀ। ਪਿਛਲੇ ਕਈ ਸਾਲਾਂ ਵਿਚ ਸ਼ਿਕਾਗੋ ਵਿਚ ਕਿਸੇ ਵੀ ਕਲਾਕਾਰ ਦਾ ਸ਼ਾਇਦ ਇਹ ਦੂਜਾ ਸ਼ੋਅ ਸੀ ਜਿਸ ਵਿਚ ਪਰਮੋਟਰ ਨੇ ਲਾਜ਼ਮੀ ਤੌਰ 'ਤੇ ਪੈਸੇ ਬਚਾਏ ਹੋਣਗੇ। ਇਸ ਵਪਾਰਕ ਕਾਮਯਾਬੀ ਪਿਛੇ ਨਿਸ਼ਚਿਤ ਤੌਰ 'ਤੇ ਹੀਰ ਐਂਟਰਟੇਨਮੈਂਟ ਵਾਲੇ ਸ਼ਿਕਾਗੋ ਦੇ ਬਿਹਤਰੀਨ ਮੇਜ਼ਬਾਨ ਕਰ ਕੇ ਜਾਣੇ ਜਾਂਦੇ ਹੈਪੀ ਹੀਰ ਤੇ ਉਸ ਦੇ ਸਾਥੀ ਸਨ। ਦੋ ਕੁ ਮਹੀਨੇ ਪਹਿਲਾਂ ਹੀਰ ਐਂਟਰਟੇਨਮੈਂਟ ਵਲੋਂ ਹੀ ਮਿਸ ਪੂਜਾ ਦਾ ਕਰਵਾਇਆ ਗਿਆ ਸ਼ੋਅ ਵਪਾਰਕ ਪੱਖੋਂ ਪੂਰਾ ਕਾਮਯਾਬ ਰਿਹਾ ਸੀ। ਸਤਿੰਦਰ ਅਤੇ ਪੂਜਾ ਦੇ ਇਨ੍ਹਾਂ ਸ਼ੋਆਂ ਵਿਚ ਸਾਂਝੀ ਗੱਲ ਇਹ ਰਹੀ ਕਿ ਦੋਵੇਂ ਕਲਾਕਾਰ ਸ਼ਿਕਾਗੋ ਵਿਚ ਪਹਿਲੀ ਵਾਰ ਆਏ ਸਨ ਅਤੇ ਇਨ੍ਹਾਂ ਦੋਹਾਂ ਸ਼ੋਆਂ ਪਿਛੇ ਵਪਾਰਕ ਸਫਲਤਾ ਦੀ ਕੁੰਜੀ ਹੈਪੀ ਹੀਰ ਦਾ ਮੰਤਰ ਹੀ ਸੀ। ਵਰਨਾ ਪੂਜਾ ਦੇ ਸ਼ੋਅ ਤੋਂ ਮਹੀਨਾ ਪਹਿਲਾਂ ਉਸੇ ਹੀ ਥਾਂ ਪਰਮੋਟਰ ਦੀ ਕਮਜ਼ੋਰੀ ਕਰਕੇ ਗਾਇਕ ਸਰਬਜੀਤ ਚੀਮਾ ਦਾ ਸ਼ੋਅ ਮਸੀਂ ਸੱਠ ਸਰੋਤੇ ਹੀ ਜੁਟਾ ਸਕਿਆ ਸੀ।

ਪ੍ਰੋਗਰਾਮ ਦਾ ਆਗਾਜ਼ ਕਰਦਿਆਂ ਸਰਤਾਜ ਨੇ ਹਾਜਰ ਸਰੋਤਿਆਂ ਨੂੰ ਖੁਸ਼ ਕਰਨ ਲਈ ਉਨ੍ਹਾਂ ਦੀ ਪ੍ਰਸ਼ੰਸਾ ਵਿਚ ਕਿਹਾ, ਏਨੀਆਂ ਪੱਗਾਂ ਬਾਹਰ ਪਹਿਲੀ ਵਾਰ ਦੇਖੀਆਂ, ਤੁਹਾਡੇ ਕਰਕੇ ਹੀ ਫਨਕਾਰੀਆਂ ਨੇ। ਤੇ ਫਿਰ ਉਸ ਸਰੋਤਿਆਂ ਦੀ ਨਜ਼ਰ ਕੀਤਾ, "ਸਾਈਂ ਵੇ ਸਾਈਂ... ਸਾਡੀ ਫਰਿਆਦ ਤੇਰੇ ਤਾਂਈਂ।" ਜੇ ਸਹੀ ਸ਼ਬਦਾਂ ਵਿਚ ਕਹਿਣਾ ਹੋਵੇ ਤਾਂ ਇਹੀ ਗੀਤ ਉਸ ਦੀ ਗਾਇਕੀ ਦਾ ਮੁਢ ਹੈ ਅਤੇ ਇਹੀ ਸਿਖਰ, ਵਿਚ-ਵਿਚਾਲੇ ਉਹ ਜੋ ਮਰਜੀ ਫਿਟ ਕਰਦਾ ਫਿਰੇ-ਹਲਕੀ-ਫੁਲਕੀ ਤੁਕਬੰਦੀ, ਰੈਪ, ਅਖਾਉਤੀ ਸੂਫੀ ਗਾਇਕੀ ਜਾਂ ਫਿਰ 'ਅੱਧੀ ਕਿਕ ਨਾਲ ਸਟਾਰਟ ਮੇਰਾ ਯਾਮਾ...।'

ਸ਼ਿਕਾਗੋ ਦੇ ਸਰੋਤਿਆਂ ਨੂੰ ਹੋਰ ਖੁਸ਼ ਕਰਨ ਲਈ ਸਰਤਾਜ ਬੋਲਿਆ, ਮੈਨੂੰ ਸ਼ਿਕਾਗੋ ਦੀ ਧੁਪ ਬਹੁਤ ਚੰਗੀ ਲੱਗੀ ਅਤੇ ਆਪਣੇ ਯੂਨੀਵਰਸਿਟੀ ਵਿਚ ਪੜ੍ਹਨ ਦੇ ਦਿਨਾਂ ਦੀ ਯਾਦ ਆ ਗਈ। ਆਪਣੇ ਕਈ ਹੋਰ ਸੰਗੀਤ ਸ਼ੋਆਂ ਦੀ ਤਰਜ਼ ਉਤੇ ਸਰੋਤਿਆਂ ਨੂੰ ਖੁਸ਼ ਕਰਨ ਲਈ ਉਸ ਇਸ ਸ਼ੋਅ ਵਿਚ ਵੀ ਦਾਅਵਾ ਕੀਤਾ ਕਿ ਉਹ ਇਹ ਗੀਤ ਪਹਿਲੀ ਵਾਰ ਸਟੇਜ਼ ਤੇ ਗਾ ਰਿਹਾ ਹੈ,

ਲੋਕੀਂ ਚਾਂਦਨੀਆਂ ਦੇ ਆਸ਼ਕ,
ਪਰ ਮੈਂ ਧੁਪ ਦਾ ਆਸ਼ਕ ਹਾਂ,
ਲੋਕੀਂ ਸ਼ੋਰ ਸ਼ਰਾਬਾ ਚਾਹੁੰਦੇ
ਪਰ ਮੈਂ ਚੁਪ ਦਾ ਆਸ਼ਕ ਹਾਂ।

ਇਸੇ ਨੁਸਖੇ ਨੂੰ ਅਗੇ ਤੋਰਦਿਆਂ ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਦੇ ਹਵਾਲੇ ਨਾਲ ਉਸ ਦਸਿਆ ਕਿ ਇਹ ਗੀਤ ਉਸ ਨੇ ਰਾਤ ਅਚਾਨਕ ਤਿੰਨ ਵਜੇ ਜਾਗ ਖੁਲ੍ਹ ਜਾਣ ਤੇ ਦੋ ਨੰਬਰ ਹੋਸਟਲ ਦੇ ਕਮਰਾ ਨੰਬਰ 1/43 ਦੀ ਬਾਲਕਾਨੀ ਵਿਚ ਬਹਿ ਕੇ ਤਾਰਿਆਂ ਦੀ ਛਾਵੇਂ ਉਨ੍ਹਾਂ ਨਾਲ ਸੰਵਾਦ ਰਚਾਉਂਦਿਆਂ ਲਿਖਿਆ ਸੀ। ਚੰਗੀ ਗੱਲ ਇਹ ਰਹੀ ਕਿ ਉਸ ਇਹ ਗੀਤ ਬਿਨਾ ਕਿਸੇ ਸੰਗੀਤ ਤੋਂ ਸਰੋਤਿਆਂ ਦੀ ਨਜ਼ਰ ਕੀਤਾ। ਬੋਲ ਸਨ,

ਤੀਜਾ ਰਾਤਰੀ ਦਾ ਪਹਿਰ ਮੇਰੀ ਅੱਖ ਖੁਲ੍ਹ ਗਈ।
ਮੇਰੇ ਖਵਾਬਾਂ 'ਤੇ ਤਾਰਿਆਂ ਦੀ ਲੋਅ ਡੁਲ ਗਈ।
ਜਦੋਂ ਤਕਿਆ ਤਾਂ ਅਗੋ ਮੁਸਕਾਣ ਲੱਗ ਪਏ।
ਚੁਪ ਚਾਪ ਕਾਇਨਾਤ ਵਿਚ ਗਾਉਣ ਲੱਗ ਪਏ।

ਕਿਆ ਖੂਬ ਹੈ ਜੋ ਸਰਤਾਜ ਨੂੰ ਜਾਗਦਿਆਂ ਵੀ ਖਵਾਬ ਦਿਸਦੇ ਹਨ। ਇਕ ਹੋਰ ਗੀਤ ਸ਼ੁਰੂ ਕਰਨ ਤੋਂ ਪਹਿਲਾਂ ਉਸ ਦਸਿਆ ਕਿ ਇਹ ਉਸ ਨੇ 12 ਦਸੰਬਰ 2008 ਨੂੰ ਸ਼ਾਮ ਪੰਜ ਵਜੇ ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਦੀ ਲਾਇਬ੍ਰੇਰੀ ਵਿਚ ਬਹਿ ਕੇ ਲਿਖਿਆ ਸੀ। ਸੱਚਮੁਚ ਹੀ ਉਸ ਦੀ ਰਚਨਾ ਪ੍ਰਕ੍ਰਿਆ ਅਤੇ ਯਾਦਦਾਸ਼ਤ ਦੀ ਦਾਦ ਦੇਣੀ ਬਣਦੀ ਹੈ। ਸਰਤਾਜ ਦੇ ਅਗਲੇ ਗੀਤ ਦੇ ਬੋਲ ਪਹਿਲੀ ਨਜ਼ਰੇ ਤਾਂ ਬਹੁਤ ਦਿਲ ਟੁੰਬਵੇਂ ਲਗੇ, ਦੂਜੀ ਨਜ਼ਰੇ ਭਾਵੇਂ ਇਹ ਵੀ ਇਕ ਤਰ੍ਹਾਂ ਦੀ ਸਾਧਾਰਣ ਤੁਕਬੰਦੀ ਹੀ ਭਾਸੀ। ਬੋਲ ਸਨ,

ਜਿਨ੍ਹਾਂ ਦੇ ਯਾਰ ਰੱਬ ਵਰਗੇ,
ਉਨ੍ਹਾਂ ਕਾਬੇ ਤੋਂ ਕੀ ਲੈਣਾ।
ਹਕੂਮਤ ਦਿਲ ਤੇ ਕਰਨੀ ਹੈ,
ਤਾਂ ਫਿਰ ਦਾਬੇ ਤੋਂ ਕੀ ਲੈਣਾ।
ਇਕ ਨਾਨਕ ਬਥੇਰਾ ਏ,
ਕਿਸੇ ਬਾਬੇ ਤੋਂ ਕੀ ਲੈਣਾ।

ਗੀਤ ਦੇ ਅਗਲੇ ਬੰਦ ਦੇ ਸ਼ਬਦ ਸਰੋਤਿਆਂ ਦੇ ਕੰਨਾਂ ਦੇ ਨਾਲ ਨਾਲ ਉਨ੍ਹਾਂ ਦੇ ਦਿਮਾਗ ਦੀ ਤਵਜੋ ਵੀ ਮੰਗਦੇ ਸਨ। ਬੋਲਾਂ 'ਤੇ ਜਰਾ ਗੌਰ ਕਰੋ:

ਕਦੀ ਇਤਿਹਾਸ ਕੌਮਾਂ ਦੇ ਵੀ
ਪੜ੍ਹ ਲੈਣਾ ਜਰੂਰੀ ਏ,
ਨਲਵੇ ਤੇ ਗਦਰੀ ਬਾਬੇ ਬਾਝੋਂ
ਇਤਿਹਾਸ ਅਧੂਰਾ ਏ।
ਤੁਸੀ ਬੱਚਿਆਂ ਨੂੰ ਦਸਿਉ ਕਿ,
ਅਸਾਂ ਸਰਾਭੇ ਤੋਂ ਕੀ ਲੈਣਾ...।

ਗਹਿਰ-ਗੰਭੀਰ ਜਾਪਦੇ ਇਸ ਗੀਤ ਦੇ ਅਗਲੇ ਬੋਲ ਗੌਰ ਫੁਰਮਾਓ,

ਜਿਨਾਂ ਦੇ ਘਰ ਸਵਾਣੀ ਏ
ਉਨ੍ਹਾਂ ਨੇ ਢਾਬੇ ਤੋਂ ਕੀ ਲੈਣਾ।

ਗੁਰਦਾਸ ਮਾਨ ਦੇ ਇਕ ਗੀਤ ਦੀ ਤਰਜ ਉਤੇ ਉਸ ਪੰਜਾਬ ਦੇ ਰਵਾਇਤੀ ਸਭਿਆਚਾਰ ਨੂੰ ਕੁਝ ਇਸ ਤਰ੍ਹਾਂ ਚੇਤੇ ਕੀਤਾ,



ਯਾਰ ਪੰਜਾਬੀ ਸੀ,
ਉਹ ਸਾਡਾ ਪਿਆਰ ਪੰਜਾਬੀ ਸੀ।
ਸ਼ਿਮਲਾ, ਚੰਬਾ, ਰੋਪੜ ਤੇ
ਹਿਸਾਰ ਪੰਜਾਬੀ ਸੀ।
ਮੁਲਕ ਤਾਂ ਕੀ ਵੰਡਣਾ ਸੀ
ਪੰਜਾਬ ਹੀ ਵੰਡ ਹੋਇਆ।

ਸਿੱਖ ਦੀ ਦਸਤਾਰ ਦੇ ਸਤਿਕਾਰ ਵਿਚ ਉਸ ਆਪਣਾ ਲੋਕਪ੍ਰਿਅ ਗੀਤ ਪੂਰੀ ਤਵੱਜੋ ਨਾਲ ਸੁਣ ਰਹੇ ਸਰੋਤਿਆਂ ਦੀ ਨਜ਼ਰ ਕੀਤਾ, 'ਦੁਸ਼ਮਣ ਵੀ ਹੋਵੇ ਭਾਵੇਂ ਦਸਤਾਰ ਕਦੇ ਨਹੀਂ ਲਾਹੀਦੀ।'

ਹਾਲ ਵਿਚ ਬੈਠੇ ਇਕ ਸਰੋਤੇ ਦੀ ਟਿੱਪਣੀ ਸੀ, ਦਸਤਾਰ ਦੀ ਗੱਲ ਕਰਨ ਤੋਂ ਪਹਿਲਾਂ ਸਰਤਾਜ ਆਪਣੀ ਦਸਤਾਰ ਵੱਲ ਤਾਂ ਖਿਆਲ ਕਰ ਲਵੇ, ਪਿਛੋਂ ਫੰਡੇ ਛੱਡੇ ਐ, ਦਸਤਾਰ ਦੀ ਇਹ ਕਿਹੜੀ ਕਦਰ ਹੈ ਭਲਾ? ਇਕ ਹੋਰ ਗੀਤ ਵਿਚ ਜਦੋਂ ਸਰਤਾਜ ਨੇ ਆਪਣੇ ਆਪ ਨੂੰ ਸੂਫੀ ਆਖਿਆ ਤਾਂ ਇਕ ਸਰੋਤੇ ਦੀ ਨਾਰਾਜ਼ਗੀ ਸੀ, "ਆਹ ਯਾਮ੍ਹੇ ਵਾਲਾ ਗੀਤ ਭਲਾ ਕਿਹੜੀ ਸੂਫੀ ਗਾਇਕੀ ਹੈ ਬਈ, ਬੁੱਲੇ ਸ਼ਾਹ ਵਾਲੀ, ਸ਼ਾਹ ਹੁਸੈਨ ਵਾਲੀ ਜਾਂ ਫਿਰ ਇਸ ਨੇ ਕੋਈ ਬੰਬਈਆ ਸੂਫੀ ਉਸਤਾਦ ਧਾਰਿਐ!" ਇਕ ਹੋਰ ਸਰੋਤੇ ਦਾ ਗਿਲਾ ਸੀ, "ਸਰਤਾਜ ਆਪਣੇ ਆਪ ਨੂੰ ਸੰਗੀਤ ਦਾ ਵਿਦਿਆਰਥੀ ਅਤੇ ਅਧਿਆਪਕ ਕਹਿੰਦੈ, ਇਹ ਵੀ ਦੱਸਣ ਵਿਚ ਬੜਾ ਮਾਣ ਮਹਿਸੂਸ ਕਰਦੈ ਕਿ ਉਸ ਸੰਗੀਤ ਦੀ ਪੀ ਐਚ ਡੀ ਕੀਤੀ ਹੋਈ ਹੈ, ਆਪਣੇ ਆਪ ਨੂੰ ਸੂਫੀ ਗਾਇਕੀ ਦਾ ਸ਼ੈਦਾਈ ਵੀ ਕਹਿੰਦਾ ਹੈ, ਫਿਰ ਉਸ ਨੂੰ ਇੰਨਾ ਕੁ ਤੇ ਪਤਾ ਹੋਣਾ ਹੀ ਚਾਹੀਦਾ ਹੈ ਕਿ ਸੂਫੀ ਗਾਇਕੀ ਦੀਆਂ ਵੀ ਕੋਈ ਬੰਦਿਸ਼ਾਂ ਹਨ। ਜੇ ਕੋਈ ਐਰਾ ਗੈਰਾ ਇਹੋ ਜਿਹੀ ਗਲਤੀ ਕਰੇ ਤਾਂ ਮੁਆਫ ਕੀਤਾ ਜਾ ਸਕਦਾ ਹੈ ਪਰ ਸੰਗੀਤ ਦਾ ਵਿਦਵਾਨ ਅਖਵਾਉਣ ਵਾਲੇ ਨੂੰ ਨਹੀਂ।"



*ਸਾਈਂ ਵੇ ਸਾਈਂ... ਗੀਤ ਪੇਸ਼ ਕਰਦਾ ਸਰਤਾਜ*

ਸਰਤਾਜ ਬਾਰੇ ਸਟੇਜ ਤੋਂ ਬੋਲਣ ਵਾਲੇ ਬੇਸ਼ਕ ਆਖੀ ਜਾਣ ਕਿ ਸਰਤਾਜ ਨੇ ਐਮ ਏ, ਐਮ ਫਿਲ ਅਤੇ ਫਿਰ ਪੀ ਐਚ ਡੀ ਕੀਤੀ ਹੋਈ ਹੈ ਪਰ ਸਰਤਾਜ ਨੂੰ ਤੇ ਪਤਾ ਹੀ ਹੋਣਾ ਚਾਹੀਦੈ ਕਿ ਜਦੋਂ ਕੋਈ ਪੀ ਐਚ ਡੀ ਕਰ ਲਵੇ, ਐਮ ਏ, ਐਮ ਫਿਲ ਤਾਂ ਉਵੇਂ ਹੀ ਪਿਛੇ ਰਹਿ ਜਾਂਦੀਆਂ ਹਨ ਜਿਵੇਂ ਪਹਿਲੀ ਜਾਂ ਦੂਜੀ ਜਮਾਤ! ਸੰਗੀਤ ਆਚਾਰੀਆ ਨੂੰ ਤਾਂ ਉਸ ਹੱਦ ਦਾ ਪਤਾ ਹੋਣਾ ਹੀ ਚਾਹੀਦਾ ਹੈ ਜਿਥੇ ਜਾ ਕੇ ਸੰਗੀਤ ਸ਼ੋਰ ਬਣ ਜਾਂਦਾ ਹੈ। ਖਾਸ ਕਰਕੇ ਇਸ ਗੱਲ ਨੂੰ ਧਿਆਨ ਵਿਚ ਰੱਖਦਿਆਂ ਕਿ ਸਰਤਾਜ ਬਹੁਤੇ ਗੀਤ ਆਪ ਹੀ ਲਿਖਦਾ ਹੈ, ਆਪ ਹੀ ਸੰਗੀਤ ਤਿਆਰ ਕਰਦਾ ਹੈ ਅਤੇ ਆਪ ਹੀ ਗਾਉਂਦਾ ਹੈ। ਹਾਂ, ਜੇ ਉਹ ਕਹੇ ਮੇਰਾ ਤਾਂ ਭਾਈ ਇਹ ਵਪਾਰ ਹੈ ਤਾਂ ਉਸ ਨੂੰ ਸਭ ਮੁਆਫ ਹੈ, ਐਨ ਉਵੇਂ ਹੀ ਜਿਵੇਂ ਪੰਜਾਬੀ ਸੰਗੀਤ ਵਿਚ ਨਿਤ ਕੈਸਿਟਾਂ ਕੱਢੀ ਜਾਂਦੇ ਹਰ ਲੰਡੀ ਬੁਚੀ ਗਾਇਕ ਨੂੰ।

ਇਕ ਵਾਰ ਫਿਰ ਇਹ ਗੱਲ ਚੇਤੇ ਕਰਨੀ ਬਣਦੀ ਹੈ ਕਿ ਜਦੋਂ ਵੀ ਉਸ ਕੋਈ ਗੀਤ ਬਹੁਤ ਹਲਕੇ ਸੰਗੀਤ ਦੇ ਪਿਛੋਕੜ ਨਾਲ ਗਾਇਆ, ਉਸ ਦਾ ਇਕ ਆਪਣੀ ਕਿਸਮ ਦਾ ਪ੍ਰਭਾਵ ਸਿਰਜ ਹੋਇਆ। ਜੇ ਉਸ ਚਿਮਟਾ ਵਜਾਇਆ ਤਾਂ ਉਸ ਦਾ ਵੀ ਇਕ ਪ੍ਰਭਾਵ ਬਣਿਆ ਪਰ ਜਦੋਂ ਉਸ ਚਿਮਟੇ ਨੂੰ ਵੀ ਸ਼ੋਰ ਦੇ ਬਾਕੀ ਸਾਧਨਾਂ ਵਿਚ ਸ਼ਾਮਲ ਕਰ ਲਿਆ ਤਾਂ ਇਹੀ ਚਿਮਟਾ ਬੁਰਾ ਵੀ ਲੱਗਣ ਲੱਗ ਪਿਆ, ਬੇਸ਼ਕ ਜਾਹਰ ਉਹ ਇਹ ਕਰਨ ਦੀ ਕੋਸ਼ਿਸ਼ ਕਰਦਾ ਸੀ ਕਿ ਉਹ ਵਜਦ ਵਿਚ ਆਏ ਕਿਸੇ ਸੂਫੀ ਗਾਇਕ ਦੀ ਤਰ੍ਹਾਂ ਆਪਾ ਭੁਲਾ ਬੈਠਾ ਹੈ। ਜਰਾ ਵੀ ਹੋਸ਼ ਹਵਾਸ਼ 'ਚ ਬੈਠਾ ਸਰੋਤਾ ਇਸ ਗੱਲੋਂ ਵਾਕਫ ਸੀ ਕਿ ਕਿਥੇ ਵਜਦ ਖਤਮ ਹੁੰਦਾ ਸੀ ਤੇ ਕਿਥੋਂ ਅਜੋਕੀ ਬੀਟ ਵਾਲੀ ਪੰਜਾਬੀ ਪਾਪ ਗਾਇਕੀ। ਕਹਿੰਦੇ ਨੇ, ਸਰਤਾਜ ਭੰਗੜੇ ਦਾ ਵੀ ਚੰਗਾ ਨਚਾਰ ਰਿਹਾ ਹੈ, ਸ਼ਾਇਦ ਉਹ ਭੁਲ ਜਾਂਦਾ ਹੋਵੇਗਾ ਕਿ ਉਹ ਸੂਫੀ ਗਾਇਕ ਹੋਣ ਦਾ ਭਰਮ ਪੈਦਾ ਕਰਨ ਦੀ ਕੋਸ਼ਿਸ਼ ਕਰ ਰਿਹਾ ਸੀ। ਉਂਜ ਸਰੋਤਿਆਂ ਨੇ ਉਸ ਦੇ ਇਸ ਗੀਤ ਨੂੰ ਵੀ ਚੰਗਾ ਪਸੰਦ ਕੀਤਾ,

ਦਿਲ ਪਹਿਲਾਂ ਜਿਹਾ ਨਹੀਂ ਰਿਹਾ
ਇਹ ਕਠੋਰ ਹੋ ਗਿਆ।
ਵੇਖੇ ਦੁਨੀਆਂ ਦੇ ਰੰਗ, ਥੋੜਾ ਹੋਰ ਹੋ ਗਿਆ।

ਸ਼ਾਇਦ ਉਸ ਦੀ ਗਾਇਕੀ ਨੇ ਵੀ ਦੁਨੀਆਂ ਦੇ ਰੰਗ ਵੇਖ ਕੇ ਹੋਰ ਰੰਗ ਫੜ ਲਿਆ ਹੋਵੇ। ਸਰਤਾਜ ਦੀ ਸ਼ਾਇਰੀ ਦੀ ਇਕ ਖਾਸੀਅਤ ਇਹ ਜ਼ਰੂਰ ਨੋਟ ਕੀਤੀ ਜਾ ਸਕਦੀ ਹੈ ਕਿ ਉਸ ਦੀਆਂ ਤਸ਼ਬੀਹਾਂ ਵਿਚ ਕਈ ਥਾਂ ਠੇਠ ਪੰਜਾਬੀ ਰੰਗ ਦੇ ਸ਼ਬਦ ਉਭਰ ਕੇ ਸਾਹਮਣੇ ਆਉਂਦੇ ਹਨ। ਉਸ ਦੇ ਇਕ ਗੀਤ ਦੀ ਇਕ ਤੁਕ ਸੀ, "ਫੰਭੀ ਜਿਉਂ ਪਲਾਹੀਂ ਦੀ।" ਬਥੇਰੇ ਸਰੋਤੇ ਇਸ ਗੱਲ ਨਾਲ ਸਹਿਮਤ ਹੋਣਗੇ ਕਿ ਉਨ੍ਹਾਂ ਦੀ ਸਿਮ੍ਰਤੀ ਵਿਚੋਂ ਇਹ ਤਸ਼ਬੀਹ ਸ਼ਾਇਦ ਅਲੋਪ ਹੋ ਚੁਕੀ ਹੈ।

ਆਪਣੇ ਇਸ ਸ਼ੋਅ ਨੂੰ ਠੇਠ ਪੰਜਾਬੀ ਲੋਕ ਰੰਗ ਦੇਣ ਲਈ ਸਰਤਾਜ ਨੇ ਕੁਝ ਟੱਪੇ ਵੀ ਸੁਣਾਏ ਜਿਨ੍ਹਾਂ ਵਿਚੋਂ ਕਈ ਉਸ ਦੀ ਆਪਣੀ ਤੁਕਬੰਦੀ ਦੀ ਸਿਰਜਣਾ ਵੀ ਸਨ। ਕੁਝ ਟੱਪੇ ਸਨ,

ਬਾਗੇ ਵਿਚ ਪਿੱਤਲ ਪਿਆ
ਕਿ ਮਾਹੀ ਮੈਨੂੰ ਅੱਖ ਮਾਰੀ
ਮੇਰਾ ਹਾਸਾ ਨਿਕਲ ਗਿਆ।
-
ਕੋਠੇ 'ਤੇ ਰੱਸੀਆਂ ਨੇ
ਕਚੀਏ ਕਰਾਰਾਂ ਦੀਏ
ਗੱਲਾਂ ਘਰ ਜਾ ਕੇ ਦੱਸੀਆਂ ਨੇ।
-
ਕੋਠੇ 'ਤੇ ਤਾਰ ਪਈ
ਕਿ ਫੁਲ ਵੇ ਗੁਲਾਬ ਦਿਆ
ਰਾਤੀ ਤੇਰੇ ਪਿਛੇ ਮਾਰ ਪਈ।
-
ਕੋਠੇ ਤੋਂ ਉਡ ਕਾਂਵਾਂ
ਸਦ ਪਟਵਾਰੀ ਨੂੰ
ਜਿੰਦ ਮਾਹੀਏ ਦੇ ਨਾਂ ਲਾਵਾਂ।
-
ਦੋ ਤਾਰਾਂ ਲਿਸ਼ਕਦੀਆਂ
ਕਿ ਮੈਂ ਤੇਰੀ ਨਬਜ ਦੇਖੀ
ਤੈਨੂੰ ਮਰਜਾਂ ਇਸ਼ਕ ਦੀਆਂ।

ਪਰਦੇਸੀ ਸਰੋਤਿਆਂ ਦੀ ਨਬਜ਼ 'ਤੇ ਉਸ ਉਂਗਲ ਧਰੀ,

ਆਪਾਂ ਮਾਹੀਆ ਗਾ ਲਈਦਾ
ਜਦੋਂ ਜਿਥੇ ਜੀ ਕਰਦਾ
ਪੰਜਾਬ ਬਣਾ ਲਈਦਾ।

ਸਰਤਾਜ ਨੇ ਉਦੋਂ ਪਰਦੇਸੀਂ ਵੱਸੇ ਸਰੋਤਿਆਂ ਨੂੰ ਵਾਕਿਆ ਹੀ ਭਾਵੁਕ ਕਰ ਲਿਆ ਜਦੋਂ ਉਸ ਇਹ ਗੀਤ ਕਿਹਾ,

ਦੂਰੋਂ ਬੈਠ ਦੁਆਵਾਂ ਕਰਦੀ ਅੰਮੀ
ਦੁਖ ਸਾਡੇ ਲੇਖਾਂ ਦੇ ਜਰਦੀ ਅੰਮੀ
ਵਿਹੜੇ ਵਿਚ ਬੈਠੀ ਦਾ ਜੀ ਜਿਹਾ ਡੋਲੇ
ਸਾਨੂੰ ਕੁਝ ਨਾ ਹੋ ਜਾਏ ਡਰਦੀ ਅੰਮੀ।

ਹਲਕੇ ਹਲਕੇ ਸੰਗੀਤ ਦੀ ਧੁਨੀ 'ਤੇ ਇਸ ਗੀਤ ਰਾਹੀਂ ਸਰਤਾਜ ਨੇ ਮਾਂ ਦੇ ਵਿਛੋੜੇ ਦਾ ਦਰਦ ਸਹਿ ਰਹੇ ਕਈ ਸਰੋਤਿਆਂ ਦੀਆਂ ਅੱਖਾਂ ਨਮ ਕਰ ਦਿੱਤੀਆਂ।

ਉਸ ਦਾ "ਪਾਣੀ ਪੰਜਾਂ ਦਰਿਆਵਾਂ ਵਾਲਾ ਜਹਿਰੀ ਹੋ ਗਿਆ..." ਲੋਕਪ੍ਰਿਅ ਗੀਤ ਵੀ ਇਸ ਸ਼ੋਅ ਵਿਚ ਹਾਜ਼ਰ ਸਰੋਤਿਆਂ ਨੇ ਕਾਫੀ ਪਸੰਦ ਕੀਤਾ। ਪਰ ਅਗਲਾ ਡੀ ਜੇ ਦੇ ਸ਼ੋਰ ਵਾਲੇ ਸੰਗੀਤ ਦੀ ਸੰਗਤ ਵਿਚ ਗਾਇਆ ਗੀਤ 'ਜਿੱਤ ਦੇ ਨਿਸ਼ਾਨ' ਕੁਝ ਇਕ ਸਰੋਤਿਆਂ ਦੇ ਹੱਥ ਪੈਰ ਤਾਂ ਜ਼ਰੂਰ ਹਿਲਾਉਣ ਲੱਗ ਪਿਆ ਪਰ ਇਸ ਨੂੰ ਜਿੰਨੀ ਉਚੀ ਪਿੱਚ ਦੇ ਸੰਗੀਤ ਦੀ ਸੰਗਤ ਵਿਚ ਉਸ ਗਾਇਆ, ਉਸ ਨੂੰ ਸਹਿਣ ਲਈ ਬਥੇਰੇ ਸਰੋਤਿਆਂ ਨੂੰ ਬਾਅਦ ਵਿਚ ਐਡਵਿਲ ਖਾਣੀ ਪਈ ਹੋ ਸਕਦੀ ਹੈ। ਗੀਤ ਵਿਚ ਇਹ ਬੋਲ ਵੀ ਸ਼ਾਮਲ ਸਨ, ਪੀਣ ਵਾਲੇ ਪੀਣ ਦਾ ਜੁਗਾੜ ਤਾਂ ਬਣਾ ਹੀ ਲੈਂਦੇ।


ਪਾਠਕਾਂ ਠੀਕ ਬੁੱਝਿਆ ਇਹ ਗੀਤ ਸੁਣਨ ਲਈ ਘੱਟ ਅਤੇ ਨੱਚਣ ਲਈ ਵੱਧ ਸੀ। ਦਰਸ਼ਕਾਂ 'ਚੋਂ ਇਕ ਅੱਧ ਗੋਰੀ ਵੀ ਇਸ 'ਤੇ ਲੱਤਾਂ ਬਾਹਾਂ ਮਾਰਦੀ ਵੇਖੀ ਗਈ। ਇਸ ਦੌਰ ਦਾ ਸਿਖਰ ਵਾਕਿਆ ਹੀ "ਅੱਧੀ ਕਿੱਕ 'ਤੇ ਸਟਰਾਟ ਮੇਰਾ ਯਾਮਾ' ਵਾਲਾ ਗੀਤ ਹੀ ਸੀ। ਸਰਤਾਜ ਨੇ ਗਾਇਕੀ ਦਾ ਆਪਣਾ ਇਹ ਸ਼ੋਅ ਜਦੋਂ ਸ਼ੁਰੂ ਕੀਤਾ ਤਾਂ ਘੜੀ ਵੱਲ ਵੇਖਦਿਆਂ ਉਸ ਕਿਹਾ, "ਅੱਠ ਵੱਜ ਕੇ ਇੱਕੀ ਮਿੰਟ ਹੋਏ ਹਨ, ਗਿਆਰਾਂ ਇੱਕੀ ਤੱਕ ਤਾਂ ਗਾਵਾਂ ਗਾ ਹੀ, ਬਾਕੀ ਜੋ ਤੁਹਾਡਾ ਹੁਕਮ" ਅਤੇ ਜਦੋਂ ਉਸ ਕਰੀਬ ਸਵਾ ਗਿਆਰਾਂ ਇਹ ਗੱਲ ਮੁੜ ਚੇਤੇ ਕੀਤੀ, ਉਦੋਂ ਤੱਕ ਸਰੋਤੇ ਹਾਲ ਵਿਚੋਂ ਖਿਸਕਣੇ ਸ਼ੁਰੂ ਹੋ ਚੁਕੇ ਸਨ ਅਤੇ ਅਗਲੇ ਪੰਦਰਾਂ ਮਿੰਟ ਵਿਚ ਅੱਧੇ ਤੋਂ ਵੱਧ ਹਾਲ ਖਾਲੀ ਹੋ ਚੁਕਾ ਸੀ। ਤਿੰਨ ਘੰਟੇ ਤੋਂ ਵੱਧ ਗਾਉਣ ਦੀ ਨੌਬਤ ਹੀ ਨਾ ਆਈ।

ਜਿਥੋਂ ਤਕ ਸਤਿੰਦਰ ਸਰਤਾਜ ਦੇ ਸ਼ੋਅ ਦੇ ਕਲਾਤਮਕ ਪੱਖ ਦਾ ਸਵਾਲ ਹੈ, ਖੁਦ ਸਰਤਾਜ ਜਾਂ ਉਸ ਦੇ ਹਮਾਇਤੀਆਂ ਦੇ ਲੱਖ ਦਾਅਵਿਆਂ ਦੇ ਬਾਵਜੂਦ ਇਹ ਕਿਸੇ ਵੀ ਆਮ ਪੰਜਾਬੀ ਸ਼ੋਅ ਨਾਲੋਂ ਵਖਰਾ ਨਹੀਂ ਸੀ। ਕਿਹਾ ਜਾ ਸਕਦਾ ਹੈ ਕਿ ਸਰਤਾਜ ਦਾ ਇਹ ਸ਼ੋਅ ਸੂਫੀ ਹੋਣ ਦਾ ਭਰਮ ਪੈਦਾ ਕਰਦੀ ਸਾਧਾਰਣ ਤੁਕਬੰਦੀ ਵਾਲੀ ਸ਼ਾਇਰੀ, ਆਪਾ-ਵਿਰੋਧਾਂ ਅਤੇ ਸਾਰੀਆਂ ਬਾਜ਼ਾਰੀ ਜੁਗਤਾਂ ਦਾ ਮਿਲਗੋਭਾ ਸੀ। ਜਿਥੋਂ ਤਕ ਸਰੋਤਿਆਂ ਦਾ ਸਵਾਲ ਹੈ, ਉਨ੍ਹਾਂ ਆਮ ਕਰਕੇ ਸਰਤਾਜ ਨੂੰ ਬੜੇ ਧਿਆਨ ਅਤੇ ਤਹੰਮਲ ਨਾਲ ਸੁਣਿਆ, ਖਾਸ ਕਰ ਕੇ ਜਦੋਂ ਉਹ ਬਿਨਾ ਸੰਗੀਤ ਦੇ ਕੋਈ ਗੀਤ ਬੋਲਦਾ, ਪਰ ਜਦੋਂ ਉਹ ਬਹੁਤ ਉਚੇ ਸੰਗੀਤ ਨਾਲ ਗੈਰ-ਗੰਭੀਰ ਸਰੋਤਿਆਂ ਨੂੰ ਪ੍ਰਭਾਵਿਤ ਕਰਨ ਲਈ ਵਪਾਰਕ ਜੁਗਤਾਂ ਵਰਤਦਾ ਤਾਂ ਉਹ ਕਿਸੇ ਪੰਜਾਬੀ ਪਾਰਟੀ 'ਤੇ ਬਹੁਤ ਉਚੀ ਆਵਾਜ਼ ਵਿਚ ਲੱਗੇ ਡੀ ਜੇ ਦੇ ਕੰਨ ਪਾੜਵੇਂ ਸੰਗੀਤ ਤੋਂ ਵਧ ਨਾ ਜਾਪਦਾ। ਆਪਣੇ ਇਕ ਗੀਤ ਵਿਚ ਗੱਲ ਉਹ ਦਸਤਾਰ ਦੇ ਅਦਬ ਦੀ ਕਰ ਰਿਹਾ ਸੀ ਪਰ ਖੁਦ ਉਸ ਦਸਤਾਰ ਦੇ ਪਿਛੇ ਵਾਲ ਖਿਲਾਰੇ ਹੋਏ ਸਨ, ਇਕ ਹੋਰ ਗੀਤ ਵਿਚ ਕਹਿ ਉਹ ਇਹ ਰਿਹਾ ਸੀ ਕਿ ਮੈ ਸ਼ੋਰ ਦਾ ਨ੍ਹੀਂ ਚੁਪ ਦਾ ਆਸ਼ਕ ਹਾਂ ਪਰ ਖੁਦ ਉਸ ਦਾ ਸੰਗੀਤ ਕੰਨ ਪਾੜਵੇਂ ਸ਼ੋਰ ਤੋਂ ਵਧ ਕੁਝ ਨ੍ਹੀਂ ਸੀ ਜਾਪਦਾ, ਫਰਿਆਦ ਉਹ ਸਾਂਈਂ ਕੋਲ 'ਮਾੜਿਆਂ ਦੀ ਮੰਡੀ ਨਾ ਵਿਕਾਉਣ' ਦੀ ਕਰ ਰਿਹਾ ਸੀ ਪਰ ਆਪਣੇ ਸਰੋਤਿਆਂ ਨੂੰ ਗੀਤ ਉਹ ਇਸੇ ਹੀ ਮੰਡੀ ਦਾ ਸੁਣਾ ਰਿਹਾ ਸੀ, "ਅੱਧੀ ਕਿੱਕ 'ਤੇ ਸਟਾਰਟ ਮੇਰਾ ਯਾਮ੍ਹਾ, ਹੋਰ ਦੱਸ ਕੀ ਭਾਲਦੀ।"

ਸ਼ੋਅ ਦੌਰਾਨ ਮੰਚ ਸੰਚਾਲਨ ਦੇਸੀ ਜੰਕਸ਼ਨ ਦੇ ਮੇਜ਼ਬਾਨ ਜੱਸੀ ਪਰਮਾਰ, ਗੁਰਮੁਖ ਸਿੰਘ ਭੁਲਰ ਅਤੇ ਡਾ. ਹਰਜਿੰਦਰ ਸਿੰਘ ਖਹਿਰਾ ਨੇ ਕੀਤਾ। ਵਿਚ ਵਿਚਾਲੇ ਇਸ ਪ੍ਰੋਗਰਾਮ ਦੇ ਸਪਾਂਸਰਾਂ ਦਾ ਮਾਣ ਸਨਮਾਨ ਕੀਤਾ ਗਿਆ। ਇਹ ਰਸਮ ਹਾਸ ਰਸ ਕਵੀ ਮੇਜਰ ਸਿੰਘ ਮੌਜੀ ਦੀ ਸ਼੍ਰੀਮਤੀ ਬੀਬੀ ਜਸਬੀਰ ਕੌਰ ਹੀਰ ਅਤੇ ਸਥਾਨਕ ਬਿਜਨਸਮੈਨ ਬਲਵਿੰਦਰ ਸਿੰਘ ਸੰਧੂ ਨੇ ਨਿਭਾਈ। ਸਨਮਾਨ ਹਾਸਲ ਕਰਨ ਵਾਲੇ ਸਪਾਂਸਰਾਂ ਵਿਚ ਮੁੱਖ ਸਪਾਂਸਰ ਮਨਜਿੰਦਰ ਸਿੰਘ ਭੰਬਰਾ, ਦਵਿੰਦਰ ਸਿੰਘ ਰੰਗੀ, ਜੈ ਦੇਵ ਸਿੰਘ ਭੱਠਲ, ਬਲਬੀਰ ਸਿੰਘ ਬੈਦਵਾਨ, ਬਿੱਲਾ ਤੇ ਲੱਕੀ, ਰੋਮੀ ਘੋਤੜਾ, ਗੁਲਜਾਰ ਮੁਲਤਾਨੀ, ਮਨਦੀਪ ਸਿੰਘ ਭੂਰਾ, ਜੱਸੀ ਸਹੋਤਾ, ਤਾਰਿਕ, ਡਾ. ਹਰਜਿੰਦਰ ਸਿੰਘ ਖਹਿਰਾ, ਸਤਿੰਦਰ ਬੈਂਸ, ਅਜੀਤ ਅਮੈਰਿਕਨ ਬਰੋਕਰ, ਪਰਮਿੰਦਰ ਵਾਲੀਆ, ਡਾ. ਗੁਰਦਿਆਲ ਸਿੰਘ ਬਸਰਾਨ, ਹਰਦਿਆਲ ਸਿੰਘ ਦਿਉਲ, ਡਾ. ਹਰਗੁਰਮੁਖਪਾਲ ਸਿੰਘ, ਨਵੀਨ ਆਨੰਦ, ਜਸਕਰਨ ਧਾਲੀਵਾਲ, ਰਾਜਿੰਦਰ ਸਿੰਘ ਬੈਂਸ, ਸਤਿੰਦਰ ਸੁਸਾਣਾ, ਕਮਲਜੀਤ ਮਾਨ, ਜਸੀ ਪਰਮਾਰ, ਸੁਗਾ ਬਿਲਡਰਜ਼, ਜਸਬੀਰ ਸਿੰਘ, ਖੇਮ ਸਿੰਘ ਵਿਰਕ ਤੋਂ ਇਲਾਵਾ ਫਰੈਂਡਸ ਆਫ ਪੰਜਾਬ ਸੰਸਥਾ, ਪੰਜਾਬੀ ਅਮੈਰਿਕਨ ਯੂਥ ਕੱਲਬ ਇੰਡੀਆਨਾ, ਰੰਗਲਾ ਪੰਜਾਬ ਮਿਲਵਾਕੀ, ਹਰਕੀਰਤ ਸਿੰਘ ਲਾਇਨਜ਼ ਕਲੱਬ, ਫੈਨਜ਼ ਆਫ ਦੇਸੀ ਜੰਕਸ਼ਨ, ਆਈ ਓ ਸੀ ਮਿਲਵਾਕੀ ਆਦਿ ਸੰਸਥਾਵਾਂ ਸ਼ਾਮਲ ਸਨ। ਪ੍ਰਬੰਧਕਾਂ ਨੇ ਸਹਿਯੋਗ ਲਈ ਪੀ.ਐਚ.ਓ, ਪੀ.ਏ.ਓ, ਪੀ.ਸੀ.ਐਸ-ਸ਼ਿਕਾਗੋ ਅਤੇ ਪੰਜਾਬ ਸਪੋਰਟਸ ਕਲੱਬ ਦਾ ਵੀ ਧੰਨਵਾਦ ਕੀਤਾ।

ਸਰਤਾਜ ਅਤੇ ਬਾਕੀ ਕਲਾਕਾਰਾਂ ਦੇ ਰਹਿਣ ਦਾ ਇੰਤਜਾਮ ਕਰਨ ਵਾਲੇ ਸੁਰਜੀਤ ਕੌਰ ਬੈਂਸ ਨੇ ਸਰਤਾਜ ਦੋ-ਸ਼ਾਲਾ ਭੇਟ ਕੀਤਾ। ਪ੍ਰਬੰਧਕਾਂ ਵਲੋਂ ਸਰਤਾਜ ਨੂੰ ਸਨਮਾਨ ਚਿੰਨ੍ਹ ਦੇ ਕੇ ਉਸ ਦੀ ਗਾਇਕੀ ਦਾ ਮਾਣ ਕੀਤਾ ਗਿਆ।

***-ਸੁਰਿੰਦਰ ਸਿੰਘ ਭਾਟੀਆ***


YUBA BROTHERS
HOCKEY
FIELD 2011
Volley Ball, Kabaddi
TOURNAMENT
SEPTEMBER 30th OCTOBER 1st 2nd 2011
RIVER VALLEY HIGH SCHOOL
801 EL MARGARITA RD, YUBA CITY, CA 95993
PARTICIPATING TEAMS FROM :
Canada, Mexico National Team
L.A. Tigers, San Jose
Fremont, Fairfield
Yuba Brothers, Sacramento
and Girls High School Teams
FOR MORE INFO CALL
Surjit Nijjar 530-682-9596
Amrik Dosanjh 530-301-1888
T.J. Uppal 530-701-5541
Dave Atwal 209-456-2554
ORGANIZED BY :
YUBA BROTHERS FIELD HOCKEY CLUB
Free Entry
Free Food

# ਮਿਰਚਪੁਰ ਕਾਂਡ ’ਚ 15 ਜਣੇ ਦੋਸ਼ੀ ਕਰਾਰ

## ਦਲਿਤ ਬਜ਼ੁਰਗ ਤੇ ਧੀ ਨੂੰ ਜਿਊਂਦੇ ਸਾੜਣ ਦਾ ਮਾਮਲਾ

**ਨਵੀਂ ਦਿੱਲੀ:** ਦਿੱਲੀ ਦੀ ਅਦਾਲਤ ਨੇ ਪਿਛਲੇ ਸਾਲ ਹਰਿਆਣਾ ਦੇ ਪਿੰਡ ਮਿਰਚਪੁਰ ਵਿਚ ਇਕ 70 ਸਾਲਾ ਬਜ਼ੁਰਗ ਤੇ ਉਸ ਦੀ ਅਪਾਹਜ ਧੀ ਨੂੰ ਜ਼ਿੰਦਾ ਸਾੜਨ ਦੇ ਕੇਸ ਵਿਚ 97 ਮੁਲਜ਼ਮਾਂ ’ਚੋਂ 15 ਨੂੰ ਵੱਖ-ਵੱਖ ਫੌਜਦਾਰੀ ਧਾਰਾਵਾਂ ਤਹਿਤ ਦੋਸ਼ੀ ਕਰਾਰ ਦਿੱਤਾ ਹੈ। ਉਂਜ ਐਡੀਸ਼ਨਲ ਸੈਸ਼ਨ ਜੱਜ ਕਾਮਿਨੀ ਲਾਓ ਨੇ 15 ਮੁਲਜ਼ਮਾਂ ’ਚੋਂ ਕਿਸੇ ਨੂੰ ਵੀ ਕਤਲ ਦਾ ਦੋਸ਼ੀ ਨਹੀਂ ਠਹਿਰਾਇਆ। ਰਾਮਫਲ, ਰਾਜੇਂਦਰ ਤੇ ਕੁਲਵਿੰਦਰ ਨੂੰ ਤਾਰਾ ਚੰਦ ਦੇ ਘਰ ਨੂੰ ਅੱਗ ਲਾਉਣ ਬਦਲੇ ਭਾਰਤੀ ਦੰਡ ਵਿਧਾਨ ਦੀ ਧਾਰਾ 304 (ਗੈਰ ਇਰਾਦਾ ਕਤਲ) ਤਹਿਤ ਦੋਸ਼ੀ ਕਰਾਰ ਦਿੱਤਾ। 12 ਮੁਲਜ਼ਮਾਂ ਖ਼ਿਲਾਫ਼ ਅਗਜ਼ਨੀ, ਫਸਾਦ ਤੇ ਗੈਰ-ਕਾਨੂੰਨੀ ਇਕੱਤਰਤਾ ਜਿਹੀਆਂ ਹਲਕੀਆਂ ਦਫਾਵਾਂ ਤਹਿਤ ਦੋਸ਼ ਸਿੱਧ ਕੀਤੇ ਗਏ ਹਨ।



ਅਦਾਲਤ ਨੇ ਇਸ ਕੇਸ ਨਾਲ ਨਜਿੱਠਣ ਲਈ ਹਰਿਆਣਾ ਪੁਲਿਸ ਦੀ ਖਿਚਾਈ ਕਰਦਿਆਂ ਕਿਹਾ ਕਿ ਸਮੁੱਚੇ ਮਾਮਲੇ ਨੂੰ ਸਹੀ ਤਰ੍ਹਾਂ ਨਹੀਂ ਨਜਿੱਠਿਆ ਗਿਆ। ਸੁਪਰੀਮ ਕੋਰਟ ਨੇ ਪਿਛਲੇ ਸਾਲ 9 ਦਸੰਬਰ ਨੂੰ ਇਸ ਕੇਸ ਦੀ ਸੁਣਵਾਈ ਹਰਿਆਣਾ ਤੋਂ ਦਿੱਲੀ ਤਬਦੀਲ ਕਰ ਦਿੱਤੀ ਸੀ। ਅਦਾਲਤ ਨੇ 15 ’ਚੋਂ 6 ਜਣਿਆਂ ਨੂੰ ਗੈਰ-ਕਾਨੂੰਨੀ ਢੰਗ ਨਾਲ ਇਕੱਠੇ ਹੋਣ, ਫਸਾਦ ਤੇ ਪਥਰਾਅ ਕਰਕੇ ਸੰਪਤੀ ਨੂੰ ਨੁਕਸਾਨ ਪਹੁੰਚਾਉਣ ਦੇ ਦੋਸ਼ੀ ਠਹਿਰਾਇਆ ਤੇ ਛੇ ਹੋਰਾਂ ਨੂੰ ਦਲਿਤ ਭਾਈਚਾਰੇ ਦੇ ਘਰਾਂ ਨੂੰ ਸਾੜਨ ਦਾ ਦੋਸ਼ੀ ਕਰਾਰ ਦਿੱਤਾ ਹੈ। ਅਦਾਲਤ ਨੇ 82 ਮੁਲਜ਼ਮਾਂ ਨੂੰ ਸਬੂਤਾਂ ਦੀ ਘਾਟ ਕਰਕੇ ਬਰੀ ਕਰ ਦਿੱਤਾ ਕਿਉਂਕਿ ਗਵਾਹੀਆਂ ਤੋਂ ਇਹ ਸਿੱਧ ਨਹੀਂ ਹੋ ਸਕਿਆ ਕਿ ਉਹ ਹਜੂਮ ਵਿਚ ਸ਼ਾਮਲ ਸਨ।

ਹੱਤਿਆ ਤੇ ਫਸਾਦ ਦੇ ਦੋਸ਼ਾਂ ’ਚੋਂ ਬਰੀ ਹੋਣ ਵਾਲਿਆਂ ਵਿਚ ਨਾਰਨੌਂਦ ਪੁਲਿਸ ਸਟੇਸ਼ਨ ਦਾ ਮੁਖੀ ਵਿਨੋਦ ਕੇ. ਕਾਜਲ ਸ਼ਾਮਲ ਹੈ। ਦੋਸ਼ੀਆਂ ਨੂੰ ਸਜ਼ਾਵਾਂ ਦੇਣ ਬਾਰੇ ਅਦਾਲਤ 29 ਸਤੰਬਰ ਨੂੰ ਦੋਵੇਂ ਪੱਖਾਂ ਦੀਆਂ ਦਲੀਲਾਂ ਸੁਣੇਗੀ ਜਿਨ੍ਹਾਂ ਤਿੰਨ ਮੁਲਜ਼ਮਾਂ ਨੂੰ ਧਾਰਾ 304 ਤਹਿਤ ਦੋਸ਼ੀ ਠਹਿਰਾਇਆ ਗਿਆ, ਉਨ੍ਹਾਂ ਨੂੰ ਵੱਧ ਤੋਂ ਵੱਧ ਉਮਰ ਕੈਦ ਦੀ ਸਜ਼ਾ ਹੋ ਸਕਦੀ ਹੈ।

## ਮਿਰਚਪੁਰਕਾਂਡ: ਤਰੀਕਵਾਰ ਵੇਰਵੇ

**21 ਅਪ੍ਰੈਲ 2010:** ਪਿੰਡ ਮਿਰਚਪੁਰ ’ਚ 70 ਸਾਲਾ ਦਲਿਤ ਅਤੇ ਉਸ ਦੀ 18 ਸਾਲਾ ਅਪਾਹਿਜ ਧੀ ਨੂੰ ਜੱਟਾਂ ਦੀ ਭੀੜ ਨੇ ਜ਼ਿੰਦਾ ਸਾੜਿਆ।

**ਅਗਸਤ 2010 :** ਸੁਪਰੀਮ ਕੋਰਟ ਦੇ ਦਖ਼ਲ ਪਿੱਛੋਂ ਪੁਲਿਸ ਵੱਲੋਂ ਕੇਸ ਦਰਜ।

**23 ਨਵੰਬਰ 2010:** ਪੀੜਤਾਂ ਅਤੇ ਗਵਾਹਾਂ ਨੂੰ ਤੰਗ ਕਰਨ ਕਰਕੇ ਸੁਪਰੀਮ ਕੋਰਟ ਵੱਲੋਂ ਕੇਸ ਚੰਡੀਗੜ੍ਹ ਤਬਦੀਲ ਕਰਨ ਦੇ ਹੁਕਮ।

**9 ਦਸੰਬਰ 2010:** ਸੁਪਰੀਮ ਕੋਰਟ ਵੱਲੋਂ ਕੇਸ ਦਿੱਲੀ ਤਬਦੀਲ।

**23 ਦਸੰਬਰ 2010:** ਅਡੀਸ਼ਨਲ ਸੈਸ਼ਨ ਜੱਜ ਕਾਮਨੀ ਲਾਊ ਵੱਲੋਂ ਕੇਸ ਦੀ ਸੁਣਵਾਈ ਸ਼ੁਰੂ।

**9 ਜਨਵਰੀ 2011:** ਅਦਾਲਤ ਵੱਲੋਂ ਮੁਲਜ਼ਮਾਂ ਨੂੰ ਹਿਸਾਰ ਤੋਂ ਤਿਹਾੜੀ ਜੇਲ੍ਹ ਭੇਜਣ ਦੇ ਹੁਕਮ।

**15 ਜਨਵਰੀ 2011:** ਜੱਟ ਭਾਈਚਾਰੇ ਧੜੇ ਵੱਲੋਂ ਰੋਸ ਮੁਜ਼ਾਹਰੇ।

**20 ਜਨਵਰੀ 2011:** ਕੇਸ ਦੀ ਜਾਂਚ ਸੀ.ਬੀ.ਆਈ. ਦੇ ਹਵਾਲੇ।

**1 ਫਰਵਰੀ 2011:** ਗਵਾਹਾਂ ਦੀ ਰਾਖੀ ਲਈ ਪਿੰਡ ਮਿਰਚਪੁਰ ’ਚ ਸੀ.ਆਰ.ਪੀ.ਐਫ. ਤਾਇਨਾਤ।

**10 ਫਰਵਰੀ 2011:** ਅਦਾਲਤ ਵੱਲੋਂ ਦਿੱਲੀ ਅਤੇ ਹਰਿਆਣਾ ਦੇ ਮੁੱਖ ਸਕੱਤਰਾਂ ਨੂੰ, ਗਵਾਹਾਂ ਨੂੰ ਲਿਜਾਉਣ ਅਤੇ ਉਨ੍ਹਾਂ ਦੇ ਰਹਿਣ ਦੇ ਪ੍ਰਬੰਧ ਦੇ ਹੁਕਮ।

**11 ਮਾਰਚ 2011:** ਅਦਾਲਤ ਵੱਲੋਂ 97 ਜਣਿਆਂ ਖ਼ਿਲਾਫ਼ ਦੋਸ਼ ਆਇਦ। ਇਨ੍ਹਾਂ ਵਿਚ ਨਾਰਨੌਂਦ ਥਾਣੇ ਦਾ ਐਸ.ਐਚ.ਓ. ਵਿਨੋਦ ਕਾਜਲ ਵੀ ਸ਼ਾਮਲ।

**30 ਮਾਰਚ 2011:** ਅਦਾਲਤ ਵੱਲੋਂ ਹਿਸਾਰ ਦੇ ਇੰਸਪੈਕਟਰ ਜਨਰਲ ਨੂੰ ਸੁਰੱਖਿਆ ’ਚ ਹੋਈ ਕੁਤਾਹੀ ਬਾਰੇ ਜਾਂਚ ਦੇ ਹੁਕਮ।

**25 ਅਪ੍ਰੈਲ 2011:** ਸੁਪਰੀਮ ਕੋਰਟ ਵੱਲੋਂ ਮੈਜਿਸਟਰੀਅਲ ਜਾਂਚ ਦੇ ਹੁਕਮ।

**24 ਮਈ 2011:** ਮੁਲਜ਼ਮਾਂ ’ਚੋਂ ਇਕ ਜਸਬੀਰ ਫਰਾਰ।

**26 ਮਈ 2011:** ਜਸਬੀਰ ਨੂੰ ਫੜਨ ਲਈ ਹਰਿਆਣਾ ਪੁਲਿਸ ਨੂੰ ਦਿੱਲੀ ਪੁਲਿਸ ਦੀ ਮੱਦਦ ਕਰਨ ਦੇ ਹੁਕਮ।

**23 ਜੂਨ 2011:** ਮ੍ਰਿਤਕ ਤਾਰਾ ਚੰਦ ਦੇ ਪੁੱਤਰ ਦੀ ਗਵਾਹੀ।

**2 ਅਗਸਤ 2011:** ਅਦਾਲਤ ਵੱਲੋਂ ਫੈਸਲਾ ਰਾਖਵਾਂ।

**17 ਸਤੰਬਰ 2011:** ਅਦਾਲਤ ਵੱਲੋਂ ਫੈਸਲਾ 24 ਸਤੰਬਰ ਨੂੰ ਸੁਣਾਉਣ ਦਾ ਐਲਾਨ।

**24 ਸਤੰਬਰ 2011:** ਅਦਾਲਤ ਵੱਲੋਂ 15 ਜਣੇ ਦੋਸ਼ੀ ਕਰਾਰ ਅਤੇ 82 ਜਣੇ ਬਰੀ। ਸਜ਼ਾ 29 ਸਤੰਬਰ ਨੂੰ ਸੁਣਾਈ ਜਾਵੇਗੀ।

# ਸੁਰੱਖਿਆ ਕੌਂਸਲ ’ਚ ਸਥਾਈ ਸੀਟ ਲਈ ਭਾਰਤੀ ਦਾਅਵੇਦਾਰੀ ਮਜਬੂਤ

**ਸੰਯੁਕਤ ਰਾਸ਼ਟਰ:** ਪ੍ਰਧਾਨ ਮੰਤਰੀ ਮਨਮੋਹਨ ਸਿੰਘ ਨੇ ਕਿਹਾ ਹੈ ਕਿ ਸੰਯੁਕਤ ਰਾਸ਼ਟਰ ਵਿਚ ਤੁਰੰਤ ਸੁਧਾਰ ਤੇ ਵਿਸਥਾਰ, ਅਤਿਵਾਦ ਖ਼ਿਲਾਫ਼ ਲੜਾਈ ਤੇ ਆਰਥਿਕ ਮੰਦਹਾਲੀ ਦੇ ਖਤਰੇ ਨਾਲ ਨਜਿੱਠਣ ਲਈ ਰਲ ਕੇ ਹੰਭਲਾ ਮਾਰਿਆ ਜਾਵੇ ਕਿਉਂਕਿ ਸਰਬੱਤ ਦੇ ਭਲੇ ਵਿਚ ਹੀ ਆਪਣਾ ਭਲਾ ਹੈ।

ਸੰਯੁਕਤ ਰਾਸ਼ਟਰ ਮਹਾਸਭਾ ਵਿਚ ਆਪਣੇ ਭਾਸ਼ਨ ਦੌਰਾਨ ਉਨ੍ਹਾਂ ਪੂਰੀ ਠੁੱਕ ਨਾਲ ਕਿਹਾ ਕਿ ਸੰਯੁਕਤ ਰਾਸ਼ਟਰ ਸੁਰੱਖਿਆ ਕੌਂਸਲ ਵਿਚ ਸਥਾਈ ਸੀਟ ਲਈ ਭਾਰਤ ਦਾ ਹੱਕ ਬਣਦਾ ਹੈ ਤੇ ਬਗੈਰ ਦੇਰੀ ਤੋਂ ਕੌਂਸਲ ਦਾ ਸੁਧਾਰ ਤੇ ਵਿਸਥਾਰ ਕੀਤਾ ਜਾਵੇ। ਉਨ੍ਹਾਂ ਇਸ ਕੌਮਾਂਤਰੀ ਮੰਚ ਤੋਂ ਅਮਰੀਕਾ ਤੇ ਯੂਰਪੀ ਯੂਨੀਅਨ ਸਣੇ ਹੋਰ ਵਿਕਸਤ ਮੁਲਕਾਂ ਨੂੰ ਚਿਤਾਵਨੀ ਦਿੱਤੀ ਕਿ ਜੇਕਰ ਉਹ ਆਪਣੇ ਹਿੱਤਾਂ ਨੂੰ ਮੁੱਖ ਰੱਖ ਕੇ ਵਿਕਾਸਸ਼ੀਲ ਮੁਲਕਾਂ ਦੀ ਆਰਥਿਕਤਾ ਨੂੰ 'ਟਿੱਚ' ਜਾਣਦੇ ਰਹੇ ਤਾਂ ਨਵੀਂ ਆਰਥਿਕ ਮੰਦੀ ਵੱਲ ਵੱਧ ਰਹੀ ਦੁਨੀਆਂ ਨੂੰ ਮੰਦਵਾੜੇ ਵਿਚ ਡੁੱਬਣ ਤੋਂ ਕੋਈ ਨਹੀਂ ਬਚਾ ਸਕਦਾ। ਉਨ੍ਹਾਂ ਕਿਹਾ ਕਿ ਅੱਜ ਦੁਨੀਆਂ ਦਾ ਆਰਥਿਕ ਸੰਕਟ ਡੂੰਘਾ ਹੁੰਦਾ ਜਾ ਰਿਹਾ ਹੈ ਤੇ ਇਸ ਨਾਲ ਕੌਮਾਂਤਰੀ ਵਿੱਤੀ ਪ੍ਰਣਾਲੀ ਢਹਿ-ਢੇਰੀ ਹੋ ਰਹੀ ਹੈ। ਇਸ ਸੰਕਟ ਵੇਲੇ ਇਕੱਠੇ ਹੋਣ ਦੀ ਲੋੜ ਹੈ ਨਾ ਕਿ ਸੁਆਰਥੀ ਬਣਨ ਦੀ।ਜੇਕਰ ਹੁਣ ਵੀ ਸਮਾਂ ਰਹਿੰਦਿਆਂ ਇਕਜੁੱਟ ਨਾ ਹੋਏ ਤਾਂ 'ਮੰਦਹਾਲੀ ਦਾ ਸ਼ੇਰ' ਸਾਰਿਆਂ ਨੂੰ ਖਾ ਜਾਵੇਗਾ।

ਤਿੰਨ ਸਾਲਾਂ ਦੇ ਵਕਫ਼ੇ ਮਗਰੋਂ ਮਹਾਸਭਾ ਵਿਚ ਬੋਲੇ ਪ੍ਰਧਾਨ ਮੰਤਰੀ ਨੇ ਅਤਿਵਾਦ ਦਾ ਜ਼ਿਕਰ ਕਰਦਿਆਂ ਕਿਹਾ ਕਿ ਹਰ ਤਰ੍ਹਾਂ ਦੇ ਅਤਿਵਾਦ ਖ਼ਿਲਾਫ਼ ਲੜਿਆ ਜਾਵੇ ਤੇ ਉਸ ਨੂੰ ਹਰ ਮੋਰਚੇ ’ਤੇ ਹਾਰ ਦਿੱਤੀ ਜਾਵੇ। ਆਪਣੇ ਹਿੱਤਾਂ ਮੁਤਾਬਕ ਅਤਿਵਾਦ ਨੂੰ 'ਚੰਗਾ ਜਾਂ ਮਾੜਾ' ਕਹਿਣ ਤੋਂ ਗੁਰੇਜ਼ ਕੀਤਾ ਜਾਵੇ। ਦੁਨੀਆਂ ਦੀ ਉੱਭਰ ਰਹੀ ਮਹਾਸ਼ਕਤੀ ਦੇ ਇਸ ਆਗੂ ਨੇ ਕਿਹਾ ਕਿ ਚਿਰਾਂ ਤੋਂ ਸੰਯੁਕਤ ਰਾਸ਼ਟਰ ਸੁਰੱਖਿਆ ਕੌਂਸਲ ਦੇ ਸੁਧਾਰ ਤੇ ਵਿਸਥਾਰ ਦੀ ਮੰਗ ਟਾਲੀ ਜਾ ਰਹੀ ਹੈ। ਇਹ ਦੁਨੀਆਂ ਲਈ ਬੜੀ ਘਾਤਕ ਗੱਲ ਹੈ। ਹੁਣ ਹਾਲਾਤ ਬਦਲ ਚੁੱਕੇ ਹਨ ਤੇ ਇਸ ਦਾ ਸੁਧਾਰ ਕਰਕੇ ਭਾਰਤ ਨੂੰ ਉਸ ਦਾ ਸਥਾਨ ਦਿੱਤਾ ਜਾਵੇ।

ਅਜਿਹਾ ਹੋਣ ਨਾਲ ਇਸ ਵਕਾਰੀ ਕੌਂਸਲ ਦੀ ਭਰੋਸੇਯੋਗਤਾ ਵਧੇਗੀ ਤੇ ਜਿਸ ਮਕਸਦ ਲਈ ਇਹ ਬਣੀ ਉਸ ਨੂੰ ਸਹੀ ਅਰਥਾਂ ਨਾਲ ਪੂਰਾ ਕੀਤਾ ਜਾ ਸਕਦਾ ਹੈ। ਅਤਿਵਾਦ ਤੋਂ ਪੀੜਤ ਭਾਰਤ ਦੀ ਗੱਲ ਕਰਦਿਆਂ ਉਨ੍ਹਾਂ ਕਿਹਾ ਕਿ ਦੁਨੀਆਂ ਵਿਚ ਦਹਿਸ਼ਤਵਾਦ ਦਾ ਖਾਤਮਾ ਆਪਸੀ 'ਖਿੱਚੋਤਾਣ' ਦੀ ਥਾਂ ਸਹਿਯੋਗ ਨਾਲ ਹੀ ਸੰਭਵ ਹੈ। ਮੱਧ ਪੂਰਬ ਵਿਚਲੇ ਮੁਲਕਾਂ ਦੀ ਮੌਜੂਦਾ ਹਾਲਤ ਦਾ ਜ਼ਿਕਰ ਕਰਦਿਆਂ ਉਨ੍ਹਾਂ ਕਿਹਾ ਕਿ ਇਹ 'ਕੋੜੀ



ਸੱਚਾਈ' ਹੈ ਕਿ ਇਨ੍ਹਾਂ ਮੁਲਕਾਂ ਵਿਚ 'ਬਾਹਰੀ ਦਖਲ' ਨੇ ਹੀ ਸਾਰਾ ਕੁਝ ਵਿਗਾੜਿਆ ਹੈ। ਹੁਣ ਇਸ ਵਿਗਾੜ ਦੀ ਤਰਾਸਦੀ ਉੱਥੋਂ ਦੇ ਲੋਕ ਭੁਗਤ ਰਹੇ ਹਨ।

ਆਪਣੇ ਭਾਸ਼ਨ ਦੇ ਅਖੀਰ ਵਿਚ ਪ੍ਰਧਾਨ ਮੰਤਰੀ ਨੇ ਕਿਹਾ ਕਿ ਅੱਜ ਦੁਨੀਆਂ ਦੇ ਜੋ ਆਰਥਿਕ ਤੇ ਸਿਆਸੀ ਹਾਲਾਤ ਹਨ, ਉਸ ਸੰਯੁਕਤ ਰਾਸ਼ਟਰ ਦੀ ਭੂਮਿਕਾ ਬੜੀ ਅਹਿਮ ਹੋ ਜਾਂਦੀ ਹੈ। ਇਹ ਸੰਸਥਾ ਦੁਨੀਆਂ ਨੂੰ ਸੱਚੀ-ਸੁੱਚੀ ਅਗਵਾਈ ਦੇ ਕੇ ਸਮੂਹਿਕ ਤੌਰ ’ਤੇ ਕਦਮ ਚੁੱਕੇ। ਭਾਰਤ ਇਸ ਨੇਕ ਕੰਮ ਵਿਚ ਉਸ ਦੀ ਜਿੱਥੇ ਵੀ ਤੇ ਜਦੋਂ ਵੀ ਲੋੜ ਹੈ ਹਰ ਸੰਭਵ ਮਦਦ ਕਰਨ ਲਈ ਤਿਆਰ ਹੈ।

# ਚੀਨੀ ਫੌਜੀਆਂ ਨੇ ਭਾਰਤੀ ਚਟਾਨਾਂ ਨੂੰ ‘ਆਪਣੇ ਰੰਗ ’ਚ’ ਰੰਗਿਆ

**ਲੇਹ:** ਚੀਨੀ ਫੌਜ ਨੇ ਭਾਰਤ ਦੇ ਅਧਿਕਾਰ ਵਾਲੇ ਖੇਤਰ ਨਯੋਮਾ ਭਾਗ ਦੇ ਝੂਮਰ ਡਵੀਜ਼ਨ ਗ਼ਚ ਤਾਜ਼ਾ ਗੜਬੜੀ ਦੌਰਾਨ ਪਹਾੜੀਆਂ ’ਤੇ ਲਾਲ ਰੰਗ ਨਾਲ ਤਾਰੇ ਦੇ ਨਿਸ਼ਾਨ ਬਣਾਏ ਤੇ ਇਸ ਦੌਰਾਨ ਉਨ੍ਹਾਂ ਨੇ ਸੈਨਾ ਦੇ ਨਾ ਵਰਤੇ ਜਾ ਰਹੇ ਬੰਕਰ ਤੇ ਕੁਝ ਟੈਂਟ ਨਸ਼ਟ ਕੀਤੇ। ਇਹ ਪ੍ਰਗਟਾਵਾ ਜੰਮੂ ਕਸ਼ਮੀਰ ਸਰਕਾਰ ਤੇ ਕੇਂਦਰੀ ਸੁਰੱਖਿਆ ਏਜੰਸੀ ਵੱਲੋਂ ਗ੍ਰਹਿ ਮੰਤਰਾਲੇ ਨੂੰ ਭੇਜੀ ਰਿਪੋਰਟ ’ਚ ਕੀਤਾ ਗਿਆ ਹੈ।

ਇਸ ਰਿਪੋਰਟ ’ਚ ਦੱਸਿਆ ਗਿਆ ਹੈ ਕਿ 25 ਅਗਸਤ ਨੂੰ ਚੀਨ ਦੇ ਦੋ ਹੈਲੀਕਾਪਟਰ ਭਾਰਤੀ ਅਧਿਕਾਰ ਵਾਲੇ ਖੇਤਰ ’ਚ ਦੋ ਤੋਂ ਢਾਈ ਕਿਲੋਮੀਟਰ ਅੰਦਰ ਆਏ ਤੇ ਉਨ੍ਹਾਂ ’ਚੋਂ ਉਤਰ ਕੇ ਦਰਜਨਾਂ ਚੀਨੀ ਫੌਜੀਆਂ ਨੇ ਬੰਕਰ ਤੇ ਟੈਂਟ ਨਸ਼ਟ ਕਰ ਦਿੱਤੇ। ਰਿਪੋਰਟ ਅਨੁਸਾਰ ਚੀਨੀ ਫੌਜੀਆਂ ਨੇ ਇਸ ਹਿੱਸੇ ਨੂੰ ਆਪਣਾ ਦਰਸਾਉਣ ਦੇ ਮਕਸਦ ਨਾਲ ਇਥੇ ਲਾਲ ਰੰਗ ਨਾਲ ਚੀਨ ਦੇ ਅਧਿਕਾਰ ਨੂੰ ਦਰਸਾਉਂਦੇ ਅੱਠ ਕੋਨਿਆਂ ਵਾਲੇ ਤਾਰੇ ਬਣਾਏ ਤੇ ਕੁਝ ਚੀਨੀ ਸਿਗਰਟਾਂ ਦੇ ਪੈਕਟ ਵੀ ਸੁੱਟੇ।

ਮਾਮਲੇ ਦੇ ਸਾਹਮਣੇ ਆਉਣ ਤੋਂ ਬਾਅਦ ਭਾਰਤ ਤਿੱਬਤ ਸਰਹੱਦ ਪੁਲਿਸ ਨੇ ਚਿੰਨ੍ਹਾਂ ਨੂੰ ਮਿਟਾ




ਦਿੱਤਾ। ਊਧਮਪੁਰ ਸਥਿਤ ਸੈਨਾ ਦੇ ਕਰਨਲ ਰਾਜੇਸ਼ ਕਾਲੀਆ ਨੇ ਸੈਨਾ ਵੱਲੋਂ ਕਿਸੇ ਵੀ ਕਾਰਵਾਈ ਤੋਂ ਇਨਕਾਰ ਕੀਤਾ ਪਰ ਭਾਰਤੀ ਹਵਾਈ ਸੈਨਾ ਦੇ ਚੀਫ਼ ਮਾਰਸ਼ਲ ਬਰਾਊਨ ਨੂੰ ਜਦੋਂ ਪਿਛਲੇ ਮਹੀਨੇ ਚੀਨੀ ਹੈਲੀਕਾਪਟਰਾਂ ਦੇ ਭਾਰਤ ਦੇ ਅਧਿਕਾਰ ਵਾਲੇ ਹਿੱਸੇ ’ਚ ਕੀਤੀ ਕਾਰਵਾਈ ਬਾਰੇ ਕਿਹਾ ਗਿਆ ਤਾਂ ਉਨ੍ਹਾਂ ਕਿਹਾ ਕਿ ਇਸ ਮੁੱਦੇ ’ਤੇ ਭਾਰਤੀ ਤਿੱਬਤੀ ਸਰਹੱਦੀ ਪੁਲਿਸ ਦੇ ਡਾਇਰੈਕਟਰ ਜਨਰਲ ਨਾਲ ਗੱਲ ਕੀਤੀ ਗਈ ਹੈ। ਨਯੋਮਾ ਦੇ ਸਬ ਡਵੀਜ਼ਨਲ ਮੈਜਿਸਟ੍ਰੇਟ ਨੇ ਇਹ ਰਿਪੋਰਟ ਲੇਹ ਦੇ ਡੀ.ਸੀ. ਨੂੰ ਦਿੱਤੀ ਸੀ ਜਿਨ੍ਹਾਂ ਨੇ ਰਿਪੋਰਟ ਸੂਬਾ ਸਰਕਾਰ ਨੂੰ ਸੌਂਪ ਦਿੱਤੀ ਸੀ।

# ਲਿਬੀਆ ਤੇ ਸੀਰੀਆ ਦੇ ਮਾਮਲੇ ’ਤੇ ਭਾਰਤ ਨਾਲ ਮਤਭੇਦ: ਅਮਰੀਕਾ

**ਵਾਸ਼ਿੰਗਟਨ:** ਅਮਰੀਕਾ ਨੇ ਮੰਨਿਆ ਹੈ ਕਿ ਲਿਬੀਆ ਤੇ ਸੀਰੀਆ ਦੇ ਮਾਮਲਿਆਂ ਵਿਚ ਉਸ ਦੇ ਭਾਰਤ ਨਾਲ ਮਤਭੇਦ ਹਨ। ਇਸੇ ਨਾਲ ਉਸ ਨੇ ਕਿਹਾ ਹੈ ਕਿ ਦੋਵਾਂ ਮੁਲਕਾਂ ਨੂੰ ਇਨ੍ਹਾਂ ਮਾਮਲਿਆਂ ’ਤੇ ਆਪਸੀ ਗਲਤਫਹਿਮੀਆਂ ਦੂਰ ਕਰਨ ਲਈ ਕੋਸ਼ਿਸ਼ਾਂ ਦੁਗਣੀਆਂ ਕਰਨੀਆਂ ਚਾਹੀਦੀਆਂ ਹਨ। ਅਮਰੀਕਾ ਦੇ ਦੱਖਣੀ ਤੇ ਕੇਂਦਰੀ ਏਸ਼ੀਆ ਬਾਰੇ ਉਪ ਵਿਦੇਸ਼ ਮੰਤਰੀ ਰੋਬਰਟ ਬਲੇਕ ਨੇ ਕਿਹਾ ਕਿ ਭਾਰਤ ਦੇ ਸੰਯੁਕਤ ਰਾਸ਼ਟਰ ਸੁਰੱਖਿਆ ਕੌਂਸਲ ’ਚ ਵੋਟਿੰਗ ਰਿਕਾਰਡ ’ਚ ਸੁਧਾਰ ਹੋਇਆ ਹੈ ਤੇ ਸਾਡੇ ਭਾਰਤ ਨਾਲ ਕੁਝ ਮਤਭੇਦ ਹਨ। ਸਾਡਾ ਮਤਭੇਦ ਸਿਰਫ ਲੀਬੀਆ ਦੇ ਮੁੱਦੇ ’ਤੇ ਹੀ ਨਹੀਂ ਸੀਰੀਆ ਦੇ ਮੁੱਦੇ ’ਤੇ ਵੀ ਹੈ। ਅਜਿਹੀਆਂ ਗਲਤਫਹਿਮੀਆਂ ਦੂਰ ਕਰਨ ਲਈ ਦੋਵਾਂ ਮੁਲਕਾਂ ਨੂੰ ਕੋਸ਼ਿਸ਼ਾਂ ਦੁਗਣੀਆਂ ਕਰਨੀਆਂ ਪੈਣਗੀਆਂ।

ਉਨ੍ਹਾਂ ਕਿਹਾ ਕਿ ਅਮਰੀਕਾ ਨੇ ਸਾਫ ਦੱਸ ਦਿੱਤਾ ਹੈ ਕਿ ਉਹ ਕੀ ਹਾਸਲ ਕਰਨਾ ਚਾਹੁੰਦਾ ਹੈ। ਉਨ੍ਹਾਂ ਮੁਤਾਬਕ ਸਾਰੇ ਮੱਧਪੂਰਬ ਵਿਚ ਇਕ ਬਰਾਬਰ ਟੀਚਾ ਹੀ ਪ੍ਰਾਪਤ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ ਪਰ ਇਸ ਨਾਲ ਗੱਲਬਾਤ ਦੀ ਮਹੱਤਤਾ ਨੂੰ ਉਤਸ਼ਾਹ ਮਿਲਦਾ ਹੈ।

ਸ੍ਰੀ ਬਲੇਕ ਨੇ ਕਿਹਾ ਕਿ ਭਾਰਤ ਤੇ ਅਮਰੀਕਾ ਨੇ ਇਨ੍ਹਾਂ ਮੁੱਦਿਆਂ ਤੋਂ ਵੀ ਗੁੰਝਲਦਾਰ ਮਾਮਲਿਆਂ ਉਪਰ ਮਿਲ ਕੇ ਕੰਮ ਕੀਤਾ ਹੈ। ਆਸ ਹੈ ਕਿ ਇਹ ਮਾਮਲਾ ਵੀ ਸੁਲਝ ਜਾਵੇਗਾ। ਸੰਯੁਕਤ ਰਾਸ਼ਟਰ ਸੁਰੱਖਿਆ ਕੌਂਸਲ ਵਿਚ ਸੁਧਾਰ ਬਾਰੇ ਉਨ੍ਹਾਂ ਕਿਹਾ ਕਿ ਪਿਛਲੇ ਨਵੰਬਰ ਵਿਚ ਭਾਰਤ ਦੇ ਦੌਰੇ ਸਮੇਂ ਅਮਰੀਕੀ ਰਾਸ਼ਟਰਪਤੀ ਨੇ ਭਾਰਤ ਦੀ ਉਮੀਦਵਾਰੀ ਦਾ ਸਮਰਥਨ ਕੀਤਾ ਸੀ।

# ਅਹਿਮਦਨਿਜਾਦ ਨੇ ਖੋਲ੍ਹੀ ਅਮਰੀਕਾ ਦੀ ਪੋਲ

**ਸੰਯੁਕਤ ਰਾਸ਼ਟਰ:** ਇਰਾਨ ਦੇ ਰਾਸ਼ਟਰਪਤੀ ਮੁਹੰਮਦ ਅਹਿਮਦੀਨੇਜਾਦ ਨੇ ਪੱਛਮੀ ਮੁਲਕਾਂ ਵੱਲੋਂ ਇਸਰਾਈਲ ਦੀ ਕੀਤੀ ਜਾ ਰਹੀ ਮਦਦ ਦੀ ਆਲੋਚਨਾ ਕੀਤੀ ਹੈ। ਇਸ ਦੌਰਾਨ ਅਮਰੀਕਾ ਤੇ ਯੂਰਪੀ ਯੂਨੀਅਨ ਦੇ ਨੁਮਾਇੰਦਿਆਂ ਨੇ ਅਹਿਮਦੀਨੇਜਾਦ ਦੇ ਭਾਸ਼ਣ ਦਾ ਬਾਈਕਾਟ ਕੀਤਾ।ਇਰਾਨ ਦੇ ਰਾਸ਼ਟਰਪਤੀ ਨੇ ਕਿਹਾ ਕਿ ਪੱਛਮੀ ਮੁਲਕ ਇਸਰਾਈਲ ਦੀ ਮਦਦ ਦਾ ਬਹਾਨਾ ਬਣਾ ਕੇ ਫਲਸਤੀਨੀਆਂ ’ਤੇ ਦਬਾਅ ਰਹੇ ਹਨ। ਉਧਰ ਅਮਰੀਕਾ ਨੇ ਕਿਹਾ ਕਿ ਅਹਿਮਦੀਨੇਜਾਦ ਨੇ ਆਪਣੇ ਮੁਲਕਾਂ ਦੇ ਲੋਕਾਂ ਦੀਆਂ ਮੁਸ਼ਕਲਾਂ ਬਾਰੇ ਦੁਨੀਆਂ ਨੂੰ ਦੱਸਣ ਦੀ ਥਾਂ ਹੋਰ ਗੱਲਾਂ ਵਿਚ ਸਮਾਂ ਬਰਬਾਦ ਕਰ ਦਿੱਤਾ। ਅਜਿਹਾ ਕਰਕੇ ਉਸ ਨੇ ਕੌਮਾਂਤਰੀ ਮੰਚ ਦਾ ਆਪਣੇ ਲੋਕਾਂ ਲਈ ਕੋਈ ਲਾਹਾ ਨਹੀਂ ਲਿਆ ਜਦੋਂ ਇਰਾਨ ਦੇ ਰਾਸ਼ਟਰਪਤੀ ਭਾਸ਼ਣ ਦੇ ਰਹੇ ਸਨ ਤਾਂ ਆਮ ਸਭਾ ਵਿਚ ਬੈਠੇ ਅਮਰੀਕੀ ਨੁਮਾਇੰਦੇ ਭਾਸ਼ਣ ਦੇ ਵਿਚਾਲੇ ਹੀ ਉੱਠ ਕੇ ਚਲੇ ਗਏ। ਯੂਰਪੀ ਯੂਨੀਅਨ ਦੇ 27 ਮੈਂਬਰ ਮੁਲਕਾਂ ਦੇ ਨੁਮਾਇੰਦੇ ਵੀ ਉਨ੍ਹਾਂ ਦੇ ਮਗਰ ਹੀ ਤੁਰ ਪਏ।

ਆਪਣੇ ਭਾਸ਼ਣ ਦੌਰਾਨ ਅਹਿਮਦੀਨੇਜਾਦ ਨੇ ਅਮਰੀਕਾ ’ਤੇ ਹੋਏ 9/11 ਦੇ ਹਮਲੇ ਨੂੰ ਬੜਾ ਭੇਤਪੂਰਨ ਕਰਾਰ ਦਿੱਤਾ। ਉਨ੍ਹਾਂ ਕਿਹਾ ਕਿ ਜਹਾਜ਼ਾਂ ਦੇ ਟਕਰਾਉਣ ਨਾਲ ਟਾਵਰ ਨਹੀਂ ਸਨ ਡਿੱਗ ਸਕਦੇ। ਇਥੋਂ ਤੱਕ ਕਿ ਉਨ੍ਹਾਂ ਨੇ ਅਮਰੀਕਾ ਵੱਲੋਂ ਓਸਾਮਾ ਬਿਨ ਲਾਦਿਨ ਨੂੰ ਮਾਰਨ ਬਾਰੇ ਵੀ ਕਈ ਤਰ੍ਹਾਂ ਦੇ ਸੁਆਲ ਖੜ੍ਹੇ ਕੀਤੇ। ਉਨ੍ਹਾਂ ਕਿਹਾ ਕਿ ਇਕ ਇੰਜੀਨੀਅਰ ਹੋਣ ਦੇ ਨਾਤੇ ਉਨ੍ਹਾਂ ਨੂੰ ਯਕੀਨ ਹੈ ਕਿ ਨਿਊਯਾਰਕ ਵਿਚ ਟਾਵਰ ਜਹਾਜ਼ਾਂ ਦੀ ਟੱਕਰ ਨਾਲ ਨਹੀਂ ਡਿੱਗੇ। ਦੋ ਟਾਵਰਾਂ ਨੂੰ ਸਿਰਫ ਟੱਕਰ ਨਾਲ ਡੇਗਣਾ ਸੰਭਵ ਨਹੀਂ ਹੈ। ਲੱਗਦਾ ਹੈ ਕਿ ਉਨ੍ਹਾਂ ਨੂੰ ਡੇਗਣ ਲਈ ਬਾਰੂਦ ਵਰਤਿਆ ਗਿਆ ਹੋਵੇ।

# ਸਤਲੁਜ ਦਰਿਆ ਦਾ ਪਾਣੀ ਬਣਿਆ 'ਜ਼ਹਿਰ'

**ਪਟਿਆਲਾ:** ਪੰਜਾਬ ਦੇ ਦਰਿਆਵਾਂ ਦਾ ਪਾਣੀ ਇਸ ਕਦਰ ਦੂਸ਼ਿਤ ਹੋ ਚੁੱਕਾ ਹੈ ਕਿ ਇਹ ਮਨੁੱਖਾਂ ਦੇ ਤਾਂ ਕੀ ਜਾਨਵਰਾਂ ਤੇ ਪਸ਼ੂ ਪੰਛੀਆਂ ਦੇ ਵੀ ਪੀਣਯੋਗ ਨਹੀਂ ਰਿਹਾ। ਖਾਸ ਕਰਕੇ ਇਸ ਸੂਬੇ ਲਈ ਪਾਣੀ ਦਾ ਮੁੱਖ ਸੋਮਾ ਸਮਝੇ ਜਾਂਦੇ ਸਤਲੁਜ ਦਰਿਆ ਦਾ ਪਾਣੀ ਵੀ ਬੁਰੀ ਤਰ੍ਹਾਂ ਪ੍ਰਦੂਸ਼ਣ ਦੀ ਭੇਟ ਚੜ੍ਹ ਚੁੱਕਾ ਹੈ। ਉਦਯੋਗਿਕ ਇਕਾਈਆਂ, ਸੀਵਰ ਤੇ ਹੋਰ ਇਕਾਈਆਂ ਵੱਲੋਂ ਸੁੱਟੇ ਜਾ ਰਹੇ ਗੰਦੇ ਪਾਣੀ ਕਾਰਨ ਇਸ ਵਿਚ ਪਲ ਰਹੀਆਂ ਮੱਛੀਆਂ ਵਿਚ ਵੀ ਵੱਡੀ ਮਾਤਰਾ ਵਿਚ ਨਿੱਕਲ ਪਾਇਆ ਜਾ ਰਿਹਾ ਹੈ ਜੋ ਮਨੁੱਖੀ ਜ਼ਿੰਦਗੀ ਲਈ ਘਾਤਕ ਹੈ।

ਅਜਿਹੇ ਤੱਥ ਪੰਜਾਬੀ ਯੂਨੀਵਰਸਿਟੀ ਦੇ ਜ਼ੂਆਲੋਜੀ ਤੇ ਵਾਤਾਵਰਣ ਵਿਗਿਆਨ ਵਿਭਾਗ ਵੱਲੋਂ ਹਾਲ ਹੀ ਵਿਚ ਕੀਤੀ ਗਈ ਖੋਜ ਦੌਰਾਨ ਸਾਹਮਣੇ ਆਏ ਹਨ। ਇਸ ਵਿਭਾਗ ਦੇ ਪ੍ਰੋ. ਹਰਭਜਨ ਕੌਰ ਦੀ ਅਗਵਾਈ ਹੇਠ ਉਨ੍ਹਾਂ ਦੀ ਵਿਦਿਆਰਥਣ ਮਿਸ ਜਾਸੂਜਾ ਵੱਲੋਂ ਇਸ ਬਾਰੇ ਕੀਤੀ ਗਈ ਇਹ ਖੋਜ ਰੌਂਗਟੇ ਖੜ੍ਹੇ ਕਰ ਦੇਣ ਵਾਲੀ ਹੈ। ਸਤਲੁਜ ਦਰਿਆ ਵਿਚੋਂ ਖਾਣ ਅਤੇ ਵਪਾਰਕ ਮੰਤਵ ਲਈ ਵਰਤੀਆਂ ਜਾ ਰਹੀਆਂ ਮੱਛੀਆਂ ਉਪਰ ਦੂਸ਼ਿਤ ਪਾਣੀ ਦੇ ਪ੍ਰਭਾਵ ਦੇ ਉਦੇਸ਼ ਨਾਲ ਕੀਤੀ ਗਈ ਇਸ ਖੋਜ ਦੌਰਾਨ ਪਾਇਆ ਗਿਆ ਹੈ ਕਿ ਸਤਲੁਜ ਦਰਿਆ ਵਿਚਲੀਆਂ ਵੱਖ ਵੱਖ ਕਿਸਮਾਂ ਦੀਆਂ ਮੱਛੀਆਂ ਅੰਦਰ ਵੱਡੇ ਪੱਧਰ 'ਤੇ ਨਿੱਕਲ ਦੀ ਮਾਤਰਾ ਮੌਜੂਦ ਹੈ ਜੋ ਇਨ੍ਹਾਂ ਮੱਛੀਆਂ ਨੂੰ ਖਾਣ ਵਾਲੇ ਵਿਅਕਤੀਆਂ ਦੀ ਸਿਹਤ ਲਈ ਖ਼ਤਰਨਾਕ ਹੈ।

ਪ੍ਰੋ. ਹਰਭਜਨ ਕੌਰ ਦਾ ਕਹਿਣਾ ਸੀ ਕਿ ਉਨ੍ਹਾਂ ਨੇ ਇਸ ਦੀ ਸ਼ੁਰੂਆਤ ਉਸ ਥਾਂ ਤੋਂ ਕੀਤੀ ਜਿੱਥੇ ਕਿ ਇਸ ਦਰਿਆ ਵਿਚ ਬੁੱਢੇ ਨਾਲੇ ਦਾ ਪਾਣੀ ਡਿੱਗਦਾ ਹੈ।ਪਰ ਹੈਰਾਨੀ ਵਾਲੀ ਗੱਲ ਇਹ ਹੈ ਕਿ ਇਸ ਥਾਂ 'ਤੇ ਮੱਛੀਆਂ ਹੀ ਨਹੀਂ ਮਿਲੀਆਂ। ਅਜਿਹੀ ਸਫਲਤਾ ਉਨ੍ਹਾਂ ਨੂੰ ਇਸ ਜਗ੍ਹਾ ਤੋਂ ਤਕਰੀਬਨ 15 ਕਿਲੋਮੀਟਰ ਦੇ ਫਾਸਲੇ 'ਤੇ ਜਾ ਕੇ ਮਿਲੀ। ਇਸ ਤਰ੍ਹਾਂ ਇਸ ਖੋਜ ਲਈ ਨੰਗਲ, ਰੋਪੜ, ਲੁਧਿਆਣਾ ਤੇ ਹਰੀਕੇ ਆਦਿ ਵੱਖ-ਵੱਖ ਥਾਵਾਂ ਤੋਂ ਵੱਖ-ਵੱਖ ਕਿਸਮਾਂ ਦੀਆਂ ਮੱਛੀਆਂ ਫੜੀਆਂ ਗਈਆਂ ਹਨ ਜਿਨ੍ਹਾਂ ਬਾਰੇ ਕੀਤੀ ਗਈ ਖੋਜ ਦੌਰਾਨ ਇਹ ਖ਼ਤਰਨਾਕ ਤੱਥ ਸਾਹਮਣੇ ਆਏ। ਇਨ੍ਹਾਂ ਵਿਚੋਂ ਸਿੰਘਾੜਾ ਨਾਂ ਦੀ ਮੱਛੀ ਦੇ ਅੰਦਰੂਨੀ ਅੰਗਾਂ ਵਿਚੋਂ ਸਭ ਤੋਂ ਵੱਧ ਮਾਤਰਾ ਵਿਚ ਨਿੱਕਲ ਮਿਲਿਆ। ਜਦਕਿ ਸਭ ਤੋਂ ਘੱਟ ਰੋਹੂ ਨਾਂ ਦੀ ਮੱਛੀ ਵਿਚ ਰਿਹਾ। ਮਰੀਗਲ ਤੇ ਮਿਰੌਗਲ ਤੇ ਮਿਰੌਹ ਕਾਰਪ ਕਿਸਮ ਦੀਆਂ ਮੱਛੀਆਂ ਵਿਚੋਂ ਵੀ ਅਜਿਹੇ ਹੀ ਜ਼ਹਿਰੀਲੇ ਤੱਤ ਪ੍ਰਾਪਤ ਹੋਏ ਹਨ।

ਹੈਰਾਨੀ ਦੀ ਗੱਲ ਹੈ ਕਿ ਸਤਲੁਜ ਦਰਿਆ ਦਾ ਪਾਣੀ ਜੋ ਪਹਿਲਾਂ ਮਨੁੱਖ ਤੇ ਪਸ਼ੂ-ਪੰਛੀਆਂ ਲਈ ਪੀਣ ਲਈ ਵੀ ਏ-ਗਰੇਡ ਮੰਨਿਆ ਜਾਂਦਾ ਸੀ, ਹੁਣ ਡੀ-ਗਰੇਡ 'ਤੇ ਆ ਗਿਆ ਹੈ। ਮਾਹਰਾਂ ਦੀਆਂ ਰਿਪੋਰਟਾਂ ਮੁਤਾਬਕ ਇਸ ਵਕਤ ਇਸ ਸਤਲੁਜ ਦਰਿਆ ਵਿਚਲੀ ਇਕ ਵੀ ਥਾਂ ਅਜਿਹੀ ਨਹੀਂ ਹੈ, ਜਿਥੇ ਕਿ ਏ ਗਰੇਡ ਪਾਣੀ ਰਹਿ ਗਿਆ ਹੋਵੇ। ਇਸੇ ਦੌਰਾਨ ਜੁਟਾਏ ਗਏ ਤੱਥਾਂ ਮੁਤਾਬਕ ਸਤਲੁਜ ਦਰਿਆ ਦੇ ਪਾਣੀ ਦੇ ਦੂਸ਼ਿਤ ਹੋਣ ਦਾ ਸਭ ਤੋਂ ਵੱਡਾ ਕਾਰਨ ਇਸ 'ਚ ਵੱਖ-ਵੱਖ ਥਾਵਾਂ 'ਤੇ ਨਗਰ ਪਾਲਿਕਾਵਾਂ ਤੇ ਫੈਕਟਰੀਆਂ ਵੱਲੋਂ ਅਣਸੋਧਿਆ ਪਾਣੀ ਸੁੱਟਿਆ ਜਾਣਾ ਹੈ।

## ਸ਼੍ਰੋਮਣੀ ਕਮੇਟੀ ਦੀ ਪ੍ਰਧਾਨਗੀ ਮੁੜ ਮੱਕੜ ਨੂੰ ਮਿਲਣ ਦੇ ਆਸਾਰ

**ਚੰਡੀਗੜ੍ਹ:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਦੀ ਚੋਣ ਨੂੰ ਲੈ ਕੇ ਭਾਵੇਂ ਕਿਆਸਅਰਾਈਆਂ ਦਾ ਦੌਰ ਜਾਰੀ ਹੈ ਪਰ ਹੁਕਮਰਾਨ ਸ਼੍ਰੋਮਣੀ ਅਕਾਲੀ ਦਲ ਦੇ ਉਚੇਰੇ ਹਲਕਿਆਂ ਨੇ ਇਹ ਸੰਕੇਤ ਦੇ ਦਿੱਤਾ ਹੈ ਕਿ ਇਸ ਵਾਰ ਵੀ ਜਥੇਦਾਰ ਅਵਤਾਰ ਸਿੰਘ ਮੱਕੜ ਨੂੰ ਹੀ ਪ੍ਰਧਾਨ ਬਣਾਇਆ ਜਾਵੇਗਾ। ਜੇਕਰ ਅਜਿਹਾ ਹੀ ਹੁੰਦਾ ਹੈ ਤਾਂ ਜਥੇਦਾਰ ਮੱਕੜ ਸ਼੍ਰੋਮਣੀ ਕਮੇਟੀ ਦੇ ਲਗਾਤਾਰ ਸੱਤਵੀਂ ਵਾਰ ਪ੍ਰਧਾਨ ਬਣਨਗੇ।

ਹਾਕਮ ਧਿਰ ਤੋਂ ਇਲਾਵਾ ਵਿਰੋਧੀ ਅਕਾਲੀ ਦਲਾਂ ਵਿਚ ਵੀ ਇਹ ਰਾਏ ਭਾਰੂ ਹੈ ਕਿ ਜਥੇਦਾਰ ਮੱਕੜ ਨੂੰ ਘੱਟੋ-ਘੱਟ ਇਕ ਹੋਰ ਸਾਲ ਲਈ ਪ੍ਰਧਾਨ ਬਣਾਉਣਾ ਹੁਕਮਰਾਨ ਅਕਾਲੀ ਦਲ ਦੇ ਫ਼ਾਇਦੇ ਵਿਚ ਰਹੇਗਾ। ਇਕ ਤਾਂ ਉਹ ਸ਼ਹਿਰੀ ਸਿੱਖ ਹਨ ਤੇ ਅਕਾਲੀ ਦਲ ਨੂੰ ਅਗਲੇ ਸਾਲ ਹੋਣ ਵਾਲੀਆਂ ਵਿਧਾਨ ਸਭਾ ਚੋਣਾਂ ਵਿਚ ਸ਼ਹਿਰੀ ਸਿੱਖਾਂ, ਖਾਸ ਕਰਕੇ ਗ਼ੈਰ-ਜੱਟਾਂ ਦੀਆਂ ਵੋਟਾਂ ਦੀ ਸਖ਼ਤ ਲੋੜ ਹੈ। ਦੂਜਾ ਹੁਣ ਤੱਕ ਦੇ ਛੇ ਸਾਲਾ ਕਾਰਜਕਾਲ ਦੌਰਾਨ ਜਥੇਦਾਰ ਮੱਕੜ ਬਾਦਲਾਂ ਲਈ ਕੋਈ ਚੁਣੌਤੀ ਨਹੀਂ ਬਣੇ ਤੇ ਉਨ੍ਹਾਂ ਦਾ ਨਾਂ ਕਿਸੇ ਵੱਡੇ ਸਕੈਂਡਲ ਨਾਲ ਨਹੀਂ ਜੁੜਿਆ। ਉਂਜ ਇਨ੍ਹਾਂ ਚੋਣਾਂ ਦੌਰਾਨ ਉਨ੍ਹਾਂ ਦੀ ਗੱਡੀ ਦੇ ਤੇਲ ਦੇ ਖਰਚੇ ਬਾਰੇ ਚਰਚਾ ਸ਼ੁਰੂ ਜ਼ਰੂਰ ਹੋਈ ਸੀ। ਇਨ੍ਹਾਂ ਦੋਵਾਂ ਆਧਾਰਾਂ ਤੋਂ ਇਲਾਵਾ ਹਰਿਆਣੇ ਵਿਚ ਸ਼੍ਰੋਮਣੀ ਅਕਾਲੀ ਦਲ ਦੀ ਬਿਹਤਰ ਕਾਰਗੁਜ਼ਾਰੀ ਨੂੰ ਸਿੱਧਾ ਜਥੇਦਾਰ ਮੱਕੜ ਵੱਲੋਂ ਕੀਤੇ ਗਏ ਪ੍ਰਚਾਰ ਨਾਲ ਜੋੜ ਕੇ ਦੇਖਿਆ ਜਾ ਰਿਹਾ ਹੈ।










# ਮੇਰਾ ਪਿੰਡ ਖਟਕੜ ਕਲਾਂ

ਪਿੰਡ ਖਟਕੜ ਕਲਾਂ 'ਚ ਸ਼ਹੀਦ-ਏ-ਆਜ਼ਮ ਭਗਤ ਸਿੰਘ ਦੇ ਘਰ ਦੀ ਪੁਰਾਣੀ ਤਸਵੀਰ।




***ਅਜੀਤ ਸਿੰਘ ਦਾ ਨਾਂ ਆਜ਼ਾਦੀ ਦੀ ਲਹਿਰ ਨਾਲ ਬਹੁਤ ਡੂੰਘਾ ਜੁੜਿਆ ਹੋਇਆ ਹੈ। ਉਹ ਉਨ੍ਹਾਂ ਦੇਸ਼ ਭਗਤਾਂ ਵਿਚ ਸ਼ੁਮਾਰ ਹੁੰਦੇ ਹਨ ਜਿਨ੍ਹਾਂ ਆਪਣਾ ਸਮੁੱਚਾ ਆਪਾ ਦੇਸ਼ ਅਤੇ ਲੋਕਾਂ ਦੇ ਲੇਖੇ ਲਾ ਦਿੱਤਾ। ਉਨ੍ਹਾਂ ਦਾ ਜਨਮ 23 ਫਰਵਰੀ 1881 ਨੂੰ ਹੋਇਆ ਅਤੇ ਜਿਸ ਦਿਨ ਦੇਸ਼ ਵਿਚੋਂ ਅੰਗਰੇਜ਼ ਗਏ, ਉਸ ਦਿਨ 15 ਅਗਸਤ, 1947 ਨੂੰ ਤੜਕੇ ਸਵੇਰੇ ਉਹ ਵਿਛੋੜਾ ਦੇ ਗਏ। ਦੇਸ਼ ਦੀ ਆਜ਼ਾਦੀ ਖਾਤਰ ਉਹ ਦੁਨੀਆ ਭਰ ਵਿਚ ਘੁੰਮੇ। ਸ਼ਾਇਰ ਬਾਂਕੇ ਬਿਹਾਰੀ ਦੀ ਕਵਿਤਾ 'ਪਗੜੀ ਸੰਭਾਲ ਜੱਟਾ' ਦੇ ਬੋਲ 1907 ਵਿਚ ਉੱਠੀ ਇਸ ਲਹਿਰ ਨਾਲ ਜੁੜ ਕੇ ਸਦਾ ਸਦਾ ਲਈ ਅਜੀਤ ਸਿੰਘ ਨਾਲ ਇਕ-ਮਿਕ ਹੋ ਗਏ। ਦੇਸ਼ ਭਗਤੀ ਦੀ ਇਸ ਮਸ਼ਾਲ ਨੂੰ ਉਨ੍ਹਾਂ ਦੇ ਭਤੀਜੇ (ਸ਼ਹੀਦ-ਏ-ਆਜ਼ਮ ਭਗਤ ਸਿੰਘ) ਨੇ ਵੀ ਬਾਲੀ ਰੱਖਿਆ। ਭਗਤ ਸਿੰਘ ਦੇ ਜਨਮ ਦਿਨ (28 ਸਤੰਬਰ) ਦੇ ਮੌਕੇ 'ਪੰਜਾਬ ਟਾਈਮਜ਼' ਦੇ ਪਾਠਕਾਂ ਲਈ ਅਜੀਤ ਸਿੰਘ ਦੀ ਆਤਮਕਥਾ 'ਜ਼ਿੰਦਾ ਦਫਨ' (buried alive) 'ਚੋਂ ਉਨ੍ਹਾਂ ਦੇ ਪਿੰਡ ਖਟਕੜ ਕਲਾਂ ਬਾਰੇ ਵੇਰਵੇ ਛਾਪੇ ਜਾ ਰਹੇ ਹਨ।-ਸੰਪਾਦਕ***

■ ਅਜੀਤ ਸਿੰਘ


ਪ੍ਰਸਿੱਧ ਜ਼ਿਲ੍ਹਾ ਜਲੰਧਰ ਜਿਸ ਦਾ ਜ਼ਿਕਰ ਮੁਢਲੇ ਆਰੀਅਨ ਸਾਹਿਤ ਵਿਚ ਆਉਂਦਾ ਹੈ, ਵਿਚ ਨਵਾਂ ਸ਼ਹਿਰ ਨਾਂ ਦੀ ਤਹਿਸੀਲ (ਹੁਣ ਜ਼ਿਲ੍ਹਾ) ਹੈ। ਇਸ ਤਹਿਸੀਲ ਦੇ ਬੰਗਾ ਥਾਣੇ ਵਿਚ ਖਟਕੜ ਕਲਾਂ ਨਾਂ ਦਾ ਖ਼ਾਸ ਪ੍ਰਸਿੱਧੀ ਵਾਲਾ ਪਿੰਡ ਹੈ। ਇਹ ਥਾਂ ਕਦੇ ਵੱਡੇ ਜਾਗੀਰਦਾਰ ਦੇ ਕਿਲ਼ੇ ਦੇ ਤੌਰ 'ਤੇ ਵਰਤੀ ਜਾਂਦੀ ਸੀ ਜਿਸ ਦੇ ਇਸ ਤੋਂ ਇਲਾਵਾ ਬਹੁਤ ਸਾਰੇ ਹੋਰ ਵੀ ਕਿਲੇ ਸਨ, ਪਰ ਉਹ ਇਸ ਨਾਲੋਂ ਛੋਟੇ ਸਨ। ਇਸੇ ਕਾਰਨ ਉਨ੍ਹਾਂ ਨੂੰ ਗੜ੍ਹ ਖੁਰਦ ਕਿਹਾ ਜਾਂਦਾ। ਮੇਰੇ ਜਨਮ ਸਥਾਨ ਨੂੰ ਗੜ੍ਹ ਕਲਾਂ ਜਿਹਾ ਜਾਂਦਾ ਸੀ।



ਮੇਰੇ ਪੁਰਖਿਆਂ ਦੇ ਪਰਿਵਾਰ ਦਾ ਇਕ ਮੈਂਬਰ ਜਿਹੜਾ ਜ਼ਿਲ੍ਹਾ ਲਾਹੌਰ ਦੇ ਨਾਰਲੀ ਨਾਂ ਦੇ ਪਿੰਡ ਵਿਚ ਰਹਿੰਦਾ ਸੀ, ਮੁਗਲ ਕਾਲ ਦੌਰਾਨ ਪਿੰਡ ਵਿਚੋਂ ਆਪਣੇ ਪਰਿਵਾਰ ਦੇ ਕਿਸੇ ਮੈਂਬਰ ਦਾ ਸਸਕਾਰ ਕਰਕੇ ਉਸ ਦੀਆਂ ਅਸਥੀਆਂ ਗੰਗਾ ਵਿਚ ਪ੍ਰਵਾਹ ਕਰਨ ਲਈ ਹਰਦੁਆਰ ਨੂੰ ਚੱਲਿਆ। ਰਸਤੇ ਵਿਚ ਇਕ ਥਾਂ ਹਨੇਰਾ ਹੁੰਦਿਆਂ ਦੇਖ ਉਹ ਉਪਰ ਜ਼ਿਕਰ ਕੀਤੇ ਵੱਡੇ ਕਿਲੇ ਪੁੱਜਾ। ਉਸ ਨੇ ਗੇਟ ਕੀਪਰ ਨੂੰ ਪੁੱਛਿਆ ਕਿ ਉਹ ਉਥੇ ਰਾਤ ਲਈ ਠਹਿਰ ਸਕਦਾ ਸੀ? ਇਸ 'ਤੇ ਗੇਟ ਕੀਪਰ ਨੇ ਛੋਟੇ ਬੱਚੇ ਰਾਹੀਂ ਕਿਲੇ ਦੇ ਮਾਲਕ ਜਾਗੀਰਦਾਰ ਨੂੰ ਸੁਨੇਹਾ ਭੇਜਿਆ। ਉਸ ਨੇ ਹੁਕਮ ਦਿੱਤਾ ਕਿ ਅਜਨਬੀ ਨੌਜਵਾਨ ਨੂੰ ਉਨ੍ਹਾਂ ਕੋਲ ਭੇਜਿਆ ਜਾਵੇ। ਜਗੀਰਦਾਰ ਆਪਣੀ ਪਤਨੀ ਅਤੇ ਸੁੰਦਰ ਜਵਾਨ ਧੀ ਨਾਲ ਬੈਠਾ ਸੀ। ਨੌਜਵਾਨ ਨੇ ਨਿਮਰਤਾ ਨਾਲ ਪਰਿਵਾਰ ਨੂੰ ਫਤਹਿ ਬੁਲਾਈ। ਨੌਜਵਾਨ ਮਹਿਮਾਨ ਦੇ ਦਿਲਕਸ਼, ਦਲੇਰ, ਖੂਬਸੂਰਤ ਚਿਹਰੇ ਅਤੇ ਚਮਕੀਲੀਆਂ ਅੱਖਾਂ ਨੇ ਪਰਿਵਾਰ ਨੂੰ ਇਸ ਕਦਰ ਪ੍ਰਭਾਵਿਤ ਕੀਤਾ ਕਿ ਉਹ ਸਾਰੇ ਉਸ ਦਾ ਗਰਮਜੋਸ਼ੀ ਨਾਲ ਸਵਾਗਤ ਕਰਨ ਲਈ ਖੜ੍ਹੇ ਹੋ ਗਏ। ਉਸ ਨੂੰ ਜਾਗੀਰਦਾਰ ਅਤੇ ਉਸ ਦੀ ਪਤਨੀ ਦੇ ਵਿਚਕਾਰ ਕੁਰਸੀ 'ਤੇ ਬੈਠਣ ਲਈ ਸੱਦਾ ਦਿੱਤਾ ਗਿਆ ਜਿਹੜੀ ਉਨ੍ਹਾਂ ਦੀ ਧੀ ਦੇ ਸਾਹਮਣੇ ਪੈਂਦੀ ਸੀ। ਉਸ ਦੇ ਸਫ਼ਰ ਬਾਰੇ ਅਤੇ ਸਫ਼ਰ ਦੇ ਕਾਰਨ ਬਾਰੇ ਗੱਲਬਾਤ ਨੇ ਰਾਤ ਦਾ ਖਾਣਾ ਤਿਅਰ ਹੋਣ ਤੱਕ ਉਨ੍ਹਾਂ ਨੂੰ ਰੁਝਾਈ ਰੱਖਿਆ। ਮੇਜ਼ 'ਤੇ ਬੈਠਿਆਂ ਉਹ ਇਕ ਦੂਜੇ ਨਾਲ ਘੁਲ ਮਿਲ ਗਏ। ਉਂਜ ਉਸ ਸਮੇਂ ਕੁਝ ਅਜੀਬ ਵਾਪਰ ਰਿਹਾ ਸੀ ਜਦੋਂ ਮੇਜ਼ਬਾਨ ਪਤੀ ਪਤਨੀ ਆਪਣੇ ਮਹਿਮਾਨ ਨਾਲ ਗੱਲਬਾਤ ਕਰ ਰਹੇ ਸਨ। ਮੇਜ਼ਬਾਨਾਂ ਦੀ ਜਵਾਨ ਧੀ ਮਹਿਮਾਨ ਵੱਲ ਖਿੱਚੀ ਜਾ ਰਹੀ ਸੀ। ਉਨ੍ਹਾਂ ਦੀਆਂ ਅੱਖਾਂ ਮਿਲੀਆਂ ਅਤੇ ਅੱਖਾਂ ਹੀ ਅੱਖਾਂ ਵਿਚ ਦਿਲ ਦੀਆਂ ਡੂੰਘਾਈਆਂ ਵਿਚੋਂ ਪਿਆਰ ਦਾ ਸੰਦੇਸ਼ ਇਕ ਦੂਜੇ ਨੂੰ ਗਿਆ।



ਅਜੀਤ ਸਿੰਘ ਦੀ ਪਤਨੀ ਹਰਨਾਮ ਕੌਰ



ਸ਼ਹੀਦ ਭਗਤ ਸਿੰਘ

ਰਾਤ ਦੇ ਖਾਣੇ ਤੋਂ ਬਾਅਦ ਪਰਿਵਾਰ ਨੇ ਨੌਜਵਾਨ ਦੇ ਜਾਂਬਾਜ਼ੀ ਦੇ ਕਿੱਸੇ ਬੜੀ ਦਿਲਸਚਪੀ ਨਾਲ ਸੁਣੇ। ਜੇਕਰ ਛੇਤੀ ਸੌਣ ਅਤੇ ਸੁਵੱਖਤੇ ਉੱਠਣ ਤੇ ਸਵੇਲੇ ਸਫ਼ਰ 'ਤੇ ਚੜ੍ਹਨ ਨੇ ਜ਼ੋਰ ਨਾ ਪਾਇਆ ਹੁੰਦਾ ਤਾਂ ਉਹ ਦਿਨ ਦੇ ਚੜ੍ਹਾਅ ਤੱਕ ਕਹਾਣੀਆਂ ਸੁਣਦੇ ਰਹਿੰਦੇ। ਜਾਗੀਰਦਾਰ ਖਾਸ ਤੌਰ 'ਤੇ ਬਣਾਏ ਆਪਣੇ ਪੁੱਤਰ ਦੇ ਕਮਰੇ ਵਿਚ ਮਹਿਮਾਨ ਨੂੰ ਛੱਡਣ ਲਈ ਗਿਆ।

ਆਪਣੀ ਪਤਨੀ ਕੋਲ ਵਾਪਸ ਆਇਆ ਤਾਂ ਉਸ ਨੇ ਦੇਖਿਆ ਕਿ ਉਸ ਦੀ ਧੀ ਮਹਿਮਾਨ ਦੀ ਖੂਬਸੂਰਤੀ ਅਤੇ ਚਾਅ ਦਾ ਖੁਸ਼ੀ ਨਾਲ ਵਰਨਣ ਕਰ ਰਹੀ ਸੀ ਅਤੇ ਉਸ ਨੇ ਇਹ ਇੱਛਾ ਪ੍ਰਗਟ ਕੀਤੀ ਕਿ ਉਹ ਇਹੋ ਜਿਹੇ ਨੌਜਵਾਨ ਦੀ ਪਤਨੀ ਬਣਨਾ ਚਾਹੇਗੀ। ਮਾਪਿਆਂ ਦੇ ਮਨ ਵਿਚ ਵੀ ਇਹੀ ਵਿਚਾਰ ਆਇਆ। ਉਨ੍ਹਾਂ ਆਪਣੀ ਧੀ ਦੇ ਸਾਹਮਣੇ ਨੌਜਵਾਨ ਦੀ ਪ੍ਰਸ਼ੰਸਾ ਕੀਤੀ ਅਤੇ ਉਸ ਦੇ ਤੌਰ ਤਰੀਕੇ, ਬਿਆਨ, ਧੜੱਲੇ ਅਤੇ ਖੁੱਲ੍ਹੇ ਵਿਹਾਰ ਬਾਰੇ ਗੱਲਾਂ ਕੀਤੀਆਂ। ਅਗਲੇ ਦਿਨ ਸਵੇਰੇ ਨੌਜਵਾਨ ਲਗਭਗ 4 ਵਜੇ ਉਠਿਆ ਅਤੇ ਜੰਗਲ ਪਾਣੀ ਗਿਆ। ਨੌਕਰ ਆਪਣੇ ਮਾਲਕ ਦੇ ਹੁਕਮ ਅਨੁਸਾਰ ਉਸ ਨੂੰ ਜਗਾਉਣ ਲਈ ਚਲਾ ਗਿਆ। ਮੇਜ਼ਬਾਨ ਨੌਜਵਾਨ ਦੇ ਕਮਰੇ ਵਿਚ ਆਇਆ। ਫਤਹਿ ਬੁਲਾਈ। ਉਸ ਦੀ ਪਿੱਠ ਥਾਪੜੀ ਤੇ ਸਨੇਹ ਦਾ ਪ੍ਰਗਟਾਵਾ ਕੀਤਾ ਅਤੇ ਪੁੱਛਿਆ, "ਨੌਜਵਾਨ, ਤੇਰੀ ਸ਼ਾਦੀ ਹੋ ਗਈ ਹੈ?"

"ਅਜੇ ਨਹੀਂ।" ਨੌਜਵਾਨ ਨੇ ਉਤਰ ਦਿੱਤਾ।

ਕਿਲੇ ਦੇ ਮਾਲਕ ਨੇ ਨੌਜਵਾਨ ਨੂੰ ਕਿਹਾ ਕਿ ਉਹ ਆਪਣੇ ਸਫ਼ਰ ਦੀ ਵਾਪਸੀ ਵੇਲੇ ਦੂਜੀ ਵਾਰ ਉਨ੍ਹਾਂ ਦਾ ਮਹਿਮਾਨ ਬਣੇ। ਇਸ ਸੱਦੇ ਨੂੰ ਨੌਜਵਾਨ ਨੇ ਪ੍ਰਵਾਨ ਕਰ ਲਿਆ, ਅਲਵਿਦਾ ਕਹੀ ਅਤੇ ਮੇਜ਼ਬਾਨ ਤੇ ਮਹਿਮਾਨ ਨਿੱਖੜ ਗਏ।

ਨੌਜਵਾਨ ਵਿਚਲੀ ਗੱਲ ਸਮਝ ਗਿਆ। ਖਾਸ ਤੌਰ 'ਤੇ ਉਸ ਦੇ ਵਿਆਹ ਬਾਰੇ ਪ੍ਰਸ਼ਨ ਤੋਂ ਕਿ ਇਸ ਸੱਦੇ ਦਾ ਕੀ ਅਰਥ ਸੀ। ਇਸ ਲਈ ਇਸ ਵਿਚਾਰ ਦੀ ਖ਼ੁਮਾਰੀ ਵਿਚ ਸਫ਼ਰ 'ਤੇ ਚੜ੍ਹ ਗਿਆ ਅਤੇ ਆਪਣੀ ਭਵਿੱਖੀ ਜ਼ਿੰਦਗੀ ਬਾਰੇ ਸ਼ੇਖ਼ਚਿਲੀ ਵਿਚਾਰਾਂ ਦੀ ਉਧੇੜ ਬੁਣ ਵਿਚ ਪਿਆ ਸੀ ਕਿ ਉਹ ਆਪਣੇ ਤੇ ਆਪਣੀ ਮਾਸ਼ੂਕ ਲਈ ਢੁੱਕਵਾਂ ਘਰ ਬਣਾਵੇਗਾ।

ਅਜੇ ਉਸ ਨੇ ਕਈ ਦਿਨਾਂ ਦਾ ਸਫ਼ਰ ਕਰਨਾ ਸੀ ਪਰ ਹੁਣ ਉਸ ਵਿਚ ਕੁਝ ਇਹੋ ਜਿਹੀ ਗੱਲ ਸੀ ਜਿਹੜੀ ਉਸ ਨੂੰ ਉਤਸ਼ਾਹਤ ਕਰ ਰਹੀ ਸੀ। ਫਿਰ ਸਭ ਜ਼ਿੰਮੇਵਾਰਆਂ ਦੇ ਭਾਰ ਤੋਂ ਮੁਕਤ, ਆਪਣੀ ਭਵਿੱਖੀ ਜ਼ਿੰਦਗੀ ਦੀ ਉਮੀਦ ਤੇ ਉਤਸ਼ਾਹ ਨਾਲ ਭਰਿਆ ਉਹ ਲੰਮੀਆਂ ਲੰਮੀਆਂ ਪੁਲਾਂਘਾਂ ਭਰਦਾ ਚੱਲ ਪਿਆ। ਉਸ ਨੇ ਚੱਲਣ ਸਮੇਂ ਜਿਹੜਾ ਸਮਾਂ ਵਾਪਸ ਆਉਣ ਦਾ ਮਿਥਿਆ ਸੀ, ਉਸ ਤੋਂ ਹਫ਼ਤਾ ਪਹਿਲਾਂ ਹੀ ਖਟਕੜ ਕਲਾਂ ਪੁੱਜ ਗਿਆ।

ਨੌਜਵਾਨ ਦੇ ਸਵਾਗਤ ਦੀਆਂ ਤਿਆਰੀਆਂ ਤਾਂ ਉਸ ਦੇ ਜਾਣ ਸਾਰ ਹੀ ਹੋਣ ਲੱਗੀਆਂ ਸਨ ਪਰ ਇਸ ਵਾਰ ਮਾਲਕ ਦੀ ਇਕਲੌਤੀ ਸੁੰਦਰ ਧੀ ਦੇ ਹੋਣ ਵਾਲੇ ਪਤੀ ਦੇ ਰੂਪ ਵਿਚ। ਮਾਪਿਆਂ ਦੀ ਇਕੋ ਹੀ ਮੰਗ ਸੀ ਕਿ ਉਹ ਉਨ੍ਹਾਂ ਕੋਲ ਮਹਿਮਾਨ ਬਣ ਕੇ ਨਹੀਂ, ਮਾਲਕ ਬਣ ਕੇ ਰਹੇ। ਇਉਂ ਵੱਡਾ ਕਿਲਾ (ਗੜ੍ਹ ਕਲਾਂ) ਨਵ-ਵਿਵਾਹੇ ਜੋੜੇ ਨੂੰ ਦਹੇਜ ਵਿਚ ਦਿੱਤਾ ਗਿਆ। ਵਿਆਹ ਤੋਂ ਬਾਅਦ ਇਸ ਥਾਂ ਨੂੰ 'ਖੱਟ ਗੜ੍ਹ ਕਲਾਂ' ਕਿਹਾ ਜਾਣ ਲੱਗਾ।


ਇਸੇ ਦੰਪਤੀ ਤੋਂ ਸਾਡਾ ਪਰਿਵਾਰ ਹੋਇਆ। ਸਮੇਂ ਦੇ ਗੁਜ਼ਰਨ ਨਾਲ ਕਿਲੇ ਦੀਆਂ ਕੰਧਾਂ ਢਹਿ ਗਈਆਂ। ਵੱਡੇ ਕਿਲੇ ਦੀਆਂ ਨੀਹਾਂ ਅਤੇ ਡੂੰਘੀਆਂ ਖਾਈਆਂ ਨੇ ਪਿੰਡ ਨੂੰ ਚੁਫੇਰਿਉਂ ਘੇਰਿਆ ਹੋਇਆ ਸੀ ਜਿਹੜੇ ਚਾਰ ਵੱਡੇ ਛੱਪੜਾਂ ਵਿਚ ਵਟ ਗਏ। ਉਹ ਅੱਜ ਵੀ ਦੇਖੇ ਜਾ ਸਕਦੇ ਹਨ ਅਤੇ ਇਥੇ ਬੰਦੇ ਨਹਾਉਂਦੇ ਹਨ। ਬੱਤਖ਼ਾਂ ਤਰਦੀਆਂ ਅਤੇ ਹੋਰ ਪਸ਼ੂ ਵੀ ਨਹਾਉਂਦੇ ਨਜ਼ਰੀਂ ਪੈਂਦੇ ਸਨ। ਜਦੋਂ ਭਾਰੀ ਬਾਰਸ਼ ਹੁੰਦੀ ਹੈ ਤਾਂ ਇਨ੍ਹਾਂ ਚੋਂ ਦੋ ਟੋਭੇ ਅਤੇ ਕਈ ਵਾਰ ਤਿੰਨ ਟੋਭੇ ਵੀ ਆਪੋ ਵਿਚ ਰਲ ਮਿਲ ਜਾਂਦੇ ਹਨ। ਇਨ੍ਹਾਂ ਵਿਚੋਂ ਇਕ ਵੱਖਰਾ ਬਚਿਆ ਰਹਿੰਦਾ ਹੈ। ਸਭ ਤੋਂ ਉਚਾ ਇਕ ਥਾਂ ਜਿਹੜਾ ਪਾਣੀ ਦੀ ਮਾਰ ਤੋਂ ਬਚ ਰਹਿੰਦਾ ਹੈ, ਉਥੇ ਐਸੇ ਮੌਕਿਆਂ 'ਤੇ ਬੱਤਖਾਂ ਆਂਡੇ ਦੇਣ ਨੂੰ ਪਹਿਲ ਦਿੰਦੀਆਂ ਹਨ।

---

# ਅਮਰੀਕਾ ਵਿਚ ਕੈਦੀਆਂ ਦਾ ਵਪਾਰ !

■ ਡਾ. ਦਲਜੀਤ ਸਿੰਘ

'ਮਨੁੱਖੀ' ਵਪਾਰ ਬਹੁਤ ਵੱਡਾ ਵਪਾਰ ਜਾਂ ਉਦਯੋਗ ਜਿਸ ਦੀ ਸਾਡੇ ਤੁਹਾਡੇ ਤੱਕ ਭਿਣਕ ਵੀ ਨਹੀਂ ਪੁੱਜਦੀ। ਇਹ ਪਰੀ-ਦੇਸ਼ ਅਮਰੀਕਾ ਦੇ ਪੰਜ ਦੱਖਣ-ਪੱਛਮੀ ਸੂਬਿਆਂ ਅੰਦਰ ਧੜੱਲੇ ਨਾਲ ਚੱਲ ਰਿਹਾ ਹੈ। ਇਹ ਵਪਾਰ ਚਲਾਉਣ ਵਾਲੇ ਹਨ-ਵਕੀਲ, ਜੱਜ ਅਤੇ ਕਾਨੂੰਨ ਦੀ ਰਖਵਾਲੀ ਪੁਲਿਸ। ਇਹ ਤਿੰਨੇ ਜਮਾਤਾਂ ਸਾਡੇ ਦੇਸ਼ ਅੰਦਰ ਵੀ ਚੋਖੀਆਂ ਬਦਨਾਮ ਹਨ ਪਰ ਪਰੀ-ਦੇਸ਼ ਅਮਰੀਕਾ ਅੰਦਰ ਇਨ੍ਹਾਂ ਦਾ ਅੰਦਾਜ਼ ਹੀ ਵੱਖਰਾ ਹੈ।



ਭਾਰਤ ਵਿਚ ਜੇਲ੍ਹਾਂ ਅੰਦਰ ਥਾਂ ਅਤੇ ਸਹੂਲਤਾਂ ਘੱਟ ਹਨ ਪਰ ਕੈਦੀ ਜ਼ਿਆਦਾ ਨੇ। ਮਹਾਨ ਦੇਸ਼ ਅਮਰੀਕਾ ਅੰਦਰ ਕਿਸੇ ਬਹਾਨੇ ਲੋਕਾਂ ਨੂੰ ਜੇਲ੍ਹ ਅੰਦਰ ਡੱਕਣਾ ਵੱਡਾ ਵਪਾਰ ਹੈ। ਇਸ ਦੀ ਸ਼ੁਰੂਆਤ 1980ਵਿਆਂ ਵਿਚ ਹੋਈ ਸੀ। ਗੱਲ ਬੜੀ ਸੌਖੀ ਹੈ, ਕੈਦੀਆਂ ਨੂੰ ਨਿੱਜੀ ਲਾਭ ਤੇ ਜਬਰੀ ਕੰਮ ਲਈ ਵਰਤਣਾ ਹੈ ਅਤੇ ਕੰਮ ਦੀ ਉਜਰਤ ਧੇਲਾ ਵੀ ਨਹੀਂ ਦੇਣੀ। 'ਲਾਭ ਲਈ ਕੈਦੀ' ਪ੍ਰੋਗਰਾਮ ਜੌਹਨ ਐਸ਼ਕ੍ਰਾਫਟ ਨੇ ਉਲੀਕਿਆ ਸੀ ਅਤੇ ਜੇਲ੍ਹ ਪ੍ਰਣਾਲੀ ਅੰਦਰ ਵਰਤਣ ਦੀ ਰੂਪ-ਰੇਖਾ ਲਾਗੂ ਕੀਤੀ। ਇਹ ਰੂਪ ਰੇਖਾ ਕੇਂਦਰੀ ਪ੍ਰਸ਼ਾਸਨ ਦੀ ਸੀ। ਇਸ ਲਈ ਇਸ ਨੂੰ ਜੱਜਾਂ ਨੇ ਖ਼ੁਸ਼ੀ ਨਾਲ ਕਬੂਲਿਆ, ਖ਼ਾਸਕਰ ਜਦੋਂ ਕੈਦੀਆਂ ਨੂੰ ਲੰਬੀਆਂ ਸਜ਼ਾਵਾਂ ਬਦਲੇ ਹਰ ਪਾਸੇ ਬੇਅੰਤ ਮਾਇਆ ਪੈਦਾ ਹੋਣ ਲੱਗ ਪਈ।

ਸੰਨ 1942 ਦਾ ਜੰਮਪਲ ਐਸ਼ਕ੍ਰਾਫਟ ਅਮਰੀਕਾ ਦਾ ਅਟਾਰਨੀ ਜਨਰਲ ਰਿਹਾ ਹੈ। ਅਮਰੀਕਾ ਦੇ 'ਮਸੂਰੀ' ਪ੍ਰਾਂਤ ਦਾ ਗਵਰਨਰ ਰਿਹਾ ਹੈ ਅਤੇ ਛੋਟੇ ਪ੍ਰਧਾਨ ਬੁਸ਼ ਨਾਲ ਉਹਨੇ ਪੰਜ ਸਾਲ ਕੰਮ ਵੀ ਕੀਤਾ ਹੈ। ਉਹ ਨੇਮ ਨਾਲ ਚਰਚ ਜਾਣ ਵਾਲਾ ਅਤੇ ਗੀਤ ਲਿਖਣ ਦਾ ਸ਼ੌਕੀਨ ਹੈ। ਕਿੰਨੀਆਂ ਸੂਖਮ ਅਤੇ ਮਾਨਵ-ਹਿਤੈਸ਼ੀ ਭਾਵਨਾਵਾਂ ਹੋਣਗੀਆਂ ਉਸ ਦੀਆਂ!

ਜਦੋਂ ਕੈਦੀਆਂ ਹੱਥੋਂ ਕਮਾਈ ਹੋਣ ਲੱਗੀ ਤਾਂ ਕੈਦੀ ਸਮੂਹ ਸ਼ੇਅਰ ਬਾਜ਼ਾਰ ਦੀ ਮੰਡੀ 'ਵਾਲ ਸਟ੍ਰੀਟ' ਵਿਚ ਵੀ ਜਿਨਸ, ਚੀਜ਼ ਜਾਂ ਮਾਲ ਦੇ ਤੌਰ 'ਤੇ ਵਿਕਣ ਲੱਗੇ। ਪਰੀ-ਦੇਸ਼ ਦੇ ਅੰਦਰ ਤਾਂ ਪਰੀ-ਕਹਾਣੀ ਹੀ ਹੋ ਸਕਦੀ ਹੈ ਨਾ। ਕੈਦੀਆਂ ਦੇ 'ਲੇਬਰ ਦੇ ਬਾਂਡ' ਕੈਦੀਆਂ ਦੀ ਗਿਣਤੀ ਅਤੇ ਉਨ੍ਹਾਂ ਦੀ ਕੈਦ ਦੀ ਲੰਬਾਈ ਦੇ ਆਧਾਰ ਉੱਤੇ ਵਿਦੇਸ਼ਾਂ ਵਿਚ ਵਿਕਣ ਲੱਗ ਪਏ। ਕੈਦ ਦੀ ਲੰਬਾਈ ਵੱਡਾ ਆਧਾਰ ਸੀ ਜੋ ਦੱਸਦਾ ਸੀ ਕਿ ਕੈਦੀ ਕਿੰਨੀ ਕੁ ਦੇਰ ਵਰਤਿਆ ਜਾ ਸਕਦਾ ਹੈ। ਕੇਂਦਰੀ ਜਾਂ ਫੈਡਰਲ ਸਰਕਾਰ ਦੀ ਸਹਾਇਤਾ ਨਾਲ ਕੈਦੀਆਂ ਨੂੰ 'ਕਮਾਡਿਟੀ' ਭਾਵ ਚੀਜ਼ ਜਾਂ ਮਾਲ ਵਿਚ ਬਦਲ ਦਿੱਤਾ ਗਿਆ ਜਿਸ ਦਾ ਭੂਗੋਲਿਕ ਮੰਡੀ ਵਿਚ ਵਪਾਰ ਹੋਣ ਲੱਗਾ। ਜੇਲ੍ਹ ਦੀ ਅਸਲ ਸਜ਼ਾ, ਕਮਾਈਆਂ ਕਰਨ ਲਈ ਕਾਰਪੋਰੇਸ਼ਨਾਂ ਦੇ ਹਵਾਲੇ ਕਰ ਦਿੱਤੀ ਗਈ। ਜੇਲ੍ਹਾਂ ਹੁਣ ਕਾਰਪੋਰੇਸ਼ਨਾਂ ਹੀ ਚਲਾਉਂਦੀਆਂ ਹਨ। ਉਨ੍ਹਾਂ ਨੇ ਕੈਦੀਆਂ ਲਈ ਮੁਫ਼ਤ ਦੇ ਲੰਗਰ ਤਾਂ ਨਹੀਂ ਲਾਉਣੇ। ਉਨ੍ਹਾਂ ਨੇ ਕੰਮ ਲੈ ਕੇ ਦੌਲਤ ਬਣਾਉਣੀ ਹੈ। ਜੇਲ੍ਹਾਂ ਘੱਟ ਤੋਂ ਘੱਟ ਕਰਮਚਾਰੀਆਂ ਨਾਲ ਚਲਾਈਆਂ ਜਾਂਦੀਆਂ ਹਨ ਅਤੇ ਮੈਡੀਕਲ ਸਹੂਲਤਾਂ ਵੀ ਘੱਟੋ ਘੱਟ ਹਨ।

ਕਾਰਪੋਰੇਸ਼ਨਾਂ ਨੇ ਅਜਿਹਾ ਉਦਯੋਗ ਸ਼ੁਰੂ ਕਰ ਲਿਆ ਹੈ ਜੋ ਲਗਾਤਾਰ ਵਾਧੇ 'ਤੇ ਹੈ। ਜ਼ਰੂਰੀ ਹੈ ਕਿ ਨਵੇਂ, ਲੰਬੀਆਂ ਸਜ਼ਾਵਾਂ ਵਾਲੇ ਕੈਦੀ ਨਾਲ ਰਲਦੇ ਜਾਣ ਤਾਂ ਜੋ ਨਫ਼ਰੀ ਨਿਰੀ ਕਾਇਮ ਹੀ ਨਾ ਰਹੇ ਸਗੋਂ ਵਧਦੀ ਜਾਵੇ। ਅੰਦਾਜ਼ਾ ਹੈ ਕਿ ਕੈਦੀਆਂ ਦੀ ਗਿਣਤੀ ਅੱਜਕੱਲ੍ਹ ਹਰ ਸਾਲ ਛੇ ਫ਼ੀਸਦੀ ਵਧਦੀ ਹੈ। ਬਹੁਤੇ ਕੈਦੀਆਂ ਨੇ ਤਾਂ ਨਿੱਕੇ ਮੋਟੇ ਜੁਰਮ ਹੀ ਕੀਤੇ ਹੁੰਦੇ ਹਨ। ਲੰਬੀਆਂ ਸਜ਼ਾਵਾਂ ਦੀ ਬਦੌਲਤ ਇਕ ਤਾਂ ਅਮਰੀਕੀ ਸ਼ਹਿਰੀਆਂ 'ਤੇ ਕਾਨੂੰਨ, ਇਨਸਾਫ਼ ਤੇ ਅਨੁਸ਼ਾਸਨ ਦਾ ਭਾਰੀ ਪਰਛਾਵਾਂ ਤੇ ਸਹਿਮ ਪੈ ਗਿਆ ਹੈ। ਦੂਜਾ, 1980 ਦੇ ਸਵਾ ਦੋ ਲੱਖ ਕੈਦੀਆਂ ਤੋਂ ਵਧ ਕੇ ਹੁਣ ਉਨ੍ਹਾਂ ਦੀ ਗਿਣਤੀ ਪੰਝੀ ਲੱਖ ਤੋਂ ਵੀ ਵਧਦੀ ਜਾ ਰਹੀ ਹੈ।

ਕਾਰਪੋਰੇਸ਼ਨਾਂ ਨੂੰ ਕੀਤੇ ਗਏ ਕੁੱਲ ਟੈਲੀਫ਼ੋਨਾਂ ਦੇ ਜਵਾਬ ਕੈਦੀ ਦਿੰਦੇ ਹਨ। ਅਮਰੀਕਾ ਅੰਦਰ ਵਿਕਦੀਆਂ ਮਸ਼ੀਨਾਂ/ਉਪਕਰਨਾਂ ਦਾ 36 ਫ਼ੀਸਦੀ ਉਤਪਾਦਨ ਕੈਦੀਆਂ ਦੇ ਹੱਥੋਂ ਹੁੰਦਾ ਹੈ। ਸੜਕਾਂ ਬਣਾਉਣ ਅਤੇ ਹੋਰ ਬੇਅੰਤ ਕੰਮ, ਕਾਰਪੋਰੇਸ਼ਨਾਂ ਦੇ ਲਾਭ ਲਈ ਕੈਦੀ ਹੀ ਕਰਦੇ ਹਨ। ਕੈਦੀਆਂ ਨੂੰ ਉਜਰਤ ਰਤਾ ਵੀ ਨਹੀਂ ਮਿਲਦੀ। ਉਨ੍ਹਾਂ ਦੇ ਕੋਈ ਮਾਨਵੀ ਹੱਕ ਜਾਂ ਅਧਿਕਾਰ ਨਹੀਂ ਹਨ। ਕਾਰਪੋਰੇਸ਼ਨਾਂ ਸੂਬਾਈ ਅਤੇ ਕੇਂਦਰੀ ਸਰਕਾਰਾਂ ਤੋਂ ਪੈਸੇ ਉਗਰਾਹੁੰਦੀਆਂ ਹਨ। ਇਸ ਤੋਂ ਛੁੱਟ ਉਹ 'ਕੈਦੀ-ਲੇਬਰ' ਠੇਕੇ ਉੱਤੇ ਵੀ ਵੇਚਦੀਆਂ ਹਨ। ਜਿਵੇਂ-ਜਿਵੇਂ ਕੈਦੀਆਂ ਦੀ ਗਿਣਤੀ ਵਧਦੀ ਹੈ, ਤਿਵੇਂ-ਤਿਵੇਂ 'ਵਾਲ ਸਟ੍ਰੀਟ' ਦੇ ਸ਼ੇਅਰ ਬਾਜ਼ਾਰ ਵਿਚ ਕੈਦੀ ਬਾਂਡ ਜਾਂ ਪ੍ਰਨੋਟ ਦਾ ਮੁੱਲ ਵਧਦਾ ਹੈ। ਇਹ ਮਹਾਂ 'ਜੁਰਮ' ਪ੍ਰਾਈਵੇਟ ਕਾਰਪੋਰੇਸ਼ਨਾਂ ਵੱਲੋਂ ਕੀਤਾ ਜਾਂਦਾ ਹੈ।

ਸੀ. ਜੇ. ਟੀ. ਐੱਸ. ਕਾਰਪੋਰੇਸ਼ਨ ਹੈ ਜਿਸ ਨੇ ਕੈਦੀਆਂ ਦਾ ਕੋਡ ਨੰਬਰ ਬਣਾਉਣ ਅਤੇ ਉਸ ਦਾ ਪਿੱਛਾ ਕਰਨ ਜਾਂ ਸਾਰੀ ਜਾਣਕਾਰੀ ਰੱਖਣ ਦਾ ਕੰਪਿਊਟਰ ਸਾਫਟਵੇਅਰ ਪ੍ਰੋਗਰਾਮ ਬਣਾਇਆ ਹੈ। ਅਮਰੀਕੀ ਜੇਲ੍ਹ ਮਾਲਕਾਂ ਲਈ, ਬ੍ਰੱਸਲਜ਼ (ਬੈਲਜੀਅਮ) ਵਿਚ ਸਟਾਕ ਐਕਸਚੇਂਜ ਹੈ 'ਆਨਾ' ਜਿਥੋਂ ਨੌਂ ਹਿੰਦਸਿਆਂ ਦੇ ਨੰਬਰ ਮਿਲਦੇ ਹਨ ਜਿਨ੍ਹਾਂ ਨੂੰ ਕਹਿੰਦੇ ਹਨ ਔਰਡਨੈਂਸ। ਔਰਡਨੈਂਸ ਲਈ ਲਫ਼ਜ਼ੀ ਅਰਥ ਹੈ 'ਬਾਰੂਦੀ ਹਥਿਆਰ'। ਕੈਦੀ ਬਾਂਡਾਂ ਦਾ ਲੈਣ ਦੇਣ ਇਹੀ ਸੰਸਥਾ ਕਰਦੀ ਹੈ। ਇਨ੍ਹਾਂ ਦੇ ਕਾਗ਼ਜ਼ਾਂ ਵਿਚ ਜੇਲ੍ਹਾਂ ਨੂੰ 'ਗੁਦਾਮ' ਕਿਹਾ ਜਾਂਦਾ ਹੈ ਅਤੇ ਕੈਦੀਆਂ ਲਈ ਪਿਆਰਾ ਸ਼ਬਦ ਵਰਤਿਆ ਜਾਂਦਾ ਹੈ 'ਮਾਲ'।

ਇਹ ਹੈ ਅਮਰੀਕਾ ਦੀ ਇਨਸਾਫ਼ ਪ੍ਰਣਾਲੀ। ਕੁੱਲ ਸਿਸਟਮ ਦਾ ਨਿੱਜੀਕਰਨ ਹੋ ਚੁੱਕਿਆ ਹੈ ਅਤੇ 'ਵਾਲ ਸਟ੍ਰੀਟ' ਦੇ ਸਟਾਕ ਐਕਸਚੇਂਜ ਵਿਚ ਮਨੁੱਖੀ ਲੇਬਰ, ਮਾਲ ਬਣ ਕੇ ਵਿਕਦੀ ਹੈ। ਇਹ ਤਾਂ ਮੰਨਿਆ ਕਿ ਜਿਨ੍ਹਾਂ ਨੇ ਹਿੰਸਕ ਜੁਰਮ ਕੀਤੇ ਹਨ, ਉਨ੍ਹਾਂ ਨੂੰ ਜੇਲ੍ਹ ਦੀ ਹਵਾ ਖਾਣੀ ਹੀ ਚਾਹੀਦੀ ਹੈ ਪਰ 60 ਫ਼ੀਸਦੀ ਤੋਂ ਵੱਧ ਉਹ ਲੋਕ ਜੇਲ੍ਹਾਂ ਵਿਚ ਹਨ ਜਿਨ੍ਹਾਂ ਨੇ ਨਿੱਕੀਆਂ ਮੋਟੀਆਂ ਮਨਮਾਨੀਆਂ ਕੀਤੀਆਂ ਹਨ। ਸੂਬਾਈ ਅਤੇ ਕੇਂਦਰੀ ਸਰਕਾਰਾਂ ਨੇ ਅਜਿਹਾ ਸਿਸਟਮ ਪੈਦਾ ਕੀਤਾ ਹੈ ਜੋ ਥੋਕ ਵਿਚ ਇਨਸਾਨਾਂ ਨੂੰ ਬੰਦੀ ਬਣਾ ਕੇ ਪ੍ਰਾਈਵੇਟ ਕਾਰਪੋਰੇਸ਼ਨਾਂ ਦੇ ਹਵਾਲੇ ਕਰ ਦਿੰਦਾ ਹੈ। ਪਹਿਲਾਂ ਤਾਂ ਅਮਰੀਕਾ ਅੰਦਰ ਵਰਤਣ ਲਈ ਬੰਦੀ ਵਪਾਰ ਸੌ ਸਾਲਾਂ ਤੋਂ ਵੀ ਵੱਧ ਸਮੇਂ ਲਈ ਚਲਦਾ ਰਿਹਾ ਹੈ। ਕੁੱਲ ਕੈਦੀ ਅਫਰੀਕਾ ਦੇ ਅੰਦਰੋਂ ਧੋਖੇ ਨਾਲ ਜਾਂ ਜਬਰੀ ਲਿਆਏ ਜਾਂਦੇ ਸਨ। ਹੁਣ ਤਾਂ ਬੰਦੀ ਫੜਨ ਲਈ ਇੰਨੀ ਖੇਚਲ ਕਰਨ ਦੀ ਲੋੜ ਨਹੀਂ ਪੈਂਦੀ। ਜਿੰਨੇ ਵੀ ਚਾਹੀਦੇ ਨੇ ਸੜਕਾਂ ਤੋਂ ਜਾਂ ਘਰਾਂ ਤੋਂ ਚੁੱਕ ਲਏ ਜਾਂਦੇ ਹਨ। ਇੰਜ ਆਮ ਪਬਲਿਕ ਦੀਆਂ ਅੱਖਾਂ ਤੋਂ ਓਹਲੇ ਭਿਆਨਕ 'ਬੰਦੀ ਵਪਾਰ' ਨਿਪੁੰਨਤਾ ਦੇ ਨਾਲ ਚਲਾਇਆ ਜਾ ਰਿਹਾ ਹੈ।

ਬੰਦੀ ਕੈਦੀਆਂ ਉੱਤੇ ਨਵੀਂਆਂ ਦਵਾਈਆਂ ਜਾਂ ਵੈਕਸੀਨਾਂ ਦੇ ਤਜਰਬੇ ਹੋਣਾ ਕਿਹੜੀ ਮੁਸ਼ਕਲ ਗੱਲ ਹੈ। 'ਕੱਲਿਆਂ ਕਾਰਿਆਂ ਦੇ ਤਜਰਬਿਆਂ ਵਿਚ ਮਰ ਜਾਣ ਉੱਤੇ ਕਿਸ ਨੇ ਰੌਲਾ ਪਾਉਣਾ ਹੈ? ਕੈਦੀਆਂ ਦੇ ਖ਼ੂਨ ਵੇਚਣ ਦੇ ਵਪਾਰ ਦਾ ਉਦੋਂ ਪਤਾ ਲੱਗਾ, ਜਦੋਂ ਆਰਕੈਨਸਾਸ ਦੇ ਗਵਰਨਰ ਬਿੱਲ ਕਲਿੰਟਨ ਦੀ ਆਗਿਆ ਨਾਲ ਉਸ ਸੂਬੇ ਦੀਆਂ ਜੇਲ੍ਹਾਂ ਅੰਦਰੋਂ ਚੋਖਾ ਖ਼ੂਨ ਕੈਨੇਡਾ ਐਕਸਪੋਰਟ ਕੀਤਾ ਗਿਆ। ਇਹ ਖ਼ੂਨ ਵਰਤਣ ਉੱਤੇ ਕੈਨੇਡਾ ਅੰਦਰ ਹਜ਼ਾਰਾਂ ਲੋਕ ਐੱਚ.ਆਈ.ਵੀ. ਪਾਜ਼ੇਟਿਵ ਹੋ ਗਏ। ਇਕ ਦਸਤਾਵੇਜ਼ੀ ਫ਼ਿਲਮ ਬਣਾਈ ਗਈ 'ਫੈਕਟਰ 8' ਜਿਸ ਵਿਚ ਗਵਰਨਰ ਬਿੱਲ ਕਲਿੰਟਨ ਨੂੰ ਇਸ ਭਿਆਨਕ ਘਟਨਾ ਲਈ ਦੋਸ਼ੀ ਠਹਿਰਾਇਆ ਗਿਆ ਹੈ। ਉਸ ਸਮਾਜ ਵਿਚ ਅਜਿਹੀ ਫ਼ਿਲਮ ਨੂੰ ਦਿਖਾਉਣਾ ਕਿਸ ਨੇ ਸੀ? ਅਜਿਹੇ ਮਹਾਨ ਕਾਰਜ ਕਰਨ ਵਾਲਾ ਤਾਂ ਦੇਖਦਿਆਂ ਹੀ ਅਮਰੀਕਾ ਦਾ ਪ੍ਰਧਾਨ ਬਣ ਗਿਆ।

ਅਮਰੀਕੀ ਜੇਲ੍ਹਾਂ ਅੰਦਰ ਕਾਲਿਆਂ ਦੀ ਅਬਾਦੀ 40 ਫ਼ੀਸਦੀ ਹੈ, ਜਦਕਿ ਦੇਸ਼ ਦੇ ਅੰਦਰ ਉਨ੍ਹਾਂ ਦੀ ਗਿਣਤੀ 12.4 ਫ਼ੀਸਦੀ ਹੈ। ਇਸ ਮੌਕੇ ਕੁਝ ਹੋਰ ਦੇਸ਼ਾਂ ਅੰਦਰ ਕੈਦੀਆਂ ਬਾਰੇ ਵਾਕਫ਼ੀ ਲਾਭਕਾਰੀ ਸਿੱਧ ਹੋਵੇਗੀ। ਸਾਲ 2007 ਵਿਚ ਇਕ ਲੱਖ ਅਬਾਦੀ ਪਿੱਛੇ ਭਾਰਤ ਅਤੇ ਨੇਪਾਲ ਵਿਚ 28, ਚੀਨ ਵਿਚ 118, ਰੂਸ ਵਿਚ 532 ਅਤੇ ਅਮਰੀਕਾ ਵਿਚ 714 ਕੈਦੀ ਸਨ।

ਅਮਰੀਕੀ ਜੇਲ੍ਹ ਪ੍ਰਣਾਲੀ ਦਾ ਆਪਣੇ ਦੇਸ਼ ਵਾਸੀਆਂ ਦੇ ਨਾਲ ਨਹੁੰ ਮਾਸ ਦਾ ਰਿਸ਼ਤਾ ਹੈ। 'ਪਿਊ ਸੈਂਟਰ' ਦੇ ਅੰਕੜਿਆਂ ਅਨੁਸਾਰ ਹਰ ਇਕੱਤੀ ਬਾਲਗ ਅਮਰੀਕਨਾਂ ਪਿੱਛੇ ਇਕ ਬੰਦਾ ਜੇਲ੍ਹ ਪ੍ਰਣਾਲੀ ਦੀ ਜਕੜ ਵਿਚ ਹੈ। 25 ਲੱਖ ਸੀਖਾਂ ਦੇ ਪਿੱਛੇ ਅਤੇ ਬਾਕੀ ਦੇ ਪੈਰੋਲ ਤੇ ਪ੍ਰੋਬੇਸ਼ਨ ਉੱਤੇ ਅਤੇ ਕਈ ਤਰ੍ਹਾਂ ਦੀ ਸੁਧਾਰਕ ਦੇਖ-ਰੇਖ ਵਿਚ ਹਨ। ਸਵਾਲ ਇਹ ਪੈਦਾ ਹੁੰਦਾ ਹੈ ਕਿ ਮਨੁੱਖੀ ਅਧਿਕਾਰਾਂ ਦੀ ਜਾਮਨੀ ਭਰਨ ਵਾਲੇ ਵਿਕਸਤ ਦੇਸ਼ਾਂ ਦੇ ਵਿਕਾਸ ਪਿੱਛੇ ਛੁਪੀ ਹਕੀਕਤ ਬਾਰੇ ਸਭ ਚੁੱਪ ਕਿਉਂ ਹਨ?

***ਫੋਨ: +91 98150-00207***

# ਨਿਆਸਰਿਆਂ ਤੇ ਨਿਓਟਿਆਂ ਦੀ ਗਾਥਾ 'ਲਾਚੋ ਡਰਾਮ'



ਪਹਿਲੀ ਗੱਲ

ਜਤਿੰਦਰ ਮੌਹਰ

ਫੋਨ: +91 97799 34747

> ***ਫ਼ਿਲਮ 'ਲਾਚੋ ਡਰਾਮ' (ਸੁਰੱਖਿਅਤ ਸਫ਼ਰ) ਦੇ ਹਦਾਇਤਕਾਰ ਟੋਨੀ ਗਤਲਿਫ਼ ਨੇ ਅਲਜੀਰੀਆ ਵਿਚ ਜਨਮ ਲਿਆ ਅਤੇ ਫ਼ਰਾਂਸ 'ਚ ਵਸੇਬਾ ਕੀਤਾ। ਉਹਦਾ ਮੁਲਕ ਫ਼ਰਾਂਸ ਦੀ ਬਸਤੀ ਸੀ। ਬਸਤਾਨਾਂ (ਬਸਤੀਵਾਦੀਆਂ) ਦੁਆਰਾ ਉਹਦੇ ਮੁਲਕਵਾਸੀਆਂ 'ਤੇ ਢਾਹਿਆ ਕਹਿਰ ਇਤਿਹਾਸ ਦਾ ਕਾਲਾ ਪੰਨਾ ਹੈ। ਉਹ ਰਾਜਸਥਾਨ (ਹਿੰਦੋਸਤਾਨ), ਤੁਰਕੀ, ਰੋਮਾਨੀਆ, ਹੰਗਰੀ, ਸਲੋਵਾਕੀਆ, ਫ਼ਰਾਂਸ, ਸਪੇਨ ਅਤੇ ਮਿਸਰ ਵਿਚ ਘੁੰਮ ਕੇ ਵਣਜਾਰਿਆਂ ਨੂੰ ਕੈਮਰਾ-ਬੱਧ ਕਰਦਾ ਹੈ ਜਿਨ੍ਹਾਂ ਨੂੰ ਯੂਰਪ 'ਚ ਰੋਮਾ ਜਾਂ ਜਿਪਸੀਆਂ ਦੇ ਨਾਮ ਨਾਲ ਜਾਣਿਆਂ ਜਾਂਦਾ ਹੈ। ਫ਼ਿਲਮਸਾਜ਼ ਦੀਆਂ ਨਿੱਜੀ ਟਿੱਪਣੀਆਂ ਅਤੇ ਜ਼ੁਬਾਨੀ ਖ਼ੁਲਾਸੇ ਫ਼ਿਲਮ 'ਚੋਂ .ਗੈਰਹਾਜ਼ਰ ਹਨ। ਸੰਵਾਦ ਨਾਮਨਿਹਾਦ ਹਨ। ਕਿਸੇ ਪੇਸ਼ਕਾਰ ਜਾਂ ਮੁਲਕ ਦਾ ਨਾਮ ਨਹੀਂ ਦਿੱਤਾ ਗਿਆ। ਕਲਾ ਦੀ ਕੋਈ ਬੋਲੀ ਨਹੀਂ ਹੁੰਦੀ।***



*ਟੋਨੀ ਗਤਲਿਫ਼*

ਫ਼ਿਲਮ 'ਲਾਚੋ ਡਰਾਮ' ਉਨ੍ਹਾਂ ਲੋਕਾਂ ਦੀ ਕਹਾਣੀ ਹੈ ਜਿਨ੍ਹਾਂ ਲਈ ਦੁੱਖ, ਹਿਕਾਰਤ ਅਤੇ ਉਜਾੜਾ ਸਮਕਾਲ ਅਤੇ ਇਤਿਹਾਸ ਦਾ ਰੂਪ ਹਨ। ਉਨ੍ਹਾਂ ਨੇ ਹੋਣੀ ਦਾ ਭਾਣਾ ਮੰਨਦਿਆਂ ਦਿਲਾਂ 'ਚੋਂ ਉੱਠਦੇ ਉਬਾਲ ਨੂੰ ਗੀਤਾਂ ਅਤੇ ਨਾਚਾਂ ਦੀ ਸ਼ਕਲ ਦੇ ਦਿੱਤੀ। ਭਾਣਾ ਮੰਨਣ ਨਾਲ ਬੇਸ਼ੱਕ, ਲਹੂ ਵਹਿਣ ਤੋਂ ਨਹੀਂ ਹਟਦਾ ਪਰ ਲਹੂ ਨਾਲ ਸਿੰਜੇ ਗੀਤ ਸਾਂਝੀ ਆਲਮੀ ਵਿਰਾਸਤ ਦਾ ਹਿੱਸਾ ਬਣਦੇ ਹਨ। ਕਸਾਈਖ਼ਾਨਿਆਂ ਵਿਚ ਡੁੱਲ੍ਹਿਆ ਮਨੁੱਖੀ ਲਹੂ ਹਰ ਹੀਲੇ ਰੰਗ ਦਿਖਾਉਂਦਾ ਹੈ। ਜਿਨ੍ਹਾਂ ਪਲਾਂ ਵਿਚ ਬੇਨਾਮਿਆਂ ਨੂੰ ਬੰਦ ਬੰਦ ਕੱਟਿਆ ਗਿਆ, ਉਹ ਸਦੀਆਂ ਬਣ ਕੇ ਧੜਕਦੇ ਹਨ। ਇਹ ਮਨੁੱਖੀ ਦਰਦ ਦੇ ਸਾਂਝੇ ਪਲ ਹੋ ਨਿਬੜਦੇ ਹਨ। ਗ਼ਾਲਬਾਂ/ਡਾਢਿਆਂ ਨੇ ਚਾਹੇ ਲੱਖ ਪਰਦੇ ਪਾਏ ਹੋਣ ਪਰ ਬੇਨਾਮਿਆਂ ਦੀ ਹੋਂਦ ਤੋਂ ਮਨੁੱਖਤਾ ਮੁਨਕਰ ਨਹੀਂ ਹੋ ਜਾ ਸਕਦੀ, ਜਿਨ੍ਹਾਂ ਨੇ ਜ਼ਿੰਦਗੀ ਦੇ ਗੀਤਾਂ ਨੂੰ ਅਮਰ ਕਰ ਦਿੱਤਾ।

ਫ਼ਿਲਮ 'ਲਾਚੋ ਡਰਾਮ' (ਸੁਰੱਖਿਅਤ ਸਫ਼ਰ) ਦੇ ਹਦਾਇਤਕਾਰ ਟੋਨੀ ਗਤਲਿਫ਼ ਨੇ ਅਲਜੀਰੀਆ ਵਿਚ ਜਨਮ ਲਿਆ ਅਤੇ ਫ਼ਰਾਂਸ 'ਚ ਵਸੇਬਾ ਕੀਤਾ। ਉਹਦਾ ਮੁਲਕ ਫ਼ਰਾਂਸ ਦੀ ਬਸਤੀ ਸੀ। ਬਸਤਾਨਾਂ (ਬਸਤੀਵਾਦੀਆਂ) ਦੁਆਰਾ ਉਹਦੇ ਮੁਲਕਵਾਸੀਆਂ 'ਤੇ ਢਾਹਿਆ ਕਹਿਰ ਇਤਿਹਾਸ ਦਾ ਕਾਲਾ ਪੰਨਾ ਹੈ। ਉਹ ਰਾਜਸਥਾਨ (ਹਿੰਦੋਸਤਾਨ), ਤੁਰਕੀ, ਰੋਮਾਨੀਆ, ਹੰਗਰੀ, ਸਲੋਵਾਕੀਆ, ਫ਼ਰਾਂਸ, ਸਪੇਨ ਅਤੇ ਮਿਸਰ ਵਿਚ ਘੁੰਮ ਕੇ ਵਣਜਾਰਿਆਂ ਨੂੰ ਕੈਮਰਾ-ਬੱਧ ਕਰਦਾ ਹੈ ਜਿਨ੍ਹਾਂ ਨੂੰ ਯੂਰਪ 'ਚ ਰੋਮਾ ਜਾਂ ਜਿਪਸੀਆਂ ਦੇ ਨਾਮ ਨਾਲ ਜਾਣਿਆਂ ਜਾਂਦਾ ਹੈ। ਫ਼ਿਲਮਸਾਜ਼ ਦੀਆਂ ਨਿੱਜੀ ਟਿੱਪਣੀਆਂ ਅਤੇ ਜ਼ੁਬਾਨੀ ਖ਼ੁਲਾਸੇ ਫ਼ਿਲਮ 'ਚੋਂ ਗ਼ੈਰਹਾਜ਼ਰ ਹਨ। ਸੰਵਾਦ ਨਾਮਨਿਹਾਦ ਹਨ। ਕਿਸੇ ਪੇਸ਼ਕਾਰ ਜਾਂ ਮੁਲਕ ਦਾ ਨਾਮ ਨਹੀਂ ਦਿੱਤਾ ਗਿਆ। ਕਲਾ ਦੀ ਕੋਈ ਬੋਲੀ ਨਹੀਂ ਹੁੰਦੀ। ਉਹ ਆਪਣੇ-ਆਪ 'ਚ ਬੋਲੀ ਹੈ। ਫ਼ਿਲਮ ਦੀ ਸ਼ੁਰੂਆਤ ਰਾਜਸਥਾਨ ਦੇ ਵਣਜਾਰਿਆਂ ਤੋਂ ਹੁੰਦੀ ਹੈ। ਲੰਬਾ ਲਾਰਾ ਜਾ ਰਿਹਾ ਹੈ ਜਿਸਦਾ ਚਿਤਰਨ ਸਾਡਾ ਸ਼ਾਇਰ ਲਾਲ ਸਿੰਘ ਦਿਲ ਚਿਰੋਕਣਾ ਕਰ ਚੁੱਕਿਆ ਹੈ। ਗੱਡਿਆਂ 'ਤੇ ਬੱਚੇ ਲੱਦੇ ਹਨ। ਇਕ ਨੂੰ ਤੇਜ਼ ਬੁਖ਼ਾਰ ਹੈ। ਪੀਣ ਲਈ ਪਾਣੀ ਦੀਆਂ ਕੁਝ ਬੂੰਦਾਂ ਹਨ। ਉਜਾੜ ਥਾਂ 'ਤੇ ਡੇਰਾ ਲਾਇਆ ਜਾਂਦਾ ਹੈ। ਖੁੱਲ੍ਹੇ ਆਸਮਾਨ ਹੇਠ ਗੀਤ, ਨਾਚ ਅਤੇ ਸੰਦ-ਹਥੌੜਿਆਂ ਦੀ ਆਵਾਜ਼ਾਂ ਇਕਸੁਰ ਹੋ ਰਹੀਆਂ ਹਨ। ਦੂਰ ਤੱਕ ਰੇਤ ਅਤੇ ਮਿੱਟੀ ਤੋਂ ਬਿਨਾ ਕੁਝ ਨਹੀਂ ਹੈ। ਮਨੁੱਖੀ ਸਮਰੱਥਾ ਦਾ ਜਸ਼ਨ ਹੋ ਰਿਹਾ ਹੈ। ਨਾ-ਉਮੀਦੀ ਅਤੇ ਦੁੱਖ ਦੇ ਬਾਵਜੂਦ ਜ਼ਿੰਦਗੀ ਧੜਕ ਰਹੀ ਹੈ। ਇਹੀ ਮਨੁੱਖੀ ਸਮਰੱਥਾ ਦੀ ਸੱਚੀ ਤਾਕਤ ਹੈ।

ਫ਼ਿਲਮ ਦੇ ਇਕ ਦ੍ਰਿਸ਼ ਵਿਚ ਘੋੜ-ਸਵਾਰ ਹਵਾ ਨਾਲ ਗੱਲਾਂ ਕਰ ਰਿਹਾ ਹੈ। ਇਹ ਸ਼ਾਇਦ ਕਿਸੇ ਪੂਰਬ-ਯੂਰਪੀ ਮੁਲਕ ਦਾ ਖਿੱਤਾ ਹੈ। ਘੋੜੇ ਦੀ ਅੱਥਰੀ ਚਾਲ ਸੰਗੀਤ ਨਾਲ ਲੈਅਬੱਧ ਹੋ ਰਹੀ ਹੈ। ਇਹੀ ਅੱਥਰਾਪਣ ਆਜ਼ਾਦੀ ਦਾ ਚਿੰਨ੍ਹ ਹੈ। ਦਰੱਖਤ ਅਤੇ ਪੰਛੀ ਉਹਦੇ ਸਹਿਯੋਗੀ ਹਨ। ਉਸ ਘੋੜੇ ਦੀ ਥਾਂ ਲੋਹੇ ਦਾ ਘੋੜਾ (ਰੇਲਗੱਡੀ) ਲੈ ਲੈਂਦਾ ਹੈ। ਲੋਹੇ ਦਾ ਘੋੜਾ ਨਾਜ਼ੀਆਂ ਦੁਆਰਾ ਡੱਬਿਆਂ 'ਚ ਢੋਏ ਗਏ ਵਣਜਾਰਿਆਂ ਦੀ ਯਾਦ ਦਿਵਾਉਂਦਾ ਹੈ ਜਿਨ੍ਹਾਂ ਨੂੰ ਗੈਸ ਚੈਂਬਰਾਂ ਦਾ ਬਾਲਣ ਬਣਾਇਆ ਗਿਆ। ਮਨੁੱਖ ਦੀ ਕੁਜਾਤ ਖੁੱਲ੍ਹੀ ਹਵਾ ਵਿਚ ਸਾਹ ਲੈਣ ਦੇ ਸੁਪਨਿਆਂ ਨੂੰ ਮੌਤ ਦੇ ਦਮ ਘੋਟੂ ਕਮਰਿਆਂ ਵਿਚ ਡੱਕ ਦਿੰਦੀ ਹੈ। ਕੇਂਦਰੀ ਯੂਰਪ ਦੇ ਬਰਫੀਲੇ ਮੈਦਾਨ, ਰੇਲਵੇ ਸਟੇਸ਼ਨ, ਵਲੀਆਂ ਤਾਰਾਂ ਅਤੇ ਕੰਬਦੀ ਬਜ਼ੁਰਗ ਜਿਪਸੀ ਔਰਤ ਦੀ ਬਾਂਹ ਉੱਤੇ ਉਣੇ ਹਿੰਦਸੇ, ਔਸ਼ਵਿਜ਼ ਦੇ ਬੁੱਚੜਖਾਨੇ ਦੀ ਕੁਸੈਲੀ ਯਾਦ ਤਾਜ਼ਾ ਕਰਦੇ ਹਨ। ਅੱਖਾਂ 'ਚ ਦਹਿਸ਼ਤ ਦੇ ਤਰਦੇ ਦ੍ਰਿਸ਼ ਮਨੁੱਖ ਅਤੇ ਕੁਦਰਤ ਦੇ ਸੁਮੇਲ 'ਚੋਂ ਉਪਜੇ ਸੰਗੀਤ ਨੂੰ ਸੋਗ ਦੇ ਵੈਣਾਂ ਵਿਚ ਤਬਦੀਲ ਕਰ ਦਿੰਦੇ ਹਨ। ਰੇਲਗੱਡੀ ਵਿਚ ਸਫ਼ਰ ਕਰਦੀਆਂ ਮਾਂ ਅਤੇ ਧੀ ਗੀਤ ਗਾਉਂਦੀਆਂ ਹਨ: "ਦੁਨੀਆਂ ਸਾਨੂੰ ਨਫ਼ਰਤ ਕਰਦੀ ਹੈ ... ਸਾਡਾ ਸ਼ਿਕਾਰ ਕੀਤਾ ਗਿਆ ਤੇ ਉਜਾੜ ਦਿੱਤਾ ਗਿਆ ... "। ਕੜਾਕੇ ਦੀ ਠੰਢ ਵਿਚ ਬੇਘਰ ਵਣਜਾਰੇ ਦਰੱਖਤਾਂ 'ਤੇ ਘਰ ਬਣਾਈ ਬੈਠੇ ਹਨ ਜੋ ਸਦੀਆਂ ਤੋਂ ਢੋਈ ਜ਼ਿਲਤ ਦੇ ਗੀਤ ਗਾਉਂਦੇ ਹਨ। ਰੇਲਵੇ ਸਟੇਸ਼ਨ 'ਤੇ ਰੋਂਦੀ ਮਾਂ ਦਾ ਚਿੱਤ ਪਰਚਾਉਣ ਲਈ ਮਾਸੂਮ ਬੱਚਾ ਜਿਪਸੀਆਂ ਨੂੰ ਕੁਝ ਸਿੱਕੇ ਦੇ ਕੇ ਗੀਤ ਗਾਉਣ ਲਈ ਕਹਿੰਦਾ ਹੈ। ਜਿਪਸੀਆਂ ਦਾ ਟੋਲਾ ਬਿਨਾ ਪੈਸੇ ਲਏ ਨੱਚਦਾ-ਗਾਉਂਦਾ ਹੈ। ਮਾਂ ਦੇ ਚਿਹਰੇ 'ਤੇ ਹਾਸਾ ਪਰਤ ਆਉਂਦਾ ਹੈ। ਬੱਚੇ ਲਈ ਉਹ ਪਲ ਜਮਰੌਦ ਦਾ ਕਿਲਾ ਜਿੱਤਣ ਦੇ ਬਰਾਬਰ ਹੈ। ਮਾਸੂਮ ਨੂੰ ਸਾਰਾ ਆਲਮ ਝੂਮਦਾ ਨਜ਼ਰ ਆਉਂਦਾ ਹੈ। ਰੋਂਦੇ ਜੀਅ ਨੂੰ ਹਸਾਉਣ ਤੋਂ ਵੱਡਾ ਕੋਈ ਪਰਉਪਕਾਰ ਨਹੀਂ ਹੋ ਸਕਦਾ!



*ਫਿਲਮ 'ਲਾਚੋ ਡਰਾਮ' ਵਿਚ ਨੱਚ ਰਹੀ ਰਾਜਸਥਾਨੀ ਮੁਟਿਆਰ।*

> ***ਫ਼ਿਲਮ ਦਾ ਛੇਕੜਲਾ ਦ੍ਰਿਸ਼ ਸਪੇਨੀ ਜਿਪਸੀਆਂ ਦੀ ਹੋਣੀ ਬਿਆਨ ਕਰਦਾ ਹੈ ਜਿਨ੍ਹਾਂ ਨੇ ਖਾਲੀ ਤੇ ਉਜਾੜ ਪਏ ਘਰਾਂ 'ਚ ਪਨਾਹ ਲਈ ਹੋਈ ਹੈ। ਸਰਕਾਰੀ ਬੰਦੇ ਉਨ੍ਹਾਂ ਨੂੰ ਦੁਬਾਰਾ ਬੇਘਰ ਕਰਨ ਵਿਚ ਮਸਰੂਫ਼ ਹਨ। ਬੂਹੇ-ਬਾਰੀਆਂ ਮੂਹਰੇ ਕੰਧਾਂ ਦੀ ਚਿਣਾਈ ਕਰਕੇ ਪੱਕੇ ਰੂਪ 'ਚ ਬੰਦ ਕੀਤਾ ਜਾ ਰਿਹਾ ਹੈ। ਉਜਾੜੇ ਦੀ ਸ਼ਿਕਾਰ ਜਿਪਸੀ ਬੀਬੀ ਤੇ ਬੱਚਾ ਪਹਾੜ ਦੀ ਚੋਟੀ 'ਤੇ ਬੈਠੇ ਘੁੱਗ ਵਸਦੇ ਸ਼ਹਿਰ ਨੂੰ ਦੇਖਦੇ ਹੋਏ ਗੀਤ ਗਾ ਰਹੇ ਹਨ। ਪੰਜਾਬੀ ਸੰਗਤ ਨੂੰ ਨਾਵਲ 'ਰੋਹੀ ਬੀਆਬਾਨ' (ਕਰਮਜੀਤ ਕੁੱਸਾ) ਦਾ ਪਾਤਰ ਗੋਰਾ ਯਾਦ ਆ ਜਾਂਦਾ ਹੈ ਜੋ ਸੰਵੇਦਨਹੀਣਤਾ ਦਾ ਸ਼ਿਕਾਰ ਹੋਇਆ ਦੂਰ ਖੇਤਾਂ ਵਿਚ ਬੈਠਾ, ਜਗਮਗਾਉਂਦੇ ਪਿੰਡ ਨੂੰ ਮਿਹਣਾ ਮਾਰਦਾ ਹੈ। ਉਹਨੂੰ ਜਿਉਂਦਾ ਜਾਗਦਾ ਪਿੰਡ ਰੋਹੀ ਬੀਆਬਾਨ ਲੱਗਦਾ ਹੈ। ਪਿੰਡ ਦੀ ਹੋਂਦ ਅਤੇ ਰੌਣਕ ਦਰਦਮੰਦਾਂ ਦੇ ਦਰਦੀਆਂ ਨਾਲ ਹੀ ਹੈ। ਸਾਡੇ ਗੋਰੇ ਦੀ ਜਿਪਸੀ ਬੀਬੀ ਤੇ ਬੱਚੇ ਨਾਲ ਕੋਈ ਸੱਥਰੀ ਤਾਂ ਜ਼ਰੂਰ ਹੈ।***

ਫਰਾਂਸ ਵਿਚ ਵਣਜਾਰਿਆਂ ਦੇ ਆਰਜ਼ੀ ਡੇਰੇ ਨੂੰ ਮੁਕਾਮੀ ਹਥਿਆਰਧਾਰੀ ਤੁਰੰਤ ਚੁੱਕਣ ਦਾ ਹੁਕਮ ਸੁਣਾਉਂਦੇ ਹਨ। ਇਸ ਸੋਚ ਨੂੰ ਸਰਕਾਰੀ ਸਰਪ੍ਰਸਤੀ ਹਾਸਲ ਹੈ। ਰਾਸ਼ਟਰਪਤੀ ਸਰਕੋਜ਼ੀ ਲਈ ਪਰਵਾਸੀ ਵਿਰੋਧੀ ਨੀਤੀਆਂ ਘਪਲਿਆਂ ਅਤੇ ਵਿੱਤੀ ਮੰਦਵਾੜੇ ਦੀ ਬਦਨਾਮੀ ਵਿਚੋਂ ਉਭਰਨ ਦਾ ਸਬੱਬ ਬਣਦੀਆਂ ਹਨ ਜਿਸ ਦਾ ਸਭ ਤੋਂ ਵੱਡਾ ਨਿਸ਼ਾਨਾ ਜਿਪਸੀ ਅਤੇ ਮੁਸਲਮਾਨ ਬਣੇ ਹਨ। ਗ੍ਰੀਨੋਬਲ ਵਿਚ ਤੀਹ ਜੁਲਾਈ ਨੂੰ ਦਿੱਤੇ ਭਾਸ਼ਣ 'ਚ ਸਰਕੋਜ਼ੀ ਨੇ ਕਿਹਾ ਸੀ ਕਿ ਰੋਮਾ ਲੋਕਾਂ ਦੇ ਡੇਰੇ ਅਤੇ ਅਰਬ ਮੂਲ ਦੇ ਮੁਸਲਮਾਨਾਂ ਦੀਆਂ ਬਸਤੀਆਂ ਜੁਰਮ ਦੇ ਅੱਡੇ ਹਨ। ਚੇਤੇ ਰਹੇ ਕਿ ਬੇਰੁਜ਼ਗਾਰੀ ਦੀ ਸਭ ਤੋਂ ਵੱਧ ਮਾਰ ਇਹੀ ਲੋਕ ਝੱਲ ਰਹੇ ਹਨ। ਰੋਮਾ ਲੋਕਾਂ ਦੇ ਸਾਰੇ ਡੇਰੇ ਤੋੜਨ ਦਾ ਹੁਕਮ ਹੈ। ਇਨ੍ਹਾਂ ਨੂੰ ਵਾਪਸ ਅਪਣੇ ਮੁਲਕ ਭੇਜਿਆ ਜਾ ਰਿਹਾ ਹੈ, ਬੇਸ਼ੱਕ ਉਨ੍ਹਾਂ ਕੋਲ ਫ਼ਰਾਂਸ ਦੀ ਨਾਗਰਿਕਤਾ ਕਿਉਂ ਨਾ ਹੋਵੇ। ਸੱਜੇਪੱਖੀਆਂ ਨੇ ਸਰਕੋਜ਼ੀ ਦੀਆਂ ਨੀਤੀਆਂ ਦਾ ਭਰਪੂਰ ਸਮਰਥਨ ਕੀਤਾ। ਸਰਕੋਜ਼ੀ ਦੇ ਬਿਆਨ ਤੋਂ ਬਾਅਦ ਜਦੋਂ ਗ੍ਰੀਨੋਬਲ ਅਤੇ ਸੇਂਟ ਆਈਗਨ ਸ਼ਹਿਰਾਂ ਵਿਚ ਪੀੜਤ ਲੋਕਾਂ ਨੇ ਰੋਹ ਪ੍ਰਗਟ ਕੀਤਾ ਤਾਂ ਪੁਲਸ ਨੇ ਦੋ ਜਿਪਸੀ ਮੁੰਡਿਆਂ ਨੂੰ ਗੋਲੀ ਮਾਰ ਦਿੱਤੀ। ਇਸ ਹਾਦਸੇ ਤੋਂ ਬਾਅਦ ਹਿੰਸਾ ਭੜਕ ਉੱਠੀ। ਇਤਿਹਾਸ ਵਿਚ ਪਹਿਲੀ ਵਾਰ ਜਿਪਸੀ ਮੁੰਡਿਆਂ ਨੇ ਪੁਲਿਸ ਨਾਲ ਦਸਤਪੰਜਾ ਲਿਆ। ਲੋਕ-ਰੋਹ ਨੂੰ ਕਰੜੇ ਹੱਥੀ ਨਜਿੱਠਣ ਤੋਂ ਬਾਅਦ ਸਰਕੋਜ਼ੀ ਨੇ ਬਿਆਨ ਦਿੱਤਾ ਕਿ ਰੋਮਾ ਲੋਕਾਂ ਦੀਆਂ ਕਦਰਾਂ-ਕੀਮਤਾਂ ਫ਼ਰਾਂਸੀਸੀਆਂ ਦੇ ਹਾਣ ਦੀਆਂ ਨਹੀਂ ਹਨ ਅਤੇ ਮੁਲਕ ਦੀ ਅੰਦਰੂਨੀ ਸੁਰੱਖਿਆ ਲਈ ਵੱਡਾ ਖ਼ਤਰਾ ਹਨ। ਜਿਪਸੀਆਂ ਦੇ ਉਜਾੜੇ ਦਾ ਵਰਤਾਰਾ ਹੋਰ ਤੇਜ਼ ਹੋ ਗਿਆ। ਇਹੀ ਹਾਲ ਪਰਵਾਸੀ ਮੁਸਲਮਾਨਾਂ ਦਾ ਹੈ। ਨਵ-ਫ਼ਾਸ਼ੀਵਾਦੀ ਨੈਸ਼ਨਲ ਫਰੰਟ ਪਾਰਟੀ ਸਰਕੋਜ਼ੀ ਨੂੰ ਸ਼ਾਬਾਸੀ ਦਿੰਦੀ ਨਹੀਂ ਥੱਕਦੀ। ਫ਼ਰਾਂਸ ਵਿਚ ਦੂਜੀ ਆਲਮੀ ਜੰਗ ਤੋਂ ਬਾਅਦ ਪਰਵਾਸੀਆਂ ਦੇ ਖ਼ਿਲਾਫ਼ ਉਠਾਏ ਗਏ ਇਹ ਸਭ ਤੋਂ ਸਖ਼ਤ ਕਦਮ ਹਨ। ਇਸ ਤੋਂ ਪਹਿਲਾਂ ਹਿਟਲਰ ਦੀ ਕਠਪੁਤਲੀ ਫ਼ਰਾਂਸੀਸੀ ਸਰਕਾਰ ਨੇ ਜਿਪਸੀਆਂ ਨੂੰ ਦੇਸ਼-ਨਿਕਾਲੇ ਦੇ ਹੁਕਮ ਦਿੱਤੇ ਸਨ। ਜਿਨ੍ਹਾਂ ਵਿਚੋਂ ਜ਼ਿਆਦਾਤਰ ਤਸ਼ੱਦਦਖਾਨਿਆਂ 'ਚ ਖਤਮ ਕਰ ਦਿੱਤੇ ਗਏ। ਨਾਜ਼ੀਆਂ ਨੇ ਤਿੰਨ ਲੱਖ ਤੋਂ ਵੱਧ ਜਿਪਸੀਆਂ ਦੀਆਂ ਜਾਨਾਂ ਲਈਆਂ। ਫ਼ਰਾਂਸ ਦੇ ਮਸ਼ਹੂਰ ਅਖ਼ਬਾਰ 'ਲੀ ਪੋਸਟ' ਮੁਤਾਬਿਕ ਫ਼ਰਾਂਸੀਸੀ ਸਰਕਾਰਾਂ ਨੇ ਰੋਮਾ ਲੋਕਾਂ ਦੇ ਮੁੱਦੇ ਨੂੰ ਹਮੇਸ਼ਾਂ ਗ਼ੈਰ-ਜਮਹੂਰੀ ਤਰੀਕਿਆਂ ਨਾਲ ਹੀ ਨਜਿੱਠਿਆ ਹੈ। ਇਟਲੀ ਦੇ ਹਾਕਮ ਇਸ ਮਾਮਲੇ ਵਿਚ ਫ਼ਰਾਂਸ ਤੋਂ ਵੀ ਅੱਗੇ ਹਨ। ਯੂਰਪ ਦੀ ਰੋਮਾ ਆਬਾਦੀ ਦਾ ਵੱਡਾ ਹਿੱਸਾ ਹਿੰਸਕ ਹਮਲਿਆਂ ਦੀ ਮਾਰ ਹੇਠ ਹੈ। ਯੂਰਪੀ ਯੂਨੀਅਨ ਨਸਲਵਾਦੀ ਹਾਕਮਾਂ ਦੀ ਪਿੱਠ ਥਾਪੜ ਰਹੀ ਹੈ। 'ਗਾਰਡੀਅਨ' ਦੀ ਕਾਲਮਨਵੀਸ ਈਥਲ ਬਰੂਕਸ ਇਸ ਵਰਤਾਰੇ ਨੂੰ 'ਸਰਕਾਰੀ ਸਰਪ੍ਰਸਤੀ ਹਾਸਲ ਨਸਲਵਾਦ' ਦਾ ਦਰਜਾ ਦਿੰਦੀ ਹੈ। ਸਿਆਹਫਾਮ, ਮੁਸਲਮਾਨ ਅਤੇ ਰੋਮਾ ਲੋਕ ਪੱਛਮੀ ਨਸਲਵਾਦ ਦਾ ਮੁੱਖ ਨਿਸ਼ਾਨਾ ਹਨ। ਬਹੁਤੇ ਪਰਵਾਸੀ ਭਾਰਤੀ ਪੱਛਮੀ ਮੁਲਕਾਂ ਦੇ ਸਾਊ ਅਤੇ ਵਫ਼ਾਦਾਰ ਪੁੱਤ ਸਾਬਤ ਹੋਣ ਦੇ ਆਹਰ ਵਿਚ ਲੱਗੇ ਹੋਏ ਹਨ ਪਰ ਕਬੂਤਰ ਦੇ ਅੱਖਾਂ ਮੀਟਣ ਨਾਲ ਬਿੱਲੀ ਦੀ ਨੀਅਤ ਨਹੀਂ ਬਦਲਦੀ। ਸਮਾਂ 'ਨਿਆਸਾਰਿਆਂ ਦੇ ਆਸਰੇ ਤੇ ਨਿਓਟਿਆਂ ਦੀ ਓਟ' ਬਣਨ ਦੀ ਮੰਗ ਕਰਦਾ ਹੈ।

ਫ਼ਿਲਮ ਦਾ ਛੇਕੜਲਾ ਦ੍ਰਿਸ਼ ਸਪੇਨੀ ਜਿਪਸੀਆਂ ਦੀ ਹੋਣੀ ਬਿਆਨ ਕਰਦਾ ਹੈ ਜਿਨ੍ਹਾਂ ਨੇ ਖਾਲੀ ਤੇ ਉਜਾੜ ਪਏ ਘਰਾਂ 'ਚ ਪਨਾਹ ਲਈ ਹੋਈ ਹੈ। ਸਰਕਾਰੀ ਬੰਦੇ ਉਨ੍ਹਾਂ ਨੂੰ ਦੁਬਾਰਾ ਬੇਘਰ ਕਰਨ ਵਿਚ ਮਸਰੂਫ਼ ਹਨ। ਬੂਹੇ-ਬਾਰੀਆਂ ਮੂਹਰੇ ਕੰਧਾਂ ਦੀ ਚਿਣਾਈ ਕਰਕੇ ਪੱਕੇ ਰੂਪ 'ਚ ਬੰਦ ਕੀਤਾ ਜਾ ਰਿਹਾ ਹੈ। ਉਜਾੜੇ ਦੀ ਸ਼ਿਕਾਰ ਜਿਪਸੀ ਬੀਬੀ ਤੇ ਬੱਚਾ ਪਹਾੜ ਦੀ ਚੋਟੀ 'ਤੇ ਬੈਠੇ ਘੁੱਗ ਵਸਦੇ ਸ਼ਹਿਰ ਨੂੰ ਦੇਖਦੇ ਹੋਏ ਗੀਤ ਗਾ ਰਹੇ ਹਨ। ਪੰਜਾਬੀ ਸੰਗਤ ਨੂੰ ਨਾਵਲ 'ਰੋਹੀ ਬੀਆਬਾਨ' (ਕਰਮਜੀਤ ਕੁੱਸਾ) ਦਾ ਪਾਤਰ ਗੋਰਾ ਯਾਦ ਆ ਜਾਂਦਾ ਹੈ ਜੋ ਸੰਵੇਦਨਹੀਣਤਾ ਦਾ ਸ਼ਿਕਾਰ ਹੋਇਆ ਦੂਰ ਖੇਤਾਂ ਵਿਚ ਬੈਠਾ, ਜਗਮਗਾਉਂਦੇ ਪਿੰਡ ਨੂੰ ਮਿਹਣਾ ਮਾਰਦਾ ਹੈ। ਉਹਨੂੰ ਜਿਉਂਦਾ ਜਾਗਦਾ ਪਿੰਡ ਰੋਹੀ ਬੀਆਬਾਨ ਲੱਗਦਾ ਹੈ। ਪਿੰਡ ਦੀ ਹੋਂਦ ਅਤੇ ਰੌਣਕ ਦਰਦਮੰਦਾਂ ਦੇ ਦਰਦੀਆਂ ਨਾਲ ਹੀ ਹੈ। ਸਾਡੇ ਗੋਰੇ ਦੀ ਜਿਪਸੀ ਬੀਬੀ ਤੇ ਬੱਚੇ ਨਾਲ ਕੋਈ ਸੱਥਰੀ ਤਾਂ ਜ਼ਰੂਰ ਹੈ। ਗੀਤ ਦੌਰਾਨ ਸ਼ਹਿਰ ਦੀਆਂ ਇਮਾਰਤਾਂ ਅਤੇ ਘਰਾਂ ਦੇ ਦ੍ਰਿਸ਼ ਦਿਖਾਈ ਦਿੰਦੇ ਹਨ। ਇਨ੍ਹਾਂ ਇਮਾਰਤਾਂ ਉੱਤੇ ਗੋਰੀ ਨਸਲ ਦਾ ਹੱਕ ਰਾਖਵਾਂ ਕਰਨ ਦੇ ਕਨੂੰਨ ਘੜੇ ਜਾਂਦੇ ਹਨ। ਪੂਰੇ ਜ਼ੋਰ ਨਾਲ ਗਾ ਰਹੀ ਬੀਬੀ ਦੇ ਬੋਲ, ਬੋਲ਼ੇ ਸ਼ਹਿਰ ਦੇ ਕੰਨਾਂ ਤੱਕ ਨਹੀਂ ਪਹੁੰਚਦੇ। ਇਹ ਕਿਹੋ ਜਿਹੀਆਂ ਬੇਕਿਰਕ ਕੰਧਾਂ ਹਨ ਜੋ ਮਨੁੱਖੀ ਦਰਦ ਦੀ ਆਵਾਜ਼ ਨਹੀਂ ਸੁਣਦੀਆਂ ਪਰ ਹਕੂਕ ਦੀ ਆਵਾਜ਼ ਬੁਲੰਦ ਕਰਨ ਵਾਲਿਆਂ ਲਈ ਸੈਂਕੜੇ ਅੱਖਾਂ ਤੇ ਕੰਨ ਪੈਦਾ ਕਰ ਲੈਂਦੀਆਂ ਹਨ? ਸ਼ਹਿਰ ਅਤੇ ਪਹਾੜ ਵਿਚਾਲੇ ਡੂੰਘੀ ਖਾਈ ਹੈ। ਇਸ ਖਾਈ ਨੂੰ ਪੂਰਨ ਲਈ ਮਨੁੱਖ ਦਾ ਸੰਘਰਸ਼ ਸਦੀਆਂ ਤੋਂ ਜਾਰੀ ਹੈ। ਦੋਵਾਂ ਜੀਆਂ ਦੀ ਬਾਲੀ ਅੱਗ ਉੱਚੀ ਹੋ ਰਹੀ ਹੈ। ਅੱਗ ਦੀਆਂ ਲਾਟਾਂ 'ਚੋਂ ਸ਼ਹਿਰ ਦਿਖਾਈ ਦੇ ਰਿਹਾ ਹੈ। ਇਹ ਲਾਟ ਜ਼ਿੰਦਗੀ ਜਿਉਣ ਦੀ ਚਾਹਤ ਵੀ ਹੈ ਅਤੇ ਇਤਿਹਾਸ ਵਿਚ ਪਹਿਲੀ ਵਾਰ ਸਰਕਾਰੀ ਜਬਰ ਦੇ ਖ਼ਿਲਾਫ਼ ਹਿੰਸਕ ਹੋਏ ਜਿਪਸੀ ਮੁੰਡਿਆਂ ਦੇ ਦਿਲਾਂ 'ਚੋਂ ਉੱਠਦਾ ਰੋਹ ਵੀ। ਅੰਤਲੇ ਦ੍ਰਿਸ਼ 'ਚ ਬੱਚਾ ਅੱਗ ਉੱਚੀ ਕਰਨ ਲਈ ਹੋਰ ਲੱਕੜਾਂ ਲੈ ਕੇ ਆ ਰਿਹਾ ਹੈ। ਅਜਿਹੀ ਕੋਈ ਲੱਕੜ ਰੋਹੀ ਬੀਆਬਾਨ ਵਾਲੇ ਗੋਰੇ ਦੇ ਹੱਥ 'ਚ ਵੀ ਜ਼ਰੂਰ ਹੋਵੇਗੀ।

# 'ਜਮਹੂਰੀਅਤ' ਨਾਲ ਜਿਉਂਦੇ ਕਲਬੂਤਾਂ ਦਾ ਮੁਨਾਫ਼ਾਮੁਖੀ ਸਾਕ

**(ਸਫਾ 15 ਦੀ ਬਾਕੀ)**

ਦੂਜੀ ਆਲਮੀ ਜੰਗ ਤੋਂ ਬਾਅਦ 'ਅਮਨ ਲਈ ਖ਼ੁਰਾਕ' ਦੀਆਂ ਯੋਜਨਾਵਾਂ ਤਹਿਤ ਅਮਰੀਕਾ ਨੇ ਮੁਫ਼ਤ ਕਣਕ ਮੁਹੱਈਆ ਕਰਕੇ ਖੇਤੀ ਪ੍ਰਧਾਨ ਮੁਲਕਾਂ ਦਾ ਬਹੁਤ ਨੁਕਸਾਨ ਕੀਤਾ ਸੀ। ਅਰਜਨਟੀਨਾ ਵਰਗੇ ਕਣਕ ਉਗਾਉਣ ਵਾਲੇ ਮੁਲਕਾਂ ਦਾ ਅਰਥਚਾਰਾ ਹਿੱਲ ਗਿਆ ਸੀ ਪਰ ਕੌਮਾਂਤਰੀ ਵਪਾਰ ਵਿਚ ਅਮਰੀਕਾ ਦਾ ਹਿੱਸਾ ਵਧ ਗਿਆ ਸੀ। ਇਸ ਰੁਝਾਨ ਦਾ ਜ਼ਿਕਰ ਨੌਮ ਚੌਮਸਕੀ ਆਪਣੀ ਕਿਤਾਬ 'ਪ੍ਰੌਫਿਟ ਓਵਰ ਪੀਪਲ' ਵਿਚ ਤਫ਼ਸੀਲ ਨਾਲ ਕਰਦਾ ਹੈ। ਦੂਜੀ ਪੱਧਰ ਉੱਤੇ ਆਫ਼ਤਾਂ ਭ੍ਰਿਸ਼ਟਾਚਾਰ ਮਾਰੇ ਇਲਾਕਿਆਂ ਵਿਚ ਅਫ਼ਸਰਸ਼ਾਹੀ, ਗ਼ੈਰ-ਸਰਕਾਰੀ ਸੰਸਥਾਵਾਂ ਅਤੇ ਸਿਆਸਤਦਾਨਾਂ ਲਈ ਅਮੀਰੀ ਦੇ ਰਾਹ ਖੋਲ੍ਹਦੀਆਂ ਹਨ। ਪੱਤਰਕਾਰ ਪੀ. ਸਾਈਨਾਥ ਦੀ ਕਿਤਾਬ 'ਐਵਰੀਬੌਡੀ ਲਵਜ਼ ਏ ਗੁੱਡ ਡਰੌਟ' ਭਾਰਤ ਦੇ ਭੁੱਖਮਰੀ ਤੋਂ ਪੀੜਤ ਸੂਬਿਆਂ ਵਿਚੋਂ ਇਹ ਰੁਝਾਨ ਉਘਾੜ ਕੇ ਪੇਸ਼ ਕਰਦੀ ਹੈ। ਮੌਜੂਦਾ ਆਲਮੀ ਨਿਜ਼ਾਮ ਵਿਚ ਇਹ ਧਾਰਨਾ ਪੱਕੇ ਪੈਰੀਂ ਹੋ ਗਈ ਹੈ ਕਿ ਜਿਨ੍ਹਾਂ ਅਦਾਰਿਆਂ ਦੀ ਹਾਲਤ ਖਸਤਾ ਹੋਵੇਗੀ, ਉਨ੍ਹਾਂ ਦੇ ਮਾਲਕਾਂ ਅਤੇ ਅਫ਼ਸਰਾਂ ਦੀਆਂ ਜੇਬਾਂ ਭਾਰੀ ਹੋਣਗੀਆਂ। ਇਹ ਧਾਰਨਾ ਭਾਰਤ ਵਰਗੇ ਮੁਲਕ ਉੱਤੇ ਲਾਗੂ ਹੁੰਦੀ ਹੈ। ਇਕ ਪਾਸੇ ਗ਼ਰੀਬੀ ਅਤੇ ਦੂਜੇ ਪਾਸੇ ਅਮੀਰੀ ਵਧ ਰਹੀ ਹੈ।

ਮੌਂਟੇਕ ਸਿੰਘ ਆਹਲੂਵਾਲੀਆ ਮਹਿੰਗਾਈ ਦਾ ਕਾਰਨ ਪੇਂਡੂ ਲੋਕਾਂ ਦੀ ਖਰੀਦ ਸ਼ਕਤੀ ਨਾਲ ਜੋੜ ਕੇ ਵੇਖਦੇ ਹਨ। ਜੇ ਖਰੀਦ ਸ਼ਕਤੀ ਨਾਲ ਮਹਿੰਗਾਈ ਜੁੜੀ ਹੋਈ ਹੈ ਤਾਂ ਇਹ ਤੈਅ ਹੈ ਕਿ ਬਹੁਤ ਵੱਡਾ ਤਬਕਾ ਅੰਨ ਤੱਕ ਖਰੀਦਣ ਦੀ ਹਾਲਤ ਵਿਚ ਨਹੀਂ ਹੈ। ਜੇ ਵਿਕਾਸ ਦਰ ਨੂੰ ਉੱਚਾ ਰੱਖਣ ਲਈ ਮਹਿੰਗਾਈ ਘਟਾਈ ਨਹੀਂ ਜਾ ਸਕਦੀ ਤਾਂ ਇਹ ਸਰਕਾਰੀ ਫ਼ੈਸਲਾ ਹੋਇਆ ਕਿ ਮੁਨਾਫ਼ਾ ਮਹਿਫ਼ੂਜ਼ ਕਰਨ ਲਈ ਲੋਕਾਂ ਨੂੰ ਮਹਿੰਗਾਈ ਰਾਹੀਂ ਮਹਿਰੂਮ ਕਰਨਾ ਹੈ।

ਵੰਦਨਾ ਸ਼ਿਵਾ ਨੇ ਖ਼ੁਰਾਕ ਨੂੰ ਜਮਹੂਰੀ ਹਕੂਕ ਵਿਚ ਸ਼ੁਮਾਰ ਕਰਨ ਦੀ ਮੰਗ ਕੀਤੀ ਹੈ। ਸਰਕਾਰ ਨੇ 'ਖ਼ੁਰਾਕ ਦੇ ਹੱਕ' ਦਾ ਕਾਨੂੰਨ ਬਣਾਇਆ ਹੈ। ਇਸ ਕਾਨੂੰਨ ਦੇ ਬਾਵਜੂਦ ਖ਼ੁਰਾਕ ਦੇ ਮਾਮਲੇ ਵਿਚ ਭਾਰਤ ਦੇ ਹਾਲਾਤ ਐਮਰਜੈਂਸੀ ਵਾਲੇ (ਹੰਗਾਮੀ) ਹਨ। ਲੋਕਾਂ ਦੀ ਸਿਹਤ ਲਗਾਤਾਰ ਵਿਗੜ ਰਹੀ ਹੈ। ਮੰਤਰੀ ਅਮੀਰ ਹੋ ਰਹੇ ਹਨ। ਆਲਮੀ ਧਨ ਕੁਬੇਰਾਂ ਵਿਚ ਭਾਰਤੀਆਂ ਦੀ ਗਿਣਤੀ ਵਧ ਰਹੀ ਹੈ। ਗ਼ਰੀਬ ਤਬਕੇ ਦੀ ਖ਼ੁਰਾਕ ਵਿਚੋਂ ਗ਼ੈਰ-ਹਾਜ਼ਰ ਥੰਦਿਆਈ ਨਾਲ ਤਪਦਿਕ, ਪੋਲੀਓ ਅਤੇ ਅੰਧਰਾਤਾ ਵਰਗੀਆਂ ਬਿਮਾਰੀਆਂ ਮੁੜ ਮਾਰ ਕਰ ਰਹੀਆਂ ਹਨ। ਇਨ੍ਹਾਂ ਹਾਲਾਤ ਦੀ ਮਾਰ ਵਿਚ ਆਏ ਲੋਕਾਂ ਨੂੰ ਸਰਕਾਰੀ ਵੱਲੋਂ ਮਿਥੀਆਂ ਗਈਆਂ ਗ਼ਰੀਬੀ ਦੀਆਂ ਹੱਦਾਂ ਨਾਲ ਕੀ ਫ਼ਰਕ ਪੈਂਦਾ ਹੈ? ਬੇਵਿਸਾਹੀ, ਮਹਿਰੂਮੀਅਤ ਅਤੇ ਗ਼ੈਰ-ਮਹਿਫ਼ੂਜ਼ੀਅਤ ਦਾ ਸਰਕਾਰੀ ਨੀਤੀਆਂ ਨਾਲ ਰਿਸ਼ਤਾ ਪੇਚੀਦਾ ਜ਼ਰੂਰ ਜਾਪਦਾ ਹੈ ਪਰ ਸਮਝੋਂ ਬਾਹਰਾ ਨਹੀਂ ਹੈ। ਇਨ੍ਹਾਂ ਨੀਤੀਆਂ ਦੇ ਨਤੀਜੇ ਵਜੋਂ ਭਾਰਤ ਵਰਗੇ ਮੁਲਕ ਚੋਣਵੇਂ ਅਮੀਰਾਂ ਲਈ ਜਿਉਂਦੇ ਕਲਬੂਤਾਂ ਦੇ ਅਜਾਇਬਘਰ ਬਣਨ ਜਾ ਰਹੇ ਹਨ। ਇਨ੍ਹਾਂ ਜਿਉਂਦੇ ਕਲਬੂਤਾਂ ਦੀ ਭੁੱਖ, ਜ਼ਹਾਲਤ ਅਤੇ ਬੀਮਾਰੀ ਅਧਿਐਨ ਦਾ ਵਿਸ਼ਾ ਤਾਂ ਰਹਿਣਗੇ ਪਰ ਦਰਮਮੰਦੀ ਜਾਂ ਚਾਰਾਜੋਈ ਦੇ ਘੇਰੇ ਤੋਂ ਬਾਹਰ ਰਹਿਣਗੇ। ਯੋਜਨਾ ਕਮਿਸ਼ਨ ਨੇ ਨਰੇਗਾ ਦੇ ਲਾਭਪਾਤਰੀਆਂ ਨੂੰ ਅਮੀਰਾਂ ਵਿਚ ਸ਼ੁਮਾਰ ਕਰ ਲਿਆ ਹੈ।

ਇਸ ਬਹਿਸ ਦਾ ਧੁਰਾ ਮਨੁੱਖੀ ਪਛਾਣ ਹੋ ਸਕਦੀ ਹੈ। ਮੌਜੂਦਾ ਆਲਮੀ ਨਿਜ਼ਾਮ ਮਨੁੱਖ ਨੂੰ 'ਜਿਉਂਦਾ ਕਲਬੂਤ' ਜਾਂ ਖ਼ਪਤਕਾਰ ਮੰਨਦਾ ਹੈ। ਜਦੋਂ ਸਰਕਾਰਾਂ ਮਨੁੱਖ ਦੀ ਪਛਾਣ ਖ਼ਪਤਕਾਰ ਵਜੋਂ ਕਰਦੀਆਂ ਹਨ ਤਾਂ ਤਰਜੀਹ ਬਿਹਤਰ ਖ਼ਪਤਕਾਰ ਨੂੰ ਮਿਲਣੀ ਤੈਅ ਹੈ। ਇਸੇ ਲਈ ਤਾਂ ਭਾਰਤ ਦੀ ਪ੍ਰਾਪਤੀ ਕੁਝ ਬੰਦਿਆਂ ਦੇ ਆਲਮੀ ਧਨ ਕੁਬੇਰਾਂ ਵਿਚ ਸ਼ਾਮਿਲ ਹੋਣਾ ਜਾਂ ਉੱਚੀ ਵਿਕਾਸ ਦਰ ਹੈ। ਹਵਾਬਾਜ਼ੀ ਮਹਿਕਮੇ ਦੀ ਥਾਂ ਅਮੀਰ ਮੰਤਰੀ ਅਹਿਮ ਹੈ। ਹੁਣ ਕੌਮੀ ਅਤੇ ਕੌਮਾਂਤਰੀ ਕਾਨੂੰਨਾਂ ਵਿਚ ਨਿਰੋਲ ਨਸਲ ਅਤੇ ਗ਼ੁਲਾਮੀ ਨੂੰ ਕੋਈ ਥਾਂ ਨਹੀਂ ਹੈ। 'ਜਿਉਂਦੇ ਕਲਬੂਤਾਂ' ਦੀ ਹੋਣੀ ਗ਼ੁਲਾਮਾਂ ਤੋਂ ਵੱਖ ਕਿਵੇਂ ਹੈ? ਗ਼ਰੀਬੀ ਨੂੰ ਨਸਲ ਕਿਉਂ ਨਹੀਂ ਮੰਨਿਆ ਜਾ ਸਕਦਾ? ਦੋਇਮ ਦਰਜੇ ਦੇ ਜੀਅ ਜਿਨ੍ਹਾਂ ਦੇ ਜਿਸਮ ਉੱਤੇ ਤਜਰਬੇ ਹੋ ਰਹੇ ਹਨ, ਅਮੀਰ ਨਸਲ ਦੀ ਬਿਹਤਰੀ ਦਾ ਸਬੱਬ ਬਣ ਰਹੇ ਹਨ। ਮਨੁੱਖ ਦਾ ਬਿਹਤਰ ਮਨੁੱਖ ਹੋਣ ਦਾ ਸੁਫ਼ਨਾ ਕਲਪਨਾ ਦੀ ਉਡਾਣ ਬਣ ਕੇ ਰਹਿ ਗਿਆ ਹੈ।

# ਨਮਸਤੰ ਨਮਸਤੰ ਤ੍ਰਅਸਤੰ ਅਭੂਤੇ

## ਗੁਰਮਤਿ ਚਿੰਤਨ

ਡਾ. ਗੁਰਨਾਮ ਕੌਰ

ਇਨ੍ਹਾਂ ਕਾਲਮਾਂ ਵਿਚ 'ਅਕਾਲ ਉਸਤਤਿ' ਬਾਰੇ ਛਪ ਰਹੇ ਲੇਖਾਂ ਨੂੰ ਪੜ੍ਹ ਕੇ ਪਾਠਕਾਂ ਨੂੰ ਮਹਿਸੂਸ ਹੋ ਸਕਦਾ ਹੈ ਜਿਵੇਂ ਇੱਕੋ ਸਿਧਾਂਤ ਵਾਰ ਵਾਰ ਦੁਹਰਾਇਆ ਜਾ ਰਿਹਾ ਹੈ। ਅਸਲ ਵਿਚ ਇਸ ਤਰ੍ਹਾ ਨਹੀਂ ਹੈ ਕਿਉਂਕਿ ਕਿਸੇ ਵੀ ਸਿਧਾਂਤ ਨੂੰ ਦ੍ਰਿੜ ਕਰਵਾਉਣ ਲਈ ਉਸ ਦਾ ਵਾਰ ਵਾਰ ਚੇਤਾ ਕਰਵਾਇਆ ਜਾਂਦਾ ਹੈ। 'ਅਕਾਲ ਉਸਤਤਿ' ਦੀ ਰਚਨਾ ਦਾ ਆਪਣਾ ਨਿਵੇਕਲਾ ਅੰਦਾਜ਼ ਹੈ ਜਿਸ ਰਾਹੀਂ ਉਸ ਪਰਮ ਹਸਤੀ ਦੀ ਅਨੇਕਤਾ



ਡਾ. ਗੁਰਨਾਮ ਕੌਰ

ਵਿਚ ਏਕਤਾ, ਉਸ ਦੇ ਅਦਵੈਤ ਸੁਭਾ, ਉਸ ਦੇ ਪਰਾਤਪਰਤਾ ਅਤੇ ਵਿਆਪਕਤਾ ਦੇ ਗੁਣਾਂ ਨੂੰ ਦਰਸਾ ਕੇ ਇਹ ਦੱਸਿਆ ਹੈ ਕਿ ਮਹਿਜ ਕਰਮਕਾਂਡ ਰਾਹੀਂ ਉਸ ਨੂੰ ਪਾਇਆ ਨਹੀਂ ਜਾ ਸਕਦਾ। ਉਸ ਨੂੰ ਨਮੋ ਕਰਨਾ ਭਾਵ ਆਪਣੇ ਆਪ ਨੂੰ ਉਸ ਦੇ ਸਮਰਪਿਤ ਕਰਨਾ ਹੀ ਉਸ ਨੂੰ ਪਾਉਣ ਦਾ ਰਸਤਾ ਹੈ।

ਇਸ ਸਿਧਾਂਤ ਨੂੰ ਦ੍ਰਿੜ ਕਰਵਾਉਣ ਦੀ ਹੀ ਵਾਰ ਵਾਰ ਕੋਸ਼ਿਸ਼ ਕੀਤੀ ਗਈ ਹੈ ਅਤੇ ਇਹ ਕੋਈ ਤੋਤੇ-ਰਟ ਨਹੀਂ ਹੈ। ਮਸਲਨ ਸਭ ਤੋਂ ਪਹਿਲਾਂ ਚੌਪਈ ਵਿਚ ਉਸ ਦੇ ਗੁਣਾਂ ਦਾ ਬਿਆਨ ਕਰਦਿਆਂ ਉਸ ਨੂੰ ਨਮਸਕਾਰ ਕੀਤਾ ਹੈ। ਫਿਰ ਕਬਿੱਤ ਦੇ ਦਸ ਪਦਿਆਂ ਵਿਚ ਦੱਸਿਆ ਹੈ ਕਿ ਉਹ ਆਪਣੀ ਵਿਭਿੰਨ ਰਚਨਾ ਵਿਚ ਕਿਸ ਤਰ੍ਹਾਂ ਵਿਆਪਕ ਹੈ। ਇਸ ਤੋਂ ਅੱਗੇ 'ਸਵੈਯੇ' ਦੇ ਵੀਹ ਪਦਿਆਂ ਵਿਚ ਵੱਖ ਵੱਖ ਪ੍ਰਚਲਿਤ ਧਾਰਮਿਕ ਪਦਤੀਆਂ ਦੇ ਹਵਾਲੇ ਨਾਲ ਦੱਸਿਆ ਹੈ ਕਿ ਮਨ ਦੇ ਸੰਪੂਰਨ ਸਮਰਪਣ ਤੋਂ ਬਿਨਾਂ, ਮਹਿਜ ਧਾਰਮਿਕ ਕਰਮਕਾਂਡ ਰਾਹੀਂ ਉਸ ਨੂੰ ਪਾ ਸਕਣਾ ਸੰਭਵ ਨਹੀਂ ਹੈ। ਉਸ ਨੂੰ ਸਿਰਫ ਸੱਚੇ ਪ੍ਰੇਮ ਰਾਹੀਂ ਹੀ ਪਾਇਆ ਜਾ ਸਕਦਾ ਹੈ। ਅੱਗੇ 'ਤੋਮਰ ਛੰਦ' ਦੇ ਇੱਕੀ ਤੋਂ ਪੰਜਾਹ ਛੰਦਾਂ ਵਿਚ ਪਰਮਾਤਮਾ ਦੇ ਏਕਤੱਵ ਦੇ ਸਿਧਾਂਤ, ਉਸ ਦੇ ਪਰਾਤਪਰ ਹੋਣ ਅਤੇ ਇਸ ਦੇ ਨਾਲ ਹੀ ਆਪਣੀ ਰਚਨਾ ਵਿਚ ਸਮਾਏ ਹੋਣ ਦੇ ਗੁਣਾਂ ਦੀ ਵਿਆਖਿਆ ਕੀਤੀ ਗਈ ਹੈ ਕਿ ਉਹ ਆਪਣੀ ਰਚਨਾ ਦਾ ਕਰਤਾ ਪੁਰਖ ਹੋ ਕੇ ਵੀ ਇਸ ਤੋਂ ਅਟੰਕ ਹੋ ਕੇ ਨਹੀਂ ਬੈਠਾ ਸਗੋਂ ਚੇਤੰਨ ਰੂਪ ਵਿਚ ਇਸ ਨਾਲ ਜੁੜਿਆ ਹੋਇਆ ਹੈ।

'ਲਘੂਰਾਜ ਛੰਦ' ਵਿਚ 51 ਤੋਂ 70 ਨੰਬਰ ਤੱਕ ਫਿਰ ਅਕਾਲ ਪੁਰਖ ਦੇ ਇਸ ਵਿਲੱਖਣ ਰੂਪ ਦੀ ਵਿਆਖਿਆ ਕੀਤੀ ਗਈ ਹੈ ਕਿ ਜੋ ਵੀ ਇਹ ਦਿਸਦਾ ਸੰਸਾਰ ਹੈ, ਸਭ ਉਸੇ ਦਾ ਰਚਿਆ ਹੋਇਆ ਹੈ, ਉਸ ਦਾ ਹੀ ਪ੍ਰਗਟ ਰੂਪ ਹੈ ਅਤੇ ਇਸ ਦੀ ਵਿਆਖਿਆ 'ਤੁਹੀ ਤੁਹੀ' ਕਹਿ ਕੇ ਕੀਤੀ ਗਈ ਹੈ ਕਿਉਂਕਿ ਉਸ ਨੂੰ ਇਸ ਤਰ੍ਹਾਂ ਹੀ ਬਿਆਨ ਕਰਨਾ ਸੰਭਵ ਹੈ। ਇਸ ਤੋਂ ਅੱਗੇ 'ਕਬਿੱਤ' ਦੇ 71 ਤੋਂ 90 ਪਦਿਆਂ ਵਿਚ ਪ੍ਰਚਲਿਤ ਧਾਰਮਿਕ ਕਰਮਕਾਂਡ ਦਾ ਖੰਡਨ ਕੀਤਾ ਗਿਆ ਹੈ ਕਿਉਂਕਿ ਕਰਮਕਾਂਡ ਮਨੁੱਖ ਨੂੰ ਰੱਬ ਤੱਕ ਲੈ ਜਾਣ ਦੀ ਥਾਂ ਮਨੁੱਖ ਨੂੰ ਸਿਰਫ ਵੰਡ ਕੇ ਦੇਖਦਾ ਹੈ। ਰਚਨਾਕਾਰ ਨੇ ਇਸ ਰਾਹੀਂ ਇਹ ਸਿਧਾਂਤ ਦ੍ਰਿੜ ਕਰਾਇਆ ਹੈ ਕਿ ਉਸ ਇੱਕ ਪਰਮਾਤਮਾ ਤੋਂ ਪੈਦਾ ਹੋਣ ਕਰਕੇ ਸਾਰੇ ਸੰਸਾਰ ਦੇ ਮਨੁੱਖ ਇੱਕ ਹੀ ਜਾਤਿ ਹਨ। ਵੱਖ ਵੱਖ ਸਰੂਪ, ਬੋਲੀ, ਦੇਸ਼, ਧਾਰਮਿਕ ਭੇਖ, ਸਭਿਆਚਾਰ ਹੋਣ ਦੇ ਬਾਵਜੂਦ ਮਨੁੱਖ 'ਜਗਦੀਸ਼ੈ ਅੰਸ਼' ਹੈ। ਇਸ ਲਈ ਸਾਰੀ ਮਾਨਵ ਜਾਤਿ ਇੱਕ ਹੈ।

ਅੱਗੇ 'ਪ੍ਰਯਾਤ ਛੰਦ' ਵਿਚ ਉਸ ਪਰਮ ਸੱਤਾ, ਜਿਸ ਦੀ ਵਿਆਖਿਆ ਭਾਸ਼ਾ ਰਾਹੀਂ ਕਰ ਸਕਣੀ ਮੁਸ਼ਕਿਲ ਹੈ, ਨੂੰ ਦੋ ਤਰ੍ਹਾਂ ਨਾਲ ਬਿਆਨ ਕੀਤਾ ਹੈ: ਇੱਕ ਉਹ ਕੀ ਨਹੀਂ ਹੈ, ਦੂਸਰੇ ਉਸ ਦੇ ਗੁਣਾਂ ਨੂੰ ਕਿਸ ਤਰ੍ਹਾਂ ਬਿਆਨ ਕਰ ਸਕਣਾ ਸੰਭਵ ਹੈ ਜਾਂ ਕੀ ਕਹਿ ਕੇ ਬਿਆਨ ਕੀਤਾ ਜਾ ਸਕਦਾ ਹੈ। ਇਸ ਤੋਂ ਅੱਗੇ ਉਸ ਦੇ ਸੰਸਾਰਕ ਵਿਲੱਖਣਤਾ ਦੇ ਰੂਪ ਵਿਚ ਪ੍ਰਗਟ ਰੂਪ ਦੀ ਵਿਆਖਿਆ ਕੀਤੀ ਗਈ ਹੈ ਅਤੇ ਉਸ ਅਦਭੁੱਤ ਹਸਤੀ ਨੂੰ ਨਮਸਕਾਰ ਕੀਤੀ ਹੈ। ਇਸ ਲਈ ਇਹ ਦੁਹਰਾਉ ਨਾ ਹੋ ਕੇ ਸਿਧਾਂਤ ਦੇ ਪ੍ਰਕਾਸ਼ਨ ਦਾ ਸ਼ਬਦ ਦੇ ਮਾਧਿਅਮ ਰਾਹੀਂ ਇੱਕ ਨਿਵੇਕਲਾ ਉਪਰਾਲਾ ਹੈ ਜਿਸ ਦੀ ਵਿਆਖਿਆ 'ਪ੍ਰਯਾਤ ਛੰਦ' ਵਿਚ ਕੀਤੀ ਹੈ।

ਨਾਕਾਰਾਤਮਕ ਮਾਧਿਅਮ ਰਾਹੀਂ ਦੱਸਿਆ ਹੈ ਕਿ ਪਰਮਸਤਿ ਸਨੇਹ, ਰੰਗ, ਰੂਪ ਅਤੇ ਰੇਖਾ ਤੋਂ ਬਿਨਾ ਹੈ। ਪਰਮਾਤਮਾ ਮੋਹ, ਕ੍ਰੋਧ, ਧ੍ਰੋਹ-ਧੋਖਾ, ਕ੍ਰੋਧ, ਈਰਖਾ ਦੁਜੈਗੀ ਅਤੇ ਨਫਰਤ ਤੋਂ ਬਿਨਾ ਹੈ। ਉਹ ਕਰਮ, ਭਰਮ, ਜਨਮ ਅਤੇ ਜਾਤਿ ਤੋਂ ਬਿਨਾ ਹੈ। ਉਸ ਦਾ ਕੋਈ ਮਿੱਤਰ, ਦੁਸ਼ਮਣ, ਪਿਤਾ ਜਾਂ ਮਾਤਾ ਨਹੀਂ ਹੈ। ਨਾ ਉਸ ਨੂੰ ਪ੍ਰੇਮ ਹੈ, ਨਾ ਉਸ ਦਾ ਕੋਈ ਸੁਆਰਥ ਹੈ, ਨਾ ਵਿਸ਼ੇ-ਵਾਸ਼ਨਾਵਾਂ ਹਨ, ਨਾ ਉਸ ਦਾ ਕੋਈ ਖਾਸ ਸਥਾਨ ਹੈ। ਉਸ ਦਾ ਕੋਈ ਪੁੱਤਰ, ਮਿੱਤਰ, ਦੁਸ਼ਮਣ ਜਾਂ ਇਸਤਰੀ ਨਹੀਂ ਹੈ। ਉਸ ਨੂੰ ਲਖਿਆ ਨਹੀਂ ਜਾ ਸਕਦਾ। ਉਸ ਦਾ ਕੋਈ ਭੇਖ ਨਹੀਂ ਹੈ। ਇਸ ਦਾ ਅਰਥ ਇਹੀ ਬਣਦਾ ਹੈ ਕਿ ਇਹ ਗੁਣ-ਔਗੁਣ, ਬੰਧਨ, ਰਿਸ਼ਤੇ ਆਦਿ ਸਿਰਫ ਮਨੁੱਖ ਤੇ ਲਾਗੂ ਹੁੰਦੇ ਹਨ, ਅਸੀਮ ਹਸਤੀ ਤੇ ਨਹੀਂ। ਉਹ ਅਜੋਨੀ ਸਰੂਪ ਹੈ ਅਰਥਾਤ ਉਹ ਜਨਮਦਾ ਜਾਂ ਮਰਦਾ ਨਹੀਂ। ਪਹਿਲੀ ਪਾਤਸ਼ਾਹੀ ਗੁਰੂ ਨਾਨਕ ਦੇਵ ਜੀ ਨੇ ਮੂਲ ਮੰਤਰ ਵਿਚ ਉਸ ਨੂੰ 'ਅਕਾਲ ਮੂਰਤਿ' ਅਤੇ 'ਅਜੋਨੀ' ਕਿਹਾ ਹੈ ਜਿਸ ਤੋਂ ਭਾਵ ਹੈ ਕਿ ਉਹ ਜਨਮ ਮਰਨ ਵਿਚ ਨਹੀਂ ਆਉਂਦਾ ਪਰ ਇਹ ਸਾਰਾ ਦਿਸਦਾ ਸੰਸਾਰ ਉਸੇ ਦਾ ਪਾਸਾਰਾ ਹੈ, ਉਸੇ ਦਾ ਪ੍ਰਗਟ ਰੂਪ ਹੈ। 'ਅਜੋਨੀ ਸਰੂਪੰ' ਦਾ ਵੀ ਇਥੇ ਇਹੀ ਅਰਥ ਬਣਦਾ ਹੈ। ਉਹ ਮੁਕਤੀ ਦਾਤਾ ਅਤੇ ਬੁੱਧੀ ਦੇਣ ਵਾਲਾ ਹੈ ਅਤੇ ਉਸ ਦਾ ਸਰੂਪ ਸੁੰਦਰ ਹੈ:

ਅਲੇਖੰ ਅਭੇਖੰ ਅਜੋਨੀ ਸਰੂਪੰ॥
ਸਦਾ ਸਿੱਧਿ ਦਾ ਬੁੱਧਿ ਦਾ ਬ੍ਰਿਧਿ ਰੂਪੰ॥92॥

ਉਸ ਦਾ ਰੂਪ ਅਤੇ ਆਕਾਰ ਜਾਣਿਆ ਨਹੀਂ ਜਾ ਸਕਦਾ। ਉਸ ਦਾ ਰਹਿਣ ਦਾ ਸਥਾਨ ਕਿਥੇ ਹੈ ਅਤੇ ਕਿਹੜਾ ਭੇਖ ਹੈ, ਉਸ ਦਾ ਕੀ ਨਾਮ ਹੈ, ਕਿਥੋਂ ਦਾ ਹੈ? ਉਸ ਦਾ ਬਿਆਨ ਕਿਵੇਂ ਕੀਤਾ ਜਾਵੇ, ਕਿਹਾ ਨਹੀਂ ਜਾ ਸਕਦਾ। ਰੋਗ ਅਤੇ ਸੋਗ ਤੋਂ ਨਿਆਰਾ, ਮੋਹ-ਮਮਤਾ, ਮਸਤੀ, ਮਾਤਾ, ਕਰਮ ਅਤੇ ਭਰਮ ਤੋਂ ਰਹਿਤ, ਜਨਮ ਅਤੇ ਜਾਤਿ ਤੋਂ ਬਿਨਾ, ਦਵੈਖ, ਭੇਖ ਅਤੇ ਜਨਮ-ਰਹਿਤ ਸਰੂਪ ਵਾਲੇ, ਸਦਾ ਇੱਕਸਾਰ, ਇੱਕ ਸਰੂਪ ਵਾਲੇ ਨੂੰ ਨਮਸਕਾਰ ਹੈ। ਉਹ ਅਪਰੰਪਰ, ਬਾਣੀ ਦਾ ਬੀਜ ਰੂਪ ਹੈ, ਸ੍ਰੇਸ਼ਟ ਬੁੱਧੀ ਦੇਣ ਵਾਲਾ ਹੈ, ਪ੍ਰਕਾਸ਼ ਦਾ ਸੋਮਾ ਹੈ। ਉਸ ਨੂੰ ਖੰਡਿਤ ਨਹੀਂ ਕੀਤਾ ਜਾ ਸਕਦਾ, ਛੇਦਿਆ ਨਹੀਂ ਜਾ ਸਕਦਾ। ਉਹ, ਜਿਸ ਦੀ ਕੋਈ ਜਾਤਿ ਜਾਂ ਗੋਤਿ ਨਹੀਂ ਹੈ, ਜਿਸ ਦਾ ਕੋਈ ਰੂਪ ਅਤੇ ਰੰਗ (ਵਰਣ) ਨਹੀਂ ਹੈ। ਉਸ ਆਦਿ, ਅਦਵੈਤ ਅਤੇ ਅਮਰ ਹਸਤੀ ਨੂੰ ਪ੍ਰਣਾਮ ਹੈ:

ਨ ਜਾਤੰ ਨ ਪਾਤੰ॥ ਨ ਰੂਪੰ ਨ ਰੰਗੇ॥
ਨਮੋ ਆਦਿ ਅਭੰਗੇ॥ ਨਮੋ ਆਦਿ ਅਭੰਗੇ॥95॥

ਉਹ ਜੋ ਸਰਬ-ਉਚ ਇੱਕੋ ਇੱਕ ਪਰਮ ਹਸਤੀ ਹੈ, ਉਸ ਦੀ ਰਚਨਾਤਮਕ ਸ਼ਕਤੀ ਦਾ ਜ਼ਿਕਰ ਕਰਦਿਆਂ ਦੱਸਿਆ ਗਿਆ ਹੈ ਕਿ ਕੀੜਿਆਂ ਦੀ ਤਰ੍ਹਾਂ ਉਸ ਨੇ ਅਨੇਕਾਂ ਕ੍ਰਿਸ਼ਨ ਵਰਗੀਆਂ ਹਸਤੀਆਂ ਪੈਦਾ ਕੀਤੀਆਂ ਅਤੇ ਮਿਟਾ ਦਿੱਤੀਆਂ। ਫੇਰ ਪੈਦਾ ਕੀਤੀਆਂ ਅਤੇ ਫੇਰ ਮਿਟਾ ਦਿੱਤੀਆਂ। ਇਸ ਕਥਨ ਨਾਲ ਅਵਤਾਰਵਾਦ ਦੇ ਸਿਧਾਂਤ ਦਾ ਆਪਣੇ ਆਪ ਖੰਡਨ ਹੋ ਜਾਂਦਾ ਹੈ। ਉਹ ਆਦਿ ਪੁਰਖ ਬੇਮਿਸਾਲ ਅਤੇ ਨਾਸ ਰਹਿਤ ਹੈ ਜਿਸ ਦੀ ਥਾਹ ਨਹੀਂ ਪਾਈ ਜਾ ਸਕਦੀ। ਉਹ ਅਪਰੰਪਰ ਸੰਪੂਰਨ ਪ੍ਰਕਾਸ਼ ਦਾ ਸੋਮਾ ਹੈ। ਉਹ ਮਨ ਅਤੇ ਤਨ ਦੇ ਰੋਗਾਂ ਤੋਂ ਰਹਿਤ ਹੈ ਇੱਕ ਅਥਾਹ ਹਸਤੀ ਹੈ ਜਿਸ ਦਾ ਪਾਰ ਨਹੀਂ ਪਾਇਆ ਜਾ ਸਕਦਾ। ਉਸ ਦਾ ਤੇਜ ਪ੍ਰਤਾਪ ਅਖੰਡਿਤ ਹੈ। ਉਹ ਸਭ ਦਾ ਆਦਿ ਸੋਮਾ ਹੈ, ਨਾਸ ਰਹਿਤ ਅਤੇ ਇੱਕ-ਰੱਸ ਵਿਆਪਕ ਹੈ। ਉਹ ਜਨਮ, ਮਰਨ ਅਤੇ ਵਰਣ ਤੋਂ ਨਿਆਰਾ ਕਿਸੇ ਦੇ ਵੱਸ ਵਿਚ ਆਉਣ ਵਾਲਾ ਨਹੀਂ। ਉਹ ਪ੍ਰੇਮ ਅਤੇ ਗ੍ਰਹਿ (ਘਰ, ਨਿਵਾਸ ਸਥਾਨ) ਤੋਂ ਰਹਿਤ ਹੈ ਪਰ ਸਨੇਹ ਦਾ ਸ਼੍ਰੋਮਣੀ ਹੈ। ਉਹ ਯਾਨਿ ਪਰਮਾਤਮਾ ਦੰਡਨ, ਮੰਡਨ ਤੋਂ ਉਤੇ ਪ੍ਰਚੰਡ ਸ਼ਕਤੀ ਹੈ ਜਿਸ ਦਾ ਕੋਈ ਦੁਸ਼ਮਣ ਜਾਂ ਮਿੱਤਰ ਨਹੀਂ ਹੈ। ਉਹ, ਜਿਸ ਦੀ ਕੋਈ ਮੂਰਤ ਨਹੀਂ ਹੈ, ਭੂਤ ਕਾਲ, ਭਵਿੱਖ ਅਤੇ ਵਰਤਮਾਨ-ਤਿੰਨਾਂ ਕਾਲਾਂ ਵਿਚ ਵਿਆਪਕ ਹੈ, ਸਦੀਵੀ ਹੈ। ਉਹ ਨਾ ਰਾਜਾ ਹੈ, ਨਾ ਰੰਕ ਹੈ। ਉਹ ਦੁੱਖ, ਚੋਭ, ਲੋਭ, ਲਾਲਚ ਅਤੇ ਈਰਖਾ ਆਦਿ ਤੋਂ ਰਹਿਤ ਹੈ। ਉਸ ਦਾ ਨਾ ਕੋਈ ਸਰੀਰ ਹੈ, ਨਾ ਭੇਖ ਹੈ ਅਤੇ ਉਸ ਦੀ ਹਸਤੀ ਸਦੀਵੀ ਹੈ। ਉਹ ਰੋਗ, ਸੋਗ, ਭੈ ਅਤੇ ਲੜਾਈ-ਝਗੜੇ ਤੋਂ ਨਿਆਰਾ ਹੈ। ਉਹ ਛੇਦ-ਰਹਿਤ, ਭੇਦ-ਰਹਿਤ, ਕਰਮ ਅਤੇ ਕਾਲ ਤੋਂ ਉਤੇ ਅਖੰਡ ਅਤੇ ਅਸੀਮ ਹਸਤੀ ਹੈ ਜਿਸ ਦਾ ਮਾਤਾ-ਪਿਤਾ, ਭੈਣ-ਭਾਈ ਆਦਿ ਕੋਈ ਰਿਸ਼ਤਾ-ਨਾਤਾ ਨਹੀਂ ਹੈ। ਉਹ ਸਰੀਰ-ਰਹਿਤ ਹੋਣ ਕਰਕੇ ਸਰੀਰ ਨਾਲ ਸਬੰਧਤ ਲੱਛਣਾਂ ਜਿਵੇਂ ਭੁੱਖ, ਕਰਮ, ਕਾਲ, ਭਰਮ, ਭੈ, ਵਾਦ-ਵਿਵਾਦ, ਪਰਾਈ ਆਸ ਆਦਿ ਤੋਂ ਰਹਿਤ ਹੈ। ਉਸ ਸਦੀਵੀ, ਸਿੱਧੀਆਂ ਦੀ ਮਾਲਕ ਅਤੇ ਸਿਆਣੇ ਸਰੂਪ ਵਾਲੀ ਹਸਤੀ ਨੂੰ ਨਮਸਕਾਰ ਹੈ:

ਨ ਰੂਪੰ ਨ ਭੂਪੰ॥ ਨ ਕਾਯੰ ਨ ਕਰਮੰ॥
ਨ ਤ੍ਰਾਸੰ ਨ ਪ੍ਰਾਸੰ॥ ਨ ਭੇਦੰ ਨ ਭਰਮੰ॥
ਸਦੈਵੰ ਸਦਾ॥ ਸਿੱਧਿ ਬ੍ਰਿਧੰ ਸਰੂਪੇ॥
ਨਮੋ ਏਕ ਰੂਪੇ॥ ਨਮੋ ਏਕ ਰੂਪੇ॥102॥

ਉਸ ਦੀ ਸ਼ੋਭਾ ਸ਼ਬਦਾਂ ਤੋਂ ਬਾਹਰ ਹੈ। ਉਹ ਆਪ ਕਿਸੇ ਹੋਰ ਦੇ ਧਿਆਨ ਵਿਚ ਨਹੀਂ ਜੁੜਿਆ ਹੋਇਆ (ਸਭ ਉਸ ਦਾ ਧਿਆਨ ਧਰਦੇ ਹਨ)। ਆਦਿ ਸਮੇਂ ਤੋਂ ਉਹ ਆਪਣੀ ਅਸਲੀ ਹਾਲਤ ਵਿਚ ਰਹਿਣ ਵਾਲਾ ਹੈ ਅਰਥਾਤ ਉਸ ਵਿਚ ਕੋਈ ਤਬਦੀਲੀ ਨਹੀਂ ਆਉਂਦੀ। ਉਸ ਨੂੰ ਕਿਸੇ ਹੋਰ ਨੇ ਸਥਾਪਤ ਨਹੀਂ ਕੀਤਾ (ਕਿਉਂਕਿ ਉਸ ਤੋਂ ਉਪਰ ਕੋਈ ਹਸਤੀ ਨਹੀਂ ਹੈ)। ਉਸ ਨਾ ਭੋਗੇ ਜਾ ਸਕਣ ਵਾਲੇ ਨੂੰ ਨਮਸਕਾਰ ਹੈ। ਉਹ ਅਪਰੰਪਰ ਅਤੇ ਪਵਿੱਤਰ, ਬੰਧਨ-ਰਹਿਤ ਸੁਤੰਤਰ ਹਸਤੀ ਤੰਤਰ ਤੋਂ ਬਾਹਰ ਹੈ ਅਤੇ ਸਾਰੀ ਦੁਨੀਆਂ 'ਤੇ ਰਾਜ ਕਰਨ ਵਾਲੀ ਹਸਤੀ ਹੈ। ਉਹ ਧਰਮ, ਭਰਮ, ਸਰਮ (ਮਿਹਨਤ), ਰਿਸ਼ਤਿਆਂ ਤੋਂ ਬਗੈਰ ਇਕੱਲੀ ਹਸਤੀ ਹੈ। ਉਹ ਸੰਜੋਅ ਅਤੇ ਢਾਲ ਤੋਂ ਬਿਨਾ, ਕਦਮ ਅਤੇ ਕਥਨ ਤੋਂ ਬਿਨਾ, ਦੁਸ਼ਮਣ-ਦੋਸਤ, ਪੁੱਤਰ ਦੇ ਸਰੂਪ ਤੋਂ ਬਿਨਾ ਆਦਿ ਭਾਵ ਮੁਢਲੀ ਹਸਤੀ ਹੈ। ਇਸ ਦਿਸਦੇ ਬ੍ਰਹਿਮੰਡ ਨੂੰ ਉਸ ਦਾ ਪ੍ਰਗਟ ਬਿਆਨ ਕਰਦਿਆਂ ਹੋਇਆਂ ਕਿਹਾ ਹੈ ਕਿ ਕਿਧਰੇ ਉਹ ਭੰਵਰਾ ਬਣ ਕੇ ਕਮਲ ਫੁੱਲ ਦੀ ਸੁਗੰਧੀ ਨੂੰ ਮਾਣਦਾ ਹੋਇਆ ਭਰਮ ਵਿਚ ਭੁੱਲਿਆ ਹੈ। ਕਿਤੇ ਦੇਸ ਵਿਚ ਵੱਖ ਵੱਖ ਭੇਸਾਂ ਵਿਚ ਗੁਣਾਂ ਦਾ ਖ਼ਜ਼ਾਨਾ ਹੈ। ਕਿਤੇ ਰਾਜਾ ਬਣ ਕੇ ਤਮਸ ਰੂਪ ਦਿਖਾ ਰਿਹਾ ਹੈ। ਕਿਤੇ ਵਿੱਦਿਆ ਅਤੇ ਸਿੱਖਿਆ ਰਾਹੀਂ ਤਾਕਤ ਦਾ ਅਨੁਭਵ ਕਰਨ ਦਾ ਅਭਿਆਸ ਕਰ ਰਿਹਾ ਹੈ। ਕਿਤੇ ਧਰਮ ਦੀ ਪਾਲਣਾ ਕਰਦਾ ਹੋਇਆ ਮਰਿਆਦਾ ਪੁਰਸ਼ੋਤਮ ਹੈ। ਕਿਤੇ ਬਾਜ਼ ਵਰਗਾ ਸ਼ਿਕਾਰੀ ਪੰਛੀ ਹੈ ਅਤੇ ਕਿਤੇ ਸ਼ਿਕਾਰੀ ਪੰਛੀ ਨੂੰ ਪਾਉਣ ਵਾਲੀ ਬੋਟੀ ਹੈ। ਇਸ ਦਾ ਅਰਥ ਇਥੇ ਇਹੀ ਬਣਦਾ ਹੈ ਕਿ ਸੰਸਾਰ ਦੀ ਵਿਭਿੰਨਤਾ ਅਤੇ ਵੱਖੋ ਵੱਖਰੇ ਇੱਕ ਦੂਸਰੇ ਦੇ ਵਿਰੋਧੀ ਨਜ਼ਰ ਆਉਂਦੇ ਸਭ ਰੂਪਾਂ ਵਿਚ ਉਹ ਪਰਮਾਤਮਾ ਆਪ ਹੀ ਵਿਆਪਕ ਹੈ।

ਉਸ ਪਰਮ ਹਸਤੀ ਨੂੰ ਸੰਬੋਧਨ ਕਰਦਿਆਂ ਰਚਨਾਕਾਰ ਨੇ ਕਿਹਾ ਹੈ ਕਿ ਕਿਧਰੇ ਤੁਸੀਂ ਅੱਖਰਾਂ ਦੁਆਰਾ, ਵਿੱਦਿਆ ਦੁਆਰਾ ਸਿੱਧੀ ਦਾ ਅਨੁਭਵ ਕਰਨ ਦੀ ਕੋਸ਼ਿਸ਼ ਕਰਦੇ ਨਜ਼ਰ ਆਉਂਦੇ ਹੋ ਅਤੇ ਕਿਧਰੇ ਸਿੱਧੀ ਅਤੇ ਬੁੱਧੀ ਦੇ ਉਤਮ ਨਮੂਨੇ ਲੱਭਣ ਦੀ ਕੋਸ਼ਿਸ਼ ਕਰਦੇ ਨਜ਼ਰ ਆਉਂਦੇ ਹੋ। ਕਿਧਰੇ ਤੈਨੂੰ ਰੰਗਾਂ ਦੇ ਸੰਗ ਦੇਖਿਆ ਹੈ ਅਰਥਾਤ ਜ਼ਿੰਦਗੀ ਦੇ ਰੰਗ ਮਾਣਦੇ ਦੇਖਿਆ ਹੈ ਅਤੇ ਕਿਧਰੇ ਜੰਗ ਦੇ ਰੰਗ ਵਿਚ ਪੂਰਨ ਉਤਸ਼ਾਹ ਵਿਚ ਨਜ਼ਰ ਆ ਰਹੇ ਹੋ। ਕਿਸੇ ਪਾਸੇ ਇਸਤਰੀ ਦੇ ਪ੍ਰੇਮ ਵਿਚ ਰੰਗੇ ਦਿਖਾਈ ਦਿੰਦੇ ਹੋ। ਕਿਧਰੇ ਧਰਮ-ਕਰਮ ਅਤੇ ਦਇਆ ਦਾ ਘਰ-ਮੰਦਿਰ ਨਜ਼ਰ ਆਉਂਦੇ ਹੋ ਅਤੇ ਕਿਧਰੇ ਧਾਰਮਿਕ ਕਰਮਾਂ ਨੂੰ ਭਰਮ ਮੰਨਦੇ ਦਿਸਦੇ ਹੋ। ਕਿਧਰੇ ਜਤਨਸ਼ੀਲ ਦਿਖਾਈ ਦਿੰਦੇ ਹੋ ਅਤੇ ਕਿਧਰੇ ਤਸਵੀਰ ਨਜ਼ਰ ਆਉਂਦੇ ਹੋ। ਕਿਧਰੇ ਬੁੱਧੀ ਦਾ ਖਜ਼ਾਨਾ ਹੋ ਅਤੇ ਕਿਧਰੇ ਮਹਾਰਾਜਾ ਹੋ ਕੇ ਸਭ 'ਤੇ ਰਾਜ ਕਰਦੇ ਨਜ਼ਰ ਆਉਂਦੇ ਹੋ:

ਕਹੂੰ ਧਰਮ ਕੇ॥ ਕਰਮ ਕੇ ਹਰਮ ਜਾਨੇ॥
ਕਹੂੰ ਧਰਮ ਕੇ॥ ਕਰਮ ਕੇ ਭਰਮ ਮਾਨੇ॥
ਕਹੂੰ ਚਾਰ ਚੇਸਟਾ॥ ਕਹੂੰ ਚਿਤ੍ਰ ਰੂਪੰ॥
ਕਹੂੰ ਪਰਮ ਪ੍ਰਗਯਾ॥ ਕਹੂੰ ਸਰਬ ਭੂਪੰ॥108॥

ਕਿਧਰੇ ਪ੍ਰੇਮ ਦਾ ਘਰ ਦਿਸਦੇ ਹੋ ਅਤੇ ਕਿਧਰੇ ਸਰੀਰ ਦਾ ਦੁੱਖ ਦਿਸਦੇ ਹੋ। ਕਿਧਰੇ ਦਵਾ ਬਣ ਕੇ ਦੇਹੀ ਦਾ ਦੁੱਖ ਸੋਖਣ ਵਾਲੇ ਹੋ। ਕਿਧਰੇ ਦੇਵਤਿਆਂ ਦੀ ਵਿੱਦਿਆ ਹੈ ਅਤੇ ਕਿਧਰੇ ਇਸ ਦੇ ਉਲਟ ਦੈਂਤਾਂ ਦੀ ਬਾਣੀ ਹੋ। ਕਿਧਰੇ ਯਕਸ਼, ਗੰਧਰਵ ਅਤੇ ਕਿੰਨਰਾਂ ਦੀ ਕਹਾਣੀ ਕਰ ਰਹੇ ਨਜ਼ਰ ਆਉਂਦੇ ਹੋ। ਕਿਤੇ ਰਜ-ਗੁਣੀ ਰੂਪ ਵਿਚ ਕਰਮ ਪ੍ਰਧਾਨ ਹੋ ਅਤੇ ਕਿਤੇ ਸਾਤਵਿਕ ਹੋ ਕੇ ਲੈ-ਮਈ ਹੋ। ਕਿਤੇ ਤਮਸ ਵਿਚ ਪੂਰੀ ਤਰ੍ਹਾਂ ਰੋਗ-ਗ੍ਰਸਤ ਹੋ ਅਤੇ ਕਿਤੇ ਰੋਗ ਦੂਰ ਕਰਨ ਵਾਲੇ ਹੋ। ਕਿਤੇ ਯੋਗੀ ਬਣ ਕੇ ਤਿਆਗ ਕਰ ਰਹੇ ਹੋ ਅਤੇ ਕਿਤੇ ਦੁਨਿਆਵੀ ਸੁੱਖ ਭੋਗਣ ਵਿਚ ਮਸਤ ਹੋ। ਕਿਤੇ ਦੇਵਤਿਆਂ ਦੀ ਕੰਨਿਆ ਹੋ ਅਤੇ ਕਿਤੇ ਦੈਂਤਾਂ ਦੀ। ਕਿਤੇ ਯਕਸ਼ ਹੋ, ਕਿਤੇ ਵਿੱਦਿਆ ਧਾਰ ਰਹੇ ਹੋ ਅਤੇ ਕਿਤੇ ਮਨੁੱਖ ਦੀ ਜਾਈ ਹੋ। ਕਿਤੇ ਰਾਣੀ ਹੋ ਅਤੇ ਕਿਤੇ ਰਾਜ-ਕੰਨਿਆ ਭਾਵ ਰਾਜਕੁਮਾਰੀ ਹੋ। ਕਿਤੇ ਧਰਤੀ ਦੀ, ਪਾਤਾਲ ਦੀ ਉਤਮ ਨਾਗ ਕੰਨਿਆ ਹੋ।

ਇਨ੍ਹਾਂ ਸਾਰੇ ਇੱਕ ਦੂਸਰੇ ਦੇ ਉਲਟ ਅਤੇ ਵੱਖਰੇ ਸੁਭਾਵਾਂ ਰਾਹੀਂ ਉਸ ਅਕਾਲ ਪੁਰਖ ਦੀ ਰਚਨਾ ਦਾ ਜ਼ਿਕਰ ਹੈ ਕਿ ਹਰ ਤਰ੍ਹਾਂ ਦੀ ਰਚਨਾ ਉਸੇ ਤੋਂ ਹੈ ਅਤੇ ਉਸੇ ਨਾਲ ਸਬੰਧਤ ਹੈ। ਕਿਤੇ ਵੇਦਾਂ ਦੀ ਵਿੱਦਿਆ ਪ੍ਰਾਪਤ ਕਰ ਰਹੇ ਹੋ ਅਤੇ ਕਿਤੇ ਦੇਵ-ਬਾਣੀ ਭਾਵ ਅਕਾਸ਼-ਬਾਣੀ ਹੋ ਰਹੀ, ਇਲਹਾਮ ਹੋ ਰਿਹਾ ਹੈ। ਕਿਤੇ ਸ਼ਾਸਤਰ-ਚਰਚਾ ਹੋ ਰਹੀ ਹੈ ਅਤੇ ਕਿਤੇ ਕਾਵਿ-ਸ਼ਾਸਤਰ ਦੀ ਕਹਾਣੀ ਕਰ ਰਹੇ ਹੋ। ਕਿਤੇ ਲੋਹਾ-ਰੂਪ ਅਤੇ ਕਿਤੇ (ਉਸ ਦੇ ਉਲਟ) ਸੋਨਾ-ਰੂਪ ਹੋ। ਕਿਤੇ ਮਿੱਠੀ ਬਾਣੀ ਹੈ ਅਤੇ ਕਿਤੇ ਨੁਕਤਾਚੀਨ ਅਤੇ ਦੁਨੀਆਂ ਦੇ ਦੋਸ਼ ਲੱਭਣ ਵਾਲੇ ਹੋ। ਕਿਤੇ ਵੇਦ-ਵਿਦਿਆ ਹੋ ਅਤੇ ਕਿਤੇ ਸਾਹਿਤ ਦਾ ਰੂਪ ਹੋ। ਕਿਤੇ ਕੋਸ਼ਿਸ਼ ਕਰ ਰਹੇ ਹੋ ਅਤੇ ਕਿਤੇ ਸੁੰਦਰ ਚਿੱਤਰ ਹੋ। ਕਿਤੇ ਪਰਮ ਪੁਰਾਣ ਦਾ ਸਾਰ ਪਾ ਰਹੇ ਹੋ ਅਤੇ ਕਿਤੇ ਕੁਰਾਨ ਦੇ ਗੀਤ ਗਾ ਰਹੇ ਹੋ। ਇਸ ਦਾ ਅਰਥ ਹੈ ਕਿ ਸਭ ਕੁੱਝ ਉਸ ਪਰਮਾਤਮਾ ਦਾ ਹੀ ਪ੍ਰਕਾਸ਼ ਹੈ:

ਕਹੂੰ ਬੇਦ ਬਿਦਿਆ॥ ਕਹੂੰ ਕਾਬਿ ਰੂਪੰ॥
ਕਹੂੰ ਚੇਸਟਾ ਚਾਰ॥ ਚਿੱਤ੍ਰੰ ਸਰੂਪੰ॥
ਕਹੂੰ ਪਰਮ ਪੁਰਾਨ ਕੋ ਪਾਰ ਪਾਵੈ॥
ਕਹੂੰ ਬੈਠਿ ਕੁਰਾਨ ਕੇ ਗੀਤ ਗਾਵੈ॥113॥

ਉਹ ਪਰਮਾਤਮਾ ਕਿਧਰੇ ਮੁਸਲਮਾਨ ਸ਼ੇਖ ਦੇ ਰੂਪ ਵਿਚ ਨਜ਼ਰ ਆ ਰਿਹਾ ਹੈ ਅਤੇ ਕਿਧਰੇ ਬ੍ਰਾਹਮਣ ਦਾ ਧਰਮ ਹੈ। ਕਿਧਰੇ ਬਿਰਧ ਅਵਸਥਾ ਵਿਚ ਹੈ, ਕਿਧਰੇ ਬੱਚਿਆਂ ਵਾਲੇ ਕੰਮ ਕਰ ਰਿਹਾ ਹੈ, ਕਿਧਰੇ ਜੁਆਨ ਸਰੂਪ ਹੈ ਅਤੇ ਕਿਧਰੇ ਬੁਢਾਪੇ ਰਹਿਤ ਸਰੀਰ ਹੈ। ਕਿਧਰੇ ਸਰੀਰ ਨਾਲ ਪ੍ਰੇਮ ਹੈ ਅਤੇ ਕਿਧਰੇ ਘਰ ਦਾ ਤਿਆਗ ਹੈ। ਕਿਧਰੇ ਯੋਗ ਭਾਵ ਤਿਆਗ ਹੈ ਅਤੇ ਕਿਧਰੇ ਭੋਗ ਅਰਥਾਤ ਅਨੰਦ ਮਾਣ ਰਿਹਾ ਹੈ। ਕਿਧਰੇ ਰਾਜ ਦੀ ਸਜ-ਧਜ ਹੈ ਅਤੇ ਕਿਧਰੇ ਰਾਜ ਤੋਂ ਬਿਨਾ ਹੈ। ਕਿਧਰੇ ਪੂਰਨ ਪ੍ਰੇਮ ਹੈ ਅਤੇ ਕਿਧਰੇ ਪੂਰਨ ਬੁੱਧੀ-ਜੀਵੀ ਹੈ। ਹੇ ਪਰਮਾਤਮਾ, ਤੁਸੀਂ ਕਿਧਰੇ ਅਰਬ ਦੇ ਰਹਿਣ ਵਾਲੇ ਹੋ, ਕਿਧਰੇ ਤੁਰਕੀ ਅਤੇ ਕਿਧਰੇ ਫਾਰਸ ਦੇ ਹੋ। ਕਿਤੇ ਤੁਸੀਂ ਪਹਿਲਵੀ (ਈਰਾਨ ਦੀ ਬੋਲੀ), ਕਿਤੇ ਪਸ਼ਤੋ (ਅਫਗਾਨਿਸਤਾਨ ਦੀ ਬੋਲੀ) ਅਤੇ ਕਿਧਰੇ ਸੰਸਕ੍ਰਿਤ ਬੋਲ ਰਹੇ ਹੋ। ਕਿਤੇ ਕਿਸੇ ਦੇਸ਼ ਦੀ ਬੋਲੀ ਹੈ ਅਤੇ ਕਿਤੇ ਦੇਵ-ਬਾਣੀ ਹੈ। ਕਿਤੇ ਰਾਜ-ਵਿੱਦਿਆ ਦਿੱਤੀ ਜਾ ਰਹੀ ਹੈ ਅਤੇ ਕਿਤੇ ਰਾਜਧਾਨੀ ਹੈ। (ਇਸ ਤੋਂ ਇਹ ਤੱਥ ਭਲੀਭਾਂਤ ਵਿਦਿਤ ਹੋ ਜਾਂਦਾ ਹੈ ਕਿ ਸੰਸਾਰ ਦੀ ਵਿਲੱਖਣਤਾ ਨੂੰ ਬਹੁਤ ਵਿਸ਼ਾਲ ਕੈਨਵਸ ਵਜੋਂ ਸਵੀਕਾਰ ਕੀਤਾ ਹੈ)।

ਇਸ ਸੰਸਾਰ, ਇਸ ਜਗਤ ਦਾ ਬਿਆਨ ਕਰਦਿਆਂ ਕਿਹਾ ਹੈ, ਕਿਤੇ ਮੰਤਰ ਵਿਦਿਆ ਹੈ ਅਤੇ ਕਿਤੇ ਤੰਤਰਾਂ ਦਾ ਸਾਰ-ਤੱਤ ਅਤੇ ਜੰਤਰਾਂ ਦੀ ਰੀਤ ਹੈ। ਕਿਤੇ ਹਥਿਆਰਬੰਦ ਜੋਧੇ ਹਨ ਅਤੇ ਕਿਤੇ ਹੋਮ-ਯੱਗ ਹੋ ਰਿਹਾ ਹੈ। ਕਿਤੇ ਭੇਟਾ ਦੇ ਕੇ ਦੇਵਤੇ ਪੂਜੇ ਜਾ ਰਹੇ ਹਨ। ਕਿਤੇ ਪਿੰਗਲ ਹੈ ਅਤੇ ਕਿਧਰੇ ਵਾਰ-ਕਾਵਿ ਹੈ ਅਤੇ ਕਿਤੇ ਗੀਤ ਦੀ ਚਰਚਾ ਹੈ। ਇਸ ਤੋਂ ਅੱਗੇ ਸੂਖਮ ਕਲਾਵਾਂ ਦੇ ਸਿੱਖਣ ਦਾ ਜ਼ਿਕਰ ਅਤੇ ਅਲੱਗ ਅਲੱਗ ਕਿਸਮ ਦੀ ਵਿੱਦਿਆ ਦਾ ਵਰਣਨ ਕੀਤਾ ਹੈ ਜਿਸ ਵਿਚ ਸੱਪਾਂ ਦਾ ਜ਼ਹਿਰ ਉਤਾਰਨਾ ਸਿੱਖਣ ਤੋਂ ਲੈ ਕੇ ਜੋਤਿਸ਼ ਵਿੱਦਿਆ ਤੱਕ ਦੀ ਗੱਲ ਕੀਤੀ ਗਈ ਹੈ ਕਿ ਇਹ ਸਭ ਕੁੱਝ ਸਿੱਖਿਆ ਜਾ ਰਿਹਾ ਹੈ। ਇਹ ਸੰਸਾਰ ਆਪਣੀ ਵਿਭਿੰਨਤਾ ਵਿਚ ਉਸ ਦਾ ਪ੍ਰਗਟ ਰੂਪ ਹੈ। 'ਪ੍ਰਯਾਤ ਛੰਦ' ਦੇ ਅਖੀਰਲੇ ਛੰਦ ਵਿਚ ਉਸ ਨੂੰ ਨਮਸਕਾਰ ਕਰਦਿਆਂ ਕਿਹਾ ਗਿਆ ਹੈ:

ਨਮੋ ਨਾਥ ਪੂਰੇ ਸਦਾ ਸਿੱਧ ਦਾਤਾ॥
ਅਛੇਦੀ ਅਛੈ ਆਦਿ ਅਦਵੈ ਬਿਧਾਤਾ॥
ਨ ਤ੍ਰਸਤੰ ਨ ਗ੍ਰਸਤੰ ਸਮਸਤੰ ਸਨਮਸਤੰ
ਨਮਸਤੰ ਤ੍ਰਅਸਤੰ ਅਭੂਤੇ॥

(ਚਲਦਾ)

## ਸਿਆਣਿਆਂ ਦਾ ਕਿਹਾ

(1) ਸਿਆਣੇ ਲੋਕ ਡੁੱਲ੍ਹੇ ਬੇਰ ਚੁਗ ਕੇ ਘੱਟਾ ਮਿੱਟੀ ਝਾੜ ਲੈਂਦੇ ਹਨ।

(2) ਪਤੀ-ਪਤਨੀ ਦਾ ਰਿਸ਼ਤਾ ਵਿਸ਼ਵਾਸ ਅਤੇ ਸਹਿਯੋਗ ਦੀਆਂ ਨਾਜ਼ੁਕ ਤੰਦਾਂ ਨਾਲ ਜਕੜਿਆ ਹੁੰਦਾ ਹੈ।

(3) ਈਰਖਾਲੂ ਬਿਰਤੀ ਵਾਲੇ ਲੋਕ ਹੱਸਦੇ-ਵੱਸਦੇ ਘਰਾਂ ਨੂੰ ਪੁੱਠੀਆਂ-ਸਿੱਧੀਆਂ ਚਾਲਾਂ ਨਾਲ ਉਜਾੜ ਕੇ ਰੱਖ ਦੇਣ ਵਿਚ ਕਮਾਲ ਦੀ ਮੁਹਾਰਤ ਰੱਖਦੇ ਹਨ।

(4) ਜੱਗ ਵਾਲਾ ਮੇਲਾ ਯਾਰੋ ਥੋੜੀ ਦੇਰ ਦਾ, ਹੱਸਦਿਆਂ ਰਾਤ ਲੰਘੀ ਪਤਾ ਨਹੀਂ ਸਵੇਰ ਦਾ।

(5) ਹਰ ਲੜਕੀ ਦੀ ਇੱਛਾ ਹੈ ਕਿ ਉਹ ਖੂਬਸੂਰਤ ਅਤੇ ਆਕਰਸ਼ਕ ਦਿਖੇ, ਵਿਆਹ ਸਮੇਂ ਇਹ ਇੱਛਾ ਹੋਰ ਵੀ ਵੱਧ ਜਾਂਦੀ ਹੈ।

(6) ਸੋਹਣੇ ਲੱਗਣ ਲਈ ਤੁਹਾਨੂੰ ਆਪਣੇ ਸਰੀਰ ਦੇ ਨਾਲ ਨਾਲ ਆਪਣੇ ਪਹਿਰਾਵੇ ਦਾ ਵੀ ਖਿਆਲ ਰੱਖਣਾ ਚਾਹੀਦਾ ਹੈ।

(7) ਸਿੱਖਾਂ ਵਾਸਤੇ ਹਰਿਮੰਦਰ ਸਾਹਿਬ ਇੱਕ ਧਾਰਮਿਕ ਕੇਂਦਰ ਹੀ ਨਹੀਂ, ਸਗੋਂ ਸਿੱਖ ਕੌਮ ਦੀ ਵਿਲੱਖਣ ਹੋਂਦ-ਹਸਤੀ, ਸਵੈਮਾਣ ਅਤੇ ਇਤਿਹਾਸ ਦੀ ਜਗਦੀ ਜੋਤ ਹੈ।

(8) ਦਰਬਾਰ ਸਾਹਿਬ ਅੰਮ੍ਰਿਤਸਰ ਸਿੱਖ ਜੀਵਨ ਜਾਚ ਤੇ ਵਿਸ਼ਵਾਸ ਦਾ ਸੋਮਾ ਹੋਣ ਕਰਕੇ ਹਮੇਸ਼ਾਂ ਦੁਸ਼ਮਣ ਤਾਕਤਾਂ ਨੂੰ ਰੜਕਦਾ ਰਹਿੰਦਾ ਹੈ।

(9) ਬਿਨਾਂ ਦੂਰਬੀਨ ਦੇ ਤਕਰੀਬਨ ਛੇ ਹਜ਼ਾਰ ਤਾਰੇ ਹੀ ਦੇਖੇ ਜਾ ਸਕਦੇ ਹਨ।

(10) ਤਾਰਾ ਗਰਮ ਗੈਸਾਂ ਦਾ ਇੱਕ ਗੋਲਾ ਹੈ ਜੋ ਆਪਣੀ ਹੀ ਰੌਸ਼ਨੀ ਨਾਲ ਚਮਕਦਾ ਹੈ।

(11) ਬਲਿਹਾਰੇ ਜਾਈਏ ਤੇਰੀ ਮਾਂ ਦੇ ਅਤੇ ਤੇਰੇ ਧਰਮੀ ਬਾਪ ਦੇ, ਜਿਨ੍ਹਾਂ ਨੇ ਤੈਨੂੰ ਅਣਖਾਂ ਦੀ ਗੁੜ੍ਹਤੀ ਦੇ ਕੇ ਦੁਨੀਆਂ ਦੇ ਤਿਲਕਣੇ ਰਾਹਾਂ ਉਪਰ ਸਾਬਤ ਕਦਮੀਂ ਤੁਰਨਾ ਸਿਖਾਇਆ।

(12) ਭਾਵੇਂ ਅਧਰਮ ਅਤੇ ਅਸੱਚ ਦਾ ਤੂਫਾਨ ਮੱਚਿਆ ਹੋਵੇ ਤਾਂ ਵੀ ਸੱਚ ਦੀ ਤਿੜ੍ਹ ਕਿਤੇ ਨਾ ਕਿਤੇ ਸਦਾ ਕਾਇਮ ਰਹੇਗੀ ਅਤੇ ਅੰਤ ਜਿੱਤ ਸੱਚ ਦੀ ਹੋਵੇਗੀ।

(13) ਜੇ ਤੁਸੀਂ ਪੰਜਾਬ ਦੀਆਂ ਖਬਰਾਂ ਗਹੁ ਨਾਲ ਪੜ੍ਹਦੇ-ਸੁਣਦੇ ਹੋਵੋ, ਪੰਜਾਬ ਦੇ ਟੀ ਵੀ ਚੈਨਲਾਂ ਦੇ ਪ੍ਰੋਗਰਾਮ ਗਹੁ ਨਾਲ ਦੇਖਦੇ ਹੋਵੋ, ਜਾਂ ਆਪਣੇ ਨੇੜੇ-ਤੇੜੇ ਹੋਏ ਕਿਸੇ ਸਭਿਆਚਾਰਕ ਮੇਲੇ ਵਿਚ ਪੰਜਾਬੀ ਕਲਾਕਾਰਾਂ ਨੂੰ ਸੁਣਿਆ ਹੋਵੇ ਤਾਂ ਤੁਹਾਨੂੰ ਇੰਜ ਮਹਿਸੂਸ ਹੋਵੇਗਾ ਕਿ ਸਾਰੇ ਪੰਜਾਬ ਵਿਚ ਗੁੰਡਾਗਰਦੀ ਅਤੇ ਬਦਮਾਸ਼ੀ ਦਾ ਬੋਲਬਾਲਾ ਹੈ।

(14) ਪੰਜਾਬ ਦਾ ਅਣਖੀਲਾ ਅਤੇ ਸ਼ਰਮ ਹਯਾ ਵਾਲਾ ਸਭਿਆਚਾਰ ਕਿਤੇ ਅਲੋਪ ਹੋ ਗਿਆ ਲਗਦਾ ਹੈ।

(15) ਖਾਲਿਸਤਾਨ ਦੀ ਪ੍ਰਾਪਤੀ ਤੋਂ ਪਹਿਲਾਂ, ਖਾਲਿਸਤਾਨੀ ਵੀਰਾਂ ਨੂੰ ਗੁਰੂ ਘਰਾਂ ਵਿਚ ਸੁਚਜਾ ਮਹੌਲ ਸਿਰਜ ਕੇ ਸੰਗਤਾਂ ਦੇ ਦਿਲ ਜਿਤਣੇ ਚਾਹੀਦੇ ਹਨ।

(16) ਸਾਧਾਂ ਦੇ ਡੇਰਿਆਂ ਵਿਚ ਸਿੱਖੀ ਨਹੀਂ ਪਖੰਡ ਹੈ।

(17) ਕਿਸੇ ਨੂੰ ਬੁਰਾ ਲੱਗੇ ਜਾਂ ਚੰਗਾ, ਅੱਜ ਸੱਚ ਇਹ ਹੈ ਕਿ ਗੁਰਦੁਆਰਿਆਂ ਵਿਚ ਸੇਵਾਦਾਰ ਘਟ, ਗੁੰਡੇ ਜ਼ਿਆਦਾ ਹਨ।

(18) ਗੁੱਸਾ ਇਨਸਾਨ ਦਾ ਦੁਸ਼ਮਣ ਹੈ। ਵੱਖ ਵੱਖ ਵਿਅਕਤੀਆਂ ਦਾ ਗੁੱਸੇ ਨੂੰ ਪ੍ਰਗਟਾਉਣ ਦਾ ਢੰਗ ਵੀ ਵੱਖੋ ਵੱਖਰਾ ਹੈ।

(19) ਕੁੱਝ ਲੋਕ ਲੰਮੇ ਸਮੇਂ ਤੱਕ ਗੁੱਸਾ ਆਪਣੇ ਅੰਦਰ ਹੀ ਡੱਕੀ ਰੱਖਦੇ ਹਨ ਜੋ ਕਿ ਭਵਿੱਖ 'ਚ ਵਿਸਫੋਟਕ ਤੇ ਖਤਰਨਾਕ ਰੂਪ ਧਾਰ ਲੈਂਦਾ ਹੈ।

(20) ਕ੍ਰੋਧ ਨੂੰ ਆਪਣੇ ਅੰਦਰ ਹੀ ਦਬਾ ਕੇ ਰੱਖਣ ਵਾਲੇ ਵਿਅਕਤੀ ਅਕਸਰ ਅਸਾਂਤ, ਬੇਚੈਨ ਅਤੇ ਚਿੜਚਿੜੇ ਸੁਭਾਅ ਵਾਲੇ ਬਣ ਜਾਂਦੇ ਹਨ। ਵੱਧ ਸਮੇਂ ਤੱਕ ਗੁੱਸਾ ਰਹਿਣ ਕਰਕੇ ਮਨੁੱਖ ਅਨੇਕਾਂ ਰੋਗਾਂ ਨੂੰ ਨਿੱਘਾ ਸੱਦਾ ਦੇ ਦਿੰਦਾ ਹੈ।

(21) ਗੱਲਬਾਤ ਸਮੇਂ ਸਲੀਕਾ ਤੇ ਮਿੱਠੇ ਬੋਲਾਂ ਦੀ ਆਪਣੀ ਅਹਿਮੀਅਤ ਹੈ।

(22) ਵਿਚਾਰਧਾਰਕ ਮਤਭੇਦਾਂ ਦੇ ਹੁੰਦਿਆਂ ਵੀ ਗੁੱਸੇ ਨੂੰ ਆਪਣੇ 'ਤੇ ਹਾਵੀ ਨਾ ਹੋਣ ਦਿਓ।

(23) ਆਪਾਂ ਅੰਗਰੇਜ਼ਾਂ ਤੋਂ ਬਹੁਤ ਕੁੱਝ ਸਿੱਖਿਆ, ਬਹੁਤ ਕੁੱਝ ਗਵਾਇਆ ਵੀ। ਅੰਗਰੇਜ਼ ਚਲੇ ਗਏ ਪਰ ਆਪਣਾ ਸਭਿਆਚਾਰਕ ਤੇ ਭਾਸ਼ਾਈ ਇੰਦਰਜਾਲ ਪਿਛੇ ਛੱਡ ਗਏ।

(24) ਮਜ਼ਬੂਤ ਆਰਥਿਕਤਾ ਵਾਲਾ ਵਿਅਕਤੀ ਹੀ ਖੁਦਦਾਰੀ ਦੀ ਗੱਲ ਕਰ ਸਕਦਾ ਹੈ।

**ਪੇਸ਼ਕਾਰ-ਪਰਮਜੀਤ ਸਿੰਘ ਦਾਖਾ**

ISBN # 978-0-9781624-9-8

## ਨੈਣ-ਨਕਸ਼



**ਐਸ. ਅਸ਼ੋਕ ਭੌਰਾ**

ਜਿਨ੍ਹਾਂ ਅਹਿਮ ਥਾਂਵਾਂ ਨੂੰ ਮਨੁੱਖ ਨੇ ਆਪ ਜਾ ਕੇ ਆਪਣੀਆਂ ਅੱਖਾਂ ਨਾਲ ਦੇਖਿਆ ਹੈ, ਉਨ੍ਹਾਂ ਦੀ ਫਿਲਮ ਕਦੇ ਵੀ ਅੱਗੇ-ਪਿੱਛੇ ਕਰਕੇ ਦੇਖੀ ਜਾ ਸਕਦੀ ਹੈ। ਬਹੁਤ ਸਾਰੇ ਲੋਕ ਧਾਰਮਿਕ ਜਾਂ ਇਤਿਹਾਸਕ ਸਥਾਨਾਂ ਦੀ ਸਿਰਫ਼ ਯਾਤਰਾ ਕਰਕੇ, ਸਿਰ ਨੀਵਾਂ ਕਰਕੇ ਸੰਤੁਸ਼ਟੀ ਮਹਿਸੂਸ ਕਰਦੇ ਹਨ, ਪਰ ਜਾਨਣਾ ਇਹ ਚਾਹੀਦੈ ਕਿ ਇਨ੍ਹਾਂ ਦੀ ਮਹੱਤਤਾ ਕੀ ਹੈ? ਮਾਨਵ ਜਾਤੀ ਅਕਸਰ ਹੀ ਭੁੱਲ ਰਹੀ ਹੈ ਕਿ ਅਤੀਤ, ਵਰਤਮਾਨ ਦੀਆਂ ਹਮੇਸ਼ਾ ਨੀਹਾਂ ਰੱਖਦਾ ਆਇਆ ਹੈ। ਹਰ ਕੋਈ ਚਾਹੁੰਦਾ ਹੈ ਕਿ ਉਹਦੀ ਮਹਿਮਾ ਹੋਵੇ, ਪ੍ਰਸ਼ੰਸਾ ਕੀਤੀ ਜਾਵੇ, ਗੁਣਾਂ ਦੇ ਚਿਰਾਗ ਬਲਣ ਪਰ ਬਹੁਤਿਆਂ ਨੇ ਜ਼ਿੰਦਗੀ 'ਚ ਉਹ ਕੁਝ ਕੀਤਾ ਹੁੰਦਾ ਹੈ ਜਿਸ 'ਤੇ ਫਿੱਟੇ-ਮੂੰਹ ਕਹਿਣ ਨੂੰ ਵੀ ਜੀਅ ਨਹੀਂ ਕਰਦਾ। ਮਨੁੱਖ ਜਿਨ੍ਹਾਂ ਥਾਂਵਾਂ 'ਤੇ ਵਾਰ-ਵਾਰ ਜਾਣ ਨੂੰ ਲੋਚਦਾ ਹੈ, ਸਮਝ ਲਵੋ, ਉਹ ਆਮ ਨਹੀਂ, ਖਾਸ ਹੀ ਹੋ ਸਕਦੀਆਂ ਹਨ।

ਜ਼ਿੰਦਗੀ ਨਾ ਤਾਂ ਸਦਾ ਦਰਦ ਨਾਲ ਭਰੀ ਰਹਿਣੀ ਹੁੰਦੀ ਐ ਤੇ ਨਾ ਹੀ ਸਦਾ ਇਸ ਦੇ ਹੱਸਦਿਆਂ ਰਹਿਣ ਦੀ ਗੁੰਜਾਇਸ਼ ਹੁੰਦੀ ਹੈ। ਸਭ ਨੂੰ ਇਨ੍ਹਾਂ ਦੋ ਰੰਗਾਂ ਨਾਲ ਘੋਲ-ਮਥੋਲਾ ਹੋਣਾ ਹੀ ਪੈਂਦਾ ਹੈ। ਫਿੱਕੇ ਜਾਂ ਗੂੜ੍ਹੇ ਚਮਕਾਰੇ ਹਰ ਇਕ ਦੀ ਜੀਵਨ-ਤੋਰ 'ਚ ਪੈਂਦੇ ਹਨ ਪਰ ਕਈ ਲਿਸ਼ਕੋਰਾਂ ਕਦੇ ਵੀ ਮੱਧਮ ਨਹੀਂ ਹੋਣੀਆਂ ਹੁੰਦੀਆਂ। ਪੜ੍ਹਨ ਦਾ ਅਰਥ ਆਮ ਤੌਰ 'ਤੇ ਚੰਗਾ ਰੁਜ਼ਗਾਰ ਹਾਸਲ ਕਰਨਾ ਹੀ ਹੁੰਦਾ ਹੈ। ਕਈ ਪੜ੍ਹ ਕੇ ਪਟਵਾਰੀ ਲੱਗ ਗਏ ਸਨ ਪਰ ਪਰਿਵਾਰ ਦੀ ਗਿਣਤੀ-ਮਿਣਤੀ ਜਾਂ ਸਾਂਭ-ਸੰਭਾਲ ਵਾਲੀ ਜਰੀਬ ਸੁੱਟ ਹੀ ਨਹੀਂ ਸਕੇ।

ਮੇਰਾ ਇਕ ਭਰਾ ਅਮਰੀਕ ਰੱਜ ਕੇ ਸ਼ਰੀਫ਼ ਤਾਂ ਹੈ, ਤੇ ਗੁਰਦੁਆਰੇ ਜਾਣ ਨੂੰ ਵੀ ਕਦੇ ਨਾਗਾ ਨਹੀਂ ਪਾਇਆ, ਪਰ ਜਮਾਤਾਂ ਪੰਜ ਵੀ ਨਹੀਂ ਪੜ੍ਹ ਸਕਿਆ। ਸਕੂਲ ਜਾਣ ਲਈ ਕਿਤੇ ਬਾਪੂ ਨੇ ਥੱਪੜ ਜੜਨਾ ਤਾਂ ਦਾਦੀ ਨੇ ਮੂਹਰੇ ਆ ਖੜ੍ਹਨਾ ਕਿ ਛੱਡ,

## ਗੱਲ ਬਣੀ ਕਿ ਨਹੀਂ

### ਦੱਲੇ

ਮੱਤ ਲੋਕਾਂ ਦੀ ਮਾਰੀ,
ਹੋਏ ਫਿਰਦੇ ਝੱਲੇ ਨੇ।
ਸਾਧ ਕਰਾਉਂਦੇ ਫਿਰਦੇ
ਤਾਹੀਓਂ ਬੱਲੇ ਬੱਲੇ ਨੇ।
ਮਿਹਨਤਕਸ਼ ਦੀ ਦੇਖੋ
ਲੁੱਟ ਮਚਾਈ ਜਾਂਦੇ ਆ,
ਜੜੀਆਂ-ਬੂਟੀਆਂ ਵੇਚ
ਭਰੇ ਇਨ੍ਹਾਂ ਨੇ ਗੱਲੇ ਨੇ।
ਬੜੇ ਚਲਾਕ ਕਹਾਉਂਦੇ
ਵੇਖੇ ਲੋਕੀਂ ਏਥੇ ਮੈਂ,
ਦਿਨ-ਦੀਵੀਂ ਹੀ ਚੋਰ
ਭਗਵੇਂ ਪਾ ਠੱਗ ਚੱਲੇ ਨੇ।
ਸਿੱਧੀਆਂ ਤਾਰਾਂ ਜੁੜੀਆਂ
ਰਹਿੰਦੀਆਂ ਉਪਰ ਵਾਲੇ ਨਾ'।
ਦੁੱਖ ਦਾ ਦਾਰੂ ਕਰਨ ਲਈ ਹੀ
ਰਹਿੰਦੇ ਥੱਲੇ ਨੇ।
ਭਰਮਾਂ ਮਾਰੀ ਦੁਨੀਆਂ
ਏਥੇ ਦੁਖੀ ਬਥੇਰੀ ਐ,
ਰੋਗ ਭਜਾਉਂਦੇ ਵੇਖੇ
ਵੇਚ ਕੇ ਮੁੰਦੀਆਂ ਛੱਲੇ ਨੇ।
ਕੁੜੀਆਂ ਦੀ ਗੱਲ ਛੱਡੋ
ਪੁੱਤ ਦਿਆਂਗੇ ਪੱਕਾ ਈ,
ਇਉਂ ਲੱਗਦੈ ਜਿਉਂ
ਧਰਮ ਰਾਜ ਨੇ ਭੇਜੇ ਦੱਲੇ ਨੇ।

**-ਐਸ. ਅਸ਼ੋਕ ਭੌਰਾ**

# ਇਤਿਹਾਸਕ ਪਿੰਡ ਖੇੜਾ ਕਲਮੋਟ:ਜਿਥੇ ਮੈਂ 8 ਸਾਲ ਅਧਿਆਪਕ ਰਿਹਾ

*ਸਿਹਤ ਸਹੂਲਤਾਂ ਵਧਣ ਕਾਰਨ ਵਿਗਿਆਨ ਨੇ ਉਮਰਾਂ ਤਾਂ ਲੰਮੀਆਂ ਕਰ ਦਿੱਤੀਆਂ ਹਨ ਪਰ ਸਰੀਰ ਬਿਮਾਰੀਆਂ ਨਾਲ ਵੀ ਡਾਂਗਾਂ ਵਾਂਗ ਭੰਨ ਸੁੱਟੇ ਹਨ। ਜਦੋਂ ਦੇ ਬਰਗਰ ਤੇ ਪੀਜ਼ੇ ਆਏ ਹਨ, ਘਰਾਂ 'ਚ ਮੋਟਾਪਾ ਤੇ ਸ਼ੂਗਰ ਵੀ ਬੂਹੇ ਭੰਨ ਕੇ ਆ ਵੜੇ ਹਨ। ਜੇ ਦੁਨੀਆਂ ਭਰ ਵਿਚ ਡਾਕਟਰਾਂ ਦੀਆਂ ਦੁਕਾਨਾਂ ਸਭ ਤੋਂ ਵੱਧ ਚੱਲਣ ਲੱਗੀਆਂ ਹਨ ਤਾਂ ਕੋਈ ਸ਼ੱਕ ਹੈ ਕਿ ਸਰੀਰ ਅਰੋਗੀ ਨਹੀਂ ਰਿਹਾ। ਤੀਹ ਚਾਲੀ ਸਾਲ ਪਹਿਲਾਂ ਹਜ਼ਾਰ ਪਿੱਛੇ ਇਕ ਅੱਧੇ ਦਾ ਦਿਲ ਫੇਲ੍ਹ ਹੁੰਦਾ ਸੀ ਪਰ ਜੇ ਹੁਣ ਸੰਸਾਰ 'ਚ ਰੋਜ਼ਾਨਾ ਹੁੰਦੀਆਂ ਕੁੱਲ ਮੌਤਾਂ ਦੀ ਗਿਣਤੀ ਦੇ ਅਨੁਪਾਤ 'ਚ ਦੇਖੀਏ ਤਾਂ ਅੰਕੜੇ ਮੂੰਹ ਭਰ ਭਰ ਕੇ ਕਹਿੰਦੇ ਨੇ ਕਿ 23.5% ਲੋਕ ਹਾਰਟ ਅਟੈਕ ਨਾਲ ਮਰ ਰਹੇ ਹਨ। ਪੈਸੇ ਦੀਆਂ ਪੰਡਾਂ ਤਾਂ ਆ ਗਈਆਂ ਹੋਣਗੀਆਂ ਪਰ ਚਿੰਤਾਵਾਂ ਤੇ ਫਿਕਰਾਂ ਨੇ ਬੰਦਾ ਮੂਧੇ ਮੂੰਹ ਕੀਤਾ ਪਿਐ। ਜੇ ਇਤਫ਼ਾਕ ਨਹੀਂ ਰਹੇ, ਪਿਆਰ ਮੁੱਕ ਗਿਆ ਹੈ ਤਾਂ ਇਸ ਕਰਕੇ ਕਿ ਅੱਗੇ ਨਿਕਲਣ ਦੀ ਦੌੜ ਵਿਚ ਵਿਗਿਆਨ ਕਹਿ ਰਿਹਾ ਹੈ ਕਿ ਆਪਣਾ ਉਲੂ ਸਿੱਧਾ ਕਰ। ਇਸ ਜੁੱਗ ਵਿਚ ਕੋਈ ਰਿਸ਼ਤਾ ਨਹੀਂ ਰਿਹਾ। ਵਿਹਲੇ ਪੁੱਤ ਨੂੰ ਮਾਂ ਨਖੱਟੂ ਆਖਦੀ ਹੈ। ਪਤਨੀ ਕਮਾਉਂਦੀ ਹੋਵੇ ਤੇ ਪਤੀ ਵਿਹਲਾ ਰਹਿੰਦਾ ਹੋਵੇ ਤਾਂ ਉਹ ਇਹ ਨਹੀਂ ਸੋਚਦੀ ਕਿ ਇਹਦੇ ਲੱਤ ਕਿੱਥੇ ਮਾਰਨੀ ਹੈ! ਲਾਲਚ ਘਰਾਂ 'ਚ ਦਰੀਆਂ ਵਾਂਗ ਵਿਛ ਗਿਆ ਹੈ, ਲੋੜਾਂ ਭੁੱਖ ਤੋਂ ਕਈ ਗੁਣਾਂ ਵੱਧ। ਜਦੋਂ 1980 ਵਿਚ ਮੈਂ ਇੰਜੀਨੀਅਰਿੰਗ ਕਰਦਾ ਸਾਂ ਤਾਂ ਟ੍ਰੇਨਿੰਗ ਸੈਮੀਨਾਰ 'ਤੇ ਆਏ ਇਕ ਵਿਗਿਆਨੀ ਦੀ ਗੱਲ ਹੁਣ ਤੱਕ ਯਾਦ ਹੈ ਕਿ ਚਾਲੀ ਸਾਲਾਂ ਤੱਕ ਦੇਖਿਓ, ਜਿਸ ਵਿਗਿਆਨ 'ਤੇ ਮਾਣ ਕਰ ਰਹੇ ਹੋ, ਇਹਦਾ ਸਿਆਪਾ ਕਰੋਗੇ! ਰੇਡੀਏਸ਼ਨ ਕੀ ਹੈ? ਸੁਨਾਮੀ ਕਿਥੋਂ ਆਈ ਹੈ? ਯੁਰੇਨੀਅਮ ਕੀਹਨੂੰ ਕਹਿੰਦੇ ਨੇ? ਪ੍ਰਮਾਣੂ ਕੀ ਰੰਗ ਵਿਖਾਏਗਾ? ਅਮਰੀਕਾ ਸਮੇਤ ਜੇ ਕੁੱਲ ਦੁਨੀਆਂ ਢਿੱਡ 'ਚ ਹੂਰੇ ਮਾਰ ਰਹੀ ਹੈ ਤਾਂ ਇਸ ਕਰਕੇ ਕਿ ਇਹ ਸਾਰੇ ਸਾਇੰਸ ਅਤੇ ਟੈਕਨਾਲੋਜੀ ਦੇ ਧੀਆਂ ਪੁੱਤ ਹਨ। ਚਲੋ, ਇਤਿਹਾਸ ਤੇ ਵਿਰਾਸਤ ਵੱਲ ਗੇੜਾ ਮਾਰਦੇ ਹਾਂ; ਲੱਗਦੈ ਮਨ ਪ੍ਰਸੰਨ ਵੀ ਹੋ ਜਾਵੇਗਾ ਤੇ ਸਕੂਨ ਵੀ ਮਿਲਗਾ।*

ਇਹਨੇ ਕਿਤੇ ਉਮਰਸੀਰ (ਓਵਰਸੀਰ) ਲੱਗਣੈ। ਇਹ ਗੱਲ ਉਨ੍ਹਾਂ ਦਿਨਾਂ ਦੀ ਐ, ਜਦੋਂ ਪਟਵਾਰੀ ਤੇ ਓਵਰਸੀਰ ਪਿੰਡਾਂ 'ਚ ਡੀ.ਸੀ. ਤੋਂ ਉਪਰ ਹੁੰਦੇ ਸਨ। ਮੈਂ ਤਿੰਨ ਕੁ ਸਾਲਾਂ ਦਾ ਸੀ ਜਦੋਂ ਬਾਪ ਨੇ ਮਾਮੂਲੀ ਬਿਮਾਰੀ ਨਾਲ ਪਰਿਵਾਰ ਦਾ ਸਾਥ ਛੱਡ ਦਿੱਤਾ। ਮਰਨ ਲੱਗਾ ਬਾਪ ਵੱਡੇ ਫੌਜੀ ਪੁੱਤ ਨੂੰ ਕਹਿਣ ਲੱਗਾ, "ਤੁਸੀਂ ਤਾਂ ਜੋ ਬਣਨਾ ਸੀ ਬਣ ਗਏ, ਦੇਖਿਓ ਕਿਤੇ ਇਹ ਛੋਟਾ ਉਮਰਸੀਰ ਲੱਗ ਜਾਏ।" ਤੇ 10ਵੀਂ 'ਚ ਅਵੱਲ ਰਹਿਣ ਪਿੱਛੋਂ ਮੈਂ ਫਗਵਾੜੇ ਇੰਜੀਨੀਅਰਿੰਗ ਕਰਨ ਲੱਗ ਪਿਆ। ਆਖਰੀ ਸਾਲ 'ਚ ਚੰਗੀ ਪੁਜੀਸ਼ਨ ਹਾਸਲ ਕਰਨ ਕਰਕੇ ਉਸੇ ਕਾਲਜ ਪੜ੍ਹਾਉਣ ਲੱਗ ਪਿਆ। ਰੱਖਿਆ ਕੱਚਾ ਹੀ।

ਅਖ਼ਬਾਰਾਂ ਨਾਲ ਨਿੱਕੀ ਉਮਰ ਵਿਚ ਜੁੜ ਜਾਣ ਕਾਰਨ ਕਦੇ-ਕਦੇ ਇਹੋ ਸੋਚਦਾ ਸਾਂ ਕਿ ਪੱਤਰਕਾਰੀ ਹੀ ਠੀਕ ਰਹੇਗੀ। ਜਦੋਂ 1982 'ਚ ਪੰਜਾਬ ਦੇ ਹਾਲਾਤ ਨੂੰ ਬੁਰੀ ਤਰ੍ਹਾਂ ਸੇਕ ਪਿਆ ਤਾਂ



*ਖੇੜਾ ਕਲਮੋਟ ਦੇ ਸਕੂਲ ਦਾ ਸਟਾਫ਼ 1985 'ਚ, ਤੇ ਹੁਣ ਮੈਨੂੰ ਵੀ ਨਹੀਂ ਲੱਭਦਾ ਕਿ ਮੈਂ ਕਿੱਥੇ ਖੜ੍ਹਾ ਹਾਂ!*

ਮੈਂ ਪੱਤਰਕਾਰੀ ਦੇ ਚਾਅ 'ਚ ਬਲੂਸਟਾਰ ਤੋਂ ਪਹਿਲਾਂ ਅਕਸਰ ਦਰਬਾਰ ਸਾਹਿਬ ਜਾਂਦਾ ਸਾਂ। ਇੱਥੇ ਮੈਂ ਬੀ.ਬੀ.ਸੀ. ਵਾਲੇ ਮਾਰਕ ਟੱਲੀ ਨਾਲ ਚੰਗੇ ਸਬੰਧ ਬਣਾ ਲਏ ਸਨ।

ਜ਼ਿੰਦਗੀ ਵਿਚ ਐਸੀ ਉਪਰ ਥਲੀ ਹੋਈ ਕਿ ਮੈਂ ਇੰਜੀਨੀਅਰ ਜਾਂ ਓਵਰਸੀਅਰ ਲਗਦਾ ਲਗਦਾ ਸਕੂਲ ਅਧਿਆਪਕ ਹੀ ਬਣ ਗਿਆ ਜਦੋਂ ਸਰਕਾਰ ਨੇ ਸਕੂਲਾਂ 'ਚ ਵੋਕੇਸ਼ਨਲ ਸਕੀਮ ਲਾਗੂ ਕਰ ਦਿੱਤੀ। ਲਿਖਣ ਦਾ ਲਾਭ ਹੋਇਆ ਸੀ ਜਾਂ ਨੁਕਸਾਨ ਪਰ ਸੀ.ਪੀ.ਡਬਲਿਊ.ਡੀ. ਵਿਭਾਗ 'ਚ ਮੈਂ ਕਾਨ੍ਹਪੁਰ 'ਚ ਜੂਨੀਅਰ ਇੰਜੀਨੀਅਰ ਦੀ ਨੌਕਰੀ ਮੈਡੀਕਲ ਕਰਾ ਕੇ ਜੁਆਇਨ ਨਹੀਂ ਕੀਤੀ ਕਿਉਂਕਿ ਜਹਾਜ਼ ਚੜ੍ਹਨ ਲੱਗ ਪਿਆ ਹੋਣ ਕਰਕੇ ਮੈਨੂੰ ਲੱਗਣ ਲੱਗਾ ਸੀ ਕਿ ਲਿਖਣ ਦਾ ਕੰਮ ਪ੍ਰਭਾਵਿਤ ਹੋਵੇਗਾ।

ਬਲੂਸਟਾਰ ਓਪ੍ਰੇਸ਼ਨ ਤੋਂ ਬਾਅਦ ਜਦੋਂ ਪੰਜਾਬ ਦੇ ਸਿੱਖਿਆ ਵਿਭਾਗ 'ਚ ਮੈਨੂੰ ਨਿਯੁਕਤੀ ਪੱਤਰ ਮਿਲਿਆ ਤਾਂ ਮੈਨੂੰ ਲੱਗਾ ਕਿ ਅਧਿਆਪਕ ਲੱਗ ਕੇ ਮੇਰਾ ਨਟ ਸਹੀ ਬੋਲਟ 'ਤੇ ਚੜ੍ਹ ਗਿਆ ਹੈ, ਪਰ ਜਿਹੜਾ ਮਾਝੇ 'ਚ ਬਾਰਡਰ ਲਾਗੇ ਸਕੂਲ ਮਿਲਿਆ, ਉਹ ਖਾੜਕੂਆਂ ਦੇ ਪਿੰਡ ਦਾ। ਹਾਲਾਤ ਦੇਖ ਕੇ ਮੈਨੂੰ ਅਣਦਾੜ੍ਹੀਏ ਜਿਹੇ ਨੂੰ ਮੇਰਾ ਭਰਾ ਗੇੜੀ ਕਢਾ ਕੇ ਮੋੜ ਲਿਆਇਆ ਕਿ ਹੋਰ ਨੌਕਰੀ ਮਿਲ ਜੂ, ਇੱਥੇ ਨ੍ਹੀਂ ਕਰਨੀ। ਹਾਲਾਤ ਦੀਆਂ ਜਾਭਾਂ 'ਚ ਤਾਂ ਤੂੰ ਪਹਿਲਾਂ ਈ ਫਸਿਆ ਹੋਇਆ ਏਂ।

ਮੇਰਾ ਇਕ ਅਧਿਆਪਕ ਫਿਰ ਮੈਨੂੰ ਚੰਡੀਗੜ੍ਹ ਲੈ ਗਿਆ ਕਿ ਕੋਈ ਹੋਰ ਸਕੂਲ ਦੇਖ ਲੈਨੇ ਆ। ਪੰਜ ਕੁ ਸੌ ਦੇ ਲੈਣ-ਦੇਣ 'ਚ ਤੀਜੇ ਕੁ ਦਿਨ ਮੈਨੂੰ ਰੋਪੜ ਜ਼ਿਲ੍ਹੇ ਦਾ ਖੇੜਾ ਕਲਮੋਟ ਪਿੰਡ ਮਿਲ ਗਿਆ; ਯਾਨਿ ਹਾਈ ਸਕੂਲ 'ਚ ਨੌਕਰੀ। ਡਾਇਰੈਕਟਰ ਸਿੱਖਿਆ ਵਿਭਾਗ ਦੇ ਦਫ਼ਤਰ ਦੀਆਂ ਪੌੜੀਆਂ ਉਤਰਦਿਆਂ ਇਕ ਹੋਰ ਜਾਣ-ਪਛਾਣ ਵਾਲਾ ਕਲਰਕ ਪੁੱਛਣ ਲੱਗਾ,

"ਕਿਹੜਾ ਸਕੂਲ ਮਿਲਿਆ ਫਿਰ?"

"ਖੇੜਾ ਕਲਮੋਟ ਮਿਲ ਗਿਐ, ਰੋਪੜ 'ਚ।" ਮੈਂ ਬੜੇ ਚਾਅ ਨਾਲ ਕਿਹਾ।

ਉਹਨੇ ਬੜੀ ਹੈਰਾਨੀ ਨਾਲ ਤੇ ਤਰਸ ਜਿਹੇ ਨਾਲ ਕਿਹਾ, "ਅੱਛਾ, ਫਿਰ ਖੇੜਾ ਈ ਮਿਲਿਐ, ਚਲੋ ਕੋਈ ਗੱਲ ਨਹੀਂ।"

ਉਹਦਾ ਜਵਾਬ ਸੁਣ ਕੇ ਮੇਰੀ ਉਤਸੁਕਤਾ ਵਧ ਗਈ ਤੇ ਮੈਂ ਰੋਕ ਕੇ ਉਹਨੂੰ ਦੁਬਾਰਾ ਪੁੱਛ ਲਿਆ, "ਗੱਲ ਕੀ ਐ, ਠੀਕ ਨਹੀਂ?"

"ਠੀਕ ਐ ਪਰ ਉਥੇ ਸੱਪ ਬੜੇ ਨੇ। ਜ਼ਹਿਰੀਲੇ, ਉਡਣੇ ਵੀ। ਹਰ ਸਾਲ ਕਈ ਮੌਤਾਂ ਹੁੰਦੀਆਂ ਨੇ।"

ਸੱਪਾਂ ਦਾ ਨਾਂ ਸੁਣ ਕੇ ਮੈਂ ਕੰਬ ਤਾਂ ਗਿਆ। ਸੈਕਟਰ 17 ਦੇ ਬੱਸ ਅੱਡੇ ਤੱਕ ਆਉਂਦਿਆਂ ਚਿੰਤਤ ਵੀ ਰਿਹਾ, ਫਿਰ ਸੋਚਿਆ-ਅਤਿਵਾਦ ਨਾਲੋਂ ਚਲੋ ਸੱਪਾਂ ਦਾ ਘਰ ਮਾੜਾ ਨ੍ਹੀਂ। ਕੁਛ ਕਹਾਂਗੇ ਤਾਂ ਡੰਗ ਮਾਰੂ।

ਸਕੂਲ 'ਚ ਹਾਜ਼ਰੀ ਦੇ ਦਿੱਤੀ। ਮੁੱਖ ਅਧਿਆਪਕ ਕਿਸ਼ਨ ਚੰਦ ਸੀ। ਉਹ ਵੀ ਦੂਰੋਂ ਹੁਸ਼ਿਆਰਪੁਰੋਂ ਆਉਂਦਾ ਸੀ। ਉਹ ਕਹਿਣ ਲੱਗਾ, "ਇਥੇ ਕਿਹੜਾ ਕੋਈ ਅਫ਼ਸਰ ਆਉਂਦੈ। ਖੱਡਾਂ ਰਾਹ 'ਚ ਪੈਂਦੀਆਂ ਨੇ। ਜਿੱਦਣ ਲੱਗੇ ਇਧਰ ਨੂੰ ਬੱਦਲ ਐ, ਬੇਸ਼ੱਕ ਆਵੀਂ ਨਾ। ਹਾਜ਼ਰੀ ਬਾਅਦ 'ਚ ਲਾ ਲਵੀਂ।"

ਇਹ ਮਾੜੀ ਲਤ ਫਿਰ ਗਲੋਂ ਨ੍ਹੀਂ ਲੱਥੀ। ਫਿਰ ਅੱਠਾਂ ਸਾਲਾਂ 'ਚ ਕਈ ਕਈ ਦਿਨ ਮੀਂਹ ਦੇ ਬਹਾਨੇ...।

ਗੱਲ ਤੀਜੇ ਕੁ ਦਿਨ ਸੱਚ ਈ ਹੋ ਗਈ ਸੱਪਾਂ ਵਾਲੀ। ਦਰਅਸਲ, ਇਸ ਪਿੰਡ ਦੀ ਭੂਗੋਲਿਕ ਸਥਿਤੀ ਬੜੀ ਅਜ਼ੀਬ ਸੀ। ਅਨੰਦਪੁਰ ਸਾਹਿਬ ਨੂੰ ਜਾਂਦਿਆਂ ਕਲਵਾਂ ਮੋੜ ਤੋਂ ਪਹਿਲਾਂ ਕਾਹਨਪੁਰ ਖੂਹੀ ਤੋਂ ਸੱਤ ਕਿਲੋਮੀਟਰ ਦੂਰ ਪਿੰਡ ਹੈ ਖੇੜਾ ਕਲਮੋਟ। ਗੜ੍ਹਸ਼ੰਕਰ-ਨੰਗਲ ਰੋਡ 'ਤੇ ਬਾਥੜੀ ਪਿੰਡ ਤੋਂ ਸਾਢੇ ਚਾਰ ਕਿਲੋਮੀਟਰ ਪੱਥਰਾਂ ਦਾ ਰਾਹ। ਨੰਗਲ ਵਾਲੇ ਪਾਸੇ ਸੁਆਂ ਦਰਿਆ ਪੈਂਦਾ ਹੈ। ਪਹਾੜੀ ਰਾਸਤਾ ਹੋਣ ਕਰਕੇ ਸਾਇਕਲ ਚਲਾਉਣਾ ਔਖਾ, ਬੱਸ ਦਾ ਕੋਈ ਰੂਟ ਨਹੀਂ ਸੀ ਤੇ ਸਕੂਲ ਪਹਾੜੀ ਦੀ ਸਿਖ਼ਰ 'ਤੇ ਜਾ ਕੇ। ਪੈਦਲ ਮਸਾਂ ਚੜ੍ਹਿਆ ਜਾਣਾ। ਉਦੋਂ ਪਿੰਡ 'ਚ ਬਹੁਤੇ ਮਕਾਨ ਕੱਚੇ ਸਨ ਜਾਂ ਵਧੇਰੇ ਕਰਕੇ ਛੰਨਾਂ/ਛੱਪਰ ਸਨ। ਮਸਾਂ ਪੰਜ-ਸੱਤ ਘਰ ਪੱਕੇ ਹੋਣਗੇ। ਮੁੱਖ ਅਧਿਆਪਕ ਸਮੇਤ ਦੋ ਅਧਿਆਪਕ ਪਹਿਲਾਂ ਹੀ ਸਕੂਲ ਦੇ ਇਕ ਕਮਰੇ ਵਿਚ ਰਹਿੰਦੇ ਸਨ ਤੇ ਉਨ੍ਹਾਂ 'ਚ ਹੀ ਮੈਂ ਰਲ ਗਿਆ। ਚੌਂਕੀਦਾਰ ਬਨਾਰਸੀ ਦਾਸ ਰੋਟੀ-ਪਾਣੀ ਬਣਾ ਦਿੰਦਾ।

ਘਟਨਾ ਇਹ ਵਾਪਰੀ ਕਿ ਸਕੂਲ ਲਾਗੇ ਇਕ ਛੱਪਰ ਵਾਲੇ ਘਰ 'ਚ ਤਿੰਨ ਕੁ ਮਹੀਨੇ ਦਾ ਲੜਕਾ ਪੀੜ੍ਹੀ 'ਤੇ ਪਾਇਆ ਹੋਇਆ ਸੀ, ਤੇ ਲਾਗੇ ਹੀ ਚੂਹੇ ਫੜਨ ਵਾਲੀ ਸਪਰਿੰਗ ਵਾਲੀ ਕੁੜਿੱਕੀ। ਕਿਤੇ ਘਰ 'ਚ ਆਣ ਵੜੇ ਸੱਪ ਦੀ ਪੂਛ ਕੁੜਿੱਕੀ 'ਚ ਫਸ ਗਈ ਤੇ ਗੁੱਸੇ 'ਚ ਆਏ ਸੱਪ ਨੇ ਬੱਚੇ ਦੇ ਦੋ ਡੰਗ ਮਾਰੇ ਤਾਂ ਬੱਚੇ ਦਾ ਸਰੀਰ ਆਏਂ ਕਰ'ਤਾ ਜਿਵੇਂ ਗੁੜ ਬਣਾਉਣ ਤੋਂ ਪਹਿਲਾਂ ਉਬਲਦੀ ਰਸ 'ਚ ਮਿੱਠਾ ਸੋਢਾ ਪਾਇਆ ਜਾਂਦੈ। ਸਕੂਲ ਦੇ ਵਿਹੜੇ 'ਚ ਬਰਸਾਤਾਂ ਦੇ ਦਿਨਾਂ 'ਚ ਅਕਸਰ ਪੰਜ-ਸੱਤ ਸੱਪ ਰੋਜ਼ ਟਹਿਲਦੇ ਮਿਲ ਜਾਂਦੇ ਸਨ। ਫਿਰ ਮੈਨੂੰ ਸੁਫਨੇ ਵੀ ਸੱਪਾਂ ਦੇ ਹੀ ਆਉਣ ਲੱਗ ਪਏ।

ਜ਼ਿਕਰਯੋਗ ਗੱਲ ਇਹ ਵੀ ਹੈ ਕਿ ਖੇੜਾ ਕਲਮੋਟ ਦੀਆਂ ਪਹਾੜੀਆਂ 'ਚੋਂ ਹੀ ਸਾਰਾ ਪੱਥਰ ਸੜਕਾਂ 'ਤੇ ਪਾਇਆ ਗਿਆ ਹੈ। ਸੈਲੇ ਦੀ ਪੇਪਰ ਮਿੱਲ ਇਸ ਪਿੰਡ ਦੀ ਖੜ ਨਾਲ ਚਲਦੀ ਰਹੀ ਹੈ। ਇੱਥੇ ਚੂਨੇ ਦੀ ਇਕ ਖੱਡ ਹਾਲੇ ਵੀ ਹੈ ਜਿਥੋਂ ਦੇ ਡੰਗੇ ਸੱਪ ਦਾ ਤਾਬ ਹਾਲੇ ਤੀਕਰ ਕਿਸੇ ਨੇ ਵੀ ਨਹੀਂ ਝੱਲਿਆ। ਇਸੇ ਖੱਡ 'ਚੋਂ ਮੈਨੂੰ ਪਤਾ ਲੱਗਾ ਕਿ ਉਡਣੇ ਸੱਪ ਪਰਾਂ ਵਾਲੇ ਨਹੀਂ ਹੁੰਦੇ ਬਲਕਿ ਛੋਟੇ ਆਕਾਰ ਦੇ ਪਤਲੇ ਜਿਹੇ ਹੁੰਦੇ ਹਨ ਤੇ ਜਦੋਂ ਸਪਰਿੰਗ ਵਾਂਗ 'ਕੱਠੇ ਹੋ ਕੇ ਛੜਪਾ ਮਾਰ ਕੇ ਮੂੰਹ 'ਤੇ ਲੜਦੇ ਨੇ ਤਾਂ ਬੰਦਾ ਮੂਧੇ ਮੂੰਹ ਹੀ ਸੁੱਟ ਲੈਂਦੇ ਹਨ।

ਹਾਲੇ ਮੈਂ ਇੱਥੋਂ ਦੇ ਸਕੂਲ ਵਿਚ ਇਕ ਮਹੀਨਾ ਵੀ ਪੂਰਾ ਨਹੀਂ ਕੀਤਾ ਹੋਣਾ ਕਿ ਬਿਨਾ ਕਿਸੇ ਵਜ੍ਹਾ ਦੇ ਇਕ ਦਰਜਨ ਝੁੱਗੀਆਂ ਸੜ ਕੇ ਸੁਆਹ ਹੋ ਗਈਆਂ। ਪਿੰਡ ਦਾ ਇਕ ਸਿਆਣਾ ਤੇ ਅਖ਼ਬਾਰ ਪੜ੍ਹਨ ਵਾਲਾ ਬੰਦਾ ਮੈਨੂੰ ਇਕ ਦਿਨ ਕਹਿਣ ਲੱਗਾ, "ਮਾਹਟਰ ਜੀ, ਤੁਹਾਨੂੰ ਪਤੈ ਕਿ ਇੱਥੇ ਹਰ ਸਾਲ ਝੁੱਗੀਆਂ ਵੀ ਜਲਦੀਆਂ ਹਨ ਤੇ ਸੱਪਾਂ ਨਾਲ ਵੀ ਲੋਕ ਕਿਉਂ ਮਰਦੇ ਨੇ?"

"ਨਹੀਂ।" ਮੈਂ ਹੈਰਾਨੀ ਨਾਲ ਕਿਹਾ।

ਉਹਨੇ ਪਹਾੜੀ ਦੀ ਸਿਖ਼ਰ ਵੱਲ ਇਸ਼ਾਰਾ ਕਰਕੇ ਕਿਹਾ, "ਅਹੁ ਗੁਰਦੁਆਰਾ 10ਵੇਂ ਪਾਤਸ਼ਾਹ ਦੀ ਯਾਦ 'ਚ ਬਣਿਆ ਹੈ। ਗੁਰੂ ਸਾਹਿਬ ਅਨੰਦਪੁਰ ਸਾਹਿਬ ਜਾਣ ਵੇਲੇ ਇਧਰੋਂ ਦੀ ਜਾਂਦੇ ਸਨ ਤੇ ਉਨ੍ਹਾਂ ਦੇ ਵਿਰੋਧੀਆਂ ਨੇ ਉਨ੍ਹਾਂ ਨਾਲ ਬਹੁਤ ਹੀ ਘਟੀਆ ਚਾਲ ਖੇਡੀ ਸੀ। ਉਨ੍ਹਾਂ ਵੱਲੋਂ ਦਿੱਤੇ ਹੋਏ ਸਰਾਪ ਨਾਲ ਹੀ ਇਹ ਭਾਣਾ ਆਏ ਸਾਲ ਵਰਤਦੈ।"

ਹੁਣ ਭਾਵੇਂ ਇਸ ਗੁਰੂਘਰ ਨੂੰ ਮੰਡੀ ਬੋਰਡ ਤੇ ਸੰਗਤ ਨੇ ਰਲ ਕੇ ਰਾਸਤਾ ਪੱਕਾ ਬਣਾ ਦਿੱਤਾ ਹੈ, ਪਰ ਅਸੀਂ ਸ਼ਰਧਾ ਵਾਲੇ ਅੱਠ ਸਾਲ ਪਹਾੜੀ ਦੀਆਂ ਝਾੜੀਆਂ ਫੜ-ਫੜ ਕੇ ਹੀ ਮੱਥਾ ਟੇਕਣ ਜਾਂਦੇ ਰਹੇ। ਹਾਲਾਤ ਫਿਰ ਅਜਿਹੇ ਬਦਲੇ ਕਿ ਅਧਿਆਪਕ ਕਾਰਜ ਨਾਲੋਂ ਇਸ ਪਿੰਡ ਨਾਲ ਸ਼ਰਧਾ ਵਧਦੀ ਗਈ।

ਭਾਈ ਕਾਨ੍ਹ ਸਿੰਘ ਨਾਭਾ ਨੇ ਆਪਣੇ ਮਹਾਨ ਸ਼ਬਦ ਕੋਸ਼ ਦੇ ਪੰਨਾ ਨੰਬਰ 309 'ਤੇ ਲਿਖਿਆ ਹੈ ਕਿ ਖੇੜਾ ਕਲਮੋਟ ਦੇ ਵਸਨੀਕਾਂ ਨੇ ਅਨੰਦਪੁਰ ਸਾਹਿਬ ਨੂੰ ਜਾਂਦੀ ਸੰਗਤ ਲੁੱਟ ਲਈ ਸੀ ਤੇ ਦਸਮੇਸ਼ ਪਿਤਾ ਨੇ ਚੜ੍ਹਾਈ ਕਰਕੇ ਅਪਰਾਧੀਆਂ ਨੂੰ ਦੰਡ ਦਿੱਤਾ। ਉਹ ਪਿੱਪਲ ਹਾਲੇ ਤੀਕਰ ਉਵੇਂ ਹੈ ਜਿਥੇ ਗੁਰੂ ਸਾਹਿਬ ਬਰਾਜਮਾਨ ਹੋਏ ਸਨ। ਇਹ ਪਿੰਡ ਪਹਿਲਾਂ ਊਨਾ ਜ਼ਿਲ੍ਹੇ ਅਧੀਨ ਸੀ, ਫਿਰ ਹੁਸ਼ਿਆਰਪੁਰ ਤੇ ਹੁਣ ਤਹਿਸੀਲ ਨੂਰਪੁਰਬੇਦੀ ਤੇ ਜ਼ਿਲ੍ਹਾ ਰੋਪੜ ਹੈ।

ਹੈਰਾਨੀ ਦੀ ਗੱਲ ਇਹ ਸੀ ਕਿ ਜਿਹੜੇ ਅੱਠ

(ਬਾਕੀ ਸਫਾ 36 'ਤੇ)

## ਹਰ ਪਾਸੇ ਪੂਜਾ ਈ ਪੂਜਾ ਹੋਈ ਪਈ ਐ

**ਧੁੱਪੇ ਬੈਠੀਆਂ ਯਾਦਾਂ**

ਰੱਬ ਨੂੰ ਮਨਾਉਣ ਜਾਂ ਇਬਾਦਤ ਵਾਲੀ ਪ੍ਰਕ੍ਰਿਆ ਪੂਜਾ ਦਾ ਨਾਂ ਇਨ੍ਹੀਂ ਦਿਨੀਂ ਪੰਜਾਬੀ ਹਲਕਿਆਂ ਵਿਚ ਹੋਰ ਤਰ੍ਹਾਂ ਵੀ ਚਰਚਿਤ ਹੋਇਆ ਪਿਆ ਹੈ। ਦੋ ਕੁ ਮਹੀਨੇ ਪਹਿਲਾਂ ਸਿਨਸਿਨੈਟੀ (ਓਹਾਇਓ) ਵਿਚ ਟੂਰਨਾਮੈਂਟ 'ਤੇ ਜਾਣ ਦਾ ਮੌਕਾ ਮਿਲਿਆ। ਗੀਤਕਾਰ ਮੱਖਣ ਲੁਹਾਰ ਅਤੇ ਖੇਡ ਲੇਖਕ ਇਕਬਾਲ ਜੱਬੋਵਾਲੀਆ ਵੀ ਮੇਰੇ ਨਾਲ ਸਨ।

ਸਟੇਜ 'ਤੇ ਅਨਾਊਂਸ ਹੋਇਆ ਕਿ ਚਾਰ ਦਰਜਨ ਤੋਂ ਵੱਧ ਗਾਇਕਾਂ ਨਾਲ ਗਾਉਣ ਵਾਲੀ



*ਪੂਜਾ ਅਤੇ ਰੌਸ਼ਨ ਪ੍ਰਿੰਸ*

ਗਾਇਕਾ ਜਿਸ ਨੇ ਆਪਣਾ ਨਾਂ ਤਾਂ ਕਮਾਇਆ ਹੀ ਹੈ, ਇਨ੍ਹਾਂ ਮੁੰਡਿਆਂ ਨੂੰ ਵੀ ਰੋਟੀ ਖਾਣ ਜੋਗੇ ਕਰ ਦਿੱਤਾ ਹੈ, ਯਾਨਿ ਮਿਸ ਪੂਜਾ ਇਸ ਫਾਈਨਲ ਮੈਚ ਦੀ ਸਮਾਪਤੀ ਤੋਂ ਬਾਅਦ ਗਾਇਕ ਰੌਸ਼ਨ ਪ੍ਰਿੰਸ ਨਾਲ ਇਸੇ ਮੰਚ ਤੋਂ ਆਪਣਾ ਪ੍ਰੋਗਰਾਮ ਪੇਸ਼ ਕਰੇਗੀ।

ਪ੍ਰੋ. ਮੱਖਣ ਹਕੀਮਪੁਰੀ ਨਾਲ ਕੈਨੇਡਾ ਤੋਂ ਆਇਆ ਬਰਾੜ ਨਾਂ ਦਾ ਇਕ ਮੁੰਡਾ ਫਾਈਨਲ ਮੈਚ ਦੀ ਕੁਮੈਂਟਰੀ ਵਿਚੋਂ ਰੋਕ ਕੇ ਟੋਟਕਾ ਸਣਾਉਣ ਲੱਗਾ ਤਾਂ ਸੱਚੀਂ ਲੋਕ ਢਿੱਡ 'ਤੇ ਹੱਥ ਰੱਖ ਰੱਖ ਹੱਸੇ। ਉਹੀ ਟੋਟਕਾ ਤੁਹਾਡੇ ਨਾਲ ਸਾਂਝਾ ਕਰਨ ਲੱਗਾ ਹਾਂ ਤੇ ਸੋਚਦਾਂ, ਹਾਸਾ ਤੁਸੀਂ ਵੀ ਰੋਕ ਨਹੀਂ ਸਕੋਗੇ।

ਬਰਾੜ ਕਹਿਣ ਲੱਗਾ, "ਪਿੱਛੇ ਜਿਹੇ ਮੈਂ ਇੰਡੀਆ ਗਿਆ ਤੇ ਸੋਚਿਆ, ਕਿਹੜਾ ਕੰਮ 'ਤੇ ਜਾਣੈ, ਆਰਾਮ ਨਾਲ ਉਠਦੇ ਹਾਂ ਤੇ ਨਾਲ ਹੀ ਸਾਡੇ ਘਰ ਦਾ ਬੂਹਾ ਖੜਕਾਉਂਦਿਆਂ ਕੋਈ ਕਹਿ ਰਿਹਾ ਸੀ, ਬਚਨ ਸਿਹਾਂ ਮੈਂ ਸਵੇਰੇ ਦੀ ਪੂਜਾ ਲੱਭਦੈਂ, ਕਿੱਥੇ ਐ?"

"ਹਰਨਾਮ ਸਿਹੁੰ ਨੂੰ ਪੁੱਛ ਲੈਣਾ ਸੀ, ਲੱਗਦੈ ਉਨ੍ਹਾਂ ਦੇ ਹੋਣੀ ਐ।" ਬਾਪੂ ਅੰਦਰ ਪਿਆ ਹੀ ਬੋਲਿਆ। ਉਹ ਫਿਰ ਕਹਿਣ ਲੱਗਾ,

"ਹਰਨਾਮ ਤਾਂ ਆਂਹਦਾ ਮੈਂ ਦੋ ਕੁ ਦਿਨ ਰੱਖ ਕੇ ਦੇ ਆਇਆ ਸੀ।"

"ਫਿਰ ਗੁਰਦਾਸ ਹੋਰਾਂ ਦੇ ਪੁੱਛ ਲੈ, ਉਹ ਤਾਂ ਸਾਲੇ ਛੇਤੀ ਮੋੜਦੇ ਈ ਨ੍ਹੀਂ।"

"ਉਨ੍ਹਾਂ ਦੇ ਵੀ ਪੁੱਛ ਆਇਐਂ। ਉਹ ਵੀ ਆਂਹਦੇ ਆ ਲਿਆਂਦੀ ਤਾਂ ਸੀ ਪਰ ਵਾਪਸ ਕਰਤੀ।"

"ਲਾਲੇ ਗਿਰਧਾਰੀ ਨੂੰ ਪੁੱਛਿਆ? ਲਾਲਾ ਵੀ ਕਈ ਵਾਰ ਖੇਤੋਂ ਲੇਟ ਆਉਂਦੈ ਤੇ ਅੰਦਰੇ ਵਾੜ ਲੈਂਦੇ।"

"ਬਚਨ ਸਿਹਾਂ, ਛੇਤੀ ਦੱਸ ਪੂਜਾ ਹੈ ਕਿੱਥੇ? ਮੈਂ ਕਮਾਦ ਲਦਾਉਣੈਂ।"

ਪੂਜਾ, ਪੂਜਾ ਦਾ ਰੌਲਾ ਸੁਣ ਕੇ ਮੈਂ ਬਾਪੂ ਨੂੰ ਜਾ ਪਿਆ ਕਿ ਭਾਈਆ, ਧੌਲਾ ਝਾਟਾ ਤੇਰਾ, ਇਹ ਕੀ ਸੁਣ ਰਿਹਾ ਮੈਂ?

"ਕਾਕਾ ਤੈਨੂੰ ਨ੍ਹੀਂ ਪਤਾ, ਸਾਡੇ ਪੰਜਾਂ ਸੱਤਾਂ ਜ਼ਿਮੀਦਾਰਾਂ ਕੋਲ ਇਕੋ ਟਰਾਲੀ ਐ। ਜੀਹਦਾ ਦਿਲ ਕਰਦੈ ਲੈ ਜਾਂਦਾ। ਉਹਦਾ ਨਾਂ ਰੱਖਿਆ ਹੋਇਐ ਪੂਜਾ।"

ਗੁੱਸਾ ਹਾਸੇ 'ਚ ਬਦਲ ਗਿਆ ਤੇ ਮੈਂ ਫਿਰ ਰਜਾਈ 'ਚ ਮੂੰਹ ਦੇ ਕੇ 'ਕੱਲਾ ਈ ਹਿੜ ਹਿੜ ਕਰਨ ਲੱਗ ਪਿਆ। ਸੱਚੀਂ ਕਈ ਵਾਰ ਜਗਾਧਰੀ ਪਠਾਨਕੋਟ ਲਾਗੇ ਲੱਗਣ ਲੱਗ ਪੈਂਦੀ ਐ।

**-ਐਸ. ਅਸ਼ੋਕ ਭੌਰਾ**

# ਮੁੱਖ ਮੰਤਰੀ ਪੰਜਾਬ ਦੇ ਨਾਂ ਕੰਵਲ ਦਾ ਖੁੱਲ੍ਹਾ ਖ਼ਤ

**ਵਿਚਾਰ-ਚਰਚਾ**

*ਪ੍ਰਿੰਸੀਪਲ ਸਰਵਣ ਸਿੰਘ ਵੱਲੋਂ 'ਪੰਜਾਬ ਟਾਈਮਜ਼' ਦੇ ਪਿਛਲੇ ਅੰਕ ਵਿਚ ਨਾਮੀ ਲੇਖਕ ਜਸਵੰਤ ਸਿੰਘ ਕੰਵਲ ਬਾਰੇ ਲਿਖੇ ਲੇਖ ਨੂੰ ਪਾਠਕਾਂ ਨੇ ਭਰਪੂਰ ਹੁੰਗਾਰਾ ਭਰਿਆ ਹੈ। ਕੰਵਲ ਦੀ ਜਿਸ ਤਰ੍ਹਾਂ ਦੀ ਸ਼ਖਸੀਅਤ ਹੈ, ਹੁੰਗਾਰਾ ਵੀ ਉਸੇ ਤਰ੍ਹਾਂ ਦਾ ਆਇਆ ਹੈ। ਜਿੰਨੇ ਪਾਠਕ ਉਸ ਦੇ ਹੱਕ ਵਿਚ ਬੋਲੇ ਹਨ, ਉਤਨੇ ਹੀ ਉਸ ਦੀ ਮੀਨ-ਮੇਖ ਕੱਢਣ ਵਾਲੇ ਨਿੱਤਰ ਆਏ ਹਨ। ਅਸਲ ਵਿਚ ਕੰਵਲ ਜਿਸ ਤਰ੍ਹਾਂ ਆਮ ਪਾਠਕ ਨੂੰ ਭਾਵਕ ਕਰਕੇ ਆਪਣੇ ਨਾਲ ਲੈ ਤੁਰਦਾ ਹੈ, ਇਹ ਇਕੋ ਵੇਲੇ ਉਸ ਦੀ ਤਾਕਤ ਵੀ ਹੈ ਅਤੇ ਕਮਜ਼ੋਰੀ ਵੀ। ਉਂਜ, ਆਪ ਭਾਵਕ ਹੋਣ ਅਤੇ ਪਾਠਕਾਂ ਨੂੰ ਭਾਵਕ ਕਰਨ ਨਾਲ ਇਕ ਵੱਡਾ ਨੁਕਸਾਨ ਇਹ ਹੁੰਦਾ ਹੈ ਕਿ ਸੋਚ ਦੀ ਲੜੀ ਉਡਾਣ ਭਰਦਿਆਂ ਸਾਰ ਹੀ ਡੋਲ ਜਾਂਦੀ ਹੈ, ਸੋਚ ਦੀ ਲੜੀ ਟੁੱਟ ਜਿਹੀ ਜਾਂਦੀ ਹੈ। ਚਿਰ ਪਹਿਲਾਂ ਜਦੋਂ ਉਹਨੇ ਭਾਵਕ ਹੋ ਕੇ 'ਲਹੂ ਦੀ ਲੋਅ' ਲਿਖਿਆ ਸੀ ਤਾਂ ਗੱਲ ਮਹਿਜ਼ ਹਥਿਆਰਾਂ ਤੱਕ ਸਿਮਟ ਗਈ ਅਤੇ ਬੌਧਿਕ ਬੁਲੰਦੀ ਵੱਲ ਮੁੜਨ ਦੀ ਜਾਚ ਬਹੁਤ ਪਿਛਾਂਹ ਛੁੱਟ ਗਈ। ਭਾਵਕਤਾ ਕਰਕੇ ਹੀ ਉਸ ਦੀਆਂ ਲਿਖਤਾਂ ਵਿਚ ਸ਼ਹਿ ਕੇ ਬੈਠਾ ਜਗੀਰੂ ਅੰਸ਼ ਅਕਸਰ ਸਿਰੀ ਚੁੱਕਦਾ ਹੈ ਅਤੇ ਪਾਠਕਾਂ ਨੂੰ ਖਦੇੜ ਕੇ ਹੋਰ ਪਾਸੇ ਲੈ ਉਡਦਾ ਹੈ। ਇਸੇ ਲਈ ਜਦੋਂ ਪੰਜਾਬ ਵਿਚ ਪਰਵਾਸੀ ਮਜ਼ਦੂਰਾਂ ਦੀ ਗੱਲ ਤੁਰਦੀ ਹੈ ਤਾਂ ਉਹ ਇਸ ਕਾਮਾ ਜਮਾਤ ਦੇ ਉਲਟ ਭੁਗਤ ਜਾਂਦਾ ਹੈ; ਉਹ ਅਕਸਰ ਗੱਲ ਤਾਂ ਸਿੱਖੀ ਦੀ ਕਰਦਾ ਹੈ ਪਰ ਭਾਵਨਾਵੱਸ 'ਸਰਬੱਤ ਦੇ ਭਲੇ' ਦਾ ਪੱਲਾ ਉਸ ਕੋਲੋਂ ਛੁੱਟ ਜਾਂਦਾ ਹੈ। ਪਿੱਛੇ ਜਿਹੇ ਜਦੋਂ ਮਨਪ੍ਰੀਤ ਸਿੰਘ ਬਾਦਲ, ਅਕਾਲੀ ਦਲ ਅਤੇ ਆਪਣੇ ਤਾਏ ਪ੍ਰਕਾਸ਼ ਸਿੰਘ ਬਾਦਲ ਤੋਂ ਵੱਖ ਹੋਇਆ ਤਾਂ ਭਾਵਕ ਹੋਇਆ ਕੰਵਲ ਫਿਰ ਇਨ੍ਹਾਂ ਦੇ ਏਕੇ ਲਈ ਕੂਕ ਉਠਿਆ, ਹਾਲਾਂਕਿ ਵਕਤ ਨੇ ਸਾਬਤ ਕਰ ਦਿੱਤਾ ਕਿ ਨਾ ਮਨਪ੍ਰੀਤ ਅਤੇ ਨਾ ਹੀ ਵੱਡਾ ਬਾਦਲ ਪੰਜਾਬ ਜਾਂ ਪੰਥ ਲਈ ਕੁਝ ਕਰ ਰਹੇ ਹਨ। ਉਸ ਵੇਲੇ ਕੰਵਲ ਵੱਲੋਂ ਵੱਡੇ ਬਾਦਲ ਨੂੰ ਲਿਖੀ ਚਿੱਠੀ ਇਸ ਪੱਖੋਂ ਵਿਚਾਰਨ ਵਾਲੀ ਹੈ ਕਿ ਇਸ ਵਿਚ ਭਾਵਕ ਕੰਵਲ, ਬਾਦਲ ਨੂੰ ਪੰਜਾਬ ਦਾ ਸਭ ਕੁਝ ਸਮਝ ਕੇ ਗੱਲਾਂ ਕਰੀ ਜਾਂਦਾ ਹੈ। ਇਸੇ ਲਈ ਇਹ ਚਿੱਠੀ ਵਿਚਾਰ ਹਿਤ ਪਾਠਕਾਂ ਦੇ ਵਿਹੜੇ ਵਿਚ 'ਪੰਜਾਬ ਟਾਈਮਜ਼' ਰਾਹੀਂ ਪੇਸ਼ ਕੀਤੀ ਜਾ ਰਹੀ ਹੈ। ਨਾਲ ਹੀ ਪੱਤਰਕਾਰ ਜਤਿੰਦਰ ਪਨੂੰ ਦੀ ਟਿੱਪਣੀ ਦਿੱਤੀ ਜਾ ਰਹੀ ਹੈ ਜੋ ਇਸ ਚਿੱਠੀ ਪਿੱਛੋਂ ਲਿਖੀ ਗਈ ਸੀ। -ਸੰਪਾਦਕ*

ਸਤਿਕਾਰਯੋਗ ਸਰ ਬੁਲੰਦ ਬਾਦਸ਼ਾਹੇ ਪੰਜਾਬ ਸ੍ਰ. ਪ੍ਰਕਾਸ਼ ਸਿੰਘ ਬਾਦਲ ਜੀ!

ਇੱਕ ਫਕੀਰ ਲੇਖਕ ਡਾ. ਜਸਵੰਤ ਸਿੰਘ ਕੰਵਲ ਦੀ ਗੁਰ ਫਤਿਹ ਪ੍ਰਵਾਨ ਕਰਨੀ। ਧੰਨਵਾਦੀ ਹੋਵਾਂਗਾ। ਕੌਮੀ ਫਰਜ਼ ਨਿਭਾਉਂਦੇ ਤੇ ਫਰਮਾਨ ਜਾਰੀ ਕਰਦੇ ਅੱਗੇ ਇੱਕ ਤੁੱਛ ਜਿਹਾ ਬੰਦਾ ਕੀ ਬੜ੍ਹ ਮਾਰ ਸਕਦਾ ਐ। ਮੇਰੀ ਨਾਦਾਨੀ ਤੇ ਫਕੀਰੀ ਤੁਹਾਡੇ ਸ਼ਾਹੀ ਰੁਤਬੇ ਅੱਗੇ ਕੀ ਤੜ ਮਾਰ ਸਕਦੀ ਐ, ਇੱਕ ਸੱਚ ਦਾ ਨਾਅਰਾ ਹਾਜ਼ਰੇ ਖਿਦਮਤ ਐ। ਇਸ ਨੂੰ ਫਰਿਆਦ ਸਮਝੋ, ਅਥਵਾ ਸੱਚ ਦੀ ਦੁਹਾਈ। ਸ਼ਾਹੀਆਂ ਅੱਗੇ ਇਸੇ ਤਰ੍ਹਾਂ ਦੀਆਂ ਪੁਕਾਰਾਂ ਅਕਸਰ ਪੇਸ਼ ਹੁੰਦੀਆਂ ਰਹੀਆਂ ਹਨ। ਲੋਕਾਂ ਦੀ ਫਰਿਆਦ, ਮੇਰੀ ਕਲਮ ਦੀ ਆਵਾਜ਼ ਹੈ।

ਸ਼ਾਹੀ ਤੇ ਫਕੀਰੀ ਵਿਚ ਧੁਰੋਂ ਵਿਰੋਧ ਤੁਰਿਆ ਆਇਆ ਹੈ ਪਰ ਜਦੋਂ ਦੋਵੇਂ ਇਕਸੁਰ ਹੋ ਕੇ ਚਲੀਆਂ, ਸਤਿਜੁਗ ਵਰਤਦਾ ਰਿਹਾ ਹੈ ਤੇ ਵਿਰੋਧ ਸਮੇਂ ਅਫਰਾ ਤਫਰੀ ਪੈਦਾ ਹੁੰਦੀ ਐ। ਕਾਸ਼, ਸ਼ਾਹੀ ਤੇ ਫਕੀਰੀ ਮਿੱਤਰਤਾ ਬਣ ਕੇ ਲੋਕਾਂ ਦੀ ਸੇਵਾ ਕਰਦੀਆਂ। ਔਰੰਗਜੇਬ ਨੇ ਸਾਰੇ ਭਰਾਵਾਂ ਨੂੰ ਕਤਲ ਕਰਾ ਕੇ ਬਾਦਸ਼ਾਹੀ ਹੰਢਾਈ। ਹਾਲਾਂਕਿ ਉਹ ਛੋਟੇ ਭਰਾ ਮੁਰਾਦ ਦੀ ਮਦਦ ਨਾਲ ਤਖਤ ਜਿੱਤ ਸਕਿਆ ਸੀ, ਉਸ ਨੂੰ ਵੀ ਆਗਰੇ ਵਿਚ ਕਤਲ ਕਰਵਾ ਛੱਡਿਆ ਸੀ। ਫਿਰ ਸੱਚ ਦੇ ਅਲੰਬਰਦਾਰ ਸਰਮਦ ਫਕੀਰ ਤੇ ਨੌਵੇਂ ਗੁਰੂ ਤੇਗ ਬਹਾਦਰ ਨੂੰ ਦਿੱਲੀ ਦੇ ਚਾਂਦਨੀ ਚੌਕ ਵਿਚ ਸੱਚ ਦੇ ਪਾਲਕ ਤਿੰਨ ਸਿੱਖਾਂ ਸਮੇਤ ਬੇਤਰਸੀ ਨਾਲ ਕਤਲ ਕਰਵਾ ਦਿੱਤਾ। ਓਸੇ ਰਾਤ ਔਰੰਗਜ਼ੇਬ ਦੀ ਕਰਵਟ ਕਰਵਟ ਵਿਚ ਸੱਚ ਆ ਹੱਸਿਆ, 'ਤੈਨੂੰ ਗੱਦੀ ਨਿਆਂ ਕਰਨ ਨੂੰ ਦਿੱਤੀ ਸੀ ਕਿ ਭਰਾਵਾਂ, ਫਕੀਰਾਂ ਤੇ ਗੁਰੂ ਪੀਰਾਂ ਦੇ ਆਹੂ ਲਾਹੁਣ ਨੂੰ?' ਬਾਦਸ਼ਾਹ ਦੀ ਆਤਮਾ ਸਾਰੀ ਉਮਰ ਸੰਤਾਪ ਭੋਗਦੀ ਰਹੀ।

ਲੋਕਾਂ ਨੂੰ ਸੱਚ ਦਾ ਪ੍ਰਕਾਸ਼ ਦੇਣ ਵਾਲੇ ਬਾਦਲ ਸਾਹਿਬ ਤੁਸੀਂ ਇਸ ਤਰ੍ਹਾਂ ਦੀਆਂ ਤਾਰੀਖੀ ਕਹਾਣੀਆਂ ਪੜ੍ਹ ਆਏ ਹੋ, ਹੰਢਾ ਆਏ ਹੋ, ਤੁਸਾਂ ਸੱਚ ਦੇ ਰਾਹ ਤੁਰਨ ਦੀ ਗੁਰੂ ਸੌਂਹ ਖਾਧੀ ਸੀ, ਆਪਣੇ ਫਕੀਰਾਂ ਵਰਗੇ ਸੱਚੇ ਸੁੱਚੇ ਭਤੀਜੇ ਲਈ ਕੁਰਾਹੇ ਕਿਵੇਂ ਪੈ ਗਏ? ਸ਼ਾਇਦ ਮੈਂ ਤੁਹਾਡੀ ਬਾਦਸ਼ਾਹੀ ਆਨ ਸ਼ਾਨ ਵਿਚ ਗੁਸਤਾਖੀ ਕਰ ਗਿਆ ਹਾਂ। ਇੱਕ ਲੇਖਕ ਫਕੀਰੀ ਜਾਮੇ ਵਿਚ ਝੂਠ ਕਿਵੇਂ ਬੋਲੇ? ਮੈਂ ਤਾਂ ਤੁਹਾਡੇ ਗਲਤ ਨੂੰ ਲੱਤ ਮਾਰ ਕੇ ਆਪਣੇ ਸੱਚ ਦੇ ਚਲਣ ਨੂੰ ਸੰਭਾਲਾ ਦੇਣ ਲਈ ਭੋਰਾ ਕੁ ਚੂੰਢੀ ਵੱਢੀ ਐ। ਮਹਾਰਾਜਾ ਰਣਜੀਤ ਸਿੰਘ ਦੇ ਮਰਨ ਬਾਅਦ ਹੋਇਆ ਹਾਲ ਬੇਹਾਲ। ਤੁਸਾਂ ਹੀ ਨਹੀਂ, ਸਾਰੇ ਜਹਾਨ ਨੇ ਪੜ੍ਹਿਆ ਤੇ ਦੇਖਿਆ। ਆਪਣੇ ਘਰ ਵਿਚ ਬੇਹਾਲ ਹਾਲਾਤ ਤੋਂ ਜ਼ਰੂਰ ਦੁਖੀ ਹੋਏ ਹੋਵੋਗੇ। ਮੈਨੂੰ ਤੁਹਾਡੇ ਨਾਲ ਹਮਦਰਦੀ ਹੈ, ਪਰ ਇੱਕ ਪੇਂਡੂ ਕਿਸਾਨ ਦੇ ਬੇਟੇ ਦੀ ਹਮਦਰਦੀ ਤੁਹਾਡੇ ਡੋਲੇ ਤੇ ਖੁਰਦੇ ਮਨ ਲਈ ਕੀ ਅਹਿਮੀਅਤ ਰੱਖਦੀ ਹੈ; ਜਦੋਂ ਕਿ ਆਪੂੰ ਬੀਮਾਰੀ ਤੋਂ ਵੀ ਉਠੇ ਹੋ। ਪਰ ਮੈਂ ਸਰਸਵਤੀ ਦਾ ਛੋਟਾ ਜਿਹਾ ਕਮਲਾ ਰਮਲਾ ਬੇਟਾ, ਤੁਹਾਡੀ ਨਰੋਈ ਸਿਹਤ ਲਈ ਕਾਮਨਾ ਕਰਦਾ ਆਂ। ਭਾਵੇਂ ਇੱਕ ਵੋਟ ਹਾਂ, ਪਰ ਸੱਚ ਦੀ ਇੱਕ ਵੋਟ ਕਈ ਵਾਰ ਘੜਮੱਸ ਨੂੰ ਹਰਾ ਜਾਂਦੀ ਐ।

ਮੈਨੂੰ ਤੁਹਾਡੀ ਦੁਖੀ ਕਰਦੀ ਦੁਬਿਧਾ ਨਾਲ ਹਮਦਰਦੀ ਐ, ਜ਼ਿੰਦਗੀ ਵਿਚ ਉਤਰਾ-ਚੜ੍ਹਾਅ ਆਉਂਦੇ-ਜਾਂਦੇ ਰਹਿੰਦੇ ਹਨ ਤੇ ਬੁਰੇ ਭਲੇ ਦੇ ਨਤੀਜੇ ਛੱਡ ਜਾਂਦੇ ਹਨ। ਦੁਬਿਧਾ ਵਿਚ ਪਿਆ ਮੈਂ ਇਹੀ ਸੋਚਦਾ ਪ੍ਰੇਸ਼ਾਨ ਆਂ। ਤੁਹਾਡੀ ਕਿਸੇ ਵੀ ਹਿਲਜੁਲ ਨਾਲ ਭਾਵੀ ਪੰਜਾਬ 'ਤੇ ਵਰਤੇਗੀ ਤੇ ਨਤੀਜੇ ਲੋਕ ਭੁਗਤਣਗੇ। ਤਾਰੀਖੀ ਸੱਚ ਇਹ ਹੈ, ਆਜ਼ਾਦ ਹੋਣ ਤੋਂ ਬਾਅਦ ਪੰਜਾਬ ਨਤੀਜੇ ਹੀ ਭੁਗਤ ਰਿਹਾ ਹੈ। ਨਤੀਜੇ ਭੁਗਤਣ ਵਾਲਿਆਂ ਦੀ ਮੋਹਰਲੀ ਕਤਾਰ ਵਿਚ ਤੁਸੀਂ ਵੀ ਖਲੋਵੋਗੇ।

ਮੈਂ ਸਮੁੱਚੇ ਪੰਜਾਬ ਦੀਆਂ ਖੱਜਲ-ਖੁਆਰੀਆਂ ਬਰਾਬਰ ਭੁਗਤਦਾ ਆਇਆ ਹਾਂ। ਅੰਗਰੇਜ਼ ਰਾਜ ਸਮੇਂ ਜੇਲ੍ਹ ਵਿਚ ਡੱਕਿਆ ਰਿਹਾ ਤੇ ਕਾਂਗਰਸ ਰਾਜ ਵਿਚ ਵੀ ਫਿਰੋਜ਼ਪੁਰ ਜੇਲ੍ਹ ਵਿਚ ਬੰਦ ਰਿਹਾ। ਅਤਿਵਾਦ ਤੇ ਕੇਂਦਰ ਦੇ ਪੰਜਾਬ ਨਾਲ ਮਿੱਥ ਕੇ ਕੀਤੇ ਧੱਕਿਆਂ ਵਿਰੁਧ ਹੁੰਗਾਰਦਾ ਆਇਆ ਆਂ। ਗੁਰੂ ਦੀ ਓਟ ਲੈ ਕੇ ਜ਼ੁਲਮਾਂ ਤੇ ਵਿਰੋਧਾਂ ਨਾਲ ਬਰਾਬਰ ਲੜਦਾ ਆਇਆ ਆਂ। ਜੱਟ ਦੀ ਹਿੰਡ ਬੁਰੀ ਬਲਾ, ਗੁਰੂ ਆਦੇਸ਼ਾਂ ਨਾਲ ਤੁਰੀ, ਮੋੜੀ ਨਹੀਂ ਮੁੜੀ, ਭਾਵੇਂ ਦੁੱਖਾਂ ਦੇ ਗੱਡੇ ਉਤੋਂ ਦੀ ਲੰਘ ਜਾਣ। ਦੁਬਿਧਾ ਬੁਰੀ ਬਲਾ, ਸਿਦਕ ਨੂੰ ਖਾਂਦੀ ਝੱਟ ਲਾਉਂਦੀ ਐ, ਪਰ ਗੁਰੂ ਰਾਖਾ ਰਿਹਾ। ਉਂਜ ਇਹ ਬਲਾ ਹਨੇਰੇ ਸਵੇਰੇ ਸਭ ਨੂੰ ਪੈਂਦੀ ਹੈ। ਬਾਦਲ ਸਾਹਿਬ, ਦੁਬਿਧਾ ਵਿਚ ਫਸੀ ਤੁਹਾਡੀ ਗੋਤੇਹਾਰ ਰੂਹ ਨਾਲ ਮੈਨੂੰ ਹਮਦਰਦੀ ਐ, ਤੁਸੀਂ ਪੰਜਾਬ ਦੇ ਰਾਜਸੀ ਘੋਲਾਂ ਵਿਚੋਂ ਨਿਕਲ ਕੇ ਉਭਰੇ ਸੀ, ਪਰਿਵਾਰਵਾਦ ਦੀਆਂ ਬੰਦਸ਼ਾਂ ਵਿਚ ਕਿਵੇਂ ਕੈਦ ਹੋ ਕੇ ਰਹਿ ਗਏ?

ਪੰਜਾਬ ਦੇ ਸਰਬਹਾਰੇ ਜੀਓ। ਤੁਸੀਂ ਘਰੋਗੀ ਕਲੇਸ਼ ਵਿਚ ਹਾਰ ਗਏ। ਸਾਰੇ ਪੰਜਾਬ ਨੂੰ ਤੁਹਾਡੇ ਨਾਲ ਹਮਦਰਦੀ ਐ, ਬਰਾਏ ਮਿਹਰਬਾਨੀ ਆਪਣੀ ਸਾਰੀ ਹਮਦਰਦੀ ਜਨਤਕ ਕਰੋ। ਤੁਸੀਂ ਸਰਬਤ ਦੇ ਭਲੇ ਨਾਲ ਜੁੜੇ ਹੋ। ਘਰ ਦੀ ਸੌੜ ਨਾਲੋਂ ਪੂਰੇ ਪੰਜਾਬ ਨਾਲ ਜੁੜੋ। ਤੁਸੀਂ ਇੱਕ ਪੁੱਤਰ ਦੇ ਨਹੀਂ, ਸਾਰੇ ਪੰਜਾਬ ਦੇ ਬਾਪੂ ਜੀ ਹੋ। ਮੈਂ ਉਮਰ ਵਿਚ ਤੁਹਾਡੇ ਨਾਲੋਂ ਵੱਡਾ ਆਂ, ਹਾਲਾਤ ਅਨੁਸਾਰ ਤੁਹਾਡੇ ਪੈਰਾਂ ਵਿਚ ਹੱਥ ਜੋੜੀ ਖਲੋਤਾ ਆਂ। ਤੁਹਾਡੇ ਆਣੇ ਜਾਣੇ ਰੁਤਬੇ ਖਾਤਰ ਘਰੋਗੀ ਕਲੇਸ਼ ਪੰਜਾਬ ਦੀ ਸਿਰਦਰਦੀ ਕਿਉਂ ਬਣੇ? ਤੁਹਾਡੀ ਹਲਕੀ ਜਿਹੀ ਕੋਤਾਹੀ, ਪੰਜਾਬ ਵਿਚ ਕਿੰਨੇ ਹੀ ਬੁਰੇ ਨਤੀਜੇ ਪੈਦਾ ਕਰ ਸਕਦੀ ਹੈ। ਜਿਹੜੀ ਮਿੱਤਰ ਢਾਣੀ ਬਹੁਗਿਣਤੀ ਵਾਲੀ ਨਾਲ ਲਈ ਫਿਰਦੇ ਓ, ਮੰਡੀ 'ਤੇ ਲੈ ਜਾਓ, ਕਿਸੇ ਦੁਆਨੀ ਵੱਟੇ ਨਹੀਂ ਖਰੀਦਣੇ। ਲੋਕ ਹੁਣ ਐਨੇ ਕਮਲੇ ਨਹੀਂ, ਤੁਹਾਡੀ ਤੇਜ਼ ਨਜ਼ਰ ਇਨ੍ਹਾਂ ਦੀ ਆਣ ਅਣਖ ਬਾਰੇ ਸਭ ਜਾਣਦੀ ਹੈ।

ਤੁਹਾਡੀ ਚੰਗੀ ਭਲੀ ਮੋਹ ਮਾਰੀ ਢਿੱਲੀ ਪਈ ਸੁਰਤ ਨੂੰ ਹਲੂਣਾ ਦੇਣ ਦੀ ਜੁਰਅੱਤ ਤੇ ਗੁਸਤਾਖੀ ਕਰ ਰਿਹਾ ਆਂ। ਕੌਮ ਲਈ ਕੈਦਾਂ ਕੱਟੀਆਂ, ਧੱਕੇ ਧੋੜੇ ਖਾਧੇ। ਫਿਰ ਗੁਰੂ ਨੇ ਸ਼ਾਹੀ ਬਖਸ਼ੀ ਤਾਂ ਹੁਣ ਉਸ ਤੇ ਸੁਆਹ ਧੂੜਨ 'ਤੇ ਆ ਗਏ? ਵਾਹ ਸ਼ਾਮਤ ਮੇਰੇ ਅੱਲਾ! ਮੈਂ ਤੁਹਾਡੇ ਡੋਲਦੇ ਮਨ ਨੂੰ ਉਹ ਲਲਕਾਰਾ ਦੇ ਰਿਹਾ ਆਂ, ਜਿਹੜਾ ਚਿੱਕੜ ਵਿਚ ਖੁੱਭੇ ਗੱਡੇ ਦੇ ਬਲਦਾਂ ਨੂੰ ਜੱਟ ਨੇ ਮਾਰ ਕੇ ਪਾਰ ਕਰ ਲਿਆ ਸੀ। ਬਾਦਲ ਸਾਹਿਬ! ਤੁਹਾਡੀ ਚੁੱਪੀ ਪੰਜਾਬ ਦਾ ਤਾਣਾ ਬਾਣਾ ਖਲਾਰ ਕੇ ਰੱਖ ਦੇਵੇਗੀ। ਹੁਣ ਫੈਸਲਾ ਤੁਸਾਂ ਕਰਨਾ ਹੈ, ਘਰੋਗੀ ਦਲਦਲ ਵਿਚ ਗਰਕ ਹੋਣਾ ਹੈ ਜਾਂ ਕੌਮੀ ਸਰਬੁਲੰਦੀ ਦੇ ਹੀਰੋ ਬਣਨਾ ਹੈ। ਇਹ ਜਾਨ ਤਾਂ ਆਣੀ ਜਾਣੀ ਹੈ। ਮੈਂ ਪੰਜਾਬ ਦੀ ਵਫਾਦਾਰੀ ਵਿਚ ਸੱਚ ਬੋਲਿਆ ਹੈ। ਮੌਤ ਦੇ ਫਰਿਸ਼ਤੇ ਦੀ ਮੁਹਾਰ ਕਿਸੇ ਨਹੀਂ ਮੋੜੀ। ਕੌਮੀ ਪੱਖੋਂ ਦੋਵਾਂ ਭਰਾਵਾਂ ਦੇ ਸਿਰ ਜੁੜਦੇ ਕਰੋ, ਏਸੇ ਵਿਚ ਹੀ ਘਰ ਤੇ ਪੰਜਾਬ ਦਾ ਭਲਾ ਹੀ ਭਲਾ ਹੈ।

ਬਾਦਲ ਸਾਹਿਬ, ਕੱਟਾਂ ਵੱਢਾਂ ਤੋਂ ਥੋੜ੍ਹੀ ਬਹੁਤ ਬਚੀ ਪੰਜਾਬੀ ਕੌਮੀਅਤ ਦਾ ਖਿਆਲ ਕਰੋ। ਤੁਹਾਡੀ ਘਰੋਗੀ ਖਿੱਚੋਤਾਣ ਪੰਜਾਬੀਅਤ ਦਾ ਅਸਲੋਂ ਲੱਕ ਤੋੜ ਦੇਵੇਗੀ। ਹਰ ਪੱਖੋਂ ਇੱਕ ਨੰਬਰ ਦਾ ਸੂਬਾ ਕੇਂਦਰੀ ਚੁਸਤੀਆਂ ਨੇ ਅਸਲੋਂ ਥੱਲੇ ਲਾਹ ਕੇ ਰੱਖ ਦਿੱਤਾ। ਪੰਜਾਬੀਆਂ ਦਾ ਪਾਟਣਾ, ਇਹਦਾ ਹੋਰ ਵੀ ਬੇੜਾ ਗਰਕ ਕਰੇਗਾ। ਬਾਦਲ ਸਾਹਿਬ! ਹਣ ਤੁਸੀਂ ਨਿਰੇ ਨਿੱਜੀ ਘਰ ਦੇ ਨਹੀਂ ਰਹੇ ਕੌਮ ਦੇ ਤੁਰਦੇ ਫਿਰਦੇ ਥੰਮ ਹੋ। ਤਾਰੀਖ ਦੇ ਇਸ ਖਤਰਨਾਕ ਮੋੜ 'ਤੇ ਮਨ ਹਾਰੋਗੇ, ਪਿਛਲੀ ਸਾਰੀ ਘਾਲ ਕਮਾਈ ਸੁਆਹ ਹੋ ਜਾਵੇਗੀ। ਪੰਜਾਬ ਦੀ ਅਣਖੀਲੀ ਜਦੋਜਹਿਦ ਨੇ ਮੁਗਲਾਂ ਪਠਾਣਾਂ ਦੇ ਛੱਕੇ ਛੁਡਾਏ। ਗਦਰੀ ਬਾਬਿਆਂ 93 ਫਾਂਸੀਆਂ ਝੱਲ ਕੇ ਆਜ਼ਾਦੀ ਦਾ ਮੁੱਢ ਬੰਨਿਆ। ਗੁਰਦੁਆਰਿਆਂ ਦੀ ਆਜ਼ਾਦੀ, ਸ਼ਹਾਦਤਾਂ ਦੇ ਕੇ ਜਿੱਤੀ। ਹੁਣ ਤਾਰੀਖ ਦਾ ਹੱਥ ਫੜਿਆ ਸਿਹਰਾ ਘੱਟੇ ਰਲਾਓਗੇ?

ਬਾਦਲ ਸਾਹਿਬ, ਐਨੇ ਉਚੇ ਤੇ ਸੁੱਚੇ ਇਰਾਦੇ ਵਾਲੇ ਪੰਜਾਬ ਨੂੰ ਕਿਸੇ ਤਰ੍ਹਾਂ ਦਾ ਵੱਟਾ ਨਹੀਂ ਲੱਗਣਾ ਚਾਹੀਦਾ। ਸਾਡੇ ਮਾਣਮੱਤੇ ਸ਼ਹੀਦਾਂ ਸਿਰ ਤਲੀ 'ਤੇ ਧਰ ਕੇ ਕੁਰਬਾਨੀਆਂ ਦਿੱਤੀਆਂ। ਮਨ ਹਾਰਿਆਂ ਤੇ ਚੁੱਪੀ ਵੱਟਿਆਂ ਕੌਮੀ ਅਣਖ ਨੂੰ ਲਾਜ ਲਗਦੀ ਹੈ। ਘਰ ਦੀ ਉਲਝਣ ਨੂੰ ਤੁਸੀਂ ਵੱਡਾ ਜਿਗਰਾ ਕਰ ਕੇ ਸੁਲਝਾ ਸਕਦੇ ਹੋ। ਇਸ ਭੈੜੀ ਘਟਨਾ ਉਤੇ ਸਾਰੇ ਪੰਜਾਬ ਨੇ 'ਹਾਅ' ਦਾ ਨਾਅਰਾ ਮਾਰਿਆ ਹੈ। ਮੈਂ ਲੋਕਾਂ ਦੀ ਜ਼ੁਬਾਨ ਦੀ ਤਰਜਮਾਨੀ ਤੁਹਾਡੇ ਤੱਕ ਪਹੁੰਚਾ ਰਿਹਾ ਆਂ। ਲਿਆਕਤ ਤੇ ਗੁਣ ਦੀ ਹਰ ਹੀਲੇ ਹੌਂਸਲਾ ਅਫਜ਼ਾਈ ਹੋਣੀ ਚਾਹੀਦੀ ਹੈ। ਮਨਪ੍ਰੀਤ ਦੇ ਗੁਣਾਂ ਨੂੰ ਕੌਮ ਸਲਾਮਾਂ ਕਰਦੀ ਐ। ਉਸ ਦੇ ਅਮੋਲ ਗੁਣਾਂ ਤੇ ਲਿਆਕਤ ਨੂੰ ਹਰ ਹੀਲੇ ਕਾਰੇ ਲਾਇਆ ਜਾਵੇ। ਬੇਰ ਡੁੱਲ੍ਹੇ ਈ ਐ; ਚੁੱਕ ਕੇ ਝੋਲੀ ਪਾਏ ਜਾ ਸਕਦੇ ਐ; ਸਵਾਲ ਇੱਕ ਖਾਨਦਾਨ ਦਾ ਨਹੀਂ; ਕੌਮੀ ਹਾਨੀ ਦਾ ਹੈ।

ਰਾਜ ਤਾਂ ਲੋਕਾਂ ਦੀ ਸੇਵਾ ਹੈ ਤੇ ਧਰਮ ਕਲਿਆਣਕਾਰੀ। ਗੁਰੂਕਿਆਂ ਨੇ ਸਾਨੂੰ ਦੋਵਾਂ ਨੂੰ ਬਰਾਬਰ ਦੀਖਿਆ ਦਿੱਤੀ ਸੀ। ਫਕੀਰੀ ਨੇ ਸ਼ਾਹੀ ਨੂੰ ਪੁੱਛਿਆ ਸੀ "ਸੱਚ ਵੱਡਾ ਕਿ ਰਾਜ?" ਜਵਾਬ ਸੀ, ਸੱਚ ਬਿਨਾ ਰਾਜ ਦੋਜ਼ਖ। ਤੁਸੀਂ ਇਹ ਕਿਵੇਂ ਭੁੱਲ ਗਏ, ਘਰ ਨਾਲੋਂ ਸੰਗਤ ਮਹਾਨ ਹੈ। ਅੱਜ ਪੰਜਾਬ ਦੀ ਸੰਗਤ ਅਨਿਆਂ ਵਾਪਰਨ ਸਦਕਾ ਹਾਉਕੇ ਹਾਰ ਐ। ਮੈਂ ਇਹ ਸੱਚ ਤੁਹਾਨੂੰ ਡਾਕ ਰਾਹੀਂ ਪਹੁੰਚਾ ਰਿਹਾ ਆਂ। ਸੱਚ ਨੂੰ ਦਿਲੋਂ ਕੱਢਣ ਵਾਲੇ ਨੂੰ ਲੋਕਾਂ ਤੇ ਤਾਰੀਖ ਨੇ ਧਿਕਾਰਿਆ ਹੈ। ਧਰਮ ਨਹੀਂ ਤਾਂ ਰਾਜ ਦੀ ਥੂਹ। ਉਂਗਲਾਂ ਮੂੰਹ ਪਾਈ ਕੁੱਲ ਪੰਜਾਬੀਅਤ ਅਣਹੋਣੀ ਵੇਖ ਹੈਰਾਨ ਪਰੇਸ਼ਾਨ ਸਾਹ ਰੋਕੀ ਖਲੋਤੀ ਐ।

ਇਸ ਹੋਣੀ ਨੇ ਤੁਹਾਡੇ ਘਰ ਹੀ ਸੱਥਰ ਨਹੀਂ ਪਾਇਆ, ਸਾਰਾ ਪੰਜਾਬ ਸੰਤਾਪ ਛੱਡਿਆ ਏ। ਲੋਕਾਂ ਦੇ ਸੱਚ ਤੇ ਕੁਰਬਾਨੀਆਂ ਦਾ ਸੱਚ ਤੁਸਾਂ ਦੇਖਿਆ ਹੀ ਨਹੀਂ, ਹੱਡੀਂ ਹੰਢਾਇਆ ਹੈ। ਚੜ੍ਹਦੀ ਕਲਾ ਦੇ ਗੁਰੂ ਰਾਹ ਤੁਰਦੇ, ਘਰ ਦੇ ਮੋਹ ਕਾਰਨ ਥਿੜਕ ਗਏ, ਅਜਿਹਾ ਸੋਚਿਆ ਵੀ ਨਹੀਂ ਜਾ ਸਕਦਾ। ਗੱਲ ਨਿਰੀ ਤੁਹਾਡੇ ਮਨ ਹਾਰਨ ਦੀ ਨਹੀਂ, ਮਲਾਹ ਦੇ ਗਲਤ ਚੱਪੂ ਮਾਰਨ ਨਾਲ ਕੌਮੀ ਬੇੜੀ ਦੇ ਗਰਕਣ ਦਾ ਸਵਾਲ ਐ। ਤਾਰੀਖੀ ਨਤੀਜਿਆਂ ਦੇ ਹਸ਼ਰ ਨੂੰ ਜਾਣ ਕੇ ਤੁਸੀਂ ਦੋਵੇਂ ਮਲਾਹ ਭਰਾਵਾਂ ਦੀਆਂ ਜੱਫੀਆਂ ਪਵਾਓਗੇ। ਏਸੇ ਵਿਚ ਹੀ ਘਰ ਤੇ ਸਮੁੱਚੀ ਕੌਮ ਦਾ ਭਲਾ ਹੈ। ਜੇ ਕੌਮ ਤੇ ਘਰ ਵਿਚ ਸਾਰਥਕਤਾ ਨਹੀਂ ਆਉਂਦੀ, ਇਹ ਜ਼ਿੰਮੇਵਾਰੀ ਮੁਖੀ ਹੋਣ ਕਾਰਨ ਤੁਹਾਡੇ ਸਿਰ ਪਵੇਗੀ। ਲੋਕਾਂ ਵਲੋਂ ਅਪੀਲ ਮੈਂ ਤੁਹਾਡੇ ਰੂਬਰੂ ਕਰ ਰਿਹਾ ਆਂ। ਤੁਸੀਂ ਦਲੇਰੀ ਨਾਲ ਸੱਚਾ ਸੁੱਚਾ ਫੈਸਲਾ ਲੋਕਾਂ ਵਿਚ ਰੱਖ ਦੇਵੋ। ਤਾਂ ਜੋ ਲੋਕਾਂ ਦੇ ਦਿਲਾਂ ਦੀ ਭਗਦੜ ਸ਼ਾਂਤ ਹੋ ਜਾਵੇ। ਤੁਸਾਂ ਜੇ ਦ੍ਰਿੜ੍ਹ ਇਰਾਦੇ ਨਾਲ ਸੱਚ ਦਾ ਸਟੈਂਡ ਨਾ ਲਿਆ, ਤੁਹਾਡਾ ਘਰ ਹੀ ਨਹੀਂ, ਪੰਜਾਬ ਦਾ ਤਖਤ ਵੀ ਮੂਧਾ ਹੋ ਸਕਦਾ ਐ। ਲੋਕ ਜਮਹੂਰੀ ਸ਼ਕਤੀ ਨਾਲ ਜਾਣਗੇ, ਸੱਚ ਨੂੰ ਸਲਾਮ ਕਰਨਗੇ। ਇਸ ਥਿੜਕੀ ਉਕਾਈ ਲਈ ਤਾਰੀਖ ਤੁਹਾਡੇ ਖਿਲਾਫ ਫੈਸਲਾ ਲਿਖੇਗੀ। ਪਿਆਰੇ ਬਾਦਲ ਸਾਹਿਬ, ਘਰ ਦੇ ਮੋਹ ਨੂੰ ਸਾਂਝੀ ਸ਼ਕਤੀ ਬਣਾਓ। ਬਹੁਤ ਲੰਮੇ ਸਮੇਂ ਤੋਂ ਤੁਸੀਂ ਘਰ ਪਰਵਾਰ ਦੇ ਮੋਹ ਤੋਂ ਅਗਾਂਹ ਲੋਕਾਂ ਦੇ ਆਗੂ ਰਹਿ ਚੁੱਕੇ ਓ। ਯਾਦ ਰਹੇ, ਖੁਦਗਰਜ਼ੀ ਡੋਬਦੀ ਹੈ, ਤਿਆਗ ਕੌਮ ਨੂੰ ਤਾਰਦਾ ਹੈ। ਸਵਾਲ ਦੋ ਘਰਾਂ ਦੇ ਨਿਰਾਪੁਰਾ ਜੋੜਨ ਦਾ ਹੀ ਨਹੀਂ, ਸਮੁੱਚੇ ਪੰਜਾਬ ਦੇ ਖੇਰੂੰ-ਖੇਰੂੰ ਹੋਣ ਦਾ ਵੀ ਹੈ। ਪੰਜਾਬ ਦੀ ਤਬਾਹੀ ਦੀ ਤੀਲੀ ਤੁਹਾਡੇ ਘਰੋਂ ਚਲ ਰਹੀ ਹੈ। ਸੇਕ ਤਾਂ ਬਾਹਰ ਬੈਠਿਆਂ ਨੂੰ ਵੀ ਆਵੇਗਾ। ਭਲਾ ਇਸ ਕੌਮੀ ਪਰਲੋ ਦੀ ਜ਼ਿੰਮੇਵਾਰੀ ਕੀਹਦੇ ਸਿਰ ਪਵੇਗੀ? ਸੋਚੋ? ਜਿਸ ਦੇ ਹੱਥ ਖਜ਼ਾਨੇ ਦੀ ਕੁੰਜੀ ਐ, ਸਾਰਾ ਕੌਮੀ ਦੋਸ਼ ਉਸ ਸਿਰ ਆ ਪੈਣਾ ਹੈ।

ਮਿਹਰਬਾਨ ਬਾਦਲ ਸਾਹਿਬ! ਮੈਨੂੰ ਡਰ ਹੈ ਤੁਹਾਡੇ ਘਰ ਦੀ ਲੜਾਈ ਪੰਜਾਬ ਲਈ ਤਖਤ ਤੋਂ ਤਖਤਾ ਨਾ ਬਣ ਜਾਵੇ। ਤੁਹਾਡੇ ਦੋਸਤ-ਰਿਸ਼ਤੇਦਾਰ ਪੰਜਾਬ ਦੀ ਵਿਗੜੀ ਨੂੰ ਸੰਵਾਰਨ ਲਈ ਅੱਗੇ ਨਹੀਂ ਆ ਸਕਦੇ? ਵੱਡੇ ਤੋਂ ਡਰਦੇ ਸਭ ਜੀਭਾਂ ਠਾਕੀ ਬੈਠੇ ਐ। ਪੰਜਾਬ ਤਾਂ ਦਰਿਆਵਾਂ ਦਾ ਪਾਣੀ ਤੇ ਪਾਣੀ ਵਾਲੀ ਬਿਜਲੀ ਮੁਫਤ ਵਿਚ ਹੀ ਖੋਹਣ ਨਾਲ ਕੰਗਾਲ ਹੋਇਆ ਬੈਠਾ ਐ। ਵੱਡੀਆਂ ਡਿਗਰੀਆਂ ਵਾਲੇ ਲੱਖਾਂ ਦੀਆਂ ਰਿਸ਼ਵਤਾਂ ਨਾ ਦੇ ਸਕਣ ਕਾਰਨ ਪ੍ਰਦੇਸ਼ਾਂ ਨੂੰ ਤੁਰ ਗਏ। ਪੰਜਾਬ ਸਿਰ ਅਰਬਾਂ-ਖਰਬਾਂ ਦਾ ਕਰਜ਼ਾ ਚਾੜ੍ਹ ਕੇ ਉਠਣ ਜੋਗਾ ਹੀ ਨਹੀਂ ਛੱਡਿਆ। ਪੰਜਾਬ ਕਾਂਗਰਸ ਨਲੱਜੀ ਹੋਈ ਕੇਂਦਰ ਵੱਲ ਝਾਕਦੀ ਹੈ। ਪੰਜਾਬ ਦੀ ਅਮੀਰ ਵਿਰਾਸਤ, ਦਰਿਆਵਾਂ ਦਾ ਕੀਮਤੀ ਪਾਣੀ ਬਿਜਲੀ ਮੁਫਤ ਦੇ ਕੇ ਆਪਣੀਆਂ ਹੀ ਵਜ਼ੀਰੀਆਂ ਹਾਸਲ ਕੀਤੀਆਂ। ਮਾਲੀ ਤੌਰ 'ਤੇ ਇੱਕ ਨੰਬਰ ਦਾ ਸੂਬਾ ਦਸ ਨੰਬਰ 'ਤੇ ਲਿਆ ਖੜਾ ਕੀਤਾ। ਕਰਜ਼ ਹੇਠ ਆਇਆ ਕਿਸਾਨ ਖੁਦਕੁਸ਼ੀਆਂ ਨੂੰ ਪਹੁੰਚ ਗਿਆ ਹੈ। ਮਰ ਗਿਆ ਪੰਜਾਬ ਦਾ ਕਿਸਾਨ ਦੇਸ਼ ਦੀ ਭੁੱਖ ਮਿਟਾਉਂਦਾ।

ਪੁੱਤ ਮਰਗੇ ਗਵਾਂਢਣੇ ਤੇਰੇ,
ਗਲੀ ਦੇ ਵਿਚੋਂ ਯਾਰ ਮੋੜਿਆ।

ਮਿਸਟਰ ਜਿਨਾਹ ਸ. ਹਰੀ ਸਿੰਘ ਰਾਹੀਂ ਸਿੱਖਾਂ ਨੂੰ ਝਨਾਂ ਤੋਂ ਮਾਰਕੰਡਾ ਦਰਿਆ ਤੱਕ ਖੁਦਮੁਖਤਾਰ ਸਟੇਟ ਦੇਂਦਾ ਸੀ। ਵੀਹ ਫੀਸਦੀ ਫੌਜੀ ਭਰਤੀ ਤੇ ਲਾਹੌਰ ਦੀ ਰਾਜਧਾਨੀ, ਹੁਣ ਰੋ ਲਓ ਬਹਿ ਕੇ ਮਾਸਟਰ ਤਾਰਾ ਸਿੰਘ ਤੇ ਬਲਦੇਵ ਸਿੰਘ ਦੀ ਜਾਨ ਨੂੰ, ਜਿਨ੍ਹਾਂ ਗੁਲਾਮ ਦਰ ਗੁਲਾਮ ਬਣਾ ਕੇ ਰੱਖ ਦਿੱਤੇ। ਹੁਣ ਅੱਧਾ ਕਰਜ਼ਾ ਮੁਆਫ ਕਰਵਾਉਂਦੇ ਮਨਪ੍ਰੀਤ ਸਿੰਘ ਨੂੰ ਵਜ਼ੀਰੀ ਤੋਂ ਹੱਥ ਧੋਣੇ ਪਏ। ਦੇਖੋ ਯਾਰੋ, ਅੱਧਾ ਕਰਜ਼ਾ ਮੁਆਫ ਕਰਵਾਉਣ ਦਾ ਹਸ਼ਰ। ਪੰਜਾਬ ਨੂੰ ਜੁੰਡੇ ਪੁਟਾ ਕੇ ਵੀ ਅਕਲ ਨਹੀਂ ਆਉਂਦੀ। ਸਿਆਣੇ ਆਖਿਆ ਸੀ, ਉਖਲ ਪੁੱਤ ਨਾ ਜੰਮਈ, ਧੀ ਅੰਨ੍ਹੀ ਚੰਗੀ। ਵਾਸਤਾ ਤੁਹਾਡੇ ਵੱਡਿਆਂ ਦਾ ਬਾਦਲ ਸਾਹਿਬ, ਵਿਗੜੇ ਹਾਲਾਤ ਨੂੰ ਸੰਭਾਲੋ। ਨਹੀਂ ਤਾਂ ਅਲਾਮਾ ਇਕਬਾਲ ਦੇ ਸ਼ੇਅਰ ਵਾਂਗ 'ਤੁਮਾਰੀ ਦਾਸਤਾਂ ਤੱਕ ਨਾ ਹੋਗੀ ਦਾਸਤਾਨੋ ਮੇਂ।' ਇਸ ਰਾਜ ਦਾ ਨਿਆਂ ਵੇਖੋ, ਦਸ ਜ਼ਿਲਿਆਂ ਦਾ ਪੰਜਾਬ ਦੇਸ਼ ਦੇ 63% ਭੁੱਖੇ ਲੋਕਾਂ ਦਾ ਢਿੱਡ ਵੀ ਭਰੇ ਤੇ ਕਰਜ਼ੇ ਦੀਆਂ ਜੁੱਤੀਆਂ ਵੀ ਖਾਵੇ। ਦੁਖੀ ਹੋਇਆ ਮਨ ਆਖ ਰਿਹਾ ਏ, ਸ਼ਾਬਾਸ਼ੇ ਪੰਜਾਬ ਦੀਆਂ ਕਾਂਗਰਸੀ ਤੇ ਅਕਾਲੀ ਸਰਕਾਰਾਂ ਦੇ। ਕੇਂਦਰ ਦੀ ਚੁਸਤ ਵਿਉਂਤ ਨੇ ਕਰਜ਼ਾ ਚਾੜ੍ਹ ਕੇ ਪੰਜਾਬ ਦੀ ਆਣ ਅਣਖ ਹੀ ਨਹੀਂ ਮਾਰੀ, ਉਠਣ ਜੋਗਾ ਈ ਨਹੀਂ ਛੱਡਿਆ।

ਕਮਲੇ ਲਾਣੇ ਵਿਚ ਸਿਆਣਪ ਨੇ ਹਮੇਸ਼ਾ ਕੁੱਟ ਖਾਧੀ ਹੈ ਪਰ ਮਨਪ੍ਰੀਤ ਨੇ ਸੱਦੀ ਮੀਟਿੰਗ ਵਿਚ ਨਾ ਜਾ ਕੇ ਗਲਤੀ ਕੀਤੀ। ਉਹ ਅੱਧੇ ਕਰਜ਼ੇ ਦੀ ਮਾਫੀ ਦਾ ਸੱਚ ਮੀਟਿੰਗ ਵਿਚ ਰੱਖ ਕੇ ਨਸ਼ੰਗ ਉਠ ਆਉਂਦਾ। ਘਰਦਿਆਂ ਮਸੋਸੀ ਵੱਟੀ, ਪਰ ਬਾਹਰਲਿਆਂ 'ਧਾਹ' ਮਾਰੀ। ਬਾਦਲ ਸਾਹਿਬ ਤੁਸਾਂ ਸੱਚ ਨੂੰ ਕੁੱਟ ਪੈਂਦੀ ਦੇਖੀ ਤੇ ਚੁੱਪ ਧਾਰੀ ਰੱਖੀ, ਕਿਉਂ? ਇਸ ਲਈ ਕਿ ਕੁੱਟ ਤੁਹਾਡੇ ਪੁੱਤਰ ਦੇ ਇਸ਼ਾਰੇ 'ਤੇ ਪੈ ਰਹੀ ਸੀ। ਤਾਏ ਦੀ ਰਿਸ਼ਤੇਦਾਰੀ ਨੇ ਘੁੰਡ ਕੱਢ ਲਿਆ ਤੇ ਮਨਸੂਰ ਦੀ ਸੱਚਾਈ ਪੰਜਾਬ ਦੀ ਪਰ੍ਹੇ ਵਿਚ ਖਿੱਚੀ-ਧੂਹੀ ਗਈ। ਬਾਦਲ ਜੀ! ਸਾਰੀ ਅਕਾਲੀ ਪਾਰਟੀ ਅੱਜ ਤੁਹਾਡੇ ਨਾਲ ਖੜੀ ਹੈ, ਭਲਕ ਦਾ ਕੋਈ ਇਤਬਾਰ ਨਹੀਂ। ਜਿਹੜਾ ਨੀਤੱਗ ਭਵਿੱਖ ਨੂੰ ਥੋੜ੍ਹੀ-ਬਹੁਤੀ ਦੂਰੀ ਤੱਕ ਨਹੀਂ ਤਾੜਦਾ, ਤਾਰੀਖ ਉਸ ਨੂੰ ਪਛਾੜ ਦਿੰਦੀ ਹੈ। ਤੁਹਾਡੀ ਲੰਮੀ ਸੋਚ ਨਾਲ ਪੰਜਾਬ ਦਾ ਸਿਰ ਉਚਾ ਰਿਹਾ ਹੈ ਤੇ ਇਨ੍ਹਾਂ ਵਿਗੜੇ ਤੇ ਕਰਜ਼ਾਈ ਹਾਲਾਤ ਵਿਚ ਤੁਹਾਡੀ ਖਾਮੋਸ਼ੀ, ਕਿਤੇ ਇਤਿਹਾਸ ਦੀ ਦੋਸ਼ੀ ਨਾ ਬਣ ਜਾਵੇ। ਮੈਨੂੰ ਇਹ ਡਰ ਖਾ ਰਿਹਾ ਹੈ।

ਮੈਂ ਉਚੇ-ਨੀਵੇਂ ਪੜਾਵਾਂ ਤੋਂ ਢਲਦਾ ਪਾਣੀ ਨੀਵੇਂ ਥਾਂ ਆ ਟਿਕਿਆ ਤੇ 92 ਸਾਲ ਦੀ ਉਮਰ ਵਿਚ ਉਖੜੇ ਨਤੀਜਿਆਂ ਦੇ ਨਚੋੜ ਵਿਚ ਬੋਲ ਰਿਹਾ ਆਂ। ਲੋਕ ਤੁਹਾਡੀ ਚੁੱਪ 'ਤੇ ਹੈਰਾਨ-ਪਰੇਸ਼ਾਨ ਹਨ, ਜਿਨ੍ਹਾਂ ਭਵਿੱਖ ਦੇ ਮਾੜੇ ਨਤੀਜੇ ਭੁਗਤਣੇ ਹਨ। ਇਸ ਉਮਰੇ ਮੈਂ ਪਰਵਾਰ ਨਾਲੋਂ ਪੰਜਾਬ ਦੇ ਹਿੱਤਾਂ ਦਾ ਵੱਧ ਖੈਰਖਵਾਹ ਆਂ। ਪਰ ਪੰਜਾਬ ਦੀ ਖੈਰ-ਖਾਹੀ ਦੀ ਸੌਂਹ ਚੁੱਕ ਕੇ ਉਸ ਦਾ ਸਰਬਰਾਹ ਇਸ ਸੱਚ ਤੋਂ ਕਿਉਂ ਉਖੜੇ? ਪੰਜਾਬ ਦੇ ਆਗੂ ਨੂੰ ਖਬਰਦਾਰੀ ਵਜੋਂ ਬੋਲ ਰਿਹਾ ਆਂ: 'ਬਾਹਲੀਆਂ ਗੱਲਾਂ ਦਾ ਚਾ ਵੇ, ਗੱਲ ਇਕੋ ਬਥੇਰੀ।'

ਬਸ ਮਨਪ੍ਰੀਤ ਦੀ ਨੇਕੀ ਤੇ ਲਿਆਕਤ ਨੂੰ ਘਰ ਮੋੜ ਲਿਆਵੋ। ਪੰਜਾਬ ਵਸਦਾ ਰਹਿ ਜਾਊ। ਨਹੀਂ, ਪੰਜਾਬ ਦੀ ਵਜ਼ਾਰਤ ਕਾਣੀਆਂ ਕੌਡਾਂ ਖੇਡਦੀ ਰਹੇਗੀ। ਜਹਾਂਗੀਰ ਦੇ ਦਰਬਾਰੀਆਂ ਨੂੰ ਉਸ ਦੀਆਂ ਵੱਡੀਆਂ ਗਲਤੀਆਂ ਦਾ ਅਹਿਸਾਸ ਸ਼ਾਹ ਹੁਸੈਨ ਫਕੀਰ ਨਿਮਾਣਾ ਹੀ ਕਰਵਾਉਂਦਾ ਸੀ। ਹਰ ਪੱਖੋਂ ਨਿਰਦੋਸ਼ ਤੇ ਹਰ ਆਰਥਿਕ ਪੱਖ ਵਿਚ ਨਿਪੁੰਨ, ਮਨਪ੍ਰੀਤ ਨੂੰ ਬਾਹੋਂ ਫੜ ਕੇ ਉਸ ਦੀ ਕੁਰਸੀ 'ਤੇ ਲਿਆ ਬਹਾਵੋ। ਨੇਕੀ ਕਮਾਉਣ ਵਾਲਿਆਂ ਨੂੰ ਸਜ਼ਾ ਦੇਣ ਵਾਲੇ ਇਤਿਹਾਸ ਦੇ ਦੋਸ਼ੀ ਬਣ ਜਾਂਦੇ ਹਨ। ਇਸ ਪੈਂਤੜੇ ਤੋਂ ਉਖੜੋਗੇ, ਮਾੜੇ ਨਤੀਜੇ ਸਾਰਾ ਪੰਜਾਬ ਭੁਗਤੇਗਾ।

ਸਵਾਲ ਹੈ, ਘਰ ਦੇ ਪੁੱਤਰ ਮੋਹ ਵਿਚ ਗਰਕਣਾ ਹੈ ਕਿ ਪੰਜਾਬ ਦਾ ਹੀਰੋ ਬਣਨਾ ਹੈ? ਬਾਦਲ ਸਾਹਿਬ, ਤੁਸੀਂ ਰਾਜਸੀ ਈਮਾਨਦਾਰੀ ਦਾ ਗਲਾ ਨਹੀਂ ਘੁੱਟ ਸਕਦੇ। ਇੱਕ ਲੇਖਕ ਆਪਣੇ ਲੋਕਾਂ ਨਾਲ ਖਲੋਤਾ ਸਰਬਤ ਦਾ ਕਲਿਆਣ ਚਾਹੁੰਦਾ ਹੈ। ਲੋਕਾਂ ਦੀ ਭਲਾਈ, ਤੁਹਾਡੀ ਸਰਬੁਲੰਦੀ ਤੇ ਵਡਿਆਈ। ਮੈਂ ਤਾਂ ਕੇਵਲ ਤੁਹਾਡੇ ਡਾਵਾਂਡੋਲ ਅਹਿਸਾਸ ਨੂੰ ਚੇਤੰਨ ਕਰ ਰਿਹਾ ਆਂ। ਘੁੱਟੀ ਵੱਟੀ ਅਕਲ ਨੂੰ ਖੁੱਲ੍ਹ ਕੇ ਸੇਵਾ ਕਰਨ ਦੇਵੋ। ਕਿਸੇ ਵੀ ਕਰਾਈਸਿਸ ਵਿਚ ਆਏ ਆਗੂ ਨੂੰ ਸੰਭਾਲਣਾ, ਉਹਦੇ ਲੋਕਾਂ ਦਾ ਫਰਜ਼ ਹੈ। ਤੁਹਾਡਾ ਤੇ ਲੋਕਾਂ ਦਾ ਉਹੀ ਫਰਜ਼ ਦਾਸ ਪੂਰਾ ਕਰ ਰਿਹਾ ਹੈ। ਤੁਸੀਂ ਇਹ ਸਾਰੀਆਂ ਜਮਾਤਾਂ ਤੇ ਅਸੂਲ ਲਾਹੌਰੋਂ ਪੜ੍ਹ ਆਏ ਸੀ।

ਤੁਸੀਂ ਮੇਰੇ ਨਾਲੋਂ ਉਮਰ ਵਿਚ ਛੋਟੇ ਤੇ ਗਿਆਨ ਤੇ ਲੋਕ ਸੇਵਾ ਵਿਚ ਫੰਨੇ ਖਾਂ ਹੋ। ਜ਼ਿੰਦਗੀ ਵਿਚ ਔਖਾਂ, ਮਨੁੱਖ ਨੂੰ ਹੁਸ਼ਿਆਰ ਹੀ ਨਹੀਂ, ਬਹਾਦਰ ਵੀ ਬਣਾਉਂਦੀਆਂ ਹਨ। ਤੁਸੀਂ ਗੁਰੂ ਨਾਨਕ ਦੀ ਸੱਚੀ ਸੁੱਚੀ ਸੋਚ ਤੇ ਗੁਰੂ ਗੋਬਿੰਦ ਸਿੰਘ ਦੀ ਬਹਾਦਰ ਜੁਰਅੱਤ ਦੀ ਪੈਦਾਵਾਰ ਹੋ। ਮਾਮੂਲੀ ਝੱਖੜ-ਝਾਂਜਾ ਤੁਹਾਨੂੰ ਉਦਾਸ ਨਹੀਂ ਕਰ ਸਕਦਾ। ਤੁਸੀਂ ਇੱਕ ਬਹਾਦਰ ਕੌਮ ਦਾ ਸਚਿਆਰਾ ਅਮਲ ਹੋ। ਤੁਹਾਡੀ ਸੋਚ ਕੌਮ ਨੂੰ ਹੀ ਨਹੀਂ, ਉਸ ਦੇ ਭਵਿੱਖ ਨੂੰ ਵੀ ਜੁਆਬਦੇਹ ਹੈ। ਯਾਦ ਰਹੇ, ਕੌਮੀ ਫਰਜ਼ਾਂ ਸਾਹਮਣੇ ਗੁਰੂ ਗੋਬਿੰਦ ਸਿੰਘ ਨੇ ਪੁੱਤਰਾਂ ਦਾ ਮੋਹ ਨਹੀਂ ਕੀਤਾ ਸੀ। ਯਾਦ ਰਹੇ, ਲੋਕਾਂ ਦੇ ਸੱਚ ਲਈ ਅੜੋਗੇ, ਲੜੋਗੇ, ਤਾਰੀਖ ਦੇ ਹੀਰੋ ਬਣੋਗੇ।

ਮੇਰਾ ਤਾਇਆ ਆਂਹਦਾ ਹੁੰਦਾ ਸੀ, "ਡੱਡੀਏ, ਨੇਕੀ ਤੇ ਸੱਚ ਦਾ ਰਾਹ ਕਦੇ ਨਾ ਛੱਡੀਏ। ਗੁਰੂ ਰੁੱਸ ਜਾਵੇ, ਸਿੱਖੀ ਦਾ ਰਹਿੰਦਾ ਕੁਝ ਨਹੀਂ।" ਜੋ ਪੁਰਖਿਆਂ ਮੱਤ ਦਿੱਤੀ, ਉਹਦੇ ਅਨੁਸਾਰ ਹੀ ਲਿਖਿਆ ਏ। ਮੇਰੀ ਆਖਰੀ ਅਰਜ਼ ਹੈ, ਘਰ ਨਾਲ ਪੰਜਾਬ ਵਸਦਾ ਰੱਖਣਾ ਤੁਹਾਡੀ ਪਹਿਲੀ ਜ਼ਿੰਮੇਵਾਰੀ ਹੈ। ਕਰਮ ਤੇ ਧਰਮ ਦੋਵੇਂ ਸਕੇ ਭਰਾ, ਲੜਨਗੇ ਤਾਂ ਘਰ ਹੀ ਨਹੀਂ, ਪੰਜਾਬ ਪਹਿਲਾਂ ਵੀਰਾਨ ਹੋਵੇਗਾ। ਅਸੀਂ, ਗੁਰੂ ਦੀ ਵਿਰਾਸਤ, ਸਰਬਤ ਦੇ ਭਲੇ ਦੇ ਪਾਬੰਦ ਆਂ। ਡੋਲੇ ਮਨ ਨੂੰ ਗੁਰੂ ਦੇ ਹਜ਼ੂਰ ਕਰੋ, ਨਰੋਈ ਸਮੱਤ ਮਿਲੇਗੀ। ਮਨਪ੍ਰੀਤ ਤੇ ਉਸਦੀ ਲਿਆਕਤ ਨੂੰ ਲੋਕਾਂ ਦੀ ਸੇਵਾ ਵਿਚ ਲਾਓ। ਉਹ ਦੀ ਸੇਵਾ ਦਾ ਫਲ ਪੰਜਾਬ ਤੇ ਲੋਕਾਂ ਦਾ ਸਿਰ ਬੁਲੰਦ ਕਰੇਗਾ।

ਹੁਣ ਸਤਿ-ਕੁਸਤਿ ਦਾ ਫੈਸਲਾ ਤੁਸਾਂ ਕਰਨਾ ਹੈ। ਮੈਂ ਤਾਂ ਤੁਹਾਡਾ ਮੋਢਾ ਹਿਲਾ ਕੇ ਯਾਦ ਹੀ ਕਰਵਾਉਣਾ ਸੀ। ਮੈਨੂੰ ਦ੍ਰਿੜ ਭਰੋਸਾ ਹੈ, ਤੁਸੀਂ ਸੰਗਤ ਤੇ ਗੁਰੂ ਵਿਸ਼ਵਾਸ ਉਤੇ ਡਟ ਕੇ ਪਹਿਰਾ ਦੇਵੋਗੇ। ਭਤੀਜੇ ਤੀਜੇ ਦੀ ਕਹੌਤ ਨੂੰ ਰੱਦ ਕਰੋਗੇ ਤੇ ਆਪ ਉਹਦੇ ਘਰ ਜਾ ਕੇ ਉਸ ਨੂੰ ਮਾਣ ਤੇ ਬਣਦੇ ਪਿਆਰ ਨਾਲ ਗਲ ਲਾਓਗੇ। ਇਸ ਤਰ੍ਹਾਂ ਗੁਰੂ ਅਤੇ ਪੰਜਾਬ ਦੇ ਲੋਕਾਂ ਦੀਆਂ ਅਸੀਸਾਂ ਦੇ ਬਰਾਬਰ ਹੱਕਦਾਰ ਬਣੋਗੇ। ਤੱਤੇ ਠੰਢੇ ਸ਼ਬਦ ਵਰਤੇ ਜਾਣ ਦੀ ਖਿਮਾਂ ਮੰਗਦਾ ਆਂ। ਤੁਹਾਡੀ ਨਰੋਈ ਸਿਹਤ ਲਈ ਗੁਰੂ ਅੱਗੇ ਪ੍ਰਾਰਥਨਾ ਕਰਦਾ ਆਂ।


ਪੂਰੇ ਭਰੋਸੇ ਨਾਲ ਅਮਲੀ ਵਿਸ਼ਵਾਸ ਦੀ ਮੰਗ ਕਰਦਾ,

*-ਜਸਵੰਤ ਸਿੰਘ ਕੰਵਲ*
*ਪਿੰਡ ਤੇ ਡਾਕਘਰ ਢੁੱਡੀਕੇ,*
*ਜ਼ਿਲਾ ਮੋਗਾ।*

# ਸੱਚ ਤੋਂ ਬਾਈਪਾਸ ਲੰਘ ਗਈ ਕੰਵਲ ਦੀ ਬਾਦਲ ਨੂੰ ਲਿਖੀ ਚਿੱਠੀ

ਜਤਿੰਦਰ ਪਨੂੰ

ਆਪਣੀ ਲਿਖਤ ਮੁਤਾਬਕ 92 ਸਾਲ ਦੇ ਹੋ ਚੁੱਕੇ ਸਿਰਮੌਰ ਲੇਖਕ ਜਸਵੰਤ ਸਿੰਘ ਕੰਵਲ ਦੀ ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੇ ਨਾਂ ਲਿਖੀ ਚਿੱਠੀ ਕਈ ਵਾਰ ਪੜ੍ਹੀ ਹੈ। ਸਾਡੇ ਵਾਂਗ ਸ਼ਾਇਦ ਕਈ ਹੋਰਨਾਂ ਨੇ ਵੀ ਪੜ੍ਹੀ ਹੋਵੇਗੀ, ਕੁਝ ਉਨ੍ਹਾਂ ਦੀਆਂ ਲਿਖਤਾਂ ਦੇ ਪ੍ਰੇਮੀਆਂ ਨੇ ਤੇ ਕੁਝ ਇਸ ਚਿੱਠੀ ਵਿਚੋਂ ਆਪਣੀ ਲੋੜ ਦੀ 'ਰਾਜਸੀ ਲਾਈਨ' ਲੱਭਣ ਵਾਲਿਆਂ ਨੇ ਵੀ, ਪਰ ਅਸੀਂ ਸਿਰਫ ਪੰਜਾਬੀ ਹੋਣ ਨਾਤੇ ਇਹ ਲੱਭਣ ਦਾ ਯਤਨ ਕੀਤਾ ਹੈ ਕਿ ਇਸ ਵਿਚ ਕੰਵਲ ਜੀ ਕਹਿਣਾ ਕੀ ਚਾਹੁੰਦੇ ਹਨ? ਜਿੰਨੀ ਵਾਰੀ ਇਹ ਚਿੱਠੀ ਪੜ੍ਹੀ, ਸਾਡੇ ਮਨ ਨੇ ਵਾਰ-ਵਾਰ ਕਿਹਾ ਕਿ ਇਸ ਬਾਰੇ ਪਾਠਕਾਂ ਨਾਲ ਗੱਲ ਸਾਂਝੀ ਕਰਨੀ ਚਾਹੀਦੀ ਹੈ, ਪਰ ਅਸੀਂ ਗੁਰੇਜ਼ ਕਰਦੇ ਰਹੇ। ਹੁਣ ਜਦੋਂ ਉਹ ਇਕ ਧਿਰ ਨਾਲ ਉਠ ਕੇ ਤੁਰ ਪਏ ਹਨ, ਜਿਵੇਂ ਅੱਗੇ ਵੀ ਕਈ ਵਾਰ ਕਰਦੇ ਰਹੇ ਹਨ ਤਾਂ ਬੰਧੇਜ ਨੂੰ ਛੱਡ ਕੇ ਗੱਲ ਕਰਨੀ ਸਾਨੂੰ ਠੀਕ ਲੱਗਦੀ ਹੈ।



*ਪਿਓ ਪੁੱਤਰ ਦੀ ਗੱਲ ਵੱਖਰੀ*

ਸਭ ਤੋਂ ਪਹਿਲੀ ਗੱਲ ਅਸੀਂ ਇਹ ਸਾਫ਼ ਕਰ ਦੇਈਏ ਕਿ ਕੰਵਲ ਜੀ ਜਿਸ ਮਨਪ੍ਰੀਤ ਸਿੰਘ ਬਾਦਲ ਨਾਲ ਇਸ ਵਕਤ 'ਜਾਗੋ' ਕੱਢਣ ਤੁਰੇ ਹਨ, ਉਸ ਨੂੰ ਪੰਜਾਬ ਦੇ ਬਹੁਤੇ ਲੋਕ ਬੇਅੰਤ ਸਿੰਘ ਮੁੱਖ ਮੰਤਰੀ ਦੇ ਰਾਜ ਦੌਰਾਨ ਹੋਈ ਗਿੱਦੜਬਾਹੇ ਦੀ ਉਪ ਚੋਣ ਦੇ ਦਿਨੀਂ ਜਾਨਣ ਲੱਗੇ ਸਨ, ਅਸੀਂ ਉਸ ਤੋਂ ਪਹਿਲਾਂ ਵੀ ਜਾਣਦੇ ਸਾਂ। ਜਦੋਂ ਪੰਜਾਬ ਵਿਚ ਬੰਦੂਕਾਂ ਦੀ ਗੂੰਜ ਸੁਣੀਂਦੀ ਸੀ, ਉਨ੍ਹੀਂ ਦਿਨੀਂ ਬਾਦਲ ਪਰਿਵਾਰ ਦੇ ਹੋਰ ਲੋਕਾਂ ਵਾਂਗ ਉਹ ਸਿਰੀ ਦੱਬ ਕੇ ਬੈਠਣ ਦੀ ਥਾਂ ਲੰਡਨ ਦੇ ਸਾਊਥਾਲ ਇਲਾਕੇ ਵਿਚ ਸਾਊ ਸਿੱਖਾਂ ਨੂੰ ਇਹ ਸਮਝਾਉਣ ਦੀ ਮੁਹਿੰਮ ਵਿਚ ਸ਼ਾਮਲ ਹੁੰਦਾ ਸੀ ਕਿ ਜਿਸ ਰਾਹ ਉਤੇ ਸਿੱਖ ਚੱਲ ਪਏ ਹਨ, ਇਹ ਕਿਸੇ ਭਲੇ ਥਾਂ ਨਹੀਂ ਪਹੁੰਚਾਉਣ ਲੱਗਾ। ਉਸ ਦੀ ਵਜ਼ੀਰੀ ਦੌਰਾਨ ਵੀ ਅਸੀਂ ਕਈ ਵਾਰੀ ਮਿਲੇ, ਪਰ ਕਦੇ ਉਸ ਤੋਂ ਕੋਈ ਨਿੱਜੀ ਲਾਭ ਲੈਣ ਨਹੀਂ, ਸਗੋਂ ਕੁਝ ਜਨਤਕ ਕਾਰਜਾਂ ਦੇ ਅੜੇ ਹੋਣ ਦੀ ਸ਼ਿਕਾਇਤ ਲੈ ਕੇ ਮਿਲੇ ਸਾਂ। ਕਹਿ ਤਾਂ ਉਹ ਦਿੰਦਾ ਸੀ ਕਿ 'ਕੰਮ ਹੋ ਜਾਊਗਾ', ਹੰਭਲਾ ਵੀ ਮਾਰਦਾ ਸੀ ਪਰ ਅੱਗੇ ਡਿਪਟੀ ਕਮਿਸ਼ਨਰਾਂ ਨੂੰ ਵੱਡੇ ਘਰੋਂ ਹੋਏ ਉਲਟ ਸੰਕੇਤ ਕਾਰਨ ਉਹ 'ਹਾਂ' ਕਰ ਕੇ ਵੀ ਉਸ ਫ਼ਾਈਲ ਨੂੰ ਦਫਤਰ ਵਿਚ ਉਚੇਚੇ ਬਣਾਏ 'ਮਨਪ੍ਰੀਤ ਕਾਰਨਰ' ਵਿਚ ਰੱਖ ਦਿੰਦੇ ਸਨ। ਪੱਤਰਕਾਰ ਦੇ ਤੌਰ 'ਤੇ ਅਸੀਂ ਨਾ ਇਕ ਧਿਰ ਵਜੋਂ ਉਸ ਦੇ ਹੱਕ ਵਿਚ ਉਚੇਚੀ ਅਪੀਲ ਕਰਾਂਗੇ, ਨਾ ਉਸ ਦਾ ਵਿਰੋਧ, ਸਗੋਂ ਉਸ ਦੀ ਚਾਲ ਵੀ ਦੇਖਾਂਗੇ, ਉਸ ਦੇ ਪੈਂਤੜੇ ਵੀ ਅਤੇ ਉਸ ਦੇ ਨਾਲ ਜੁੜੀ ਸਾਧ-ਸੰਗਤ ਵੀ। ਮਿਸਾਲ ਵਜੋਂ ਉਸ ਨੇ ਬੀਰ ਦਵਿੰਦਰ ਸਿੰਘ ਨੂੰ ਵੀ ਆਪਣੇ ਨਾਲ ਤੋਰ ਲਿਆ ਜੋ ਇਕੋ ਸਾਲ ਵਿਚ ਦੋ ਪਲਟੀਆਂ ਮਾਰ ਚੁੱਕਾ ਸੀ, ਤੇ ਉਹਦੇ (ਮਨਪ੍ਰੀਤ) ਨਾਲ ਕਿਹੜਾ ਉਹਨੇ ਵੱਖਰਾ ਵਰਤਣਾ ਸੀ, ਤੀਜੀ ਪਲਟੀ ਮਾਰ ਕੇ ਪਾਸੇ ਹੋ ਗਿਆ। ਜੀਹਦੇ ਨਾਲ ਇੱਦਾਂ ਦੇ ਯਾਰ ਹੋਣ, ਉਸ ਦੀ ਸਿਰਫ ਸੁੱਖ ਹੀ ਮੰਗੀ ਜਾ ਸਕਦੀ ਹੈ।

ਵਿਚਾਰ ਗੋਚਰੀ ਚਿੱਠੀ ਭਾਵੇਂ ਕੰਵਲ ਸਾਹਿਬ ਨੇ ਸ. ਪ੍ਰਕਾਸ਼ ਸਿੰਘ ਬਾਦਲ ਨੂੰ 'ਫ਼ਕੀਰ ਲੇਖਕ' ਵਜੋਂ ਲਿਖੀ ਹੈ, ਉਸ ਵਿਚੋਂ ਸਾਹਿਤਕਾਰ ਘੱਟ ਅਤੇ ਉਹ ਸਿੱਖ ਵੱਧ ਬੋਲਦਾ ਹੈ ਜਿਸ ਨੂੰ ਹਾਲੇ ਤੱਕ ਇਹ ਝੋਰਾ ਹੀ ਨਹੀਂ ਛੱਡਦਾ ਕਿ ਹਿੰਦੁਸਤਾਨ ਨਾਲ ਰਹਿਣ ਦੀ ਥਾਂ ਜੇ ਪਾਕਿਸਤਾਨ ਵਿਚ ਚਲੇ ਜਾਂਦੇ ਤਾਂ ਸ਼ਾਇਦ 'ਆਪਣਾ ਰਾਜ' ਹੋ ਜਾਣਾ ਸੀ। ਉਹ ਲਿਖਦੇ ਹਨ ਕਿ 'ਮਿਸਟਰ ਜਿਨਾਹ ਸ. ਹਰੀ ਸਿੰਘ ਰਾਹੀਂ ਸਿੱਖਾਂ ਨੂੰ ਝਨਾਂ ਦਰਿਆ ਤੋਂ ਮਾਰਕੰਡਾ ਦਰਿਆ ਤੱਕ ਖੁਦਮੁਖਤਾਰ ਸਟੇਟ ਦਿੰਦਾ ਸੀ। ਵੀਹ ਫ਼ੀਸਦੀ ਫ਼ੌਜੀ ਭਰਤੀ ਤੇ ਲਾਹੌਰ ਦੀ ਰਾਜਧਾਨੀ, ਹੁਣ ਰੋ ਲਓ ਬਹਿ ਕੇ ਮਾਸਟਰ ਤਾਰਾ ਸਿੰਘ ਤੇ ਬਲਦੇਵ ਸਿੰਘ ਦੀ ਜਾਨ ਨੂੰ ਜਿਨ੍ਹਾਂ ਗੁਲਾਮ ਦਰ ਗੁਲਾਮ ਬਣਾ ਕੇ ਰੱਖ ਦਿੱਤੇ।' ਇਹ ਗੱਲਾਂ ਕਰਨ ਵੇਲੇ ਕੰਵਲ ਸਾਹਿਬ ਨੂੰ ਇਹ ਕੌੜਾ ਸੱਚ ਭੁੱਲ ਗਿਆ ਕਿ ਜਦੋਂ ਪਾਕਿਸਤਾਨ ਦੀ ਹਕੂਮਤ ਨੇ ਇਕ ਧਰਮ ਇਸਲਾਮ ਦੇ ਨਾਂ ਉਤੇ ਰਾਜ ਸਥਾਪਤ ਕਰਨ ਦਾ ਐਲਾਨ ਕਰ ਦਿੱਤਾ, ਉਸ ਪਿੱਛੋਂ ਸਿੱਖਾਂ ਲਈ ਜਿਨਾਹ ਦੇ ਭਰੋਸੇ ਦਾ ਵੀ ਕੋਈ ਅਰਥ ਨਹੀਂ ਸੀ ਰਹਿ ਜਾਣਾ। ਸਿੱਖ ਤਾਂ ਸਿੱਖ ਹੋਣੇ ਸਨ, ਉਨ੍ਹਾਂ ਨੇ ਪਾਕਿਸਤਾਨ ਵਿਚ ਪਹਿਲਾਂ ਕਾਦੀਆਨੀ ਮੁਸਲਮਾਨਾਂ ਵਿਰੁਧ 'ਇਸਲਾਮ ਦੇ ਦੋਖੀ' ਹੋਣ ਦੇ ਫ਼ਤਵੇ ਜਾਰੀ ਕੀਤੇ, ਫਿਰ ਸ਼ੀਆ ਮੁਸਲਮਾਨਾਂ ਵਿਰੁਧ ਡਾਂਗ ਚੁੱਕ ਲਈ ਸੀ ਅਤੇ ਅੱਜ ਤੱਕ ਉਨ੍ਹਾਂ ਨੂੰ ਬਰਾਬਰ ਦੇ ਨਾਗਰਿਕ ਮੰਨਣ ਦੀ ਥਾਂ ਮਾਰਿਆ ਜਾ ਰਿਹਾ ਹੈ। ਇਸ ਪਿੱਛੋਂ ਉਹ ਮੁਹਾਜਰਾਂ ਦੇ ਗਲ਼ ਵੀ ਪੈ ਗਏ। ਮੁਹਾਜਰ ਉਹ ਲੋਕ ਹਨ ਜਿਨ੍ਹਾਂ ਨੇ ਪਾਕਿਸਤਾਨ ਨਾਂ ਦਾ ਵੱਖਰਾ ਮੁਲਕ ਬਣਾਉਣ ਵਾਸਤੇ ਆਪਣੇ ਘਰ-ਬਾਰ ਛੱਡੇ ਤੇ ਹੁਣ ਦੇ ਹਿੰਦੁਸਤਾਨੀ ਇਲਾਕੇ ਵਿਚੋਂ ਉਠ ਕੇ ਉਥੇ ਗਏ ਸਨ। ਜਿਸ ਜਿਨਾਹ ਦੀ ਗੱਲ ਕੰਵਲ ਸਾਹਿਬ ਕਰਦੇ ਹਨ, ਉਹ ਭਾਰਤੀ ਖੇਤਰ ਤੋਂ ਗਿਆ ਮੁਹਾਜਰ ਵੀ ਸੀ ਅਤੇ ਸ਼ੀਆ ਵੀ, ਜੇ ਉਹ ਜਿਉਂਦਾ ਹੁੰਦਾ ਤਾਂ ਨੋਟਾਂ ਉਤੇ ਉਸ ਦੀ ਫੋਟੋ ਛਾਪਣ ਦੀ ਥਾਂ ਅੱਜ ਦੇ ਪਾਕਿਸਤਾਨ ਵਿਚ ਮਾਰ ਹੇਠ ਆਏ ਮੁਹਾਜਰਾਂ ਤੇ ਸ਼ੀਆ ਲੋਕਾਂ ਵਾਂਗ ਉਹ ਵੀ ਬੰਦੂਕ ਦੀ ਨੋਕ 'ਤੇ ਰੱਖਿਆ ਹੋਣਾ ਸੀ। 'ਜਿਨ੍ਹਾਂ ਫੂਕੇ ਆਪਣੇ, ਫੂਕ ਦੇਣ ਪਰਾਏ' ਦੇ ਅਮਲ ਵਾਂਗ ਜਿਨ੍ਹਾਂ ਨੇ ਆਪਣੇ ਮੁਸਲਮਾਨ ਭਾਈਬੰਦਾਂ ਦਾ ਜਿਉਣਾ ਹਰਾਮ ਕਰ ਰੱਖਿਆ ਹੈ, ਉਨ੍ਹਾਂ ਨੇ ਸਿੱਖਾਂ ਨਾਲ ਵੀ ਘੱਟ ਨਹੀਂ ਸੀ ਗੁਜ਼ਾਰਨੀ। 'ਵੀਹ ਫ਼ੀਸਦੀ ਫ਼ੌਜੀ ਭਰਤੀ ਤੇ ਲਾਹੌਰ ਦੀ ਰਾਜਧਾਨੀ' ਦੇ ਸੁਫ਼ਨੇ ਕੰਵਲ ਸਾਹਿਬ ਪਤਾ ਨਹੀਂ ਕਿਸ ਨੂੰ ਤੇ ਕਿਉਂ ਚੇਤੇ ਕਰਵਾਉਣੇ ਚਾਹੁੰਦੇ ਹਨ? ਇਸ ਨਾਲ ਤਾਂ ਸਿਰਫ਼ ਇੰਨਾ ਸਾਬਤ ਹੁੰਦਾ ਹੈ ਕਿ 63 ਸਾਲ ਲੰਘਾ ਕੇ ਵੀ 'ਕੁਝ ਲੋਕ' ਆਪਣੇ ਮੁਲਕ ਨੂੰ 'ਆਪਣਾ' ਨਹੀਂ ਮੰਨ ਸਕੇ, ਹੋਰ ਕੁਝ ਨਹੀਂ ਲੱਭਦਾ।

ਕਿਉਂਕਿ ਚਿੱਠੀ ਪੰਜਾਬੀ ਜਾਂ ਨਿਰਪੱਖ ਸਾਹਿਤਕਾਰ ਦੀ ਨਾ ਰਹਿ ਕੇ ਸਿੱਖ ਦੀ ਬਣ ਗਈ ਹੈ, ਇਸ ਲਈ ਦੋ ਗੱਲਾਂ ਉਹ ਹੋਰ ਵੀ ਆਖ ਗਏ ਹਨ। ਪਹਿਲੀ ਤਾਂ ਕਾਂਗਰਸ ਬਾਰੇ ਕਿ 'ਪੰਜਾਬ ਕਾਂਗਰਸ ਨਿਲੱਜੀ ਹੋਈ ਕੇਂਦਰ ਵੱਲ ਝਾਕਦੀ ਹੈ।' ਕਾਂਗਰਸ ਪਾਰਟੀ ਬਾਰੇ ਉਹ ਜੋ ਵੀ ਕਹਿਣ, ਪਰ ਆਪਣੀ ਤੱਕੜੀ ਨੂੰ ਅਕਾਲੀ ਦਲ ਦਾ ਚੋਣ ਨਿਸ਼ਾਨ ਸਮਝ ਕੇ ਨਾ ਵਰਤਣ। ਜੇ 'ਪੰਜਾਬ ਕਾਂਗਰਸ ਨਿਲੱਜੀ ਹੋਈ' ਪਈ ਹੈ ਤਾਂ ਅਕਾਲੀ ਦਲ ਅੰਦਰ ਵੀ ਹੁਣ ਅਣਖ ਵਾਲਾ ਕੌਣ ਦਿੱਸਦਾ ਹੈ? ਕਾਂਗਰਸੀ ਆਗੂ ਜੇ ਰਾਹੁਲ ਗਾਂਧੀ ਦੇ ਪਿੱਛੇ-ਪਿੱਛੇ ਨੱਚਦੇ ਫਿਰਦੇ ਹਨ ਤਾਂ ਅਕਾਲੀ ਦਲ ਦੇ ਬਜ਼ੁਰਗ ਆਗੂ ਵੀ ਆਪਣੇ ਕੁੱਛੜ ਚੁੱਕ ਕੇ ਖਿਡਾਏ ਕੱਲ੍ਹ ਦੇ ਕਾਕੇ ਦੇ ਗੋਡੀਂ ਹੱਥ ਲਾਉਂਦਿਆਂ ਸ਼ਰਮ ਨਹੀਂ ਕਰਦੇ।

ਪੁਰਾਣੇ ਸਮੇਂ ਦਾ ਪੰਥ ਤਾਂ ਹੁਣ ਰਿਹਾ ਨਹੀਂ, ਉਸੇ ਦਿਨ ਦਾ ਨਵਾਂ ਰੂਪ ਅਖਤਿਆਰ ਕਰ ਚੁੱਕਾ ਹੈ ਜਿਸ ਦਿਨ ਪ੍ਰਕਾਸ਼ ਸਿੰਘ ਬਾਦਲ ਦੇ ਘਰ ਪੋਤੇ ਦਾ ਜਨਮ ਹੋਣ ਉਤੇ ਸਾਰੇ ਪੰਜਾਬ ਵਿਚ ਅਖੰਡ ਪਾਠ ਰਖਵਾਏ ਤੇ ਇਹ ਇਸ਼ਤਿਹਾਰ ਛਪਵਾਏ ਗਏ ਸਨ ਕਿ 'ਪੰਥ ਦਾ ਵਾਰਸ' ਪੈਦਾ ਹੋ ਗਿਆ ਹੈ। ਉਸੇ ਪਰਿਵਾਰ ਵਿਚ ਪੋਤੀਆਂ ਦੇ ਜਨਮ ਮੌਕੇ ਇਕ ਵੀ ਇਸ਼ਤਿਹਾਰ ਇੱਦਾਂ ਦਾ ਨਹੀਂ ਸੀ ਛਪਿਆ। ਇਸ ਬਾਰੇ ਕੰਵਲ ਸਾਹਿਬ ਦੀ ਕਲਮ ਚੁੱਪ ਰਹੀ ਪਰ ਲਿਖਣ ਵਾਲਿਆਂ ਨੇ ਉਦੋਂ ਵੀ ਲਿਖ ਦਿੱਤਾ ਸੀ।

'ਲੱਜ ਵਾਲੇ ਅਕਾਲੀਆਂ' ਬਾਰੇ ਕੰਵਲ ਸਾਹਿਬ ਨੂੰ ਇਹ ਵੀ ਚੇਤੇ ਕਰਵਾਉਣਾ ਕੁਥਾਂ ਨਹੀਂ ਹੋਵੇਗਾ ਕਿ 1999 ਦੀਆਂ ਲੋਕ ਸਭਾ ਚੋਣਾਂ ਮੌਕੇ ਲੁਧਿਆਣੇ ਵਿਚ ਬਾਦਲ ਸਾਹਿਬ ਨੇ ਕਿਹਾ ਸੀ ਕਿ ਪੰਜਾਬ ਦਾ ਪਾਣੀ ਦੂਜੇ ਰਾਜਾਂ ਨੂੰ ਦਿੱਤੇ ਜਾਣ ਦੇ ਖਿਲਾਫ਼ ਅਕਾਲੀ-ਭਾਜਪਾ ਗੱਠਜੋੜ ਮਿਲ ਕੇ ਲੜਾਈ ਲੜੇਗਾ ਪਰ ਉਨ੍ਹਾਂ ਪਿੱਛੋਂ ਬੋਲਣ ਵਾਲੇ ਆਖਰੀ ਬੁਲਾਰੇ ਅਟਲ ਬਿਹਾਰੀ ਵਾਜਪਾਈ ਨੇ ਇਹ ਫਰਮਾ ਦਿੱਤਾ ਸੀ ਕਿ ਮੇਰੀ ਸਰਕਾਰ ਦੀ ਨੀਤੀ ਹੈ ਕਿ ਦੇਸ਼ ਦੇ ਸਾਰੇ ਦਰਿਆਵਾਂ ਦਾ ਪਾਣੀ ਸੁਰੰਗਾਂ ਰਾਹੀਂ ਇਕ ਦੂਜੇ ਨਾਲ ਜੋੜ ਦੇਣਾ ਹੈ ਤਾਂ ਕਿ ਜਿੱਥੇ ਲੋੜ ਪਵੇ, ਉਥੇ ਭੇਜ ਸਕੀਏ। ਇਹ ਬਾਦਲ ਸਾਹਿਬ ਦੀ ਗੱਲ ਉਤੇ ਖੜ੍ਹੇ ਪੈਰ ਕਾਟਾ ਫੇਰਨ ਵਾਂਗ ਸੀ। ਨੀਵਾਣ ਵੱਲੋਂ ਪਾਣੀ ਉਚਾਣ ਵੱਲ ਕਦੇ ਨਹੀਂ ਜਾ ਸਕਦਾ, ਨਾ ਪੰਜਾਬ ਦਾ ਪਾਣੀ ਸ਼ਿਮਲੇ ਨੂੰ ਭੇਜਿਆ ਜਾ ਸਕਦਾ ਹੈ ਤੇ ਨਾ ਕਰਨਾਟਕਾ ਅਤੇ ਗੁਜਰਾਤ ਦੀਆਂ ਭਾਜਪਾ ਸਰਕਾਰਾਂ ਉਥੋਂ ਦਾ ਪਾਣੀ ਪੰਜਾਬ ਨੂੰ ਦੇ ਸਕਦੀਆਂ ਹਨ, ਸੁਰੰਗਾਂ ਨਾਲ ਵੀ ਇੱਦਾਂ ਨਹੀਂ ਹੋ ਸਕਦਾ। ਇਹ ਤਾਂ ਪੰਜਾਬ ਦਾ ਪਾਣੀ ਖੋਹ ਕੇ ਦੂਜੇ ਪਾਸੇ ਦੇਣ ਦਾ ਸਪੱਸ਼ਟ ਐਲਾਨ ਸੀ ਜਿਸ ਦਾ ਵਿਰੋਧ ਬਾਦਲ ਸਾਹਿਬ ਨੇ ਨਹੀਂ ਸੀ ਕੀਤਾ; ਉਂਜ 'ਨਿਲੱਜੀ' ਸਿਰਫ ਕਾਂਗਰਸ ਹੈ, ਅਕਾਲੀ ਕੰਵਲ ਸਾਹਿਬ ਦੀ ਨਜ਼ਰ ਵਿਚ 'ਅਣਖ ਵਾਲੇ' ਹੋਣਗੇ।

ਦੂਸਰੀ ਗੱਲ ਇਹ ਕਿ ਕੰਵਲ ਸਾਹਿਬ ਨੂੰ ਬਾਦਲ ਸਾਹਿਬ ਦੇ ਘਰ ਵਿਚੋਂ ਪੰਜਾਬ ਦਿਸਦਾ ਹੈ। ਚਰਚਾ ਤਾਂ ਪ੍ਰਕਾਸ਼ ਸਿੰਘ ਬਾਦਲ ਦੇ ਪੁੱਤਰ ਤੇ ਭਤੀਜੇ ਦੇ ਕੁਝ ਮੱਤਭੇਦਾਂ ਕਾਰਨ ਵੱਖੋ-ਵੱਖਰੇ ਰਾਹ ਤੁਰਨ ਦੀ ਕਰਦੇ ਹਨ, ਪਰ ਆਖ ਇਹ ਰਹੇ ਹਨ ਕਿ 'ਪੰਜਾਬੀਆਂ ਦਾ ਪਾਟਣਾ, ਇਹਦਾ ਹੋਰ ਵੀ ਬੇੜਾ ਗਰਕ ਕਰੇਗਾ।' ਸਕੇ ਚਾਚੇ-ਤਾਏ ਦੇ ਪੁੱਤਰਾਂ ਜਾਂ ਦੋ ਸ਼ਰੀਕਾਂ ਦਾ ਪਾਟਕ 'ਪੰਜਾਬੀਆਂ ਦਾ ਪਾਟਣਾ' ਕਿਵੇਂ ਬਣ ਗਿਆ? ਇਸ ਦਾ ਭਾਵ ਤਾਂ ਇਹ ਹੈ ਕਿ ਕੰਵਲ ਸਾਹਿਬ ਇਸ ਪਰਿਵਾਰ ਨੂੰ ਹੀ 'ਪੰਜਾਬ' ਮੰਨੀ ਬੈਠੇ ਹਨ। ਕਦੇ ਕਾਂਗਰਸ ਵਿਚ ਇਹ ਰੁਝਾਨ ਬਣਿਆ ਸੀ, ਜਦੋਂ ਉਸ ਦੇ ਪ੍ਰਧਾਨ ਦੇਵ ਕਾਂਤ ਬਰੂਆ ਨੇ 'ਇੰਦਰਾ ਇਜ਼ ਇੰਡੀਆ, ਇੰਡੀਆ ਇਜ਼ ਇੰਦਰਾ' ਕਿਹਾ ਸੀ, ਹੁਣ ਇਕ 'ਫ਼ਕੀਰ ਲੇਖਕ' ਨੂੰ ਬਾਦਲ ਪਰਿਵਾਰ ਹੀ ਸਮੁੱਚਾ ਪੰਜਾਬ ਦਿਖਾਈ ਦੇ ਰਿਹਾ ਹੈ। ਉਹ ਬਾਦਲ ਪਰਿਵਾਰ ਦੇ ਮੁਖੀ ਪ੍ਰਕਾਸ਼ ਸਿੰਘ ਨੂੰ ਇਹ ਵੀ ਸਮਝਾਉਣੀ ਦਿੰਦੇ ਹਨ ਕਿ 'ਗੱਲ ਨਿਰੀ ਤੁਹਾਡੇ ਮਨ ਹਾਰਨ ਦੀ ਨਹੀਂ, ਮਲਾਹ ਦੇ ਗਲਤ ਚੱਪੂ ਮਾਰਨ ਨਾਲ ਕੌਮੀ ਬੇੜੀ ਦੇ ਗਰਕਣ ਦਾ ਸਵਾਲ ਖੜ੍ਹਾ ਹੋ ਗਿਆ ਐ। ਤਾਰੀਖੀ ਨਤੀਜਿਆਂ ਦੇ ਹਸ਼ਰ ਨੂੰ ਜਾਣ ਕੇ ਤੁਸੀਂ ਦੋਵੇਂ ਮਲਾਹ ਭਰਾਵਾਂ ਦੀਆਂ ਜੱਫੀਆਂ ਪਵਾਓਗੇ।'

ਇਹ ਕਿਹੜੀ ਦਾਨਾਈ ਹੈ ਜਿਹੜੀ ਕੰਵਲ ਸਾਹਿਬ ਨੇ ਪੇਸ਼ ਕਰ ਦਿੱਤੀ ਹੈ? ਇਹ ਪਹਿਲੀ ਗੱਲ ਤਾਂ ਅਸੀਂ ਵੀ ਮੰਨ ਲਵਾਂਗੇ ਕਿ ਮੁੱਖ ਮੰਤਰੀ ਹੋਣ ਕਰਕੇ ਅੱਜ ਪੰਜਾਬ ਦੀ ਬੇੜੀ ਦੇ ਮਲਾਹ ਪ੍ਰਕਾਸ਼ ਸਿੰਘ ਬਾਦਲ ਹਨ, ਪਰ ਉਹ ਅਗਲੀ ਪੀੜ੍ਹੀ ਨੂੰ ਵੀ ਹੁਣ ਤੋਂ ਹੀ ਪੰਜਾਬੀਅਤ ਦੇ 'ਮਲਾਹ' ਦਾ ਖਿਤਾਬ ਦੇਣ ਤੁਰ ਪਏ ਹਨ। ਇਹ ਕਹਿਣਾ ਕਿ 'ਤੁਸੀਂ ਦੋਵੇਂ ਮਲਾਹ ਭਰਾਵਾਂ ਦੀਆਂ ਜੱਫੀਆਂ ਪਵਾਓ' ਦੱਸ ਦੇਂਦਾ ਹੈ ਕਿ ਕੰਵਲ ਸਾਹਿਬ ਦੀ ਸਾਰੀ ਸੋਚ ਇੱਥੇ ਖੜ੍ਹੀ ਹੈ ਕਿ ਇਹੋ ਦੋਵੇਂ ਭਰਾ ਪੰਜਾਬ ਦੀ ਬੇੜੀ ਦੇ 'ਮਲਾਹ' ਹਨ, ਜੇ ਕਿਸੇ ਤਰ੍ਹਾਂ ਇਨ੍ਹਾਂ ਦਾ ਏਕਾ ਹੋ ਜਾਵੇ ਤਾਂ ਇਸੇ ਨਾਲ ਪੰਜਾਬ ਦੀ ਬੇੜੀ ਬੰਨੇ ਲੱਗ ਜਾਵੇਗੀ। ਕੰਵਲ ਸਾਹਿਬ ਕਹਿੰਦੇ ਹਨ ਕਿ 'ਕਰਮ ਤੇ ਧਰਮ ਦੋਵੇਂ ਸਕੇ ਭਰਾ, ਲੜਨਗੇ ਤਾਂ ਘਰ ਹੀ ਨਹੀਂ, ਪੰਜਾਬ ਪਹਿਲਾਂ ਵੀਰਾਨ ਹੋਵੇਗਾ।' ਸੁਖਬੀਰ ਸਿੰਘ ਬਾਦਲ ਅਤੇ ਮਨਪ੍ਰੀਤ ਸਿੰਘ ਬਾਦਲ ਵਿਚੋਂ ਕੰਵਲ ਸਾਹਿਬ ਨੇ 'ਕਰਮ' ਜਾਂ ਕੰਮ ਕਰਨ ਵਿਚ ਭਰੋਸਾ ਰੱਖਣ ਵਾਲਾ ਪਤਾ ਨਹੀਂ ਕਿਹੜੇ ਨੂੰ ਕਿਹਾ ਹੈ ਤੇ 'ਧਰਮ' ਵਿਚ ਭਰੋਸਾ ਕਰ ਕੇ ਧੜੇ ਨਾਲੋਂ ਧਰਮ ਨੂੰ ਉਤੇ ਰੱਖਣ ਦੀ ਜ਼ਿੰਮੇਵਾਰੀ ਪਤਾ ਨਹੀਂ ਕਿਹੜੇ ਉਤੇ ਸੁੱਟ ਦਿੱਤੀ ਹੈ, ਪਰ ਗੱਲ ਮੁੜ-ਮੁੜ ਇੱਥੇ ਲੈ ਆਉਂਦੇ ਹਨ ਕਿ 'ਮਨਪ੍ਰੀਤ ਨੂੰ ਬਾਂਹੋਂ ਫੜ ਕੇ ਉਸ ਦੀ ਕੁਰਸੀ 'ਤੇ ਲਿਆ ਬਹਾਵੋ।'

ਜੇ ਸਾਰੀ ਚਿੱਠੀ ਦਾ ਸਾਰ-ਤੱਤ ਇਹੋ ਹੈ ਤਾਂ ਫਿਰ ਕੰਵਲ ਸਾਹਿਬ ਦੀ ਖਿਦਮਤ ਵਿਚ ਇਕ ਚੁਟਕੁਲਾ ਪੇਸ਼ ਕਰਨ ਦੀ ਆਗਿਆ ਚਾਹੁੰਦਾ ਹਾਂ। ਇਹ ਚੁਟਕੁਲਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਬੰਧ ਵਾਲੇ ਇਕ ਰਸਾਲੇ ਵਿਚ ਛਪ ਚੁੱਕਾ ਹੈ ਕਿ ਚਾਰ ਜਣਿਆਂ ਨੇ ਰਲ ਕੇ ਸਾਂਝਾ ਕਾਰੋਬਾਰ ਕਰਨ ਲਈ ਕਾਰ ਖਰੀਦ ਕੇ ਟੈਕਸੀ ਪਾ ਲਈ। ਇਕ ਦੂਜੇ ਉਤੇ ਯਕੀਨ ਨਾ ਹੋਣ ਕਰ ਕੇ ਉਹ ਚਾਰੇ ਜਣੇ ਚਲਾਉਂਦੇ ਤਾਂ ਵਾਰੀ-ਵਾਰੀ ਸਨ, ਪਰ ਗੱਡੀ ਵਿਚ ਹਰ ਸਮੇਂ ਇਕੱਠੇ ਬੈਠਦੇ ਸਨ। ਜਦੋਂ ਚਾਰ ਜਣੇ ਉਹ ਆਪ ਬੈਠਦੇ ਸਨ, ਕਾਰ ਵਿਚ ਸਵਾਰੀ ਲਈ ਥਾਂ ਨਹੀਂ ਸੀ ਰਹਿੰਦੀ। ਅੱਕ ਕੇ ਵੇਚਣ ਲੱਗੇ ਤਾਂ ਉਹ ਵਿਕ ਨਾ ਸਕੀ। ਫਿਰ ਉਨ੍ਹਾਂ ਨੇ ਉਹ ਕਾਰ ਦਰਿਆ ਵਿਚ ਸੁੱਟਣ ਦਾ ਫ਼ੈਸਲਾ ਕਰ ਲਿਆ, ਪਰ ਇਹ ਕੰਮ ਵੀ ਕਰ ਨਹੀਂ ਸਨ ਸਕੇ ਕਿਉਂਕਿ ਦੋ ਜਣੇ ਅੱਗਿਓਂ ਪਿਛਾਂਹ ਨੂੰ ਧੱਕੀ ਜਾਂਦੇ ਸਨ ਤੇ ਦੋ ਪਿੱਛੋਂ ਅਗਾਂਹ ਵੱਲ ਧੱਕੀ ਜਾਂਦੇ ਸਨ। ਇੱਥੇ ਚਾਰ ਦੀ ਵੀ ਲੋੜ ਨਹੀਂ, ਇਹ ਦੋ 'ਮਲਾਹ' ਹੀ ਬੇੜੀ ਨੂੰ ਇਕ ਸੇਧ ਵਿਚ ਕਦੇ ਨਹੀਂ ਚਲਾ ਸਕੇ।



*ਦੋ ਸ਼ਰੀਕ-ਸੁਖਬੀਰ ਤੇ ਮਨਪ੍ਰੀਤ ਬਾਦਲ*

ਅੱਜਕੱਲ੍ਹ ਕੰਵਲ ਸਾਹਿਬ 'ਜਾਗੋ ਪੰਜਾਬ' ਯਾਤਰਾ ਦੌਰਾਨ ਮਨਪ੍ਰੀਤ ਸਿੰਘ ਦੇ ਨਾਲ ਹਨ, ਉਹ ਉਸ ਨੂੰ ਤਾਂ ਪੁੱਛ ਕੇ ਦੇਖ ਲੈਂਦੇ ਕਿ ਕੀ ਉਹ ਉਸ ਘਰ ਮੁੜ ਕੇ ਜਾਣ ਨੂੰ ਤਿਆਰ ਹੈ ਜਿਸ ਬਾਰੇ ਕਿਹਾ ਜਾ ਸਕਦਾ ਹੈ ਕਿ 'ਬੜੇ ਬੇਆਬਰੂ ਹੋ ਕਰ ਤੇਰੇ ਕੂਚੇ ਸੇ ਹਮ ਨਿਕਲੇ'? ਜਿੱਥੇ ਸੁਖਬੀਰ ਸਿੰਘ ਬਾਦਲ ਦੇ ਪਰਨਾ-ਚੁੱਕ ਵੀ ਮਨਪ੍ਰੀਤ ਬਾਦਲ ਨੂੰ 'ਪੰਥ ਦਾ ਗੱਦਾਰ' ਅਤੇ 'ਕਾਂਗਰਸ ਦਾ ਏਜੰਟ' ਆਖ ਕੇ ਚਿੜਾ ਰਹੇ ਹਨ, ਉਸ ਪਾਸੇ ਵੱਲ ਜਾਣ ਦੇ ਹਰ ਸਵਾਲ ਉਤੇ ਖੜ੍ਹੇ ਪੈਰ ਕਾਟਾ ਮਾਰ ਕੇ ਮਨਪ੍ਰੀਤ ਇਹ ਕਹਿੰਦਾ ਹੈ ਕਿ 'ਘਰ ਵਾਪਸੀ ਦੀਆਂ ਗੱਲਾਂ ਉਹ ਲੋਕ ਕਰਦੇ ਹਨ, ਜਿਹੜੇ ਮੇਰੇ ਪ੍ਰੋਗਰਾਮ ਨੂੰ ਸਾਬੋਤਾਜ ਕਰਨਾ ਚਾਹੁੰਦੇ ਹਨ।' ਉਹ ਤਾਂ ਆਪ ਹੀ ਹੁਣ ਉਧਰ ਜਾਣ ਨੂੰ ਤਿਆਰ ਨਹੀਂ ਤੇ ਕੰਵਲ ਸਾਹਿਬ ਉਸ ਦੇ ਨਾਲ ਤੁਰੇ ਫਿਰਦੇ ਵੀ ਕਹੀ ਜਾਂਦੇ ਹਨ ਕਿ 'ਕਰਮ ਤੇ ਧਰਮ ਦੋਵੇਂ ਸਕੇ ਭਰਾ, ਲੜਨਗੇ ਤਾਂ ਘਰ ਹੀ ਨਹੀਂ, ਪੰਜਾਬ ਪਹਿਲਾਂ ਵੀਰਾਨ ਹੋਵੇਗਾ।' ਜੇ ਇਨ੍ਹਾਂ ਦੋਵਾਂ ਭਰਾਵਾਂ ਦੇ ਇਕੱਠੇ ਹੋਣ ਨਾਲ ਹੀ ਪੰਜਾਬ ਦਾ ਭਲਾ ਹੋਣਾ ਹੁੰਦਾ ਤਾਂ ਪਿਛਲੇ ਸੋਲਾਂ ਸਾਲਾਂ ਤੋਂ ਦੋਵੇਂ ਇਕੱਠੇ ਹੀ ਤੁਰੇ ਫਿਰਦੇ ਸਨ, ਉਦੋਂ ਪੰਜਾਬ ਵਿਚ ਸੋਨੇ ਦੀਆਂ ਕਣੀਆਂ ਕਿਉਂ ਨਹੀਂ ਸਨ ਪੈਣ ਲੱਗ ਪਈਆਂ?

ਅਸੀਂ ਇਹ ਕਹਿਣਾ ਚਾਹਾਂਗੇ ਕਿ ਕੰਵਲ ਸਾਹਿਬ ਨੇ ਕਲਮ ਚੁੱਕਣ ਵਿਚ ਦੇਰ ਤਾਂ ਕੀਤੀ ਹੀ ਹੈ, 'ਦੇਰ ਆਇਦ, ਦਰੁਸਤ ਆਇਦ' ਦੇ ਅਖਾਣ ਵਾਂਗ ਦਰੁਸਤ ਗੱਲ ਹਾਲੇ ਵੀ ਨਹੀਂ ਕਰ ਰਹੇ। ਉਹ ਦੂਜਿਆਂ ਨੂੰ ਸੇਧ ਦੇਣਾ ਚਾਹੁੰਦੇ ਹਨ ਪਰ ਆਪ ਸੇਧ ਤੋਂ ਸੱਖਣੀਆਂ ਗੱਲਾਂ ਕਰੀ ਜਾਂਦੇ ਹਨ। ਕਦੇ ਉਹ ਪ੍ਰਕਾਸ਼ ਸਿੰਘ ਬਾਦਲ ਨੂੰ ਇਹ ਕਹਿ ਦਿੰਦੇ ਹਨ ਕਿ 'ਜਿਹੜੀ ਮਿੱਤਰ ਢਾਣੀ ਬਹੁਗਿਣਤੀ ਵਾਲੀ ਨਾਲ ਲਾਈ ਫਿਰਦੇ ਓ, ਮੰਡੀ 'ਤੇ ਲੈ ਜਾਓ, ਕਿਸੇ ਦੁਆਨੀ ਵੱਟੇ ਨਹੀਂ ਖਰੀਦਣੇ' ਤੇ ਕਦੇ ਇਹ ਕਹਿੰਦੇ ਹਨ ਕਿ 'ਤੁਸੀਂ ਗੁਰੂ ਨਾਨਕ ਦੀ ਸੱਚੀ ਸੁੱਚੀ ਸੋਚ ਤੇ ਗੁਰੂ ਗੋਬਿੰਦ ਸਿੰਘ ਦੀ ਬਹਾਦਰ ਜੁਰਅਤ ਦੀ ਪੈਦਾਵਾਰ ਹੋ। ਮਾਮੂਲੀ ਝੱਖੜ-ਝਾਂਜਾ ਤੁਹਾਨੂੰ ਉਦਾਸ ਨਹੀਂ ਕਰ ਸਕਦਾ। ਤੁਸੀਂ ਬਹਾਦਰ ਕੌਮ ਦਾ ਸਚਿਆਰਾ ਅਮਲ ਹੋ।'

ਜਿਸ ਅਕਾਲੀ ਲੀਡਰ ਨੇ ਪਿਛਲੇ ਸਮੇਂ ਵਿਚ ਇਕ ਪਿੱਛੋਂ ਦੂਜਾ, ਕਈ ਕੰਮ ਇਹੋ ਜਿਹੇ ਕੀਤੇ ਜਿਨ੍ਹਾਂ ਨੂੰ ਨਾ ਪੰਜਾਬੀਅਤ ਦੇ ਭਲੇ ਵਾਲੇ ਆਖਿਆ ਜਾ ਸਕਦਾ ਹੈ, ਨਾ ਸਿੱਖੀ ਦੇ ਭਲੇ ਵਾਲੇ, ਉਸ ਲੀਡਰ ਨੂੰ ਕੰਵਲ ਸਾਹਿਬ 'ਕੌਮ ਦਾ ਸਚਿਆਰਾ ਅਮਲ' ਆਖ ਕੇ ਵਿਚਾਰੀ ਕੌਮ ਨੂੰ ਵੀ ਤਰਸ ਦੀ ਪਾਤਰ ਬਣਾ ਦਿੰਦੇ ਹਨ। ਸਿੱਖਾਂ ਦੇ ਤਖਤਾਂ ਦੇ ਜਥੇਦਾਰਾਂ ਨੂੰ ਸੜਕ ਮਹਿਕਮੇ ਦੇ ਬੇਲਦਾਰਾਂ ਵਾਂਗ ਬਿਨਾਂ ਕੋਈ ਨੋਟਿਸ ਦਿੱਤਿਆਂ ਅੱਧੀ ਰਾਤ ਨੂੰ ਸਰਕਾਰੀ ਰੈਸਟ ਹਾਊਸਾਂ ਵਿਚ ਬੈਠ ਕੇ ਬਦਲ ਦੇਣ ਦਾ ਕੰਮ ਵੀ ਇਹੋ 'ਕੌਮ ਦਾ ਸਚਿਆਰਾ ਅਮਲ' ਕਰਦਾ ਰਿਹਾ ਹੈ। ਨਰਿੰਦਰ ਮੋਦੀ ਵਰਗੇ ਬੰਦੇ ਨੂੰ ਬਿਹਾਰ ਦੇ ਨਿਤੀਸ਼ ਕੁਮਾਰ ਨੇ ਤਾਂ ਕਹਿ ਦਿੱਤਾ ਕਿ 'ਮੇਰੇ ਅੰਗਨੇ ਤੁਮਾਰਾ ਕਿਆ ਕਾਮ ਹੈ', ਪਰ ਬਾਦਲ ਸਾਹਿਬ ਨੇ ਉਸ ਨੂੰ ਉਸ ਲੁਧਿਆਣੇ ਸ਼ਹਿਰ ਵਿਚ ਲਿਆ ਕੇ ਚੋਣਾਂ ਵੇਲੇ ਉਚੇਚੀ ਤਕਰੀਰ ਕਰਾਈ ਜਿੱਥੇ ਪਿਛਲੇ ਸਾਲ ਫ਼ਿਰਕੂ ਝੜਪਾਂ ਕਾਰਨ ਦੋ ਵਾਰੀ ਕਰਫ਼ਿਊ ਲਾਉਣਾ ਪੈ ਗਿਆ ਸੀ। ਇਸੇ ਬਾਦਲ ਸਾਹਿਬ ਨੇ ਇਕ ਵਾਰੀ ਇਹ ਐਲਾਨ ਕੀਤਾ ਸੀ ਕਿ ਪੰਜਾਬ ਵਿਚ ਹਰ ਸਾਲ ਇਕ ਈਮਾਨਦਾਰ ਅਫਸਰ ਨੂੰ 'ਮਹਾਰਾਜਾ ਰਣਜੀਤ ਸਿੰਘ ਐਵਾਰਡ' ਦਿੱਤਾ ਜਾਇਆ ਕਰੇਗਾ ਪਰ ਦਿੱਤਾ ਕਦੇ ਕਿਸੇ ਨੂੰ ਨਹੀਂ ਸੀ ਕਿਉਂਕਿ ਇੰਜ ਕਰਨ ਵੇਲੇ ਨਾਲ ਫਿਰਦੇ ਅਫਸਰਾਂ ਨੂੰ ਛੱਡ ਕੇ ਹੋਰ ਚੁਣਨੇ ਪੈਣੇ ਸਨ ਤੇ ਇੰਜ ਜ਼ਾਹਰ ਹੋ ਜਾਣਾ ਸੀ ਕਿ ਜਿਹੜੇ ਲੋਕ 'ਕਿਚਨ ਕਮੇਟੀ' ਵਿਚ ਗਿਣੇ ਜਾਂਦੇ ਹਨ, ਉਨ੍ਹਾਂ ਵਿਚ ਕੋਈ ਵੀ ਇੰਨਾ ਪਾਏਦਾਰ ਨਹੀਂ ਕਿ ਉਸ ਨੂੰ ਮਹਾਰਾਜਾ ਰਣਜੀਤ ਸਿੰਘ ਐਵਾਰਡ ਦੇਣ ਲਈ ਚੁਣਿਆ ਜਾ ਸਕੇ।

ਇਹ ਸਾਰਾ ਕੁਝ ਕੰਵਲ ਸਾਹਿਬ ਨੂੰ ਯਾਦ ਨਹੀਂ ਰਿਹਾ ਜਾਂ ਉਹ ਇਸ ਨੂੰ ਯਾਦ ਰੱਖ ਕੇ ਵੀ ਹਕੀਕਤਾਂ ਤੋਂ ਬਾਈਪਾਸ ਲੰਘਣਾ ਚਾਹੁੰਦੇ ਹਨ, ਇਹ ਸਿਰਫ਼ 'ਫਕੀਰ ਲੇਖਕ' ਨੂੰ ਪਤਾ ਹੋਵੇਗਾ?

# ਜਲ੍ਹਿਆਂ ਵਾਲੇ ਬਾਗ ਦਾ ਖ਼ੂਨੀ ਕਾਂਡ ਅਤੇ ਅਮਰੀਕੀ ਅਖ਼ਬਾਰਾਂ

ਆਜ਼ਾਦੀ ਲਈ ਕੁਰਬਾਨੀ ਕਰਨ ਵਾਲੇ ਗੁਮਨਾਮ ਸ਼ਹੀਦਾਂ ਦੀਆਂ ਨਿਸ਼ਾਨੀਆਂ ਸਰਕਾਰਾਂ ਨਵੀਂ ਪੀੜ੍ਹੀ ਲਈ ਰਾਹ ਦਸੇਰੇ ਵਜੋਂ ਸਾਂਭ ਕੇ ਰੱਖਦੀਆਂ ਹਨ। ਸ਼ਾਇਦ ਦੁਨੀਆਂ ਵਿਚ ਭਾਰਤ ਹੀ ਅਜਿਹਾ ਬਦਕਿਸਮਤ ਦੇਸ਼ ਹੈ ਜਿਸ ਦੀਆਂ ਸਰਕਾਰਾਂ ਇਤਿਹਾਸਕ ਥਾਂਵਾਂ ਨੂੰ ਸਾਂਭਣਾ ਤਾਂ ਕੀ, ਉਨ੍ਹਾਂ ਦੀ ਇਤਿਹਾਸਕ ਮਹੱਤਤਾ ਵਾਲੇ ਨਿਸ਼ਾਨ ਤੱਕ ਮਿਟਾ ਰਹੀਆਂ ਹਨ। ਇਸ ਦੀ ਮਿਸਾਲ ਪਿਛਲੇ

**ਕਸ਼ਮੀਰ ਸਿੰਘ ਕਾਂਗਣਾ, ਬੇਕਰਜ਼ਫੀਲਡ**
**ਫੋਨ: 661-331-5651**

ਸਮੇਂ ਵਿਚ ਜਲ੍ਹਿਆਂਵਾਲੇ ਬਾਗ ਨੂੰ ਨਵੀਨ ਦਿਖ ਦੇਣ ਦੇ ਨਾਂ ਹੇਠ ਉਸ ਦੀ ਮੁੱਢਲੀ ਦਿਖ ਨੂੰ ਮਿਟਾਉਣ ਦੀ ਕੀਤੀ ਗਈ ਕੋਝੀ ਕੋਸ਼ਿਸ਼ ਹੈ।

ਅੱਜ ਜਲ੍ਹਿਆਂਵਾਲੇ ਬਾਗ ਵਿਚ ਨਿਹੱਥੇ ਲੋਕਾਂ ਦੇ ਹੋਏ ਖ਼ੂਨੀ ਘਾਣ ਨੂੰ 92 ਸਾਲ ਹੋ ਗਏ ਹਨ। ਇਹ ਘਟਨਾ 13 ਅਪਰੈਲ 1919 ਨੂੰ ਵਿਸਾਖੀ ਵਾਲੇ ਦਿਨ ਵਾਪਰੀ ਸੀ, ਜਦੋਂ ਰੋਲਟ ਐਕਟ ਖ਼ਿਲਾਫ਼ ਜਲ੍ਹਿਆਂ ਵਾਲੇ ਬਾਗ ਵਿਚ ਇਕੱਠੇ ਹੋਏ ਨਿਹੱਥੇ ਲੋਕਾਂ ਨੂੰ ਅੰਗਰੇਜ਼ੀ ਸਾਮਰਾਜ ਦੇ ਵਹਿਸੀ ਜਨਰਲ ਡਾਇਰ ਨੇ ਗੋਲੀਆਂ ਨਾਲ ਖਤਮ ਕਰ ਦਿੱਤਾ ਸੀ।

ਜਨਰਲ ਡਾਇਰ ਦੇ ਇਸ ਵਹਿਸ਼ੀ ਕਾਰੇ ਨਾਲ ਸਮੁੱਚੇ ਪੰਜਾਬ ਅਤੇ ਭਾਰਤ ਵਿਚ ਹਾਹਾਕਾਰ ਮਚ ਗਈ। ਇਸ ਘਟਨਾ ਨੇ ਸਾਰੀ ਦੁਨੀਆਂ ਨੂੰ ਝੰਜੋੜ ਕੇ ਰੱਖ ਦਿੱਤਾ ਸੀ। ਵਿਦੇਸ਼ੀ ਅਖ਼ਬਾਰਾਂ ਅਤੇ ਆਜ਼ਾਦੀਪਸੰਦ ਲੋਕਾਂ ਇਸ ਵਹਿਸ਼ੀ ਕਾਰੇ ਨੂੰ ਭੰਡਿਆ। 'ਦੀ ਕਰਾਨੀਕਲ', 'ਦੀ ਆਇਰਸ਼ ਵਰਲਡ', 'ਗੈਲਿਕ', 'ਨਿਊ ਯਾਰਕ ਕਾਲ',



*ਪਾਲ ਹਿਨਾ*

'ਫਰੈਂਡਜ਼ ਫਰੀਡਮ ਫਾਰ ਇੰਡੀਆ' ਅਤੇ ਦੇਸ਼ ਦੀਆਂ ਹੋਰ ਕਈ ਅਖ਼ਬਾਰਾਂ ਨੇ ਅੰਗਰੇਜ਼ੀ ਸਾਮਰਾਜ ਦੇ ਪਾਜ ਖੋਲ੍ਹਦੇ ਲੇਖ ਲਿਖੇ। ਐਗਨੈਸ ਸਮੈਡਲੀ, ਮਾਰਗਰੇਟ ਸੰਗਰ, ਨਾਮੀ ਵਕੀਲ ਅਲਬਰਟ ਅਤੇ ਫਰੈਂਡਜ਼ ਆਫ ਫਰੀਡਮ ਫਾਰ ਇੰਡੀਆ ਨੇ ਸਭਾਵਾਂ ਕਰ ਕੇ ਇਸ ਜ਼ੁਲਮ ਖ਼ਿਲਾਫ਼ ਮਤੇ ਪਾਸ ਕੀਤੇ। 'ਦੀ ਕਰਾਨੀਕਲ' ਨੇ ਜਲ੍ਹਿਆਂਵਾਲੇ ਬਾਗ ਦਾ ਨਕਸ਼ਾ ਬਣਾ ਕੇ ਗੋਲੀਆਂ ਦੇ ਨਿਸ਼ਾਨਾਂ ਸਮੇਤ ਇਸ ਖ਼ੂਨੀ ਘਾਣ ਦੀ ਕਹਾਣੀ ਬਿਆਨ ਕੀਤੀ। 'ਪਾਲ ਹਿਨਾ' ਨੇ ਅੰਮ੍ਰਿਤਸਰ ਵਿਚ ਹੋਏ ਇਸ ਕਤਲੇਆਮ ਦੀ ਪਹਿਲੀ ਵਰ੍ਹੇਗੰਢ 'ਤੇ ਸ਼ਰਧਾਂਜਲੀ ਲਈ ਜਜ਼ਬਾਤੀ ਲੇਖ ਲਿਖਿਆ, "ਪਿਛਲੇ ਸਾਲ 13 ਅਪਰੈਲ 1919 ਨੂੰ ਅੰਗਰੇਜ਼ੀ ਸਾਮਰਾਜ ਦੀ ਬੁਰਛਾਗਰਦੀ ਦਾ ਕਹਿਰ ਜਲ੍ਹਿਆਂਵਾਲੇ ਬਾਗ 'ਚ ਇਕੱਠੇ ਹੋਏ ਨਿਹੱਥੇ ਲੋਕਾਂ 'ਤੇ ਟੁੱਟਿਆ। ਉਹ ਧਰਤੀ ਹਿੰਦੀਆਂ ਦੇ ਲਹੂ ਨਾਲ ਲੱਥਪੱਥ ਹੋ ਗਈ। ਜਨਰਲ ਡਾਇਰ ਦੇ ਸਿਪਾਹੀਆਂ ਨੇ ਲੋਕਾਂ ਦੇ ਸੀਨਿਆਂ 'ਤੇ ਸੰਗੀਨਾਂ ਨਾਲ ਸਿਆੜ ਕੱਢੇ, ਤੇ ਉਨ੍ਹਾਂ ਵਿਚ ਨਫ਼ਰਤ ਬੀਜੀ। ਅੱਜ ਨਫ਼ਰਤ ਦੀ ਉਹ ਅੱਗ 30 ਕਰੋੜ ਹਿੰਦੀਆਂ ਦੇ ਸੀਨਿਆਂ ਵਿਚ ਭਾਂਬੜ ਬਣ ਕੇ ਮੱਚ ਉਠੀ ਹੈ। ਅੰਗਰੇਜ਼ੀ ਸਾਮਰਾਜ ਹੁਣ ਬਚਣ ਨਹੀਂ ਲੱਗਾ। ਇਹ ਜ਼ਰੂਰ ਸੜੇਗਾ।"

**ਏਮਨ ਡੀ. ਵਲੇਰਾ:** 28 ਫਰਵਰੀ 1920 ਨੂੰ ਹਿੰਦੋਸਤਾਨੀ ਲੋਕਾਂ ਉਤੇ ਹੋ ਰਹੇ ਜ਼ੁਲਮ ਅਤੇ ਜਲ੍ਹਿਆਂਵਾਲੇ ਬਾਗ ਦੀ ਵਰ੍ਹੇਗੰਢ 'ਤੇ ਸੈਂਟਰਲ ਉਪੇਰਾ ਹਾਊਸ ਨਿਊ ਯਾਰਕ ਵਿਚ ਸਭਾ ਕੀਤੀ ਗਈ। ਰਾਤ ਦੇ ਖਾਣੇ ਸਮੇਂ ਮੁੱਖ ਬੁਲਾਰੇ ਏਮਨ ਡੀ. ਵਲੇਰਾ ਦੇ ਭਾਸ਼ਨ ਦਾ ਸਾਰ ਅੰਸ਼ ਅਖਬਾਰ 'ਨਿਊ ਯਾਰਕ ਅਮਰੀਕਨ' ਦੇ ਐਡੀਟਰ ਫਿਲਿਪ ਡਬਲਿਊ. ਫਰਾਂਸਿਸ ਨੇ 6 ਮਾਰਚ 1920 ਨੂੰ ਛਾਪਿਆ। ਉਸ ਸ਼ਾਮ ਨੂੰ ਇਕੱਠ ਵਿਚ ਮੈਰੀਲੈਂਡ ਤੋਂ ਸੈਨੇਟਰ ਜੋਸਫ਼ ਆਈ. ਫਰਾਂਸਿਸ, ਹਿੰਦੂ ਦੇਸ਼ ਭਗਤ ਤਾਰਕਨਾਥ ਦਾਸ ਜੋ ਉਦੋਂ ਅਜੇ ਸਾਨ ਫਰਾਂਸਿਸਕੋ ਸਾਜ਼ਿਸ਼ ਕੇਸ ਵਿਚ 22 ਮਹੀਨੇ ਦੀ ਸਜ਼ਾ ਭੁਗਤ ਕੇ ਅਮਰੀਕੀ ਜੇਲ੍ਹ ਫੋਰਟਜਿਊਨ ਵਰਥ ਤੋਂ ਰਿਹਾ ਹੋ ਕੇ ਆਇਆ ਹੀ ਸੀ, ਜਾਣੇ-ਪਛਾਣੇ ਹਿੰਦੂ ਲੇਖਕ ਬਸੰਤ ਕੁਮਾਰ ਰਾਇ ਨੇ ਪ੍ਰਭਾਵਸ਼ਾਲੀ ਭਾਸ਼ਨ ਕੀਤਾ।

ਏਮਨ ਡੀ. ਵਲੇਰਾ ਨੇ ਆਪਣੇ ਭਾਸ਼ਨ ਵਿਚ ਕਿਹਾ, "ਅੱਜ ਤੋਂ ਕੋਈ 140 ਸਾਲ ਪਹਿਲਾਂ ਜਾਰਜ ਵਾਸ਼ਿੰਗਟਨ ਨੇ ਆਇਰਲੈਂਡ ਦੇ ਦੇਸ਼ ਭਗਤਾਂ ਦੇ ਨਾਂ ਸੁਨੇਹਾ ਭੇਜਿਆ ਸੀ-ਆਜ਼ਾਦੀ ਦੀ ਲੜਾਈ ਲੜ ਰਹੇ ਆਇਰਲੈਂਡ ਦੇ ਬਹਾਦਰ ਦੇਸ਼ ਭਗਤੋ, ਤੁਹਾਡਾ ਇਹ ਪਵਿੱਤਰ ਕਾਜ ਮੇਰਾ ਆਪਣਾ ਕਾਜ ਹੈ। ਜੇ ਜਾਰਜ ਵਾਸ਼ਿੰਗਟਨ ਅੱਜ ਜਿਉਂਦਾ ਹੁੰਦਾ ਤਾਂ ਸਾਨੂੰ ਕੋਈ ਹੈਰਾਨੀ ਨਹੀਂ ਕਿ ਉਹ ਅੱਜ ਵੀ ਆਇਰਲੈਂਡ ਦੇ ਦੇਸ਼ ਭਗਤਾਂ ਦੀ ਹਮਾਇਤ 'ਤੇ ਨਿੱਤਰਦਾ। ਕਿਸੇ ਨੂੰ ਕੋਈ ਸ਼ੱਕ ਹੈ ਕਿ ਅੱਜ ਦੀ ਰਾਤ ਇੱਥੇ ਉਹ ਹਿੰਦੋਸਤਾਨ ਅਤੇ ਆਇਰਲੈਂਡ ਦੇ ਦੇਸ਼ ਭਗਤਾਂ ਦੇ ਪੱਖ ਵਿਚ ਨਾ ਬੋਲਦਾ? ਆਇਰਲੈਂਡ ਦੇ ਦੇਸ਼ ਭਗਤਾਂ ਦੇ ਪੱਖ ਵਿਚ ਬੋਲਣਾ ਕੀ ਇਹ ਜਾਰਜ ਵਾਸ਼ਿੰਗਟਨ ਵੱਲੋਂ ਮਿਲੀ ਹਮਾਇਤ ਨਹੀਂ ਸੀ? ਪਰ ਮੈਂ ਅੱਜ ਇੱਥੇ ਕਹਾਂਗਾ-ਹਿੰਦੋਸਤਾਨ ਦੀ ਆਜ਼ਾਦੀ ਦਾ ਪਰਚਮ ਉਠਾਉਣ ਵਾਲੇ ਹਿੰਦੋਸਤਾਨ ਦੇ ਸੂਰਬੀਰੋ! ਤੁਹਾਡੀ ਇਹ ਲੜਾਈ ਮੇਰੀ ਤੇ ਮੇਰੇ ਆਇਰਲੈਂਡ ਦੇ ਵਾਸੀਆਂ ਦੀ ਆਪਣੀ ਲੜਾਈ ਹੈ।"

"ਦੂਸਰੇ ਮੁਲਕਾਂ ਦੇ ਵਾਸੀਓ! ਤੁਹਾਨੂੰ ਇਹ ਜਾਣ ਕੇ ਜ਼ਰੂਰ ਹੀ ਅਫ਼ਸੋਸ ਹੋਵੇਗਾ ਕਿ ਪਿਛਲੇ ਸਾਲਾਂ ਵਿਚ ਹਿੰਦੋਸਤਾਨ ਦੇ 32 ਕਰੋੜ ਲੋਕਾਂ ਨੂੰ ਲੁੱਟ-ਪੁੱਟ, ਕੰਗਾਲ ਕਰ ਕੇ ਭੁੱਖ-ਨੰਗ ਅਤੇ ਬਿਮਾਰੀ ਦੀ ਹਾਲਤ ਵਿਚ ਘੁਲ-ਘੁਲ ਕੇ ਮਰਨ ਲਈ ਮੌਤ ਦੇ ਮੂੰਹ ਵਿਚ ਸੁੱਟ ਦਿੱਤਾ ਗਿਆ ਹੈ। ਅਮਰੀਕਾ ਦੇ ਵਾਸੀਓ! ਤੁਸੀਂ ਜ਼ਰਾ ਸੋਚੋ ਤੇ ਸਹੀ!! ਇਹ ਜੋ ਗਿਣਤੀ ਹੈ ਨਾ, ਇਹ ਤੁਹਾਡੇ ਹਰ ਤਿੰਨਾਂ ਵਿਚੋਂ ਇਕ ਦੀ ਬਣਦੀ ਹੈ। ਜੇ ਇਸ ਤਰ੍ਹਾਂ ਦੀ ਮੌਤ ਜੋ ਭੁੱਖਿਆਂ ਰਹਿ ਕੇ ਘੁਲ-ਘੁਲ ਕੇ ਮਰਨ ਦੀ ਹੋਵੇ ਤਾਂ ਕਿੰਨੀ ਦੁਖਦਾਈ ਹੋਵੇਗੀ? ਜ਼ਰਾ ਸੋਚੋ! ਦੁੱਖਾਂ ਦੇ ਮਾਰੇ ਪਤੀ, ਉਨ੍ਹਾਂ ਦੀਆਂ ਪੀੜਾਂ ਭੰਨੀਆਂ ਪਤਨੀਆਂ, ਬਿਮਾਰ ਤੜਫਦੀਆਂ ਮਾਂਵਾਂ, ਭੁੱਖ ਨਾਲ ਵਿਲਕਦੇ ਬੱਚਿਆਂ ਦੇ ਤਸੀਹਿਆਂ ਬਾਰੇ ਥੋੜ੍ਹਾ ਜਿਹਾ ਵੀ ਸੋਚੋ! ਤੁਹਾਨੂੰ ਜ਼ਰੂਰ ਹੀ ਕਾਂਬਾ ਛਿੜ ਜਾਵੇਗਾ ਕਿ ਅਜਿਹਾ ਕਿਉਂ? ਤੁਸੀਂ ਬੜੇ ਖੁਸ਼ਕਿਸਮਤ ਹੋ ਜਿਹੜੇ ਇਸ ਆਜ਼ਾਦ ਧਰਤੀ ਦੇ ਵਾਸੀ ਹੋ। ਤੁਹਾਡੇ ਕੋਲ ਜੀਵਨ ਦੇ ਸੁੱਖ ਲਈ ਹਰ ਸਾਧਨ ਹੈ ਅਤੇ ਪ੍ਰਾਪਤ ਕਰਨ ਦੇ ਮੌਕੇ ਵੀ। ਜੇ ਤੁਹਾਡੇ ਨਾਲ ਅਜਿਹਾ ਹੋਵੇ ਤਾਂ ਫਿਰ ਤੁਹਾਨੂੰ ਕਿੰਨਾ ਕੁ ਚੰਗਾ ਲੱਗੇਗਾ। ਜੋ ਕੁਝ ਅੰਮ੍ਰਿਤਸਰ ਵਿਚ ਹੋਇਆ ਅਤੇ ਜੋ ਕੁਝ ਹਿੰਦੋਸਤਾਨ ਵਿਚ ਹੋ ਰਿਹਾ ਹੈ, ਅਜਿਹਾ ਸਾਡੇ ਲਈ ਆਇਰਲੈਂਡ ਵਿਚ ਕੋਈ ਨਵੀਂ ਗੱਲ ਨਹੀਂ ਹੈ। ਸਾਨੂੰ ਪਤਾ ਹੈ ਕਿ ਬ੍ਰਿਟਿਸ਼ ਹਕੂਮਤ ਕਿਹੋ ਜਿਹੀ ਹੈ। ਅਸੀਂ ਇਹ ਤਸੀਹੇ ਆਪ ਵੀ ਝੱਲੇ ਹਨ ਅਤੇ ਹੁਣ ਵੀ ਝੱਲ ਰਹੇ ਹਾਂ। ਆਇਰਲੈਂਡ ਦੇ ਹਰ ਵਾਸੀ ਨੇ ਬਰਤਾਨਵੀ ਸਾਮਰਾਜ ਦੇ ਜਬਰ-ਜ਼ੁਲਮ ਦੀਆਂ ਯਾਦਾਂ ਆਪਣੇ ਮਨਾਂ ਵਿਚ ਸੰਭਾਲੀਆਂ ਹੋਈਆਂ ਹਨ, ਪਰ ਇਹ ਹਿੰਦੋਸਤਾਨ ਵਾਂਗ 10 ਵਿਚੋਂ ਇਕ ਵਾਂਗ ਨਹੀਂ ਹੈ; ਇਹ ਤਾਂ ਪੰਜਾਂ ਵਿਚੋਂ ਇਕ ਵਾਂਗ ਹੈ, ਤੇ ਉਹ ਧਰਤੀ ਵੀ ਹਿੰਦੋਸਤਾਨ ਦੀ ਧਰਤੀ ਨਾਲੋਂ ਘੱਟ ਜ਼ਰਖੇਜ਼ ਨਹੀਂ ਹੈ ਅਤੇ ਲੋਕ ਵੀ ਕੋਈ ਘੱਟ ਮਿਹਨਤੀ ਨਹੀਂ ਤੇ ਉਹ ਹਿੰਮਤੀ ਵੀ ਬਹੁਤ ਹਨ। ਫਿਰ ਵੀ ਕਿਉਂ ਉਨ੍ਹਾਂ 'ਤੇ ਹਰ ਵਕਤ ਗੋਲੀਆਂ ਹੀ ਚੱਲਦੀਆਂ ਹਨ? ਜਦੋਂ ਲੋਕ ਜ਼ੁਲਮ ਦੇ ਖਿਲਾਫ਼ ਸੜਕਾਂ, ਗਲੀਆਂ ਤੇ ਬਾਜ਼ਾਰਾਂ 'ਚ ਨਿਕਲ ਆਉਂਦੇ ਹਨ ਤਾਂ ਉਨ੍ਹਾਂ ਨੂੰ ਪੁੱਠੇ ਲਟਕਾਇਆ ਜਾਂਦਾ ਹੈ। ਸ਼ਰ੍ਹੇਆਮ, ਨੰਗੀਆਂ ਪਿੱਠਾਂ 'ਤੇ ਬੈਂਤ ਮਾਰੇ ਜਾਂਦੇ ਹਨ। ਸਾਨੂੰ ਇਹ ਕੁਝ ਜਾਨਣ ਲਈ ਆਇਰਲੈਂਡ ਦੇ ਪਿਛਲੇ ਇਤਿਹਾਸ ਨੂੰ ਫੋਲਣ ਦੀ ਲੋੜ ਨਹੀਂ, ਬਰਤਾਨਵੀ ਸਾਮਰਾਜ ਦੇ ਜ਼ੁਲਮ ਅਤੇ ਉਸ ਦੇ ਜਨਰਲ ਡਾਇਰ ਵਰਗੇ ਫੌਜੀ ਅਫ਼ਸਰਾਂ ਦੇ ਵਹਿਸ਼ੀਪੁਣੇ ਸਾਥੋਂ ਭੁੱਲੇ ਨਹੀਂ ਹਨ। ਮੈਂ ਆਖਦਾ ਹਾਂ ਕਿ ਜੇ ਇਨ੍ਹਾਂ ਜ਼ਾਲਮਾਂ ਤੋਂ ਛੁਟਕਾਰਾ ਪਾਉਣਾ ਹੈ ਤਾਂ ਹਿੰਦੋਸਤਾਨ ਵਿਚੋਂ ਇਨ੍ਹਾਂ ਦੀਆਂ ਜੜ੍ਹਾਂ ਪੁੱਟਣੀਆਂ ਪੈਣਗੀਆਂ।"



*1919 'ਚ ਅੰਮ੍ਰਿਤਸਰ ਤੇ ਦੇਸ਼ ਦੇ ਹੋਰ ਹਿੱਸਿਆਂ ਵਿਚ ਬਰਤਾਨਵੀ ਅਫਸਰਾਂ ਦੇ ਹੁਕਮ 'ਤੇ ਬੇਕਸੂਰ ਲੋਕਾਂ ਨੂੰ ਕੋੜੇ ਮਾਰੇ ਜਾਣ ਦੀ ਅਖ਼ਬਾਰ ਬੰਬੇ ਕਰਾਨੀਕਲ ਵਿਚ ਛਪੀ ਫੋਟੋ*



*ਜਲਿਆਂਵਾਲਾ ਬਾਗ ਵਿਚ ਨਿਹੱਥੇ ਲੋਕਾਂ 'ਤੇ ਗੋਲੀ ਚਲਾ ਰਹੇ ਬਰਤਾਨਵੀ ਫੌਜੀ*

ਐਗਨੈਸ ਸਮੈਡਲੀ ਨੇ ਕਿਹਾ ਸੀ, "ਅੰਮ੍ਰਿਤਸਰ ਵਿਚ ਹਿੰਦੋਸਤਾਨੀ ਬੱਚਿਆਂ, ਔਰਤਾਂ, ਬੁੱਢਿਆਂ ਅਤੇ ਜਵਾਨਾਂ ਦੇ ਡੁੱਲ੍ਹੇ ਲਹੂ ਤੋਂ ਜਾਪਦਾ ਹੈ ਕਿ ਅੱਜ ਇਨਸਾਨ ਮਰ ਗਿਆ ਹੈ, ਇਨਸਾਨੀਅਤ ਮਰ ਗਈ ਹੈ, ਮਨੁੱਖਤਾ ਦਾ ਜਨਾਜ਼ਾ ਉਠ ਗਿਆ ਹੈ। ਅੱਜ 10 ਮਈ 1920 ਦਾ ਦਿਨ ਹੈ ਤੇ ਅੰਮ੍ਰਿਤਸਰ ਦੀ ਧਰਤੀ 'ਤੇ ਜਨਰਲ ਡਾਇਰ ਦੀ ਫੌਜ ਵੱਲੋਂ ਮਸ਼ੀਨਗੰਨ ਦੀਆਂ ਗੋਲੀਆਂ ਨਾਲ ਨਚਾਇਆ ਮੌਤ ਦਾ ਤਾਂਡਵ ਨਾਚ ਜਿਸ ਨਾਲ 2000 ਤੋਂ ਵੱਧ ਲੋਕ ਮਾਰੇ ਗਏ ਸਨ, ਨੂੰ ਵਰ੍ਹਿਓਂ ਉਪਰ ਹੋ ਗਿਆ ਹੈ। ਅੱਜ ਦੇ ਦਿਨ 63 ਸਾਲ ਪਹਿਲਾਂ 10 ਮਈ 1857 ਨੂੰ ਹਿੰਦੋਸਤਾਨ ਦੀ ਆਜ਼ਾਦੀ ਦੀ ਪਹਿਲੀ ਜੰਗ ਲੜੀ ਗਈ ਸੀ ਜਿਸ ਦੀ ਵਰ੍ਹੇਗੰਢ ਵੀ ਅੱਜ ਪਰਦੇਸਾਂ ਵਿਚ ਵਸਦੇ ਹਿੰਦੀ ਇਨਕਲਾਬੀ ਮਨਾ ਰਹੇ ਹਨ। ਇਹ ਜੰਗ ਅੰਗਰੇਜ਼ਾਂ ਦੇ ਜ਼ਾਲਮਾਨਾ ਰਾਜ ਅਤੇ ਆਰਥਿਕ ਲੁੱਟ-ਖਸੁੱਟ ਦੇ ਖਿਲਾਫ਼ ਸੀ ਪਰ ਇਸ ਵਿਦਰੋਹ ਨੂੰ ਦਬਾ ਦਿੱਤਾ ਗਿਆ। ਕੁਝ ਸਮੇਂ ਲਈ ਹਿੰਦੋਸਤਾਨੀ ਗਵਾਚੇ ਰਹੇ ਪਰ ਉਨ੍ਹਾਂ ਅੰਗਰੇਜ਼ੀ ਰਾਜ ਸਾਹਮਣੇ ਅੱਜ ਤੱਕ ਹਥਿਆਰ ਨਹੀਂ ਸੁੱਟੇ। ਅੱਜ 1920 ਤੱਕ ਹਜ਼ਾਰਾਂ ਨੌਜਵਾਨਾਂ ਜਿਨ੍ਹਾਂ ਪਿਛਲੇ 25 ਸਾਲਾਂ ਤੋਂ ਮਹਾਨ ਕੁਰਬਾਨੀਆਂ ਕੀਤੀਆਂ, ਉਨ੍ਹਾਂ ਵਿਚ ਆਜ਼ਾਦੀ ਦੀ ਭਾਵਨਾ ਮਰੀ ਨਹੀਂ ਅਤੇ ਨਾ ਹੀ ਉਨ੍ਹਾਂ ਦੀਆਂ ਰਗਾਂ ਵਿਚਲਾ ਤੱਤਾ ਲਹੂ ਠੰਢਾ ਪਿਆ ਹੈ। ਅੰਮ੍ਰਿਤਸਰ ਦੀਆਂ ਘਟਨਾਵਾਂ ਨੇ ਉਨ੍ਹਾਂ ਵਿਚ ਜੋਸ਼ ਪੈਦਾ ਕੀਤਾ ਤੇ ਲਹੂ ਵਿਚ ਭਰ ਉਬਾਲ ਲਿਆਂਦਾ ਹੈ।

'ਫਰੈਂਡਜ਼ ਆਫ ਫਰੀਡਮ ਫਾਰ ਇੰਡੀਆ' ਦੀਆਂ ਸੁੱਕੀਆਂ ਹਮਦਰਦੀਆਂ ਹੀ ਹਿੰਦੋਸਤਾਨੀ ਇਨਕਲਾਬੀਆਂ ਦੇ ਨਾਲ ਨਹੀਂ ਹਨ; ਅਸੀਂ ਮੋਢੇ ਨਾਲ ਮੋਢਾ ਡਾਹ ਕੇ ਤੁਹਾਡੀ ਇਹ ਜੰਗ ਲੜਾਂਗੇ। ਬਿਨਾਂ ਸ਼ੱਕ ਹਿੰਦੋਸਤਾਨ ਵਿਚੋਂ ਅੰਗਰੇਜ਼ੀ ਸਾਮਰਾਜ ਦਾ ਖ਼ਾਤਮਾ ਕਰ ਦਿੱਤਾ ਜਾਵੇਗਾ। ਮੇਰਾ ਇਹ ਦਾਅਵਾ ਹੈ ਕਿ ਹਿੰਦੋਸਤਾਨ ਵਿਚੋਂ ਅੰਗਰੇਜ਼ੀ ਸਾਮਰਾਜ ਦੇ ਖਾਤਮੇ ਨਾਲ ਸਮੁੱਚੀ ਦੁਨੀਆ ਵਿਚੋਂ ਬਸਤੀਵਾਦ ਦਾ ਫਸਤਾ ਵੱਢਿਆ ਜਾਵੇਗਾ।"

ਅਮਰੀਕੀ ਅਖ਼ਬਾਰਾਂ ਵਿਚ ਇਸ ਕਾਂਡ ਨੂੰ ਇੰਨਾ ਉਭਾਰਿਆ ਗਿਆ ਕਿ ਦੁਨੀਆਂ ਭਰ ਵਿਚ ਅੰਗਰੇਜ਼ੀ ਰਾਜ ਬੁਰੀ ਤਰ੍ਹਾਂ ਭੰਡਿਆ ਗਿਆ। ਇੰਗਲੈਂਡ ਦੇ ਅਗਾਂਹ ਵਧੂ ਲੋਕਾਂ ਨੇ ਸਰਕਾਰ ਤੋਂ ਪੁੱਛਣਾ ਸ਼ੁਰੂ ਕਰ ਦਿੱਤਾ ਕਿ ਅੱਜ ਪੂਰੀ ਦੁਨੀਆਂ ਵਿਚ ਸਾਨੂੰ ਵਹਿਸ਼ੀ ਅਤੇ ਖ਼ੂਨੀ ਆਖਿਆ ਜਾ ਰਿਹਾ ਹੈ। ਕੀ ਕਾਰਨ ਹਨ? ਅਸੀਂ ਪੰਜਾਬ ਦੀਆਂ ਘਟਨਾਵਾਂ ਬਾਰੇ ਸੱਚਾਈ ਜਾਨਣਾ ਚਾਹੁੰਦੇ ਹਾਂ। ਲੋਕ ਦਬਾਅ ਅੱਗੇ ਅੰਮ੍ਰਿਤਸਰ ਕਾਂਡ ਦੀ ਪੜਤਾਲ ਲਈ ਮਿਸਟਰ ਹੰਟਰ ਦੀ ਅਗਵਾਈ ਹੇਠ ਕਮਿਸ਼ਨ ਬਣਾ ਦਿੱਤਾ ਗਿਆ ਪਰ ਬਰਤਾਨਵੀ ਸਰਕਾਰ ਹੰਟਰ ਕਮਿਸ਼ਨ ਦੀ ਰਿਪੋਰਟ ਬਾਰੇ ਲੋਕਾਂ ਨੂੰ ਸੱਚਾਈ ਦੱਸਣ ਤੋਂ ਝਿਜਕਦੀ ਰਹੀ। ਲੋਕ ਦਬਾਅ ਇੰਨਾ ਵਧ ਗਿਆ ਕਿ ਸਰਕਾਰ ਨੂੰ ਰਿਪੋਰਟ ਜਾਰੀ ਕਰਨੀ ਪਈ। 'ਦੀ ਕਰਾਨੀਕਲ' ਨੇ 16 ਦਸੰਬਰ 1919 ਨੂੰ ਹੰਟਰ ਕਮਿਸ਼ਨ ਦੀ ਰਿਪੋਰਟ ਦੇ ਕੁਝ ਅੰਸ਼ ਮੋਟੀ ਸੁਰਖੀ ਲਾ ਕੇ ਛਾਪੇ। ਇਹ ਅੰਸ਼ ਇਉਂ ਸਨ:

1. ਜਾਂਚ ਕਮਿਸ਼ਨ ਦੇ ਦਫ਼ਤਰ ਨੇ ਕਿਹਾ ਕਿ ਇਹ ਠੀਕ ਹੈ ਕਿ ਡਾਇਰ ਨੇ ਬਹੁਤ ਵੱਡਾ ਕਤਲੇਆਮ ਕੀਤਾ।

2. ਜਨਰਲ ਡਾਇਰ ਨੇ ਅਪਰੈਲ ਵਿਚ ਹੋਏ ਫਸਾਦਾਂ ਦੀ ਜਾਂਚ ਕਰ ਰਹੇ ਕਮਿਸ਼ਨ ਦੇ ਬੋਰਡ ਨੂੰ ਦੱਸਿਆ ਕਿ ਇਹ ਬਹੁਤ ਹੀ ਔਖਾ ਅਤੇ ਖ਼ਤਰਨਾਕ ਕੰਮ ਸੀ ਜੋ ਉਸ ਨੂੰ ਕਰਨਾ ਪਿਆ।

3. ਮੌਕੇ ਦੀਆਂ ਗਵਾਹੀਆਂ ਨੇ ਇਹ ਪੋਲ ਖੋਲ੍ਹ ਦਿੱਤੀ ਕਿ ਪੰਜਾਬ ਦੇ ਲੈਫਟੀਨੈਂਟ ਗਵਰਨਰ ਨੇ ਇਸ ਕਤਲੇਆਮ ਦੀ ਇਜਾਜ਼ਤ ਦਿੱਤੀ ਸੀ। ਇਸ ਨਾਲ ਪੱਛਮ ਦੇ ਆਧੁਨਿਕ ਇਤਿਹਾਸ ਵਿਚ ਇਕ ਹੋਰ ਖ਼ੂਨੀ ਕਾਂਡ ਜੁੜ ਗਿਆ।

ਐਲ.ਆਰ. ਮੁਰਡੌਕ ਦੁਆਰਾ ਲੰਡਨ ਤੋਂ 13 ਦਸੰਬਰ ਨੂੰ ਭੇਜੀ ਰਿਪੋਰਟ ਅਨੁਸਾਰ, "ਹਿੰਦੋਸਤਾਨ ਵਿਚ ਅੰਮ੍ਰਿਤਸਰ ਦੇ ਕਤਲੇਆਮ ਦੇ ਖ਼ੂਨੀ ਘਾਣ ਦੀ ਕਹਾਣੀ ਦੀ ਪੋਲ ਫਸਾਦਾਂ ਦੀ ਜਾਂਚ ਕਰ ਰਹੇ ਬਰਤਾਨਵੀ ਕਮਿਸ਼ਨ ਦੀ ਪੜਤਾਲ ਤੋਂ ਖੁੱਲ੍ਹ ਗਈ ਹੈ। ਰਿਪੋਰਟ ਦਰਸਾਉਂਦੀ ਹੈ ਕਿ ਬ੍ਰਿਟਿਸ਼ ਜਨਰਲ ਨੇ ਬੜੀ ਚਲਾਕੀ ਨਾਲ, ਸੋਚ-ਸਮਝ ਕੇ ਫੌਜ ਦੀ 50ਵੀਂ ਟੁਕੜੀ ਨੂੰ 5000 ਲੋਕਾਂ ਦੀ ਭੀੜ 'ਤੇ ਹਮਲਾ ਕਰਨ ਦਾ ਹੁਕਮ ਦਿੱਤਾ। (ਨੋਟ: ਕਈ ਅਖ਼ਬਾਰਾਂ ਦੇ ਕਾਲਮਨਵੀਸਾਂ ਨੇ ਇਹ ਗਿਣਤੀ ਦੁੱਗਣੀ ਵੀ ਦੱਸੀ ਹੈ)। ਉਹ ਉਦੋਂ ਤੱਕ ਗੋਲੀਆਂ ਚਲਾਉਂਦੇ ਰਹੇ ਜਦੋਂ ਤੱਕ ਉਨ੍ਹਾਂ ਕੋਲੋਂ ਸਭ ਗੋਲੀ-ਸਿੱਕਾ ਮੁੱਕ ਨਾ ਗਿਆ। 500 ਲੋਕ ਥਾਂ 'ਤੇ ਹੀ ਮਾਰੇ ਗਏ, 1500 ਜ਼ਖ਼ਮੀ ਹੋਏ। ਇਹ ਭਿਆਨਕ ਕਤਲੇਆਮ ਸੀ, ਨਿਹੱਥੇ ਲੋਕਾਂ ਦੇ ਲਹੂ ਦਾ ਘਾਣ ਜਿਹੜਾ ਪੱਛਮੀ ਫੌਜ ਨੇ ਦੁਨੀਆਂ ਦੇ ਆਧੁਨਿਕ ਇਤਿਹਾਸ ਵਿਚ ਕੀਤਾ।

ਮੌਕੇ ਦੀਆਂ ਗਵਾਹੀਆਂ ਤੋਂ ਇਹ ਪਤਾ ਲੱਗਦਾ ਹੈ ਕਿ ਖੁਦ ਬ੍ਰਿਟਿਸ਼ ਲੈਫਟੀਨੈਂਟ ਗਵਰਨਰ ਨੇ ਇਹ ਸਭ ਕੁਝ ਕਰਨ ਲਈ ਕਿਹਾ ਸੀ। ਹੁਣੇ-ਹੁਣੇ ਇਹ ਖ਼ਬਰ ਹਿੰਦੋਸਤਾਨ ਤੋਂ ਸਰਕਾਰ ਦੇ ਜਾਚ ਕਮਿਸ਼ਨ ਦੀ ਰਿਪੋਰਟ ਨਾਲ ਲੰਡਨ ਪਹੁੰਚੀ ਹੈ। ਇਹ ਕਮਿਸ਼ਨ ਅੱਜ-ਕੱਲ੍ਹ ਲਾਹੌਰ ਬੈਠਾ ਹੈ। ਰਿਪੋਰਟ ਹੈ: ਇਹ ਕਤਲੇਆਮ ਪਿਛਲੇ ਸਾਲ 13 ਅਪਰੈਲ ਨੂੰ ਅੰਮ੍ਰਿਤਸਰ ਵਿਚ ਹੋਇਆ ਹੈ। ਪਾਰਕ ਵਿਚ ਇਕੱਠੇ ਹੋਏ ਆਪਮੁਹਾਰਾ ਫਸਾਦੀਆਂ ਦੀ ਭੀੜ ਬਗਾਵਤੀ ਰੂਪ ਧਾਰ ਕੇ ਕਿਤੇ ਪੰਜਾਬ ਦੇ ਸਾਰੇ ਜ਼ਿਲ੍ਹਿਆਂ ਨੂੰ ਆਪਣੀ ਲਪੇਟ ਵਿਚ ਨਾ ਲੈ ਲਵੇ ਤੇ ਫਿਰ ਸਾਰੇ ਹਿੰਦੋਸਤਾਨ ਵਿਚ ਨਾ ਫੈਲ ਜਾਵੇ, ਉਸ ਨੂੰ ਪਹਿਲਾਂ ਹੀ ਦਬਾਉਣ ਦਾ ਹੁਕਮ ਦਿੱਤਾ ਗਿਆ ਸੀ।

ਜਨਰਲ ਡਾਇਰ ਦੀ ਕਮਿਸ਼ਨ ਸਾਹਮਣੇ ਆਪਣੀ ਗਵਾਹੀ ਮੁਤਾਬਕ ਉਹ ਇਸ ਵਾਕਿਆਤ ਤੋਂ ਪਹਿਲਾਂ ਹੀ 11 ਅਪਰੈਲ ਨੂੰ ਅੰਮ੍ਰਿਤਸਰ ਪਹੁੰਚ ਗਿਆ ਸੀ, ਭਾਵੇਂ ਅਜੇ ਮਾਰਸ਼ਲ ਲਾਅ ਦਾ ਐਲਾਨ ਨਹੀਂ ਸੀ ਕੀਤਾ ਗਿਆ। ਉਸ ਨੇ ਸਾਰਾ ਪ੍ਰਬੰਧ ਡਿਪਟੀ ਕਮਿਸ਼ਨਰ ਕੋਲੋਂ ਆਪਣੇ ਹੱਥ ਵਿਚ ਲੈ ਲਿਆ ਸੀ। ਉਸ ਨੂੰ ਦੱਸਿਆ ਗਿਆ ਸੀ ਕਿ ਲਾਹੌਰ ਸਮੇਤ ਪੰਜਾਬ ਦੇ ਬਹੁਤ ਸਾਰੇ ਜ਼ਿਲ੍ਹਿਆਂ ਦੀ ਹਾਲਤ ਬੜੀ ਹੀ ਖ਼ਤਰਨਾਕ ਅਤੇ ਵਿਸਫੋਟਕ ਬਣੀ ਹੋਈ ਹੈ। ਜਲਸੇ, ਜਲੂਸ ਕੱਢਣ ਅਤੇ ਮੀਟਿੰਗਾਂ ਕਰਨ ਨੂੰ ਤੁਰੰਤ ਬੰਦ ਕਰ ਦੇਣ ਦਾ ਹੁਕਮ ਦੇ ਦਿੱਤਾ ਗਿਆ। 13 ਅਪਰੈਲ ਨੂੰ ਉਸ ਨੇ ਹਜ਼ੂਮ ਨੂੰ ਕਿਹਾ ਕਿ ਅੰਮ੍ਰਿਤਸਰ ਵਿਚ ਜਲਸੇ ਜਲੂਸ ਅਤੇ ਮੀਟਿੰਗਾਂ ਕਰਨ 'ਤੇ ਪਾਬੰਦੀ ਲਾ ਦਿੱਤੀ ਗਈ ਹੈ। ਜੋ ਵੀ ਜਲਸਾ ਜਾਂ ਮੀਟਿੰਗ ਕਰੇਗਾ ਤਾਂ ਬਿਨਾ ਚਿਤਾਵਨੀ ਦਿੱਤਿਆਂ ਗੋਲੀ ਚਲਾ ਦਿੱਤੀ ਜਾਵੇਗੀ।

ਪਿੱਛੋਂ ਉਸ ਨੂੰ ਇਤਲਾਹ ਦਿੱਤੀ ਗਈ ਕਿ ਜਲ੍ਹਿਆਂ ਵਾਲੇ ਬਾਗ ਵਿਚ ਬਹੁਤ ਵੱਡਾ ਇਕੱਠ ਹੋਇਆ ਹੋਇਆ ਹੈ। ਉਸ ਨੇ ਸੋਚਿਆ ਕਿ ਇਹ ਇਕੱਠ ਅਤੇ ਜਲਸਾ ਨਿਰਾ ਉਸ ਦੀ ਹੁਕਮ ਅਦੂਲੀ ਨਹੀਂ, ਸਗੋਂ ਖੁੱਲ੍ਹਮ-ਖੁੱਲ੍ਹਾ ਵਿਦਰੋਹ ਹੈ। ਉਹ 25ਵੀਂ ਬ੍ਰਿਟਿਸ਼ ਰਾਈਫਲ, 25ਵੀਂ ਇੰਡੀਅਨ

**ਗਦਰ ਸ਼ਤਾਬਦੀ**

ਰਾਈਫਲ, 50ਵੀਂ ਗੋਰਖਾ ਹਥਿਆਰਬੰਦ ਫੌਜੀ ਟੁਕੜੀਆਂ ਨਾਲ ਉਸ ਥਾਂ 'ਤੇ ਪਹੁੰਚ ਗਿਆ, ਜਿੱਥੇ ਕੋਈ ਅਣਜਾਣਿਆ ਆਗੂ ਪੰਜ ਹਜ਼ਾਰ ਲੋਕਾਂ ਦੀ ਭੀੜ ਨੂੰ ਸੰਬੋਧਨ ਕਰ ਰਿਹਾ ਸੀ।

**ਤੁਰੰਤ ਗੋਲੀ ਚਲਾਉਣ ਦਾ ਹੁਕਮ:** ਜਨਰਲ ਡਾਇਰ ਨੇ ਆਪਣਾ ਬਿਆਨ ਜਾਰੀ ਰੱਖਦਿਆਂ ਆਖਿਆ, "ਮੈਂ ਆਪਣੇ ਆਦਮੀਆਂ ਨੂੰ ਝੱਟ ਤਿਆਰ ਰਹਿਣ ਲਈ ਆਖਿਆ ਅਤੇ 30 ਸਕਿੰਟਾਂ ਵਿਚ ਉਨ੍ਹਾਂ ਨੂੰ ਗੋਲੀ ਚਲਾਉਣ ਦਾ ਹੁਕਮ ਦੇ ਦਿੱਤਾ ਗਿਆ। ਗੋਲੀ ਲਗਾਤਾਰ ਦਸ ਮਿੰਟ ਤੱਕ ਚੱਲੀ। ਮੇਰਾ ਮਕਸਦ ਉਨ੍ਹਾਂ ਨੂੰ ਚੰਗੀ ਤਰ੍ਹਾਂ ਸਬਕ ਸਿਖਾਉਣਾ ਸੀ। ਮਾੜੀ ਠਾਹ-ਠੂਹ ਇਸ ਮਕਸਦ ਦੀ ਪੂਰਤੀ ਲਈ ਸਾਰਥਕ ਨਹੀਂ ਸੀ ਹੋ ਸਕਦੀ।"

ਫੌਜੀ ਜਰਨੈਲ ਨੇ ਮੰਨਿਆ ਕਿ ਉਹਨੇ ਗੋਲੀ ਚਲਾਉਣ ਤੋਂ ਪਹਿਲਾਂ ਭੀੜ ਨੂੰ ਕੋਈ ਚਿਤਾਵਨੀ ਨਹੀਂ ਸੀ ਦਿੱਤੀ। ਉਸ ਨੂੰ ਪੁੱਛਿਆ ਗਿਆ ਕਿ ਕੀ ਕਾਰਨ ਸਨ, ਲੋਕਾਂ ਦੀ ਭੀੜ ਨਹੀਂ ਸੀ ਨਿਖੜਦੀ ਅਤੇ ਜ਼ਰੂਰੀ ਗੋਲੀ ਚਲਾਉਣੀ ਪਈ।

ਜਨਰਲ ਡਾਇਰ, "ਮੇਰੇ ਵਿਚਾਰ ਮੁਤਾਬਕ ਇਹ ਸੰਭਵ ਸੀ ਅਤੇ ਮੈਂ ਕਈ ਵਾਰ ਬਿਨਾਂ ਗੋਲੀ ਚਲਾਉਣ ਦੇ ਲੋਕਾਂ ਦੀ ਭੀੜ ਨੂੰ ਨਿਖੇੜਨ ਦੀ ਕੋਸ਼ਿਸ਼ ਕੀਤੀ ਪਰ ਉਹ ਮਰਦੂਦ ਫਿਰ ਆਣ ਇਕੱਠੇ ਹੋ ਜਾਂਦੇ ਅਤੇ ਹੱਸਣ ਲੱਗ ਪੈਂਦੇ। ਮੇਰਾ ਮਖੌਲ ਉਡਾਉਂਦੇ। ਮੈਨੂੰ ਲੱਗਾ ਕਿ ਮੈਂ ਆਪਣਾ ਮਖੌਲ ਆਪ ਹੀ ਉਡਾ ਰਿਹਾ ਹਾਂ। ਮੈਂ ਉਨ੍ਹਾਂ ਸਾਹਮਣੇ ਫੌਜੀ ਅਫਸਰ ਦੇ ਰੂਪ ਵਿਚ ਬਹੁ-ਰੂਪੀਆ ਖੜ੍ਹਾ ਹਾਂ। ਮੇਰੇ ਖਿਆਲ ਵਿਚ ਅੰਮ੍ਰਿਤਸਰ ਦੇ ਹਾਲਾਤ ਬਹੁਤ ਗੰਭੀਰ ਸਨ। ਮੈਂ ਬਾਗੀ ਹੋਈ ਭੀੜ ਨੂੰ ਦੇਖ ਕੇ ਫੈਸਲਾ ਕਰ ਲਿਆ ਕਿ ਹੁਣ



*ਏਮਨ ਡੀ. ਵਲੇਰਾ*

ਗੋਲੀ, ਤੇ ਸਿਰਫ਼ ਗੋਲੀ ਚਲਾਉਣਾ ਹੀ ਠੀਕ ਹੈ ਤੇ ਇਹ ਹੀ ਮੇਰਾ ਸਹੀ ਫ਼ਰਜ਼ ਹੈ।"

ਲਾਰਡ ਹੰਟਰ ਜਿਹੜਾ ਪੜਤਾਲੀਆ ਕਮਿਸ਼ਨ ਦਾ ਚੇਅਰਮੈਨ ਸੀ, ਨੇ ਜਨਰਲ ਨੂੰ ਪੁੱਛਿਆ, "ਕੀ ਇਸ ਤੋਂ ਇਲਾਵਾ ਕੋਈ ਹੋਰ ਰਾਹ ਵੀ ਸੀ?"

ਜਨਰਲ ਡਾਇਰ ਨੇ ਜਵਾਬ ਦਿੱਤਾ, "ਨਹੀਂ ਸ੍ਰੀਮਾਨ ਜੀ, ਮੈਂ ਆਪਣੇ ਫਰਜ਼ ਅਤੇ ਆਪਣੀ ਡਿਊਟੀ ਨੂੰ ਹੀ ਦੇਖਿਆ। ਇਹ ਬਹੁਤ ਹੀ ਔਖਾ ਅਤੇ ਖ਼ਤਰਨਾਕ ਕੰਮ ਸੀ।"

ਜਨਰਲ ਡਾਇਰ ਨੇ ਦ੍ਰਿੜਤਾ ਨਾਲ ਕਿਹਾ ਕਿ 1,650 ਗੋਲੀਆਂ ਚਲਾਈਆਂ ਗਈਆਂ ਜਿਸ ਨਾਲ 400 ਤੋਂ 500 ਲੋਕ ਮਾਰੇ ਗਏ ਅਤੇ 1500 ਜ਼ਖ਼ਮੀ ਹੋ ਗਏ। ਉਸ ਨੇ ਮੰਨਿਆ ਕਿ ਸਿਪਾਹੀ ਉਦੋਂ ਤੱਕ ਗੋਲੀਆਂ ਚਲਾਉਂਦੇ ਰਹੇ ਜਿੰਨੀ ਦੇਰ ਤੱਕ ਉਨ੍ਹਾਂ ਦਾ ਸਾਰਾ ਗੋਲੀ-ਸਿੱਕਾ ਮੁੱਕ ਨਾ ਗਿਆ। ਉਸ ਨੇ ਕਿਹਾ ਕਿ ਉਸ ਨੇ ਪੱਕਾ ਇਰਾਦਾ ਬਣਾ ਲਿਆ ਸੀ ਕਿ ਜੇ ਹੁਣ ਹੁਕਮ ਅਦੂਲੀ ਕੀਤੀ ਗਈ ਤਾਂ ਉਹ ਸਿੱਧੀਆਂ ਗੋਲੀਆਂ ਚਲਾਵੇਗਾ। ਉਸ ਨੇ ਆਪਣਾ ਮਨ ਚੰਗੀ ਤਰ੍ਹਾਂ ਪੱਕਾ ਕਰ ਲਿਆ ਸੀ ਕਿ ਉਹ ਸਖ਼ਤ ਕਾਰਵਾਈ ਕਰੇਗਾ।

ਜਸਟਿਸ ਰੇਨਕਨ ਜਿਹੜਾ ਕਮਿਸ਼ਨ ਦਾ

ਮੈਂਬਰ ਸੀ, ਨੇ ਪੁੱਛਿਆ, "ਕੀ ਇਹ ਇਕ ਭਿਆਨਕ ਕਾਰਾ ਨਹੀਂ ਸੀ?"

ਜਨਰਲ ਡਾਇਰ ਨੇ ਕਿਹਾ ਕਿ ਉਹ ਉਹਦੀ ਹੁਕਮ ਅਦੂਲੀ ਕਰਦੇ ਸਨ ਅਤੇ ਮੇਰਾ ਮਤਲਬ ਉਨ੍ਹਾਂ ਨੂੰ ਸਜ਼ਾ ਦੇਣ ਅਤੇ ਸਬਕ ਸਿਖਾਉਣ ਤੋਂ ਸੀ। ਉਸ ਨੇ ਇਹ ਵੀ ਕਿਹਾ ਕਿ ਫੌਜੀ ਨੁਕਤਾ-ਨਿਗਾਹ ਤੋਂ ਵਿਖਾਵਾਕਾਰੀਆਂ ਦੀ ਤਾਕਤ ਪੂਰੇ ਪੰਜਾਬ ਵਿਚ ਅਸਰ ਪੈਦਾ ਕਰਨ ਵਾਲੀ ਸੀ।

ਕਮਿਸ਼ਨ ਦੇ ਇਕ ਮੈਂਬਰ ਨੇ ਲਾਹੌਰ ਤੋਂ ਬਰਤਾਨਵੀ ਲੈਫਟੀਨੈਂਟ ਗਵਰਨਰ ਦੀ ਤਾਰ ਜੋ ਜਨਰਲ ਡਾਇਰ ਨੂੰ ਭੇਜੀ ਗਈ ਸੀ, ਪੜ੍ਹੀ ਜਿਸ ਵਿਚ ਲਿਖਿਆ ਸੀ, "ਤੇਰਾ ਇਹ ਕੰਮ ਬਿਲਕੁਲ ਸਹੀ ਹੈ।" -ਲੈਫਟੀਨੈਂਟ ਗਵਰਨਰ (ਸਹੀ)

ਪੰਜਾਬ ਦੇ ਲੈਫਟੀਨੈਂਟ ਗਵਰਨਰ ਸਰ ਮਾਈਕਲ ਓ'ਡਵਾਇਰ ਜਿਸ ਦੀ ਨਿਯੁਕਤੀ 1893 ਵਿਚ ਕੀਤੀ ਗਈ ਸੀ। (ਬਾਅਦ ਵਿਚ ਏਸੇ ਨੂੰ ਹੀ ਊਧਮ ਸਿੰਘ ਨੇ ਲੰਡਨ ਜਾ ਕੇ ਮਾਰਿਆ ਸੀ)।

**ਢਿੱਡ ਭਾਰ ਰਿੜ੍ਹਨ ਲਈ ਮਜਬੂਰ ਕਰਨਾ:** ਮੌਕੇ ਦੀਆਂ ਵਾਰਦਾਤਾਂ ਤੋਂ ਪਤਾ ਲੱਗਾ ਹੈ ਕਿ ਲੋਕਾਂ ਦੀ ਭੀੜ ਨੇ ਗੁੱਸੇ ਵਿਚ ਆ ਕੇ ਡਾਕ-ਤਾਰ ਦੀਆਂ ਸੇਵਾਵਾਂ ਨੂੰ ਤੋੜ-ਫੋੜ ਦਿੱਤਾ, ਰੇਲਵੇ ਦੇ ਗੁਦਾਮ ਨੂੰ ਅੱਗ ਲਾ ਕੇ ਨਸ਼ਟ ਕਰ ਦਿੱਤਾ। ਇਕ ਰੇਲਵੇ ਗਾਰਡ ਅਤੇ ਦੋ ਬੈਂਕ ਮੁਲਾਜ਼ਮਾਂ ਨੂੰ ਮਾਰ ਕੇ ਸਾੜ ਦਿੱਤਾ। ਇਕ ਬੈਂਕ ਮੈਨੇਜਰ ਦਾ ਕਤਲ ਕਰ ਦਿੱਤਾ ਗਿਆ। ਸਰਕਾਰੀ ਦਫ਼ਤਰ ਅਤੇ ਇਕ ਹਿੰਦੋਸਤਾਨੀ ਗਿਰਜਾ ਘਰ ਨੂੰ ਅੱਗ ਲਾ ਦਿੱਤੀ ਗਈ।

ਜਨਰਲ ਡਾਇਰ ਦੀ ਗਵਾਹੀ ਮੁਤਾਬਕ ਉਹਨੇ ਅੰਗਰੇਜ਼ ਮਿਸ਼ਨਰੀ ਦਾ ਬਦਲਾ ਲੈਣ ਲਈ ਇਹ ਕਾਰਾ ਕੀਤਾ ਕਿਉਂਕਿ ਲੋਕਾਂ ਨੇ ਮਿਸ਼ਨਰੀ ਨਾਲ ਬਹੁਤ ਬੁਰਾ ਕੀਤਾ ਸੀ। ਉਸ ਨੇ ਆਪਣੀ ਫੌਜੀ ਟੁਕੜੀ ਨਾਲ ਅੰਮ੍ਰਿਤਸਰ ਦੀਆਂ ਗਲੀਆਂ ਬਾਜ਼ਾਰਾਂ ਵਿਚ ਪਿਕਟਿੰਗ ਕੀਤੀ ਅਤੇ ਕਿਸੇ ਵੀ ਹਿੰਦੋਸਤਾਨੀ ਨੂੰ ਬਗੈਰ ਢਿੱਡ ਭਾਰ ਰਿੜ੍ਹ ਕੇ ਲੰਘਣ ਦੀ ਇਜਾਜ਼ਤ ਨਹੀਂ ਦਿੱਤੀ।

ਜਨਰਲ ਡਾਇਰ ਦਾ ਇਹ ਜ਼ੁਲਮ ਗਰਭਵਤੀ ਔਰਤਾਂ, ਬੱਚਿਆਂ, ਬੁੱਢਿਆਂ ਅਤੇ ਆਮ ਲੋਕਾਂ 'ਤੇ ਵਰਤਿਆ। ਉਸ ਦੇ ਜ਼ੁਲਮ ਨੇ ਪੂਰੀ ਦੁਨੀਆਂ ਨੂੰ ਝੰਜੋੜ ਕੇ ਰੱਖ ਦਿੱਤਾ ਜਿਸ ਨੇ ਦੁਨੀਆਂ ਨੂੰ ਤਹਿਜ਼ੀਬ ਸਿਖਾਉਣ ਵਾਲੀ ਪੱਛਮ ਦੀ ਸੱਭਿਅਤਾ ਦੇ ਮੂੰਹ 'ਤੇ ਕਾਲਖ ਮਲ ਦਿੱਤੀ।

'ਦੀ ਕਰਾਨੀਕਲ' ਦੀ ਰਿਪੋਰਟ ਮੁਤਾਬਕ:

1. ਹਿੰਦੋਸਤਾਨ ਵਿਚ ਹੋਏ ਕਤਲੇਆਮ ਦਾ ਪਤਾ ਲੱਗਣ 'ਤੇ ਬਰਤਾਨਵੀ ਪਬਲਿਕ ਹੈਰਾਨ ਰਹਿ ਗਈ।

2. ਸਰਕਾਰ ਨੇ ਅੱਠ ਮਹੀਨੇ ਅਸਲੀਅਤ ਨੂੰ ਦਬਾਈ ਰੱਖਿਆ। ਲੋਕਾਂ ਨੇ ਤੁਰੰਤ ਵਿਆਖਿਆ ਦੀ ਮੰਗ ਕੀਤੀ।

ਫੋਰਬੇਸ ਡਬਲਿਯੂ. ਫੇਅਰਬੈਰਨ ਦੁਆਰਾ ਭੇਜੀ ਰਿਪੋਰਟ (15 ਦਸੰਬਰ ਸਪੈਸ਼ਲ ਕੇਬਲ ਡਿਸਪੈਚ): ਬਰਤਾਨਵੀ ਸਰਕਾਰ ਨੇ ਅੰਮ੍ਰਿਤਸਰ ਵਿਚ ਪੱਛਮੀ ਫੌਜ ਵੱਲੋਂ ਨਿਹੱਥੇ ਲੋਕਾਂ ਦੇ ਕਤਲ 'ਤੇ ਬੇਸ਼ਰਮੀ ਭਰੀ ਚੁੱਪ ਧਾਰ ਰੱਖੀ ਹੈ। ਸਰਕਾਰ ਨੇ ਪੂਰੇ ਅੱਠ ਮਹੀਨੇ ਸੱਚਾਈ ਨੂੰ ਦਬਾਈ ਰੱਖਿਆ। ਦੋ ਦਿਨ ਪਹਿਲਾਂ ਹੀ ਇਨਕੁਆਰੀ ਕਰ ਰਹੇ ਕਮਿਸ਼ਨ ਤੋਂ ਲੰਡਨ ਦੇ ਨਿਊਜ਼ ਪੇਪਰਾਂ ਨੂੰ ਪਤਾ ਲੱਗਾ ਹੈ। ਬਰਤਾਨਵੀ ਲੋਕ ਬੜੀ ਮੁਸ਼ਕਲ ਨਾਲ ਥੋੜ੍ਹੀ ਜਿਹੀ ਸੱਚਾਈ ਜਾਣ ਸਕੇ ਹਨ। ਉਨ੍ਹਾਂ ਪੂਰੀ ਸੱਚਾਈ ਲੋਕਾਂ ਸਾਹਮਣੇ ਪੇਸ਼ ਕਰਨ ਲਈ ਸਰਕਾਰ ਤੋਂ ਜ਼ੋਰਦਾਰ ਮੰਗ ਕੀਤੀ ਹੈ। ਉਹ ਹੈਰਾਨ ਰਹਿ ਗਏ, ਜਦੋਂ ਉਨ੍ਹਾਂ ਨੂੰ ਪਤਾ ਲੱਗਾ ਕਿ ਜਨਰਲ ਡਾਇਰ ਨੇ ਉਦੋਂ ਤੱਕ ਲੋਕਾਂ 'ਤੇ ਗੋਲੀ ਚਲਾਈ ਜਦ ਤੱਕ ਸਾਰਾ ਅਸਲਾ ਮੁਕ ਨਹੀਂ ਗਿਆ। ਉਸ ਨੇ ਫੌਜ ਨੂੰ ਹੁਕਮ ਦਿੱਤਾ ਕਿ ਮਰਿਆਂ ਜਾਂ ਮਰ ਰਹੇ ਜ਼ਖ਼ਮੀਆਂ ਨੂੰ ਇਸੇ ਤਰ੍ਹਾਂ ਹੀ ਪਏ ਰਹਿਣ ਦਿਓ।

ਮਾਨਚੈਸਟਰ ਤੋਂ 'ਗਾਰਡੀਅਨ' ਨੇ ਟਿੱਪਣੀ ਕੀਤੀ ਕਿ ਜਨਰਲ ਡਾਇਰ ਆਪਣੇ ਕੰਮ ਤੋਂ ਪੂਰੀ ਤਰ੍ਹਾਂ ਸੰਤੁਸ਼ਟ ਸੀ। ਇਉਂ ਕੋਈ ਪਾਗਲ ਬੰਦਾ ਹੀ ਕਰ ਸਕਦਾ ਹੈ। ਏਡੇ ਵੱਡੇ ਕਤਲੇਆਮ 'ਤੇ ਕੋਈ



ਐਗਨੈਸ ਸਮੈਡਲੀ

ਅਫਸੋਸ ਨਹੀਂ। 'ਦੀ ਡੇਲੀ ਹੇਰਾਲਡ' ਨੇ ਕਿਹਾ, "ਅਸੀਂ ਬੇਸ਼ਕ ਜਰਮਨ ਫੌਜੀਵਾਦ ਨੂੰ ਹਾਰ ਦਿੱਤੀ ਹੈ ਅਤੇ ਸਾਨੂੰ ਇਕ ਮਿਲੀਅਨ (ਦਸ ਲੱਖ) ਦੀ ਕੁਰਬਾਨੀ ਦੇਣੀ ਪਈ। ਕੀ ਉਥੇ ਵੀ ਜਰਮਨੀ ਵਾਂਗ ਜੰਗ ਮਚੀ ਤੇ ਅਸੀਂ ਆਪਣੇ ਕਿੰਨੇ ਫੌਜੀ ਤੇ ਸਿਵਲੀਅਨ ਲੋਕ ਗਵਾਏ? ਜਿਸ ਤਰ੍ਹਾਂ ਹਿੰਦੋਸਤਾਨ ਵਿਚ ਵਾਪਰਿਆ, ਉਸੇ ਤਰ੍ਹਾਂ ਹੀ ਆਇਰਲੈਂਡ ਵਿਚ ਹੋਇਆ ਜਦੋਂ ਉਨ੍ਹਾਂ ਹੋਮ ਰੂਲ ਦੀ ਮੰਗ ਕੀਤੀ, ਤੇ ਅਨਰਥ ਹੋ ਗਿਆ।" ਲੰਡਨ ਵਿਚ ਰਹਿ ਰਹੇ ਹਿੰਦੋਸਤਾਨੀਆਂ ਨੇ ਆਖਿਆ ਕਿ ਇਹ ਅੰਮ੍ਰਿਤਸਰ ਵਿਚ ਹੀ ਨਹੀਂ, ਕਈ ਹੋਰ ਥਾਂਈਂ ਵੀ ਅਜਿਹਾ ਦੁਖਾਂਤ ਵਾਪਰਿਆ ਹੈ। ਸਿਰਫ਼ ਟੋਰੀ 'ਮੌਰਨਿੰਗ ਪੋਸਟ' ਹੀ ਇਕੋ-ਇਕ ਬ੍ਰਿਟਿਸ਼ ਅਖ਼ਬਾਰ ਹੈ ਜਿਸ ਨੇ ਇਸ ਕਤਲੇਆਮ ਨੂੰ ਠੀਕ ਕਿਹਾ ਕਿ ਬਗਾਵਤ ਨੂੰ ਸਾਰੇ ਪਾਸੇ ਫੈਲਣ ਤੋਂ ਰੋਕਣ ਲਈ ਇਹ ਜ਼ਰੂਰੀ ਸੀ।

ਜਦੋਂ ਸਾਰੇ ਪਾਸਿਆਂ ਤੋਂ ਸਰਕਾਰ ਦੀ ਭੰਡੀ ਹੋਈ ਤਾਂ ਜਨਰਲ ਡਾਇਰ ਨੂੰ ਅਸਤੀਫ਼ਾ ਦੇਣ ਦਾ ਹੁਕਮ ਦੇ ਦਿੱਤਾ ਗਿਆ। ਡਾਇਰ ਨੇ ਆਪਣਾ ਪੱਖ ਪੇਸ਼ ਕਰਦਿਆਂ ਕਿਹਾ, "ਇੱਟ ਵਾਜ਼ ਮਾਈ ਡਰਟੀ ਡਿਊਟੀ। ਆਈ ਡਿਡ ਮਾਈ ਡਰਟੀ ਡਿਊਟੀ।"

'ਗੈਲਕ ਨਿਊ ਯਾਰਕ' ਨੇ ਆਪਣੇ 15 ਮਈ 1920 ਦੇ ਪਰਚੇ ਵਿਚ ਸੁਰਖੀ ਹੇਠ ਆਪਣਾ ਪ੍ਰਤੀਕਰਮ ਛਾਪਿਆ, "ਜਨਰਲ ਡਾਇਰ'ਜ਼ 'ਮਾਈ ਡਰਟੀ ਡਿਊਟੀ'। ਬੁੱਚਰ ਔਫ ਅੰਮ੍ਰਿਤਸਰ ਸੇਅ'ਜ਼ ਹੀ ਸਲੌਟਰਡ ਇੰਡੀਅਨ ਮੈਨ, ਵਿਮੈਨ ਐਂਡ ਚਿਲਡਰਨ ਟੂ ਸੇਵ ਬ੍ਰਿਟਿਸ਼ ਐਮਪਾਇਰ।" ਜਨਰਲ ਡਾਇਰ ਅੱਜ ਹੀ ਉਸ ਦੇ ਖ਼ਿਲਾਫ਼ ਹੋਏ ਫੈਸਲੇ 'ਤੇ ਆਪਣਾ ਰੋਸ ਪ੍ਰਗਟ ਕਰਨ ਲਈ ਲੰਡਨ ਪਹੁੰਚਿਆ ਹੈ। ਉਸ ਨੇ ਕਿਹਾ, "ਮੈਂ ਸਿਪਾਹੀ ਹਾਂ ਅਤੇ ਮੈਂ ਇਹ ਫੈਸਲਾ ਕਰਨ ਲਈ ਸਿਰਫ਼ 30 ਸੈਕਿੰਟਾਂ ਦਾ ਸਮਾਂ ਲਿਆ ਕਿ ਪੰਜਾਬ ਵਿਚ ਬ੍ਰਿਟਿਸ਼ ਰਾਜ ਨੂੰ ਬਚਾਉਣ ਲਈ ਗੋਲੀ ਚਲਾਉਣੀ ਜ਼ਰੂਰੀ ਸੀ। ਮੈਂ ਬਰਤਾਨਵੀ ਰਾਜ ਨੂੰ ਬਚਾਉਣ ਲਈ ਤੇ ਹਿੰਦੋਸਤਾਨ ਵਿਚ ਅੰਗਰੇਜ਼ੀ ਸਾਮਰਾਜ ਨੂੰ ਕਾਇਮ ਰੱਖਣ ਲਈ ਅਤੇ ਉਨ੍ਹਾਂ ਅੰਗਰੇਜ਼ ਆਦਮੀਆਂ ਅਤੇ ਔਰਤਾਂ ਦੇ ਬਚਾਅ ਲਈ ਗੋਲੀ ਚਲਾਈ ਜਿਹੜੇ ਮੇਰੀ ਸੁਰੱਖਿਆ ਹੇਠ ਸਨ। ਮੈਂ ਹੁਣ ਹਰ ਉਸ ਅੰਗਰੇਜ਼ ਆਦਮੀ ਨੂੰ ਦੱਸਣ ਜਾਵਾਂਗਾ ਜਿਨ੍ਹਾਂ ਨੂੰ ਮੈਂ ਹਿੰਦੋਸਤਾਨ ਵਿਚ ਮਿਲਿਆ ਸੀ ਅਤੇ ਉਨ੍ਹਾਂ ਮੇਰੇ ਇਸ ਖ਼ਤਰਨਾਕ ਕੰਮ ਨੂੰ ਨੇਪਰੇ ਚਾੜ੍ਹਨ ਲਈ ਠੀਕ ਕਿਹਾ ਸੀ ਅਤੇ ਸਲਾਹਿਆ ਸੀ। ਜੇ ਮੈਂ ਗੋਲੀ ਚਲਾਉਣ ਦਾ ਹੁਕਮ ਨਾ ਦਿੰਦਾ ਤਾਂ ਕੀ ਭਾਣਾ ਵਾਪਰਦਾ? ਮੇਰੀ ਗਿਣਤੀ ਦੀ ਫੌਜ ਨੇ ਤਾਂ ਕੱਖਾਂ-ਕਾਨਿਆਂ ਵਾਂਗ ਉਡ ਜਾਣਾ ਸੀ ਜਿਸ ਤਰ੍ਹਾਂ ਝੱਖੜ ਅੱਗੇ ਤੀਲੇ ਉਡਦੇ ਨੇ। ਹਜ਼ਾਰਾਂ ਲੋਕ ਸ਼ਹਿਰ ਵਿਚ ਮਾਰਚ ਕਰ ਰਹੇ ਸਨ। ਉਸ ਵਕਤ ਤਾਂ ਮੈਨੂੰ ਅਧਿਕਾਰੀਆਂ ਨੇ ਕੋਈ ਗਲਤ ਨਹੀਂ ਕਿਹਾ ਅਤੇ ਖੁਸ਼ ਹੋ ਕੇ ਮੈਨੂੰ ਹੋਰ ਅਜਿਹੇ ਓਪਰੇਸ਼ਨ ਕਰਨ ਲਈ ਕਮਾਂਡ ਦਿੱਤੀ ਤੇ ਮੈਂ ਆਪਣੀ ਤਨਦੇਹੀ ਨਾਲ ਉਨ੍ਹਾਂ ਨੂੰ ਪੂਰਿਆਂ ਕੀਤਾ। ਹੁਣ ਮੈਨੂੰ ਲਾਰਡ ਕਮਿਸ਼ਨ ਗਲਤ ਦੱਸ ਰਿਹਾ ਹੈ; ਇਸ ਕਰਕੇ ਮੇਰਾ ਕੋਰਟ ਮਾਰਸ਼ਲ ਹੋਣਾ ਚਾਹੀਦਾ ਸੀ, ਪਰ ਇਸ ਬਾਰੇ ਉਥੇ ਉਨ੍ਹਾਂ ਕੁਝ ਵੀ ਨਹੀਂ ਕਿਹਾ।"

ਜਨਰਲ ਡਾਇਰ ਦੇ ਬਿਆਨ 'ਆਈ ਡਿਡ ਮਾਈ ਡਰਟੀ ਡਿਊਟੀ' ਨੂੰ ਆਧਾਰ ਬਣਾ ਕੇ ਜੋਸ ਓ ਹੇਲੋਰੇਨ ਨੇ ਕਵਿਤਾ ਲਿਖੀ ਜਿਸ ਨੂੰ 'ਦੀ ਆਇਰਸ਼ ਵਰਲਡ' ਨੇ 5 ਜੂਨ 1920 ਨੂੰ ਛਾਪਿਆ- "ਮੈਂ ਆਪਣਾ ਇਹ ਘਟੀਆ ਕੰਮ ਅੰਗਰੇਜ਼ੀ ਸਾਮਰਾਜ ਦਾ ਵਫ਼ਾਦਾਰ ਕੁੱਤਾ ਹੋਣ ਕਰਕੇ ਆਪਣੇ ਫਰਜ਼ ਤਹਿਤ ਕੀਤਾ ਹੈ।"

ਜਨਰਲ ਡਾਇਰ!
ਤੂੰ ਉਹ ਖੂੰਖਾਰ ਭੇੜੀਆ ਹੈਂ
ਜਿਸ ਨੇ ਆਦਮੀਆਂ, ਔਰਤਾਂ
ਅਤੇ ਬੱਚਿਆਂ ਨੂੰ ਪਾੜ ਸੁੱਟਿਆ ਹੈ।
1500 ਜ਼ਖ਼ਮੀ ਹਿੰਦੀ ਤੇਰੇ ਰਾਜ ਦੇ
ਕੀਰਨੇ ਪਾਉਂਦੇ ਹਨ
ਤੇ ਦੁਨੀਆਂ ਅਜਿਹੇ ਰਾਜ 'ਤੇ
ਥੂਹ-ਥੂਹ ਕਰਦੀ ਹੈ।

#

# ਹਿੰਦ ਦੀ ਸ਼ਾਨ ਉਚੀ ਕਰਨ ਵਾਲਾ ਮੇਰਾ ਸਾਥੀ ਕਰਨੈਲ ਸਿੰਘ ਈਸੜੂ

ਕਲਿਆਣ ਦੇ ਸਟੇਸ਼ਨ 'ਤੇ ਮੁੰਬਈ ਤੋਂ ਗੱਡੀ ਵਾਪਸ ਆ ਕੇ ਪੂਨੇ ਜਾਣ ਲਈ ਰੁਕੀ। ਪਲੇਟਫਾਰਮ ਸਤਿਆਗ੍ਰਹੀਆਂ ਤੇ ਉਨ੍ਹਾਂ ਨੂੰ ਵਿਦਾ ਕਰਨ ਵਾਲਿਆਂ ਨਾਲ ਭਰਿਆ ਹੋਇਆ ਸੀ। ਮੈਂ ਸਾਥੀਆਂ ਸਮੇਤ ਨਾਰੇ ਲਾਉਣ ਪਲੇਟਫਾਰਮ 'ਤੇ ਉਤਰ ਆਇਆ। ਭੀੜ 'ਚੋਂ ਇਕ ਸਾਥੀ ਨਿਕਲ ਕੇ ਮੇਰੇ ਕੋਲ ਆਇਆ ਤੇ ਕਿਹਾ, "ਮੈਂ ਲੁਧਿਆਣਿਓਂ ਤੁਹਾਡੇ ਜਥੇ ਵਿਚ ਸ਼ਾਮਲ ਹੋਣ ਲਈ ਆਇਆ ਹਾਂ ਤੇ ਮੇਰੇ ਨਾਲ ਇਕ ਸਾਥੀ ਹੋਰ ਹੈ।" ਇਹ ਦੋਨੋਂ



**ਪੰਡਿਤ ਕਿਸ਼ੋਰੀ ਲਾਲ**

ਕਲਿਆਣੋਂ ਸਾਡੇ ਨਾਲ ਗੱਡੀ ਵਿਚ ਸਵਾਰ ਹੋ ਗਏ। ਗੱਡੀ ਤੁਰੀ ਤਾਂ ਇਕ ਸਾਥੀ ਨੇ ਕਹਿਣਾ ਸ਼ੁਰੂ ਕੀਤਾ, "ਮੈਂ ਜਗਰਾਉਂ ਦੇ ਬੇਸਿਕ ਸਕੂਲ ਵਿਚ ਟਰੇਨਿੰਗ ਪਾ ਰਿਹਾ ਹਾਂ। ਅੰਡਰਗਰਾਊਂਡ ਵੇਲੇ ਮੈਂ ਕਿਸਾਨ ਸਭਾ ਦਾ ਹੋਲਟਾਈਮਰ ਸਾਂ ਤੇ ਹੁਣ ਮੈਂ ਆਪਣੀ ਤਾਲੀਮ ਛੱਡ ਕੇ ਸਤਿਆਗ੍ਰਹਿ ਲਈ ਆਇਆ ਹਾਂ?" ਸਾਰੇ ਸਾਥੀਆਂ ਨੇ ਉਹਦਾ ਸਵਾਗਤ ਕੀਤਾ। ਉਸ ਦੱਸਿਆ, ਮੈਂ ਆਪਣਾ ਸਾਈਕਲ ਵੇਚ ਕੇ ਆਉਣ ਦੇ ਕਿਰਾਏ ਦਾ ਪ੍ਰਬੰਧ ਕੀਤਾ ਹੈ। ਵਾਪਸੀ ਪ੍ਰਬੰਧ ਸ਼ਾਇਦ ਜਥੇ ਨੂੰ ਕਰਨਾ ਪਵੇ। ਇਸ ਵੇਲੇ ਵਾਪਸ ਜਾਣ ਦੀ ਗੱਲ ਕੋਈ ਸੋਚ ਨਹੀਂ ਰਿਹਾ ਸੀ।

ਇਸ ਗੱਡੀ ਵਿਚ ਸਾਡੇ ਨਾਲ ਕਈ ਇਕ ਉਹ ਅੰਗਹੀਣ ਸਤਿਆਗ੍ਰਹੀ ਬੈਠੇ ਸਨ ਜਿਨ੍ਹਾਂ ਨੇ ਆਪਣੇ ਅੰਗ-ਲੱਤਾਂ ਬਾਹਵਾਂ, ਤੇ ਇਕ ਸਾਥੀ ਨੇ ਆਪਣੀਆਂ ਅੱਖਾਂ ਇਸ ਸਤਿਆਗ੍ਰਹਿ ਦੇ ਯੱਗ 'ਚ ਆਹੂਤੀ ਵਜੋਂ ਦਿੱਤੀਆਂ ਸਨ। ਇਨ੍ਹਾਂ ਦੀਆਂ ਵਿਥਿਆਵਾਂ ਤੋਂ ਸਤਿਆਗ੍ਰਹੀਆਂ ਵਿਚ ਜੋਸ਼ ਤੇ ਗੁੱਸੇ ਦੀ ਲਹਿਰ ਦੌੜ ਰਹੀ ਸੀ। ਇਹ ਸਤਿਆਗ੍ਰਹਿ ਦੀਆਂ ਕਹਾਣੀਆਂ ਸੁਣਾ ਰਹੇ ਸਨ ਤੇ ਜਗਰਾਉਂ ਦੇ ਸਕੂਲ ਮਾਸਟਰ ਆਪੇ ਤੋਂ ਬਾਹਰ ਹੁੰਦੇ ਜਾ ਰਹੇ ਸਨ। ਇਹ ਬੜੇ ਭਾਵੁਕ ਅਤੇ ਦੂਜੇ ਦੇ ਦੁੱਖ ਤੋਂ ਦੁਖੀ ਹੋਣ ਵਾਲੇ ਪ੍ਰਤੀਤ ਹੁੰਦੇ ਸਨ। ਗੱਡੀ ਵਿਚ ਗਾਣੇ ਸ਼ੁਰੂ ਹੋ ਗਏ। ਕਿਸੇ ਨੇ ਗਾਣਾ ਸ਼ੁਰੂ ਕੀਤਾ, ਮਾਸਟਰ ਜੀ ਟੱਪ ਕੇ ਉਹਦੇ ਕੋਲ ਪਹੁੰਚ ਗਏ। ਫਿਰ ਸਾਰੀ ਗੱਡੀ ਦੇਸ਼ ਭਗਤੀ ਦੇ ਪੰਜਾਬੀ, ਹਿੰਦੀ, ਉਰਦੂ ਗਾਣਿਆਂ ਨਾਲ ਗੂੰਜ ਉਠੀ। ਥੋੜ੍ਹੀ ਦੇਰ ਵਿਚ ਹੀ ਮਾਸਟਰ ਸਾਡੇ ਜਥੇ ਦੀ ਰੂਹੇ-ਰਵਾਂ ਹੋ ਗਿਆ।

ਪੂਨੇ ਆਗਿਆ ਪੱਤਰ ਹਾਸਲ ਕਰਨ ਤੋਂ ਬਾਅਦ ਅਸੀਂ ਬਾਂਦਾ ਲਈ ਰਵਾਨਾ ਹੋਏ। ਗੱਡੀ ਖਚਾਖਰ ਭਰੀ ਹੋਈ ਸੀ। ਰਸਤੇ ਦੀਆਂ ਔਕੜਾਂ ਅੱਜ ਕਿਸੇ ਦੇ ਸਾਹਮਣੇ ਨਹੀਂ ਸਨ। ਬੈਲਗਾਮ ਤੱਕ ਰੇਲ, ਤੇ ਅੱਗੇ ਟਰੱਕਾਂ ਵਿਚ ਜਾਣਾ ਸੀ। ਬੈਲਗਾਮ ਪਤਾ ਲੱਗਾ ਕਿ ਮੁੰਬਈ ਦੀ ਸਰਕਾਰ ਨੇ ਸਤਿਆਗ੍ਰਹੀਆਂ ਲਈ ਟਰੱਕਾਂ ਦੀ ਵਰਤੋਂ ਗੈਰ-ਕਾਨੂੰਨੀ ਕਰ ਦਿੱਤੀ ਹੈ। ਸਤਿਆਗ੍ਰਹਿ 'ਚ ਦੋ ਦਿਨ ਬਾਕੀ ਸਨ। ਮੁੰਬਈ ਸਰਕਾਰ ਖ਼ਿਲਾਫ਼ ਨਫ਼ਰਤ ਦੀ ਲਹਿਰ ਦੌੜ ਗਈ ਅਤੇ ਸਾਰੇ ਸਤਿਆਗ੍ਰਹੀ ਬਾਜ਼ਾਰਾਂ 'ਚ ਨਿਕਲ ਆਏ। ਸਤਿਆਗ੍ਰਹੀਆਂ ਦਾ ਅਥਾਹ ਸਾਗਰ ਨਾਅਰੇ ਲਾਉਂਦਾ ਅਤੇ ਰੋਸ ਪ੍ਰਗਟ ਕਰਦਾ ਸਤਿਆਗ੍ਰਹਿ ਕੇਂਦਰ ਵਿਚ ਪੁੱਜਿਆ। ਪੰਜਾਬੀ ਜ਼ੁਬਾਨ ਦੇ ਨਾਅਰੇ ਇਸ ਮਹਾਨ ਜਲੂਸ ਦੀ ਜਿੰਦ-ਜਾਨ ਹੋ ਗਏ। ਗੁੱਸੇ ਦੇ ਇਸ ਸਮੁੰਦਰ ਵਿਚ ਮਾਸਟਰ ਦੀ ਸ਼ਖ਼ਸੀਅਤ ਉਘੀ ਸੀ। ਅੱਜ ਕੋਈ ਕਿਸੇ ਦੇ ਵਿਚਾਰ ਨਹੀਂ ਸੀ ਪੁੱਛਦਾ, ਨਾ ਕੋਈ ਕਿਸੇ ਦੀ ਪਾਰਟੀ। ਸੰਘ ਤੋਂ ਲੈ ਕੇ ਕਮਿਊਨਿਸਟਾਂ ਤੱਕ ਦੇਸ਼ ਦੇ ਪ੍ਰਵਾਨਿਆਂ ਵਾਂਗ ਇਕ ਲੜੀ ਵਿਚ ਬੱਝੇ ਹੋਏ ਨਾਅਰੇ ਲਾਉਂਦੇ ਚਲੇ ਜਾ ਰਹੇ ਸਨ।

ਫੌਰਨ ਫੈਸਲਾ ਹੋਇਆ ਕਿ ਮੁੰਬਈ ਅਤੇ ਲਾਗੇ ਤੋਂ ਆਏ ਸਤਿਆਗ੍ਰਹੀ ਇਕ ਦਿਨ ਵਿਚ 70 ਮੀਲ ਦਾ ਪੈਂਡਾ ਤੈਅ ਕਰਨ। ਸਾਡੇ ਸਾਹਮਣੇ ਆਪਣੇ ਛੋਟੇ-ਛੋਟੇ ਬਿਸਤਰੇ ਸੰਭਾਲੀ ਮੁੰਬਈ ਤੋਂ ਮਜ਼ਦੂਰਾਂ ਦਾ ਜਥਾ ਆਇਆ। ਹੁਣ ਮਾਸਟਰ ਜੀ ਨੂੰ ਰੋਕਣਾ ਮੁਸ਼ਕਲ ਹੋ ਗਿਆ। ਉਨ੍ਹਾਂ ਦਾ ਕਹਿਣਾ ਸੀ ਕਿ ਟਰੱਕ ਮਿਲਣਗੇ ਨਹੀਂ ਅਤੇ ਅਸੀਂ ਪੰਜਾਬੀ ਬਾਂਦਾ ਨਹੀਂ ਪਹੁੰਚ ਸਕਾਂਗੇ। ਬੜੀ ਮੁਸ਼ਕਲ ਨਾਲ ਸਾਥੀਆਂ ਨੂੰ ਰੋਕਿਆ। ਪਾਰਟੀ ਡਸਿਪਲਨ ਦਾ ਹੀ ਵਾਸਤਾ ਕਾਰਆਮਦ ਹਥਿਆਰ ਸੀ। ਸਾਨੂੰ ਪੰਜਾਬੀਆਂ ਨੂੰ ਆਮ ਮੁਸਾਫਰਾਂ ਦੀ ਕੁਰਬਾਨੀ ਕਰਕੇ ਲਾਰੀ ਦੇ ਟਿਕਟ ਮਿਲ ਗਏ ਅਤੇ ਮੁੰਬਈ ਦੇ ਜਥੇ ਨਾਲੋਂ ਪਹਿਲਾਂ ਬਾਂਦਾ ਪਹੁੰਚ ਗਏ। ਇਥੇ ਸੋਸ਼ਲਿਸਟ ਵੀਰ ਜਨਤਕ ਸਤਿਆਗ੍ਰਹਿ ਨਾ ਹੋਣ ਦੇਣ ਦੀ ਚਿੰਤਾ 'ਚ ਆਏ ਹੋਏ ਸਤਿਆਗ੍ਰਹੀਆਂ ਨੂੰ ਛੋਟੀਆਂ-ਛੋਟੀਆਂ ਟੁਕੜੀਆਂ ਵਿਚ ਬਾਹਰ ਭੇਜ ਰਹੇ ਸਨ। ਇਸ ਦੇ ਖ਼ਿਲਾਫ਼ ਜਹਾਦ ਸ਼ੁਰੂ ਹੋਇਆ ਅਤੇ ਜਨਤਕ ਸਤਿਆਗ੍ਰਹਿ ਕਰਨ ਲਈ ਪ੍ਰਚਾਰ ਸ਼ੁਰੂ ਹੋਇਆ। ਕੁਝ ਦੇਰ ਵਿਚ ਹੀ ਹਵਾ ਬਦਲ ਗਈ। ਕੈਂਪ ਦੀ ਇੰਚਾਰਜ ਇਕ ਇਸਤਰੀ ਸੀ ਜੋ ਮਾਸ ਸਤਿਆਗ੍ਰਹਿ ਦੀ ਨੀਤੀ ਦੇ ਫੇਲ੍ਹ ਹੋਣ 'ਤੇ ਬੜੀ ਖੁਸ਼ ਸੀ। ਦਿੱਲੀ ਅਤੇ ਪੰਜਾਬ ਦੇ ਜਥੇ ਨੇ ਹਵਾ ਬਦਲ ਦਿੱਤੀ ਜਿਸ 'ਤੇ ਉਹ ਸਖ਼ਤ ਨਾਰਾਜ਼ ਹੋਈ।

ਮੈਂ ਅਤੇ ਮਾਸਟਰ ਜੀ ਕੋਲ ਕੋਲ ਬੈਠੇ ਸਾਂ। ਇਸ ਰਾਤ ਦੀਆਂ ਘਟਨਾਵਾਂ ਲਿਖਣ ਲਈ ਦਫਤਰ ਚਾਹੀਦਾ ਹੈ। ਜਿਸ ਦਿਨ ਸਵੇਰ ਹੋਈ, ਝੰਡਾ ਪੂਜਣ ਤੋਂ ਬਾਅਦ ਜਥਾ ਰਵਾਨਾ ਹੋਇਆ। ਪੰਜਾਬੀ ਜਿਨ੍ਹਾਂ ਨੇ ਅੱਗੇ ਜਥਿਆਂ ਉਤੇ ਗੋਲੀਆਂ ਚੱਲਦੀਆਂ ਦੇਖੀਆਂ ਸਨ, ਉਨ੍ਹਾਂ ਦੇ ਮਨ ਵਿਚ ਇਕੋ ਫਿਕਰ ਸੀ ਕਿ ਭਾਜੜ ਨਾ ਮਚੇ। ਜਥਾ ਟਿਕ ਜਾਵੇ। ਅੱਜ ਕੁੱਲ ਸੰਸਾਰ ਇਸ ਸਤਿਆਗ੍ਰਹਿ ਵੱਲ ਦੇਖ ਰਿਹਾ ਸੀ।

ਭਾਰਤ ਦਾ ਮਾਨ-ਅਪਮਾਨ ਇਨ੍ਹਾਂ ਆਏ ਮਜ਼ਦੂਰਾਂ ਤੇ ਕਿਸਾਨਾਂ ਦੇ ਕੰਧਿਆਂ 'ਤੇ ਹੈ। ਅਸਾਂ ਆਪਣੇ ਅਜ਼ਮਾਏ ਹੋਏ ਆਦਮੀ ਇਕ ਇਕ ਲਾਈਨ ਛੱਡ ਕੇ ਹਰ ਪਹਿਲੀ ਲਾਈਨ ਵਿਚ ਖੜ੍ਹੇ ਕੀਤੇ ਜਿਸ ਪਾਸਿਓਂ ਗੋਲੀ ਆਉਣੀ ਸੀ। ਜੇ ਭਾਜੜ ਮਚੇ ਤਾਂ ਰੋਕ ਸਕਣ। ਮਾਸਟਰ ਜੀ ਭਾਵੁਕ ਹੋਣ ਕਰਕੇ ਮੈਂ 12ਵੀਂ ਲਾਈਨ ਦੇ ਪਹਿਲੇ ਬੰਦਿਆਂ ਵਿਚ ਖੜ੍ਹੇ ਕੀਤੇ। ਇਹ ਪਹਿਲੀਆਂ ਲਾਈਨਾਂ ਵਿਚ ਖੜ੍ਹੇ ਹੋਣ ਲਈ ਜੂਝਦੇ ਰਹੇ ਅਤੇ ਮੇਰੇ ਨਾਲ ਪਿੱਛੇ ਖੜ੍ਹੇ ਕੀਤੇ ਜਾਣ 'ਤੇ ਨਾਰਾਜ਼ ਸਨ। ਨਾਲ ਜਾਣ ਵਾਲੇ ਲੋਕ ਰੁਕ ਗਏ ਤੇ ਜਥਾ ਸਰਹੱਦ ਪਾਰ ਕਰ ਗਿਆ।



ਕਰਨੈਲ ਸਿੰਘ ਈਸੜੂ

ਗੋਲੀ ਸ਼ੁਰੂ ਹੋਈ ਜਿਵੇਂ ਦੀਵਾਲੀ ਵਿਚ ਪਟਾਕੇ ਚੱਲ ਰਹੇ ਹੋਣ। ਝੰਡੇ ਵਾਲਾ ਜਥਾ ਕੁਝ ਰੁਕਿਆ, ਕਿਉਂਕਿ ਗੋਲੀਆਂ ਇਨ੍ਹਾਂ ਦੇ ਪੱਟਾਂ ਵਿਚ ਲੱਗੀਆਂ ਸਨ। ਹੁਣ ਸਾਨੂੰ ਲੇਟ ਜਾਣ ਦਾ ਹੁਕਮ ਹੋ ਗਿਆ। ਮੈਂ ਪਹਿਲੀ ਲਾਈਨ ਦਾ ਪਹਿਲਾ ਆਦਮੀ ਸਾਂ। ਮੈਥੋਂ ਅੱਗੇ ਸਿਰਫ਼ ਝੰਡਾ ਲੀਡਰ ਅਤੇ ਉਨ੍ਹਾਂ ਦੇ ਰਖ਼ਸ਼ਕ ਸਨ ਜੋ 4-4 ਦੀਆਂ 4 ਲਾਈਨਾਂ ਸਨ। ਗੋਲੀ ਬਾਰਸ਼ ਦੀ ਤਰ੍ਹਾਂ, ਲੇਟੇ ਹੋਏ ਸਾਥੀਆਂ ਦੇ ਸਿਰਾਂ ਤੋਂ ਲੰਘ ਰਹੀ ਸੀ। ਸਾਡਾ ਫਿਕਰ ਫਜ਼ੂਲ ਸੀ, ਕੋਈ ਹਿੱਲਿਆ ਨਹੀਂ। ਸਾਡਾ ਝੰਡਾ ਜਿਸ 'ਤੇ ਸਾਰਿਆਂ ਦੀਆਂ ਅੱਖਾਂ ਸਨ, ਗੋਲੀ ਨਾਲ ਸਾਥੀ ਮਧੂਕਰ ਦੇ ਜ਼ਖ਼ਮੀ ਹੋ ਜਾਣ ਨਾਲ ਗਿਰ ਗਿਆ। ਇਕ ਇਸਤਰੀ ਲਾਈਨਾਂ ਨੂੰ ਚੀਰਦੀ ਹੋਈ ਝੰਡਾ ਚੁੱਕਣ ਲਈ ਦੌੜੀ। ਦੋ ਗੋਲੀਆਂ ਇਸ ਦੀ ਉਸ ਬਾਂਹ ਵਿਚੋਂ ਲੰਘ ਗਈਆਂ ਜਿਸ ਨਾਲ ਉਹ ਝੰਡਾ ਚੁੱਕਣਾ ਚਾਹੁੰਦੀ ਸੀ। ਸਾਡੇ ਸੱਜੇ ਇਕ ਪੁਰਤਗਾਲੀ ਕੋਈ 20 ਗਜ਼ ਤੋਂ ਥਰੀ ਨਟ ਥਰੀ ਦੀ ਗੋਲੀ ਚਲਾ ਰਹੀ ਸੀ। ਇਸੇ ਨੇ ਇਸ 'ਤੇ ਹਮਲਾ ਕੀਤਾ ਸੀ। ਗਿਰਦੀ ਹੋਈ ਭਾਰਤ ਦੀ ਇਸ ਵੀਰ ਸਪੁੱਤਰੀ ਨੂੰ ਸਾਂਭਣ ਲਈ ਡਸਿਪਲਨ ਤੋੜਦਾ ਹੋਇਆ ਸਾਡਾ ਲੀਡਰ ਸਾਥੀ ਚਿਤਲੇ ਖੜ੍ਹਾ ਹੋ ਗਿਆ। ਬਰਾਂਡੇ ਵਾਲੀ ਬੰਦੂਕ ਦਾ ਮੂੰਹ ਹੁਣ ਇਸ ਦੀ ਛਾਤੀ 'ਤੇ ਸੀ। ਮੇਰੇ ਨਾਲ ਦੀ ਦੌੜਦਾ ਹੋਇਆ ਇਕ ਸਾਥੀ ਇਸ ਤੋੜੀ ਪਹੁੰਚਿਆ ਅਤੇ ਧੱਕਾ ਮਾਰ ਕੇ ਹੇਠਾਂ ਸੁੱਟਦਾ ਅੱਗੇ ਵਧਿਆ। ਧੱਕਾ ਮਾਰਨ ਵਕਤ ਇਹਦਾ ਮੂੰਹ ਬਰਾਂਡੇ ਵੱਲ ਹੋ ਗਿਆ ਸੀ ਅਤੇ ਉਹ ਗੋਲੀਆਂ ਜੋ ਲੀਡਰ ਲਈ ਸਨ, ਇਹਦੀ ਛਾਤੀ ਵਿਚੋਂ ਪਾਰ ਹੋ ਗਈਆਂ। ਗੋਲੀ ਲੱਗਣ ਤੋਂ ਬਾਅਦ ਉਹ ਚਾਰ ਕਦਮ ਅੱਗੇ ਉਛਲ ਕੇ ਡਿੱਗਾ। ਸਾਥੀ ਚਿਤਲੇ ਦੇ ਰਖਸ਼ਕਾਂ ਨੇ ਉਸ ਨੂੰ ਦਬਾ ਲਿਆ। ਗਿਰਨ ਵਾਲਾ ਇਹੀ ਕਰਨੈਲ ਸਿੰਘ ਸੀ।

ਭਾਰਤ ਦੀ ਸ਼ਾਨ ਨੂੰ ਉਚਾ ਰੱਖਣ ਲਈ (ਕਰਨੈਲ ਸਿੰਘ) ਹਮੇਸ਼ਾ ਦੀ ਨੀਂਦ ਸੌਂ ਗਿਆ। ਸਰੀਰ ਦੇ ਕੇ ਸਦਾ ਲਈ ਜੀਵਤ ਹੋ ਗਿਆ। ਇਹ ਮੇਰੇ ਕੋਲੋਂ ਦਸ ਗਜ਼ ਅੱਗੇ ਡਿਗਿਆ ਸੀ। ਮੈਂ ਸਾਥੀ ਚਿਤਲੇ, ਜੋ ਆਪਣੇ ਰਖ਼ਸ਼ਕਾਂ ਥੱਲਿਓਂ ਨਿਕਲਣ ਲਈ ਯਤਨ ਕਰ ਰਿਹਾ ਸੀ, ਮਾਨੋ ਉਹ ਕਿਸੇ ਪਾਰਾਲ ਨੂੰ ਦਬਾਈ ਬੈਠੇ ਹੋਣ ਜਿਹੜਾ ਉਨ੍ਹਾਂ ਕੋਲੋਂ ਛੁਡਾ ਕੇ ਨਸ ਜਾਣਾ ਚਾਹੁੰਦਾ ਹੈ, ਕੋਲੋਂ ਹੁੰਦਾ ਹੋਇਆ ਕਰਨੈਲ ਸਿੰਘ ਵੱਲ ਵਧਿਆ। ਇਹਦੇ ਚਿਹਰੇ ਦਾ ਰੰਗ ਜ਼ਰਾ ਨਹੀਂ ਸੀ ਬਦਲਿਆ ਅਤੇ ਹੋਰ ਸਤਿਆਗ੍ਰਹੀਆਂ ਦੀ ਤਰ੍ਹਾਂ ਇਹ ਅੱਗੇ ਵਧਣ ਦੇ ਹੁਕਮ ਦੀ ਇੰਤਜ਼ਾਰ ਵਿਚ ਲੇਟਿਆ ਹੋਇਆ ਸੀ। ਇਕ ਵਾਰ ਫਿਰ ਮਧੂਕਰ ਦਾ ਝੰਡਾ ਝੁਕਿਆ। ਇਸ ਵਾਰ ਗੋਲੀ ਗਰਦਨ ਦੇ ਕਰੀਬ ਕੰਧੇ ਨੂੰ ਚੀਰਦੀ ਹੋਈ ਨਿਕਲ ਗਈ ਸੀ। ਹੁਣ ਤੱਕ ਮਧੂਕਰ ਦੇ ਸੱਤ ਗੋਲੀਆਂ ਲੱਗ ਚੁੱਕੀਆਂ ਸਨ। ਆਖਰੀ ਗੋਲੀ ਮਧੂਕਰ ਦੇ ਮੱਥੇ ਵਿਚ ਲੱਗੀ ਅਤੇ ਝੰਡਾ ਜਿਹੜਾ ਉਹਨੇ ਲੰਮੇ ਪਏ ਹੋਏ ਸੱਜੇ ਪਾਸੇ ਛਾਤੀ ਨਾਲ ਲਾਇਆ ਹੋਇਆ ਸੀ, ਹੁਣ ਟੇਢਾ ਹੋ ਗਿਆ। ਨਾਅਰੇ ਬੰਦ ਹੋ ਗਏ। ਸਾਨੂੰ ਸਰਹੱਦ ਤੋਂ ਹੁਕਮ ਹੋਇਆ ਕਿ ਪਿੱਛੇ ਮੁੜ ਆਉ। ਇਹ ਸਾਰਾ ਵਾਕਿਆ ਕੋਈ ਪੌਣੇ ਘੰਟੇ ਤੱਕ ਜਾਰੀ ਰਿਹਾ। ਗੋਲੀ ਬੰਦ ਹੋਈ। ਅਸੀਂ ਆਪਣੇ ਜ਼ਖ਼ਮੀ ਅਤੇ ਦੋ ਸ਼ਹੀਦਾਂ ਨੂੰ ਲੈ ਕੇ ਪਿੱਛੇ ਹਟੇ। ਹੁਣ ਹਰ ਇਕ ਦੀ ਜ਼ੁਬਾਨ 'ਤੇ ਕਰਨੈਲ ਸਿੰਘ ਅਤੇ ਮਧੂਕਰ ਦਾ ਨਾਂ ਸੀ। ਕਰਨੈਲ ਸਿੰਘ, ਇਕ ਮਾਸਟਰ ਇੰਨੀ ਵੱਡੀ ਮਹਾਨ ਪਦਵੀ ਪਾ ਗਿਆ ਜਿਸ ਦਾ ਵਰਣਨ ਨਹੀਂ ਹੋ ਸਕਦਾ। ਅੱਜ ਕੋਈ ਨਹੀਂ ਪੁੱਛਦਾ ਕਿ ਇਹ ਦੋਨੋਂ ਸ਼ਹੀਦ ਕਿਸ ਪਾਰਟੀ ਦੇ ਹਨ? ਇਨ੍ਹਾਂ ਦੇ ਕੀ ਵਿਚਾਰ ਹਨ? ਹਰ ਕੋਈ ਫੁਲ ਚੜ੍ਹਾਉਂਦਾ ਸੀ। ਪੈਰਾਂ ਦੀ ਮਿੱਟੀ ਮੱਥੇ ਨੂੰ ਲਾਉਣਾ ਮਾਣ ਸਮਝਦਾ ਸੀ।

ਹੁਣ ਵਾਪਸ ਜਾਣ ਦੇ ਪ੍ਰਬੰਧ ਦੀ ਗੱਲ ਸਾਹਮਣੇ ਆਈ। ਕਲਿਆਣ ਦੇ ਸਟੇਸ਼ਨ 'ਤੇ ਮਾਸਟਰ ਦੀ ਕਹੀ ਹੋਈ ਗੱਲ ਕਿ ਵਾਪਸ ਜਾਣ ਦਾ ਪ੍ਰਬੰਧ ਜਥੇ ਨੂੰ ਕਰਨਾ ਪਵੇਗਾ, ਪੱਧਰ 'ਤੇ ਲਕੀਰ ਹੋ ਗਈ। ਮਹਾਂਰਾਸ਼ਟਰ ਸਮਿਤੀ ਨੇ ਲਾਸ਼ਾਂ ਮੁੰਬਈ ਪੁਚਾਉਣ ਦਾ ਯਕੀਨ ਦਿਵਾਇਆ ਪਰ ਭਾਰਤ ਤੇ ਮੁੰਬਈ ਸਰਕਾਰ ਨੂੰ ਇਹ ਪ੍ਰਵਾਨ ਨਹੀਂ ਸੀ। ਅਸੀਂ ਬੜੀ ਮੁਸ਼ਕਲ ਨਾਲ ਕਰਨੈਲ ਸਿੰਘ ਦੀ ਲਾਸ਼ ਪੂਨੇ ਤੱਕ ਲਿਆ ਸਕੇ ਅਤੇ ਇਹ ਵੀ ਟਰੱਕ ਡਰਾਈਵਰ ਦੀ ਚਤੁਰਾਈ ਨਾਲ, ਜਿਹਦਾ ਖਿਆਲ ਸੀ ਕਿ ਤੁਹਾਨੂੰ ਬੈਲਗਾਮ ਤੋਂ ਅੱਗੇ ਨਹੀਂ ਜਾਣ ਦਿੱਤਾ ਜਾਵੇਗਾ। ਪੂਨੇ ਮਹਾਨ ਹੜਤਾਲ ਤੋਂ ਬਾਅਦ ਅਤੇ ਸਾਰੇ ਸ਼ਹਿਰ ਨਿਵਾਸੀਆਂ ਦੇ ਰੋਸ ਤੋਂ ਬਾਅਦ ਲਾਸ਼ਾਂ ਅੱਗੇ ਲਿਜਾਣ ਦੀ ਆਗਿਆ ਨਾ ਮਿਲਣ 'ਤੇ ਲਾਸ਼ਾਂ ਉਥੇ ਹੀ ਅਗਨ ਭੇਟ ਕੀਤੀਆਂ ਗਈਆਂ।

ਇੱਥੋਂ ਦੇ ਸਤਿਆਗ੍ਰਹਿ ਕੈਂਪ 'ਤੇ ਹਿੰਦੂ ਸਭਾ ਦਾ ਕਬਜ਼ਾ ਸੀ। ਇੱਥੇ ਪਹਿਲੀ ਵਾਰ ਪਾਰਟੀ ਅਤੇ ਵਿਚਾਰ ਸਾਮਹਣੇ ਆਏ। 'ਕੇਸਰੀ' ਦਫ਼ਤਰ ਵਿਚ ਜਦ ਮੈਂ ਦੱਸਿਆ ਕਿ 3 ਸ਼ਹੀਦਾਂ 'ਚੋਂ 2 ਕਮਿਊਨਿਸਟ ਪਾਰਟੀ ਦੇ ਮੈਂਬਰ ਸਨ ਤੇ ਇਕ ਜੋ ਹਸਪਤਾਲ ਵਿਚ ਜਾ ਕੇ ਸ਼ਹੀਦ ਹੋਇਆ, ਜਨ

## ਗੋਆ ਸਤਿਆਗ੍ਰਹਿ ਸਮੇਂ ਆਖਰੀ ਦੋ ਦਿਨ

ਸੰਘੀ ਸੀ, ਤਾਂ ਕੈਂਪ ਦੇ ਇੰਚਾਰਜ ਨੂੰ ਸਖ਼ਤ ਦੁੱਖ ਲੱਗਾ ਅਤੇ ਇਨ੍ਹਾਂ ਦੀਆਂ ਅਸਥੀਆਂ ਦੇਣ ਤੋਂ ਵੀ ਇਨਕਾਰ ਕੀਤਾ। ਉਹ ਅਖੀਰ ਤੱਕ ਕਹਿੰਦੇ ਰਹੇ ਕਿ ਕਰਨੈਲ ਸਿੰਘ ਅਤੇ ਮਧੂਕਰ ਕਮਿਊਨਿਸਟ ਨਹੀਂ ਸਨ। ਜੇ ਦਿੱਲੀ ਦਾ ਜਥਾ ਵਿਚ ਨਾ ਪੈਂਦਾ ਤਾਂ ਇਨ੍ਹਾਂ ਦਾ ਪਲੈਨ ਸੀ ਕਿ ਇਕ ਆਦਮੀ ਚੁੱਪ-ਚਾਪ ਜਾ ਕੇ ਕਰਨੈਲ ਸਿੰਘ ਦੀਆਂ ਅਸਥੀਆਂ ਉਹਦੇ ਪਿੰਡ ਈਸੜੂ ਦੇ ਆਵੇ। ਹਿੰਦੂ ਸਭਾ ਅਤੇ ਇਨ੍ਹਾਂ ਦੇ ਵਰਕਰਾਂ ਦੀ ਇਹ ਤੰਗਦਿਲੀ ਸਭ ਨੂੰ ਬੁਰੀ ਲੱਗੀ ਅਤੇ ਦਿੱਲੀ ਦੇ ਜਨ ਸੰਘੀ ਨੇਤਾਵਾਂ ਨੇ ਅਸਥੀਆਂ ਦੇਣ 'ਤੇ ਉਨ੍ਹਾਂ ਨੂੰ ਮਜਬੂਰ ਕੀਤਾ। ਅੱਜ ਮੈਨੂੰ ਦੁੱਖ ਨਾਲ ਲਿਖਣਾ ਪੈਂਦਾ ਹੈ ਕਿ ਹਿੰਦੂ ਸਭਾ ਦੇ ਇਹ ਨੇਤਾ ਇਸ ਸਾਰੇ ਸਤਿਆਗ੍ਰਹਿ ਨੂੰ ਆਪਣੀਆਂ ਚੋਣਾਂ ਲਈ ਵਰਤਣਾ ਚਾਹੁੰਦੇ ਸਨ। ਕਮਿਊਨਿਸਟਾਂ ਦੇ ਵਧ ਰਹੇ ਮਾਣ ਤੋਂ ਕਾਫ਼ੀ ਦੁਖੀ ਸਨ।

ਇਕ ਛੋਟੀ ਜਿਹੀ ਰਸਮ ਨਾਲ ਪੁਰਾਣੇ ਨੈਸ਼ਨਲ ਫਲੈਗ ਵਿਚ ਬੰਨ੍ਹੀਆਂ ਅਸਥੀਆਂ ਮੇਰੇ ਹਵਾਲੇ ਕੀਤੀਆਂ ਗਈਆਂ। ਠੀਕ ਇਨ੍ਹਾਂ ਹੀ ਪੌੜੀਆਂ ਥੱਲੇ ਅਤੇ ਇਸੇ ਜਗ੍ਹਾ ਅਸੀਂ ਰਜਿਸਟਰ ਹੋਏ ਸਾਂ ਅਤੇ ਸਤਿਆਗ੍ਰਹਿ ਦੀਆਂ ਕਸਮਾਂ ਖਾਧੀਆਂ ਸਨ। ਠੀਕ ਉਸੇ ਜਗ੍ਹਾ 'ਤੇ ਖੜ੍ਹੇ ਜਿੱਥੇ ਮੈਂ ਇਹ ਸਿਪਾਹੀ ਸਤਿਆਗ੍ਰਹਿ ਲਈ ਪੇਸ਼ ਕੀਤਾ ਸੀ, ਅਸਥੀਆਂ ਦੀ ਗਠੜੀ ਮੇਰੇ ਫੈਲਾਏ ਹੱਥਾਂ 'ਤੇ ਰੱਖ ਦਿੱਤੀ ਗਈ। ਮੈਂ ਅਸਥੀਆਂ ਨੂੰ ਚੁੰਮਦੇ ਹੋਏ ਜਗਤਾਰ ਦੇ ਹਵਾਲੇ ਕੀਤੀਆਂ। ਇਹੀ ਸਾਡਾ ਕਰਨੈਲ ਸੀ ਜਿਹਦੇ ਨਾਲ ਕਲਿਆਣ ਸਟੇਸ਼ਨ 'ਤੇ ਸਮੁੱਚੇ ਜਥੇ ਨੇ ਵਾਅਦਾ ਕੀਤਾ ਸੀ ਕਿ ਜੇ ਵਾਪਸ ਆਏ, ਤੈਨੂੰ ਪੰਜਾਬ ਪੁਚਾਉਣ ਦਾ ਪ੍ਰਬੰਧ ਕਰਾਂਗੇ। ਹਿੰਦੂ ਸਭਾ ਦੇ ਲੀਡਰਾਂ ਦੀ ਤੰਗਦਿਲੀ ਤੇ ਸਾਥੀ ਦਾ ਵਿਛੋੜਾ ਮਨ 'ਤੇ ਭਾਰੂ ਸਨ। ਅਸੀਂ ਉਸ ਕਰਨੈਲ ਜੋ ਕਮਿਊਨਿਸਟ ਪਾਰਟੀ ਦਾ ਸਿਪਾਹੀ ਸੀ ਅਤੇ ਜਿਸ ਨੇ ਭਾਰਤ ਦੇ ਜਥੇ ਅਤੇ ਆਪਣੇ ਨੇਤਾ ਦੇ ਮਾਣ ਲਈ ਆਪਣੇ ਸਰੀਰ ਦੀ ਆਹੂਤੀ ਦਿੱਤੀ, ਉਹਦੀਆਂ ਅਸਥੀਆਂ ਨੂੰ ਲੈ ਕੇ ਪੰਜਾਬ ਲਈ ਰਵਾਨਾ ਹੋਏ।

***(16 ਅਗਸਤ 1958, ਨਵਾਂ ਜ਼ਮਾਨਾ)***

ਰੂਸੀ ਕਹਾਣੀ

# ਇਕ ਪਾਠਕ

***ਸਾਹਿਤ ਨਾਲ ਜੁੜਿਆ ਕਿਹੜਾ ਪਾਠਕ ਹੈ ਜੋ ਰੂਸੀ ਕਹਾਣੀਕਾਰ ਮੈਕਸਿਮ ਗੋਰਕੀ ਦੇ ਨਾਂ ਤੋਂ ਵਾਕਿਫ਼ ਨਹੀਂ। ਕੁਝ ਹਫਤੇ ਪਹਿਲਾਂ ਅਸੀਂ ਇਕ ਹੋਰ ਰੂਸੀ ਕਹਾਣੀਕਾਰ ਅੰਤੋਨ ਚੈਖਵ ਦੀ ਵਿਸ਼ਵ ਪ੍ਰਸਿਧ ਕਹਾਣੀ "ਸ਼ਰਤ" ਛਾਪੀ ਸੀ। ਪੰਜਾਬ ਟਾਈਮਜ਼ ਦੇ ਇਕ ਸੁਹਿਰਦ ਪਾਠਕ ਹਰਪਾਲ ਸਿੰਘ ਭਿੰਡਰ ਨੇ ਸਾਨੂੰ ਗੋਰਕੀ ਦੀ ਇਹ ਕਹਾਣੀ "ਇਕ ਪਾਠਕ" ਛਾਪਣ ਦੀ ਸਲਾਹ ਦਿੱਤੀ ਹੈ। ਸੋ ਪਾਠਕਾਂ ਦੀ ਨਜ਼ਰ ਹੈ ਇਹ ਕਹਾਣੀ। -ਸੰਪਾਦਕ***

**ਮੈਕਸਿਮ ਗੋਰਕੀ**

ਰਾਤ ਕਾਫੀ ਹੋ ਗਈ ਸੀ, ਜਦੋਂ ਮੈਂ ਉਸ ਘਰੋਂ ਵਿਦਾ ਹੋਇਆ ਸਾਂ। ਉਥੇ ਮਿੱਤਰਾਂ ਦੀ ਇਕ ਗੋਸ਼ਟੀ ਵਿਚ ਆਪਣੀਆਂ ਪ੍ਰਕਾਸ਼ਿਤ ਕਹਾਣੀਆਂ ਵਿਚੋਂ ਇਕ ਦਾ ਪਾਠ ਵੀ ਕੀਤਾ ਸੀ ਮੈਂ ਤੇ ਉਨ੍ਹਾਂ ਤਾਰੀਫ਼ ਦੇ ਪੁਲ ਬੰਨ੍ਹਣ ਵਿਚ ਕੋਈ ਕਸਰ ਨਹੀਂ ਸੀ ਛੱਡੀ। ਤੇ ਮੈਂ ਹੌਲੀ-ਹੌਲੀ, ਮਗਨ-ਚਿੱਤ, ਸੜਕ ਉਤੇ ਤੁਰ ਰਿਹਾ ਸਾਂ। ਮੇਰਾ ਮਨ-ਚਿੱਤ ਅਨੰਦ ਨਾਲ ਭਰਿਆ ਹੋਇਆ ਸੀ ਤੇ ਮੈਂ ਇਕ ਅਜਿਹੇ ਸੁਖ ਦਾ ਅਨੁਭਵ ਕਰ ਰਿਹਾ ਸਾਂ ਜੋ ਪਹਿਲਾਂ ਕਦੀ ਨਹੀਂ ਸੀ ਕੀਤਾ।

ਫਰਵਰੀ ਦਾ ਮਹੀਨਾ ਸੀ। ਰਾਤ ਸਾਫ਼ ਸੀ ਤੇ ਤਾਰਿਆਂ ਨਾਲ ਖ਼ੂਬ ਜੜਿਆ, ਬੱਦਲਾਂ ਰਹਿਤ, ਆਸਮਾਨ ਧਰਤੀ ਉਪਰ ਨਿਹਾਲ ਕਰ ਦੇਣ ਵਾਲੀ ਠੰਡਕ ਵਰ੍ਹਾ ਰਿਹਾ ਸੀ, ਜਿਸ ਨੇ ਨਵੀਂ ਡਿੱਗੀ ਬਰਫ਼ ਨਾਲ ਸ਼ਿੰਗਾਰ ਕੀਤਾ ਹੋਇਆ ਸੀ।

'ਇਸ ਧਰਤੀ ਉਪਰ ਲੋਕਾਂ ਦੀਆਂ ਨਜ਼ਰਾਂ ਵਿਚ ਕੁਝ ਹੋਣਾ ਬੜਾ ਚੰਗਾ ਲੱਗਦਾ ਹੈ।' ਮੈਂ ਸੋਚਿਆ ਅਤੇ ਭਵਿੱਖ ਦੇ ਚਿੱਤਰ ਵਿਚ ਉਜਲ ਰੰਗ ਭਰਨ ਵਿਚ ਮੇਰੀ ਕਲਪਨਾ ਨੇ ਕੋਈ ਕੁਤਾਹੀ ਨਾ ਕੀਤੀ।

"ਹਾਂ, ਤੂੰ ਇਕ ਬੜੀ ਹੀ ਪਿਆਰੀ ਚੀਜ਼ ਲਿਖੀ ਏ। ਇਸ ਵਿਚ ਕੋਈ ਸ਼ੱਕ ਨਹੀਂ।" ਮੇਰੇ ਪਿੱਛੇ ਅਚਾਨਕ ਕੋਈ ਗੁਣਗੁਣਾਇਆ।

ਕਾਲੇ ਕੱਪੜੇ ਪਾਈ ਇਕ ਛੋਟੇ ਕੱਦ ਦਾ ਆਦਮੀ ਕਾਹਲੇ ਪੈਰੀਂ ਤੁਰਦਾ ਮੇਰੇ ਨਾਲ ਆ ਰਲਿਆ ਤੇ ਤਿੱਖੀ ਮਲੂਕ ਮੁਸਕਾਨ ਨਾਲ ਮੇਰੇ ਚਿਹਰੇ 'ਤੇ ਨਜ਼ਰਾਂ ਗੱਡ ਦਿੱਤੀਆਂ। ਉਸ ਦੀ ਹਰੇਕ ਚੀਜ਼ ਤਿੱਖੀ-ਤਿੱਖੀ ਜਾਪਦੀ ਸੀ, ਉਸ ਦੀ ਨਿਗਾਹ, ਉਸ ਦੇ ਜਬਾੜੇ ਦੀਆਂ ਹੱਡੀਆਂ, ਦਾੜ੍ਹੀ ਉਸ ਦੀ ਬੱਕਰੇ ਦੀ ਦਾੜ੍ਹੀ ਵਾਂਗ ਨੋਕਦਾਰ ਸੀ, ਉਸ ਦਾ ਸਮੁੱਚਾ ਮੁਰਝਾਇਆ ਜਿਹਾ ਢਾਂਚਾ, ਕੁਝ ਏਨਾ ਵਚਿੱਤਰ ਤੇ ਤਿੱਖਾ-ਨੁਕੀਲਾ ਸੀ ਕਿ ਅੱਖਾਂ ਵਿਚ ਚੁੱਭ ਰਿਹਾ ਸੀ। ਉਸ ਦੀ ਚਾਲ ਧੀਮੀ ਤੇ ਬੇਆਵਾਜ਼ ਸੀ। ਇੰਜ ਜਾਪਦਾ ਸੀ ਜਿਵੇਂ ਉਹ ਬਰਫ਼ ਉਤੇ ਤਿਲ੍ਹਕ ਰਿਹਾ ਹੋਵੇ। ਗੋਸ਼ਟੀ ਵਿਚ ਜੋ ਲੋਕ ਹਾਜ਼ਰ ਸਨ, ਉਨ੍ਹਾਂ ਵਿਚ ਉਹ ਮੈਨੂੰ ਨਜ਼ਰ ਨਹੀਂ ਸੀ ਆਇਆ ਤੇ ਇਸੇ ਲਈ ਉਸ ਦੀ ਟਿੱਪਣੀ ਨੇ ਮੈਨੂੰ ਹੈਰਾਨ ਕਰ ਦਿੱਤਾ ਸੀ। ਉਹ ਕੌਣ ਸੀ? ਤੇ ਕਿੱਥੋਂ ਆਇਆ ਸੀ?

"ਕੀ ਤੁਸੀਂ...ਮਤਲਬ ਕਿ...ਮੇਰੀ ਕਹਾਣੀ ਸੁਣੀ ਸੀ?" ਮੈਂ ਪੁੱਛਿਆ।

"ਹਾਂ, ਮੈਨੂੰ ਇਹ ਸੁਭਾਗ ਪ੍ਰਾਪਤ ਹੋਇਆ ਏ।"

ਉਸ ਦੀ ਆਵਾਜ਼ ਤਿੱਖੀ ਸੀ। ਪਤਲੇ ਬੁੱਲ੍ਹਾਂ ਉਤੇ ਛੋਟੀਆਂ-ਛੋਟੀਆਂ ਕਾਲੀਆਂ ਮੁੱਛਾਂ ਉਸ ਦੀ ਮੁਸਕਾਨ ਨੂੰ ਲੁਕੋ ਨਹੀਂ ਸੀ ਸਕੀਆਂ। ਮੁਸਕਾਨ ਉਸ ਦੇ ਬੁੱਲ੍ਹਾਂ ਤੋਂ ਵਿਦਾ ਹੋਣ ਦਾ ਨਾਂ ਹੀ ਨਹੀਂ ਸੀ ਲੈ ਰਹੀ ਤੇ ਇਹ ਮੈਨੂੰ ਬੜਾ ਓਪਰਾ ਜਿਹਾ ਲੱਗ ਰਿਹਾ ਸੀ।

"ਆਪਣੇ ਆਪ ਨੂੰ ਹੋਰਨਾਂ ਨਾਲੋਂ ਅਨੋਖਾ ਅਨੁਭਵ ਕਰਨਾ ਬੜਾ ਸੁਖਦਾਈ ਜਾਪਦੈ। ਕਿਉਂ, ਠੀਕ ਏ ਨਾ?" ਮੇਰੇ ਸਾਥੀ ਨੇ ਪੁੱਛਿਆ।

ਮੈਨੂੰ ਇਸ ਪ੍ਰਸ਼ਨ ਵਿਚ ਕੋਈ ਖਾਸ ਗੱਲ ਨਾ ਲੱਗੀ। ਸੋ ਮੈਂ ਸਹਿਮਤੀ ਪ੍ਰਗਟ ਕਰਨ ਵਿਚ ਦੇਰ ਨਾ ਕੀਤੀ।

"ਹੋ-ਹੋ-ਹੋ!" ਪਹਿਲੀ ਉਂਗਲ ਨਾਲ ਆਪਣੀ ਹਥੇਲੀ ਨੂੰ ਮਲਦਾ ਉਹ ਤਿੱਖੀ ਹਾਸੀ ਹੱਸਿਆ। ਉਸ ਦੀ ਹਾਸੀ ਮੈਨੂੰ ਅਪਮਾਣਤ ਕਰਨ ਵਾਲੀ ਸੀ।

"ਤੁਸੀਂ ਬੜੇ ਹਸਮੁੱਖ ਲੱਗਦੇ ਓ?" ਮੈਂ ਰੁੱਖੀ ਆਵਾਜ਼ ਵਿਚ ਕਿਹਾ।

"ਹਾਂ ਬਈ, ਬਹੁਤ।" ਮੁਸਕਰਾਉਂਦਿਆਂ ਤੇ ਸਿਰ ਹਿਲਾਉਂਦਿਆਂ ਉਸ ਨੇ ਹਾਮੀ ਭਰੀ, "ਤੇ ਮੈਂ ਵਾਲ ਦੀ ਖੱਲ ਉਧੇੜਨ ਵਾਲਾ ਵੀ ਆਂ, ਕਿਉਂਕਿ ਮੈਂ ਹਮੇਸ਼ਾ ਚੀਜ਼ਾਂ ਬਾਰੇ ਜਾਣਨਾ ਚਾਹੁੰਦਾ ਆਂ। ਹਰ ਗੱਲ ਦੇ ਧੁਰ ਅੰਦਰ ਤੱਕ ਜਾਣਾ ਚਾਹੁੰਦਾ ਆਂ।"

ਉਹ ਫੇਰ ਤਿੱਖੀ ਹਾਸੀ ਹੱਸਿਆ ਤੇ ਵਿੰਨ੍ਹ ਸੁੱਟਣ ਵਾਲੀਆਂ ਕਾਲੀਆਂ ਅੱਖਾਂ ਨਾਲ ਮੇਰੇ ਵੱਲ ਦੇਖਦਾ ਰਿਹਾ। ਮੈਂ ਆਪਣੇ ਕੱਦ ਦੀ ਉਚਾਈ ਤੋਂ ਇਕ ਨਜ਼ਰ ਉਸ ਉਤੇ ਮਾਰੀ ਤੇ ਠੰਡੀ ਆਵਾਜ਼ ਵਿਚ ਪੁੱਛਿਆ, "ਮਾਫ਼ ਕਰਨਾ, ਕੀ ਮੈਂ ਜਾਣ ਸਕਦਾਂ ਕਿ ਮੈਨੂੰ ਕਿਸ ਨਾਲ ਗੱਲਾਂ ਕਰਨ ਦਾ ਮਾਣ...?"

"ਯਾਨਿ, ਮੈਂ ਕੌਣ ਹਾਂ? ਕੀ ਤੁਸੀਂ ਅੰਦਾਜ਼ਾ ਨਹੀਂ ਲਾ ਸਕਦੇ? ਜੀ ਹਾਂ, ਫਿਲਹਾਲ ਮੈਂ ਤੁਹਾਨੂੰ ਨਹੀਂ ਦੱਸਾਂਗਾ।...ਕੀ ਤੁਸੀਂ ਆਦਮੀ ਦਾ ਨਾਂ ਉਸ ਗੱਲ ਨਾਲੋਂ ਵੱਧ ਅਹਿਮ ਸਮਝਦੇ ਓ, ਜੋ ਉਹ ਕਹਿੰਦਾ ਏ?"

"ਬਿਲਕੁਲ ਨਹੀਂ, ਪਰ ਇਹ ਸਭ ਕੁਝ ਬੜਾ ਈ ਅਜੀਬ ਹੋ ਰਿਹਾ ਏ।" ਮੈਂ ਉਤਰ ਦਿੱਤਾ।

ਉਸ ਨੇ ਮੈਨੂੰ ਬਾਹੋਂ ਫੜ ਕੇ ਨਿੱਕਾ ਜਿਹਾ ਝਟਕਾ ਦਿੱਤਾ ਤੇ ਸ਼ਾਂਤ ਹਾਸੀ ਹੱਸਦਾ ਬੋਲਿਆ, "ਹੋਣ ਦਿਓ ਅਜੀਬ, ਆਦਮੀ ਨੂੰ ਕਦੀ ਤਾਂ ਜ਼ਿੰਦਗੀ ਦੀਆਂ ਸਾਧਾਰਨ ਤੇ ਘਿਸੀਆਂ-ਪਿਟੀਆਂ ਲਕੀਰਾਂ ਤੋਂ ਪਰ੍ਹਾਂ ਹੋਣਾ ਚਾਹੀਦਾ ਏ। ਜੇ ਇਤਰਾਜ਼ ਨਾ ਹੋਵੇ ਤਾਂ ਆਓ ਜ਼ਰਾ ਖੁੱਲ੍ਹ ਕੇ ਗੱਲਾਂ ਕਰੀਏ। ਸਮਝ ਲਓ ਕਿ ਮੈਂ ਤੁਹਾਡਾ ਇਕ ਪਾਠਕ ਆਂ, ਇਕ ਵਿਚਿੱਤਰ ਪਾਠਕ, ਜਿਹੜਾ ਇਹ ਜਾਣਨਾ ਚਾਹੁੰਦਾ ਏ ਕਿ ਕੋਈ ਕਿਤਾਬ, ਮਿਸਾਲ ਵਜੋਂ ਤੁਹਾਡੀ ਆਪਣੀ ਲਿਖੀ ਕਿਤਾਬ, ਕਿੰਜ ਤੇ ਕਿਸ ਉਦੇਸ਼ ਨੂੰ ਲੈ ਕੇ ਲਿਖੀ ਗਈ? ਦੱਸੋ, ਇਸ ਕਿਸਮ ਦੀ ਗੱਲਬਾਤ ਕਰਨਾ ਚਾਹੋਗੇ?"

"ਓ, ਜ਼ਰੂਰ!" ਮੈਂ ਕਿਹਾ, "ਮੈਨੂੰ ਖੁਸ਼ੀ ਹੋਵੇਗੀ। ਅਜਿਹੇ ਆਦਮੀ ਨਾਲ ਗੱਲਾਂ ਕਰਨ ਦਾ ਮੌਕਾ ਰੋਜ਼-ਰੋਜ਼ ਨਹੀਂ ਮਿਲਦਾ।" ਪਰ ਮੈਂ ਇਹ ਝੂਠ ਕਿਹਾ ਸੀ, ਕਿਉਂਕਿ ਮੈਨੂੰ ਇਹ ਸਭ ਬੜਾ ਹੀ ਰੜਕ ਰਿਹਾ ਸੀ। ਫੇਰ ਵੀ ਮੈਂ ਉਸ ਦੇ ਨਾਲ ਤੁਰਦਾ ਰਿਹਾ, ਧੀਮੇ ਕਦਮਾਂ ਨਾਲ, ਬੜੇ ਭੱਦਰ-ਪੁਰਸ਼ਾਂ ਵਾਂਗ ਜਿਵੇਂ ਮੈਂ ਉਸ ਦੀ ਗੱਲ ਧਿਆਨ ਨਾਲ ਸੁਣ ਰਿਹਾ ਹੋਵਾਂ।

ਮੇਰਾ ਸਾਥੀ ਪਲ ਛਿਣ ਲਈ ਚੁੱਪ ਹੋ ਗਿਆ ਤੇ ਫੇਰ ਬੜੀ ਵਿਸ਼ਵਾਸ ਭਰੀ ਆਵਾਜ਼ 'ਚ ਕਹਿਣ ਲੱਗਾ, "ਮਨੁੱਖੀ ਵਰਤਾਰੇ ਵਿਚ ਗੁੱਝੇ ਉਦੇਸ਼ਾਂ ਤੇ ਇਰਾਦਿਆਂ ਨਾਲੋਂ ਵੱਧ ਵਿਚਿੱਤਰ ਤੇ ਅਹਿਮ ਚੀਜ਼ ਇਸ ਦੁਨੀਆਂ ਵਿਚ ਹੋਰ ਕੋਈ ਨਹੀਂ। ਤੁਸੀਂ ਇਹ ਗੱਲ ਮੰਨਦੇ ਓ ਨਾ?"

ਮੈਂ ਸਿਰ ਹਿਲਾ ਕੇ ਹਾਮੀ ਭਰੀ।

"ਠੀਕ, ਫੇਰ ਆਓ ਜ਼ਰਾ ਖੁੱਲ੍ਹ ਕੇ ਗੱਲਾਂ ਕਰੀਏ। ਸੁਣੋ, ਤੁਸੀਂ ਜਦ ਤੀਕ ਜਵਾਨ ਓ, ਖੁੱਲ੍ਹ ਕੇ ਗੱਲਾਂ ਕਰਨ ਦਾ ਇਕ ਵੀ ਮੌਕਾ ਹੱਥੋਂ ਨਾ ਜਾਣ ਦੇਇਓ।"

'ਅਜੀਬ ਆਦਮੀ ਹੈ।' ਮੈਂ ਸੋਚਿਆ, ਪਰ ਉਸ ਦੇ ਸ਼ਬਦਾਂ ਨੇ ਮੈਨੂੰ ਉਲਝਾ ਲਿਆ ਸੀ।

"ਸੋ ਤਾਂ ਠੀਕ ਏ," ਮੈਂ ਕਿਹਾ, "ਪਰ ਅਸੀਂ ਗੱਲਬਾਤ ਕਿਸ ਵਿਸ਼ੇ ਉਪਰ ਕਰਾਂਗੇ?"

ਕਿਸੇ ਪੁਰਾਣੇ ਜਾਣਕਾਰ ਵਾਂਗ ਉਸ ਨੇ ਸਿੱਧਾ ਮੇਰੀਆਂ ਅੱਖਾਂ ਵਿਚ ਦੇਖਿਆ, "ਸਾਹਿਤ ਦੇ ਉਦੇਸ਼ ਬਾਰੇ, ਕਿਉਂ ਠੀਕ ਏ ਨਾ?"

"ਹਾਂ, ਪਰ...ਦੇਰ ਕਾਫੀ ਹੋ ਗਈ ਏ।"

"ਓ, ਤੁਸੀਂ ਅਜੇ ਨੌਜੁਆਨ ਓ, ਤੁਹਾਡੇ ਲਈ ਅਜੇ ਦੇਰ ਨਹੀਂ ਹੋਈ।"

ਮੈਂ ਰੁਕ ਗਿਆ, ਉਸ ਦੇ ਸ਼ਬਦਾਂ ਨੇ ਮੈਨੂੰ ਜਕੜ ਲਿਆ ਸੀ। ਕਿਸੇ ਹੋਰ ਹੀ ਅਰਥਾਂ ਵਿਚ ਉਸ ਨੇ ਇਨ੍ਹਾਂ ਸ਼ਬਦਾਂ ਦਾ ਉਚਾਰਨ ਕੀਤਾ ਸੀ ਤੇ ਏਨੀ ਗੰਭੀਰਤਾ ਨਾਲ ਕੀਤਾ ਸੀ ਕਿ ਕੋਈ ਭਵਿੱਖ-ਨਾਦ ਜਾਪ ਰਹੇ ਸਨ। ਮੈਂ ਰੁਕ ਗਿਆ। ਉਸ ਨੇ ਮੈਨੂੰ ਬਾਹੋਂ ਫੜ੍ਹਿਆ ਤੇ ਚੁੱਪਚਾਪ ਪਰ ਦ੍ਰਿੜ੍ਹਤਾ ਨਾਲ ਅੱਗੇ ਵਧਣ ਲੱਗਾ।

"ਰੁਕੋ ਨਾ, ਮੇਰੇ ਨਾਲ ਤੁਸੀਂ ਸਹੀ ਰਸਤੇ ਉਪਰ ਓ।" ਉਸ ਨੇ ਕਿਹਾ, "ਗੱਲ ਸ਼ੁਰੂ ਕਰੋ, ਹਾਂ, ਮੈਨੂੰ ਇਹ ਦੱਸੋ ਬਈ ਸਾਹਿਤ ਦਾ ਉਦੇਸ਼ ਕੀ ਹੈ?"

ਮੇਰੀ ਹੈਰਾਨੀ ਵਧਦੀ ਜਾ ਰਹੀ ਸੀ ਤੇ ਆਤਮ-ਸੰਤੁਲਨ ਘਟਦਾ। ਆਖ਼ਰ ਇਹ ਆਦਮੀ ਮੈਥੋਂ ਚਾਹੁੰਦਾ ਕੀ ਹੈ? ਤੇ ਇਹ ਹੈ ਕੌਣ? ਸ਼ੱਕ ਨਹੀਂ ਕਿ ਉਹ ਇਕ ਦਿਲਚਸਪ ਆਦਮੀ ਸੀ ਪਰ ਮੈਨੂੰ ਉਸ ਉਤੇ ਖਿਝ ਚੜ੍ਹਨ ਲੱਗ ਪਈ ਸੀ। ਉਸ ਤੋਂ ਖਹਿੜਾ ਛੁਡਾਉਣ ਦੀ ਇਕ ਹੋਰ ਕੋਸ਼ਿਸ਼ ਕਰਦਿਆਂ ਮੈਂ ਕਾਹਲ ਨਾਲ ਅੱਗੇ ਵੱਲ ਅਹੁਲਿਆ ਪਰ ਉਹ ਵੀ ਪਿੱਛੇ ਨਾ ਰਿਹਾ। ਨਾਲ-ਨਾਲ ਤੁਰਦਾ ਸ਼ਾਂਤ ਭਾਵ ਨਾਲ ਬੋਲਿਆ, "ਮੈਂ ਤੁਹਾਡੀ ਦਿੱਕਤ ਸਮਝ ਸਕਦਾਂ। ਯਕਦਮ ਸਾਹਿਤ ਦੀ ਵਿਆਖਿਆ ਕਰਨ ਲੱਗ ਪੈਣਾ ਤੁਹਾਡੇ ਲਈ ਔਖਾ ਏ, ਕਹੋ ਤਾਂ ਮੈਂ ਕੋਸ਼ਿਸ਼ ਕਰਾਂ?"

ਉਸ ਨੇ ਮੁਸਕਰਾਉਂਦਿਆਂ ਮੇਰੇ ਵੱਲ ਦੇਖਿਆ ਪਰ ਮੇਰੇ ਉਤਰ ਦੀ ਉਡੀਕ ਕੀਤੇ ਬਿਨਾਂ ਕਹਿਣ ਲੱਗਾ, "ਸ਼ਾਇਦ ਇਸ ਗੱਲ ਨਾਲ ਤੁਸੀਂ ਸਹਿਮਤ ਹੋਵੋਂ, ਜੇ ਮੈਂ ਕਹਾਂ ਕਿ ਸਾਹਿਤ ਦਾ ਉਦੇਸ਼ ਹੈ, ਖ਼ੁਦ ਆਪਣੇ ਬਾਰੇ ਜਾਣਨ ਵਿਚ ਇਨਸਾਨ ਦੀ ਮਦਦ ਕਰਨੀ, ਉਸ ਦੇ ਆਤਮ-ਵਿਸ਼ਵਾਸ ਨੂੰ ਦ੍ਰਿੜ੍ਹ ਬਣਾਉਣਾ ਤੇ ਸੱਚ ਦੀ ਪਰਖ ਪ੍ਰਤੀ ਦ੍ਰਿੜ੍ਹ ਹੋਣਾ, ਲੋਕਾਂ ਦੀਆਂ ਚੰਗਿਆਈਆਂ ਨੂੰ ਉਜਾਗਰ ਕਰਨਾ ਤੇ ਬੁਰਿਆਈਆਂ ਦੇ ਨਾਸ਼ ਲਈ ਹਿੰਮਤ ਵਧਾਉਣੀ। ਲੋਕਾਂ ਦੇ ਦਿਲਾਂ ਵਿਚ ਅਣਖ, ਗੁੱਸਾ ਤੇ ਹੌਸਲਾ ਪੈਦਾ ਕਰਨਾ, ਉਚੇ ਉਦੇਸ਼ਾਂ ਲਈ ਸ਼ਕਤੀ ਵਧਾਉਣੀ ਤੇ ਸਵੱਛਤਾ ਦੀ ਪਵਿੱਤਰ ਭਾਵਨਾ ਨਾਲ ਉਨ੍ਹਾਂ ਦੀ ਜੀਵਨ ਜਾਚ ਨੂੰ ਸ਼ੁੱਧ ਬਣਾਉਣਾ। ਕਿਉਂ, ਏਨਾ ਤਾਂ ਮੰਨਦੇ ਓ?"

"ਹਾਂ।" ਮੈਂ ਕਿਹਾ, "ਪਰਿਭਾਸ਼ਾ ਬੜੀ ਸਹੀ ਹੈ। ਇਹ ਤਾਂ ਸਾਰੇ ਮੰਨਦੇ ਨੇ ਕਿ ਸਾਹਿਤ ਦਾ ਉਦੇਸ਼ ਲੋਕਾਂ ਨੂੰ ਹੋਰ ਚੰਗੇਰਾ ਬਣਾਉਣਾ ਏ।"

"ਫੇਰ ਦੇਖੋ ਨਾ, ਲੇਖਕ ਦੇ ਰੂਪ ਵਿਚ ਤੁਸੀਂ ਕਿੰਨੇ ਉਚੇ ਉਦੇਸ਼ ਲਈ ਕੰਮ ਕਰ ਰਹੇ ਓ।" ਮੇਰੇ ਸਾਥੀ ਨੇ ਗੰਭੀਰਤਾ ਨਾਲ ਆਪਣੀ ਗੱਲ ਉਤੇ ਜ਼ੋਰ ਦਿੰਦਿਆਂ ਕਿਹਾ ਤੇ ਫੇਰ ਆਪਣੀ ਉਹੀ ਤਿੱਖੀ ਹਾਸੀ ਹੱਸਿਆ, "ਹੋ-ਹੋ-ਹੋ!"

ਇਸ ਨਾਲ ਮੈਨੂੰ ਆਪਣੀ ਹੇਠੀ ਹੋ ਰਹੀ ਜਾਪੀ। ਮੈਂ ਦੁੱਖ, ਹਿਰਖ ਤੇ ਖਿਝ ਕੇ ਚੀਕਿਆ, "ਆਖ਼ਰ ਤੁਸੀਂ ਮੈਥੋਂ ਚਾਹੁੰਦੇ ਕੀ ਓ?"

"ਆਓ, ਥੋੜ੍ਹੀ ਦੇਰ ਬਾਗ ਵਿਚ ਚੱਲ ਕੇ ਬੈਠਦੇ ਆਂ।" ਉਸ ਨੇ ਫੇਰ ਇਕ ਨਿੱਕੀ ਹਾਸੀ ਹੱਸਦਿਆਂ ਤੇ ਮੇਰਾ ਹੱਥ ਫੜ ਕੇ ਮੈਨੂੰ ਖਿੱਚਦਿਆਂ ਕਿਹਾ।



ਫੇਰ ਅਸੀਂ ਨਗਰ-ਬਾਗ ਦੀ ਜੂਹ ਵਿਚ ਪਹੁੰਚ ਗਏ। ਚਾਰੇ ਪਾਸੇ ਕਿੱਕਰਾਂ ਤੇ ਲਿਲਕ ਦੀਆਂ ਲੰਮੀਆਂ ਟਾਹਣੀਆਂ ਦਿਸ ਰਹੀਆਂ ਸਨ, ਜਿਨ੍ਹਾਂ ਉਪਰ ਬਰਫ਼ ਦੀ ਪਰਤ ਚੜ੍ਹੀ ਹੋਈ ਸੀ। ਉਹ ਚੰਦ ਦੀ ਰੌਸ਼ਨੀ ਵਿਚ ਚਮਕਦੀਆਂ ਮੇਰੇ ਸਿਰ 'ਤੇ ਛਾਈਆਂ ਹੋਈਆਂ ਸਨ ਤੇ ਇੰਜ ਮਹਿਸੂਸ ਹੋ ਰਿਹਾ ਸੀ ਜਿਵੇਂ ਰੌਸ਼ਨੀ ਬਰਫ਼ ਦਾ ਕਵਚ ਪਾਈ ਸਖ਼ਤ ਟਾਹਣੀਆਂ ਨੂੰ ਵਿੰਨ੍ਹ ਕੇ ਸਿੱਧੀ ਮੇਰੇ ਦਿਲ ਤੱਕ ਪਹੁੰਚ ਰਹੀ ਹੋਵੇ।

ਮੈਂ ਬਿਨਾਂ ਇਕ ਸ਼ਬਦ ਕਹੇ ਆਪਣੇ ਸਾਥੀ ਵੱਲ ਦੇਖਿਆ। ਉਸ ਦੇ ਵਤੀਰੇ ਨੇ ਮੈਨੂੰ ਚੱਕਰ ਵਿਚ ਪਾਇਆ ਹੋਇਆ ਸੀ। 'ਇਸਦੇ ਦਿਮਾਗ ਦਾ ਕੋਈ ਪੁਰਜਾ ਢਿੱਲਾ ਜਾਪਦਾ ਏ।' ਮੈਂ ਸੋਚਿਆ ਤੇ ਉਸ ਦੇ ਵਤੀਰੇ ਦੀ ਇਸ ਵਿਆਖਿਆ ਨਾਲ ਆਪਣੇ ਮਨ ਨੂੰ ਤਸੱਲੀ ਦੇਣ ਦੀ ਕੋਸ਼ਿਸ਼ ਕੀਤੀ।

"ਸ਼ਾਇਦ ਤੁਸੀਂ ਸੋਚ ਰਹੇ ਓ ਕਿ ਮੇਰਾ ਦਿਮਾਗ ਕੁਝ ਖ਼ਰਾਬ ਲੱਗਦਾ ਏ।" ਉਸ ਨੇ ਜਿਵੇਂ ਮੇਰੇ ਭਾਵ ਪੜ੍ਹਦਿਆਂ ਕਿਹਾ, "ਪਰ ਇਸ ਖ਼ਿਆਲ ਨੂੰ ਆਪਣੇ ਦਿਮਾਗ ਵਿਚੋਂ ਕੱਢ ਦਿਓ, ਇਹ ਤੁਹਾਡੇ ਲਈ ਨੁਕਸਾਨਦੇਹ ਤੇ ਅਢੁੱਕਵਾਂ ਏ। ਬਜਾਏ ਇਸ ਦੇ ਕਿ ਅਸੀਂ ਉਸ ਆਦਮੀ ਨੂੰ ਸਮਝਣ ਦੀ ਕੋਸ਼ਿਸ਼ ਕਰੀਏ, ਜੋ ਸਾਡੇ ਨਾਲੋਂ ਭਿੰਨ ਏ, ਤੇ ਇਸ ਬਹਾਨੇ ਦੀ ਓਟ ਲੈ ਕੇ ਅਸੀਂ ਉਸ ਨੂੰ ਸਮਝਣ ਦੇ ਝੰਜਟ ਤੋਂ ਖਹਿੜਾ ਛੁਡਾ ਲੈਣਾ ਚਾਹੀਏ, ਮਨੁੱਖ ਦੇ ਪ੍ਰਤੀ ਆਦਮੀ ਦੀ ਉਦਾਸੀਨਤਾ ਦਾ ਬੜਾ ਹੀ ਠੋਸ ਪ੍ਰਮਾਣ ਏ।"

"ਉਹ ਤਾਂ ਠੀਕ ਏ," ਮੈਂ ਕਿਹਾ। ਮੇਰੀ ਖਿਝ ਲਗਾਤਾਰ ਵਧਦੀ ਜਾ ਰਹੀ ਸੀ, "ਪਰ ਮਾਫ਼ ਕਰਨਾ, ਮੈਂ ਹੁਣ ਚੱਲਾਂਗਾ। ਕਾਫੀ ਸਮਾਂ ਹੋ ਗਿਐ।"

"ਜਾਓ।" ਉਸ ਨੇ ਮੋਢੇ ਸਿਕੋੜ ਕੇ ਕਿਹਾ, "ਜਾਓ, ਪਰ ਇਹ ਜਾਣ ਲਓ ਕਿ ਤੁਸੀਂ ਖ਼ੁਦ ਆਪਣੇ ਆਪ ਤੋਂ ਭੱਜ ਰਹੇ ਓ।" ਉਸ ਨੇ ਮੇਰਾ ਹੱਥ ਛੱਡ ਦਿੱਤਾ ਤੇ ਮੈਂ ਉਥੋਂ ਤੁਰ ਪਿਆ।

ਉਹ ਬਾਗ ਵਿਚ ਹੀ ਇਕ ਟਿੱਲੇ ਕੋਲ ਰੁਕ ਗਿਆ। ਉਥੋਂ ਵੋਲਗਾ ਨਦੀ ਨਜ਼ਰ ਆਉਂਦੀ ਸੀ ਜਿਸ ਉਪਰ ਹੁਣ ਬਰਫ਼ ਦੀ ਚਾਦਰ ਤਣ ਗਈ ਸੀ ਤੇ ਇੰਜ ਜਾਪਦਾ ਸੀ ਜਿਵੇਂ ਬਰਫ਼ ਦੀ ਉਸ ਚਾਦਰ ਉਪਰ ਸੜਕਾਂ ਦੇ ਕਾਲੇ ਫੀਤੇ ਟੰਗੇ ਹੋਏ ਹੋਣ। ਸਾਹਮਣੇ ਦੂਰ ਤਟ ਦੇ ਸ਼ਾਂਤ ਤੇ ਉਦਾਸੀ ਵਿਚ ਡੁੱਬੇ ਲੰਮੇ-ਚੌੜੇ ਮੈਦਾਨ ਫੈਲੇ ਹੋਏ ਸਨ। ਉਹ ਉਥੇ ਪਏ ਇਕ ਬੈਂਚ ਉਤੇ ਬੈਠ ਗਿਆ ਤੇ ਸੁੰਨੇ ਮੈਦਾਨਾਂ ਵੱਲ ਤੱਕਦਾ ਸੀਟੀ ਦੀ ਸੁਰ ਵਿਚ ਇਕ ਜਾਣੇ-ਪਛਾਣੇ ਗੀਤ ਦੀ ਧੁਨ ਵਜਾਉਣ ਲੱਗਾ :

'ਉਹ ਕੀ ਦਿਖਾਉਣਗੇ ਰਸਤਾ ਸਾਨੂੰ
ਜਿਨ੍ਹਾਂ ਨੂੰ ਖ਼ੁਦ ਆਪਣੀ ਸੁੱਧ ਨਹੀਂ...'

ਮੈਂ ਭੌਂ ਕੇ ਉਸ ਵੱਲ ਦੇਖਿਆ, ਆਪਣੀ ਕੁਹਣੀ ਨੂੰ ਗੋਡੇ ਉਤੇ ਅਤੇ ਠੋਡੀ ਨੂੰ ਹਥੇਲੀ ਉਤੇ ਟਿਕਾਈ, ਮੂੰਹ ਨਾਲ ਸੀਟੀ ਵਜਾਉਂਦਾ, ਉਹ ਮੇਰੇ ਵੱਲ ਹੀ ਝਾਕ ਰਿਹਾ ਸੀ ਤੇ ਚੰਨ ਚਾਨਣੀ ਵਿਚ ਚਮਕਦੇ ਉਸ ਦੇ ਚਿਹਰੇ ਉਪਰ ਉਸ ਦੀਆਂ ਬਰੀਕ ਕਾਲੀਆਂ ਮੁੱਛਾਂ ਫਰਕ ਰਹੀਆਂ ਸਨ। ਇਹ ਸਮਝ ਕੇ ਕਿ ਇਹੀ ਵਿਧੀ ਦਾ ਵਿਧਾਨ ਹੈ, ਮੈਂ ਉਸ ਕੋਲ ਜਾ ਬੈਠਣ ਦਾ ਫੈਸਲਾ ਕਰ ਲਿਆ। ਕਾਹਲੇ ਕਦਮਾਂ ਨਾਲ ਉਥੇ ਪਹੁੰਚਿਆ ਤੇ ਉਸ ਦੇ ਬਰਾਬਰ ਜਾ ਬੈਠਾ।

"ਦੇਖੋ, ਜੇ ਅਸੀਂ ਗੱਲਬਾਤ ਕਰਨੀ ਏ ਤਾਂ ਸਿੱਧੇ-ਸਾਦੇ ਢੰਗ ਨਾਲ ਸੰਖੇਪ ਵਿਚ ਹੋਣੀ ਚਾਹੀਦੀ ਏ।" ਮੈਂ ਆਪਣੀ ਰੋਸ ਭਰੀ ਆਵਾਜ਼ ਉਤੇ ਕਾਬੂ ਰੱਖਦਿਆਂ ਕਿਹਾ।

"ਲੋਕਾਂ ਨੂੰ ਹਮੇਸ਼ਾ ਸਿੱਧੇ-ਸਾਦੇ ਢੰਗ ਨਾਲ ਗੱਲ ਕਰਨੀ ਚਾਹੀਦੀ ਹੈ।" ਉਸ ਨੇ ਸਿਰ ਹਿਲਾਉਂਦਿਆਂ ਕਿਹਾ, "ਪਰ ਇਹ ਤੁਹਾਨੂੰ ਵੀ ਮੰਨਣਾ ਪਏਗਾ ਕਿ ਆਪਣੇ ਉਸ ਢੰਗ ਤੋਂ ਕੰਮ ਲਏ ਬਿਨਾਂ ਮੈਂ ਤੁਹਾਡਾ ਧਿਆਨ ਨਹੀਂ ਸੀ ਖਿੱਚ ਸਕਣਾ। ਅੱਜ ਕੱਲ੍ਹ ਸਿੱਧੀਆਂ-ਸਾਦੀਆਂ ਤੇ ਸਪਸ਼ਟ ਗੱਲਾਂ ਨੂੰ ਰਸਹੀਣ, ਰੁੱਖੜ ਕਹਿ ਕੇ ਅੱਖੋਂ ਪਰੋਖੇ ਕਰ ਦਿੱਤਾ ਜਾਂਦਾ ਏ ਪਰ ਅਸਲ ਗੱਲ ਇਹ ਜੇ ਕਿ ਅਸੀਂ ਕਿਸੇ ਵੀ ਚੀਜ਼ ਵਿਚ ਜੋਸ਼ ਜਾਂ ਕੋਮਲਤਾ ਲਿਆਉਣ ਵਿਚ ਅਸਮਰਥ ਆਂ। ਅਸੀਂ ਤੁੱਛ ਕਲਪਨਾਵਾਂ ਤੇ ਦੈਵੀ-ਸੁਪਨਿਆਂ ਵਿਚ ਵਿਚਰ ਕੇ ਆਪਣੇ ਆਪ ਨੂੰ ਵਿਚਿੱਤਰ ਤੇ ਅਨੋਖਾ ਦਿਖਾਉਣਾ ਚਾਹੁੰਦੇ ਹਾਂ, ਕਿਉਂਕਿ ਜਿਸ ਜੀਵਨ ਦੀ ਅਸੀਂ ਰਚਨਾ ਕੀਤੀ ਏ, ਉਹ ਰਸਹੀਣ, ਬਦਰੰਗ ਤੇ ਅਕਾ ਦੇਣ ਵਾਲਾ ਏ। ਜਿਸ ਜੀਵਨ ਨੂੰ ਅਸੀਂ ਕਦੀ ਏਨੀ ਲਗਨ ਤੇ ਜੋਸ਼ ਨਾਲ ਬਦਲਣ ਤੁਰੇ ਸਾਂ, ਉਸ ਨੇ ਸਾਨੂੰ ਕੁਚਲ ਤੇ ਤੋੜ ਕੇ ਰੱਖ ਦਿੱਤਾ ਏ।" ਇਕ ਪਲ ਚੁੱਪ ਰਹਿ ਕੇ ਉਸ ਨੇ ਪੁੱਛਿਆ, "ਕਿਉਂ, ਮੈਂ ਠੀਕ ਕਹਿ ਰਿਹਾਂ ਨਾ?"

"ਹਾਂ" ਮੈਂ ਕਿਹਾ, "ਤੁਹਾਡਾ ਕਹਿਣਾ ਠੀਕ ਏ।"

"ਤੁਸੀਂ ਬੜੀ ਛੇਤੀ ਗੋਡੇ ਟੇਕ ਦੇਂਦੇ ਓ," ਤਿੱਖੀ ਹਾਸੀ ਹੱਸਦਿਆਂ ਮੇਰੇ ਪ੍ਰਤੀਵਾਦੀ ਨੇ ਮੇਰਾ ਮਖ਼ੌਲ ਉਡਾਇਆ। ਮੈਂ ਕੱਚਾ ਜਿਹਾ ਹੋ ਗਿਆ। ਉਸ ਨੇ ਤਿੱਖੀਆਂ ਨਜ਼ਰਾਂ ਮੇਰੇ ਉਤੇ ਗੱਡ ਦਿੱਤੀਆਂ ਤੇ ਮੁਸਕਰਾਉਂਦਾ ਬੋਲਿਆ, "ਤੁਸੀਂ ਲੇਖਕ ਓ, ਤੇ ਤੁਸੀਂ ਜੋ ਲਿਖਦੇ ਓ ਉਸ ਨੂੰ ਹਜ਼ਾਰਾਂ ਲੋਕ ਪੜ੍ਹਦੇ ਨੇ। ਤੁਸੀਂ ਕਿਸ ਗੱਲ ਦਾ ਪ੍ਰਚਾਰ ਕਰਦੇ ਓ? ਤੇ ਕੀ ਕਦੀ ਤੁਸੀਂ ਆਪਣੇ ਆਪ ਨੂੰ ਇਹ ਪੁੱਛਿਆ ਏ ਕਿ ਦੂਜਿਆਂ ਨੂੰ ਸਿਖਿਆ ਦੇਣ ਦਾ ਤੁਹਾਨੂੰ ਕੀ ਹੱਕ ਹੈ?"

ਜੀਵਨ ਵਿਚ ਪਹਿਲੀ ਵਾਰੀ ਮੈਂ ਆਪਣੀ ਸੋਚ ਨੂੰ ਫਰੋਲਿਆ, ਉਸ ਨੂੰ ਜਾਚਿਆ-ਪਰਖਿਆ। ਹਾਂ, ਤਾਂ ਮੈਂ ਕਿਸ ਚੀਜ਼ ਦਾ ਪ੍ਰਚਾਰ ਕਰਦਾ ਹਾਂ? ਲੋਕਾਂ ਨੂੰ ਕਹਿਣ ਲਈ ਮੇਰੇ ਕੋਲ ਕੀ ਹੈ? ਕੀ ਓਹੋ ਸਾਰੀਆਂ ਗੱਲਾਂ ਜਿਹੜੀਆਂ ਹਮੇਸ਼ਾ ਕਹੀਆਂ-ਸੁਣੀਆਂ ਜਾਂਦੀਆਂ ਨੇ, ਪਰ ਜੋ ਆਦਮੀ ਨੂੰ ਬਦਲ ਕੇ ਬਿਹਤਰ ਨਹੀਂ ਬਣਾਉਂਦੀਆਂ? ਤੇ ਉਨ੍ਹਾਂ ਵਿਚਾਰਾਂ ਤੇ ਨੀਤੀਆਂ ਦਾ ਪ੍ਰਚਾਰ ਕਰਨ ਦਾ ਮੈਨੂੰ ਕੀ ਹੱਕ ਹੈ, ਜਿਨ੍ਹਾਂ ਵਿਚ ਨਾ ਤਾਂ ਮੈਨੂੰ ਯਕੀਨ ਹੈ ਤੇ ਨਾ ਜਿਨ੍ਹਾਂ ਨੂੰ ਮੈਂ ਅਮਲ ਵਿਚ ਲਿਆਂਦਾ ਹੈ? ਜਦੋਂ ਮੈਂ ਖ਼ੁਦ ਆਪਣੇ ਖ਼ਿਲਾਫ਼ ਵਿਹਾਰ ਕਰ ਰਿਹਾਂ, ਤਾਂ ਕੀ ਇਹ ਸਿੱਧ ਨਹੀਂ ਹੁੰਦਾ ਕਿ ਉਨ੍ਹਾਂ ਦੀ ਸੱਚਾਈ ਵਿਚ ਮੈਨੂੰ ਵਿਸ਼ਵਾਸ ਨਹੀਂ? ਇਸ ਆਦਮੀ ਨੂੰ ਮੈਂ ਕੀ ਜਵਾਬ ਦਿਆਂ, ਜਿਹੜਾ ਮੇਰੇ ਸਾਹਮਣੇ ਬੈਠਾ ਹੋਇਆ ਹੈ?'

ਪਰ ਉਸ ਨੇ ਮੇਰੇ ਜਵਾਬ ਦੀ ਉਡੀਕ ਤੋਂ ਅੱਕ ਕੇ ਫੇਰ ਬੋਲਣਾ ਸ਼ੁਰੂ ਕਰ ਦਿੱਤਾ, "ਇਕ ਸਮਾਂ ਸੀ ਜਦ ਇਹ ਧਰਤੀ ਲਿਖਣ ਕਲਾ ਮਾਹਿਰਾਂ, ਜੀਵਨ ਤੇ ਮਨੁੱਖੀ ਮਨ ਦੇ ਅਧਿਅਨਕਾਰਾਂ ਤੇ ਅਜਿਹੇ ਲੋਕਾਂ ਨਾਲ ਭਰੀ ਹੋਈ ਸੀ ਜਿਹੜੇ ਦੁਨੀਆਂ ਨੂੰ ਚੰਗੇਰੀ ਬਣਾਉਣ ਦੀ ਪ੍ਰਬਲ ਇੱਛਾ ਤੇ ਮਨੁੱਖੀ ਪ੍ਰਕ੍ਰਿਤੀ ਵਿਚ ਡੂੰਘੇ ਵਿਸ਼ਵਾਸ ਨਾਲ ਭਰੇ ਹੋਏ ਸਨ। ਉਨ੍ਹਾਂ ਅਜਿਹੀਆਂ ਕਿਤਾਬਾਂ ਲਿਖੀਆਂ ਜੋ ਕਦੀ ਚੇਤਿਆਂ ਵਿਚੋਂ ਮਿਟ ਹੀ ਨਹੀਂ ਸਕਦੀਆਂ, ਕਾਰਨ? ਉਹ ਅਮਰ ਸੱਚਾਈਆਂ ਨੂੰ ਉਜਾਗਰ ਕਰਦੀਆਂ ਨੇ ਤੇ ਉਨ੍ਹਾਂ ਦੇ ਪੰਨਿਆਂ ਵਿਚੋਂ ਕਦੀ ਮੈਲੀ ਨਾ ਹੋਣ ਵਾਲੀ ਸੁੰਦਰਤਾ ਫੁੱਟ-ਫੁੱਟ ਪੈਂਦੀ ਜੇ। ਉਨ੍ਹਾਂ ਵਿਚ ਚਿੱਤਰੇ ਪਾਤਰ, ਜੀਵਨ ਦੇ ਸੱਚੇ ਪਾਤਰ ਨੇ, ਕਿਉਂਕਿ ਪ੍ਰੇਰਨਾ ਨੇ ਉਨ੍ਹਾਂ ਵਿਚ ਜਾਨ ਪਾਈ ਹੋਈ ਏ। ਉਨ੍ਹਾਂ ਕਿਤਾਬਾਂ ਵਿਚ ਹੌਸਲਾ ਤੇ ਦਲੇਰੀ ਏ, ਦਗਦਾ ਹੋਇਆ ਗੁੱਸਾ ਤੇ ਨਿੱਘਾ-ਸੱਚਾ ਪ੍ਰੇਮ ਹੈ। ਉਨ੍ਹਾਂ ਵਿਚ ਇਕ ਵੀ ਸ਼ਬਦ ਭਰਤੀ ਨਹੀਂ ਕੀਤਾ ਗਿਆ।

"ਮੈਂ ਜਾਣਦਾ ਹਾਂ ਕਿ ਇਨ੍ਹਾਂ ਪੁਸਤਕਾਂ ਵਿਚੋਂ ਹੀ ਤੁਸੀਂ ਆਪਣੀ ਆਤਮਾ ਲਈ ਖ਼ੁਰਾਕ ਪ੍ਰਾਪਤ ਕੀਤੀ ਏ। ਫੇਰ ਵੀ ਤੁਹਾਡੀ ਆਤਮਾ ਉਸ ਨੂੰ ਪਚਾ ਨਹੀਂ ਸਕੀ। ਸੱਚ ਤੇ ਪ੍ਰੇਮ ਬਾਰੇ ਤੁਸੀਂ ਜੋ ਵੀ ਲਿਖਦੇ ਓ, ਉਹ ਝੂਠਾ, ਫਿੱਕਾ ਤੇ ਅਨੁਭਵਹੀਣ ਜਾਪਦਾ ਏ। ਲੱਗਦਾ ਏ, ਜਿਵੇਂ ਸ਼ਬਦ ਜਬਰਨ ਮੂੰਹ ਵਿਚੋਂ ਉਗਲੇ ਜਾ ਰਹੇ ਹੋਣ। ਚੰਦ ਵਾਂਗਰ ਤੁਸੀਂ ਕਿਸੇ ਦੂਸਰੇ ਦੇ ਚਾਨਣ ਨਾਲ ਚਮਕਦੇ ਓ, ਤੇ ਇਹ ਚਾਨਣ ਵੀ ਪੂਰੀ ਤਰ੍ਹਾਂ ਮੈਲਾ ਏ, ਉਹ ਪਰਛਾਵੇਂ ਖ਼ੂਬ ਉਭਾਰਦਾ ਏ ਪਰ ਨੂਰ ਘੱਟ ਬਰੂਰਦਾ ਏ...ਤੇ ਨਿੱਘ ਤਾਂ ਉਸ ਵਿਚ ਬਿਲਕੁਲ ਵੀ ਨਹੀਂ।" ਉਸ ਕਿਹਾ।

"ਅਸਲ ਵਿਚ ਤੁਸੀਂ ਲੋਕ ਖ਼ੁਦ ਗਰੀਬ ਓ, ਏਨੇ ਗਰੀਬ ਕਿ ਦੂਜਿਆਂ ਨੂੰ ਅਜਿਹੀ ਕੋਈ ਸ਼ੈ ਦੇ ਹੀ ਨਹੀਂ ਸਕਦੇ ਜੋ ਸੱਚਮੁੱਚ ਮੁੱਲਵਾਨ ਹੋਵੇ। ਤੇ ਜੋ ਦੇਂਦੇ ਵੀ ਓ ਤਾਂ ਸਰਵਉਚ ਸੰਤੋਖ ਦੇ ਇਸ ਗਿਆਨ ਦੇ ਨਾਲ ਨਹੀਂ ਕਿ ਤੁਸੀਂ ਸੁੰਦਰ ਵਿਚਾਰਾਂ ਤੇ ਸ਼ਬਦਾਂ ਦੀ ਲੜੀ ਵਿਚ ਵਾਧਾ ਕਰਕੇ ਜੀਵਨ ਨੂੰ ਅਮੀਰ ਬਣਾਇਆ ਏ, ਬਲਕਿ ਤੁਸੀਂ ਸਿਰਫ ਇਸ ਲਈ ਦੇਂਦੇ ਓ ਜੀਵਨ ਤੇ ਹੋਰ ਲੋਕਾਂ ਤੋਂ

ਇਸ ਨਾਲੋਂ ਵੱਧ ਹਾਸਲ ਕਰ ਸਕੋ। ਤੁਸੀਂ ਏਨੇ ਕਮੀਨੇ ਓ ਕਿ ਸੁਗਾਤ ਵਜੋਂ ਕਿਸੇ ਨੂੰ ਪਿੰਡੇ ਦੀ ਜੂੰ ਤੀਕ ਨਹੀਂ ਦੇ ਸਕਦੇ। ਜਾਂ ਫੇਰ ਸੂਦਖੋਰ ਹੋ ਤੇ ਅਨੁਭਵ ਦੇ ਟੁਕੜਿਆਂ ਦਾ ਲੈਣ-ਦੇਣ ਕਰਦੇ ਓ, ਤਾਂ ਕਿ ਪ੍ਰਸਿੱਧੀ ਦੇ ਰੂਪ ਵਿਚ ਸੂਦ ਪ੍ਰਾਪਤ ਕਰ ਸਕੋ।

"ਤੁਹਾਡੀ ਲਿਖਤ ਚੀਜ਼ਾਂ ਦੀਆਂ ਉਤਲੀਆਂ ਤੈਹਾਂ ਨੂੰ ਹੀ ਖੁਰਚਦੀ ਏ। ਜੀਵਨ ਦੀਆਂ ਤੁੱਛ ਪ੍ਰਸਥਿਤੀਆਂ ਨੂੰ ਹੀ ਤੁਸੀਂ ਅਰਥਹੀਣ ਢੰਗ ਨਾਲ ਖੁਰਚ ਕੇ-ਵਲੂੰਧਰਦੇ ਰਹਿੰਦੇ ਓ। ਹੋ ਸਕਦਾ ਏ, ਇੰਜ ਤੁਸੀਂ ਉਨ੍ਹਾਂ ਨੂੰ ਅਨੇਕ ਸਾਧਾਰਣ, ਮਹੱਤਵਹੀਣ ਸੱਚਾਈਆਂ ਸਿਖਾਉਂਦੇ ਹੋਵੋਂ ਪਰ ਕੀ ਤੁਸੀਂ ਕੋਈ ਅਜਿਹੀ ਰਚਨਾ ਵੀ ਕਰ ਸਕਦੇ ਓ ਜੋ ਮਨੁੱਖ ਦੀ ਆਤਮਾ ਨੂੰ ਉਚਾ ਚੁੱਕਣ ਦਾ ਬਲ ਰੱਖਦੀ ਹੋਵੇ? ਨਹੀ! ਤਾਂ ਕੀ ਤੁਸੀਂ ਸੱਚਮੁੱਚ ਇਸ ਕਾਰਜ ਨੂੰ ਏਨਾ ਅਹਿਮ ਸਮਝਦੇ ਓ ਕਿ ਹਰ ਜਗ੍ਹਾ ਪਏ ਕੂੜੇ ਦੇ ਢੇਰਾਂ ਨੂੰ ਫਰੋਲਿਆ ਜਾਏ ਤੇ ਇਹ ਸਿੱਧ ਕੀਤਾ ਜਾਏ ਕਿ ਮਨੁੱਖ ਬੁਰਾ ਹੈ, ਮੂਰਖ ਹੈ, ਆਤਮ-ਸਨਮਾਨ ਦੀ ਭਾਵਨਾ ਤੋਂ ਸੱਖਣਾ ਹੈ, ਹਾਲਾਤ ਦਾ ਗੁਲਾਮ ਹੈ, ਪੂਰੀ ਤਰ੍ਹਾਂ ਤੇ ਹਮੇਸ਼ਾ ਲਈ ਕਮਜ਼ੋਰ, ਤਰਸਯੋਗ ਤੇ ਇਕੱਲਾ ਹੈ?

"ਜੇ ਤੁਸੀਂ ਮੈਥੋਂ ਪੁੱਛੋਂ ਤਾਂ ਮਨੁੱਖ ਬਾਰੇ ਅਜਿਹਾ ਘਿਣਾਉਣਾ ਪ੍ਰਚਾਰ ਮਨੁੱਖਤਾ ਦੇ ਦੁਸ਼ਮਣ ਕਰਦੇ ਨੇ ਤੇ ਦੁੱਖ ਦੀ ਗੱਲ ਇਹ ਹੈ ਕਿ ਉਹ ਮਨੁੱਖ ਦੇ ਮਨ ਵਿਚ ਇਹ ਵਿਸ਼ਵਾਸ ਪੈਦਾ ਕਰਨ ਵਿਚ ਸਫ਼ਲ ਵੀ ਹੋ ਚੁੱਕੇ ਨੇ। ਹੁਣ ਤੁਸੀਂ ਹੀ ਦੇਖੋ, ਮਨੁੱਖੀ ਮਸਤਕ ਅੱਜ ਕਿੰਨਾ ਨੁੱਸ ਹੋ ਚੁਕਾ ਏ ਤੇ ਉਸ ਦੀ ਆਤਮਾ ਦੇ ਤਾਰ ਕਿੰਨੇ ਬੇਆਵਾਜ਼ ਹੋ ਗਏ ਨੇ। ਇਹ ਕੋਈ ਅਚਰਜ ਵਾਲੀ ਗੱਲ ਨਹੀਂ, ਉਹ ਆਪਣੇ ਆਪ ਨੂੰ ਉਸੇ ਰੂਪ ਵਿਚ ਦੇਖਦਾ ਏ ਜਿਹੋ ਜਿਹਾ ਉਸ ਨੂੰ ਪੁਸਤਕਾਂ ਵਿਚ ਦਿਖਾਇਆ ਜਾਂਦਾ ਏ।"

"ਤੇ ਪੁਸਤਕਾਂ, ਖਾਸ ਤੌਰ 'ਤੇ ਪ੍ਰਤਿਭਾ ਦਾ ਭਰਮ ਪੈਦਾ ਕਰਨ ਵਾਲੀ ਵਾਕਬੰਦੀ ਵਿਚ ਲਿਖੀਆਂ ਗਈਆਂ ਪੁਸਤਕਾਂ, ਪਾਠਕਾਂ ਦੀ ਮੌਤ ਮਾਰ ਕੇ ਉਨ੍ਹਾਂ ਨੂੰ ਆਪਣੇ ਵੱਸ ਵਿਚ ਕਰ ਲੈਂਦੀਆਂ ਨੇ। ਜੇ ਉਨ੍ਹਾਂ ਵਿਚ ਮਨੁੱਖ ਨੂੰ ਕਮਜ਼ੋਰ, ਤਰਸਯੋਗ, ਇਕੱਲਾ ਦਿਖਾਇਆ ਗਿਆ ਹੈ ਤਾਂ ਪਾਠਕ ਉਨ੍ਹਾਂ ਵਿਚ ਆਪਣਾ ਭੱਦਾਪਨ ਤਾਂ ਦੇਖਦਾ ਏ, ਪਰ ਉਸ ਨੂੰ ਇਹ ਨਜ਼ਰ ਨਹੀਂ ਆਉਂਦਾ ਕਿ ਉਸ ਵਿਚ ਸੁਧਾਰ ਦੀ ਵੀ ਕੋਈ ਸੰਭਾਵਨਾ ਹੋ ਸਕਦੀ ਹੈ। ਕੀ ਤੁਹਾਡੇ ਵਿਚ ਇਸ ਸੰਭਾਵਨਾ ਨੂੰ ਪ੍ਰਬਲ ਕਰਨ ਦੀ ਤਾਕਤ ਹੈ? ਪਰ ਇਹ ਤੁਸੀਂ ਕਿੰਜ ਕਰ ਸਕਦੇ ਓ, ਜਦਕਿ ਤੁਸੀਂ ਖੁਦ ਹੀ...ਖ਼ੈਰ ਜਾਣ ਦਿਓ, ਮੈਂ ਤੁਹਾਡੀਆਂ ਭਾਵਨਾਵਾਂ ਨੂੰ ਠੇਸ ਨਹੀਂ ਪਹੁੰਚਾਵਾਂਗਾ, ਕਿਉਂਕਿ ਮੇਰੀ ਗੱਲ ਨੂੰ ਕੱਟੇ ਜਾਂ ਆਪ ਨੂੰ ਸਹੀ ਸਿੱਧ ਕਰਨ ਦੀ ਕੋਸ਼ਿਸ਼ ਕੀਤੇ ਬਿਨਾਂ ਤੁਸੀਂ ਮੇਰੀ ਗੱਲ ਸੁਣ ਰਹੇ ਓ।"

"ਤੁਸੀਂ ਆਪਣੇ ਆਪ ਨੂੰ ਮਸੀਹੇ ਦੇ ਰੂਪ ਵਿਚ ਦੇਖਦੇ ਓ। ਸਮਝਦੇ ਓ ਕਿ ਬੁਰਾਈਆਂ ਨੂੰ ਖੋਲ੍ਹ ਕੇ ਰੱਖ ਦੇਣ ਲਈ ਹੀ ਖ਼ੁਦ ਪਰਮਾਤਮਾ ਨੇ ਤੁਹਾਨੂੰ ਇਸ ਦੁਨੀਆਂ ਵਿਚ ਭੇਜਿਆ ਏ, ਤਾਂਕਿ ਅੱਛਾਈਆਂ ਦੀ ਜਿੱਤ ਹੋਵੇ ਪਰ ਬੁਰਿਆਈਆਂ ਨੂੰ ਚੰਗਿਆਈਆਂ ਤੋਂ ਵੱਖ ਕਰਨ ਵੇਲੇ ਕੀ ਤੁਸੀਂ ਇਹ ਨਹੀਂ ਦੇਖਿਆ ਕਿ ਇਹ ਦੋਵੇਂ ਇਕ ਦੂਜੇ ਨਾਲ ਗੁੱਥੀਆਂ ਹੋਈਆਂ ਨੇ ਤੇ ਇਨ੍ਹਾਂ ਨੂੰ ਵੱਖ ਨਹੀਂ ਕੀਤਾ ਜਾ ਸਕਦਾ? ਮੈਨੂੰ ਇਸ ਵਿਚ ਵੀ ਬੜਾ ਭਾਰੀ ਸ਼ੰਕਾ ਏ ਕਿ ਪਰਮਾਤਮਾ ਨੇ ਤੁਹਾਨੂੰ ਆਪਣਾ ਮਸੀਹਾ ਬਣਾ ਕੇ ਭੇਜਿਆ ਏ। ਜੇ ਉਹ ਭੇਜਦਾ ਤਾਂ ਤੁਹਾਥੋਂ ਮਜ਼ਬੂਤ ਇਨਸਾਨਾਂ ਨੂੰ ਇਸ ਕਾਰ ਲਈ ਚੁਣਦਾ। ਉਨ੍ਹਾਂ ਦੇ ਦਿਲਾਂ ਵਿਚ ਜੀਵਨ, ਸੱਚ ਤੇ ਲੋਕਾਂ ਪ੍ਰਤੀ ਪਵਿੱਤਰ ਪ੍ਰੇਮ ਦੀ ਜੋਤ ਜਗਾਉਂਦਾ ਤਾਂਕਿ ਉਹ ਹਨੇਰੇ ਵਿਚ ਉਨ੍ਹਾਂ 'ਚ ਮਾਣ-ਸਨਮਾਨ ਤੇ ਸ਼ਕਤੀ ਦਾ ਐਲਾਨ ਕਰਨ ਵਾਲੀਆਂ ਮਸ਼ਾਲਾਂ ਵਾਂਗ ਚਾਨਣ ਫੈਲਾਉਣ। ਤੁਸੀਂ ਲੋਕ ਤਾਂ ਸ਼ੈਤਾਨ ਦੀ ਮੋਹ ਉਗਲਣ ਵਾਲੀ ਛੜੀ ਵਾਂਗ ਧੂੰਆਂ ਫੈਲਾਉਂਦੇ ਓ ਤੇ ਇਹ ਧੂੰਆਂ ਲੋਕਾਂ ਦੇ ਆਤਮ-ਵਿਸ਼ਵਾਸ ਨੂੰ ਹੀਣਤਾ ਨਾਲ ਭਰ ਦੇਂਦਾ ਏ।"

"ਇਸ ਲਈ ਤੁਸੀਂ ਤੇ ਤੁਹਾਡੀ ਜਾਤੀ ਦੇ ਹੋਰ ਲੋਕਾਂ ਨੇ ਜੋ ਕੁਝ ਵੀ ਲਿਖਿਆ ਏ, ਉਸ ਸਭ ਦਾ ਇਕ ਸਚੇਤ ਪਾਠਕ, ਮੈਂ ਤੁਹਾਥੋਂ ਪੁੱਛਦਾ ਹਾਂ, ਤੁਸੀਂ ਕਿਉਂ ਲਿਖਦੇ ਹੋ? ਤੁਹਾਡੀਆਂ ਲਿਖਤਾਂ ਕੁਝ ਨਹੀਂ ਸਿਖਾਉਂਦੀਆਂ ਤੇ ਪਾਠਕ ਸਿਵਾਏ ਤੁਹਾਡੀਆਂ ਲਿਖਤਾਂ ਉਤੇ ਸ਼ਰਮ ਮਹਿਸੂਸ ਕਰਨ ਦੇ ਹੋਰ ਕੁਝ ਨਹੀਂ ਕਰਦਾ। ਉਨ੍ਹਾਂ ਦੀ ਹਰ ਚੀਜ਼ ਆਮ-ਸਾਧਾਰਨ ਏ, ਆਮ ਲੋਕ, ਆਮ ਵਿਚਾਰ, ਆਮ ਘਟਨਾਵਾਂ। ਆਤਮਾ ਦੇ ਵਿਦਰੋਹ ਤੇ ਆਤਮਾ ਦੇ ਮੁੜ ਜਾਗਰਨ ਬਾਰੇ ਤੁਸੀਂ ਲੋਕ ਕਦੋਂ ਬੋਲਣਾ ਸ਼ੁਰੂ ਕਰੋਗੇ? ਤੁਹਾਡੀਆਂ ਲਿਖਤਾਂ ਵਿਚ ਰਚਨਾਤਮਕ ਜੀਵਨ ਦੀ ਉਹ ਲਲਕਾਰ ਕਿੱਥੇ ਹੈ, ਵੀਰਰਸ ਦੇ ਦ੍ਰਿਸ਼ਟਾਂਤ ਤੇ ਜਗਾਉਣ ਤੇ ਉਕਸਾਉਣ ਵਾਲੇ ਉਹ ਸ਼ਬਦ ਕਿੱਥੇ ਨੇ, ਜਿਨ੍ਹਾਂ ਨੂੰ ਸੁਣ ਕੇ ਆਤਮਾ ਆਕਾਸ਼ ਦੀਆਂ ਉਚਾਈਆਂ ਨੂੰ ਛੂੰਹਦੀ ਹੈ?

ਸ਼ਾਇਦ ਤੁਸੀਂ ਕਹੋ, 'ਜੋ ਕੁਝ ਅਸੀਂ ਪੇਸ਼ ਕਰਦੇ ਹਾਂ, ਉਸ ਦੇ ਇਲਾਵਾ ਜੀਵਨ ਦੇ ਹੋਰ ਨਮੂਨੇ ਮਿਲਦੇ ਹੀ ਕਿੱਥੇ ਨੇ?' ਨਾ, ਅਜਿਹੀ ਗੱਲ ਮੂੰਹੋਂ ਨਾ ਕੱਢਣਾ। ਇਹ ਨਮੋਸ਼ੀ ਤੇ ਨਿਰਾਦਰੀ ਵਾਲੀ ਗੱਲ ਜੇ ਕਿ ਉਹ, ਜਿਸਨੂੰ ਪਰਮਾਤਮਾ ਨੇ ਲਿਖਣ ਦੀ ਸ਼ਕਤੀ ਦਿਤੀ ਏ, ਜੀਵਨ ਸਾਹਮਣੇ ਆਪਣੇ ਆਪ ਨੂੰ ਅਪਾਹਜ ਤੇ ਉਸ ਤੋਂ ਉਚਾ ਉਠਣ ਵਿਚ ਆਪਣੀ ਮਜਬੂਰੀ ਸਵੀਕਾਰ ਕਰੇ। ਜੇ ਤੁਹਾਡਾ ਪੱਧਰ ਵੀ ਉਹੀ ਹੈ, ਜੋ ਆਮ ਜੀਵ ਦਾ ਹੈ; ਜੇ ਤੁਹਾਡੀ ਕਲਪਨਾ ਅਜਿਹੇ ਆਦਰਸ਼ ਨਮੂਨਿਆਂ ਦੀ ਰਚਨਾ ਨਹੀਂ ਕਰ ਸਕਦੀ ਜੋ ਆਮ ਜੀਵਨ ਵਿਚ ਨਹੀਂ ਤੇ ਉਸ ਨੂੰ ਸੁਧਾਰਨ ਲਈ ਅਤੀ ਜ਼ਰੂਰੀ ਨੇ, ਤਾਂ ਫੇਰ ਤੁਹਾਡੀ ਕ੍ਰਿਤ ਕਿਸ ਕੰਮ ਦੀ? ਕਿਸ ਬਿਮਾਰੀ ਦੇ ਇਲਾਜ ਹੋ ਤੁਸੀਂ? ਤੇ ਤੁਹਾਡੇ ਧੰਦੇ ਦੀ ਸਾਰਥਕਤਾ ਕੀ ਰਹਿ ਜਾਂਦੀ ਹੈ?" ਉਸ ਨੇ ਗੱਲ ਜਾਰੀ ਰਖੀ।

"ਲੋਕਾਂ ਦੇ ਦਿਮਾਗ਼ਾਂ ਨੂੰ ਉਨ੍ਹਾਂ ਘਟਨਾਹੀਣ ਫੋਟੋਗ੍ਰਾਫਿਕ ਚਿੱਤਰਾਂ ਦਾ ਗੋਦਾਮ ਬਣਾਉਣ ਸਮੇਂ ਆਪਣੇ ਦਿਲ ਤੇ ਹੱਥ ਰੱਖ ਕੇ ਪੁੱਛੋ ਕਿ ਇੰਜ ਕਰਕੇ ਕੀ ਤੁਸੀਂ ਪੂਰੀ ਮਨੁੱਖਤਾ ਨੂੰ ਨੁਕਸਾਨ ਨਹੀਂ ਪਹੁੰਚਾ ਰਹੇ? ਕਾਰਣ? ਤਾਂ ਤੁਹਾਨੂੰ ਇਹ ਤੁਰੰਤ ਸਵੀਕਾਰ ਕਰ ਲੈਣਾ ਚਾਹੀਦਾ ਏ ਕਿ ਤੁਸੀਂ ਜੀਵਨ ਦਾ ਅਜਿਹਾ ਚਿੱਤਰ ਪੇਸ਼ ਕਰਨ ਦਾ ਢੰਗ ਨਹੀਂ ਜਾਣਦੇ ਜਿਹੜਾ ਨਮੋਸ਼ੀ ਦੀ ਇਕ ਪਵਿੱਤਰ ਚੇਤਨਾ ਨੂੰ ਜਨਮ ਦੇਵੇ, ਜੀਵਨ ਦੇ ਨਵੇਂ ਰੂਪਾਂ ਦੀ ਰਚਨਾ ਕਰਨ ਲਈ ਆਸਾਂ ਦੀ ਭਖਦੀ ਜਵਾਲਾ ਨੂੰ ਜਨਮ ਦੇਵੇ। ਕੀ ਤੁਸੀਂ ਜੀਵਨ ਦੀ ਗਤੀ ਤੇ ਉਸ ਦੇ ਵੇਗ ਨੂੰ ਹੋਰ ਤੇਜ਼ ਕਰਨਾ ਹੀ ਨਹੀਂ ਚਾਹੁੰਦੇ, ਜਿਵੇਂ ਕਿ ਲੋਕ ਕਰ ਚੁੱਕੇ ਨੇ?"

ਮੇਰਾ ਵਚਿੱਤਰ ਸਾਥੀ ਚੁੱਪ ਹੋ ਗਿਆ ਤੇ ਮੈਂ ਬਿਨਾਂ ਕੁਝ ਬੋਲੇ, ਉਸ ਦੇ ਸ਼ਬਦਾਂ ਉਪਰ ਗੌਰ ਕਰਨ ਲੱਗਾ। ਥੋੜ੍ਹੀ ਦੇਰ ਬਾਅਦ ਉਸ ਨੇ ਫੇਰ ਕਿਹਾ, "ਇਕ ਗੱਲ ਹੋਰ, ਕੀ ਤੁਸੀਂ ਅਜਿਹੀ ਹਾਸਰ ਭਰੀ ਕੋਈ ਹਾਸਰਸੀ ਰਚਨਾ ਦੇ ਸਕਦੇ ਓ ਜਿਹੜੀ ਆਤਮਾ ਦੀ ਸਾਰੀ ਮੈਲ ਲਾਹ ਸੁੱਟੇ? ਦੇਖੋ ਨਾ, ਲੋਕ ਉਕਾ ਹੀ ਭੁੱਲ ਗਏ ਨੇ ਕਿ ਠੀਕ ਢੰਗ ਨਾਲ ਹੱਸਿਆ ਕਿਵੇਂ ਜਾਂਦਾ ਏ। ਉਹ ਗੁੱਝਾ ਹਾਸਾ ਹੱਸਦੇ ਨੇ, ਕਮੀਨੇਪਨ ਨਾਲ ਅਕਸਰ ਆਪਣੇ ਔਥਰੂ ਤੀਕ ਲਕੋ ਕੇ ਹੱਸਦੇ ਨੇ। ਉਹ ਮਨੋਂ, ਆਪਣੇ ਸਮੁੱਚੇ ਅੰਦਰ ਨਾਲ ਕਦੀ ਨਹੀਂ ਹੱਸੇ ਜਿਸ ਨਾਲ ਢਿੱਡੀਂ ਪੀੜ ਪੈਣ ਲੱਗਦੀ ਏ, ਪਸਲੀਆਂ ਬੋਲਣ ਲੱਗ ਪੈਂਦੀਆਂ ਨੇ। ਖੁੱਲ੍ਹ ਕੇ ਹੱਸਣਾ ਸਿਹਤ ਲਈ ਲਾਹੇਵੰਦ ਹੈ, ਹੈ ਨਾ? ਇਹ ਬੜਾ ਜ਼ਰੂਰੀ ਏ ਕਿ ਲੋਕ ਹੱਸਣ। ਹੱਸਣ ਦੀ ਸੂਖਮ ਕਲਾ ਉਨ੍ਹਾਂ ਗਿਣੀਆਂ-ਚੁਣੀਆਂ ਪ੍ਰਵਿਰਤੀਆਂ ਵਿਚੋਂ ਇਕ ਏ, ਜੋ ਮਨੁੱਖ ਨੂੰ ਪਸ਼ੂ ਨਾਲੋਂ ਵੱਖ ਕਰਦੀਆਂ ਨੇ। ਕੀ ਤੁਸੀਂ ਨਿੰਦਾ ਦੀ ਹਾਸੀ ਦੇ ਇਲਾਵਾ, ਕਿਸੇ ਹੋਰ ਕਿਸਮ ਦੀ ਹਾਸੀ ਨੂੰ ਵੀ ਜਨਮ ਦੇ ਸਕਦੇ ਓ? ਨਿੰਦਾ ਦੀ ਹਾਸੀ ਤਾਂ ਬਾਜ਼ਾਰੂ ਹਾਸੀ ਏ, ਜਿਹੜੀ ਮਨੁੱਖੀ ਜਾਮਾ ਧਾਰੀਆਂ ਨੂੰ ਸਿਰਫ ਹਾਸੇ ਦਾ ਪਾਤਰ ਬਣਾਉਂਦੀ ਹੈ ਕਿ ਉਨ੍ਹਾਂ ਦੀ ਸਥਿਤੀ ਤਰਸਯੋਗ ਹੈ।

ਤੁਹਾਨੂੰ ਆਪਣੇ ਹਿਰਦੇ ਵਿਚ ਮਨੁੱਖ ਦੀਆਂ ਕਮਜ਼ੋਰੀਆਂ ਲਈ ਮਹਾਨ ਘਿਰਣਾ ਤੇ ਪ੍ਰੇਮ ਦੀ ਪਰਵਰਿਸ਼ ਕਰਨੀ ਚਾਹੀਦੀ ਏ। ਤਦ ਹੀ ਤੁਸੀਂ ਲੋਕਾਂ ਨੂੰ ਸਿੱਖਿਆ ਦੇਣ ਦੇ ਹੱਕਦਾਰ ਬਣ ਸਕੋਗੇ। ਜੇ ਤੁਸੀਂ ਘਿਰਣਾ ਤੇ ਪ੍ਰੇਮ, ਦੋਵਾਂ ਵਿਚੋਂ ਕਿਸੇ ਦਾ ਅਨੁਭਵ ਨਹੀਂ ਕਰ ਸਕਦੇ, ਤਾਂ ਸਿਰ ਨਿਵਾਂ ਕੇ ਰੱਖੋ ਤੇ ਕੁਝ ਕਹਿਣ ਤੋਂ ਪਹਿਲਾਂ ਸੌ ਵਾਰੀ ਸੋਚੋ।"

***

ਸਵੇਰ ਦੀ ਸਫੇਦੀ ਦਿੱਸਣ ਲੱਗ ਪਈ ਸੀ। ਪਰ ਮੇਰੇ ਅੰਦਰ ਘੁੱਪ ਹਨੇਰਾ ਪਸਰ ਗਿਆ ਸੀ। ਇਹ ਆਦਮੀ ਜਿਹੜਾ ਮੇਰੇ ਅੰਦਰਲੇ ਰਹੱਸ ਜਾਣਦਾ ਸੀ, ਹੁਣ ਵੀ ਬੋਲ ਰਿਹਾ ਸੀ,

"ਸਭ ਕਾਸੇ ਦੇ ਬਾਵਜੂਦ ਜੀਵਨ ਪਹਿਲਾਂ ਨਾਲੋਂ ਵਧੇਰੇ ਅਰਥ-ਭਰਪੂਰ, ਚੇਤਨ ਤੇ ਜਗਿਆਸੂ ਹੁੰਦਾ ਜਾ ਰਿਹਾ ਹੈ, ਪਰ ਇਹ ਸਭ ਬੜੀ ਧੀਮੀ ਗਤੀ ਨਾਲ ਹੋ ਰਿਹਾ ਏ, ਕਿਉਂਕਿ ਤੁਹਾਡੇ ਕੋਲ ਇਸ ਗਤੀ ਨੂੰ ਤੇਜ਼ ਕਰਨ ਵਾਲੀ ਕੋਈ ਸ਼ਕਤੀ ਨਹੀਂ। ਨਾ ਗਿਆਨ ਹੈ। ਜੀਵਨ ਅੱਗੇ ਵਧ ਰਿਹਾ ਏ, ਤੇ ਲੋਕ ਦਿਨੋਂ-ਦਿਨ ਹੋਰ ਵਧੇਰੇ ਜਾਣਨਾ ਚਾਹੁੰਦੇ ਨੇ। ਉਨ੍ਹਾਂ ਦੇ ਸਵਾਲਾਂ ਦੇ ਜਵਾਬ ਕੌਣ ਦੇਵੇ? ਇਹ ਤੁਹਾਡਾ ਕੰਮ ਹੈ। ਪਰ ਕੀ ਤੁਸੀਂ ਜੀਵਨ ਵਿਚ ਏਨੇ ਡੂੰਘੇ ਉਤਰੇ ਓ ਕਿ ਉਸ ਨੂੰ ਦੂਜਿਆਂ ਸਾਹਮਣੇ ਖੋਲ੍ਹ ਕੇ ਰੱਖ ਸਕੋ? ਕੀ ਤੁਸੀਂ ਜਾਣਦੇ ਓ ਕਿ ਸਮੇਂ ਦੀ ਮੰਗ ਕੀ ਏ? ਕੀ ਤੁਹਾਨੂੰ ਭਵਿੱਖ ਦੀ ਜਾਣਕਾਰੀ ਹੈ? ਤੇ ਤੁਸੀਂ ਆਪਣੇ ਸ਼ਬਦਾਂ ਨਾਲ ਉਸ ਆਦਮੀ ਵਿਚ ਨਵੀਂ ਜਾਨ ਭਰ ਸਕਦੇ ਓ ਜਿਸਨੂੰ ਜੀਵਨ ਦੀ ਨੀਚਤਾ ਨੇ ਨਸ਼ਟ ਤੇ ਨਿਰਾਸ਼ ਕਰ ਦਿੱਤਾ ਏ?"

ਇਹ ਕਹਿ ਕੇ ਉਹ ਚੁੱਪ ਹੋ ਗਿਆ। ਮੈਂ ਉਸ ਵੱਲ ਨਹੀਂ ਦੇਖਿਆ। ਯਾਦ ਨਹੀਂ ਕਿਹੜੇ ਵਿਚਾਰ ਮੇਰੇ ਅੰਦਰ ਭਾਰੂ ਹੋਏ ਹੋਏ ਸਨ। ਸ਼ਰਮ ਦੇ ਜਾਂ ਡਰ ਦੇ...ਮੈਂ ਕੁਝ ਨਾ ਕਹਿ ਸਕਿਆ।

"ਤੁਸੀਂ ਕੋਈ ਜਵਾਬ ਨਹੀਂ ਦੇ ਰਹੇ?" ਉਸ ਨੇ ਫੇਰ ਕਿਹਾ, "ਖ਼ੈਰ, ਇਸ ਗੱਲ ਨਾਲ ਕੋਈ ਫਰਕ ਨਹੀਂ ਪੈਂਦਾ, ਮੈਂ ਤੁਹਾਡੇ ਮਨ ਦੀ ਹਾਲਤ ਸਮਝ ਸਕਦਾ ਹਾਂ, ਤਾਂ ਹੁਣ ਮੈਂ ਚੱਲਦਾਂ।"

"ਏਨੀ ਛੇਤੀ?" ਮੈਂ ਧੀਮੀ ਆਵਾਜ਼ ਵਿਚ ਕਿਹਾ। ਕਾਰਨ, ਮੈਂ ਉਸ ਤੋਂ ਭਾਵੇਂ ਕਿੰਨਾ ਹੀ ਭੈਭੀਤ ਸਾਂ, ਪਰ ਉਸ ਤੋਂ ਵੀ ਵੱਧ ਆਪਣੇ ਆਪ ਤੋਂ ਡਰ ਰਿਹਾ ਸਾਂ।

"ਹਾਂ, ਮੈਂ ਜਾ ਰਿਹਾਂ। ਪਰ ਮੈਂ ਫੇਰ ਆਵਾਂਗਾ, ਮੇਰੀ ਉਡੀਕ ਰੱਖਣਾ।"

ਤੇ ਉਹ ਚਲਾ ਗਿਆ। ਪਰ ਕੀ ਉਹ ਸੱਚਮੁੱਚ ਚਲਾ ਗਿਆ? ਮੈਂ ਉਸ ਨੂੰ ਜਾਂਦਿਆਂ ਨਹੀਂ ਦੇਖਿਆ। ਉਹ ਕਿਸੇ ਪ੍ਰਛਾਵੇਂ ਵਾਂਗ, ਬੜੀ ਤੇਜ਼ੀ ਨਾਲ, ਅਡੋਪਲੇ ਹੀ ਗਾਇਬ ਹੋ ਗਿਆ ਸੀ। ਮੈਂ ਉਥੇ ਬਾਗ਼ ਵਿਚ ਬੈਠਾ ਰਿਹਾ। ਪਤਾ ਨਹੀਂ ਕਿੰਨੀ ਦੇਰ ਤੀਕ! ਨਾ ਮੈਨੂੰ ਠੰਡ ਦਾ ਅਹਿਸਾਸ ਸੀ, ਨਾ ਹੀ ਇਸ ਗੱਲ ਦਾ ਕਿ ਸੂਰਜ ਚੜ੍ਹ ਆਇਆ ਹੈ ਤੇ ਰੁੱਖਾਂ ਦੀਆਂ ਬਰਫ਼ ਲੱਦੀਆਂ ਟਾਹਣੀਆਂ ਉਤੇ ਚਮਕ ਰਿਹਾ ਹੈ।

*ਹਿੰਦੀ ਤੋਂ ਅਨੁਵਾਦ:ਮਹਿੰਦਰ ਬੇਦੀ ਜੈਤੋ*
*ਫੋਨ:91-94177-30600*

# "ਸੋ ਕਿਉ ਮੰਦਾ ਆਖੀਐ, ਜਿਤੁ ਜੰਮੇ ਰਾਜਾਨ"

**ਵਾਹ ਨੀ ਔਰਤ...**

**ਬੌਬ ਖਹਿਰਾ, ਮਿਸ਼ੀਗਨ**
**ਫੋਨ:734-925-0177**

ਸ੍ਰੀ ਗੁਰੂ ਨਾਨਕ ਦੇਵ ਨੇ "ਸੋ ਕਿਉ ਮੰਦਾ ਆਖੀਐ, ਜਿਤੁ ਜੰਮੇ ਰਾਜਾਨ" ਸ਼ਬਦ ਰਾਹੀਂ ਔਰਤ ਨੂੰ ਬਰਾਬਰੀ ਦੀ ਗੱਲ ਕੀਤੀ ਸੀ ਪਰ ਅਫਸੋਸ ਸਿੱਖਾਂ ਨੇ ਇਸ ਹੁਕਮ ਉਤੇ ਇਸ ਦੇ ਸਹੀ ਅਰਥਾਂ ਵਿਚ ਕਦੇ ਅਮਲ ਨਹੀਂ ਕੀਤਾ। ਹੋਰ ਧਰਮਾਂ-ਹਿੰਦੂ, ਈਸਾਈ ਤੇ ਇਸਲਾਮ ਅਤੇ ਇਨ੍ਹਾਂ ਦੇ ਧਰਮ ਗ੍ਰੰਥਾਂ-ਗੀਤਾ, ਬਾਈਬਲ ਅਤੇ ਕੁਰਾਨ ਸ਼ਰੀਫ ਵਿਚ ਤਾਂ ਔਰਤ ਲਈ ਉਸ ਤਰ੍ਹਾਂ ਦਾ ਸਨਮਾਨ ਨਹੀਂ ਦਿੱਤਾ ਗਿਆ ਜਿਸ ਤਰ੍ਹਾਂ ਦਾ ਗੁਰੂ ਗ੍ਰੰਥ ਸਾਹਿਬ ਅਤੇ ਗੁਰਮਤਿ ਵਿਚ ਹੈ। ਬੰਗਲਾਦੇਸ਼ ਦੀ ਲੇਖਕਾ ਤਸਲੀਮਾ ਨਸਰੀਨ ਨੇ ਇਸਲਾਮ ਵਿਚ ਔਰਤ ਪ੍ਰਤੀ ਨਜ਼ਰੀਏ ਉਪਰ ਕਿੰਤੂ ਕੀਤਾ ਤਾਂ ਮੁਸਲਮਾਨਾਂ ਨੂੰ ਇੰਨਾ ਕੌੜਾ ਲੱਗਾ ਕਿ ਰਾਤੋ-ਰਾਤ ਉਸ ਦੇ ਸਿਰ ਦਾ ਮੁੱਲ ਕਈ ਕਰੋੜ ਤੱਕ ਰੱਖ ਦਿੱਤਾ ਗਿਆ ਤੇ ਉਸ ਨੂੰ ਆਪਣੀ ਜਾਨ ਬਚਾਉਣ ਲਈ ਰੂਪੋਸ਼ ਹੋਣਾ ਪਿਆ।

ਔਰਤ ਅੱਜ ਕਈ ਜਗ੍ਹਾ ਆਦਮੀ ਦੇ ਬਰਾਬਰ ਖੜ੍ਹੀ ਨਜ਼ਰ ਆਉਂਦੀ ਹੈ। ਕਈ ਸਦੀਆਂ ਪਹਿਲਾਂ ਵੀ ਔਰਤ ਕਿਤੇ ਕਿਤੇ ਬਰਾਬਰ ਖੜਦੀ ਰਹੀ ਹੈ। ਜੇ ਇਤਿਹਾਸ ਦੇ ਵਰਕੇ ਫਰੋਲੀਏ ਤਾਂ ਪਤਾ ਲਗਦਾ ਹੈ ਕਿ ਕਈ ਔਰਤਾਂ ਦਾ ਨਾਮ ਇਕੱਲੇ ਹਿੰਦੋਸਤਾਨ ਵਿਚ ਹੀ ਸਾਹਮਣੇ ਆਉਂਦਾ ਹੈ। ਬਾਕੀ ਦੇਸ਼ਾਂ ਵਿਚ ਵੀ ਔਰਤਾਂ ਨੇ ਜ਼ਰੂਰ ਹੀ ਉਸ ਵਕਤ ਦੇ ਹਿਸਾਬ ਨਾਲ ਅਚੰਭੇ ਵਾਲੇ ਕੁਝ ਕੰਮ ਕੀਤੇ ਹੋਣਗੇ, ਸਗੋਂ ਕਈ ਕਈ ਔਰਤਾਂ ਨੇ ਤਾਂ ਕੁਝ ਅਜਿਹੇ ਕੰਮ ਵੀ ਕੀਤੇ ਹੋਣਗੇ ਜੋ ਮਰਦਾਂ ਲਈ ਸ਼ਰਮ ਵਾਲੀ ਗੱਲ ਹੋਵੇਗੀ। ਅੱਜ ਫੌਜ ਵਿਚ ਵੀ ਔਰਤ ਮਰਦ ਦੇ ਬਰਾਬਰ ਬੰਦੂਕ ਚੁੱਕੀ ਫਿਰਦੀ ਹੈ। ਐਵਰੈਸਟ ਦੀ ਚੋਟੀ ਵੀ ਔਰਤਾਂ ਨੇ ਸਰ ਕਰ ਲਈ ਹੈ ਪਰ ਇਸ ਸਭ ਦੇ ਬਾਵਜੂਦ ਕੀ ਔਰਤ ਆਜ਼ਾਦ ਹੈ? ਕੀ ਔਰਤ ਨੂੰ ਉਹ ਮੁਕਾਮ ਮਿਲ ਗਿਆ ਹੈ ਜੋ ਮਿਲਣਾ ਚਾਹੀਦਾ ਹੈ?

ਹੋ ਸਕਦਾ ਹੈ ਕਿ ਮੇਰੀਆਂ ਗੱਲਾਂ ਮੇਰੀਆਂ ਕੁਝ ਮਾਈਆਂ-ਭੈਣਾਂ ਨੂੰ ਕੌੜੀਆਂ ਲੱਗਣ, ਪਰ ਮੈਂ ਔਰਤਾਂ ਦੇ ਹੱਕ ਦੀ ਹੀ ਗੱਲ ਕਰਨ ਲੱਗਾ ਹਾਂ। ਇਹ ਸਭ ਤੁਹਾਡੇ 'ਤੇ ਹੀ ਨਿਰਭਰ ਹੈ ਕਿ ਤੁਸੀਂ ਆਪਣੀਆਂ ਧੀਆਂ ਨੂੰ ਗੁਲਾਮ ਜ਼ਿੰਦਗੀ ਦੇਣੀ ਹੈ ਜਾਂ ਮਰਦਾਂ ਦੇ ਬਰਾਬਰ ਦਾ ਰੁਤਬਾ ਹੋਵੇ, ਉਹ ਜ਼ਿੰਦਗੀ ਦੇਣੀ ਹੈ। ਸਵੇਰੇ ਉਠ ਕੇ ਜਿਹੜਾ ਮਰਜ਼ੀ ਟੀ.ਵੀ. ਚੈਨਲ ਲਾ ਲਾਉ, ਕੋਈ ਨਾ ਕੋਈ ਪਾਖੰਡੀ ਸਾਧ, ਬਾਬਾ, ਪੁਜਾਰੀ, ਸਵਾਮੀ ਪ੍ਰਵਚਨ ਕਰਦਾ ਨਜ਼ਰ ਆਵੇਗਾ। ਉਨ੍ਹਾਂ ਅੱਗੇ ਬੈਠੇ ਸ਼ਰਧਾਲੂਆਂ ਵਿਚ ਔਰਤਾਂ ਦੀ ਗਿਣਤੀ ਬੰਦਿਆਂ ਦੇ ਮੁਕਾਬਲੇ ਦੂਣੀ ਹੁੰਦੀ ਹੈ। ਐਸਾ ਕਿਉਂ ਹੈ? ਯੂ ਟਿਊਬ 'ਤੇ ਇਕ ਵੀਡੀਓ ਵੇਖੀ ਜਿਸ ਵਿਚ ਕੋਈ ਪਾਖੰਡੀ ਬਾਬਾ ਲੱਤਾਂ ਲਮਕਾ ਕੇ ਬੈਠਾ ਹੈ ਅਤੇ ਦੋ ਔਰਤਾਂ ਬਾਟੇ ਵਿਚ ਉਸ ਦੇ ਪੈਰ ਧੋ ਰਹੀਆਂ ਹਨ ਤੇ ਫਿਰ ਉਸੇ ਬਾਟੇ ਵਿਚੋਂ ਬੁੱਕ ਭਰ ਕੇ ਪਾਣੀ ਪੀ ਰਹੀਆਂ ਹਨ। ਦੇਖ ਕੇ ਧਾਹ ਨਿਕਲ ਗਈ ਕਿ ਇਹ ਹੈ ਜੱਗ ਦੀ ਜਨਨੀ? ਇਹ ਸਭ ਕੀ ਹੈ? ਕਿਉਂ ਹੈ?

ਹਰਿਮੰਦਰ ਸਾਹਿਬ ਵਿਚ ਔਰਤਾਂ ਨੂੰ ਸ਼ਬਦ ਕੀਰਤਨ ਕਰਨ ਦੀ ਇਜਾਜ਼ਤ ਨਹੀਂ। ਇਸਲਾਮ ਵਾਲੇ ਤਾਂ ਔਰਤ ਨੂੰ ਮਸਜਿਦ ਵਿਚ ਵੀ ਨਹੀਂ ਵੜਨ ਦਿੰਦੇ-ਅਖੇ ਉਹ ਪਾਕ ਨਹੀਂ ਹੈ। ਉਸ ਦੇ ਪੇਟ ਦੇ ਜੰਮੇ ਤਾਂ ਪਵਿੱਤਰ ਹੋ ਸਕਦੇ ਹਨ, ਤੇ ਇੰਨੀਆਂ ਤਕਲੀਫਾਂ ਕੱਟ ਕੇ ਇਨਸਾਨ ਨੂੰ ਦੁਨੀਆਂ 'ਤੇ ਲਿਆਉਣ ਵਾਲੀ ਨਾਪਾਕ ਹੋ ਗਈ! ਇਤਿਹਾਸ ਗਵਾਹ ਹੈ ਕਿ ਦੁਨੀਆ 'ਤੇ ਜਿੱਥੇ ਕਿਤੇ ਵੀ ਧਰਮਾਂ ਵਿਚ ਦੰਗੇ ਹੋਏ, ਸਭ ਤੋਂ ਪਹਿਲਾਂ ਔਰਤ ਨੂੰ ਹੀ ਮਾਰ ਝੱਲਣੀ ਪਈ, ਔਰਤਾਂ ਦੀ ਇੱਜ਼ਤ ਨਾਲ ਹੀ ਖਿਲਵਾੜ ਕੀਤਾ ਗਿਆ ਹੈ। ਔਰਤਾਂ ਨੂੰ ਜੇਕਰ ਕੋਈ ਦੂਸਰੇ ਧਰਮ ਦਾ ਉਧਾਲ ਕੇ ਲੈ ਗਿਆ ਤਾਂ ਉਸ ਨੂੰ ਉਸ ਦਾ ਹੀ ਧਰਮ ਮੰਨਣਾ ਪਿਆ। ਕਿਉਂ ਦਿੰਦੀ ਹੈ ਔਰਤ ਬੱਚੇ ਨੂੰ ਧਰਮ ਦੀ ਸਿੱਖਿਆ? ਕਿਉਂ ਨਹੀਂ ਬੱਚੇ ਨੂੰ ਸਿਖਾਉਂਦੀ ਕਿ ਵੱਡਾ ਹੋ ਕੇ ਚੰਗਾ, ਨੇਕ ਅਤੇ ਸੱਚਾ-ਸੁੱਚਾ ਇਨਸਾਨ ਬਣੇ ਅਤੇ ਔਰਤ ਨੂੰ ਆਪਣੇ ਬਰਾਬਰ ਹੀ ਇਨਸਾਨ ਸਮਝੇ।

ਨਾ ਤੂੰ ਹਿੰਦੂ ਬਣ, ਨਾ ਸਿੱਖ ਬਣ
ਨਾ ਈਸਾਈ ਬਣ ਤੇ ਨਾ ਮੁਸਲਮਾਨ ਬਣ
ਉਹ ਬੰਦਿਆ ਤੂੰ
ਸੱਚਾ ਤੇ ਸੁੱਚਾ ਇਨਸਾਨ ਬਣ।

ਇਸ ਮਰਦ ਪ੍ਰਧਾਨ ਸਮਾਜ ਨੇ ਔਰਤਾਂ ਨੂੰ ਅੱਜ ਤੱਕ ਕੁਝ ਨਹੀਂ ਜੇ ਦਿੱਤਾ। ਧੀ ਜੰਮਦੀ ਹੈ ਤਾਂ 19-20 ਸਾਲ ਤੱਕ ਜਦ ਤੱਕ ਉਸ ਦਾ ਵਿਆਹ ਨਹੀਂ ਹੁੰਦਾ, ਉਸ ਨੂੰ ਬਾਪ ਤੇ ਭਰਾਵਾਂ ਦੇ ਡਰ ਥੱਲੇ ਰਹਿਣਾ ਪੈਂਦਾ ਹੈ, ਫਿਰ ਵਿਆਹ ਤੋਂ ਬਾਅਦ ਘਰ ਵਾਲਾ, ਤੇ ਸਹੁਰਾ ਤੇ ਫਿਰ ਜਿਨ੍ਹਾਂ ਨੂੰ ਜੰਮ ਕੇ ਗੰਦ-ਮੂਤ ਸੁੱਟ ਕੇ ਵੱਡਾ ਕੀਤਾ ਹੁੰਦਾ ਹੈ, ਕਈ ਵਾਰ ਉਨ੍ਹਾਂ ਕੋਲੋਂ ਵੀ ਮਾਰ ਖਾਣੀ ਪੈਂਦੀ ਹੈ।



ਆਪਣੇ ਹੱਕਾਂ ਲਈ ਤਾਂ ਔਰਤਾਂ ਨੂੰ ਖੁਦ ਹੀ ਹੰਭਲਾ ਮਾਰਨਾ ਪੈਣਾ ਹੈ। ਮਰਦਾਂ ਨੇ ਔਰਤਾਂ ਨੂੰ ਆਪਣੀ ਸਹੂਲਤ ਦੀ ਵਸਤੂ ਜਾਂ ਫਿਰ ਸ਼ਿੰਗਾਰ ਦੀ ਵਸਤੂ ਬਣਾ ਧਰਿਆ ਹੈ। ਮਰਦਾਂ ਨੇ ਦਿੱਤੀ ਹੈ ਲਿਪਸਟਿਕ ਜੋ ਜਦੋਂ ਬੁੱਲ੍ਹਾਂ 'ਤੇ ਲੱਗ ਜਾਂਦੀ ਹੈ ਤਾਂ ਨਾ ਤੇ ਔਰਤ ਖੁੱਲ੍ਹ ਕੇ ਖਾ-ਪੀ ਸਕਦੀ ਹੈ ਅਤੇ ਨਾ ਉਹ ਖੁੱਲ੍ਹ ਕੇ ਹੱਸ ਸਕਦੀ ਹੈ। ਮਰਦਾਂ ਨੇ ਦਿੱਤਾ ਹੈ ਜੇਵਰਾਂ ਦਾ ਲਾਲਚ ਜਿਨ੍ਹਾਂ ਨੂੰ ਪਾ ਕੇ ਨਾ ਤਾਂ ਔਰਤ ਖੁੱਲ੍ਹ ਕੇ ਚੱਲ-ਫਿਰ ਸਕਦੀ ਹੈ ਤੇ ਨਾ ਹੀ ਇਕੱਲੀ ਕਿਤੇ ਜਾ ਸਕਦੀ ਹੈ ਕਿ ਕਿਤੇ ਕੋਈ ਲੁੱਟ ਨਾ ਲਵੇ। ਮਰਦਾਂ ਨੇ ਔਰਤ ਦੀ ਡਿਊਟੀ ਲਾਈ ਹੈ ਕਿ ਇਹ ਔਰਤ ਹੀ ਨੂੰ ਕਮਜ਼ੋਰ ਬਣਾਵੇ। ਇਸੇ ਕਰਕੇ ਔਰਤ ਦੀ ਸੋਚ ਵੀ ਗੁਲਾਮ ਹੋ ਗਈ ਹੈ।

ਜੇ ਔਰਤਾਂ ਨੇ ਮਰਦਾਂ ਦੇ ਬਰਾਬਰ ਦਾ ਰੁਤਬਾ ਹਾਸਲ ਕਰਨਾ ਹੈ ਤਾਂ ਉਨ੍ਹਾਂ ਨੂੰ ਆਪਣੀ ਸੋਚ ਬਦਲਨੀ ਪਵੇਗੀ। ਸਭ ਤੋਂ ਪਹਿਲਾਂ ਧੀਆਂ ਨੂੰ ਸਿਰਫ਼ ਇਨਸਾਨੀਅਤ ਦਾ ਸਬਕ ਸਿਖਾਉਣਾ ਪਵੇਗਾ। ਧੀਆਂ ਨੂੰ ਇਹ ਕਹਿਣਾ ਕਿ ਤੂੰ ਇਹ ਨਹੀਂ ਕਰ ਸਕਦੀ, ਇਹ ਕੰਮ ਮੁੰਡਿਆਂ ਦਾ ਹੈ; ਗਲਤ ਹੈ, ਸਗੋਂ ਉਨ੍ਹਾਂ ਨੂੰ ਉਤਸ਼ਾਹਿਤ ਕੀਤਾ ਜਾਵੇ ਤਾਂ ਕਿ ਉਨ੍ਹਾਂ ਵਿਚ ਹਰ ਕੰਮ ਕਰਨ ਦਾ ਹੌਸਲਾ ਪੈਦਾ ਹੋਵੇ। ਸੱਸ ਨੂੰ ਆਪਣੀ ਨੂੰਹ ਤੋਂ ਮੁੰਡੇ ਦੀ ਮੰਗ ਨਹੀਂ ਕਰਨੀ ਚਾਹੀਦੀ ਅਤੇ ਨੂੰਹ ਦੇ ਘਰ ਜੰਮੀ ਧੀ ਨੂੰ ਖਿੜੇ ਮੱਥੇ ਸਵੀਕਾਰਨਾ ਚਾਹੀਦਾ ਹੈ, ਨਾ ਕਿ ਇਹ ਤਾਹਨੇ-ਮਿਹਣੇ ਮਾਰਨੇ ਚਾਹੀਦੇ ਹਨ ਕਿ ਤੂੰ ਕੁੜੀਆਂ ਹੀ ਜੰਮਦੀ ਹੈਂ, ਜਿਸ ਦੀ ਵਜ੍ਹਾ ਕਰਕੇ ਉਨ੍ਹਾਂ ਨੂੰ ਪਾਖੰਡੀ ਸਾਧਾਂ ਜੋਤਸ਼ੀਆਂ ਦੇ ਚੱਕਰਾਂ ਵਿਚ ਪੈਣਾ ਪੈਂਦਾ ਹੈ। ਆਪਣੀਆਂ ਧੀਆਂ ਨੂੰ ਬਿਲਕੁਲ ਮੁੰਡਿਆਂ ਵਾਂਗ ਹੀ ਪਾਲਿਆ ਜਾਵੇ ਅਤੇ ਮੁੰਡਿਆਂ ਵਾਂਗ ਹੀ ਢੇਰ ਸਾਰਾ ਪਿਆਰ ਦਿੱਤਾ ਜਾਵੇ ਤਾਂ ਕਿ ਉਹ ਮੁੰਡਿਆਂ ਦੇ ਬਰਾਬਰ ਖੜ੍ਹ ਸਕਣ।

ਇਕ ਹੋਰ ਗੱਲ, ਪੰਜਾਬ ਦੇ ਪਿੰਡਾਂ ਵਿਚ ਪੈਂਟਾਂ ਪਾਉਣ ਦਾ ਰਿਵਾਜ ਨਹੀਂ ਹੈ ਪਰ ਇੱਥੇ ਤਾਂ ਔਰਤਾਂ ਪੈਂਟਾਂ ਪਾਉਂਦੀਆਂ ਹਨ। ਫਿਰ ਪਰਸ ਦੀ ਲੋੜ ਕਿਉਂ ਪੈਂਦੀ ਹੈ? ਪਰਸ ਫੜਨ ਨਾਲ ਤਾਂ ਔਰਤ ਇਕ ਹੱਥ ਤੋਂ ਹੀਣੀ ਹੋ ਜਾਂਦੀ ਹੈ, ਹਰ ਵਕਤ ਪਰਸ ਦੀ ਰਾਖੀ ਦਾ ਫਿਕਰ ਪਿਆ ਰਹਿੰਦਾ ਹੈ। ਔਰਤਾਂ ਦੇ ਸੂਟ ਨੂੰ ਜੇਬ ਕਿਉਂ ਨਹੀਂ ਲੱਗ ਸਕਦੀ? ਇਕ ਵਾਰ ਲਵਾ ਕੇ ਦੇਖੋ, ਇਹ ਫੈਸ਼ਨ ਬਣ ਜਾਵੇਗਾ ਅਤੇ ਔਰਤਾਂ ਦੀਆਂ ਕਾਫ਼ੀ ਮੁਸ਼ਕਲਾਂ ਹੱਲ ਹੋ ਜਾਣਗੀਆਂ। ਬਾਕੀ, ਮਰਦਾਂ ਨੇ ਇੱਜ਼ਤ ਦਾ ਸਾਰਾ ਜ਼ਿੰਮਾ ਵੀ ਔਰਤ ਦੇ ਸਿਰ ਧਰ ਕੇ ਰੱਖਿਆ ਹੈ। ਮੁੰਡੇ ਭਾਵੇਂ ਜੋ ਮਰਜ਼ੀ ਕਰਨ ਤਾਂ ਇੱਜ਼ਤ ਖਰਾਬ ਨਹੀਂ ਹੁੰਦੀ, ਪਰ ਕੁੜੀ ਜੇ ਕਿਸੇ ਬੇਗਾਨੇ ਬੰਦੇ ਨਾਲ ਗੱਲ ਵੀ ਕਰ ਲਵੇ ਤਾਂ ਦੁਹਾਈਆਂ ਪਾਉਣ ਲੱਗ ਜਾਂਦੇ ਹਨ-ਦੇਖੀਂ ਧੀਏ, ਪਿਓ ਦੀ ਪੱਗ ਦਾ ਖਿਆਲ ਕਰੀਂ, ਸਾਡੀ ਇੱਜ਼ਤ ਤੇਰੇ ਹੱਥ ਹੈ। ਉਦੋਂ ਇਨ੍ਹਾਂ ਦੀ ਇੱਜ਼ਤ ਕਿੱਥੇ ਜਾਂਦੀ ਹੈ, ਜਦੋਂ ਆਪਣੀ ਧੀ ਨੂੰ ਕਿਸੇ ਬੇਜੋੜ ਜਾਂ ਬੁੱਢੇ ਨਾਲ ਵਿਆਹ ਕੇ ਕੈਨੇਡਾ ਜਾਂ ਅਮਰੀਕਾ ਤੋਰ ਦਿੰਦੇ ਹਨ ਤੇ ਦੋ ਸਾਲ ਬਾਅਦ ਸਾਰੇ ਵੱਗ ਸਮੇਤ ਮਗਰੇ ਹੀ ਆ ਜਾਂਦੇ ਹਨ, ਤੇ ਇੱਥੇ ਆ ਕੇ ਫਿਰ ਗੱਲਾਂ ਪੁੱਤਰਾਂ ਦੀਆਂ ਹੀ ਕਰਨਗੇ। ਔਰਤਾਂ ਨੂੰ ਮਿਲ ਕੇ ਸੰਘਰਸ਼ ਕਰਨਾ ਪਵੇਗਾ। ਇਕ ਤਸਲੀਮਾ ਨਸਰੀਨ ਉਠੀ ਹੈ। ਅੱਜ ਤੁਸੀਂ ਵੀ ਉਠੋ ਅਤੇ ਆਪਣੇ ਹੱਕਾਂ ਲਈ ਡਟ ਜਾਓ। ਸੱਚ ਨੂੰ ਪਛਾਣੋ।

ਤਸਲੀਮਾ ਨਸਰੀਨ ਦੀ ਕਿਤਾਬ ਹੈ 'ਔਰਤ ਦੇ ਹੱਕ ਵਿਚ', ਉਹ ਪੜ੍ਹ ਕੇ ਦੇਖੋ। ਤੁਹਾਨੂੰ ਫਿਰ ਪਤਾ ਲੱਗੇਗਾ ਕਿ ਮਰਦ, ਔਰਤ ਨੂੰ ਕਿਸ ਤਰ੍ਹਾਂ ਗੁੰਮਰਾਹ ਕਰ ਰਿਹਾ ਹੈ। ਪ੍ਰਣ ਕਰੋ ਕਿ ਅਸੀਂ ਆਉਣ ਵਾਲੀਆਂ ਨਸਲਾਂ ਨੂੰ ਮਰਦਾਂ ਦੀ ਗੁਲਾਮੀ ਤੋਂ ਛੁਟਕਾਰਾ ਦਿਵਾਉਣਾ ਹੈ, ਸਫ਼ਲਤਾ ਜ਼ਰੂਰ ਮਿਲੇਗੀ। ਜਿਸ ਵੀ ਕਿਸੇ ਬਾਬੇ, ਜੋਤਸ਼ੀ ਜਾਂ ਪੀਰ-ਫਕੀਰ ਨੂੰ ਮੰਨਦੀਆਂ ਹੋ, ਜਾ ਕੇ ਪੁੱਛੋ ਕਿ ਜੇ ਉਨ੍ਹਾਂ ਕੋਲ ਕੋਈ ਵੀ ਸ਼ਕਤੀ ਹੈ ਤਾਂ ਉਹ ਮੇਰੇ ਨਾਲ ਗੱਲ ਕਰਨ। ਫਿਰ ਸਾਰੀ ਦੁਨੀਆਂ ਦੇ ਸਾਹਮਣੇ ਉਨ੍ਹਾਂ ਦੀ ਸ਼ਕਤੀ ਪਰਖੀ ਜਾਵੇਗੀ। ਜੇਕਰ ਉਹ ਜਿੱਤ ਜਾਂਦੇ ਹਨ, ਸਾਡੀ ਪਰਖ ਵਿਚ ਆਪਣੀ ਸ਼ਕਤੀ ਦਿਖਾ ਦਿੰਦੇ ਹਨ ਤਾਂ ਉਨ੍ਹਾਂ ਨੂੰ ਇਕ ਕਰੋੜ ਰੁਪਏ ਇਨਾਮ ਦਿੱਤਾ ਜਾਵੇਗਾ। ਜੇਕਰ ਉਹ ਹਾਰ ਜਾਂਦਾ ਹੈ ਤਾਂ ਉਸ ਨੂੰ ਸਿਰਫ 10 ਹਜ਼ਾਰ ਰੁਪਏ ਦੇਣੇ ਪੈਣਗੇ ਅਤੇ ਨਾਲ ਹੀ ਲਿਖ ਕੇ ਦੇਣਾ ਪਵੇਗਾ ਕਿ ਉਹ ਅੱਗੇ ਤੋਂ ਇਸ ਤਰ੍ਹਾਂ ਦਾ ਕੋਈ ਕੰਮ ਨਹੀਂ ਕਰੇਗਾ। ਜੇਕਰ ਉਹ ਕੋਈ ਵੀ ਸ਼ਕਤੀ ਦਿਖਾਉਣ ਤੋਂ ਨਾਂਹ ਕਰਦਾ ਹੈ ਤਾਂ ਫਿਰ ਉਸ ਦੇ ਮੂੰਹ 'ਤੇ ਥੁੱਕ ਕੇ ਵਾਪਸ ਆ ਜਾਓ। ਯਕੀਨ ਕਰੋ ਕਿ ਕੋਈ ਜਾਦੂ ਨਹੀਂ, ਸਭ ਹੱਥ ਦੀ ਸਫ਼ਾਈ ਹੈ ਜੋ ਥੋੜ੍ਹੀ ਜਿਹੀ ਟ੍ਰੇਨਿੰਗ ਲੈ ਕੇ ਕੋਈ ਵੀ ਕਰ ਸਕਦਾ ਹੈ। ਇਸ ਲਈ ਕਿਸੇ ਤੋਂ ਵੀ ਡਰਨ ਦੀ ਲੋੜ ਨਹੀਂ ਹੈ। ਫਿਰ ਵੀ ਜੇ ਕਿਸੇ ਨੂੰ ਕੋਈ ਡਰ ਲੱਗਦਾ ਹੋਵੇ ਜਾਂ ਕਿਸੇ ਦੇ ਦਿਮਾਗ ਵਿਚ ਕੋਈ ਸਵਾਲ ਹੋਵੇ ਤਾਂ ਮੈਨੂੰ ਕਾਲ ਕਰ ਸਕਦੇ ਹੋ।

# ਮਹਲਾ ਅੰਦਰਿ ਹੋਦੀਆ

## ਸ਼ਬਦ ਝਰੋਖਾ



ਬਲਜੀਤ ਬਾਸੀ
ਫੋਨ: 734-454-4958

ਪੰਜਾਬੀ ਵਿਚ ਮਹੱਲ, ਮਹਲ ਜਾਂ ਮਹਿਲ ਵਜੋਂ ਉਚਾਰੇ ਤੇ ਲਿਖੇ ਜਾਂਦੇ ਸ਼ਬਦ ਦੇ ਮੁਖ ਤੌਰ 'ਤੇ ਦੋ ਅਰਥ ਹਨ:ਆਲੀਸ਼ਾਨ ਭਵਨ ਅਤੇ ਇਸਤਰੀ। ਭਵਨ ਦੇ ਅਰਥਾਂ ਵਿਚ ਇਹ ਸ਼ਬਦ ਮੁਢਲੇ ਤੌਰ 'ਤੇ ਅਰਬੀ ਤੋਂ ਆਇਆ ਹੈ ਤੇ ਜਿਵੇਂ ਕਿ ਅਸੀਂ ਅੱਗੇ ਦੇਖਾਂਗੇ, ਇਸਤਰੀ ਦੇ ਅਰਥ ਇਸੇ ਤੋਂ ਵਿਕਸਿਤ ਹੋਏ। ਅਰਬੀ ਧਾਤੂ 'ਹਲ' ਦਾ ਮਤਲਬ ਉਤਰਨਾ, ਵਾਸਾ ਕਰਨਾ ਹੁੰਦਾ ਹੈ ਜਿਸ ਤੋਂ ਕਿਰਿਆਵੀ ਨਾਂਵ 'ਹਲੂਲ' ਬਣਿਆ ਹੈ। 'ਹਲੂਲ' ਦਾ ਭਾਵ ਉਤਰਨ, ਡੇਰਾ ਕਰਨ, ਨਿਵਾਸ ਕਰਨ ਤੋਂ ਹੈ। ਇਸ ਤਰ੍ਹਾਂ ਮਹੱਲ ਜਾਂ ਮਹਿਲ ਉਹ ਸਥਾਨ ਹੈ ਜਿਥੇ ਹਲੂਲ ਕੀਤਾ ਜਾਵੇ ਅਰਥਾਤ ਉਤਰਿਆ ਜਾਵੇ, ਨਿਵਾਸ ਕੀਤਾ ਜਾਵੇ। ਅਰਬੀ ਫਾਰਸੀ ਵਿਚ ਵਿਸਤ੍ਰਿਤ ਹੋ ਕੇ ਇਸ ਦੇ ਅਰਥ ਜਗਹ, ਸਥਾਨ, ਸਰੀਰ, ਫਿਰ ਰੁਤਬਾ ਤੇ ਅੱਗੇ ਅਨੁਕੂਲ ਸਮਾਂ ਜਾਂ ਮੌਕਾ ਵੀ ਹੋ ਗਏ ਹਨ। ਗੁਰੂ ਗ੍ਰੰਥ ਸਾਹਿਬ ਵਿਚ ਇਹ ਸ਼ਬਦ ਅਰਬੀ ਫਾਰਸੀ ਵਾਲੇ ਲਗਭਗ ਸਾਰੇ ਹੀ ਅਰਥਾਂ ਵਿਚ ਮਿਲਦਾ ਹੈ। ਭਵਨ ਦੇ ਅਰਥਾਂ ਵਿਚ ਰਾਗ ਆਸਾ ਵਿਚ ਗੁਰੂ ਨਾਨਕ ਦਾ ਸ਼ਬਦ ਹੈ:

ਮਹਲਾ ਅੰਦਰਿ ਹੋਦੀਆ
ਹੁਣਿ ਬਹਣਿ ਨ ਮਿਲਨਿ ਹਦੂਰਿ॥

ਸਥਾਨ ਦੇ ਅਰਥਾਂ ਵਿਚ ਗੁਰੂ ਅਰਜਨ ਦੇਵ ਫਰਮਾਉਂਦੇ ਹਨ:

ਏਕ ਮਹਲਿ ਤੂ ਪੰਡਿਤ ਵਕਤਾ
ਏਕ ਮਹਲ ਬਲਿ ਹੋਆ॥

ਪਦਵੀ, ਰੁਤਬਾ ਦੇ ਅਰਥਾਂ ਵਿਚ ਸ਼ਬਦ ਹੈ:

ਟਹਲ ਮਹਲ ਤਾਕਉ ਮਿਲੈ
ਜਾਕਉ ਸਾਧੁ ਕ੍ਰਿਪਾਲ (ਬਾਵਨ)

ਅਨੁਕੂਲ ਸਮਾਂ ਜਾਂ ਮੌਕਾ ਦੇ ਅਰਥਾਂ ਵਿਚ:

ਮਹਲੁ ਕੁਮਹਲੁ ਨ ਜਾਣਨੀ
ਮੂਰਖ ਆਪਣੈ ਸੁਆਇ॥

ਬੈਠਣ ਦੀ ਜਗ੍ਹਾ ਤੋਂ ਇਸ ਦਾ ਅਰਥ ਅੰਤਹਕਰਣ ਵੀ ਹੋ ਗਿਆ ਅਰਥਾਤ ਜਿਥੇ ਪਰਮਾਤਮਾ ਦਾ ਵਾਸਾ ਹੈ:

ਮਹਲ ਮਹਿ ਬੈਠੇ ਅਗਮ ਅਪਾਰ॥
(ਗੁਰੂ ਅਰਜਨ)

ਪਰ ਮੁਖ ਤੌਰ 'ਤੇ ਗੁਰਬਾਣੀ ਵਿਚ ਇਹ ਸ਼ਬਦ ਪਰਮਾਤਮਾ ਦੀ ਹਜ਼ੂਰੀ ਲਈ ਹੀ ਵਰਤਿਆ ਗਿਆ ਹੈ:

ਤੇਰਾ ਮਹਲੁ ਸਚਾ ਜੀਉ
ਨਾਮ ਸਚਾ ਵਾਪਾਰੋ॥ (ਗੁਰੂ ਨਾਨਕ)

'ਮਹਲੁ' ਦੇ ਸ਼ਬਦ ਜੋੜਾਂ ਵਿਚ ਦੋ ਵਾਰੀ ਇਹ ਸ਼ਬਦ ਗੁਰੂ ਲਈ ਵੀ ਆਇਆ ਹੈ ਤੇ ਦੋਨੋਂ ਵਾਰੀ 'ਸਿਰੀਰਾਗ ਮਹਲੁ ਪਹਿਲਾ' ਦੇ ਰੂਪ ਵਿਚ। ਏਥੇ ਇਹ ਸ਼ਬਦ ਸਿਰੀਰਾਗ ਵਿਚ ਗੁਰੂ ਨਾਨਕ ਦੀ ਬਾਣੀ ਦਾ ਸੰਕੇਤਕ ਹੈ। ਪਰ ਰਾਗਾਂ ਅਨੁਸਾਰ ਵਿਉਂਤੀ ਬਾਣੀ ਦੇ ਰਚੈਤਾ ਵਜੋਂ ਅਲੱਗ-ਅਲੱਗ ਗੁਰੂਆਂ ਦਾ ਵਖਰੇਵਾਂ ਪਾਉਣ ਲਈ ਆਮ ਪਦ 'ਮਹਲਾ' ਹੀ ਵਰਤਿਆ ਗਿਆ ਹੈ ਜਿਵੇਂ ਰਾਗੁ ਗੂਜਰੀ ਮਹਲਾ 4, ਰਾਗੁ ਧਨਾਸਰੀ ਮਹਲਾ 1 ਆਦਿ ਕਿਉਂਕਿ ਹਰ ਗੁਰੂ ਨੇ ਆਪਣੀ ਰਚਨਾ ਵਿਚ ਕਲਮੀ ਨਾਂ 'ਨਾਨਕ' ਹੀ ਵਰਤਿਆ ਹੈ। ਏਥੇ ਭਾਵ ਏਹੀ ਹੈ ਕਿ ਪਹਿਲੇ ਗੁਰੂ ਦੀ ਜੋਤ ਦਾ ਵਾਸਾ ਅਗਲੇ ਗੁਰੂਆਂ ਦੇ ਅੰਦਰ ਉਤਰ ਗਿਆ। ਇਸ ਦਾ ਏਹੀ ਅਰਥ ਹੋਰ ਤਰ੍ਹਾਂ ਵੀ ਕੀਤਾ ਜਾ ਸਕਦਾ ਹੈ। ਭਗਤੀ ਸਾਹਿਤ ਦੀ ਪਰੰਪਰਾ ਅਨੁਸਾਰ ਗੁਰੂਆਂ ਨੇ ਭਾਂਡਾ, ਕਪੜਾ, ਪਿੰਡ ਆਦਿ ਦੀ ਤਰ੍ਹਾਂ ਵਿਭਿੰਨ ਸ਼ਬਦ ਜੋੜਾਂ ਵਿਚ ਮਹਲ ਸ਼ਬਦ ਨੂੰ ਮਨੁਖੀ ਸਰੀਰ ਦੇ ਪ੍ਰਤੀਕ ਵਜੋਂ ਵਰਤਿਆ ਹੈ ਜਿਵੇਂ "ਮਹਿਲੈ ਅੰਦਰਿ ਮਹਲੁ ਕੋ ਪਾਏ" ਵਿਚ 'ਮਹਿਲੈ ਅੰਦਰਿ' ਦਾ ਭਾਵ ਸਰੀਰ ਅੰਦਰ ਹੈ ਅਤੇ 'ਮਹਲੁ ਕੋ ਪਾਏ' ਦਾ ਭਾਵ ਪਰਮਾਤਮਾ ਦੀ ਹਜ਼ੂਰੀ ਪਾਉਣਾ ਹੈ। ਇਸ ਤਰ੍ਹਾਂ ਪਹਿਲੇ ਗੁਰੂ ਦੀ ਜੋਤ ਦਾ ਵਾਸਾ ਅਗਲੇ ਗੁਰੂ ਦੇ 'ਮਹਲ' ਅਰਥਾਤ ਸਰੀਰ ਵਿਚ ਹੋ ਗਿਆ। ਭਾਵੇਂ ਅਸੀਂ ਆਮ ਬੋਲਚਾਲ ਵਿਚ ਗੁਰੂਆਂ ਲਈ 'ਮਹਲਾ' ਸ਼ਬਦ ਨਹੀਂ ਵਰਤਦੇ ਪਰ ਲਿਖਤੀ ਰੂਪ ਵਿਚ ਇਕ ਤਕਨੀਕੀ ਜਿਹੇ ਸੰਦਰਭ ਵਿਚ ਇਸ ਦੀ ਵਰਤੋਂ ਹੁੰਦੀ ਹੈ। ਲੋਕ ਗੀਤਾਂ ਅਨੁਸਾਰ 'ਪਰਾਏ ਧਨ' ਲਈ ਬਾਬਲ ਦਾ ਨਿਮਾਣਾ ਘਰ ਹੀ ਮਹਿਲ ਹੈ।

ਇਸ ਸ਼ਬਦ ਦੇ ਕੁਝ ਹੋਰ ਅਰਥਾਂ ਨੂੰ ਵੀ ਜਾਣ ਲੈਣਾ ਜ਼ਰੂਰੀ ਹੈ। ਇਸ ਦਾ ਇਕ ਅਰਥ ਭਾਈ ਕਾਹਨ ਸਿੰਘ ਨਾਭਾ ਦੇ ਸ਼ਬਦਾਂ ਵਿਚ 'ਜਿਸ ਥਾਂ ਨੂੰ ਫਤਿਹ ਕਰਕੇ ਜਾ ਉਤਰੀਏ' ਹੈ। ਗੁਰੂ ਗੋਬਿੰਦ ਸਿੰਘ ਨੇ ਖਾਲਸੇ ਨੂੰ ਯੁਧ ਵਿਦਿਆ ਵਿਚ ਨਿਪੁੰਨ ਕਰਨ ਲਈ ਅਭਿਆਸ ਕਰਨ ਵਾਸਤੇ ਮਹੱਲੇ ਦੀ ਰੀਤੀ ਚਲਾਈ। 'ਹੋਲਾ ਮਹੱਲਾ' ਵਿਚ ਏਹੀ ਅਰਥ ਦੱਸ ਪਾਉਂਦੇ ਹਨ। ਕਈਆਂ ਅਨੁਸਾਰ 'ਹੋਲਾ' ਸ਼ਬਦ 'ਹੱਲਾ' ਦੀ ਤਰ੍ਹਾਂ ਉਪਰੋਕਤ ਦੱਸੇ ਅਰਬੀ ਧਾਤੂ 'ਹਲ' ਤੋਂ ਹੀ ਵਿਕਸਿਤ ਹੋਇਆ ਹੈ ਪਰ ਮੇਰਾ ਵਿਚਾਰ ਹੈ ਕਿ 'ਹੋਲਾ' ਹੋਲੀ ਦਾ ਹੀ ਪੁਲਿੰਗ ਰੂਪ ਬਣਾਇਆ ਗਿਆ ਹੈ ਭਾਵੇਂ ਹੋਲੀ ਦੇ ਤਿਉਹਾਰ ਵਜੋਂ ਹੋਲਾ ਸ਼ਬਦ ਇਸਤਰੀ ਲਿੰਗ ਦੇ ਰੂਪ ਵਿਚ ਕਿਧਰੇ ਕਿਧਰੇ ਹਿੰਦੀ ਵਿਚ ਵੀ ਮਿਲਦਾ ਹੈ। ਗੁਰੂ ਸਾਹਿਬ ਹੋਲੀ ਦੇ ਟਾਕਰੇ ਤੇ ਜੰਗਜੂ ਤਾਕਤ ਦਾ ਪ੍ਰਗਟਾਵਾ ਕਰਦੀ ਰੀਤ ਚਲਾਉਣਾ ਚਾਹੁੰਦੇ ਸਨ। ਸਿੱਖ ਰਹਿਤਲ ਦੇ ਖਾੜਕੂ ਸੁਭਾਅ ਦੇ ਅੰਤਰਗਤ ਪੰਜਾਬੀ ਦੇ ਕਈ ਸ਼ਬਦਾਂ ਦਾ ਪੁਲਿੰਗੀਕਰਨ ਤੇ ਵਡਰੂਪੀਕਰਨ ਹੋ ਗਿਆ ਹੈ ਜਿਵੇਂ ਰੁਮਾਲ ਤੋਂ ਰੁਮਾਲਾ, ਪ੍ਰਸ਼ਾਦ ਤੋਂ ਪ੍ਰਸ਼ਾਦਾ, ਸਵਾਰ ਤੋਂ ਸਵਾਰਾ ਆਦਿ। ਹੋਲਾ ਸ਼ਬਦ ਨੂੰ ਵੀ ਇਸੇ ਕੜੀ ਵਿਚ ਲਿਆ ਜਾਣਾ ਚਾਹੀਦਾ ਹੈ।

ਅੱਜ ਅਸੀਂ ਆਮ ਤੌਰ 'ਤੇ ਮਹੱਲਾ ਸ਼ਬਦ ਪਿੰਡ ਦੀ ਪੱਤੀ ਦੀ ਤਰ੍ਹਾਂ ਸ਼ਹਿਰ ਜਾਂ ਕਸਬੇ ਦੇ ਇਕ ਹਿੱਸੇ ਨੂੰ ਕਹਿੰਦੇ ਹਾਂ। ਇਸ ਸ਼ਬਦ ਦੇ ਧਾਤਮੂਲਕ ਅਰਥਾਂ ਅਨੁਸਾਰ 'ਮਹੱਲਾ' ਵਾਸਾ ਕਰਨ, ਡੇਰਾ ਜਮਾਉਣ ਜਾਂ ਪੜਾਅ ਕਰਨ ਵੱਲ ਸੰਕੇਤ ਕਰਦਾ ਹੈ। ਪਹਿਲਾਂ ਫੌਜਾਂ ਆਪਣੇ ਪੜਾਅ ਦੌਰਾਨ ਵਗਲੇ ਹਿੱਸੇ ਨੂੰ ਮੁਹੱਲਿਆਂ ਵਿਚ ਵੰਡਦੀਆਂ ਹੋਣਗੀਆਂ, ਬਾਅਦ ਵਿਚ ਸ਼ਹਿਰਾਂ ਆਦਿ ਨੂੰ ਬਾਕਾਇਦਾ ਇਸ ਤਰ੍ਹਾਂ ਵਿਉਂਤਿਆ ਜਾਣ ਲੱਗਾ। ਮੁਸਲਮਾਨੀ ਦੇਸ਼ਾਂ ਵਿਚ ਕਈ ਨਗਰਾਂ ਦੇ ਨਾਂ ਨਾਲ ਵੀ ਇਹ ਸ਼ਬਦ ਜੁੜ ਗਿਆ ਹੈ। ਮਿਸਰ ਵਿਚ ਤਾਂ ਸੌ ਤੋਂ ਵੱਧ ਸ਼ਹਿਰਾਂ, ਕਸਬਿਆਂ ਦੇ ਨਾਂਵਾਂ ਦੇ ਸ਼ੁਰੂ ਵਿਚ ਮਹੱਲਾ ਲਗਦਾ ਹੈ। ਅਲ-ਮਹੱਲਾ ਅਲ-ਕੁਬਰਾ ਮਿਸਰ ਦਾ ਇਕ ਮਸ਼ਹੂਰ ਸ਼ਹਿਰ ਹੈ। ਪਾਕਿਸਤਾਨ ਵਿਚ ਮਹੱਲਾ ਸਦੀਕਾਬਾਦ ਹੈ। ਲਾਹੌਰ ਦੀ ਹੀਰਾਮੰਡੀ ਨੂੰ ਸ਼ਾਹੀ ਮਹੱਲਾ ਵੀ ਕਿਹਾ ਜਾਂਦਾ ਹੈ। ਦਰਅਸਲ ਮੁਸਲਮਾਨਾਂ ਦੀ ਹਕੂਮਤ ਦੌਰਾਨ ਸਰਕਾਰ, ਜ਼ਿਲ੍ਹਾ ਜਾਂ ਤਹਿਸੀਲ ਦੇ ਇਕ ਪ੍ਰਸ਼ਾਸਨਕ ਖੰਡ ਨੂੰ ਵੀ ਮਹੱਲਾ ਕਿਹਾ ਜਾਂਦਾ ਸੀ। ਮੁਸਲਿਮ ਦੇਸ਼ਾਂ ਉਜ਼ਬੇਕਿਸਤਾਨ, ਤਾਜਿਕਸਤਾਨ, ਤੁਰਕੀ ਆਦਿ ਵਿਚ ਮਹੱਲਾ ਸ਼ਬਦ ਦੀ ਵਰਤੋਂ ਖਾਪ ਦੀ ਤਰ੍ਹਾਂ ਇਕ ਸਮਾਜਕ ਵਿਵਸਥਾ ਵਜੋਂ ਵੀ ਹੁੰਦੀ ਹੈ ਜੋ ਇਨ੍ਹਾਂ ਲੋਕਾਂ ਦੀ ਇਕਜੁੱਟਤਾ ਦਰਸਾਉਂਦੀ ਹੈ। ਅਜਿਤ ਵਡਨੇਰਕਰ ਨੇ ਇਸ ਸ਼ਬਦ ਨੂੰ ਪੂਰਬੀ ਭਾਰਤ ਦੇ ਮੋਹਾਲ ਅਤੇ ਪੰਜਾਬ ਦੇ ਮੁਹਾਲੀ ਸ਼ਹਿਰ ਨਾਲ ਵੀ ਜੋੜਿਆ ਹੈ। ਅਸੀਂ ਮਹਿਲਾਂ ਜਾਂ ਮਹਿਲ ਕਲਾਂ ਨਾਂ ਦੇ ਪਿੰਡਾਂ ਬਾਰੇ ਇਸ ਪਾਸੇ ਸੋਚ ਸਕਦੇ ਹਾਂ।

ਗੁਰੂ ਸਾਹਿਬਾਨ ਦੀਆਂ ਸੁਪਤਨੀਆਂ ਨੂੰ ਸ਼ਰਧਾ ਨਾਲ 'ਗੁਰੂ ਦੇ ਮਹਿਲ' ਕਿਹਾ ਜਾਂਦਾ ਹੈ। ਏਥੇ ਮਹਿਲ ਤੋਂ ਭਾਵ ਮਹਿਲ ਵਿਚ ਰਹਿਣ ਵਾਲੀ ਹੈ। ਗੁਰੂਆਂ ਲਈ ਅਸੀਂ ਪਾਤਸ਼ਾਹੀ ਲਕਬ ਵਰਤਦੇ ਹਾਂ, ਇਸ ਪ੍ਰਸੰਗ ਵਿਚ ਉਨ੍ਹਾਂ ਦੀਆਂ ਪਤਨੀਆਂ ਲਈ 'ਗੁਰੂ ਦੇ ਮਹਿਲ' ਢੁਕਵੀਂ ਉਕਤੀ ਹੈ। ਪਰ ਭਾਈ ਕਾਹਨ ਸਿੰਘ ਨਾਭਾ ਨੇ ਇਹ ਨੁਕਤਾ ਸਪਸ਼ਟ ਨਹੀਂ ਕੀਤਾ। ਅਰਬੀ ਫਾਰਸੀ ਵਿਚ ਮਹਿਲ-ਏ-ਖਾਸ ਮੁਖ ਪਤਨੀ ਨੂੰ ਕਿਹਾ ਜਾਂਦਾ ਹੈ। ਕਿਸੇ ਰਾਜੇ, ਨਵਾਬ, ਸਾਮੰਤ ਦੀ ਪਤਨੀ ਜਾਂ ਰਾਣੀ ਨੂੰ ਅਰਬੀ ਵਿਚ ਮਹਿਲ ਕਿਹਾ ਜਾਂਦਾ ਹੈ ਕਿਉਂਕਿ ਹਰ ਇਕ ਆਪਣੇ ਆਪਣੇ ਮਹਿਲ ਜਾਂ ਰਾਣੀਵਾਸ ਵਿਚ ਰਹਿੰਦੀ ਹੈ। ਏਥੇ ਇਹ ਗੱਲ ਵੀ ਜ਼ਿਕਰਯੋਗ ਹੈ ਕਿ ਸ਼ਾਹ ਜਹਾਨ ਦੀ ਬੇਗਮ, ਜਿਸ ਦਾ ਅਸਲੀ ਨਾਂ ਅਰਜੁਮੰਦ ਬਾਨੋ ਸੀ ਨੂੰ 'ਮੁਮਤਾਜ਼ ਮਹਲ' ਦਾ ਨਾਂ ਇਸ ਲਈ ਮਿਲਿਆ ਕਿਉਂਕਿ ਬਾਦਸ਼ਾਹ ਉਸ ਨੂੰ ਸਭ ਤੋਂ ਵਧ ਪਿਆਰ ਕਰਦਾ ਸੀ ਤੇ ਇਸ ਤਰ੍ਹਾਂ ਉਹ ਉਸ ਦੇ ਮਹਿਲਾਂ ਦੀ ਮੁਮਤਾਜ ਸੀ। ਮੁਮਤਾਜ ਦਾ ਅਰਥ ਸਰਵਸ਼੍ਰੇਸ਼ਟ ਹੁੰਦਾ ਹੈ।

ਗੌਰਤਲਬ ਹੈ ਕਿ ਮੁਸਲਮਾਨ ਔਰਤਾਂ ਦੇ ਨਾਂ ਪਿਛੇ ਮਹੱਲ ਸ਼ਬਦ ਮੁਮਤਾਜ ਤੋਂ ਬਿਨਾਂ ਅਵਧ ਦੇ ਨਵਾਬ ਵਾਜਿਦ ਅਲੀ ਸ਼ਾਹ ਦੀ ਬੇਗਮ ਦੇ ਨਾਂ ਪਿਛੇ ਹੀ ਦੇਖਣ ਨੂੰ ਮਿਲਦਾ ਹੈ। ਵੇਸਵਾ ਤੋਂ ਸ਼ਾਹੀ ਹਰਮ ਵਿਚ ਪਹੁੰਚੀ ਤੇ ਫਿਰ ਬੇਗਮ ਬਣੀ ਇਸ ਬਹਾਦਰ, ਦੂਰਅੰਦੇਸ਼ ਤੇ ਖੂਬਸੂਰਤ ਔਰਤ ਦਾ ਅਸਲੀ ਨਾਂ ਮੁਹੰਮਦੀ ਖਾਨੁਮ ਸੀ। ਇਸ ਨੇ ਆਪਣੇ ਪਤੀ ਦੇ ਦੇਸ਼ ਨਿਕਾਲੇ ਪਿਛੋਂ ਅੰਗਰੇਜ਼ਾਂ ਨਾਲ ਲੜਾਈ ਜਾਰੀ ਰੱਖੀ। ਇਸ ਦੇ ਅਜਿਹੇ ਗੁਣਾਂ ਕਾਰਨ ਇਸ ਨੂੰ ਸਨਮਾਨਸੂਚਕ ਨਾਂ ਮਿਲਿਆ, ਹਜ਼ਰਤ ਮਹੱਲ। ਅਜਿਹੇ ਨਾਂ ਅਸਲ ਵਿਚ ਉਪਾਧੀ ਜਾਂ ਰੁਤਬਾ ਹੀ ਹੁੰਦੇ ਹਨ।

ਸੰਜੋਗਵਸ ਇਸਤਰੀ ਲਈ ਇਸੇ ਧੁਨੀ ਵਾਲਾ ਇਕ ਹੋਰ ਸ਼ਬਦ ਹੈ 'ਮਹਿਲਾ' ਜੋ ਭਾਵੇਂ ਬੋਲਚਾਲ ਦੀ ਪੰਜਾਬੀ ਵਿਚ ਘਟ ਹੀ ਵਰਤ ਹੁੰਦਾ ਹੈ ਪਰ ਲਿਖਤੀ ਰੂਪ ਵਿਚ ਜ਼ਰੂਰ ਆਉਂਦਾ ਹੈ। ਗੁਰੂ ਗ੍ਰੰਥ ਸਾਹਿਬ 'ਚ ਇਹ ਗੁਰੂ ਨਾਨਕ ਦੇ ਇਕ ਸਲੋਕ ਵਿਚ ਇਕੋ ਵਾਰ 'ਮਹਲ' ਦੇ ਰੂਪ ਵਿਚ ਆਇਆ ਹੈ:

ਮਹਲ ਕੁਚਜੀ ਮੜਵੜੀ
ਕਾਲੀ ਮਨਹੁ ਕਸੁਧ॥
ਜੇ ਗੁਣ ਹੋਵਨਿ ਤਾ ਪਿਰ ਰਵੈ
ਨਾਨਕ ਅਵਗੁਣ ਮੁੰਧ॥

ਇਸ ਦਾ ਇਕ ਹੋਰ ਰੂਪ 'ਮਹੇਲੀ' ਵੀ ਹੈ:

ਸਭੇ ਕੰਤ ਮਹੇਲੀਆ
ਸਗਲੀਆ ਕਰਹਿ ਸੀਗਾਰੁ॥ (ਗੁਰੂ ਨਾਨਕ)

ਮਹਿਲਾ ਸ਼ਬਦ ਦਾ ਦਿਲਚਸਪ 'ਵਿਗਾੜ' ਘਰ ਦਾ ਕੰਮਕਾਜ ਕਰਨ ਵਾਲੀ ਇਸਤਰੀ ਲਈ 'ਮਹਿਰੀ' ਦੇ ਰੂਪ ਵਿਚ ਹੋਇਆ ਹੈ। ਪੰਜਾਬ ਵਿਚ ਝੀਵਰ ਜਾਤੀ ਦੇ ਲੋਕਾਂ ਲਈ ਸਨਮਾਨ ਸੂਚਕ ਸ਼ਬਦ ਮਹਿਰੇ ਵਰਤਿਆ ਜਾਂਦਾ ਹੈ। ਇਹ ਇਕ ਤਰ੍ਹਾਂ ਔਰਤ ਲਾਇਕ ਕੰਮ ਕਰਨ ਵਾਲਿਆਂ ਲਈ ਬਣਿਆ ਲਗਦਾ ਹੈ। ਪੰਜਾਬੀ ਢਾਬਿਆਂ ਵਿਚ ਰਸੋਈਏ ਦਾ ਕੰਮ ਕਰਨ ਵਾਲਿਆਂ ਲਈ ਮਹਿਰਾ ਸ਼ਬਦ ਵਰਤਿਆ ਜਾਂਦਾ ਹੈ।

ਉਪਰੋਕਤ ਮਹਿਲਾ ਜਾਂ ਮਹੇਲੀ ਸ਼ਬਦ ਅਰਬੀ ਵਲੋਂ ਨਹੀਂ ਸਗੋਂ ਸੰਸਕ੍ਰਿਤ ਵਲੋਂ ਆਇਆ ਹੈ ਤੇ ਇਸ ਦਾ ਧਾਤੂ 'ਮਹ' ਹੈ। ਇਸ ਧਾਤੂ ਵਿਚ ਗੁਰੁਤਾ ਜਾਂ ਵਡਿੱਤਣ ਦਾ ਭਾਵ ਹੈ। 'ਮਹਾਨ' ਸ਼ਬਦ ਇਸੇ ਤੋਂ ਬਣਿਆ। 'ਮਹ' ਤੋਂ ਮਹੀ ਤੇ ਫਿਰ ਮਹਿਲਾ ਬਣਿਆ। 'ਮਹ' ਧਾਤੂ ਦੀ ਮਹਿਮਾ ਬਹੁਤ ਹੈ ਪਰ ਪਹਿਲਾਂ ਇਸ ਦੇ ਮਹੀ ਰੂਪ ਦੀ ਗੱਲ ਕਰ ਲਈਏ। ਸੰਸਕ੍ਰਿਤ ਵਿਚ ਮਹੀ ਦਾ ਅਰਥ 'ਮਹਾਨ ਦੁਨੀਆਂ' ਦੇ ਭਾਵਾਂ ਵਿਚ ਧਰਤੀ ਵੀ ਹੈ ਤੇ ਮਿੱਟੀ, ਭੋਇੰ, ਦੇਸ਼, ਸੈਨਾ, ਗਊ, ਜ਼ਮੀਨ-ਆਸਮਾਨ, ਨਦੀਆਂ ਆਦਿ ਵੀ ਹਨ। ਇਨ੍ਹਾਂ ਸਭ ਅਰਥਾਂ ਦੇ ਪਿਛੇ ਮਹਾਨਤਾ ਜਾਂ ਵਡਿੱਤਣ ਦੇ ਭਾਵ ਸਪਸ਼ਟ ਵਿਖਾਈ ਦਿੰਦੇ ਹਨ। ਨਾਰੀ ਅਤੇ ਗਾਂ ਲਈ ਮਹੀ ਸ਼ਬਦ ਤੋਂ ਭਾਰਤੀ ਸੰਸਕ੍ਰਿਤੀ ਵਿਚ ਇਨ੍ਹਾਂ ਦੀ ਮਹੱਤਤਾ ਦਾ ਪਤਾ ਲਗਦਾ ਹੈ। ਸੰਸਕ੍ਰਿਤ ਵਿਚ 'ਮਹ' ਤੇ 'ਮਹਿਸ਼' ਮੱਝ ਨੂੰ ਆਖਦੇ ਹਨ। ਪੰਜਾਬੀ ਵਿਚ ਵੀ ਮਹਿੰ, ਮਹੀ, ਮੈਂਸ ਆਦਿ ਇਸੇ ਦਾ ਵਿਕਾਸ ਹੈ। ਨਰ ਮਹਿੰ ਲਈ ਮਹਿਰੂ ਅਤੇ ਮਹੀਆਂ ਚਰਾਉਣ ਵਾਲੇ ਲਈ ਮਾਹੀ ਸ਼ਬਦ ਹਰ 'ਹੀਰ' ਦਾ ਰਸੀਆ ਜਾਣਦਾ ਹੈ। ਧਰਤੀ ਦੇ ਅਰਥਾਂ ਵਿਚ ਮਹੀ ਸ਼ਬਦ ਗੁਰੂਆਂ ਨੇ ਵਰਤਿਆ ਹੈ:

ਬਲਵੰਤਿ ਬਿਆਪ ਰਹੀ ਸਭ ਮਹੀ
(ਗੁਰੂ ਅਰਜਨ)

'ਮਹ' ਧਾਤੂ ਤੋਂ ਬਣੇ ਸੰਸਕ੍ਰਿਤ ਵਿਚ ਸੈਂਕੜੇ ਸ਼ਬਦ ਮੌਜੂਦ ਹਨ ਪਰ ਪੰਜਾਬੀ ਵਿਚ ਵੀ ਬਥੇਰੇ ਮਿਲਦੇ ਹਨ, ਅਜੇ ਏਨਿਆਂ ਕੁ ਨਾਲ ਹੀ ਗੁਜ਼ਾਰਾ ਕਰੋ: ਮਹਾਨ, ਮਹੱਤਵ, ਮਹੰਤ, ਮਹਿਮਾ ਆਦਿ। ਲਗਭਗ ਸਾਰੀਆਂ ਹੀ ਹਿੰਦ-ਆਰਿਆਈ ਭਾਸ਼ਾਵਾਂ ਵਿਚ ਇਸ ਦੇ ਸੁਜਾਤੀ ਸ਼ਬਦ ਮਿਲਦੇ ਹਨ। ਇਨ੍ਹਾਂ ਸਭਨਾਂ ਨੂੰ ਜੋੜਨ ਵਾਲਾ ਮੂਲ ਮੈਗ (meg) ਹੈ। ਹਾਲ ਦੀ ਘੜੀ ਏਨਾ ਦੱਸ ਦੇਣਾ ਕਾਫੀ ਹੈ ਕਿ ਅੰਗਰੇਜ਼ੀ much, magnitude, mega ਇਸ ਦੇ ਸੁਜਾਤੀ ਹਨ।

# ਨੈਣ-ਨਕਸ਼

(ਸਫਾ 29 ਦੀ ਬਾਕੀ)

ਸਾਲ ਮੈਂ ਇਸ ਪਿੰਡ ਦੇ ਸਕੂਲ 'ਚ ਨੌਕਰੀ ਕੀਤੀ, ਉਦੋਂ ਅਤਿਵਾਦ ਸਿਖਰ 'ਤੇ ਸੀ ਪਰ ਇਸ ਪਿੰਡ ਦੇ ਲੋਕ ਇਸ ਸਾਰੇ ਵਰਤਾਰੇ ਤੋਂ ਅਣਜਾਣ ਸਨ। ਇਹ ਪਿੰਡ ਪੂਰੀ ਤਰ੍ਹਾਂ ਸੁਰੱਖਿਅਤ ਰਿਹਾ। ਇੱਥੇ ਨਾ ਕਦੇ ਬਿਜਲੀ ਗਈ ਦੇਖੀ, ਨਾ ਕਦੇ ਮੱਖੀ ਨਾ ਮੱਛਰ। ਉਥੇ ਗਰਮੀਆਂ ਦੇ ਦਿਨਾਂ 'ਚ ਉਥੋਂ ਕੁ ਹੀ ਬੱਦਲੀ ਉਠ ਕੇ ਉਥੇ ਕੁ ਹੀ ਜਲ-ਥਲ ਕਰ ਜਾਂਦੀ ਹੈ, ਜਦੋਂ ਸਾਰਾ ਪੰਜਾਬ ਬੂੰਦ-ਬੂੰਦ ਪਾਣੀ ਲਈ ਤਰਸ ਰਿਹਾ ਹੁੰਦੈ।

ਮੈਨੂੰ ਦੁੱਖ ਹੈ ਕਿ ਪਿੰਡ ਦਾ ਸਕੂਲ ਸੰਨ 2001 ਵਿਚ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਬਣਿਆ। ਅਸੀਂ ਚਾਰ ਕੁ ਅਧਿਆਪਕਾਂ ਨੇ ਇਸ ਪਿੰਡ ਦੀ ਪਹਾੜੀ 'ਤੇ ਆਲ੍ਹਣਾ ਪਾਉਣ ਦੀ ਸੋਚੀ ਸੀ ਪਰ ਸਰਕਾਰ ਨੇ ਸਾਨੂੰ ਧੱਕੇ ਨਾਲ ਉਦੋਂ ਹਾਈ ਸਕੂਲ 'ਚੋਂ ਲੈਕਚਰਾਰ ਬਣਾ ਕੇ +2 ਪ੍ਰਣਾਲੀ ਹੇਠਲੇ ਸਕੂਲਾਂ 'ਚ ਧੱਕ ਦਿੱਤਾ।

ਪਹਿਲਾਂ ਪਹਿਲ ਇੱਥੇ ਰਾਜਾ ਸਿੰਘ (ਟੈਕਸਲਾ ਟੀ.ਵੀ. ਵਾਲੇ) ਨੇ ਕਿੰਨੂਆਂ ਦੇ ਬਾਗ ਲਾਏ ਤੇ ਹੁਣ ਪੱਥਰ ਪੀਹਣ ਦੇ ਕਰੱਸ਼ਰ ਵੀ ਹਨ ਤੇ ਵੱਡੇ-ਵੱਡੇ ਲੋਕਾਂ ਦੇ ਫਾਰਮ ਹਾਊਸ, ਇੰਡਸਟਰੀ, ਸੜਕਾਂ ਤੇ ਬੱਸਾਂ ਦਾ ਜਾਲ।

ਮੇਰੇ ਸਾਥੀ ਅਧਿਆਪਕਾਂ 'ਚੋਂ ਸਿਰਫ਼ ਇਸੇ ਪਿੰਡ ਦਾ ਡਰਾਇੰਗ ਮਾਸਟਰ ਰਾਮ ਪਾਲ ਬੈਂਸ ਹੀ ਪੜ੍ਹਾ ਰਿਹੈ। ਦੋ ਸਟੂਡੈਂਟ ਮਾਸਟਰ ਲੱਗ ਗਏ ਹਨ।

ਜਦੋਂ ਵੀ ਕਦੇ ਅਨੰਦਪੁਰ ਸਾਹਿਬ ਗਏ, ਖੇੜਾ ਕਲਮੋਟ ਜ਼ਰੂਰ ਹੋ ਜਾਇਓ। ਫਿਰ 'ਨਾਲੇ ਯਾਦ ਕਰਾਂ ਨਾਲੇ ਹੂੰਗਾਂ' ਵਾਲੀ ਹੋਵੇਗੀ ਤੇ ਮੈਨੂੰ ਵੀ ਲੱਗੇਗਾ ਕਿ ਇਤਿਹਾਸ ਦੀ ਪੈੜ 'ਚ ਮੈਂ ਵੀ ਕਿਸੇ ਨੂੰ ਤੋਰਨ 'ਚ ਸਫਲ ਹੋ ਗਿਆ ਹਾਂ ਤੇ 'ਪੰਜਾਬ ਟਾਈਮਜ਼' ਨੇ ਚੰਗਾ ਕੰਮ ਕਰ ਲਿਆ ਹੈ।



ਇਤਿਹਾਸਕ ਗੁਰਦੁਆਰਾ ਸਾਹਿਬ, ਖੇੜਾ ਕਲਮੋਟ ਦਾ ਅੰਦਰਲਾ ਦ੍ਰਿਸ਼।

# ਕਾਵਿ-ਮੰਚ

## ਲੋਕਾਂ ਤੋਂ ਲੁਕਾ ਕੇ

ਭਗਤੀ ਵਾਲਾ ਸਮਾਂ
ਤੇ ਦਿਲ ਵਾਲਾ ਭੇਤ
ਸਦਾ ਰੱਖੀਦਾ ਲੋਕੋ ਲੁਕਾ ਕੇ,
ਆਪਣਾ ਹੀ ਧਨ ਭਾਵੇਂ ਹੋਵੇ
ਸਦਾ ਰੱਖੀਏ ਲੋਕਾਂ ਤੋਂ ਲੁਕਾ ਕੇ।

ਰਿਸ਼ਤੇਦਾਰਾਂ-ਮਿੱਤਰਾਂ ਦੋਸਤਾਂ ਤੋਂ
ਨਾ ਮੁੱਖ ਕਦੇ ਮੋੜੀਏ।
ਮੰਦਾ ਬੋਲ ਬੋਲ ਕੇ ਨਾ
ਦਿਲ ਕਿਸੇ ਦਾ ਤੋੜੀਏ।
ਜਿਸ ਬੰਦੇ ਦੀ ਪੁਲਿਸ ਨਾਲ ਯਾਰੀ
ਉਸ ਨੂੰ ਕਦੇ ਨਾ ਰੱਖੀਏ
ਘਰ 'ਚ ਬਿਠਾ ਕੇ।

ਅਮਲੀ ਪੁੱਤ ਦੇ ਨਾਲੋਂ
ਔਤ ਰਹਿ ਕੇ ਸਾਰੀਏ।
ਫੱਕਰ-ਫਕੀਰ-ਸਾਧੂ ਦੇ ਨਾ
ਲੱਤ ਕਦੇ ਮਾਰੀਏ।
ਉਚਾ ਨਾ ਠਾਣੇ 'ਚ ਕਦੇ ਬੋਲੀਏ
ਜੇ ਬੋਲੀਏ ਤਾਂ
ਲੋਕਾਂ ਨੂੰ ਸੁਣਾ ਕੇ।

ਸ਼ਾਹੂਕਾਰਾਂ ਦਿਆਂ ਘਰਾਂ 'ਚ
ਧੀਆਂ ਵਿਆਹੀਏ ਨਾ।
ਅਮੀਰਾਂ ਦੀਆਂ ਯਾਰੀਆਂ 'ਚ
ਸਮਾਂ ਗਵਾਈਏ ਨਾ।
ਸਰਕਾਰੀ ਬੰਦਿਆਂ ਨੂੰ
ਐਵੇਂ ਸਲੂਟ ਮਾਰੀਏ ਨਾ
ਰੱਖੋ ਆਪਣਾ ਆਪ ਬਚਾ ਕੇ।

ਠੇਕੇ ਅਤੇ ਠਾਣੇ ਦੇ ਨਾ
ਗੇੜੇ ਬਹੁਤੇ ਮਾਰੀਏ।
ਝੂਠੀ ਹੁਲੜਬਾਜ਼ੀ ਨਾਲੋਂ
ਨੀਵੇਂ ਰਹਿ ਕੇ ਸਾਰੀਏ।
ਸੇਖੋਂ ਦਾਖੇ ਵਾਲੇ ਨੇ
ਸੱਚੀਆਂ ਗੱਲਾਂ ਥੋਨੂੰ ਦੱਸੀਆਂ
ਦਿਲ ਵਿਚ ਰੱਖਿਓ ਛੁਪਾ ਕੇ।

-ਪਰਮਜੀਤ ਸਿੰਘ ਸੇਖੋਂ (ਦਾਖਾ)
ਫੋਨ:510-774-5909

## ਵਿਰਸਾ

ਵਿਚ ਤ੍ਰਿੰਜਣਾਂ ਚਰਖੇ ਡਹਿਣ ਨਾ,
ਪਿੱਪਲਾਂ ਉਤੇ ਪੀਂਘਾਂ ਪੈਣ ਨਾ।
ਟਾਂਵੇਂ-ਟਾਂਵੇਂ ਰਹਿ'ਗੇ ਹੁਣ
ਕੂੰਪ ਤੇ ਗੁਹਾੜੀਆਂ...।
ਨਾ ਟਿੰਡਾਂ ਵਾਲੇ ਖੂਹ ਰਹਿ'ਗੇ
ਨਾ ਰਹਿ ਗਈਆਂ ਘਲਾੜੀਆਂ।

ਘੜਾ, ਘੜੌਂਜ ਤੇ ਕਾੜ੍ਹਨੀ ਹਾਰੇ,
ਕਿਤੇ ਕਿਤੇ ਹੀ ਲੱਭਦੇ ਹੁਣ ਚਾਰੇ।
ਦੁੱਧ, ਦਹੀਂ ਤੇ ਮੱਖਣ
ਨਾ ਲੱਸੀਆਂ ਨੇ ਗਾੜ੍ਹੀਆਂ...।

ਪਿੰਡਾਂ ਵਿਚ ਹੁਣ ਸੱਥ ਨੀਂ ਜੁੜਦੀ,
ਚਾਹ ਵੀ ਨਾ ਕੋਈ ਪੀਵੇ ਗੁੜ ਦੀ।
ਚੰਦਰੇ ਲੋਕਾਂ ਢਾਹ ਦਿੱਤੀਆਂ
ਕਈ ਗੁੰਗੇ ਦੀਆਂ ਮਾੜੀਆਂ...।

ਪਹਿਲਾਂ ਵਰਗੇ ਚਾਅ ਨਾ ਰਹਿ ਗਏ,
ਪਹਿਲਾਂ ਵਰਗੇ ਵਿਆਹ ਨਾ ਰਹਿ ਗਏ।
ਨਾ ਪਹਿਲਾਂ ਵਰਗੇ ਲਾੜੇ,
ਨਾ ਪਹਿਲਾਂ ਜਿਹੀਆਂ ਲਾੜੀਆਂ...।
ਨਾ ਟਿੰਡਾਂ ਵਾਲੇ ਖੂਹ ਰਹਿ'ਗੇ
ਨਾ ਰਹਿ ਗਈਆਂ ਘਲਾੜੀਆਂ।

ਮੰਜੇ ਘਟ ਗਏ ਦੌਣ ਵਾਲੇ ਹੁਣ,
ਘਟ ਗਏ ਵਧੀਆ ਗਾਉਣ ਵਾਲੇ ਹੁਣ।
ਘਟੀਆਂ ਸਿਰਾਂ ਤੋਂ ਪੱਗਾਂ
ਨਿੰਮਿਆਂ ਮੂੰਹਾਂ ਤੋਂ ਦਾਹੜੀਆਂ...।

-ਨਿੰਮਾ ਡੱਲੇਵਾਲਾ

## ਸਿਦਕੀ ਪੁੱਤਰ

(ਉਨ੍ਹਾਂ ਸੂਰਬੀਰਾਂ ਦੇ ਨਾਂ ਜੋ ਜਿੱਤ ਕੇ ਵਾਪਸ ਨਾ ਪਰਤੇ)

ਹਰ ਘਰ ਦੇ ਵਿਚ ਕਦੋਂ
ਤਪਣਗੇ ਠੰਢੇ ਚੁੱਲ੍ਹੇ।
ਸਾਉਣ ਮਹੀਨੇ ਵਗ ਰਹੇ
ਕਿਉਂ ਤੱਤੇ ਬੁੱਲੇ।
ਮਨ ਆਪਣੇ ਨੂੰ ਜਿੱਤ ਕੇ
ਜਿਹੜੇ ਘਰੋਂ ਤੁਰੇ ਸੀ,
ਜਿੱਤਾਂ ਜਿੱਤ ਕੇ ਪਰਤੇ ਨਾ
ਹੀਰੇ ਅਨਮੁੱਲੇ।

ਕਿਉਂ ਨਹੀਂ ਕਾਂ ਕੁਰਲਾਇਆ
ਅੱਜ ਬਨੇਰੇ ਉਤੇ,
ਲੱਗਦਾ ਰਾਤੀਂ ਆਲ੍ਹਣਿਆਂ 'ਤੇ
ਝੱਖੜ ਝੁੱਲੇ।
ਮੀਲ ਪੱਥਰ ਜੋ ਬਣੇ
ਉਡੀਕਾਂ ਰਾਹ ਵਿਚ ਕਰਦੇ,
ਕਿਸੇ ਦੀ ਅੱਖ 'ਚੋਂ
ਉਨ੍ਹਾਂ ਲਈ ਅੱਥਰੂ ਨਾ ਡੁੱਲ੍ਹੇ।
ਟੁੱਟ ਗਏ ਪਰ
ਝੁਕੇ ਨਹੀਂ ਤੂਫਾਨਾਂ ਅੱਗੇ,
ਸਿਦਕੀ ਪੁੱਤਰ ਹਾਰੇ ਨਾ
ਮਾਂਵਾਂ ਦੇ ਦੁੱਲੇ।

-ਅਜੇ ਤਨਵੀਰ

# ਮੁੜ ਮੁੜ ਨਹੀਂ ਜੰਮਣਾ ਦਿਲਸ਼ਾਦ ਵਰਗਾ ਗਾਇਕ

ਕੀ ਮੈਂ ਝੂਠ ਬੋਲਿਐ...



ਸਵਰਨ ਸਿੰਘ ਟਹਿਣਾ*

*ਫੋਨ:91-98141-78883

ਕਲਾਕਾਰ ਨੂੰ ਪ੍ਰੋਗਰਾਮ ਬੁੱਕ ਹੋਣ ਦੀ ਖੁਸ਼ੀ ਤਾਂ ਹੁੰਦੀ ਹੈ ਪਰ ਪੂਰੀ ਖੁਸ਼ੀ ਪ੍ਰੋਗਰਾਮ ਪਿਛੋਂ ਸੁੱਖੀਂ-ਸਾਂਦੀਂ ਘਰ ਪਹੁੰਚ ਕੇ ਮਿਲਦੀ ਹੈ। ਜਿਹੜੇ ਢਾਈ-ਤਿੰਨ ਘੰਟੇ ਕਲਾਕਾਰ ਨੇ ਗਾਉਣਾ ਹੁੰਦੈ, ਉਸ ਦੌਰਾਨ ਕੇਹੇ ਲੋਕਾਂ ਨਾਲ ਵਾਹ ਪੈਣੈ, ਲੋਰ 'ਚ ਆਏ ਸ਼ਰਾਬੀ ਕੀ ਕਹਿ ਦੇਣ, ਕੋਈ ਨਹੀਂ ਜਾਣਦਾ ਹੁੰਦਾ। ਕਈ ਵਾਰ 'ਚਿੜੀਆਂ ਦੀ ਮੌਤ, ਗਵਾਰਾਂ ਦਾ ਹਾਸਾ' ਵਾਲੀ ਗੱਲ ਹੋ ਜਾਂਦੀ ਏ। ਦੋ ਘੁੱਟ ਲਾ ਜਿਨ੍ਹਾਂ ਦੇ ਪੈਰ ਭੁੰਜੇ ਨਹੀਂ ਲੱਗਦੇ, ਉਦੋਂ ਹਾਥੀ ਵੀ ਉਨ੍ਹਾਂ ਭਾਣੇ ਕੀੜੀਆਂ ਤੁਲ ਹੁੰਦੇ ਨੇ। ਸ਼ਾਇਦ ਹੀ ਕੋਈ ਕਲਾਕਾਰ ਹੋਵੇਗਾ, ਜਿਸ ਦੀ ਟੂੰਨ ਹੋਇਆਂ ਦੀਆਂ ਫ਼ਰਮਾਇਸ਼ਾਂ ਕਾਰਨ ਤੂੰ-ਤੂੰ, ਮੈਂ-ਮੈਂ ਨਾ ਹੋਈ ਹੋਵੇ। 28 ਜਨਵਰੀ 1996 ਨੂੰ ਦਿਲਸ਼ਾਦ ਅਖ਼ਤਰ ਨਾਲ ਇਹੀ ਸਭ ਹੋਇਆ। ਬਾਬਾ ਬਕਾਲਾ ਲਾਗਲੇ ਪਿੰਡ ਸਿੰਘਪੁਰਾ ਵਿਚ ਇੱਕ ਪ੍ਰੋਗਰਾਮ ਦੌਰਾਨ ਉਹ ਗਾ ਰਿਹਾ ਸੀ। ਭੰਗੜਾ ਪੈ ਰਿਹਾ ਸੀ, ਬੱਕਰੇ ਬੁਲਾਏ ਜਾ ਰਹੇ ਸਨ, ਇੱਕ ਹੋਰ, ਇੱਕ ਹੋਰ ਦੀਆਂ ਅਵਾਜ਼ਾਂ ਆ ਰਹੀਆਂ ਸਨ, ਨਾ ਫ਼ਰਮਾਇਸ਼ਾਂ ਮੁੱਕਣ 'ਚ ਆਈਆਂ ਤੇ ਨਾ ਦਿਲਸ਼ਾਦ ਗਾਉਂਦਾ ਥੱਕਿਆ। ਏਨੇ ਨੂੰ ਪ੍ਰੋਗਰਾਮ 'ਚ ਸ਼ਾਮਲ ਦਾਰੂ ਨਾਲ ਟੂੰਨ ਇੱਕ ਪੁਲਿਸ ਅਫ਼ਸਰ ਨੇ ਤੁਗਲਕੀ ਫ਼ਰਮਾਨ ਜਾਰੀ ਕੀਤਾ, "ਓਏ 'ਨੱਚੀ ਜੋ ਸਾਡੇ ਨਾਲ, ਉਹਨੂੰ ਦਿਲ ਵੀ ਦਿਆਂਗੇ' ਗਾ।" ਦਿਲਸ਼ਾਦ ਅੜ ਗਿਆ, ਕਹਿੰਦਾ, 'ਮੈਂ ਸਿਰਫ਼ ਆਪਣੇ ਗੀਤ ਗਾਉਂਦਾ ਹਾਂ, ਹੋਰਾਂ ਦੇ ਨਹੀਂ।'

ਸੁਰਤ ਗੁਆਈ ਬੈਠੇ ਪੁਲਸੀਏ ਨੂੰ ਵੱਟ ਚੜ੍ਹ ਗਿਆ। ਬੇਇਜ਼ਤੀ ਸਮਝ ਉਸ ਨੇ ਗੋਲੀ ਚਲਾ ਦਿੱਤੀ ਤੇ ਹਿੱਕ ਦੇ ਜ਼ੋਰ ਵਾਲਾ ਦਿਲਸ਼ਾਦ ਢੇਰੀ ਹੋ ਗਿਆ। ਖੁਸ਼ੀ ਵਾਲਾ ਮਾਹੌਲ ਇਕਦਮ ਸੋਗਮਈ ਬਣ ਗਿਆ। ਕੀੜੇ ਖ਼ਾਂ ਸ਼ੌਕੀਨ ਦਾ ਲਾਡਲਾ ਪੁੱਤ ਜਹਾਨੋਂ ਜਾ ਚੁੱਕਾ ਸੀ ਤੇ ਸਾਹਮਣੇ ਪਈ ਸੀ ਉਸ ਦੀ ਲਾਸ਼। ਗੋਲੀ ਚਲਾਉਣ ਵਾਲੇ ਨੂੰ ਸਸਪੈਂਡ ਕਰ ਦਿੱਤਾ ਗਿਆ ਤੇ ਉਸ 'ਤੇ ਕੇਸ ਚੱਲਿਆ। ਫੇਰ ਕਿਸੇ ਕਾਰਨ ਉਹ ਪ੍ਰੇਸ਼ਾਨ ਰਹਿਣ ਲੱਗਾ ਤੇ ਕੁੱਝ ਸਾਲ ਪਹਿਲਾਂ ਉਸ ਨੇ ਖ਼ੁਦਕੁਸ਼ੀ ਕਰ ਲਈ।

ਦਿਲਸ਼ਾਦ ਨੂੰ ਸ਼ਰਧਾਂਜਲੀ ਅਤੇ ਦੋਸ਼ੀ ਨੂੰ ਸਜ਼ਾ ਦਿਵਾਉਣ ਲਈ ਕਲਾਕਾਰ ਭਾਈਚਾਰੇ ਨੇ ਜਲੰਧਰ 'ਚ ਮਾਰਚ ਕੀਤਾ। ਉਸ ਦੀ ਮੌਤ ਬਾਰੇ ਕਈ ਤਰ੍ਹਾਂ ਦੀਆਂ ਗੱਲਾਂ ਛਿੜੀਆਂ, ਕੋਈ ਕਹਿੰਦਾ, 'ਜੇ ਹੋਰ ਦਾ ਗਾਣਾ ਗਾਉਣ ਲਈ ਕਹਿ ਦਿੱਤਾ ਸੀ ਤਾਂ ਗਾ ਦਿੰਦਾ, ਜਾਨ ਬਚ ਜਾਂਦੀ', ਕੋਈ ਆਖਦਾ, 'ਕਲਾਕਾਰ ਦੀ ਪਛਾਣ ਆਪਣੇ ਗੀਤਾਂ ਨਾਲ ਹੁੰਦੀ ਏ, ਦੂਜੇ ਦਾ ਕਿਉਂ ਗਾਵੇ', ਕੋਈ ਕਹਿੰਦਾ, 'ਕਲਾਕਾਰਾਂ ਦੀ ਏਨੀ ਆਕੜ ਮਾੜੀ ਏ' ਤੇ ਕੋਈ ਬੋਲਦਾ, 'ਜੇ ਖੁਸ਼ੀ ਮੌਕੇ ਇਹੋ ਜਿਹਾ ਬਾਂਦਰਪੁਣਾ ਕਰਨ ਵਾਲਾ ਬੈਠਾ ਹੋਵੇ ਤਾਂ ਕਲਾਕਾਰ ਵਿਚਾਰਾ ਕੀ ਕਰੇ?' ਦਿਲਸ਼ਾਦ ਨੂੰ ਗਿਆਂ ਪੰਦਰਾਂ ਸਾਲ ਹੋ ਚੱਲੇ ਨੇ, ਫਿਰ ਵੀ ਉਸ ਦੇ ਗਾਉਣ ਦੀ ਕਦਰ ਕਰਨ ਵਾਲਿਆਂ ਦੀ ਘਾਟ ਨਹੀਂ। ਉਸ ਨੂੰ ਚਾਹੁਣ ਵਾਲੇ ਪੰਜਾਬ 'ਚ ਵੀ ਬਥੇਰੇ ਨੇ ਤੇ ਪੰਜਾਬੋਂ ਬਾਹਰ ਵੀ। ਪਰਦੇਸਾਂ ਵਿਚ ਰੇਡੀਓ, ਟੀ.ਵੀ. 'ਤੇ ਉਸ ਦਾ ਗੀਤ 'ਚਿੱਠੀ ਦੇ ਵਿਚ ਲਿਖਦੀਂ ਹੁਣ ਕੀ ਹਾਲ ਪ੍ਰੀਤੋ ਦਾ' ਅੱਜ ਵੀ ਸਰੋਤਿਆਂ ਦੀ ਫ਼ਰਮਾਇਸ਼ 'ਤੇ ਸੁਣਾਇਆ ਜਾਂਦੈ।



*ਦਿਲਸ਼ਾਦ ਅਖ਼ਤਰ*

ਚਾਰ ਭੈਣ-ਭਰਾਵਾਂ 'ਚੋਂ ਦਿਲਸ਼ਾਦ ਸਭ ਤੋਂ ਛੋਟਾ ਸੀ। ਸਭ ਤੋਂ ਵੱਡੀ ਭੈਣ ਵੀਰਪਾਲ, ਉਸ ਤੋਂ ਛੋਟਾ ਗੁਰਾਂਦਿੱਤਾ, ਫੇਰ ਮਨਪ੍ਰੀਤ ਅਖ਼ਤਰ ਤੇ ਅਖੀਰਲਾ ਦਿਲਸ਼ਾਦ। 1966 ਦੇ ਅਪਰੈਲ ਮਹੀਨੇ ਜਨਮਿਆ ਦਿਲਸ਼ਾਦ ਉਦੋਂ ਨੌਵੀਂ 'ਚ ਪੜ੍ਹਦਾ ਸੀ, ਜਦੋਂ ਪਰਿਵਾਰ ਮੁਕਤਸਰ ਛੱਡ ਕੋਟਕਪੂਰਾ ਦੇ ਫੇਰੂਮਾਨ ਚੌਕ ਲਾਗੇ ਰਹਿਣ ਲੱਗ ਗਿਆ। ਘਰ ਵਿਚ ਗਾਇਕੀ ਦਾ ਮਾਹੌਲ ਪਹਿਲਾਂ ਤੋਂ ਹੀ ਸੀ, ਪਿਤਾ ਜੀ ਕੀੜੇ ਖਾਂ ਸ਼ੌਕੀਨ ਆਪਣੇ ਵੇਲ਼ੇ ਦੇ ਮੰਨੇ-ਪ੍ਰਮੰਨੇ ਗਵੱਈਏ ਸਨ। ਅਲੂੰਆਂ ਜਿਹਾ ਦਿਲਸ਼ਾਦ ਬਾਪ ਦੇ ਨਕਸ਼ੇ ਕਦਮ 'ਤੇ ਚੱਲਣ ਲੱਗਾ। ਮੁੱਛ ਫੁੱਟਣ ਤੱਕ ਉਸ ਦੀ ਰਿਕਾਰਡਿੰਗ ਦਾ ਸਿਲਸਿਲਾ ਸ਼ੁਰੂ ਹੋ ਗਿਆ ਤੇ ਨਿੱਕੀ ਉਮਰੇ ਦਰਜਨਾਂ ਕੈਸਿਟਾਂ ਕਰ ਉਹ ਗੀਤਾਂ ਦਾ ਅਜਿਹਾ ਅੰਬਾਰ ਲਾ ਗਿਆ, ਜਿਸ ਨੂੰ ਸੁਣ-ਸੁਣ ਉਸ ਦੀ ਅਵਾਜ਼ ਅਤੇ ਅੰਦਾਜ਼ ਦੋਹਾਂ 'ਤੇ ਰਸ਼ਕ ਹੁੰਦੈ। ਉਹਨੇ ਕਈ ਫ਼ਿਲਮਾਂ ਵਿਚ ਵੀ ਗਾਇਆ, ਹੱਥ 'ਚ ਚਿਮਟਾ ਫੜ ਆਲਮ ਲੁਹਾਰ ਵਾਂਗ ਅਜਿਹਾ ਰੰਗ ਪੇਸ਼ ਕੀਤਾ ਕਿ ਸਭ ਦੰਗ ਰਹਿ ਗਏ।

ਦਿਲਸ਼ਾਦ ਨੇ ਜ਼ਿੰਦਗੀ ਦੀਆਂ ਤੀਹ ਕੁ ਬਹਾਰਾਂ ਮਾਣੀਆਂ। ਉਸ ਦੇ ਗੀਤਾਂ 'ਚ ਘੁਲੀ ਮਾਲਵੇ ਦੀ ਮਹਿਕ ਦਾ ਪਤਾ ਲੱਗਦੈ, ਉਥੇ ਸਮੇਂ ਦੀ ਨਬਜ਼ ਪਛਾਣ ਕੇ ਤੁਰਨ ਦਾ ਗੁਰ ਵੀ। ਦਿਲਸ਼ਾਦ ਦੇ ਜਿਹੜੇ ਗੀਤਾਂ ਨੂੰ ਹਰ ਪੰਜਾਬੀ ਨੇ ਰੱਜਵਾਂ ਪਿਆਰ ਦਿੱਤਾ, ਉਨ੍ਹਾਂ 'ਚੋਂ ਕਈ ਪ੍ਰਵਾਸ ਨਾਲ ਜੁੜੇ ਨੇ ਤੇ ਕਈ ਮਜ਼ਾਹੀਆ ਰੰਗ ਨਾਲ। ਉਸ ਦੀ ਗਾਇਕੀ ਜਿੱਥੇ ਵਿਛੋੜੇ ਦਾ ਸੱਲ ਬਿਆਨਦੀ ਹੈ, ਉਥੇ ਵਿਆਹ-ਸ਼ਾਦੀ ਦੇ ਮਾਹੌਲ 'ਚ ਹੋਰ ਰੰਗ ਭਰਦੀ ਹੈ। ਇੱਕ ਪਾਸੇ ਉਹ 'ਹਾਏ ਨੀਂ ਡੁੱਬ ਜਾਣੀ ਦਾ ਬਚੂੰਗੜਾ ਰੋਵੇ' ਤੇ 'ਚੀਚੋ ਚੀਚ ਗਨੇਰੀਆਂ' ਜਿਹੀਆਂ ਬਾਲ ਸੋਚ ਵਾਲੀਆਂ ਗੱਲਾਂ ਕਰਦਾ ਹੈ, ਦੂਜੇ ਪਾਸੇ ਅੱਖਾਂ ਤੋਂ ਦੂਰ, ਪਰ ਮਨ ਦੇ ਨੇੜੇ ਰਹਿੰਦੇ ਸੱਜਣ ਦੀ ਗੱਲ 'ਮਨ ਵਿਚ ਵਸਨੈਂ ਸੱਜਣਾ ਵੇ ਰਹਿਨੈਂ ਅੱਖੀਆਂ ਤੋਂ ਦੂਰ' ਵਰਗੇ ਪਾਏਦਾਰ ਗੀਤਾਂ ਰਾਹੀਂ ਕਰਦੈ। ਇੱਕ ਪਾਸੇ ਉਹ 'ਮੇਰੇ ਲੁੱਟੇ ਪੁੱਟੇ ਪਿਆਰ ਦੀ, ਉਦਾਸ ਹੈ ਕਹਾਣੀ' ਜ਼ਰੀਏ ਇਸ਼ਕ 'ਚ ਮਾਤ ਖਾਣ ਵਾਲਿਆਂ ਦਾ ਦਰਦ ਬਿਆਨਦੈ, ਦੂਜੇ ਪਾਸੇ ਵਿਰਸੇ ਦੀ ਮਹੱਤਤਾ ਵਿਸਾਰ ਰਹੀ ਨਵੀਂ ਪੀੜ੍ਹੀ ਅੱਗੇ ਸਵਾਲਾਂ ਦੀ ਪੰਡ ਖੋਲ੍ਹਦਾ 'ਕਿਤੇ ਸੁਣ ਅੱਲ੍ਹੜੇ ਮੁਟਿਆਰੇ, ਨੀਂ ਚਰਖਾ ਬੋਲ ਪਿਆ' ਵਰਗਾ ਗੀਤ ਪੇਸ਼ ਕਰਦੈ।

ਉਦਾਸ ਤੇ ਖੁਸ਼ਗਵਾਰ ਦੋਹਾਂ ਤਰ੍ਹਾਂ ਦੇ ਗੀਤ ਦਿਲਸ਼ਾਦ ਨੇ ਨਿੱਠ ਕੇ ਗਾਏ ਪਰ ਬਾਕੀਆਂ ਨਾਲੋਂ ਵੱਖਰੀ ਗੱਲ ਉਸ ਦੇ ਮਜ਼ਾਹੀਆ ਗੀਤਾਂ ਦਾ ਮਕਬੂਲ ਹੋਣਾ ਸੀ। ਜਾਪਦੈ, ਜਿਹੜੇ ਗੀਤ ਉਸ ਨੇ ਮਖੌਲ-ਮਖੌਲ 'ਚ ਗਾਏ, ਉਹੀ ਸਫ਼ਲਤਾ ਦਾ ਇਤਿਹਾਸ ਸਿਰਜ ਗਏ। ਇਸ ਵੰਨਗੀ ਦੇ ਗੀਤਾਂ 'ਚ ਨਾ ਕੋਈ ਸਿੱਖਿਆ ਹੈ, ਨਾ ਹਕੀਕਤ ਤੇ ਨਾ ਝੋਰਾ, ਪਰ ਉਹ ਵੀ ਦਿਨ ਆਏ, ਜਦੋਂ ਹਰ ਹੱਟੀ-ਭੱਠੀ, ਨਿਆਣੇ-ਸਿਆਣੇ ਦੇ ਬੁੱਲ੍ਹਾਂ 'ਤੇ ਉਸੇ ਦੇ ਗੀਤ ਹੁੰਦੇ ਸਨ।

'ਦੇਸੀ ਬਾਂਦਰੀ ਵਲੈਤੀ ਚੀਕਾਂ ਮਾਰੇ ਮੁੰਡਿਓ' ਨੂੰ ਧਿਆਨ ਨਾਲ ਸੁਣੋ। ਸ਼ਰਾਰਤੀ ਜਿਹੇ ਇਸ ਗੀਤ 'ਚ ਇੰਗਲੈਂਡ ਵਿਚ ਕੁੱਝ ਸਾਲ ਲਾ ਕੇ ਪਿੰਡ ਪਰਤਣ ਵਾਲੀ ਮੁਟਿਆਰ ਦੇ ਬਦਲੇ ਤੌਰ-ਤਰੀਕਿਆਂ 'ਤੇ ਟਕੋਰਾਂ ਹੋਈਆਂ ਨੇ। ਕਿਸੇ ਵੇਲ਼ੇ ਬਲਧੀਰ ਮਾਹਲਾ ਦਾ ਗੀਤ 'ਕੁੱਕੂ ਰਾਣਾ ਰੋਂਦਾ ਹਾਏ ਮੈਂ ਮਰਗੀ ਰੋਂਦਾ' ਵੀ ਬਹੁਤ ਹਿੱਟ ਹੋਇਆ ਸੀ। ਦਿਲਸ਼ਾਦ ਦੇ ਇਸ ਗੀਤ ਵਿਚ ਤਨਜ਼ ਸੀ ਤੇ ਵਲੈਤੀ ਰੰਗ ਵਿਚ ਰੰਗੀ 'ਕੰਮੋ' ਨੂੰ ਮੁੱਖ ਧਾਰਾ 'ਚ ਆਉਣ ਦੀ ਨੇਕ ਸਲਾਹ ਵੀ। ਬੋਲ ਦੇਖੋ :

ਕਹਿੰਦੇ ਕੰਮੋ ਕਮਲੀ
ਵਲੈਤ ਹੋ ਕੇ ਆਈ ਯਾਰੋ,
ਵੇਖੋ ਵਾਹਿਗੁਰੂ ਦੇ ਚੋਜ਼ ਨਿਆਰੇ ਮੁੰਡਿਓ,
ਹੋਗੀ ਬੱਲੇ-ਬੱਲੇ ਪਿੰਡ ਵਿਚ ਸਾਰੇ ਮੁੰਡਿਓ,
ਅੱਧੀ ਅੰਗਰੇਜ਼ੀ, ਅੱਧੀ ਬੋਲਦੀ ਪੰਜਾਬੀ,
ਉਹਦੇ ਨਖ਼ਰੇ ਨਾ ਜਾਣ ਸਹਾਰੇ ਮੁੰਡਿਓ,
ਦੇਸੀ ਬਾਂਦਰੀ ਵਲੈਤੀ ਚੀਕਾਂ ਮਾਰੇ ਮੁੰਡਿਓ।

ਗਾਣਾ ਅੱਗੇ ਵਧਦਾ ਤੇ 'ਕੰਮੋ' ਦੇ ਸੁਭਾਅ ਦੀਆਂ ਪਰਤਾਂ ਖੋਲ੍ਹਦਾ ਜਾਂਦਾ। ਜਿਹੜੀ 'ਕੰਮੋ' ਭੇਡਾਂ ਦਾ ਵਾੜਾ ਹੂੰਝਦੀ ਸੀ, ਨੱਕ ਪੂੰਝਣ ਦਾ ਚੱਜ ਨਹੀਂ ਸੀ, ਅੱਜ ਮਹਿੰਗੇ ਪਰਫ਼ਿਊਮ ਲਾਉਂਦੀ ਤੇ ਬਾਪੂ-ਬੇਬੇ ਨੂੰ 'ਮੌਮ-ਡੈਡ' ਆਖਦੀ ਏ। ਗਾਣੇ 'ਚ ਜਿਹੜੀ ਥਾਂ 'ਦੇਸੀ ਬਾਂਦਰੀ' ਆਉਂਦਾ, ਉਥੇ ਬਾਂਦਰਾਂ ਦੀਆਂ ਅਵਾਜ਼ਾਂ ਆ ਜਾਂਦੀਆਂ।

ਦਿਲਸ਼ਾਦ ਦਾ ਏਸੇ ਤਰ੍ਹਾਂ ਦਾ ਗੀਤ ਹੈ, 'ਹਾਏ ਨੀਂ ਮਰ ਜਾਣੀ ਦਾ ਬਚੂੰਗੜਾ ਰੋਵੇ।' ਗੀਤ ਇੱਕ ਛੜੇ ਦੀ ਜ਼ਿੰਦਗੀ ਨਾਲ ਜੁੜਿਆ ਹੈ। ਵਿਆਹ ਉਸ ਦਾ ਤਲਾਕਸ਼ੁਦਾ ਔਰਤ ਨਾਲ ਹੋ ਜਾਂਦੈ, ਜਿਹੜੀ ਨਾਲ ਬੱਚੇ ਵੀ ਲੈ ਆਉਂਦੀ ਹੈ। ਜਦੋਂ ਉਹ ਨਿਆਣੇ ਨੂੰ ਉਂਗਲ ਲਾ ਗਲੀ 'ਚੋਂ ਲੰਘਦੈ ਤਾਂ ਲੋਕ ਹੱਸਦੇ ਨੇ, ਮਜ਼ਾਕ ਉਡਾਉਂਦੇ ਨੇ। ਨਿਆਣਾ ਕਿਸੇ ਗੱਲੋਂ ਵੇਰ੍ਹ ਜਾਂਦੈ ਤਾਂ ਉਹ ਦੁਖੀ ਹੋ ਮਨ ਦੀ ਵਿਥਿਆ ਬਿਆਨ ਕਰਦੈ। ਉਸ ਦੀ ਵਿਥਿਆ 'ਚ ਹਾਸਾ ਵੀ ਹੈ ਤੇ ਕਿਸਮਤ 'ਤੇ ਝੋਰਾ ਵੀ। ਮੌਜੂਦਾ ਸਮੇਂ ਭਾਵੇਂ ਇਹੋ ਜਿਹੇ ਗੀਤ ਕਲਾਕਾਰ ਦੀ ਪਛਾਣ ਨਹੀਂ ਬਣਾ ਸਕਦੇ, ਪਰ ਇਹ ਦਿਲਸ਼ਾਦ ਦੀ ਪਛਾਣ ਦੇ ਜ਼ਾਮਨ ਜ਼ਰੂਰ ਬਣੇ। ਕਿੰਨੇ ਫੱਬੇ ਸਨ ਉਸ ਮੂੰਹੋਂ ਇਹ ਬੋਲ:

ਜਦ ਉਂਗਲੀ ਲਾ ਕੇ ਤੁਰਦਾ ਹਾਂ,
ਦਿਲ ਅੰਦਰੋ ਅੰਦਰੀਂ ਸੰਗਦਾ ਹੈ।
ਮੈਂ ਕੱਲ੍ਹ ਬੰਸਰੀ ਲਿਆਂਦੀ ਸੀ,
ਅੱਜ ਫੇਰ ਛੁਣਛੁਣਾ ਮੰਗਦਾ ਹੈ।
ਨਹੀਂ ਦਿੰਦਾ ਤਾਂ ਲੋਕਾਂ ਦੇ
ਜਵਾਕਾਂ ਕੋਲੋਂ ਖੋਹਵੇ,
ਹਾਏ ਨੀਂ ਡੁੱਬ ਜਾਣੀਦਾ ਬਚੂੰਗੜਾ ਰੋਵੇ।

ਹੁਣ ਮਜ਼ਾਹੀਆ ਗਾਇਕੀ ਸਿਰਫ਼ ਕਾਮੇਡੀ ਕੈਸਿਟਾਂ ਤੱਕ ਸੀਮਤ ਹੋ ਕੇ ਰਹਿ ਗਈ ਹੈ। ਹਿੱਟ ਗੀਤ ਦੀ ਪੈਰੋਡੀ ਬਣਾ ਕੇ ਸਰੋਤਿਆਂ ਦਾ ਮਨ ਮੋਹਣ ਦੀ ਕੋਸ਼ਿਸ਼ ਕੀਤੀ ਜਾਂਦੀ ਏ, ਪਰ ਅੱਠ ਗਾਣਿਆਂ ਦੀ ਕੈਸਿਟ ਵਿਚ ਦਿਲਸ਼ਾਦ ਵਾਂਗ ਇਹੋ ਜਿਹੇ ਵਿਸ਼ੇ ਛੋਹਣੇ ਹੋਰਾਂ ਹਿੱਸੇ ਘੱਟ ਆਏ ਤੇ ਇਸ ਦਾ ਪ੍ਰਮਾਣ ਉਸ ਵੱਲੋਂ ਗਾਏ, 'ਬਮ ਬਮ ਬਮ ਲਹਿਰੀ, 'ਚੀਚੋ ਚੀਚ ਗਨੇਰੀਆਂ, ਦੋ ਤੇਰੀਆਂ ਦੋ ਮੇਰੀਆਂ' ਤੇ 'ਧੰਨਾ ਜੱਟ ਖੇਡੇ, ਪੁੱਛਾਂ ਲੈ ਲਓ ਨੀਂ ਕੁਆਰੀਓ' ਤੋਂ ਮਿਲ ਜਾਂਦਾ ਹੈ।

ਪ੍ਰਵਾਸ ਨਾਲ ਜੁੜੀ ਗਾਇਕੀ ਨੇ ਦਿਲਸ਼ਾਦ ਦੀ ਪਛਾਣ ਗੂੜ੍ਹੀ ਕਰਨ 'ਚ ਵੱਡਾ ਯੋਗਦਾਨ ਪਾਇਆ। ਮਾਲਵੇ ਦੇ ਕਈ ਕਲਾਕਾਰਾਂ ਨੇ ਪ੍ਰਵਾਸ ਦਾ ਦਰਦ ਬਿਆਨ ਕੀਤਾ ਤੇ ਉਨ੍ਹਾਂ ਨੂੰ ਸਫ਼ਲਤਾ ਵੀ ਮਿਲੀ। ਦਿਲਸ਼ਾਦ ਵੀ ਉਨ੍ਹਾਂ 'ਚੋਂ ਇੱਕ ਸੀ। ਦਿਲਸ਼ਾਦ ਦੇ ਸਭ ਤੋਂ ਵੱਧ ਮਕਬੂਲ ਗੀਤਾਂ ਵਿਚੋਂ ਦੋ 'ਮਨ ਵਿਚ ਵਸਨੈਂ ਸੱਜਣਾ ਵੇ ਰਹਿਨੈਂ ਅੱਖੀਆਂ ਤੋਂ ਦੂਰ' ਤੇ 'ਚਿੱਠੀ ਦੇ ਵਿਚ ਲਿਖਦੀਂ ਹੁਣ ਕੀ ਹਾਲ ਪ੍ਰੀਤੋ ਦਾ' ਪਰਦੇਸੀ ਜੀਵਨ ਦਾ ਹਾਲ ਬਿਆਨਦੇ ਹਨ।

ਦਿਲਸ਼ਾਦ ਦਾ ਗੀਤ 'ਚਰਖਾ ਬੋਲ ਪਿਆ' ਸੁਣ ਪਤਾ ਲੱਗਦੈ ਕਿ ਉਸ ਨੂੰ ਵਿਸਰਦੇ ਵਿਰਸੇ ਦੀ ਕਿੰਨੀ ਚਿੰਤਾ ਸੀ। ਉਸ ਨੂੰ ਦੁੱਖ ਸੀ ਕਿ ਗੱਭਰੂ ਹੱਥੀਂ ਕੰਮ ਕਰਨਾ ਭੁੱਲਦੇ ਜਾ ਰਹੇ ਨੇ ਤੇ ਮੁਟਿਆਰਾਂ ਚਰਖਾ ਕੱਤਣ, ਦਰੀਆਂ ਬੁਣਨ, ਫੁਲਕਾਰੀਆਂ ਕੱਢਣ ਅਤੇ ਹਸਤ ਕਲਾ ਦੇ ਹੋਰ ਨਮੂਨਿਆਂ ਤੋਂ ਅਣਜਾਣ ਹੋ ਚੱਲੀਆਂ ਨੇ। ਕਿੰਨਾ ਖ਼ੂਬਸੂਰਤ ਸੀ ਉਸ ਦਾ ਇਹ ਗੀਤ :

ਤੀਆਂ ਤੇ ਤ੍ਰਿੰਞਣਾਂ 'ਚ ਗੀਤ ਨਾ ਰਹੇ,
ਸੱਗੀ ਫੁੱਲ, ਕੋਕਰੂ, ਤਵੀਤ ਨਾ ਰਹੇ।
ਪਿੰਡ ਵਾਲੇ ਖੂਹ 'ਤੇ ਨਾ ਰਹੀਆਂ ਰੌਣਕਾਂ,
ਖੌਰੇ ਕਿਹੜੇ ਪਾਸੇ ਉਡ ਗਈਆਂ ਰੌਣਕਾਂ,
ਕਿੱਥੇ ਤੁਰ ਗਏ ਨੇ ਸੱਜਣ ਪਿਆਰੇ,
ਨੀਂ ਚਰਖਾ ਬੋਲ ਪਿਆ,
ਕਿਤੇ ਸੁਣ ਅੱਲ੍ਹੜੇ ਮੁਟਿਆਰੇ।

ਇਹ ਦਿਲਸ਼ਾਦ ਦੀ ਗਾਇਕੀ ਦੀ ਕਮਾਲ ਸੀ ਕਿ ਉਨ੍ਹੀਂ ਦਿਨੀਂ ਬਣੀਆਂ ਕਈ ਫ਼ਿਲਮਾਂ ਵਿਚ ਉਸ ਦੇ ਗੀਤ ਸ਼ਾਮਲ ਕੀਤੇ ਗਏ। ਇੱਕ ਫ਼ਿਲਮ ਵਿਚ ਉਸ 'ਤੇ ਅਖਾੜਾ ਫ਼ਿਲਮਾਇਆ ਗਿਆ, ਜਿਸ ਵਿਚ ਉਸ ਨੇ ਦਮਦਾਰ ਅਵਾਜ਼ 'ਚ ਗਾਇਆ, 'ਨੀਂ ਮੈਂ ਚੁਣ-ਚੁਣ ਮਾਰਾਂ ਸੂਰਮੇ' ਤੇ ਚਿਮਟਾ ਹੱਥ 'ਚ ਫੜੀ ਏਦਾਂ ਗਾਉਂਦਾ ਦਿਸਿਆ, ਜਿਵੇਂ ਫ਼ਿਲਮੀ ਦ੍ਰਿਸ਼ ਨਾ ਹੋ ਕੇ ਸੱਚੀਂ-ਮੁੱਚੀਂ ਰਣ ਭੂਮੀ 'ਚ ਕਿਸੇ ਨੂੰ ਵੰਗਾਰ ਰਿਹਾ ਹੋਵੇ।

ਸਾਫ਼-ਸੁਥਰੇ ਗੀਤਾਂ ਦੀ ਗਾਇਕਾ ਵਜੋਂ ਜਾਣੀ ਜਾਂਦੀ ਦਿਲਸ਼ਾਦ ਦੀ ਭੈਣ ਮਨਪ੍ਰੀਤ ਅਖ਼ਤਰ ਦਾ ਆਖਣੈ, 'ਜਦੋਂ ਵੀਰ ਜਿਊਂਦਾ ਸੀ, ਉਦੋਂ ਗੱਲਾਂ ਹੋਰ ਸਨ, ਪਰ ਮੋਇਆਂ ਨੂੰ ਯਾਦ ਰੱਖਣਾ ਪੰਜਾਬੀਆਂ ਦੇ ਸੁਭਾਅ ਵਿਚ ਸ਼ਾਮਲ ਨਹੀਂ।' ਕੋਟਕਪੂਰੇ ਦੀ ਕਿਸੇ ਸੰਸਥਾ ਨੇ ਦਿਲਸ਼ਾਦ ਦੀ ਯਾਦ 'ਚ ਕੋਈ ਮੇਲਾ ਜਾਂ ਕੋਈ ਹੋਰ ਸਰਗਰਮੀ ਜਾਰੀ ਨਾ ਰੱਖੀ, ਪਰ ਮਨਪ੍ਰੀਤ ਦੇ ਸਹਿਯੋਗ ਨਾਲ ਲੌਂਗੋਵਾਲ 'ਚ ਦਿਲਸ਼ਾਦ ਪ੍ਰੇਮੀਆਂ ਨੇ ਗਿਆਰਾਂ ਸਾਲ ਲਗਾਤਾਰ ਮੇਲਾ ਲਾਇਆ। ਮਨਪ੍ਰੀਤ ਮੁਤਾਬਕ, 'ਮੌਤ ਵੇਲ਼ੇ ਦਿਲਸ਼ਾਦ ਦੇ ਵਿਆਹ ਨੂੰ ਪੰਜ-ਛੇ ਸਾਲ ਹੋ ਚੁੱਕੇ ਸਨ, ਪਰ ਕੋਈ ਬੱਚਾ ਨਹੀਂ ਸੀ...ਜਦੋਂ ਉਹ ਵਿਦੇਸ਼ਾਂ 'ਚ ਗਾਉਂਦੀ ਏ ਤਾਂ ਲੋਕ ਉਸ ਨੂੰ ਦਿਲਸ਼ਾਦ ਦੀ ਭੈਣ ਹੋਣ ਕਰਕੇ ਖ਼ੂਬ ਸਤਿਕਾਰ ਦਿੰਦੇ ਨੇ ਤੇ ਦਿਲਸ਼ਾਦ ਦੀ ਸੰਤਾਨ ਬਾਰੇ ਪੁੱਛ ਕੇ ਰੁਆ ਛੱਡਦੇ ਨੇ।'

ਦਿਲਸ਼ਾਦ ਦਾ ਭਰਾ ਗੁਰਾਂਦਿੱਤਾ ਖ਼ਾਨ ਐਫ਼.ਸੀ.ਆਈ. ਵਿਚ ਨੌਕਰੀ ਕਰਦਾ ਹੈ ਤੇ ਮਨਪ੍ਰੀਤ ਖ਼ੁਦ ਪਟਿਆਲੇ ਦੇ ਇੱਕ ਕਾਲਜ ਵਿਚ ਸੰਗੀਤ ਦੀ ਪ੍ਰੋਫ਼ੈਸਰ ਹੈ। ਮਨਪ੍ਰੀਤ ਦੇ ਬੱਚਿਆਂ ਨੂੰ ਗਾਉਣ ਦਾ ਸ਼ੌਕ ਹੈ ਤੇ ਉਸ ਨੂੰ ਉਮੀਦ ਹੈ ਕਿ ਉਸ ਦੇ ਨਿਆਣੇ ਮਾਮੇ ਵਾਲੇ ਰਾਹ 'ਤੇ ਜ਼ਰੂਰ ਤੁਰਨਗੇ।

# ਸੱਠ ਸ਼ਬਦੀ ਧੁਨਾਂ ਦਾ ਸੰਗਮ ਬਲਕਾਰ ਦਾਨਿਸ਼ ਦੀ 'ਤੂੰ'

## ਪੁਸਤਕ ਚਰਚਾ

ਅੱਖੜ ਲੋਕ ਤਾਂ ਕਿਤਾਬਾਂ ਨਾ ਪੜ੍ਹਦੇ, ਕਵਿਤਾ ਉਨ੍ਹਾਂ ਕੀ ਪੜ੍ਹਨੀ ਹੈ; ਕਿਉਂਕਿ ਕਵਿਤਾ ਲਿਖਣਾ, ਪੜ੍ਹਨਾ ਅਤੇ ਸੁਣਨਾ ਨਰਮ ਦਿਲ ਲੋਕਾਂ ਦਾ ਖੇਤਰ ਹੈ। 'ਖਾਊਂ-ਵਢੂੰ' ਕਰਨ ਵਾਲੇ ਬੰਦੇ ਜੇ ਕਿਤੇ ਇਹ ਆਦਤ ਪਾ ਲੈਣ ਤਾਂ ਸ਼ਾਇਦ ਕਈਆਂ ਦੀਆਂ ਪਤਨੀਆਂ ਅਤੇ ਬਹੁਤਿਆਂ ਦੀ ਔਲਾਦ ਨੂੰ ਸਕੂਨ ਮਿਲ ਜਾਵੇ। ਜਦੋਂ ਦੀਆਂ ਕਿਤਾਬਾਂ ਪਬਲਿਸ਼ਰ ਪੈਸੇ ਲੈ ਕੇ ਛਾਪਣ ਲੱਗੇ ਨੇ, ਲਿਖਣ ਦਾ ਪੱਧਰ ਹੇਠਾਂ ਵੱਲ ਜਾਣਾ ਗੈਰ ਸੁਭਾਵਿਕ ਨਹੀਂ ਹੈ ਪਰ ਸ਼ਾਇਰੀ ਦੇ ਵੱਖ ਵੱਖ ਰੰਗਾਂ ਦੀ ਬਲਕਾਰ ਦਾਨਿਸ਼ ਵੱਲੋਂ ਹਾਲ ਹੀ 'ਚ ਪੇਸ਼ ਪੁਸਤਕ ਪੰਜਾਬੀ ਸ਼ਾਇਰੀ ਦੇ ਖੇਤਰ ਵਿਚ ਅਜਿਹੀ ਤਸਵੀਰ ਹੈ ਜਿਸ ਨੂੰ ਵਾਰ ਵਾਰ ਘੁਮਾ ਦੇ ਦੇਖਣ ਨਾਲ ਵੀ ਜੀਅ ਨਹੀਂ ਭਰਦਾ। ਜੇ ਪੱਖਪਾਤੀ ਗੱਲ ਨਾ ਮੰਨੋ ਤਾਂ ਦਾਨਿਸ਼ ਦੀ ਇਹ ਪੁਸਤਕ ਉਹਨੂੰ ਸਿੱਧਿਆਂ ਫਾਈਨਲ ਵਿਚ ਮਰਹੂਮ ਡਾ. ਜਗਤਾਰ, ਸੁਰਜੀਤ ਪਾਤਰ, ਸੋਹਣ ਸਿੰਘ ਮੀਸ਼ਾ ਅਤੇ ਅਜਾਇਬ ਚਿਤਰਕਾਰ ਹੋਰਾਂ ਦੇ ਵਿਹੜੇ ਵਿਚ ਲੈ ਵੜਦੀ ਹੈ। ਪ੍ਰਿਜ਼ਮ ਵਾਂਗ ਪਹਿਲਾ ਰੰਗ ਵੇਖੋ:

**ਪੁਸਤਕ:ਤੂੰ**
**ਸ਼ਾਇਰ:ਬਲਕਾਰ ਦਾਨਿਸ਼**
**ਪਬਲਿਸ਼ਰ:ਸੰਗਮ ਪਬਲੀਕੇਸ਼ਨ, ਸਮਾਣਾ**
**ਮੁੱਲ:125 ਰੁਪਏ**

ਦੁਨਿਆਵੀ ਕੈਦ ਤੋਂ
ਰਿਹਾ ਹੋਣਾ ਬਾਕੀ ਹੈ ਅਜੇ
ਆਦਮੀ ਤੋਂ ਖ਼ੁਦਾ ਹੋਣਾ
ਬਾਕੀ ਹੈ ਅਜੇ।
ਬੰਦਾ ਬੇਸ਼ਕ ਭਾਵੇਂ ਚੰਦ ਉਪਰ
ਪਹੁੰਚ ਗਿਆ ਹੈ ਪਰ
ਖ਼ੁਦਗਰਜ਼ੀਆਂ ਤੋਂ
ਉਤਾਂਹ ਹੋਣਾ ਬਾਕੀ ਹੈ ਅਜੇ।

ਪਿਆਰ ਦੀਆਂ ਗੱਲਾਂ ਕਰਨ ਦਾ ਬਹੁਤ ਨਾਂ ਹੀ ਭਾਵੇਂ ਗ਼ਜ਼ਲ ਮੰਨਿਆ ਜਾਂਦਾ ਹੈ ਪਰ ਦੁਨਿਆਵੀ ਘਟਨਾਵਾਂ ਤੇ ਮਨੁੱਖ ਨੂੰ ਮਨੁੱਖਤਾ ਤੋਂ ਹੇਠਾਂ ਗਿਰ ਜਾਣ ਤੇ ਇਖਲਾਕ ਗਰਕ ਜਾਣ ਦੀ ਗੱਲ ਵੀ ਸਾਡੀ ਅੱਜ ਦੀ ਗ਼ਜ਼ਲ ਵਿਚ ਹੋਣ ਲੱਗ ਪਈ ਹੈ। ਕਵਿਤਾ ਜਦੋਂ ਦੀ ਸਾਹਿਤ ਦੇ ਡਾਕਟਰਾਂ ਹੱਥ ਚਲੇ ਗਈ ਹੈ, ਇਹਦੇ 'ਚੋਂ ਸਿੱਕ, ਤੜਪ ਤੇ ਨਿਰਾ ਵਿਛੋੜੇ ਦਾ ਰੰਡੀ-ਰੋਣਾ ਕਾਫੀ ਘੱਟ ਗਿਆ ਹੈ। ਪਿਆਰ ਦੀ ਇਬਾਰਤ ਬਾਰੇ ਬਲਕਾਰ ਦੀ ਗ਼ਜ਼ਲ ਦੀਆਂ ਸਤਰਾਂ ਕਿਆ ਖ਼ੂਬ ਹਨ:

ਜਿਸ ਦਿਨ ਦਾ ਉਹ ਮੈਥੋਂ ਜੁਦਾ ਹੋ ਗਿਆ ਹੈ,
ਸੁਣਿਐ ਉਹ ਕਿਸੇ ਦਾ ਖ਼ੁਦਾ ਹੋ ਗਿਆ ਹੈ।
ਜਿਵੇਂ ਜ਼ਹਿਰ ਕਿਸੇ ਲਈ ਅੰਮ੍ਰਿਤ ਹੋ ਜਾਵੇ,
ਇਵੇਂ ਦਰਦ ਤੇਰਾ ਵਧ ਕੇ ਦਵਾ ਹੋ ਗਿਆ ਹੈ।

ਤੇ

ਮੈਂ ਅੱਖਰ ਦਾ ਜਾਦੂਗਰ ਹਾਂ
ਮੇਰੇ ਤੋਂ ਫਾਸਲਾ ਰੱਖ,
ਫੁੱਲਾਂ ਜਿਹੀ ਤੇਰੀ ਸੋਚ ਨੂੰ
ਤਲਵਾਰ ਕਰ ਨਾ ਜਾਵਾਂ।
ਹਰ ਵਾਅਦਾ ਤੇਰਾ
ਵਕਤ ਪਾ ਕੇ ਲਾਰਾ ਨਿਕਲਿਆ,
ਇਸ ਵਾਰ ਵੀ ਤੇਰੇ ਲਾਰੇ ਦਾ
ਇਤਬਾਰ ਨਾ ਕਰਨ ਜਾਵਾਂ।




ਟਾਈਪ ਰਾਈਟਰ ਦੀ ਖੋਜ ਸ਼ਾਇਦ ਇਸ ਕਰਕੇ ਕੀਤੀ ਗਈ ਹੋਵੇ ਕਿ ਮਨੁੱਖ ਦੋਵਾਂ ਹੱਥਾਂ ਨਾਲ ਲਿਖਣ ਲੱਗ ਪਵੇ, ਪਰ ਹੱਥ ਭਾਵੇਂ ਦੋਵੇਂ ਹੋਣ ਪਰ ਜੇ ਦਿਲ ਅਤੇ ਦਿਮਾਗ ਵਿਚ ਸਾਂਝ ਨਾ ਬਣੇ ਤਾਂ ਕਵਿਤਾ ਉਦਾਸ ਹੋ ਕੇ ਗੋਡਿਆਂ 'ਚ ਮੂੰਹ ਦੇ ਲੈਂਦੀ ਹੈ। ਅੰਦਾਜ਼ ਅਤੇ ਖਿਆਲ ਦਾ ਸੰਤੁਲਨ ਵੀ ਨਾਲੋ ਨਾਲ ਬਣਾਈ ਰੱਖਣਾ ਹੁੰਦਾ ਹੈ। ਦੇਖੋ ਸੁਰਾਂ ਹੇਠ ਆਏ ਇਹ ਸ਼ਬਦ ਅਨੰਦ ਦਿੰਦੇ ਨੇ ਕਿ ਨਹੀਂ,

ਮਾਰੀ ਕਿਸੇ ਨੇ ਵੱਜੀ ਕਿਸੇ ਦੇ,
ਮੈਂ ਖੌਰੇ ਕਿਉਂ ਚੌਂਕਦਾ ਰਹਿੰਦਾ।
ਖ਼ੁਦ ਨੂੰ ਅੱਜ ਤੱਕ ਮਿਲ ਨਾ ਸਕਿਆ,
ਤੇਰੇ ਤੀਕਰ ਪਹੁੰਚਦਾ ਰਹਿੰਦਾ।
ਮੈਂ ਤੇਰਾ ਤੂੰ ਮੇਰਾ ਕਿਉਂ ਨਹੀਂ,
ਹਰ ਪਲ ਇਹੋ ਸੋਚਦਾ ਰਹਿੰਦਾ।

ਸ਼ਾਇਰ ਸੁਰ 'ਚ ਬੱਝੀ ਹੋਈ ਸ਼ੈਲੀ ਦਾ ਨਾਂ ਹੈ। ਮੈਂ ਸ਼ਾਇਦ ਪਹਿਲੀ ਵਾਰ ਨਿੱਕੀਆਂ ਨਿੱਕੀਆਂ ਗੱਲਾਂ ਨੂੰ ਸੁਰਾਂ ਹੇਠ ਗਾਉਂਦਿਆਂ ਅਤੇ ਬੋਲਦਿਆਂ ਦੇਖਿਆ ਹੈ। ਦਾਨਿਸ਼ ਨੇ ਇਕ ਤਰ੍ਹਾਂ ਨਾਲ ਪੰਜਾਬੀ ਕਾਵਿ ਜਗਤ ਨੂੰ ਇਕ ਨਵਾਂ ਕਾਵਿ ਰੂਪ ਦਿੱਤਾ ਹੈ,

ਮੈਨੂੰ ਤੇਰੇ ਤੋਂ ਪਹਿਲਾਂ ਕੋਈ ਨਹੀਂ
ਤੈਨੂੰ ਮੇਰੇ ਬਿਨ ਸਭ ਜ਼ਰੂਰੀ

'ਤਿੰਨ ਭਰਾ' ਦੇ ਸਿਰਲੇਖ ਹੇਠ:

ਇਕ ਕਹੇ ਮੈਂ ਸਭ ਤੋਂ ਸਿਆਣਾ
ਕਹੇ ਦੂਜਾ ਕਿਸੇ ਨੂੰ ਕੀ ਜਾਣਾ
ਤੀਜਾ ਕਹੇ ਸਭ ਕਮਲਾ ਲਾਣਾ

ਤੇ 'ਘਟਨਾ' ਵਿਚ

ਮੁਲਾਕਾਤ ਸਮੇਂ ਮੈਂ 'ਮੈਂ' ਸਾਂ ਉਹ 'ਉਹ' ਸੀ
ਵਿਛੜਨ ਸਮੇਂ ਉਹ 'ਮੈਂ' ਸਾਂ ਮੈਂ 'ਉਹ' ਸੀ।

ਕਾਵਿ ਜਗਤ ਦੀਆਂ ਸਾਰੀਆਂ ਤਾਰਾਂ ਨਾਲ ਸੁਰਾਂ ਦੀ ਛੋਹ ਨਾਲ ਉਹਨੇ ਸਫ਼ਲ ਛੇੜਖ਼ਾਨੀ ਕੀਤੀ ਹੈ। ਗੀਤਾਂ ਵਿਚ:

ਜਾਹ ਬੱਦਲਾ ਮੀਂਹ ਬਰਸਾ ਨਾਹੀਂ
ਅਸੀਂ ਸਤੇ ਹਾਂ ਹੋਰ ਸਤਾ ਨਾਹੀਂ
ਸਾਡੇ ਨੈਣੀਂ ਮੀਂਹ ਪਿਆ ਵੱਸਦਾ ਏ
ਸਾਨੂੰ ਤੇਰੇ ਮੀਂਹ ਦਾ ਚਾਅ ਨਾਹੀਂ।

ਉਹ ਸਮਰੱਥ ਸ਼ਾਇਰ ਹੈ ਅਤੇ ਮਿੱਤਰ ਗੁਰਬਖ਼ਸ਼ ਹੋਰਾਂ ਦੀ ਦੇਖ ਰੇਖ ਵਿਚ ਬੁੱਢੀ ਮਾਈ ਦੀ ਪੀਂਘ ਵੀ ਪੈਣ ਵਾਲੀ ਹੈ। ਨਿਊ ਯਾਰਕ ਵੱਸਦੇ ਇਸ ਸ਼ਾਇਰ ਗਾਇਕ ਦੀਆਂ ਕਿਤਾਬ ਵਿਚਲੀਆਂ ਸੱਠ ਸ਼ਬਦੀ ਧੁਨਾਂ ਨਾਲ ਹੱਥੋਪਾਈ ਜ਼ਰੂਰ ਹੋ ਕੇ ਦੇਖੋ, ਫਿਰ ਤੁਹਾਨੂੰ ਲਗਾਤਾਰ ਕਿਤਾਬਾਂ ਪੜ੍ਹਨ ਤੋਂ ਰੋਕਿਆਂ ਵੀ ਰੋਕਿਆ ਨਹੀਂ ਜਾ ਸਕਦਾ।

***-ਐਸ. ਅਸ਼ੋਕ ਭੌਰਾ***

# ਸੁਨੀਲ ਦੱਤ ਦੀ ਮੰਜ਼ਿਲੇ-ਮਕਸੂਦ

ਸੁਨਹਿਰੀ ਪਰਦੇ 'ਤੇ ਆਪਣੀ ਸੰਜੀਵ ਅਦਾਕਾਰੀ ਨਾਲ ਸਾਰੇ ਰੰਗਾਂ ਨਾਲ ਜਲਵਾ ਵਿਖਾਉਣ ਵਾਲੇ ਸੁਨੀਲ ਦੱਤ ਨੇ ਆਪਣੀ ਅਸਲ ਜ਼ਿੰਦਗੀ 'ਚ ਵੀ ਸਾਰੇ ਕਿਰਦਾਰਾਂ ਨੂੰ



ਉਸੇ ਸੰਜੀਦਗੀ ਨਾਲ ਜੀਵਿਆ ਤੇ ਜਦੋਂ ਵਿਦਾਈ ਦਾ ਵੇਲਾ ਆਇਆ ਤਾਂ ਉਸੇ ਖਾਮੋਸ਼ੀ ਨਾਲ ਅਲਵਿਦਾ ਕਹਿ ਗਏ। 6 ਜੂਨ 1929 ਨੂੰ ਜੇਲਮ ਜ਼ਿਲ੍ਹੇ (ਵਰਤਮਾਨ ਪਾਕਿਸਤਾਨ) ਦੇ ਖ਼ੁਰਦ ਪਿੰਡ 'ਚ ਪੈਦਾ ਹੋਏ ਸੁਨੀਲ ਦੱਤ ਭਾਰਤ-ਪਾਕਿ ਵੰਡ ਵੇਲੇ ਇਕ ਸ਼ਰਨਾਰਥੀ ਦੇ ਰੂਪ 'ਚ ਭਾਰਤ ਆਏ। ਫਿਰ ਅੰਬਾਲਾ 'ਚ ਇਨ੍ਹਾਂ ਦੇ ਪਰਿਵਾਰ ਨੂੰ ਗੁਜ਼ਾਰੇ ਲਈ ਜ਼ਮੀਨ ਦਿੱਤੀ ਗਈ। ਗ੍ਰੈਜੂਏਸ਼ਨ ਦੀ ਡਿਗਰੀ ਲਈ ਸੁਨੀਲ ਦੱਤ ਨੇ ਮੁੰਬਈ ਦੇ ਜੈਹਿੰਦ ਕਾਲਜ 'ਚ ਦਾਖਲਾ ਲਿਆ ਤੇ ਇਸੇ ਦੌਰਾਨ ਇਕ ਬ੍ਰਿਟਿਸ਼ ਇਸ਼ਤਿਹਾਰ ਕੰਪਨੀ ਨਾਲ ਜੁੜ ਗਏ।

ਸਿੱਖਿਆ ਦੇ ਨਾਲ-ਨਾਲ ਆਮਦਨ ਦਾ ਸਾਧਨ ਮਿਲਣ ਨਾਲ ਸੁਨੀਲ ਦੱਤ ਦੀ ਫ਼ਿਲਮਾਂ 'ਚ ਕੰਮ ਕਰਨ ਦੀ ਬੜੇ ਚਿਰ ਦੀ ਇੱਛਾ ਜ਼ੋਰ ਫੜਨ ਲੱਗੀ। ਡਿਗਰੀ ਹਾਸਲ ਹੁੰਦਿਆਂ ਹੀ ਸੁਨੀਲ ਦੱਤ ਨੇ ਪਰਿਵਾਰ ਦੀ ਰਜ਼ਾ ਖ਼ਿਲਾਫ਼ ਫ਼ਿਲਮਾਂ 'ਚ ਕੰਮ ਕਰਨ ਦਾ ਫੈਸਲਾ ਕੀਤਾ। ਰਮੇਸ਼ ਸਹਿਗਲ ਵੱਲੋਂ ਨਿਰਦੇਸ਼ਿਤ ਫ਼ਿਲਮ 'ਰੇਲਵੇ ਪਲੇਟਫਾਰਮ' (1955) 'ਚ ਉਨ੍ਹਾਂ ਨੂੰ ਮੌਕਾ ਵੀ ਛੇਤੀ ਹੀ ਮਿਲ ਗਿਆ। ਫ਼ਿਲਮ 'ਚ ਨਲਿਨੀ ਜੈਵੰਤ ਨਾਇਕਾ ਸੀ। ਇਸ ਦੇ ਬਾਵਜੂਦ ਫ਼ਿਲਮ ਅਸਫਲ ਰਹੀ। ਇਸੇ ਵਰ੍ਹੇ ਸੋਹਰਾਬ ਮੋਦੀ ਦੀ ਫ਼ਿਲਮ 'ਕੁੰਦਨ' 'ਚ ਵੀ ਸੁਨੀਲ ਦੱਤ ਅਸਫਲਤਾ ਦੇ ਪ੍ਰਤੀਕ ਬਣੇ। 1956 ਦਾ ਵਰ੍ਹਾ ਸੁਨੀਲ ਦੱਤ ਲਈ ਬੇਸ਼ੁਮਾਰ ਸਫਲਤਾਵਾਂ ਤੇ ਪ੍ਰਾਪਤੀਆਂ ਦੀ ਸੌਗਾਤ ਲੈ ਕੇ ਹਾਜ਼ਰ ਹੋਇਆ।

ਬੀ.ਆਰ. ਚੋਪੜਾ ਦੀ 'ਏਕ ਹੀ ਰਾਸਤਾ' 'ਚ ਦਿੱਗਜ ਨਾਇਕਾ ਮੀਨਾ ਕੁਮਾਰੀ ਨਾਲ ਸੁਨੀਲ ਦੱਤ ਨੇ ਆਪਣੀ ਅਦਾਕਾਰੀ ਦੀ ਧਾਂਕ ਜਮਾਈ। ਨਿਰਦੇਸ਼ਨ ਦੇ ਭੀਸ਼ਮ ਪਿਤਾਮਾ ਦੇ ਰੂਪ 'ਚ ਪ੍ਰਸਿੱਧ ਮਹਿਬੂਬ ਖਾਨ ਦੀ ਚਰਚਿਤ ਸਿਤਾਰਿਆਂ ਤੇ ਉਸ ਵੇਲੇ ਦੇ ਸਿਖਰ ਦੀ ਨਾਇਕਾ ਨਰਗਿਸ ਦੀ ਪ੍ਰੇਰਨਾਮਈ ਅਦਾਕਾਰੀ ਤੇ ਸੁਨੀਲ ਦੱਤ ਦੇ ਆਕਰਸ਼ਕ ਨੌਜਵਾਨ ਕਿਰਦਾਰ ਬਿਰਜੂ ਨੇ ਫ਼ਿਲਮ 'ਮਦਰ ਇੰਡੀਆ' 'ਚ ਅਥਾਹ ਸਫਲਤਾ ਹਾਸਲ ਕੀਤੀ। 'ਮਦਰ ਇੰਡੀਆ' ਦੀ ਸ਼ੂਟਿੰਗ ਦੌਰਾਨ ਅੱਗ ਦੇ ਦ੍ਰਿਸ਼ 'ਚ ਨਰਗਿਸ ਘਿਰ ਜਾਂਦੀ ਹੈ ਤੇ ਸੁਨੀਲ ਦੱਤ ਜਾਨ ਦੀ ਪ੍ਰਵਾਹ ਕੀਤੇ ਬਿਨਾਂ ਅੱਗ 'ਚੋਂ ਨਰਗਿਸ ਨੂੰ ਕੱਢਦੇ ਹਨ।

ਇਸ ਘਟਨਾ ਨੇ ਸੁਨੀਲ-ਨਰਗਿਸ ਦੀਆਂ ਨਜ਼ਦੀਕੀਆਂ ਵਧਾ ਦਿੱਤੀਆਂ ਤੇ ਨਤੀਜਾ ਵੀ ਛੇਤੀ ਹੀ ਸਾਹਮਣੇ ਆਇਆ, ਜਦੋਂ ਫ਼ਿਲਮ ਤੋਂ ਬਾਅਦ ਦੋਹਾਂ ਨੇ ਵਿਆਹ ਕਰ ਲਿਆ। 'ਮਦਰ ਇੰਡੀਆ' ਦੀ ਸਫਲਤਾ ਨੇ ਸੁਨੀਲ ਦੱਤ ਨੂੰ ਸਿਖਰਾਂ ਦੇ ਨਾਇਕਾਂ ਦੀ ਕਤਾਰ 'ਚ ਲਿਆ ਖੜ੍ਹਾ ਕੀਤਾ। ਇਸ ਕਾਲ 'ਚ ਦਲੀਪ ਕੁਮਾਰ, ਰਾਜ ਕਪੂਰ ਤੇ ਦੇਵ ਆਨੰਦ ਆਪਣੀ ਅਦਾਕਾਰੀ ਲਈ ਕਾਫੀ ਚਰਚਿਤ ਸਨ। ਇਨ੍ਹਾਂ ਵਿਚਾਲੇ ਸੁਨੀਲ ਦੱਤ ਨੇ ਆਪਣੀ ਵੱਖਰੀ ਪਛਾਣ ਬਣਾਈ। ਸੁਨੀਲ ਦੱਤ ਦੀਆਂ ਇਕ ਤੋਂ ਬਾਅਦ ਇਕ ਸਫਲ ਫ਼ਿਲਮਾਂ ਜਿਵੇਂ 'ਸਾਧਨਾ', 'ਸੁਜਾਤਾ', 'ਮੈਂ ਚੁੱਪ ਰਹੂੰਗੀ', 'ਮੁਝੇ ਜੀਨੇ ਦੋ', 'ਵਕਤ', 'ਮੇਰਾ ਸਾਇਆ', 'ਹਮਰਾਜ', 'ਮਿਲਨ' ਤੇ 'ਪੜੋਸਨ' (1968) ਨੇ ਸੁਨੀਲ ਦੱਤ ਨੂੰ ਲੋਕਪ੍ਰਿਅਤਾ ਦੀਆਂ ਸਿਖਰਾਂ 'ਤੇ ਪਹੁੰਚਾ ਦਿੱਤਾ।

ਇਸੇ ਦੌਰਾਨ ਭਾਰਤ ਸਰਕਾਰ ਨੇ ਉਨ੍ਹਾਂ ਨੂੰ ਪਦਮਸ਼੍ਰੀ ਨਾਲ ਸਨਮਾਨਤ ਕੀਤਾ। 'ਪੜੋਸਨ' 'ਚ ਸੁਨੀਲ ਦੱਤ ਨੇ 'ਭੋਲੇ' ਦਾ ਮਾਸੂਮ ਕਿਰਦਾਰ ਨਿਭਾ ਕੇ ਹਰ ਪਾਸਿਓਂ ਵਾਹ-ਵਾਹ ਖੱਟੀ। ਵਧਦੀ ਉਮਰ ਦਾ ਲੱਛਣ ਸੁਨੀਲ ਦੱਤ ਦੇ ਚਿਹਰੇ 'ਤੇ ਸਾਫ ਨਜ਼ਰ ਆਉਣ ਲੱਗਾ ਸੀ, ਇਸ ਦੇ ਬਾਵਜੂਦ 'ਜ਼ਖਮੀ', 'ਨਾਗਿਨ' ਤੇ 'ਜਾਨੀ ਦੁਸ਼ਮਨ' (1979) 'ਚ ਸੁਨੀਲ ਦੱਤ ਦੇ ਕਿਰਦਾਰਾਂ ਨੂੰ ਸਰਾਹਿਆ ਗਿਆ। ਕੈਂਸਰ ਦੀ ਭਿਆਨਕ ਬੀਮਾਰੀ ਨਾਲ ਜੂਝਦੇ 3 ਮਈ 1981 ਨੂੰ ਉਨ੍ਹਾਂ ਦੀ ਪਤਨੀ ਨਰਗਿਸ ਦੀ ਮੌਤ ਹੋ ਗਈ। ਸੁਨੀਲ ਦੱਤ ਪੂਰੀ ਤਰ੍ਹਾਂ ਟੁੱਟ ਚੁੱਕੇ ਸਨ। ਇਹ ਸਦਮਾ ਪ੍ਰੇਰਨਾ ਬਣ ਕੇ ਉਭਰਿਆ। 1983 'ਚ ਸੁਨੀਲ ਨੇ ਕੈਂਸਰ ਆਧਾਰਤ ਫ਼ਿਲਮ 'ਦਰਦ ਕਾ ਰਿਸ਼ਤਾ' ਬਣਾਈ ਜਿਸ 'ਚ ਉਨ੍ਹਾਂ ਨੇ ਡਾਕਟਰ ਦਾ ਯਾਦਗਾਰ ਕਿਰਦਾਰ ਨਿਭਾਇਆ। ਫ਼ਿਲਮ ਬੇਹੱਦ ਸਫਲ ਰਹੀ ਤੇ ਫ਼ਿਲਮ ਦੀ ਸਾਰੀ ਆਮਦਨ ਸੁਨੀਲ ਦੱਤ ਨੇ ਕੈਂਸਰ ਫਾਊਂਡੇਸ਼ਨ ਲਈ ਦਾਨ ਕਰ ਦਿੱਤੀ।

'ਰੌਕੀ' ਫ਼ਿਲਮ ਨਾਲ ਸੁਨੀਲ ਦੱਤ ਨੇ ਆਪਣੇ ਬੇਟੇ ਸੰਜੇ ਦੱਤ ਨੂੰ ਅਦਾਕਾਰੀ ਦੇ ਮੈਦਾਨ 'ਚ ਉਤਾਰਿਆ ਤੇ ਫਿਰ 'ਨਾਮ' 'ਚ ਸਰਵੋਤਮ ਅਦਾਕਾਰੀ ਦੇ ਦਮ 'ਤੇ ਸੰਜੇ ਦੱਤ ਮੋਹਰੀ ਨਾਇਕਾਂ ਦੀ ਕਤਾਰ 'ਚ ਸ਼ਾਮਲ ਹੋ ਗਿਆ। 1984 'ਚ ਸੁਨੀਲ ਦੱਤ ਰਾਜਨੀਤੀ ਦੇ ਖੇਤਰ 'ਚ ਉਤਰੇ ਤੇ ਸੰਸਦ ਮੈਂਬਰ ਚੁਣੇ ਗਏ ਤੇ ਲੋਕ ਸੇਵਾ 'ਚ ਜੁੱਟ ਕੇ ਕਈ ਪੈਦਲ ਯਾਤਰਾਵਾਂ ਕੀਤੀਆਂ, ਧਨ ਇਕੱਠਾ ਕੀਤਾ, ਕੈਂਸਰ ਹਸਪਤਾਲ ਲਈ ਵਿਦੇਸ਼ਾਂ ਤੋਂ ਮਹਿੰਗੀਆਂ ਮਸ਼ੀਨਾਂ ਮੰਗਵਾਈਆਂ, ਗਰੀਬ ਤੇ ਬੇਸਹਾਰਿਆਂ ਦੇ ਦਰਦ ਨੂੰ ਆਪਣਾ ਦਰਦ ਸਮਝਿਆ।


ਤਕਰੀਬਨ 100 ਫ਼ਿਲਮਾਂ 'ਚ ਆਪਣੀ ਅਦਾਕਾਰੀ ਨਾਲ ਜਾਨ ਫੂਕਣ ਵਾਲੇ ਸੁਨੀਲ ਦੱਤ ਨੇ ਆਪਣੀ ਹਮਸਫਰ ਨਰਗਿਸ ਤੋਂ ਇਲਾਵਾ ਮੀਨਾ ਕੁਮਾਰੀ, ਸਾਧਨਾ, ਵਹੀਦਾ



*ਸੁਨੀਲ ਦੱਤ ਆਪਣੇ ਪੁੱਤਰ ਸੰਜੇ ਦੱਤ ਨਾਲ।*

ਰਹਿਮਾਨ, ਨੂਤਨ, ਰੇਖਾ, ਮਧੂਬਾਲਾ, ਆਸ਼ਾ ਪਾਰੇਖ, ਵੈਜੰਤੀ ਮਾਲਾ, ਹੇਮਾ ਮਾਲਿਨੀ, ਰਾਖੀ, ਸਮਿਤਾ ਪਾਟਿਲ ਵਰਗੀਆਂ ਦਿੱਗਜ ਨਾਇਕਾਵਾਂ ਨਾਲ ਫ਼ਿਲਮਾਂ ਕੀਤੀਆਂ। ਸੁਨੀਲ ਦੱਤ ਨੇ ਆਪਣੇ ਬੇਟੇ ਸੰਜੇ ਦੱਤ ਦੀ ਫ਼ਿਲਮ 'ਮੁੰਨਾ ਭਾਈ ਐਮ.ਬੀ.ਬੀ.ਐਸ.' (2004) 'ਚ ਮਹਿਮਾਨ ਭੂਮਿਕਾ ਸਵੀਕਾਰ ਕੀਤੀ ਜੋ ਉਨ੍ਹਾਂ ਦੀ ਆਖਰੀ ਫ਼ਿਲਮ ਸਿੱਧ ਹੋਈ।

# ਸੋਨਮ ਨੇ ਸਫ਼ਲਤਾ ਦਾ ਰਾਜ਼ ਜਾਣਿਆ



ਸ਼ਾਹਿਦ ਦੇ ਨਾਲ 'ਮੌਸਮ' 'ਚ ਕੰਮ ਕਰਨ ਵਾਲੀ ਸੋਨਮ ਨੂੰ ਫ਼ਿਲਮ ਨਗਰੀ ਦੀ ਨਵੀਂ 'ਸਟਾਇਲਿਸ਼ ਆਈਕਾਨ' ਦਾ ਦਰਜਾ ਮਿਲ ਚੁੱਕਾ ਹੈ। ਕਾਲੇ ਤੇ ਚਿੱਟੇ ਰੰਗ ਦੇ ਗਾਊਨ 'ਚ ਅਕਸਰ ਉਹ ਘਰ 'ਚ ਦਿਖਾਈ ਦੇਵੇਗੀ ਤੇ ਗਲਤ ਰੂਪ ਸੱਜਾ ਕਰਕੇ ਵੀ ਦਰਸ਼ਕ ਦਿਲਾਂ 'ਤੇ ਜਾਦੂ ਉਹ ਕਰ ਹੀ ਦਿੰਦੀ ਹੈ। ਬਰੈਸਲਟ ਪਹਿਨ ਕੇ ਪਾਰਟੀਆਂ 'ਚ ਜਾਣ ਵਾਲੀ ਸੋਨਮ ਕਪੂਰ ਨੂੰ 'ਆਈ ਹੇਟ ਲਵ ਸਟੋਰੀਜ਼' ਨੇ ਸਫ਼ਲਤਾ ਦੇ ਦਰਸ਼ਨ ਕਰਵਾਏ।

ਪੁਨੀਤ ਮਲਹੋਤਰਾ ਜਿਹੇ ਨਿਰਦੇਸ਼ਕ ਸੋਨਮ ਨੂੰ ਹਾਲੀਵੁੱਡ ਦੀ ਕਿਸੇ ਸਟਾਰ ਨਾਇਕਾ ਤੋਂ ਘੱਟ ਨਹੀਂ ਸਮਝਦੇ। ਕੰਨਾਂ 'ਚ ਲੰਮੇ ਵਾਲੇ, ਉਚੀ ਅੱਡੀ ਵਾਲੇ ਸੈਂਡਲ, ਕਾਲੀਆਂ ਐਨਕਾਂ ਤੇ ਲਾਲ ਲਿਪਸਟਿਕ ਸੋਨਮ ਦਾ ਨਵਾਂ ਫੈਸ਼ਨ ਅੰਦਾਜ਼ ਹੈ। ਅਨਿਲ ਕਪੂਰ ਪਿਛਲੇ ਦਿਨੀਂ ਪ੍ਰੇਸ਼ਾਨ ਸੀ ਕਿ ਬੇਟੀ ਸੋਨਮ ਦਾ ਕੈਰੀਅਰ ਖਤਰੇ 'ਚ ਹੈ। ਅਨਿਲ ਦੇ ਕਾਰਨ ਹੀ ਅਜੇ ਦੇਵਗਨ ਨੇ ਅਸ਼ਵਨੀ ਧੀਰ ਦੀ ਨਵੀਂ ਫ਼ਿਲਮ 'ਚ ਸੋਨਮ ਨੂੰ ਆਪਣੇ ਨਾਲ ਲਿਆ ਹੈ। ਇਹ ਕਾਤਲ ਹਸੀਨਾ ਜਾਣ ਚੁੱਕੀ ਹੈ ਕਿ ਸਫ਼ਲਤਾ 'ਆਈਸ਼ਾ' 'ਚ ਖੁੱਲ੍ਹੇ-ਡੁੱਲ੍ਹੇ ਦ੍ਰਿਸ਼ ਦੇ ਕੇ ਹੀ ਨਹੀਂ ਮਿਲਦੀ, ਇਸ ਲਈ 'ਮੌਸਮ' 'ਚ ਉਸ ਨੇ ਵੱਖਰਾ ਤਰੀਕਾ ਅਪਨਾਇਆ ਹੈ। ਸੋਨਮ ਦੀ ਮੀਡੀਆ 'ਚ ਤਕੜੀ ਪਹੁੰਚ ਉਸ ਨੂੰ ਮੁੱਖ ਪੰਨਿਆਂ 'ਤੇ ਰੱਖਦੀ ਹੈ। ਫਿਰ ਪੁੱਛੋ ਤਾਂ ਖ਼ਬਰਾਂ 'ਚ ਰਹਿਣਾ ਸੋਨਮ ਨੂੰ ਆਉਂਦਾ ਹੈ। ਪਿਛਲੇ ਸਾਲ ਦੇ ਅਸਫ਼ਲ ਦੌਰ ਨੂੰ ਇਸ ਸਾਲ ਉਹ ਸਫ਼ਲ ਦੌਰ 'ਚ ਬਦਲ ਰਹੀ ਹੈ। 'ਥੈਂਕਯੂ' ਜਿਹੀਆਂ ਫ਼ਿਲਮਾਂ ਹੁਣ ਉਹ ਨਹੀਂ ਕਰੇਗੀ। ਸੋਨਮ ਤਾਂ 'ਪਲੇਅਰਜ਼' ਤੇ 'ਮੌਸਮ' ਵਰਗੀਆਂ ਫ਼ਿਲਮਾਂ ਹੀ ਕਰੇਗੀ।

# ਬਿਪਾਸ਼ਾ ਦੀ ਹਾਲੀਵੁੱਡ ਵੱਲ ਦੌੜ



ਹਾਲੀਵੁੱਡ ਦੀ ਫ਼ਿਲਮ 'ਸਿੰਗਲੈਰਿਟੀ' 'ਚ ਬਿਪਾਸ਼ਾ ਬਸੂ ਮਸ਼ਰੂਫ ਹੈ। ਰੋਲੇਂਡ ਜਦ ਇੰਡੀਆ ਆਇਆ ਤਾਂ ਇਕ ਦੋਸਤ ਨੇ ਉਸ ਨੂੰ ਬਿਪਾਸ਼ਾ ਨਾਲ ਮਿਲਾ ਦਿੱਤਾ। ਬਿਪਾਸ਼ਾ ਦੇ ਕਲਿੱਪ ਦੇਖ ਕੇ ਤੁਰੰਤ ਇਸ ਹਾਲੀਵੁੱਡ ਫ਼ਿਲਮਸਾਜ਼ ਨੇ ਉਸ ਨੂੰ 'ਸਿੰਗਲੈਰਿਟੀ' ਦੀ ਨਾਇਕਾ ਲੈ ਲਿਆ ਹੈ ਤੇ ਉਹ ਸੱਤਵੇਂ ਅਕਾਸ਼ 'ਤੇ ਉਡਣ ਲੱਗੀ। ਬਿਪਾਸ਼ਾ ਇਸ ਫ਼ਿਲਮ 'ਚ ਮਰਾਠਣ ਬਹਾਦਰ ਨਾਰੀ ਦੀ ਭੂਮਿਕਾ 'ਚ ਹੈ ਜੋ ਅਚਾਨਕ ਦੁਸ਼ਮਣ ਅੰਗਰੇਜ਼ ਨਾਲ ਮੁਹੱਬਤ ਕਰ ਬੈਠਦੀ ਹੈ।

ਹੁਣੇ ਜਿਹੇ ਅਸਫ਼ਲ ਨਾਇਕਾ ਦਾ ਠੱਪਾ ਉਸ 'ਤੇ ਲੱਗਿਆ ਕਿਉਂਕਿ 'ਲਮਹੇ' ਨਹੀਂ ਚੱਲੀ ਤੇ ਬਿਪਾਸ਼ਾ ਨੇ ਦੋਸ਼ ਆਪਣੀ ਗਲਤ ਫ਼ਿਲਮੀ ਚੋਣ ਸਿਰ ਮੜ੍ਹਿਆ। ਇਸ ਵੇਲੇ ਉਸ ਕੋਲ 'ਪਲੇਅਰਜ਼' ਤੇ 'ਸਿੰਗਲੈਰਿਟੀ' ਦੋ ਹਾਲੀਵੁੱਡ ਫ਼ਿਲਮਾਂ ਹਨ। ਅੱਜਕਲ੍ਹ ਉਹ ਜਾਨ ਅਬਰਾਹਮ ਨੂੰ ਛੱਡ ਕੇ ਰਾਣਾ ਡੱਗੂ ਬਾਤੀ ਦੇ ਨਜ਼ਦੀਕ ਹੈ। ਇਹ ਨਜ਼ਦੀਕੀ 'ਦਮ ਮਾਰੋ ਦਮ' ਤੋਂ ਵਧੀ ਸੀ। ਬਿਪਾਸ਼ਾ ਦਾ ਕਹਿਣਾ ਹੈ ਕਿ 'ਸਿੰਗਲੈਰਿਟੀ' 'ਚ ਹੱਦੋਂ ਵੱਧ ਕਾਮੁਕਤਾ ਉਸ ਨੂੰ ਬੁਰੀ ਨਹੀਂ ਲੱਗੇਗੀ ਕਿਉਂਕਿ ਫ਼ਿਲਮ ਦਾ ਮੁਢਲਾ ਵਿਸ਼ਾ ਹੀ ਅਜਿਹਾ ਹੈ। ਜਾਨ ਅਬਰਾਹਮ ਨੂੰ ਛੱਡ ਕੇ ਮਿਸ ਬਸੂ ਹੁਣ ਆਪਣੀ ਲੁੱਕ ਵੱਲ ਜ਼ਿਆਦਾ ਧਿਆਨ ਦੇ ਰਹੀ ਹੈ। ਬਿਪਾਸ਼ਾ ਦੀ ਰੀਝ ਹੈ ਕਿ ਲੋਕ ਉਸ ਨੂੰ ਅੱਤ ਦੀ ਕਾਮੁਕ ਨਾਇਕਾ ਕਹਿਣ।

# ਫਿਲਮ ਜਗਤ ਦੀ ਮਾਂ ਕਿਰਨ ਖੇਰ

ਕਈ ਫ਼ਿਲਮਾਂ ਵਿਚ ਮਾਂ ਦੀ ਭੂਮਿਕਾ ਨਿਭਾਉਣ ਵਾਲੀ ਕਿਰਨ ਖੇਰ ਨੇ ਹੁਣੇ ਜਿਹੇ ਰਿਲੀਜ਼ ਹੋਈ ਫ਼ਿਲਮ 'ਮੰਮੀ ਪੰਜਾਬੀ' ਵਿਚ ਨਾ ਸਿਰਫ ਮਾਂ ਦੀ ਭੂਮਿਕਾ ਨਿਭਾਈ ਹੈ, ਸਗੋਂ ਨਾਲ ਹੀ ਮੁੱਖ ਭੂਮਿਕਾ ਨੂੰ ਵੀ ਅੰਜਾਮ ਦਿੱਤਾ ਹੈ। ਇਸ ਫ਼ਿਲਮ ਨੂੰ ਕਰਨ ਬਾਰੇ ਕਿਰਨ ਖੇਰ ਦਾ ਕਹਿਣਾ ਹੈ ਕਿ ਇਸ ਦੀ ਨਿਰਦੇਸ਼ਕਾ ਪੰਮੀ ਸੋਮਲ ਉਨ੍ਹਾਂ ਦੀ ਪੁਰਾਣੀ ਮਿੱਤਰ ਹੈ। ਇਸ ਫ਼ਿਲਮ ਦੀ ਸ਼ੂਟਿੰਗ ਚੰਡੀਗੜ੍ਹ ਵਿਚ ਕੀਤੀ ਜਾਣੀ ਸੀ ਕਿਉਂਕਿ ਕਿਰਨ ਦਾ ਸਬੰਧ ਵੀ ਚੰਡੀਗੜ੍ਹ ਨਾਲ ਹੈ। ਇਸ ਲਈ ਆਪਣੇ ਇਸ ਚਹੇਤੇ ਸ਼ਹਿਰ ਵਿਚ ਕੁਝ ਦਿਨ ਬਿਤਾਉਣ ਦੇ ਇਰਾਦੇ ਨਾਲ ਵੀ ਕਿਰਨ ਨੇ ਇਸ ਫ਼ਿਲਮ ਲਈ ਹਾਂ ਕਹਿ ਦਿੱਤੀ ਸੀ।



'ਮੰਮੀ ਪੰਜਾਬੀ' ਵਿਚ ਕਿਰਨ ਨੇ ਮਾਂ ਦੀ ਜੋ ਭੂਮਿਕਾ ਨਿਭਾਈ ਹੈ, ਉਹ ਆਮ ਫ਼ਿਲਮੀ ਮਾਂ ਦੀ ਭੂਮਿਕਾ ਤੋਂ ਹਟ ਕੇ ਹੈ। ਕਿਰਨ ਮੁਤਾਬਕ ਜੇਕਰ ਪੰਮੀ ਨੇ ਉਸ ਨੂੰ ਰੋਣ-ਧੋਣ ਵਾਲੀ ਤੇ ਬੇਟੇ ਦੇ ਲਈ ਖੀਰ ਜਾਂ ਗਾਜਰ ਦਾ ਹਲਵਾ ਬਣਾਉਣ ਵਾਲੀ ਮਾਂ ਦੀ ਭੂਮਿਕਾ ਪੇਸ਼ਕਸ਼ ਕੀਤੀ ਹੁੰਦੀ ਤਾਂ ਉਹ ਜ਼ਰੂਰ ਇਹ ਭੂਮਿਕਾ ਨਕਾਰ ਦਿੰਦੀ।

ਕਿਰਨ ਦਾ ਕਹਿਣਾ ਹੈ ਕਿ ਫ਼ਿਲਮ 'ਰੰਗ ਦੇ ਬਸੰਤੀ' ਵਿਚ ਆਮਿਰ ਖਾਨ ਮੇਰੇ ਬੇਟੇ ਬਣੇ ਸਨ ਤੇ 'ਦੋਸਤਾਨਾ' ਵਿਚ ਅਭਿਸ਼ੇਕ ਬੱਚਨ। 'ਓਮ ਸ਼ਾਂਤੀ ਓਮ' ਵਿਚ ਸ਼ਾਹਰੁਖ ਖਾਨ ਮੇਰੇ ਬੇਟੇ ਬਣੇ ਸਨ। ਇਨ੍ਹਾਂ ਸਾਰੇ ਸਟਾਰਾਂ ਦੀ ਮਾਂ ਦੀ ਭੂਮਿਕਾ ਨਿਭਾ ਕੇ ਮੈਨੂੰ ਬਹੁਤ ਖੁਸ਼ੀ ਮਿਲੀ ਹੈ। ਫ਼ਿਲਮ 'ਕੁਰਬਾਨ' ਵਿਚ ਸੈਫ ਅਲੀ ਖਾਨ ਮੇਰਾ ਬੇਟਾ ਨਹੀਂ ਬਣਿਆ ਸੀ ਪਰ ਉਸ ਫ਼ਿਲਮ ਵਿਚ ਉਸ ਦੇ ਰੋਲ ਨੇ ਮੈਨੂੰ ਬਹੁਤ ਪ੍ਰਭਾਵਿਤ ਕੀਤਾ ਸੀ। ਕਿਰਨ ਮੁਤਾਬਿਕ ਉਹ ਅੱਗੇ ਵੀ ਮਾਂ ਦੇ ਰੋਲ ਨਿਭਾਉਂਦੀ ਰਹੇਗੀ ਪਰ ਉਹ ਇਸ ਤਰ੍ਹਾਂ ਦੀ ਮਾਂ ਨਹੀਂ ਹੋਵੇਗੀ ਜੋ ਬੇਟੇ ਨੂੰ ਪਾਲਣ ਦੀ ਖਾਤਰ ਜ਼ਮਾਨੇ ਦੇ ਅੱਤਿਆਚਾਰ ਸਹਿ ਲਵੇਗੀ। ਭਾਵ ਕਿਰਨ ਤੋਂ 'ਮਦਰ ਇੰਡੀਆ' ਵਰਗੀ ਫ਼ਿਲਮ ਦੀ ਉਮੀਦ ਕਰਨਾ ਦੂਰ ਦੀ ਗੱਲ ਹੋਵੇਗੀ।


Vista
CCTV TECHNOLOGY
A leader of worldwide CCTV surveillance
(14years old experience in cctv tech.)
2 Years Warranty
WE INSTALL ANYWHERE IN USA
DIRECT ACCESS FROM Smart Phone
Buy Online
www.eZchase.com
As Saw On the TV
Hot Offer
4 Camera Package
$949.00
INSTALLATION INCLUDED
8 Camera Package
$1749.00
12 Cameras Installation $ 2249.00
Coming Soon 3rd Generation LED
New
Call - Sukhpal@ 661-586-5080
Customer Services :- 1-800-235-1391
Email :- sales@ezchase.com


ਇੰਡੀਆ ਕਾਲ ਕਰਨ ਲਈ ਸਭ ਤੋਂ ਵਧੀਆ ਤੇ ਭਰੋਸੇਮੰਦ ਸਰਵਿਸ
www.011india.com
$25
2000
MINUTES*
* SOME RESTRICTIONS APPLY
✓ No Pin Needed
✓ No Connection Fee
✓ No Monthly Fee
USE FROM HOME OR CELL PHONE
GlobeTel Comm.
ਇਹ ਸਰਵਿਸ ਹਰ ਦੇਸ਼ ਲਈ ਵਰਤੋ।
ਪੰਜਾਬੀ, ਹਿੰਦੀ ਜਾਂ ਅੰਗਰੇਜ਼ੀ ਵਿਚ ਹੋਰ ਜਾਣਕਾਰੀ ਲਈ ਕਾਲ ਕਰੋ:
1.800.914.1013


WRONGFUL DEATH | AUTO | PEDESTRIAN | BICYCLE | DOG BITES | TRUCK ACCIDENTS
LAW OFFICES OF
MARK COHEN
ਪਿਛਲੇ 27 ਸਾਲ ਤੋਂ ਫਰੀਮਾਂਟ, ਨਿਊਆਰਕ, ਯੂਨੀਅਨ ਸਿਟੀ ਅਤੇ ਬੇ-ਏਰੀਆ ਦੀ ਸੇਵਾ ਵਿਚ
"I take your accident personally"
Free initial consultation. No fee if no recovery.
ਮੁਢਲਾ ਸਲਾਹ ਮਸ਼ਵਰਾ ਬਿਲਕੁਲ ਮੁਫਤ, ਕੋਈ ਮੁਆਵਜ਼ਾ ਨਹੀਂ ਕੋਈ ਫੀਸ ਨਹੀਂ
Please visit our web site for more information
www. markcohenlaw.com or call us at 510.792.4008
STOP
ਕਾਨੂੰਨ ਪ੍ਰਤੀ ਸਮੁਚਿਤ ਪਹੁੰਚ ਵਾਲੀ ਪਰਸਨਲ ਇੰਜਰੀ ਲਾਅ ਪ੍ਰੈਕਟਿਸ। ਪਰਸਨਲ ਇੰਜਰੀ ਲਾਅ, ਫਾਰ ਪ੍ਰਾਫਿਟ, ਨਾਨ ਪ੍ਰਾਫਿਟ ਅਤੇ ਧਾਰਮਿਕ ਕਾਰਪੋਰੇਸ਼ਨਾਂ, ਅਤੇ ਭੂਮੀ ਦੀ ਵਰਤੋਂ 'ਤੇ ਜ਼ੋਨਿੰਗ ਲਾਅ ਵਿਚ 27 ਸਾਲ ਦਾ ਤਜ਼ਰਬਾ। "ਕਿਉਂਕਿ ਕਾਨੂੰਨ ਦੇ ਇਕ ਖੇਤਰ ਬਾਰੇ ਹੀ ਜਾਣਕਾਰੀ ਕਾਫੀ ਨਹੀਂ ਹੈ।"

*ਹਿੰਦ ਵਾਸੀਓ ਰੱਖਣਾ ਯਾਦ ਸਾਨੂੰ, ਕਿਤੇ ਦਿਲਾਂ ਤੋਂ ਨਾ ਭੁਲਾ ਜਾਣਾ*

## ਇੰਡੋ-ਅਮਰੀਕਨ ਕਲਚਰਲ ਆਰਗੇਨਾਈਜੇਸ਼ਨ, ਕੈਲੀਫੋਰਨੀਆ ਵਲੋਂ ਪੇਸ਼ ਹੈ

## ਭਾਰਤੀ ਉਪ ਮਹਾਦੀਪ ਦੀ ਆਜ਼ਾਦੀ ਦੇ ਲਹੂ ਵੀਟਵੇਂ ਸੰਘਰਸ਼ ਨੂੰ ਸਮਰਪਿਤ

# ਮੇਲਾ ਗਦਰੀ ਬਾਬਿਆਂ ਦਾ

## 8 ਅਕਤੂਬਰ 2011

ਸਨਿਚਰਵਾਰ 12 ਤੋਂ 8 ਵਜੇ ਤੱਕ

ਸਥਾਨ:ਐਸ.ਈ.ਐਸ. ਹਾਲ 10428,
ਈਸਟ ਸਟਾਕਟਨ ਬੁਲੇਵਾਰਡ,
ਐਲਕਗਰੋਵ, ਸੈਕਰਾਮੈਂਟੋ।

ਪੈਰੀਂ ਬੇੜੀਆਂ ਦੁਆਲੇ ਸੰਗੀਨਾਂ ਦੀ ਛਾਂ, ਜਾ ਰਿਹਾ ਕੋਈ ਸਜ ਧਜ ਕੇ ਉਹਦੀ ਫੱਬਤ ਤਾਂ ਵੇਖ




ਲਾਲਾ ਹਰਦਿਆਲ



ਹਰਨਾਮ ਸਿੰਘ ਟੁੰਡੀਲਾਟ



ਦੁੱਲਾ ਸਿੰਘ ਜਲਾਲਦੀਵਾਲਾ



ਸੋਹਣ ਸਿੰਘ ਭਕਨਾ



ਬਾਬਾ ਰਾਮ ਸਿੰਘ

ਸਤਿਕਾਰਯੋਗ ਭੈਣੋ ਤੇ ਭਰਾਵੋ,

ਗਦਰ ਪਾਰਟੀ ਦੇ ਪਹਿਲੇ ਪ੍ਰਧਾਨ ਬਾਬਾ ਸੋਹਣ ਸਿੰਘ ਭਕਨਾ ਨੇ ਕਿਹਾ ਸੀ, ਆਜ਼ਾਦੀ ਕੇਵਲ ਸ਼ਾਂਤਮਈ ਸੰਘਰਸ਼ ਨਾਲ ਹੀ ਪ੍ਰਾਪਤ ਨਹੀਂ ਹੋਈ, ਇਸ ਵਿਚ ਗਦਰੀ ਯੋਧਿਆਂ ਦੇ ਖੂਨ ਦੀ ਲਾਲੀ ਵੀ ਡਲ੍ਹਕਾਂ ਮਾਰਦੀ ਹੈ। ਕੂਕਾ ਲਹਿਰ ਦੇ ਸ਼ਹੀਦਾਂ ਨੂੰ ਯਾਦ ਕਰਨਾ ਹਰ ਭਾਰਤੀ ਦਾ ਫਰਜ਼ ਬਣਦਾ ਹੈ। ਇਹ ਮੇਲਾ ਵਿਸ਼ੇਸ਼ ਤੌਰ 'ਤੇ ਬਾਬਾ ਦੁੱਲਾ ਸਿੰਘ ਜਲਾਲਦੀਵਾਲਾ ਤੇ ਬਾਬਾ ਹਰਨਾਮ ਸਿੰਘ ਟੁੰਡੀਲਾਟ ਨੂੰ ਸਮਰਪਿਤ ਹੈ। ਇਨ੍ਹਾਂ ਸ਼ਹੀਦਾਂ ਦੀਆਂ ਕੁਰਬਾਨੀਆਂ ਸਦਕਾ ਹੀ ਅੱਜ ਭਾਰਤੀ ਰਾਜਨੀਤਕ, ਆਰਥਕ ਤੇ ਭਾਈਚਾਰਕ ਆਜ਼ਾਦੀ ਮਾਣ ਰਹੇ ਹਨ। ਇਨ੍ਹਾਂ ਮਹਾਨ ਸ਼ਹੀਦਾਂ ਨੂੰ ਸ਼ਰਧਾ ਦੇ ਫੁੱਲ ਭੇਟ ਕਰਨ ਲਈ ਇਸ ਮੇਲੇ ਵਿਚ ਹੁਮ ਹੁਮਾ ਕੇ ਪੁਜੋ, ਭਾਈਚਾਰਕ ਜਥੇਬੰਦੀਆਂ ਨੂੰ ਇਸ ਮੇਲੇ ਵਿਚ ਸ਼ਾਮਿਲ ਹੋਣ ਦੀ ਬੇਨਤੀ ਕਰਦੇ ਹਾਂ।

### ਮੁੱਖ ਮਹਿਮਾਨ

**ਡੇਵ ਜੋਨਸ**

*(ਇੰਸ਼ੋਰੈਂਸ ਕਮਿਸ਼ਨਰ, ਕੈਲੀਫੋਰਨੀਆ)*

**ਮੁਫਤ ਖਾਣਾ, ਪਾਰਕਿੰਗ ਤੇ ਦਾਖਲਾ ਵੀ ਮੁਫਤ**

## ਮੇਲੇ ਵਿਚ ਪੁੱਜ ਰਹੇ ਕਲਾਕਾਰ


ਸੁਲਤਾਨ ਅਖਤਰ, ਬੱਬੂ ਗੁਰਪਾਲ, ਪੂਨਮ ਮਲਹੋਤਰਾ, ਜੱਗਾ ਸਿੰਘ ਕਾਫਰ, ਜੀਵਨ ਰੱਤੂ, ਪੰਮੀ ਮਾਨ, ਜੀਤਾ ਗਿੱਲ ਤੇ ਹਰਦੀਪ ਦੁਆਬੀਆ

*ਗੁਰਨਾਮ ਸਿੰਘ ਭੰਡਾਲ ਦਾ ਢਾਡੀ ਜਥਾ ਢਾਡੀ ਵਾਰਾਂ ਰਾਹੀਂ ਸੰਗਤਾਂ ਨੂੰ ਨਿਹਾਲ ਕਰੇਗਾ*



ਸਟੇਜ ਸਕੱਤਰ
ਜਸਵੰਤ ਸਿੰਘ ਸ਼ਾਦ

*ਗਦਰੀ ਸੂਰਬੀਰਾਂ ਦੀਆਂ ਤਸਵੀਰਾਂ ਤੇ ਉਨ੍ਹਾਂ ਨਾਲ ਸਬੰਧਤ ਵਸਤਾਂ ਦੀ ਵਿਸ਼ੇਸ਼ ਪ੍ਰਦਰਸ਼ਨੀ ਲਾਈ ਜਾਵੇਗੀ।*



ਮੁੱਖ ਕਲਾਕਾਰ
ਨਰਿੰਦਰ ਮਾਵੀ

**ਭੰਗੜਾ, ਗਿੱਧਾ ਤੇ ਮਲਵਈ ਗਿੱਧਾ ਵਿਸ਼ੇਸ਼ ਖਿੱਚ ਦੇ ਕੇਂਦਰ ਹੋਣਗੇ**

### ਪ੍ਰਬੰਧਕ

ਜਰਨੈਲ ਸਿੰਘ ਸਰਪੰਚ, ਸ਼ਿੰਗਾਰਾ ਸਿੰਘ ਬੋਪਾਰਾਏ, ਸਮਿੱਤਰ ਸਿੰਘ ਉਪਲ, ਗਿਆਨ ਸਿੰਘ ਬਿਲਗਾ, ਜਸਵਿੰਦਰ ਸਿੰਘ ਸੰਧੂ, ਸੁਲੱਖਣ ਸਿੰਘ ਸੰਧੂ, ਜਗਜੀਤ ਸਿੰਘ ਗਿੱਲ, ਪਰਮਜੀਤ ਸੰਧੂ ਕਬੱਡੀ ਕੋਚ, ਨਿਰਮਲਜੀਤ ਸਿੰਘ ਭੁੱਲਰ ਕਾਸਤਰੋ ਵੈਲੀ, ਕਸ਼ਮੀਰ ਸਿੰਘ ਕਾਂਗਣਾ, ਰਸ਼ਪਾਲ ਸਿੰਘ ਫਰਵਾਲਾ, ਜਸਚਰਨ ਸਿੰਘ ਗਿੱਲ, ਕਮਲ ਬੰਗਾ, ਸਤਵਿੰਦਰ ਸਿੰਘ ਬਾਠ, ਹਰਪ੍ਰੀਤ ਢਿੱਲੋਂ, ਜੁਝਾਰ ਸਿੰਘ ਗਿੱਲ, ਬਲਵਿੰਦਰ ਸਿੰਘ ਬਾਂਕਾ, ਗੁਰਦਿਆਲ ਚੰਦ, ਕਰਮਜੀਤ ਸਿੰਘ ਕੰਗ, ਸੰਨੀ, ਸੁਰਿੰਦਰ ਸਿੰਘ ਖੈੜਾ, ਹਰਪਾਲ ਸਿੰਘ ਸੰਘਾ, ਬਲਵਿੰਦਰ ਸਿੰਘ ਸੰਧ-ਲੈਥਰੋਪ, ਫਰੈਂਕ ਜੌਹਨਸ, ਅਮਰਜੀਤ ਰਾਏ, ਜਸਮੇਲ ਸਿੰਘ ਚਿੱਟੀ, ਅਵਤਾਰ ਸਿੰਘ ਡੌਡ, ਮੱਖਣ ਦੌਲਤਪੁਰੀ।

**ਸਪਾਂਸਰ:**ਪੰਜਾਬੀ ਸਾਹਿਤ ਸਭਾ ਸੈਕਰਾਮੈਂਟੋ, ਚੈਂਬਰ ਆਫ ਕਾਮਰਸ ਸੈਕਰਾਮੈਂਟੋ, ਪੰਜਾਬੀ ਕਲਚਰਲ ਸੁਸਾਇਟੀ ਸੈਕਰਾਮੈਂਟੋ, ਸ਼ਹੀਦ ਕਰਤਾਰ ਸਿੰਘ ਸਰਾਭਾ ਸਪੋਰਟਸ ਕਲੱਬ ਸਟਾਕਟਨ, ਅਮੋਲਕ ਸਿੰਘ ਗਾਖਲ ਚੇਅਰਮੈਨ ਯੂਨਾਈਟਿਡ ਸਪੋਰਟਸ ਕਲੱਬ, ਬਲਵੀਰ ਸਿੰਘ ਭਾਟੀਆ ਪ੍ਰਧਾਨ, ਪੰਜਾਬੀ ਸਾਹਿਤ ਸਭਾ ਬੇ-ਏਰੀਆ ਪ੍ਰਧਾਨ ਤਾਰਾ ਸਾਗਰ, ਜਸਪ੍ਰੀਤ ਸਿੰਘ ਐਡਵੋਕੇਟ, ਅਵਤਾਰ ਸਿੰਘ ਡੋਡ, ਅੰਮ੍ਰਿਤਪਾਲ ਪਠਲਾਵਾ, ਕੇਵਲ ਬੋਲੀਨਾ, ਸੁਖਚੈਨ ਸਿੰਘ, ਰਵਿੰਦਰ ਐਂਡ ਰਾਜਾ ਆਟੋ ਸ਼ਾਪ ਬੇ-ਏਰੀਆ, ਪਰਮਿੰਦਰ ਸਿੰਘ ਵਿਰਕ, ਏਂਜਲ ਲਿਮੋਜ਼ੀਨ ਕਾਸਤਰੋ ਵੈਲੀ, ਜੋਗਾ ਸਿੰਘ ਔਜਲਾ, ਸਵਰਨ ਸਿੰਘ ਔਜਲਾ, ਵਿਨੋਦ ਕੰਬੋਜ਼ (ਆਲ ਇੰਡੀਆ ਸਵੀਟ ਐਂਡ ਸਪਾਈਸਜ਼), ਹਾਕਮ ਸਿੰਘ, ਬੰਤ ਕੰਦੋਲਾ, ਸੁਖਦੇਵ ਲੰਬੜ, ਡਾ. ਚੋਪੜਾ ਮਾਡੈਸਟੋ, ਸੋਨੀ ਸਿੰਘ, ਐਸ.ਪੀ. ਸਿੰਘ, ਸ਼ਿੰਗਾਰਾ ਰਾਮ, ਗੁਰਦੀਪ ਦੀਪੀ, ਇੰਦਰਜੀਤ ਸਿੰਘ, ਸੇਵਾ ਸਿੰਘ, ਪਰਮਜੀਤ ਦਿਓਲ, ਸੰਤੋਖ ਸੰਧੂ, ਬਲਵਿੰਦਰ ਸਿੰਘ, ਜੋਗਾ ਸਿੰਘ, ਪਰਮਜੀਤ ਸਿੰਘ, ਦੇਸੀ ਬਾਜ਼ਾਰ ਸੈਕਰਾਮੈਂਟੋ, ਨੋਰਕਾਲ ਸਕਿਉਰਿਟੀ ਨਰਿੰਦਰਪਾਲ ਸਿੰਘ ਹੁੰਦਲ, ਅਮਰਜੀਤ ਭੁੱਲਰ, ਜਸਬੀਰ ਕੁਲਾਰ, ਪਿਆਰਾ ਸਿੰਘ ਗੋਸਲ, ਮਾਈਕ ਸਿੰਘ ਯੂਬਾ ਸਿਟੀ, ਰਾਜਾ ਸਿੰਘ ਫੋਲਸਮ ਲੇਕ (ਟੋਇਟਾ), ਪੰਜਾਬ ਇੰਸ਼ੋਰੈਂਸ ਐਂਡ ਇਮੀਗਰੇਸ਼ਨ, ਸਟਾਕਟਨ ਨਾਟਕ ਕਲਾ ਕੇਂਦਰ, ਰਾਜੂ ਭਗਵੰਤ, ਦੇਵਾ ਸਿੰਘ ਧੂਤ, ਦਲਵਿੰਦਰ ਸਿੰਘ ਧੂਤ, ਬਿੰਦਰ, ਮਨਦੀਪ ਸਿੰਘ, ਡਾ. ਉਂਕਾਰ ਸਿੰਘ ਬਿੰਦਰਾ, ਹਰਜੀਤ ਸਿੰਘ ਤੇ ਉਂਕਾਰ ਸਿੰਘ, ਓਮਨੀ ਵੀਡੀਓ, ਜਸਵਿੰਦਰ ਬੋਪਾਰਾਏ, ਮਲਕੀਤ ਬੋਪਾਰਾਏ, ਸਿੰਘ ਟਾਇਰ, ਸੰਨੀ ਦਿਓਲ, ਜੱਸੀ ਪਾਵਰਮਾਰਟ, ਚਰਨ ਬਡਵਾਲ, ਅਮਰੀਕ ਪਰਹਾਰ, ਜਸਵੀਰ ਰੰਧਾਵਾ, ਬਗੀਚਾ ਸਿੰਘ, ਪਰਮਜੀਤ ਖੇਲਾ, ਕਾਲਕਟ ਬ੍ਰਦਰਜ਼, ਮੱਖਣ ਸਿੰਘ, ਸਰਹੱਦੀ ਫੈਮਿਲੀ, ਮਾਸਟਰ ਦਿਲਬਾਗ ਸਿੰਘ, ਗੁਰਿੰਦਰ ਗਿੱਲ, ਗੁਰਦੀਪ ਗਿੱਲ, ਮਦਨ ਸ਼ਰਮਾ, ਜਨਕ ਸਿਧਰਾ, ਬਲਵਿੰਦਰ ਸਿੰਘ ਡੁਲ੍ਕੂ ਅਤੇ ਸੋਢੀ ਸਿੰਘ ਸੁਜ਼ਾਪੁਰ, ਪੰਜਾਬੀ ਵਿਰਸਾ ਸੰਭਾਲ ਸੁਸਾਇਟੀ।

### ਪੁੱਜ ਰਹੀਆਂ ਸ਼ਖਸੀਅਤਾਂ

- *ਬਾਬਾ ਦੁੱਲਾ ਸਿੰਘ ਜਲਾਲਦੀਵਾਲਾ ਦੀ ਪੋਤਰੀ ਬੀਬੀ ਗਿਆਨ ਕੌਰ*
- *ਬਾਬਾ ਹਰਨਾਮ ਸਿੰਘ ਟੁੰਡੀਲਾਟ ਦੀ ਭਤੀਜੀ ਬੀਬੀ ਹਰਜਿੰਦਰ ਕੌਰ*
- *ਜਗਮੋਹਣ ਸਿੰਘ ਕੈਨੇਡਾ-ਬਾਬਾ ਅਕਾਲੀ ਠਾਕਰ ਸਿੰਘ ਦਾ ਪੋਤਾ*
- *ਸ. ਕ੍ਰਿਪਾਲ ਸਿੰਘ ਸੰਧੂ, ਫਰਿਜ਼ਨੋ*
- *ਅਰਜੀਤ ਸਿੰਘ ਸਪੁੱਤਰ ਗਦਰੀ ਬਾਬਾ ਭਾਈ ਕਪੂਰ ਸਿੰਘ ਕਾਉਂਕੇ*

ਵਲੋਂ:ਪ੍ਰਧਾਨ ਸੁਰਿੰਦਰ ਬਿੰਦਰਾ (916-420-2390), ਖਜ਼ਾਨਚੀ ਪ੍ਰਿਤਪਾਲ ਸਿੰਘ ਭੋਗਲ (661-978-5100),
ਨਾਮਧਾਰੀ ਸੰਗਤ:ਕੇਵਲ ਸਿੰਘ (707-208-4931), ਬਲਦੇਵ ਸਿੰਘ (408-390-5577), ਸਕੱਤਰ ਬਲਜਿੰਦਰ ਸਿੰਘ ਭੱਟੀ (209-480-2275)
ਪਰਮਜੀਤ ਸਿੰਘ ਸੰਧੂ (510-387-6997), ਸੁਮਿੱਤਰ ਸਿੰਘ ਉਪਲ (530-695-1716), ਬਲਵੰਤ ਬਾਂਕਾ (916-271-4216)

## ਇੰਡੋ-ਅਮਰੀਕਨ ਕਲਚਰਲ ਆਰਗੇਨਾਈਜੇਸ਼ਨ, ਕੈਲੀਫੋਰਨੀਆ